ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਦੂਸਰੀ Raas 2

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Bhai Baljinder Singh ji (Rara Sahib)

© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ
(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਕੀ-ਸਟ੍ਰੋਕ ਸੂਚੀ

ਤਤਕਰਾ ਰਾਸਿ ਦੂਸਰੀ

ਰਾਸਿ ਦੂਸਰੀ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫ — ਸੰਤ ਹਰੀ ਸਿੰਘ ਰੰਧਾਵਾ

ਰੰਧਾਵਾ — ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਦੂਜੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਦੂਜੀ ਉਪਰ ਕਲਿਕ ਕਰੋ ਜੀ)

੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੧ ੩੨ ੩੩ ੩੪ ੩੫ ੩੬ ੩੭ ੩੮ ੩੯ ੪੦
੪੧ ੪੨ ੪੩ ੪੪ ੪੫ ੪੬ ੪੭ ੪੮ ੪੯ ੫੦
੫੧ ੫੨ ੫੩ ੫੪ ੫੫ ੫੬ ੫੭

ਕੀ-ਸਟ੍ਰੋਕ ਸੂਚੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫੌਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

ੳ	ਅ	ੲ	ਸ	ਹ	ਕ	ਖ	ਗ	ਘ	ਙ
A	a	e	s	h	k	K	g	G	Alt+ 249
ਚ	ਛ	ਜ	ਝ	ਞ	ਟ	ਠ	ਡ	ਢ	ਣ
c	C	j	J	Alt+ 248	t	T	f	F	N
ਤ	ਥ	ਦ	ਧ	ਨ	ਪ	ਫ	ਬ	ਭ	ਮ
q	Q	d	D	n	p	P	b	B	m
ਯ	ਰ	ਕ	ਵ	ੜ	ਸ਼	ਖ਼	ਗ਼	ਜ਼	ਫ਼
X	r	k	v	V	S	Alt+ 222	Alt+ 223	Z	Alt+ 227
ਲ਼	ਨੂੰ	ਜ	ਮ	ਾ	ਾਂ	ਿ	ੀ	ੁ	ੁ
Alt+ 253	L	Alt+ 206	Alt+ 236	w	W	i	I	u	Alt+ 252
ੂ	ੂ	ੑ	ੇ	ੈ	ੋ	ੌ	ਂ	ੰ	ੰ
U	Alt+ 193	Alt+ 216	y	Y	o	O	x	M	Alt+ 251
ੑ	ੑ	੍	੍ਯ	੍ਹ	੍ਚ	੍ਟ	੍ਤ	੍ਵ	੍ਰ
z	Alt+	Alt+ 196	Alt+ 180	H	Alt+ 231	Alt+ 195	Alt+ 156	Alt+ 205	R
-	.	ਃ							
Alt+ 216	Alt+ 230	Alt+ 218							

ਤਤਕਰਾ ਰਾਸਿ ਦੂਸਰੀ

	ਰਾਸਿ ਦੂਸਰੀ
੧	੧. [ਮੰਗਲ, ਸ਼੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ] ੧. ਇਸ਼੍ਰ ਦੇਵ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ। ੨. ਇਸ਼੍ਰ ਦੇਵ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ। ੩. ਇਸ਼੍ਰ ਦੇਵ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ। ੪. ਇਸ਼੍ਰ ਦੇਵ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ। ੫. ਇਸ਼੍ਰ ਦੇਵ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ। ੬. ਇਸ਼੍ਰ ਦੇਵ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ। ੭. ਇਸ਼੍ਰ ਦੇਵ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ। ੮. ਇਸ਼੍ਰ ਦੇਵ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ। ੯. ਇਸ਼੍ਰ ਦੇਵ-ਸ੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ। ੧੦. ਇਸ਼੍ਰ ਦੇਵ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ। ੧੧. ਇਸ਼੍ਰ ਦੇਵ-ਸ਼੍ਰੀ ਗੁਰੂ ਗ੍ਰੰਥ ਜੀ-ਮੰਗਲ। ੧੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ। ** [ਬਿਨਯ] ** [ਮੰਗਲ ਸਮਾਪਤ, ਚੌਥੇ ਗੁਰਾਂ ਦੀ ਕਥਾ ਦਾ ਅਰੰਭ]
੨	੨. [ਗੁਰ ਰਾਮਦਾਸ ਸਤੋਤ੍ਰ। ਸਿੱਧਾਂ ਨਾਲ ਚਰਚਾ]
੩	੩. [ਤਪਾ ਸਿੱਖ ਹੋਯਾ। ਸਿੱਖਾਂ ਨੂੰ ਸੇਵਾ ਦਾ ਉਪਦੇਸ਼। ਖਗ ਸੇਵਾ]
੪	੪. [ਜੈਮਲ ਫੱਤੇ ਦਾ ਚਿਤੌੜ ਤੇ ਆਕੀ ਹੋਣਾ]
੫	੫. [ਅਕਬਰ ਦੀ ਚੜ੍ਹਾਈ ਤੇ ਚਿਤੌੜ ਦਾ ਜੰਗ]
੬	੬. [ਅਕਬਰ ਨੂੰ ਇਕ ਸਿੱਖ ਨੇ ਗੁਰੁ ਜੀ ਦੀ ਸੁਧਿ ਦਿੱਤੀ]
੭	੭. [ਗੜ੍ਹ ਦੀ ਜੈ ਦਾ ਵਾਕ ਹੋਣਾ]
੮	੮. [ਚਿਤੌੜ ਗੜ੍ਹ ਛੁੱਟਣਾ]
੯	੯. [ਨਵੀਸਿੰਦ ਨੇ ਗੋਂਦਵਾਲ ਦੀ ਕਥਾ ਸੁਣਾਈ]
੧੦	੧੦. [ਅਕਬਰ ਨੇ ਗੁਰੂ ਜੀ ਨੂੰ ਗ੍ਰਾਮ ਭੇਟਾ ਕੀਤੇ]
੧੧	੧੧. [ਤੀਰਥ ਪ੍ਰਗਟੌਣ ਹਿਤ ਗੁਰੂ ਜੀ ਨੇ ਵਿਚਾਰਨਾ]
੧੨	੧੨. [ਗੁਰੂ ਕਾ ਚੱਕ। ਸੰਤੋਖਸਰ ਦੀ ਕਾਰ]
੧੩	੧੩. [ਸ਼੍ਰੀ ਅੰਮ੍ਰਿਤਸਰ ਜੀ ਕੀ ਕਾਰ]
੧੪	੧੪. [ਅੰਮ੍ਰਿਤਸਰ ਕਾਰ ਨਿੱਤ ਕ੍ਰਿਯਾ। ਹਿੰਦਾਲ। ਭਾਈ ਗੁਰਦਾਸ। ਸ਼੍ਰੀ ਚੰਦ ਮੇਲ]
੧੫	੧੫. [ਭਾਈ ਸੰਹਾਰੀ ਜੀ ਲਾਹੌਰੋਂ ਆਏ]
੧੬	੧੬. [ਸ੍ਰੀ ਅਰਜਨ ਦੇਵ ਜੀ ਤਾਏ ਸੰਹਾਰੀ ਜੀ ਨਾਲ ਲਾਹੌਰ ਗਏ]

੧੭	੧੭. [ਭਾ: ਤੀਰਥਾ, ਬਿਸ਼ਨਦਾਸ, ਮਾਣਕ ਚੰਦ, ਪਾਦਰਥਾ, ਤਾਰੂ ਭਾਰੂ ਪ੍ਰਤਿ ਉਪਦੇਸ਼]
੧੮	੧੮. [ਮਹਾਂਨੰਦ, ਬਿਧੀ ਚੰਦ। ਧਰਮ ਦਾਸ ਆਦਿ ਸਿੱਖਾਂ ਪ੍ਰਤਿ ਉਪਦੇਸ਼]
੧੯	੧੯. [ਸ਼੍ਰੀ ਅਰਜਨ ਜੀ ਦੇ ਬਿਨੈ ਪੱਤ੍ਰ]
੨੦	੨੦. [ਸ਼੍ਰੀ ਅਰਜਨ ਜੀ ਲਾਹੌਰੋਂ ਬੁਲਾਏ]
੨੧	੨੧. [ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ]
੨੨	੨੨. [ਸ਼੍ਰੀ ਅਰਜਨ ਜੀ ਨੂੰ ਗੁਰਿਆਈ। ਸ਼ਬਦ ਦਾ ਚੌਥਾ ਪਦ ਰਚਿਆ]
੨੩	੨੩. [ਪ੍ਰਿਥੀਏ ਨਾਲ ਝਗੜਾ। ਸ਼੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ]
੨੪	੨੪. [ਸ਼੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ]
੨੫	੨੫. [ਪੱਗ ਬੰਨ੍ਹਾਈ। ਪ੍ਰਿਥੀਏ ਤੇ ਸੁਲਹੀ ਦੀ ਮਿੱਤ੍ਰਤਾ]
੨੬	੨੬. [ਸ਼੍ਰੀ ਗੁਰੂ ਅਰਜਨਦੇਵ ਜੀ ਅੰਮ੍ਰਤਸਰ ਪੁੱਜੇ। ਭਾਈ ਗੁਰਦਾਸ ਜੀ ਆਗਰਿਓਂ ਆਏ]
੨੭	੨੭. [ਗੁਰਦਾਸ ਜੀ ਗੋਇੰਦਵਾਲੋਂ ਹੋ ਕੇ ਸੁਧਾਸਰ ਆਏ। ਛੋਲਿਆਂ ਦੀ ਰੋਟੀ ਮਿਲੀ]
੨੮	੨੮. [ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ]
੨੯	੨੯. [ਪ੍ਰਿਥੀਆ, ਮਹਾਂਦੇਵ, ਸ਼੍ਰੀ ਗੁਰ ਅਰਜਨਦੇਵ ਜੀ ਦਾ ਮੇਲ। ਮਿਹਰਵਾਨ ਜਨਮ]
੩੦	੩੦. [ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ]
੩੧	੩੧. [ਰਾਜੇ ਨੂੰ ਨਾਲ ਲੈ ਕੇ ਭਾਈ ਕਲਯਾਣਾ ਸ਼੍ਰੀ ਅੰਮ੍ਰਤਸਰ ਆਇਆ]
੩੨	੩੨. [ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ]
੩੩	੩੩. [ਸੁਪਨੇ ਵਿਚ ਪ੍ਰਤੱਖ, ਸਤਿਗੁਰ ਜੀ ਪਰ ਰਾਜੇ ਦੀ ਸ਼ਰਧਾ]
੩੪	੩੪. [ਸੰਤੋਖਸਰ ਵਿਚੋਂ ਜੋਗੀ ਨਿਕਲਿਆ]
੩੫	੩੫. [ਜੋਗੀ ਪ੍ਰਤਿ ਉਪਦੇਸ਼। ਵੇਦਾਂਤ]
੩੬	੩੬. [ਜੋਗੀ ਨੂੰ ਉਪਦੇਸ਼ ਦੇ ਮੁਕਤ ਕੀਤਾ]
੩੭	੩੭. [ਪਿੰਗਲੇ ਦਾ ਪ੍ਰਸੰਗ]
੩੮	੩੮. [ਅੰਮ੍ਰਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ]
੩੯	੩੯. [ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ]
੪੦	੪੦. [ਸ਼੍ਰੋਤਿਆਂ ਨੇ ਪੁਰਾਤਨ ਨਾਮੀ ਸਿੱਖਾਂ ਦੇ ਪ੍ਰਸੰਗ ਪੁੱਛੇ]
੪੧	੪੧. [ਭਾਈ ਭਗਤੂ ਜੀ ਦੀ ਜਨਮ ਕਥਾ]

੪੨	੪੨. [ਭਾਈ ਭਗਤੂ-ਜਾਰੀ]
੪੩	੪੩. [ਭਾਈ ਮੰਞ]
੪੪	੪੪. [ਭਾਈ ਮੰਞ-ਜਾਰੀ]
੪੫	੪੫. [ਭਾਈ ਬਹੋੜਾ]
੪੬	੪੬. [ਭਾਈ ਬਹਿਲੋ]
੪੭	੪੭. [ਭਾਈ ਬਹਿਲੋ-ਜਾਰੀ]
੪੮	੪੮. ['ਬੁੱਧੂ ਦਾ ਆਵਾ ਕੱਚਾ।' ਭਾਈ ਲੱਖੂ]
੪੯	੪੯. [ਦਿਜ ਗੰਗਾ ਰਾਮ ਬਾਜਰਾ ਵੇਚਣ ਆਇਆ]
੫੦	੫੦. [ਗੰਗਾ ਰਾਮ। ਮੂਲ ਚੰਦ]
੫੧	੫੧. [ਮਸੰਦਾਂ ਦੀ ਖੁਟਿਆਈ]
੫੨	੫੨. [ਵਾਹਿਗੁਰੂ ਆਪ ਸ੍ਰੋਵਰ ਕੀ ਕਾਰ ਕਰਨ ਆਯਾ]
੫੩	੫੩. [ਹਰਿਮੰਦਰ ਜੀ ਦੀ ਉਸਾਰੀ। ਸੰਤੋਖ ਸਰ ਦੀ ਮਿੱਟੀ ਤਲੇ ਵਿਛਾਈ]
੫੪	੫੪. [ਸ਼੍ਰੀ ਅੰਮ੍ਰਿਤਸਰ ਨੱਗਰ ਵਸਾਇਆ]
੫੫	੫੫. [ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ]
੫੬	੫੬. [ਸ੍ਰੀ ਅੰਮ੍ਰਿਤਸਰ ਮਹਾਤਮ। ਸਿੱਖਾਂ ਨੂੰ ਬਖਸ਼ਿਸ਼ਾਂ]
੫੭	੫੭. [ਬ੍ਰਿੱਧ ਜੀ ਨੇ ਆਦਿ ਗੁਰੂ ਜੀ ਦੇ ਸਿੱਖ ਪਰਖਣ ਦਾ ਪ੍ਰਸੰਗ ਸੁਣਾਯਾ]

ਰਾਸ਼ਿ ਦੂਸਰੀ ਚੱਲੀ

ੴ ਸਤਿਗੁਰ ਪ੍ਰਸਾਦਿ ॥

ਅਥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸ ਲਿੱਖਜਤੇ ॥

ਅਰਥ: ਇਕ ਅਕਾਲ ਪੁਰਖ ਤੇ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੁਣ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਦੂਸਰੀ ਰਾਸ ਲਿਖਦੇ ਹਾਂ।

ਸ੍ਰੀ* ਵਾਹਿਗੁਰੂ ਜੀ ਕੀ ਫਤੇ+ ॥

ਅਰਥ: ਜਗਤ ਦੇ ਪੂਜਯ ਵਾਹਿਗੁਰੂ ਜੀ ਦੀ ਜੈ ਹੈ (ਜੋ ਸਰਬ ਵਿਘਨ ਵਿਨਾਸ਼ਕ ਹੈ++)

ਅੰਸੂ ੧. [ਮੰਗਲ, ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ]

<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨

ਸ੍ਵੈਯਾ: ਬੇਦੀ ਬਿਭੂਖਨ ਬੇਦਿਕੈ ਜਾਂਹਿ ਕੋ, ਬੇਦ ਕਹੈ ਨਹਿਂ ਤੀਨ ਪ੍ਰਛੇਦੀ।
ਛੇਦੀ ਕੁਚਾਲ ਕੁਚੀਲਨਿ ਕੀ, ਕਲਿ ਨਾਮ ਜਪਾਇ ਕੁਰੀਤਿਨ ਖੇਦੀ।
ਖੇਦੀ ਨਾ ਹੋਤ ਅਖੇਦ ਉਦੋਤਕ, ਦੇ ਉਪਦੇਸ਼ ਜੁ ਰੂਪ ਅਭੇਦੀ।
ਭੇਦੀ ਬਨਾਵਤਿ ਕੈਵਲ ਕੇ, ਗੁਰ ਨਾਨਕ ਪਾਇ ਪ੍ਰਣਾਮ ਨਿਬੇਦੀ ॥੧॥

ਬੇਦੀ = ਵੇਦੀਆਂ ਦਾ ਕੁਲ। [ਸੰਸ: ਵੇਦੀ = ਜੋ ਵੇਦ ਦਾ ਪੰਡਿਤ ਹੋਵੇ] ਬਿਭੂਖਨ = ਗਹਿਣਾ। ਕਿਸੇ ਕੁਲ ਦਾ ਗਹਿਣਾ ਹੋਣ ਤੋਂ ਮੁਰਾਦ ਹੈ, ਉਸ ਕੁਲ ਵਿੱਚ ਐਨਾ ਸ਼ਿਰੋਮਣੀ ਹੋਵੇ ਕਿ ਉਸਦੇ ਉਸ ਵਿਚ ਹੋਣ ਨਾਲ ਕੁਲ ਸ਼ੋਭਾ ਯੋਗ ਹੋ ਗਈ ਹੋਵੇ। [ਸੰਸ: ਵਿਭੂਖਣ]

ਬੇਦਿਕੇ = ਜਾਣਕੇ। ਭਾਵ, ਇਹ ਗਲ ਪਹਿਲੇ ਸਮਝ ਲਓ, ਫੇਰ ਅਗਲੀ ਸਮਝੋ। [ਸੰਸ: ਵਿਦੑ = ਜਾਣਨਾ]

ਬੇਦ = ਹਿੰਦੂਆਂ ਦੇ ਮੁੱਖ ਚਾਰ ਪੁਸਤਕ ਜੋ ਆਸਮਾਨੀ ਸਮਝੇ ਜਾਂਦੇ ਹਨ। ਪ੍ਰਛੇਦੀ = ਕੱਟਿਆ ਜਾਣਾ।

ਨਹਿਂ ਤੀਨ ਪ੍ਰਛੇਦੀ = ਜਿਨ੍ਹਾਂ ਦੇ ਸਰੂਪ ਨੂੰ ਦੇਸ਼ ਕਾਲ ਵਸਤੂ ਵੰਡਦਾ ਨਹੀਂ। ਗੁਰ ਨਾਨਕ ਦੇਵ ਜੀ ਦਾ ਆਪਾ-ਨਿਜ ਸਰੂਪ-ਇਨ੍ਹਾਂ ਤਿੰਨਾਂ ਦੇਸ਼, ਕਾਲ, ਨਮਿੱਤ, ਯਾ ਦੇਸ਼ ਕਾਲ ਵਸਤੂ ਤੋਂ ਨਹੀਂ ਬਣਿਆ ਨਾ ਇਨ੍ਹਾਂ ਤਿੰਨਾਂ ਦਾ ਮੁਥਾਜ ਹੈ।

(ਅ) ਜਿਸ ਨੂੰ ਭੂਤ ਭਵਿੱਖਤ ਵਰਤਮਾਨ ਤ੍ਰੈਆਂ ਕਾਲਾਂ ਤੋਂ ਸੁਤੰਤ੍ਰਤਾ ਹੈ, ਅਰਥਾਤ ਸਦਾ ਜਾਗਤੀ ਜੋਤ, ਇਕ ਰਸ ਰੂਪ ਹੈ ਉਨ੍ਹਾਂ ਦਾ। [ਸੰਸ: ਪ੍ਰਛੇਦਨ = ਕੱਟਣਾ।] *

---

*ਸ੍ਰੀ = ਜਗਤ ਦਾ ਪੂਜਯ; ਜਿਸਦੀ ਜਗਤ ਪੂਜਾ ਕਰਦਾ ਹੈ।

ਸ੍ਰੀ ਪਦ ਦੇ ਹੋਰ ਅਰਥਛ-ਪ੍ਰਤਾਪ, ਦੌਲਤ, ਸੁੰਦਰਤਾ, ਚਮਕ, ਪ੍ਰਕਾਸ਼, ਖੂਬੀ, ਸ਼ੁਭ ਗੁਣ, ਧਰਮ ਅਰਥ ਕਾਮ ਤ੍ਰੈਏ ਪਦਾਰਥ, ਮਹਾਨਤਾ, ਪ੍ਰਭੁਤਾ, ਆਤਮ ਸ਼ਕਤੀ, ਸਮਝ, ਸ਼ੋਭਾ, ਜਲਾਲ, ਇਕ ਸਤਿਕਾਰ ਦਾ ਪਦ, ਸ਼ੋਭਾ ਯੁਕਤ, ਪ੍ਰਸਿੱਧ, ਸਤਿਕਾਰ ਯੋਗ। [ਸੰਸ:] ਧਾਤੂ ਹੈ ਸ੍ਰਿ = ਸੇਵਾ ਕਰਨੀ। ਇਸਤੋਂ ਸ੍ਰੀ = ਜਿਸਨੂੰ ਜਗਤ ਪੂਜਦਾ ਹੈ, ਜਗਤ ਦਾ ਪੂਜਯ।

+ਸ੍ਰੀ: ਗੁ: ਨਾਨਕ ਪ੍ਰਕਾਸ਼ ਦੇ ਆਦਿ ਦੋਹੇ ਵਿਚ 'ੴ ਸਤਿਗੁਰ ਪ੍ਰਸਾਦਿ' ਤੇ 'ਵਾਹਿਗੁਰੂ ਜੀ ਕੀ ਫਤੇ' ਇਕੱਠੇ ਮੰਗਲ ਕੀਤੇ ਸਨ, ਏਥੇ ਪਹਿਲਾਂ 'ੴ ਸਤਿਗੁਰ ਪ੍ਰਸਾਦਿ' ਗੁਰੂ ਕ੍ਰਿਤ ਮੰਗਲ ਲਿਖਕੇ 'ਅਥ ਤੇ ਲਿੱਖਜਤੇ' ਦੂਸਰੀ ਰਾਸ ਦਾ ਅਰੰਭ ਲਿਖਿਆ ਹੈ, ਤੇ ਫੇਰ 'ਵਾਹਿਗੁਰੂ ਜੀ ਕੀ ਫਤੇ' ਦਾ ਗੁਰੂ ਕ੍ਰਿਤ ਮੰਗਲ ਕੀਤਾ। 'ੴ' ਦੁਹਾਂ ਵਿਚ ਸਾਂਝਾ ਰਿਹਾ।

++ਜਿਸਦੀ ਸਦਾ ਜੈ ਹੈ ਉਹ ਸੁਤੇ ਵਿਘਨ ਵਿਨਾਸ਼ਕ ਹੈ।

ਛੇਦੀ = ਕੱਟਣਾ [ਸੰਸ: ਛੇਦਨ = ਕੱਟਣਾ]

ਕੁਚੀਲਨਿ = ਮੈਲਾ। ਆਚਰਨ ਦਾ ਮੈਲਾ। ਜਿਸਦਾ ਅਹਾਰ, ਵਿਹਾਰ, ਲਿਬਾਸ, ਆਚਰਨ ਮੈਲੇ ਹੋਣ [ਸੰਸ: ਕੁਚੈਲ = ਮੈਲੇ ਲਿਬਾਸ ਵਾਲਾ]

ਕਲਿ = ਕਲਿਜੁਗ। ਕੁਰੀਤਿ = ਖੋਟੀਆਂ ਚਾਲਾਂ। ਭੈੜੀਆਂ, ਰਸਮਾਂ। ਖੇਦੀ = ਦੂਰ ਕੀਤੀਆਂ, ਹਟਾਈਆਂ, 'ਡਰਾਕੇ ਨਸਾ ਦਿੱਤੀਆਂ, [ਸੰਸ: ਖਿਦ੍ = ਨਠਾ ਦੇਣਾ] ਖੇਦੀ = ਦੁਖੀ, ਅਪ੍ਰਸੰਨ [ਸੰਸ: ਖਿਦ੍ = ਦੁਖੀ ਹੋਣਾ] ਅਖੇਦ = ਨਾ ਦੁਖੀ, ਪ੍ਰਸੰਨਤਾ, ਸੁਖ, [ਸੰਸ: ਖਿਦ = ਦੁਖੀ ਹੋਣਾ] ਉਦੋਤਕ = ਉਦੈ ਕਰਨ ਵਾਲਾ [ਸੰਸ: ਉਦਜ੍ਤੂ = ਚੜ੍ਹਨਾ] ਅਖੇਦ ਉਦੋਤਕ = ਸੁਖਦਾਤਾ।

ਅਭੇਦੀ = ਜੋ ਟੁੱਟ ਨਾ ਸਕੇ, ਜੋ ਖੰਡ ਖੰਡ ਨਾ ਹੋ ਸਕੇ, ਏਕੱਤ੍ਰਤਾ ਵਾਲਾ ਸਰੂਪ [ਸੰਸ: ਅਭੇਦਜ] ਭੇਦੀ = ਲੁਕੀ ਹੋਈ ਗੱਲ ਦੇ ਜਾਣਨ ਵਾਲਾ, ਗਜਾਨਵਾਨ। ਕੈਵਲ = ਮੁਕਤੀ, ਸਦਾ ਹੀ ਮੁਕਤੀ [ਸੰਸ: ਕੈਵਲਜ = ਪੂਰੀ ਪੂਰੀ ਮੁਕਤੀ] ਇਹ ਪਦ ਯੋਗ ਦਰਸ਼ਨ ਨੇ ਵਿਸ਼ੇਸ਼ ਕਰਕੇ ਅਪਣੇ ਆਦਰਸ਼ ਦੀ ਮੁਕਤੀ ਲਈ ਵਰਿਤਆ ਹੈ, ਪ੍ਰੰਤੂ ਇਥੇ ਮੁਰਾਦ ਮੁਕਤੀ ਮਾਤ੍ਰ ਤੋਂ ਹੈ। ਪ੍ਰਣਾਮ = ਮੱਥਾ ਟੇਕਣਾ-ਨਮਸਕਾਰ।

ਨਿਬੇਦੀ = ਅਰਪਣ ਕਰਨਾ, ਭੇਟ ਕਰਨਾ। [ਸੰਸ: ਨਿਵੇਦਨੰ]

ਅਰਥ: ਵੇਦੀਆਂ (ਦੇ ਕੁਲ) ਭੂਸ਼ਣ ਜਾਣਕੇ (ਇਹ ਬੀ ਸਮਝ ਲਓ ਕਿ) ਜਿਨ੍ਹਾਂ (ਬਾਬਤ) ਵੇਦ ਕਹਿੰਦਾ ਹੈ (ਕਿ ਉਹ) ਦੇਸ਼ ਕਾਲ ਵਸਤੂ ਨਾਲ ਪ੍ਰਛੇਦ ਨਹੀਂ ਹੁੰਦੇ।

(ਹਾਂ ਜਿਨ੍ਹਾਂ ਨੇ ਜਗਤ ਵਿਚ ਆਕੇ) ਕੁਚੀਲਾਂ ਦੀਆਂ (ਫੈਲਾਈਆਂ) ਖੋਟੀਆਂ ਚਾਲਾਂ ਨੂੰ ਤੋੜ ਦਿੱਤਾ ਤੇ ਕੁਰੀਤੀਆਂ ਨੂੰ ਭੰਨ ਕੇ ਕਲਯੁਗ ਵਿਚ (ਵਾਹਿਗੁਰੂ ਜੀ ਦਾ) ਨਾਮ ਜਪਾਇਆ।

(ਅਤੇ ਜੋ ਆਪ) ਦੁਖੀ ਨਹੀਂ ਹੁੰਦੇ, (ਸਗੋਂ ਐਸੇ ਅਗਾਧ ਸੁਖ ਸਰੂਪ ਵਾਲੇ ਹਨ ਕਿ ਜੱਗਜਾਸੂਆਂ ਨੂੰ ਵਾਹਿਗੁਰੂ ਦੇ) ਅਭੇਦ ਰੂਪ ਦਾ ਉਪਦੇਸ਼ ਦੇਕੇ (ਉਨ੍ਹਾਂ ਉਤੇ) ਸੁਖ ਦੇ ਉਦੇ ਕਰਨ ਵਾਲੇ ਹਨ।

(ਅਤੇ ਜੋ ਜੱਗਜਾਸੂਆਂ ਨੂੰ) ਮੁਕਤੀ ਦਾ ਭੇਤ ਜਾਣ ਲੈਣ ਵਾਲੇ ਬਣਾਉਂਦੇ ਹਨ ਐਸੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਰਣਾਂ ਪਰ ਮੇਰੀ ਪ੍ਰਣਾਮ ਨਿਵੇਦਿਤ ਹੋਵੇ।

ਹੋਰ ਅਰਥ: ੧ ਤੁਕ-ਵੇਦ ਜਿਸਨੂੰ ਤਿੰਨਾਂ ਪ੍ਰਛੇਦਾਂ ਤੋਂ ਰਹਿਤ ਆਖਦਾ ਹੈ ਓਸ (ਅਕਾਲ ਜਜੋਤਿ ਨੂੰ ਹੀ) ਵੇਦੀਆਂ ਦੇ ਕੁਲ ਭੂਸ਼ਣ ਜਾਣੋਂ। ਅਰਥਾਤ ਵੇਦ ਪ੍ਰਤਿਪਾਦਤਿ ਅਕਾਲ ਪੁਰਖ ਹੀ ਵੇਦੀ ਵੰਸ਼ ਸ਼ਿਰੋਮਣਿ ਸ਼੍ਰੀ ਗੁਰ ਨਾਨਕ ਦੇਵ ਜੀ ਹਨ।

੨. ਤੁਕ- 'ਕੁਰੀਤ ਨਿਖੇਦੀ' ਪਾਠ ਕਰਕੇ ਅਰਥ ਬਣੂ 'ਕੁਰੀਤੀਆਂ ਨੂੰ ਨਸ਼ੇਧਿਆ' ਅਰਥਾਤ ਖੰਡਨ ਕੀਤਾ।

੩. ਤੁਕ-(ਜਿਨ੍ਹਾਂ ਨੇ) ਅਭੇਦ ਰੂਪ (ਵਾਹਿਗੁਰੂ) ਦਾ ਅਖੇਦ ਉਦੋਤਕ (= ਸੁਖ ਨੂੰ ਉਦੇ ਕਰਨ ਵਾਲਾ) ਉਪਦੇਸ਼ ਦਿੱਤਾ, (ਜਿਸਨੂੰ ਧਾਰਣ ਵਾਲੇ ਜੀਵ ਹੁਣ) ਦੁਖੀ ਨਹੀਂ ਹੁੰਦੇ।

੪. ਤੁਕ-ਐਉਂ ਪਾਠ ਕਰਦੇ ਹਨ:- 'ਗੁਰੁ ਨਾਨਕ ਪਾਇ ਪ੍ਰਣਾਮਨਿ ਬੇਦੀ।' ਅਰਥਾਤ ਬੇਦੀ ਗੁਰੂ ਨਾਨਕ (ਜੀ ਦੇ) ਪਾਇ (ਚਰਨਾਂ ਤੇ) ਪ੍ਰਣਾਮਨਿ (ਨਮਸਕਾਰ ਹੈ)।

---

*ਜੀਵ ਸਭ ਦੇਸ਼ ਕਾਲ ਨਮਿੱਤ ਵਿੱਚ ਵਰਤਦੇ ਹਨ ਅਰ ਕਾਲ ਦੀਆਂ ਤ੍ਰੈ ਵੰਡਾਂ-ਭੂਤ, ਭਵਿੱਖ, ਵਰਤਮਾਨ ਦੇ ਵਿੱਚ ਹਨ।

੨. ਇਸ਼੍ਰ ਦੇਵ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਕਬਿੱਤ: ਅੰਜਨ ਤੇ ਹੀਨ ਸ਼੍ਰੀ ਨਿਰੰਜਨ ਪ੍ਰਬੀਨ ਪ੍ਰਭੁ
ਭੰਜਨ ਪਖੰਡ ਪਾਪ ਗੰਜਨ ਅਨੰਦ ਕਰਿ।
ਦੀਨੋ ਗ੍ਯਾਨ ਅੰਜਨ ਸੁ ਮੰਜਨ ਕੋ ਮੋਹ ਮਲ
ਰੰਜਨ ਕੋ ਜਨ ਜਗ ਭਗਤ ਬਿਲੰਦ ਕਰਿ।
ਫੇਰੂ ਨੰਦ ਅੰਗਦ ਸੁਛੰਦ ਸ਼੍ਰੀ ਗੁਬਿੰਦ ਹੈਂ
ਮਨਿੰਦ ਚੰਦ ਬਿੰਦ ਜਸ ਦਾਸਨ ਮੁਕੰਦ ਕਰਿ।
ਪਦ ਅਰਬਿੰਦ ਮਕਰੰਦ ਕੋ ਮਲਿੰਦ ਮਨ
ਬਿਘਨ ਨਿਗੰਦ ਕਰੌਂ ਬੰਦਨਾ ਦੁਬੰਦ ਕਰ ॥੨॥

ਅੰਜਨ = ਅੱਖਾਂ ਵਿਚ ਪਾਉਣ ਵਾਲਾ ਕੱਜਲ, ਸੁਰਮਾਂ, ਭਾਵ ਵਿਚ ਮਾਯਾ, ਅਵਿੱਦਯਾ।

ਅੰਜਨ ਤੇ ਹੀਨ = ਮਾਯਾ ਤੋਂ ਅਤੀਤ। ਅਮਾਯ।

ਨਿਰੰਜਨ = ਮੋਹ ਤੋਂ ਰਹਤ। [ਸੰਸ: ਨਿ-ਨਹੀਂ। ਰਵ੍ਯ੍ਨ = ਮੋਹ, ਜਿਸ ਵਿਚ ਮੋਹ ਨਹੀਂ ਹੈ] (ਅ) ਅਵਿੱਦਯਾ ਰਹਿਤ। [ਨਿਰ = ਨਹੀਂ। ਅੰਜਨ = ਅਵਿੱਦਯਾ] (ੲ) ਬਹੁਤ ਖੁਸ਼ ਕਰਨ ਵਿਚ [ਨਿ = ਵਿਸ਼ੇਸ਼ ਕਰਕੇ। ਰੰਜਨ = ਖੁਸ਼ ਕਰਨ ਵਿਚ]

ਅੰਜਨ = ਸੁਰਮਾਂ, ਕੱਜਲ। ਮੰਜਨ ਕੋ = ਮਾਂਜਨ ਲਈ, ਸਾਫ ਕਰਨ ਲਈ, ਦੂਰ ਕਰਨ ਲਈ। [ਸੰਸ: ਮਾਰ੍ਜਨ = ਸਾਫ ਕਰਨਾ। 'ਧਾਤੂ' ਮ੍ਰਿਜ੍ ਹੈ]

ਬਿਲੰਦ = ਉੱਚਿਆਂ ਕਰਕੇ। ਭਾਵ ਹੋਰਨਾਂ ਤ੍ਰੀਕਿਆਂ ਨਾਲੋਂ ਇਸ ਨੂੰ ਵਿਸ਼ੇਸ਼ਤਾ ਦਿੱਤੀ। [ਫਾ: ਬੁਲੰਦ]

ਫੇਰੂਨੰਦ = ਫੇਰੂ ਦੇ ਸਪੁੱਤ੍ਰ। ਬਾਬਾ ਫੇਰੂ ਜੀ ਸ੍ਰੀ ਗੁਰੂ ਜੀ ਦੇ ਪਿਤਾ ਜੀ ਦਾ ਨਾਮ ਸੀ। ਸੁਛੰਦ = ਜਿਸ ਦੇ ਸਿਰ ਤੇ ਕਿਸੇ ਹੋਰ ਦਾ ਅੰਕਸ ਨਾ ਹੋਵੇ। ਜੋ ਆਪਣੇ ਆਪ ਵਿਚ ਪੂਰਨ ਹੋਵੇ। [ਸੰਸ: ਸ੍ਵਛਨ੍ਹ] ਬਿੰਦ = ਵਿਦਿਤ = ਜੋ ਆਪਣੇ ਆਪ ਜਾਣਿਆਂ ਜਾ ਰਿਹਾ ਹੈ। [ਸੰਸ: ਧਾਤੂ। ਵਿਦ੍ = ਜਾਣਨਾ]

ਮੁਕੰਦ = ਮੁਕਤੀ ਦਾਤਾ।

ਮੁਕੰਦ = ਉਹ ਰਸ ਯਾ ਮਿਠਾਸ ਜੋ ਫੁੱਲਾਂ ਦੀਆਂ ਮਦੀਨ ਤੁਰੀਆਂ ਵਿਚ ਹੁੰਦਾ ਹੈ। ਭਾਵ, ਉਹ ਆਤਮ ਰਸ ਜਿਸ ਪਰ ਜੱਗਜਾਸੂ ਲੁਭਿਤ ਹੁੰਦੇ ਹਨ।

ਮਲਿੰਦ = ਭੌਰਾ। ਕਰ = ਹੱਥ।

ਅਰਥ: (ਜੋ) ਮਾਇਆ ਤੋਂ ਅਤੀਤ (ਅਤੇ ਜੋ) ਮੋਹ ਤੋਂ ਰਹਿਤ ਪ੍ਰਬੀਨ ਤੇ ਸ਼੍ਰੀ (ਸ਼ੋਭਾ ਯੁਕਤ) ਪ੍ਰਭੂ (ਜੀ ਹਨ), (ਅਤੇ ਜੋ) ਪਖੰਡਾਂ ਨੂੰ ਭੰਨਣ ਤੇ ਪਾਪਾਂ ਨੂੰ ਨਾਸ਼ ਕਰਨ ਵਿਚ ਆਨੰਦ ਹੁੰਦੇ ਹਨ।

(ਜਿਨ੍ਹਾਂ ਨੇ) ਮੋਹ ਦੀ ਮੈਲ ਦੂਰ ਕਰਨ ਨੂੰ ਗ੍ਯਾਨ ਦਾ ਸੁਰਮਾਂ ਦਿੱਤਾ (ਅਤੇ) ਦਾਸਾਂ ਨੂੰ ਅਨੰਦ ਦੇਣ ਲਈ ਜਗਤ ਵਿਚ ਭਗਤੀ ਨੂੰ ਵਿਸ਼ੇਸ਼ਤਾ ਦਿੱਤੀ।

ਹਾਂ, ਫੇਰੂ ਜੀ ਦੇ ਸਪੁੱਤ੍ਰ (ਸ੍ਰੀ) ਅੰਗਦ ਜੀ ਪੂਰਨ (ਐਸੇ) ਸ੍ਰੀ ਗੋਬਿੰਦ ਜੀ ਹੈਨ ਜਿਨ੍ਹਾਂ ਦਾ ਇਹ ਜਸ ਕਿ ਦਾਸਾਂ ਦੇ ਮੁਕਤੀ ਦਾਤਾ ਹਨ, ਚੰਦਰਮਾਂ ਵਾਂਙੂ ਵਿਦਤ ਹੈ।

(ਆਪਣੇ) ਮਨ ਨੂੰ ਉਨ੍ਹਾਂ ਦੇ ਵਿਘਨ ਨਾਸ਼ ਕਰਨ ਵਾਲੇ ਚਰਨਾਂ ਕਮਲਾਂ ਦੇ ਮਕਰੰਦ (ਰਸ) ਦਾ ਭੌਰਾ ਬਣਾਕੇ ਮੈਂ ਦੋਇ ਹੱਥ ਜੋੜਕੇ ਬੰਦਨਾਂ ਕਰਦਾ ਹਾਂ।

ਹੋਰ ਅਰਥ: ੧ ਤੁਕ-ਜੋ ਮਾਇਆ ਤੋਂ ਅਤੀਤ ਤੇ ਦਾਸਾਂ ਨੂੰ ਪ੍ਰਸੰਨ ਕਰਨ ਵਿਚ ਪ੍ਰਬੀਨ (ਤੇ) ਮਾਲਕ ਹਨ, ਪਖੰਡਾਂ ਨੂੰ ਭੰਨਣ ਵਾਲੇ, ਪਾਪਾਂ ਨੂੰ ਤੋੜਨ ਵਾਲੇ ਤੇ ਆਨੰਦ ਵਾਲੇ ਹਨ।

ਭਾਵ: ਪਹਿਲੇ ਮਾਇਆ ਮੋਹ ਤੋਂ ਅਤੀਤ ਦੱਸ ਕੇ ਪਾਪ ਤੇ ਪਾਖੰਡ ਨਾਸ਼ ਕਰਨ ਨੂੰ ਸਮਰੱਥ ਦਸਦੇ ਹਨ ਕਿ ਦਾਸਾਂ ਦੀ ਬੁੱਧੀ ਰੂਪੀ ਨੇਤ੍ਰਾਂ ਨੂੰ ਅਵਿੱਦਯਾ ਦੀ ਮੈਲ ਦੂਰ ਕਰਨ ਲਈ ਗਿਆਨ ਦਾ ਸੁਰਮਾਂ ਦੇਂਦੇ ਹਨ। ਪਰ ਫੋਕੇ ਗਿਆਨ ਵਿਚ ਰਸ ਨਹੀਂ ਹੈ, ਪ੍ਰੇਮ ਵਿਚ ਰਸ ਹੈ, ਸੋ ਭਗਤੀ ਨੂੰ ਵਿਸ਼ੇਸ਼ਤਾ ਦੇਕੇ ਕਵੀ ਜੀ ਨੇ ਸ੍ਰੀ ਗੁਰੂ ਜੀ ਨੂੰ ਭਗਤੀ ਨਾਲ ਸਨਿਗਧ ਗਿਆਨ ਦੇ ਦਾਤੇ ਦੱਸਿਆ ਤਾਂ ਜੋ 'ਭਗਤਿ ਗਯਾਨ' ਪ੍ਰਾਪਤ ਸਿੱਖ ਅਨੰਦ ਨੂੰ ਵੀ ਪ੍ਰਾਪਤ ਹੋਣ ਤੇ ਗਯਾਨ ਵੀ ਸਫਲ ਗਯਾਨ ਹੋਵੇ। ਐਸੇ ਗੁਰੂ ਅੰਗਦ ਦੇਵ ਜੀ ਦੀ ਵਾਹਿਗੁਰੂ ਜੀ ਨਾਲ ਅਭੇਦਤਾ ਜਾਣਕੇ ਨਮਸਕਾਰ ਕੀਤੀ ਹੈ।

੩. ਇਸ਼੍ਟ ਦੇਵ-ਸ੍ਰੀ ਗੁਰੂ ਅਮਰਦਾਸ ਜੀ-ਮੰਗਲ।

ਸੋਰਠਾ: ਅਮਰ ਕਰਹਿਂ ਜਗ ਮਾਂਹਿ, ਨਿਤ ਸਹਾਇਤਾ ਲਹਿਂ ਅਮਰ।
ਅਮਰ ਕਰੇ ਜਨ ਜਾਂਹਿ, ਅਮਰ ਨਾਮ ਦੇ ਗੁਰ ਅਮਰ ॥੩॥

ਅਮਰ = ਹੁਕਮ [ਫਾ: ਅਮਰ] ਅਮਰ = ਜੋ ਮਰਨ ਨਾ ਸੋ-ਦੇਉਤੇ। ਅਮਰ = ਮਰਨ ਤੋਂ ਰਹਿਤ, ਭਾਵ ਹੈ ਜਨਮ ਮਰਨ ਕੱਟ ਦਿੱਤਾ, ਸਦਾ ਜੀਵੇ ਕੀਤਾ।

ਅਮਰ = ਕਦੇ ਨਾ ਮਰਨ ਵਾਲਾ, ਸਦਾ ਥਿਰ। [ਸੰਸ: ਅਮਰ]

ਅਮਰ = ਸ੍ਰੀ ਗੁਰੂ ਅਮਰ ਦਾਸ ਜੀ।

ਅਰਥ: (ਦੂਜੀ ਤੁਕ ਦਾ ਅਰਥ ਪਹਿਲੋਂ ਲੱਗੇਗਾ) ਜਿਸ ਗੁਰੂ ਅਮਰਦੇਵ ਜੀ ਨੇ ਸਦਾ ਥਿਰ (ਵਾਹਿਗੁਰੂ) ਦਾ ਨਾਮ ਦੇਕੇ (ਆਪਣੇ) ਜਨ ਸਦਾ ਜੀਵੇ ਕੀਤੇ ਹਨ (ਉਹ ਸਤਿਗੁਰੂ ਜੀ ਇਸ) ਜਗਤ ਵਿਚ ਹੁਕਮ ਕਰਦੇ ਹਨ (ਤੇ ਉਸ ਜਗਤ ਵਿਚ) ਦੇਉਤੇ ਨਿੱਤ (ਉਹਨਾਂ ਦੀ) ਸਹਾਇਤਾ ਲੈਂਦੇ ਹਨ।

ਭਾਵ: ਇਸ ਵਿਚ ਅਮਰ ਪਦ ਦੇ ਪੰਜ ਭਾਵ ਲਭੇ ਹਨ। ਜਗਤ ਵਿਚ ਹੁਕਮ ਕਰਦੇ ਹਨ ਆਖ ਕੇ ਦੇਉਤੇ ਸਹਾਇਤਾ ਮੰਗਦੇ ਹਨ ਆਖਿਆ, ਇਸ ਵਿਚ ਇਹ ਇਸ਼ਾਰਾ ਰੱਖਿਆ ਕਿ ਉਸ ਜਗਤ ਵਿਚ ਦੇਉਤੇ ਸਹਾਇਤਾ ਮੰਗਦੇ ਹਨ ਭਾਵ ਦੋਹਾਂ ਲੋਕਾਂ ਵਿਚ ਹੁਕਮਰਾਨ ਦਾਤੇ ਹਨ।

੪. ਇਸ਼੍ਟ ਦੇਵ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਚਿੱਤ੍ਰਪਦਾ ਛੰਦ: ਰਾਮ ਸੁ ਦਾਸ ਗੁਰੂ ਸੁਖਰਾਸ, ਹਰੈਂ ਜਨ ਤ੍ਰਾਸ ਰਿਦਾ ਨਿਸ਼ਕਾਮ।
ਕਾਮ ਨ ਕ੍ਰੋਧ ਬਿਰੋਧ ਨਿਰੋਧ, ਸਦਾ ਸੁਧ ਬੋਧ, ਸਰੂਪ ਨਿਕਾਮ।
ਕਾਮ ਕਰੇ ਜਨ ਸ਼ਾਮ ਪਰੇ, ਤਿਨ ਤਾਪ ਹਰੇ ਨਿਤ ਹੋਤਿ ਅਨਾਮ।
ਨਾਮ ਜਪੇ ਅਘ ਬ੍ਰਿੰਦ ਖਪੇ, ਸੁ ਰਪੇ ਹਰਿ ਰੰਗ ਸਦਾ ਅਭਿਰਾਮ ॥੪॥

ਜਮਤ੍ਰਾਸ = ਜਮਾ ਦਾ ਡਰ, ਮੌਤ ਦਾ ਭੈ। ਨਿਸ਼ਕਾਮ = ਕਾਮਨਾ ਤੋਂ ਰਹਿਤ। ਅਚਾਹ, ਬੇਲੋੜ ਆਪਣੇ ਆਪ ਵਿਚ ਤ੍ਰਿਪਤ।

[ਸੰਸ: ਨਿਸ਼੍ਕਾਮ] ਬਿਰੋਧ = ਵਿਰੋਧ, ਵੈਰ।

ਬਿਰੋਧ ਨਿਰੋਧ = ਜਿਥੇ ਵੈਰ ਦੀ ਰੋਕ ਹੈ, ਵੈਰ ਦਾ ਅਭਾਵ।

ਬੋਧ = ਬੁੱਧਿ, ਗਿਆਨ। ਸੁਧ ਬੋਧ = ਸ੍ਵਛ, ਸੁੱਚਾ ਗਿਆਨ।

ਨਿਕਾਮ = ਪ੍ਰੇਮ [ਸੰਸ: ਨਿਕਾਮ = ਜੋ ਆਪਣੇ ਆਪ ਖੁਸ਼ੀ ਨਾਲ ਕੰਮ ਕਰੇ, ਸੋ ਕੌਣ ਕਰਦਾ ਹੈ? ਜਿਸ ਵਿਚ ਸੁਤੇ ਪ੍ਰੇਮ ਦਾ ਨਿਵਾਸ ਹੋਵੇ।]

ਕਾਮ ਕਰੇ = ਕਾਮਨਾ ਕਰਕੇ। ਸ਼ਾਮ = ਸ਼ਰਣ। ਅਨਾਮ = ਅਰੋਗ।

ਸੁਰਪੇ = ਸੁ+ਰਪੇ-ਚੰਗੀ ਤਰ੍ਹਾਂ ਰੰਗੇ ਹੋਏ। ਅਭਿਰਾਮ = ਸੁੰਦਰ।

ਅਰਥ: (ਜੋ ਜਨ) ਨਿਸ਼ਕਾਮ ਹਿਰਦੇ (ਨਾਲ ਸ਼ਰਨ ਪੈਂਦੇ ਹਨ; ਸ੍ਰੀ) ਗੁਰੂ ਰਾਮਦਾਸ ਜੀ (ਉਨ੍ਹਾਂ ਲਈ ਏਥੇ ਤਾਂ) ਸੁਖਾਂ ਦੀ ਖਾਣ ਹਨ (ਤੇ ਅਗੇ ਉਨ੍ਹਾਂ ਦਾ) ਜਮ ਦਾ ਤ੍ਰਾਸ ਦੂਰ ਕਰਦੇ ਹਨ। (ਕਿਉਂਕਿ ਉਨ੍ਹਾਂ ਦੇ ਅਪਣੇ ਹਿਰਦੇ ਵਿਚ) ਕਾਮ, ਕ੍ਰੋਧ ਨਹੀਂ ਹੈ, ਵੈਰ ਦਾ ਅਭਾਵ ਹੈ, ਸਦਾ ਸ੍ਵੱਛ ਗਯਾਨ (ਦਾ ਨਿਵਾਸ ਹੈ ਤੇ) ਸਰੂਪ ਉਨ੍ਹਾਂ ਦਾ ਪ੍ਰੇਮ ਹੈ। (ਜੋ) ਜਨ ਕਾਮਨਾ ਕਰਕੇ (ਉਨ੍ਹਾਂ ਦੀ) ਸ਼ਰਨ ਪੈਂਦੇ ਹਨ ਉਨ੍ਹਾਂ ਦੇ ਤਿੰਨੇ ਤਾਪ (ਐਸੇ) ਦੂਰ ਕਰ ਦਿੰਦੇ ਹਨ (ਕਿ ਉਹ) ਸਦਾ ਲਈ ਅਰੋਗ ਹੋ ਜਾਂਦੇ ਹਨ।

(ਸ੍ਰੀ ਗੁਰੂ ਜੀ) ਸਦਾ ਵਾਹਿਗੁਰੂ ਦੇ ਸੁਹਣੇ ਰੰਗ ਵਿਚ ਰੰਗੇ ਰਹਿੰਦੇ ਹਨ (ਤਾਂਤੇ ਉਨ੍ਹਾਂ ਦਾ) ਨਾਮ ਜਪਣ ਨਾਲ ਹੀ ਪਾਪਾਂ ਦੇ ਸਮੂਹ ਖਪ ਜਾਂਦੇ ਹਨ।

ਹੋਰ ਅਰਥ: ਇੱਕ ਹੋਰ ਤਰ੍ਹਾਂ ਬੀ ਛੰਦ ਦੇ ਅਰਥ ਲਾਉਂਦੇ ਹਨ। ੧. ਸ੍ਰੇਸ਼ਟ ਗੁਰੂ ਰਾਮਦਾਸ ਜੀ ਸੁਖਾਂ ਦੀ ਰਾਸ ਹਨ, ਜਮ ਦਾ ਭੈ ਦੂਰ ਕਰਦੇ ਹਨ, (ਕਿਉਂਕਿ ਆਪ) ਨਿਸ਼ਕਾਮ ਰਿਦੇ ਵਾਲੇ ਹਨ। ੨. ਕਾਮਕ੍ਰੋਧ, ਵੈਰ ਤੋਂ ਰਹਿਤ ਹਨ, ਸਦਾ ਸੁੱਧ ਗਯਾਨ ਤੇ ਪ੍ਰੇਮ ਸਰੂਪ ਹਨ। ੩. ਇਸ ਲਈ ਸ਼ਰਨਾਗਤਾਂ ਦੇ (ਕਾਮ ਕਰੇ =) ਕੰਮ ਸੁਆਰ ਦਿੰਦੇ ਹਨ, (ਉਨ੍ਹਾਂ ਦੇ) ਤ੍ਰੈਏ ਤਾਪ ਦੂਰ ਕਰਕੇ ਅਰੋਗ ਕਰ ਦੇਂਦੇ ਹਨ। ੪. (ਕਿਉਂਕਿ) ਉਹ ਆਪ ਸਦਾ ਹਰੀ ਦੇ ਸੁਹਣੇ ਰੰਗ ਵਿਚ ਰਪੇ ਰਹਿੰਦੇ ਹਨ, ਉਨ੍ਹਾਂ ਦੇ ਨਾਮ ਜਪਣ ਵਾਲਿਆਂ ਦੇ ਸਾਰੇ ਪਾਪ ਦੂਰ ਹੋਣੇ ਹੀ ਹੋਏ, (ਜਦ ਪਾਪ ਦੂਰ ਹੋਏ ਤਾਂ ਤਾਪ ਵੀ ਟੁੱਟਣੇ ਹੋਏ, ਸੁਖ ਬੀ ਮਿਲਣੇ ਹੋਏ, ਜਮ ਦਾ ਤਰਾਸ ਬੀ ਕਟੀਣਾ ਹੋਇਆ)।

ਭਾਵ: ਇਸ ਵਿਚ ਤ੍ਰੈ ਪਦਾਰਥ ਹਨ। ਇੱਕ ਗੁਰੂ ਜੀ ਦਾ ਅਪਣਾ ਸਰੂਪ, ਉਹ ਹੈ:-ਕਾਮ ਕ੍ਰੋਧ ਵਿਰੋਧ ਤੋਂ ਸਾਫ, ਸੁੱਧ ਗਯਾਨ, ਪ੍ਰੇਮ ਸਰੂਪ, ਸਦਾ ਹਰੀ ਦੇ ਸੁੰਦਰ ਰੰਗ ਵਿੱਚ ਰਪਿਆ ਹੋਇਆ। ਦੂਸਰੇ ਓਹ 'ਨਿਸ਼ਕਾਮ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਇਥੇ ਆਤਮ ਸੁਖ ਤੇ ਅਗੇ ਜਮ ਤੋਂ ਨਿਰਭੈਤਾ। ਤੀਸਰੇ 'ਕਾਮਨਾ ਵਾਲਿਆਂ ਭਗਤਾਂ' ਦੇ ਦਾਤੇ ਹਨ, ਉਨ੍ਹਾਂ ਨੂੰ ਦੇਂਦੇ ਹਨ:-ਤਿੰਨੇ ਤਾਪ ਦੂਰ, ਤੇ ਆਤਮ ਅਰੋਗਤਾ।

੫. ਇਸ਼੍ਟ ਦੇਵ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਚੌਪਈ: ਸ੍ਰੀ ਸਤਿਗੁਰ ਅਰਜਨ ਕੁਲ ਚੰਦ।
ਚੰਦਨ ਸਮ ਬਚ ਸੀਤ ਮੁਕੰਦ।
ਕੰਦ ਅਨੰਦ ਬਿਮੋਹ ਨਿਕੰਦ।
ਕੰਦਲ ਸੁਖਦ ਤਿਨਹੁਂ ਪਦ ਬੰਦਿ ॥੫॥

ਕੁਲਚੰਦ = ਮਾਨੁਖ ਕੁਲ ਵਿਚ ਚੰਦ੍ਰਮਾ ਵਤ ਹਨ। (ਅ) ਸੋਢੀਆਂ ਦੇ ਕੁਲ ਦੇ ਚੰਦ।

(ੲ) ਕੁਲੀਨ ਤੇ ਪ੍ਰਕਾਸ਼ਮਾਨ ਹਨ।

ਬਚ ਸੀਤ ਮੁਕੰਦ = (ਸੁਣਦਿਆਂ) ਬਚਨ ਠੰਢ ਪੈਂਦੀ ਹੈ, (ਤੇ ਕਮਾਉਂਦਿਆਂ) ਬਚਨ ਮੁਕਤੀ ਹੁੰਦੀ ਹੈ। ਬਚਨਾਂ ਤੋਂ ਮੁਰਾਦ ਕੀਤੀਆਂ ਗੱਲਾਂ ਤੇ ਉਚਾਰੀ ਹੋਈ ਸ੍ਰੀ ਮੁਖਵਾਕ ਬਾਣੀ ਤੋਂ ਹੈ।

ਕੰਦਅਨੰਦ = ਜਿਨ੍ਹਾਂ ਤੋਂ ਆਨੰਦ ਮਿਲੇ, ਭਾਵ ਅਨੰਦ ਦੇ ਦਾਤੇ। [ਕੰਦ = ਬੱਦਲ। ਮੂਲ]

ਬਿਮੋਹ = ਮੋਹ, [ਵਿ+ਮੋਹ = ਅਪਣੇ ਵਿਚ ਕਾਬੂ ਕਰ ਲੈਣ ਵਾਲਾ ਮੋਹ]

(ਅ) ਵਿਸ਼ੇਸ਼ ਕਰਕੇ ਮੋਹ।

ਕੰਦਲ = ਗੰਦਲ, ਉਹ ਸ਼ਾਖ ਜਿਸਨੂੰ ਫੁੱਲ ਜ਼ਰੂਰ ਪਵੇ। (ਅ) ਸਮੂਹ।

ਕੰਦਲ ਸੁਖ ਦਾ = ਸੁਖ ਦਾਤਿਆਂ ਵਿਚੋਂ ਗੰਦਲ ਵਾਂਕੂ ਸ਼ਿਰੋਮਣੀ।

(ੲ) ਸਾਰੇ ਸੁਖਾਂ ਦੇ ਦਾਤੇ।

ਅਰਥ: ਸ੍ਰੀ ਸਤਿਗੁਰੂ ਅਰਜਨ (ਦੇਵ ਜੀ ਮਾਨੁਖ) ਕੁਲ ਵਿਚ ਚੰਦ੍ਰਮਾ (ਵਾਂਕੂ ਪ੍ਰਕਾਸ਼ਮਾਨ ਹਨ), (ਜਿਨ੍ਹਾਂ ਦੇ) ਵਾਕ (ਤਪਦਿਆਂ ਨੂੰ) ਚੰਦਨ ਵਰਗੇ ਠੰਢੇ ਤੇ (ਮੋਹ ਗ੍ਰਸਿਆਂ ਨੂੰ) ਮੁਕਤੀ ਦੇ ਦਾਤੇ ਹਨ, ਆਪ (ਆਤਮ) ਅਨੰਦ ਦੇ ਮੇਘ ਹਨ ਤੇ ਵਿਸ਼ੇਸ਼ ਕਰਕੇ ਮੋਹ ਨੂੰ ਕੱਟਣ ਵਾਲੇ ਹਨ, (ਅਤੇ) ਸਮੂਹ ਸੁੱਖਾਂ ਦੇ ਦਾਤੇ ਹਨ, ਉਨ੍ਹਾਂ ਦੇ ਚਰਨਾਂ ਨੂੰ (ਮੈਂ) ਨਮਸਕਾਰ ਕਰਦਾ ਹਾਂ।

੬. ਇਸ਼੍ਟ ਦੇਵ-ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ-ਮੰਗਲ।

ਚੌਪਈ: ਵਾਰੀ ਇਕ ਧਰਿ ਦ੍ਵੈ ਤਰਵਾਰੀ।
ਵਾਰੀ ਸ਼ਤ੍ਰੁ ਸੈਨ ਬਲਵਾਰੀ।
ਵਾਰੀਧਰਿ ਸਮ ਧੁਨਿ ਸੁਖਵਾਰੀ।
ਵਾਰੀ ਗੁਰ ਖਟ ਪਰ ਬਹੁ ਵਾਰੀ ॥੬॥

ਵਾਰੀ = ਵਕਤ, ਸਮਾਂ, ਮੌਕਿਆ [ਸੰਸ: ਵਾਰ]

ਵਾਰੀ ਇਕ = ਇਕ ਸਮੇਂ, ਭਾਵ ਗੱਦੀ ਬੈਠਣ ਵੇਲੇ।

(ਅ) ਵਾਰੀ ਇੱਕ = ਇਕ ਵਾਰਗੀ।

ਧਰਿ = ਧਾਰਨ ਕੀਤੀਆਂ। ਦ੍ਵੈ ਤਰਵਾਰੀ = ਦੋ ਤਲਵਾਰਾਂ।

ਇਕ ਤਲਵਾਰ ਪੀਰੀ ਅਰਥਾਤ ਗੁਰਿਆਈ ਦੀ ਗੱਦੀ ਉਤੇ ਗੱਦੀ ਨਸ਼ੀਨ ਹੋਣ ਕਰਕੇ ਤੇ ਦੂਸਰੀ ਮੀਰੀ ਦੀ, ਇਹ ਚਿੰਨ੍ਹ ਸਤਿਗੁਰ ਨੇ ਧਾਰਨ ਕੀਤਾ ਸੀ ਅਪਣੀ ਕੌਮ ਨੂੰ ਸਤ ਧਰਮ ਬਦਲੇ ਆਪਾ ਵਾਰਨ ਦੀ ਜਾਚ ਸਿਖਾਲਣ ਲਈ।

ਵਾਰੀ = ਵਾਰ ਸਿੱਟੀ, ਸਦਕੇ ਕੀਤੀ, ਜਿੱਕੂੰ ਬਲੀ ਸਦਕੇ ਕਰੀਦੀ ਹੈ, ਭਾਵ ਹੈ ਨਾਸ਼ ਕਰਨ ਤੋਂ।

ਵਾਰੀ = ਰੋਕੀ। [ਸੰ: ਵਾਰਣ = ਰੋਕਣਾ]   ਬਲਵਾਰੀ = ਬਲਵਾਲੀ।

ਵਾਰੀਧਰ = ਬੱਦਲ [ਸੰਸ: ਵਾਰਿ = ਪਾਣੀ। ਧਰਿ = ਧਾਰਨ ਕਰਨ ਵਾਲਾ]

ਧੁਨਿ = ਅਵਾਜ਼, ਗਰਜ, (ਅ) ਲਗਨ, ਬਿਰਦ, ਜਿੱਕੂੰ ਬੱਦਲ ਦਾ ਬਿਰਦ ਸਦਾ ਵੱਸਣਾ ਹੈ ਇੱਕੂੰ ਗੁਰੂ ਜੀ ਦਾ ਬਿਰਦ ਸਦਾ ਉਪਕਾਰ ਹੈ।

ਸੁਖਵਾਰੀ = (ਸੁਖ ਵਾੜੀ =) ਸੁਖਾਂ ਦੀ ਬਗੀਚੀ। ਸੁਖਦਾਤੀ। (ਅ) ਸੁਖ ਵਾਲੀ।

ਵਾਰੀ = ਸਦਕੇ, ਵਾਰਨੇ।   ਵਾਰੀ = ਵਾਰੀ, ਵੇਰ, ਦਫ਼ਾ।

ਅਰਥ: ਇਕ ਸਮੇਂ ਹੀ (ਜਿਸ ਸਤਿਗੁਰੂ ਨੇ) ਦੋ ਤਲਵਾਰਾਂ ਧਾਰਨ ਕੀਤੀਆਂ, (ਅਤੇ) ਸ਼ੱਤ੍ਰੂਆਂ ਦੀ ਬਲ ਵਾਲੀ ਸੈਨਾ ਤਬਾਹ ਕਰ ਦਿੱਤੀ, (ਜਿਸ ਦੀ) ਮੇਘ ਵਰਗੀ, ਗਰਜ (ਜਗਤ

ਲਈ) ਸੁਖਾਂ ਦੀ ਵਾੜੀ ਹੈ, (ਐਸੇ) ਛੇਵੇਂ ਗੁਰੂ (ਹਰਗੋਬਿੰਦ ਜੀ) ਤੋਂ (ਮੈਂ) ਬਹੁਤ ਵਾਰੀ ਸਦਕੇ ਹਾਂ।

ਹੋਰ ਅਰਥ: ੩ ਤੁਕ-(ਜਿਸ ਸਤਿਗੁਰੂ ਦੀ) ਅਵਾਜ਼ ਬੱਦਲ ਜੇਹੀ (ਗੰਭੀਰ) ਤੇ ਸੁਖਦਾਤੀ ਹੈ, ਭਾਵ ਜਿਸ ਤੋਂ ਅੰਮ੍ਰਿਤ ਜਲ ਬਰਸ ਰਿਹਾ ਹੈ।

੭. ਇਸ਼੍ਟ ਦੇਵ-ਸ੍ਰੀ ਗੁਰੂ ਹਰਿਰਾਇ ਜੀ-ਮੰਗਲ।

ਦੋਹਰਾ: ਭਵ ਮਹਿਂ ਭਵ ਕੇ ਰੰਕ ਜੇ, ਭਵ ਸਮ ਹੋਇ ਕ੍ਰਿਪਾਲੁ।
ਪਾਲਕ ਪ੍ਰਿਥਵੀ ਕੇ ਕਰੇ, ਸ੍ਰੀ ਹਰਿਰਾਇ ਰਸਾਲ ॥੭॥

ਭਵ = ਸੰਸਾਰ। ਭਵ ਕੇ = ਜਨਮ ਦੇ।

ਭਵ = ਪਰਮੇਸ਼੍ਵਰ। [ਭੂ = ਧਾਤੂ ਹੈ, 'ਹੋਣਾ' ਅਰਥ ਵਿਚ। ਜੋ ਆਪ ਤੋਂ ਆਪੇ ਹੋਵੇ ਸੋ ਭਵ = ਪਰਮੇਸ਼੍ਵਰ] (ਅ) ਭਵ ਪਦ ਦੇ ਹੋਰ ਐਤਨੇ ਅਰਥ ਹਨ:-ਸ਼ਿਵ, ਸੰਸਾਰ, ਜਨਮ, ਬੱਦਲ, ਕੁਸ਼ਲ, ਕਾਮਦੇਵ, ਕਾਰਣ, ਸੱਤਾ, ਜਨਮ ਮਰਨ ਦੀ ਪੀੜਾ, ਡਰ, ਹੋਣ ਦੀ ਹਾਲਤ, ਪ੍ਰਾਪਤੀ, ਸ਼ਿਰੋਮਣਤਾ, ਜੀਵਨ, ਫਲ, ਕੋਈ ਦੇਵਤਾ।

ਪਾਲਕ ਪ੍ਰਿਥਵੀ = ਪ੍ਰਿਥਵੀ ਦੇ ਪਾਲਕ = ਧਰਤੀ ਦੀ ਪਾਲਨਾ ਕਰਨ ਵਾਲੇ, ਰਾਜੇ।

ਰਸਾਲ = ਰਸ ਦਾ ਘਰ। ਜੋ ਕਿਸੇ ਅਨੰਦ ਵਿਚ ਸਦਾ ਰਹੇ। ਚੋਜੀ।

(ਅ) ਰਸਾਲ ਦੇ ਹੋਰ ਅਰਥ ਇਹ ਹਨ:-ਸੁੰਦਰ, ਰਸੀਲਾ, ਸੁਆਦੀ, ਅੰਬ, ਗੰਨਾ, ਕਟਹਰ, ਕਣਕ, ਗੁੱਗਲ, ਸਿੱਠਾ ਆਦਿਕ।

ਅਰਥ: ਸੰਸਾਰ ਵਿਚ ਜੋ ਜਨਮ ਦੇ ਗਰੀਬ ਸਨ (ਉਹਨਾਂ ਉਤੇ) ਪਰਮੇਸ਼ੁਰ ਵਾਂਙੂ ਕ੍ਰਿਪਾਲੂ ਹੋਕੇ (ਉਹਨਾਂ ਨੂੰ) ਰਾਜੇ ਬਣਾ ਦਿੱਤਾ ਚੋਜੀ ਸ੍ਰੀ (ਗੁਰੂ) ਹਰਿਰਾਇ ਜੀ ਨੇ।

ਹੋਰ ਅਰਥ: ੧ ਤੁਕ-ਭਵ ਸਮ ਹੋਇ ਕ੍ਰਿਪਾਲ = ਬੱਦਲ ਵਾਂਗੂ ਦਿਆਲ ਹੋਕੇ, ਭਾਵ ਮੇਹਰ ਦਾ ਮੀਂਹ ਵਸਾਕੇ।

ਭਾਵ: ਇਸ ਦੋਹੇ ਵਿਚ ਕਵਿ ਜੀ ਸ੍ਰੀ ਗੁਰੂ ਜੀ ਦੇ ਗਰੀਬਾਂ ਨੂੰ ਰਾਜੇ ਬਣਾ ਦੇਣ ਦੇ ਕੌਤਕ ਪਰ ਸਿਫਤ ਸਲਾਹ ਵਿਚ ਮਗਨ ਹੋ ਰਹੇ ਹਨ। ਸਤਵੇਂ ਗੁਰੂ ਜੀ ਦੇ ਵਰ ਨਾਲ ਫੂਲਕੇ ਰਾਜੇ ਹੋਏ ਤੇ ਹੋਰ ਕਈ ਰਈਸ ਘਰਾਣੇ ਬਣੇ।

੮. ਇਸ਼੍ਟ ਦੇਵ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਸੋਰਠਾ: ਸਭਿ ਦਰਸ਼ਨ ਕੋ ਸਾਰ, ਦਰਸ਼ਨ ਪਰਸਨ ਤੇ ਲਹ।
ਹਾਥ ਸੁਦਰਸ਼ਨ ਧਾਰਿ, ਸ੍ਰੀ ਹਰਿ ਕ੍ਰਿਸ਼ਨ ਸੁ ਬੰਦਨਾ ॥੮॥

ਦਰਸ਼ਨ = ਦਰਸ਼ਨ ਸ਼ਾਸਤ੍ਰ, ਭਾਵ ਕੋਈ ਵਿੱਦਯਾ ਯਾ ਗਯਾਨ ਦਾ ਸ਼ਾਸਤ੍ਰ ਜਿਸ ਵਿਚ ਫਿਲਸਫਾ (ਜੀਵ, ਆਤਮਾ, ਪਰਮਾਤਮਾ, ਕੁਦਰਤ, ਸੰਸਾਰ ਆਦਿ ਦੀ ਵਿਦਯਾ) ਨਿਰੂਪਣ ਹੋਵੇ।

ਦਰਸ਼ਨ = ਦੀਦਾਰ। ਕਿਸੇ ਚਿਹਰੇ ਨੂੰ ਪਯਾਰ ਤੇ ਸ਼ਰਧਾ ਨਾਲ ਵੇਖਣਾ।

ਪਰਸਨ = ਸਪਰਸ਼, ਛੁਹ। ਤੇ-ਤੋਂ, ਕਰਕੇ, ਕਰਨ ਨਾਲ।

ਸੁਦਰਸ਼ਨ* = ਛਟੀ। ਗੁਰੂ ਹਰਿ ਕ੍ਰਿਸ਼ਨ ਜੀ ਦੇ ਹੱਥ ਵਿਚ ਉਸ ਵੇਲੇ ਫੂਲ ਛਟੀ ਸੀ ਜੋ ਉਹਨਾਂ ਨੇ ਇਕ ਅਨਪੜ੍ਹ ਦੇ ਸਿਰ ਤੇ ਰੱਖਕੇ ਉਸ ਨੂੰ ਪੰਡਿਤ ਕਰ ਦਿਤਾ ਸੀ। ਸੁਦਰਸ਼ਨ ਪਦ

---

*ਸੁਦਰਸ਼ ਪਦ ਦੇ ਹੋਰ ਅਰਥ ਏਹ ਹਨ:-ਸੁਹਣਾ, ਵਿਸ਼ਨੂ ਦਾ ਚੱਕ੍ਰ, ਮੱਛੀ, ਜਾਮਨੂੰ, ਸੋਮਵਲੀ, ਸ਼ਿਵ, ਸੁਮੇਰੂ, ਜੰਬੂਦੀਪ, ਗਿੱਧ, ਸੰਗੀਤ ਰਚਨਾਂ, ਅਗਨੀ ਦਾ ਪੁੱਤ੍ਰ, ਹੇਠ ਲਿਖੇ ਨਾਮਾਂ ਵਾਲਿਆਂ ਦੇ ਪੁੱਤ੍ਰਾਂ ਦਾ ਨਾਮ-ਸੰਖਨ, ਧ੍ਰੁਵਸੰਧੀ, ਅਰਥਸਿਧੀ, ਦਧੀਚੀ, ਭਰਤ, ਅਜਮੀੜ ਆਦਿ। [ਸੁ+ਦਰ੍ਸ਼ਨ = ਸੁਹਣਾ ਦਰਸ਼ਨ]

ਦੇ ਅਨੇਕ ਅਰਥ ਹਨ, ਇਕ ਅਰਥ ਹੈ ਛੇ ਗੰਢਾਂ ਵਾਲਾ ਇਕ ਡੰਡਾ ਜੋ ਸੰਨਿਆਸੀ ਪਾਸ ਰੱਖਦੇ ਹਨ, ਤੇ ਮਾੜੀਆਂ ਰੂਹਾਂ ਭੂਤਾਂ ਪ੍ਰੇਤਾਂ ਨੂੰ ਇਸ ਨਾਲ ਦੂਰ ਕਰਦੇ ਹਨ, ਇਸ ਤੋਂ ਕਵਿ ਜੀ ਨੇ ਇਹ ਪਦ 'ਛਟੀ' ਅਰਥ ਦਾ ਵਾਚਕ ਵਰਤਿਆ ਹੈ, ਜਿਸ ਨੇ ਅਵਿੱਦਯਾ ਡੈਣ ਦੂਰ ਕੀਤੀ।

ਹਾਥ....ਧਾਰਿ = ਹੱਥ ਵਿਚ ਲੈਕੇ, ਭਾਵ, ਪ੍ਰਾਪਤ ਕਰਕੇ, ਧਾਰਨਾ ਧਾਰਕੇ।

ਅਰਥ: (ਜਿਨ੍ਹਾਂ ਦਾ) ਦਰਸ਼ਨ ਕਰਕੇ (ਅਤੇ ਜਿਨ੍ਹਾਂ ਦੇ) ਸਪਰਸ਼ ਕਰਨ ਨਾਲ (ਜੀਵ) ਸਾਰੇ (ਦੈਵੀ) ਸ਼ਾਸਤ੍ਰਾਂ ਦਾ ਤੱਤ੍ਵ ਪ੍ਰਾਪਤ ਕਰ ਲੈਂਦਾ ਹੈ, (ਅਤੇ ਜਿਨ੍ਹਾਂ ਨੇ) ਹੱਥ ਵਿਚ ਛਟੀ ਧਾਰਨ ਕੀਤੀ ਹੋਈ ਹੈ (ਐਸੇ) ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮੇਰੀ ਨਮਸਕਾਰ ਹੈ।

ਹੋਰ ਅਰਥ: ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਛੁਹ ਤੇ ਦਰਸ਼ਨ ਤੋਂ ਸਾਰੇ ਦਰਸ਼ਨ (ਸ਼ਾਸਤ੍ਰਾਂ ਦਾ) ਤੱਤ੍ਵ ਪ੍ਰਾਪਤ ਹੁੰਦਾ ਹੈ, (ਐਸੇ) ਸੁਹਣੇ ਦਰਸ਼ਨ ਦੀ ਧਾਰਨਾਂ ਧਾਰਕੇ (ਮੈਂ ਉਹਨਾਂ ਨੂੰ) ਨਮਸਕਾਰ ਕਰਦਾ ਹਾਂ।

ਅਥਵਾ (ਜਦ) ਗੁਰੂ ਹਰਿ ਕ੍ਰਿਸ਼ਨ ਜੀ ਦੇ ਦਰਸ਼ਨ ਕਰ ਲੈਣ ਤੇ ਉਹਨਾਂ ਦੀ ਛੁਹ (ਮਾਤ੍ਰ ਦੇ ਪ੍ਰਾਪਤ ਹੋਣ ਤੋਂ) ਸਾਰੇ ਦਰਸ਼ਨਾਂ ਦਾ ਤੱਤ੍ਵ ਗਿਆਨ ਮਿਲ ਜਾਂਦਾ ਹੈ (ਤਾਂ ਹੇ ਮਨ! ਉਹਨਾਂ ਦੇ) ਸੁਹਣੇ ਦਰਸ਼ਨ (ਨੂੰ ਹੀ) ਹੱਥ ਵਿਚ ਪ੍ਰਾਪਤ ਕਰ (ਤੇ ਉਹਨਾਂ ਦੇ) ਚਰਨਾਂ ਨੂੰ ਨਮਸਕਾਰ ਕਰਕੇ (ਛੁਹ ਨੂੰ ਪ੍ਰਾਪਤ ਹੋ)।

ਭਾਵ: ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਕ ਅਭਿਮਾਨੀ ਪੰਡਤ ਦਾ ਅਭਿਮਾਨ ਦੂਰ ਕਰਨ ਲਈ ਇਕ ਅਨਪੜ੍ਹ ਦੇ ਸਿਰ ਪਰ ਆਪਣੇ ਹੱਥ ਵਿਚ ਫੜੀ ਛਟੀ ਨਾਲ ਸਪਰਸ਼ ਕਰਕੇ ਆਗਿਆ ਕੀਤੀ ਕਿ ਤੂੰ ਇਸ ਨਾਲ ਚਰਚਾ ਕਰ, ਉਹ ਉਸ ਪੰਡਤ ਨਾਲ ਚਰਚਾ ਕਰਕੇ ਜਿੱਤਿਆ। ਉਸ ਸਾਖੀ ਦਾ ਭਾਵ ਲੈਕੇ ਕਵੀ ਜੀ ਨੇ ਦੋਹੇ ਵਿਚ ਗੁੰਦਿਆ ਹੈ।

੯. ਇਸ਼੍ਟ ਦੇਵ-ਸ੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਸ੍ਵੈਯਾ: ਮਾਨਸ ਤੀਰ ਮਰਾਲ ਬਿਰਾਜਤਿ ਤਯੋਂ ਸਿਖ ਸ੍ਰੀ ਗੁਰ ਤੇਗ ਬਹਾਦਰ।
ਮਾਨਸ ਮੈਂ ਧਰਿ ਧ੍ਯਾਨ ਨਮੋ ਕਰਿ, ਰਾਖਬਿ ਧਰਮ ਬਿਸਾਲ ਬਹਾਦੁਰ।
ਮਾਨਸ ਦਾਹਿਨ ਜੇ ਬਿਧਿ ਦਾਹਿਨ, ਦਾਹਿਨ ਦੋਸ਼ਨ ਹੋਤਿ ਸੁ ਹਾਦਰ।
ਮਾਨ ਸਹੀ ਜਿਮ ਸੀਖ ਕਹੀ: ਸਤਿਨਾਮ ਭਜੋ ਮਿਲਿ ਸੰਤ ਮਹਾਦਰ ॥੯॥

ਮਾਨਸ = ਮਾਨ ਸਰੋਵਰ। ਮਰਾਲ = ਹੰਸ। ਮਾਨ ਸਰੋਵਰ ਤੇ ਹੰਸਾਂ ਦਾ ਨਿਵਾਸ ਮੰਨਿਆ ਹੈ, ਹੰਸ ਦਾ ਅਰਥ ਬ੍ਰਹਮ ਗਿਆਨੀ ਬੀ ਹੈ। ਇਸ ਵਿਚ ਭਾਵ ਹੈ ਕਿ ਗੁਰੂ ਜੀ ਮਾਨਸਰੋਵਰ ਹਨ ਤੇ ਪਾਸ ਗਯਾਤਗੋਯ ਸਿੱਖ ਹੰਸ ਰੂਪ ਰਹਿੰਦੇ ਹਨ।

ਮਾਨਸ = ਮਨ [ਸੰਸ: ਮਨਸ੍] ਨਮੋ ਕਰਿ = ਮੱਥਾ ਟੇਕ। ,

ਬਿਸਾਲ = ਬਹੁਤ। ਇਸ ਦੀ ਮੁਰਾਦ ਹੈ ਸੀਸ ਤਕ ਦੇ ਦੇਂਦੇ ਹਨ।

ਮਾਨਸ = ਮਨੁਖ। ਦਾਹਿਨ = ਸੱਜੇ ਪਾਸੇ, ਕਿਸੇ ਦੇ ਸੱਜੇ ਪਾਸੇ ਹੋਣ ਦੇ ਅਰਥ ਹਨ:-ਅਨਕੂਲ ਹੋਣਾ, ਸਹਾਯਕ ਹੋਣਾ, ਪੱਖੀ ਹੋਣਾ।

ਬਿਧਿ = ਬ੍ਰਹਮਾ। ਦਾਹਨਿ = ਸਾੜਨਾ, ਨਾਸ਼ ਕਰਨਾ, ਦਾਹੁਣਾ।

ਦੋਸ਼ਨ = ਦੋਖਾਂ ਨੂੰ। ਦੁਖਾਂ ਨੂੰ।

ਸੁਹਾਦਰ = ਸੁ+ਹਾਦਰ = ਭਲੀ ਪ੍ਰਕਾਰ ਹਾਜ਼ਰ [ਅ਼: ਹਾਜ਼ਰ।]

ਮਾਨ ਸਹੀ = ਸਹੀ ਮੰਨਕੇ। ਦਰੁਸਤ ਮੰਨ ਕੇ [ਅ਼: ਸਹੀਹ।]

ਮਹਾਦਰ = ਮਹਾਂ+ਦਰ = ਵਡਾ ਦਰਵਾਜਾ। ਸੰਤ ਮਹਾਂਦਰ ਤੋਂ ਮੁਰਾਦ ਹੈ ਸਤਿਸੰਗ ਦੀ।

ਅਰਥ: (ਜਿਵੇਂ) ਮਾਨਸਰੋਵਰ ਦੇ ਕੰਢੇ ਹੰਸ ਰਹਿੰਦੇ ਹਨ ਤਿਵੇਂ ਸ਼੍ਰੀ ਗੁਰੂ ਤੇਗ ਬਹਾਦਰ (ਜੀ ਦੇ ਪਾਸ ਹੰਸਾਂ ਵਾਂਕੂ ਗਿਆਤ ਗੇਯ) ਸਿੱਖ (ਰਹਿੰਦੇ ਹਨ),

(ਐਸੇ ਸਤਿਗੁਰੂ ਜੀ ਦਾ) ਮਨ ਵਿਚ ਧਿਆਨ ਧਰਕੇ ਨਮਸਕਾਰ ਕਰ ਜੋ ਧਰਮ ਦੀ ਰਖਿਆ ਕਰਨੇ ਵਿਚ ਬੜੇ ਹੀ ਬਹਾਦਰ (ਹੋਏ ਹਨ),

(ਫੇਰ ਉਨ੍ਹਾਂ ਦੇ ਪੱਖ ਦਾ ਪਰਲੋਕ ਵਿਚ ਇਹ ਅਸਰ ਹੈ ਕਿ ਜਿਨ੍ਹਾਂ) ਮਨੁਖਾਂ ਦੇ ਪੱਖੀ ਓਹ ਹੋਏ ਹਨ, ਬ੍ਰਹਮਾ ਉਨ੍ਹਾਂ ਦਾ ਪੱਖੀ ਹੋ ਗਿਆ ਹੈ (ਤੇ ਇਸ ਜਗਤ ਵਿਚ) ਦੋਖਾਂ ਦੇ ਨਾਸ਼ ਕਰਨ ਲਈ (ਜਿੱਥੇ ਸਿਮਰੋ) ਹਾਜ਼ਰ ਹੋ ਜਾਂਦੇ ਹਨ।

(ਸੋ) ਜਿਸ ਤਰ੍ਹਾਂ (ਉਨ੍ਹਾਂ ਨੇ) ਸਿੱਖ੍ਯਾ ਕਹੀ ਹੈ (ਉਸ ਨੂੰ) ਦਰੁਸਤ ਮੰਨੋ:-

'ਸਤਿਸੰਗ ਦੇ ਉਚੇ ਦਰ ਨੂੰ ਪ੍ਰਾਪਤ ਹੋਕੇ ਸਤਿਨਾਮ ਦਾ ਭਜਨ ਕਰੋ।'

ਭਾਵ: ਕਵਿ ਜੀ ਨੇ ਸਤਿਗੁਰ ਦੇ ਗਿਆਨ ਦਾਤਾ, ਧਰਮ ਦੇ ਰੱਖ੍ਯਕ, ਲੋਕ ਪ੍ਰਲੋਕ ਦੇ ਸਹਾਯਕ ਹੋਣ ਦਾ ਜਸ ਕਥਨ ਕਰਦੇ ਹੋਏ ਚੌਥੀ ਤੁਕ ਵਿਚ ਇਸ ਸ਼੍ਰੀ ਮੁਖ ਵਾਕ ਦਾ ਭਾਵ ਕਿਹਾ ਹੈ:-

ਯਥਾ: 'ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥'

ਤਥਾ: 'ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ' ॥ [ਸੋਰਠ ਮਃ ੯]

ਇਸ ਵਿਚ ਆਪਦੇ ਸੀਸ ਦੇਣ ਦੇ ਸਾਕੇ ਵਲ, ਭਾਈ ਮਤੀ ਰਾਮ ਭਾਈ ਦਯਾਲਾ ਵਰਗੇ ਪਰਮਹੰਸ ਪੈਦਾ ਕਰਨ ਵਲ, ਮੱਖਣ ਸ਼ਾਹ ਨੂੰ ਸਹਾਇਤਾ ਦੇਣ ਤੋਂ ਉਪਜੀ ਸਿਫਤ ਸਲਾਹ ਦਾ ਬੀ ਰੰਗ ਹੈ।

੧੦. ਇਸ਼੍ਟ ਦੇਵ-ਸ਼੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਚੌਪਈ: ਵਾਰਾ ਤੁਰਕਨ ਤੇਜ ਅਪਾਰਾ।
ਪਾਰਾ ਧਰਮ ਹਿੰਦ ਵਿਸਤਾਰਾ।
ਤਾਰਾ ਦਾਸ ਬਿਰਦ ਸੰਭਾਰਾ।
ਭਾਰਾ ਜਸ ਕਲਗੀਧਰ ਵਾਰਾ ॥੧੦॥

ਵਾਰਾ = ਹਟਾਉਣਾ, ਦੂਰ ਕਰਨਾ। [ਸੰਸ: ਵਾਰਣ = ਰੋਕਣਾ, ਰੱਖ੍ਯਾ ਕਰਨੀ, ਦੂਰ ਕਰਨਾ। ਪਰੇ ਹਟਾਉਣਾ ਜਿਵੇਂ ਕਿਸੇ ਦੇ ਉੱਲਰੇ ਘਸੁੰਨ ਨੂੰ]

ਪਾਰਾ = ਪਾਲਿਆ, ਪ੍ਰਤਿਪਾਲਾ ਕੀਤੀ।

ਬਿਸਤਾਰਾ = ਫੈਲਿਆ, ਜੋ ਦਿਨੋਂ ਦਿਨ ਘਟ ਰਹੀ ਸੀ ਉਸ ਦੀ ਪ੍ਰਤਿਪਾਲਾ ਕੀਤੀ ਤਾਂ ਉਹ ਫੈਲਿਆ।

ਤਾਰਾ = ਤਾਰਿਆ। ਨਿਸਤਾਰਾ ਕੀਤਾ। ਵਾਰਾ = ਵਾਲਾ, ਦਾ।

ਅਰਥ: (ਜਿਸ ਸਤਿਗੁਰ ਨੇ) ਤੁਰਕਾਂ ਦੇ ਅਪਾਰ ਤੇਜ ਨੂੰ ਦੂਰ ਕੀਤਾ, ਹਿੰਦ ਧਰਮ ਨੂੰ ਪਾਲਿਆ (ਤੇ ਉਸਦਾ) ਵਾਧਾ ਕੀਤਾ, (ਅਤੇ) ਦਾਸ (ਪਾਲਨ) ਬਿਰਦ ਨੂੰ ਸੰਭਾਲਿਆ ਤੇ (ਦਾਸਾਂ ਦਾ) ਨਿਸਤਾਰਾ ਕੀਤਾ, (ਉਸ) ਕਲਗੀਧਰ ਜੀ ਦਾ ਜਸ ਬਹੁਤ ਭਾਰਾ ਹੈ।

ਹੋਰ ਅਰਥ: ੨ ਤੁਕ-(ਸਤ) ਧਰਮ ਨੂੰ ਪ੍ਰਤਿਪਾਲਿਆ ਤੇ ਹਿੰਦੁਸਤਾਨ ਨੂੰ (ਜੋ ਜ਼ੁਲਮ ਹੇਠ ਮੁਰਝਾ ਰਿਹਾ ਸੀ, ਲਹਿਲਹੇ ਬ੍ਰਿੱਛ ਵਾਂਙ) ਫੈਲਾਇਆ।

੩. ਤੁਕ-ਆਪਣਾ ਬਿਰਦ ਸੰਭਾਲ ਕੇ ਦਾਸਾਂ ਨੂੰ ਤਾਰਿਆ।

੧੧. ਇਸ਼੍ਟ ਦੇਵ-ਸ਼੍ਰੀ ਗੁਰੂ ਗ੍ਰੰਥ ਜੀ-ਮੰਗਲ।

ਹਾਨੀ ਗਨ ਬਿਘਨਹੁਂ ਸੁਖਦਾਨੀ।

ਦਾਨੀ ਜਿਸਹਿ ਸਰਾਹਿਂ ਸਮਾਨੀ।
ਮਾਨੀ ਤੀਨ ਲੋਕ ਸਰਬਾਨੀ।
ਬਾਨੀ ਸਿਮਰ ਸੁਮੱਤਿ ਮਹਾਨੀ ॥੧੧ ॥

ਗਨ = ਸਾਰੇ। ਬਿਘਨਹੁਂ = ਵਿਘਨਾਂ ਦੀ।
ਦਾਨੀ = ਦਾਨਾ ਲੋਕ, ਵਿਦ੍ਵਾਨ ਤੇ ਪੰਡਤ ਲੋਕ। [ਫਾ: ਦਾਨਾ]
ਸਰਾਹਿਂ = ਸਲਾਹੁਤ ਕਰਦੇ ਹਨ। [ਅ਼: ਸਲਾਹ = ਸਿਫਤ]
ਸਮਾਨੀ = ਸਹਿਤ ਮਾਨ ਦੇ।
ਮਾਨੀ = ਮੰਨੀ ਗਈ, ਤਸਲੀਮ ਕੀਤੀ ਗਈ।
ਸਰਬਾਨੀ = ਸਰਬ ਤੋਂ, ਸਾਰਿਆਂ ਤੋਂ।
ਬਾਨੀ = ਬਾਣੀ। ਸਮੁੱਤਿ = ਸ੍ਰੇਸ਼ਟ ਬੁੱਧੀ। ਬੁਧੀਆਂ ਵਿਚੋਂ ਸ੍ਰੇਸ਼ਟ ਬੁੱਧੀ ਆਤਮ ਵਿਸ਼ੈਣੀ ਬੁੱਧੀ ਹੈ, ਜੋ ਇਸ ਦਾ ਭਾਵ ਹੈ।
ਮਹਾਨੀ = ਬਹੁਤ ਵਡੀ। ਗੁਰ। ਮਹਾਨੀ+ਬਾਨੀ = ਗੁਰਬਾਣੀ।

ਅਰਥ: (ਜੋ) ਸਾਰੇ ਵਿਘਨਾਂ ਦੀ ਨਾਸ਼ ਕਰਨ ਵਾਲੀ ਤੇ ਸੁੱਖਾਂ ਦੀ ਦਾਤੀ ਹੈ, ਦਾਨੇ (ਲੋਕ ਬੀ) ਜਿਸ ਦੀ ਸਤਿਕਾਰ ਸਹਿਤ ਸਲਾਹੁਤ ਕਰਦੇ ਹਨ, (ਜੋ) ਤਿੰਨਾਂ ਲੋਕਾਂ ਵਿਚ ਸਰਬ ਤੋਂ (ਪ੍ਰਮਾਣੀਕ) ਮੰਨੀ ਗਈ ਹੈ, ਉਸ ਗੁਰਬਾਣੀ ਦਾ ਪਾਠ ਕਰ, (ਉਹ) ਆਤਮ ਵਿਸ਼ੈਣੀ ਬੁੱਧੀ ਦੀ ਵਡੀ (ਦਾਤਾਰ) ਹੈ।

ਹੋਰ ਅਰਥ: ੪ ਤੁਕ-ਮਹਾਨੀ ਬਾਣੀ ਸਿਮਰ, ਸੁਮਤਿ ਅਰਥਾਤ ਗੁਰਬਾਣੀ ਪੜ੍ਹ ਜੋ (ਤੇਰੀ) ਮਤ ਸ੍ਰੇਸ਼ਟ (ਹੋ ਜਾਵੇ)।

ਭਾਵ: ਉਪਰਲੀਆਂ ਸਾਰੀਆਂ ਸਿਫਤਾਂ ਤੋਂ ਇਥੇ ਬਾਣੀ ਦਾ ਭਾਵ ਗੁਰਬਾਣੀ ਹੈ। ਬਾਣੀ ਦਾ ਅਰਥ 'ਸ਼ਾਰਦਾ' ਬੀ ਲਾਉਂਦੇ ਹਨ, ਪਰ ਸ਼ਾਰਦਾ ਦਾ ਜ਼ਿਕਰ ਇਸ ਤੋਂ ਅਗਲੇ ਛੰਦ ਵਿਚ ਆਉਂਦਾ ਹੈ। ਮੰਗਲਾਂ ਦੇ ਇਸ ਅੰਸੁ ਵਿਚ ਇੱਕੋ ਇੱਕ ਛੰਦ ਇੱਕੋ ਇੱਕ ਸਰੂਪ ਵਾਸਤੇ ਆਯਾ ਹੈ, ਉਸ ਮੂਜਬ ਬੀ ਇਹ ਗੁਰਬਾਣੀ ਦੀ ਸਲਾਹੁਤਾ ਦਾ ਛੰਦ ਸਹੀ ਹੁੰਦਾ ਹੈ। ਕਵਿ ਜੀ ਗੁਰਬਾਣੀ ਨੂੰ ਗੁਰੂ ਰੂਪ ਮੰਨਦੇ ਹਨ ਤੇ ਮੰਗਲ ਕਈ ਵੇਰ ਕਰਦੇ ਹਨ। ਦੇਖੋ ਸ੍ਰੀ ਗੁ: ਨਾ: ਪ੍ਰ: ਪੂ: ਅੱਧਯਾ: ੨੪, ਯਥਾ:

ਕਬਿੱਤ: ਸੁਧਾ ਕੀ ਤਰੰਗਨੀ ਸੀ ਰੋਗ ਭ੍ਰਮ ਭੰਗਨੀ ਹੈ
ਮਹਾਂ ਸ੍ਵੇਤ ਰੰਗਨੀ ਮਹਾਨ ਮਨ ਮਾਨੀ ਹੈ।
ਕਿਧੌਂ ਯਹਿ ਹੰਸਨੀ ਸੀ ਮਾਨਸ ਵਤੰਸਨੀ ਹੈ,
ਗੁਨੀਨ ਪ੍ਰਸੰਸਨੀ ਸਰਬ ਜਗ ਜਾਨੀ ਹੈ।
ਕਿਧੌਂ ਚੰਦ ਚਾਂਦਨੀ ਸੀ ਮੋਹ ਘਾਮ ਮੰਦਨੀ ਹੈ,
ਰਿਦੇ ਕੀ ਅਨੰਦਨੀ ਸਦੀਵ ਸੁਖਦਾਨੀ ਹੈ।
ਪ੍ਰੇਮ ਪਟਰਾਨੀ ਸਜਾਨੀ, ਗਜਾਨ ਕੀ ਜਨਨਿ ਜਾਨੀ,
ਗੁਨੀ ਭਨੀ ਬਾਨੀ ਤਾਂਕੀ ਗੁਰੂ ਗੁਰਬਾਨੀ ਹੈ।

੧੨. 'ਕਵਿ-ਸੰਕੇਤ' ਮਰ੍ਯਾਦਾ ਦਾ ਮੰਗਲ।

ਚੌਪਈ: ਸਾਰਦ ਬਰਦਾ ਸੁਮਤਿ ਬਿਸਾਰਦ।
ਸਾਰਦ ਚੰਦ ਬਦਨ ਤੇ ਭਾ ਰਦ।
ਪਾਰਦ ਬਰਨੀ ਤਨ ਦੁਤਿ ਨਾਰਦ।

ਦਾਰਿਦ ਹਰਿਤਾ ਦਾਸਨਿ ਸਾਰਦ ॥੧੨॥

ਸਾਰਦ = ਸਾਰਦਾ-ਸਰਸ੍ਵਤੀ। ਬਰਦਾ = ਵਰਦਾਤੀ।

ਬਿਸਾਰਦ-ਚਤੁਰ (ਅ) ਪ੍ਰਸਿੱਧ, ਮਸ਼ਹੂਰ। [ਸੰਸ: ਵਿਸ਼ਾਰਦ]

ਸਾਰਦ = ਅੱਸੂ ਕੱਤੇਂ ਦੀ ਰੁੱਤ। [ਸੰਸ: ਸ਼ਾਰਦ = ਸਰਦ ਰੁੱਤ।

ਸ਼ਾਰਦੀ = ਕੱਤੋਂ ਦੀ ਪੁੰਨਿਆਂ] ਬਦਨ = ਮੂੰਹ।

ਭਾਰਦ = ਭਾ+ਰਦ = ਸੋਭਾ ਨੂੰ ਰੱਦ ਕਰ ਦੇਂਦਾ ਹੈ। ਭਾਵ (ਚੰਦ ਦੀ) ਸ਼ੋਭਾ ਨੂੰ ਮਾਤ ਕਰਦਾ ਹੈ। [ਸੰਸ: ਭਾ = ਸ਼ੋਭਾ+ਰਦ੍ = ਕਟਣਾ।] (ਅ) ਚੰਦ ਤਾਰਿਆਂ (ਵਰਗੇ ਹਨ) [ਸੰਸ: ਭਾ = ਤਾਰਾ+ਰਦ = ਚੰਦ*]

ਪਾਰਦ = ਪਾਰਾ। ਪਾਰੇ ਦੇ ਰੰਗ ਤੋਂ ਚਿੱਟਾਪਨ ਤੇ ਲੁਸਲੁਸ ਕਰਨਾ ਪ੍ਰਗਟ ਹੈ।

ਬਰਨੀ = ਰੰਗ ਦੀ। ਦੁਤਿ = ਕ੍ਰਾਂਤਿ, ਖੂਬਸੂਰਤੀ।

ਨਾਰਦ = ਇੱਕ ਮੁਨੀ ਦਾ ਨਾਮ, ਜਿਸ ਦਾ ਰੰਗ ਚਿੱਟਾ ਸੀ। (ਅ) ਜੋ ਮਨੁੱਖਾਂ ਨੂੰ ਸਿੱਖਯਾ ਦੇਵੇ [ਸੰਸ: ਨਾਰ+ਦ = ਮਨੁੱਖਾਂ ਨੂੰ ਦੇਣ ਵਾਲਾ (ਸਿੱਖਯਾ)] ਦਾਰਿਦ = ਦਰਿੱਦ੍ਰ।

ਸਾਰਦ = ਸ੍ਰੇਸ਼ਟਤਾ ਦੀ ਦਾਤੀ [ਸੰਸ: ਸਾਰ+ਦ। ਸਾਰ = ਸ੍ਰੇਸ਼ਟਤਾਈ, ਵਿੱਦਯਾ ਵਿੱਗਯਾਨ ਦਾ ਤੱਤ, ਬਲ ਬੀਰਤਾ ਆਦਿ, ਦਾ = ਦਾਤੀ।]

ਅਰਥ: ਚੰਗੀ ਬੁੱਧੀ ਦੇ ਵਰ ਦਾਨ ਦੇਣ ਵਿਚ ਸਰਸ੍ਵਤੀ ਪ੍ਰਸਿੱਧ ਹੈ, ਮੂੰਹ (ਜਿਸ ਦਾ ਇੰਨਾ ਸੁਹਣਾ ਹੈ ਕਿ) ਸਰਦ ਰੁਤ ਦੇ ਚੰਦ੍ਰਮਾ ਦੀ ਸ਼ੋਭਾ ਨੂੰ ਮਾਤ ਕਰ ਦੇਂਦਾ ਹੈ, ਰੰਗ ਜਿਸ ਦਾ ਪਾਰੇ ਵਰਗਾ (ਚਿੱਟਾ ਤੇ ਲੁਸ ਲੁਸ ਕਰਦਾ) ਹੈ (ਤੇ ਜਿਸ ਦੇ) ਤਨ ਦੀ ਦੁਤੀ ਨਾਰਦ (ਵਰਗੀ ਕੁਸ਼ਲ ਹੈ, ਜੋ) ਦਾਸਾਂ ਦੇ ਦਰਿੱਦ੍ਰ ਦੂਰ ਕਰਨ ਵਾਲੀ ਤੇ ਸ੍ਰੇਸ਼ਟਤਾ ਦੀ ਦਾਤੀ ਹੈ।

ਹੋਰ ਅਰਥ: ੨ ਤੁਕ-ਮੁਖ ਹੈ (ਜਿਸ ਦਾ) ਸਰਦ ਰੁਤ ਦੇ ਚੰਦ (ਵਾਂਙ) ਤੇ ਦੰਦ ਹਨ (ਜਿਸ ਦੇ) ਤਾਰਿਆਂ (ਵਰਗੇ ਚਿੱਟੇ ਤੇ ਚਮਕਦੇ)।

[ਬਿਨਯ]

ਦੋਹਰਾ: ਕਰਿ ਸਭਿਹਿਨਿ ਪਦ ਬੰਦਨਾਂ, ਧਰ ਪਰ ਧਰਿ ਕਰਿ ਸੀਸ।
ਰਚੌਂ ਕਥਾ ਸਤਿਗੁਰੂ ਕੀ, ਬਿਘਨ ਹਰਹੁ ਜਗਦੀਸ਼ ॥੧੩॥
ਸ਼੍ਰੀ ਨਾਨਕ ਅੰਗਦ ਗੁਰੂ, ਅਮਰ ਦਾਸ ਬਿਰਤਾਂਤ।
ਰਚਜੋ ਛੰਦ ਸੁੰਦਰ ਬਿਖੈ, ਸੁਨਜੋਂ ਪਠਜੋ ਜਿਸ ਭਾਂਤਿ ॥੧੪॥
ਤੀਨ ਗੁਰਨਿ ਕੀ ਕਥਾ ਰਚਿ, ਅਹੈ ਜਥਾ ਮਤਿ ਮੋਹਿ।
ਅਬ ਚਤੁਰਥ ਅਵਤਾਰ ਕੀ, ਕਰਿਹੌਂ ਜਿਸ ਬਿਧਿ ਹੋਹਿ ॥੧੫॥
ਸਭਿ ਸੰਤਨਿ ਆਗੈ ਕਰੌਂ, ਬਿਨਤੀ ਗਿਨਤੀ ਛੋਰਿ।
ਛੋਰ ਕਥਾ ਹੁਇ ਅੰਤ ਲੌ, ਬੰਦੌਂ ਜੁਗ ਕਰ ਜੋਰ ॥੧੬॥

ਛੰਦਬਿਖੈ = ਕਵਿਤਾ ਵਿੱਚ (ਅ) ਛੰਦਾਂ ਵਿੱਚ। ਛੋਰਿ = ਛੋੜਕੇ, ਛੱਡਕੇ।

---

*ਸੰਸ: 'ਭਾ' ਦਾ ਅਰਥ ਹੈ:- ਚਮਕ, ਸ਼ੋਭਾ, ਚਾਨਣਾ, ਸੂਰਜ, ਕਿਰਨ, ਆਦਿ। ਇਸ ਤੋਂ 'ਭਾ' ਦਾ ਤਾਰਾ ਅਰਥ ਕਲਪਦੇ ਹਨ। ਡਿੰਗਲ ਭਾਸ਼ਾ ਵਿਚ ਬੀ 'ਭੈ' = ਤਾਰਾ ਅਰਥ ਵਿਚ ਆਇਆ ਹੈ।

ਛੋਰ = ਸੰਪੂਰਨ। (ਅ) ਛੋਰ = ਕਿਸੇ ਅਰਸ਼ਾਂ ਦੀ ਵਜਕਤੀ ਦੇ ਕੌਤਕਾਂ ਨੂੰ ਕਿਸੇ ਖੂਬਸੂਰਤੀ ਨਾਲ ਕਾਵਜ ਵਿੱਚ ਵਰਣਨ ਕਰਨਾ ਯਾ ਰੰਗ ਭੂਮੀ ਤੇ ਨਾਟ ਕਰਨਾ। [ਸੰਸ: ਸ਼ੌਰ੍ਯਜ]

ਅਰਥ: ਧਰਤੀ ਉਤੇ ਸੀਸ ਧਰਕੇ (ਉੱਪਰ ਕਹੇ) ਸਾਰਿਆਂ ਦੇ ਚਰਣਾਂ ਉਤੇ ਮੱਥਾ ਟੇਕਕੇ ਮੈਂ ਸਤਿਗੁਰੂ ਜੀ ਦੀ ਕਥਾ ਰਚਦਾ ਹਾਂ। (ਹੇ) ਜਗਤ ਦੇ ਮਾਲਕ (ਵਾਹਿਗੁਰੂ!) ਮੇਰੇ (ਸਾਰੇ) ਵਿਘਨਾਂ ਨੂੰ ਦੂਰ ਕਰੋ। ੧੩। ਸ੍ਰੀ (ਗੁਰੂ) ਨਾਨਕ (ਦੇਵ ਸ੍ਰੀ ਗੁਰੂ) ਅੰਗਦ (ਦੇਵ ਸ੍ਰੀ) ਗੁਰੂ ਅਮਰਦਾਸ (ਜੀ ਦਾ) ਬਿਰਤਾਂਤ ਸੁਹਣੀ ਕਵਿਤਾ ਵਿਚ ਜਿਸ ਪ੍ਰਕਾਰ ਮੈਂ ਸੁਣਿਆਂ ਤੇ ਪੜ੍ਹਿਆ ਸੀ ਲਿਖਿਆ ਹੈ। ੧੪। (ਸੌ) ਤਿੰਨਾਂ ਗੁਰੂ ਸਾਹਿਬਾਂ ਦੀ ਕਥਾ, ਜੇਹੀ ਕਿ ਮੇਰੀ ਮਤਿ ਹੈ, (ਉਸ ਅਨੁਸਾਰ) ਰਚਕੇ ਹੁਣ ਜਿਵੇਂ (ਚੰਗੇ) ਤਰੀਕੇ ਨਾਲ ਬਣ ਪਿਆ ਚੌਥੇ ਅਵਤਾਰ ਦੀ ਕਥਾ (ਵਰਣਨ) ਕਰਦਾ ਹਾਂ। ੧੫। (ਹੁਣ ਸਾਰੀਆਂ) ਸੋਚਾਂ ਛਡਕੇ ਸਾਰੇ ਸੰਤਾਂ ਅਗੇ ਦੋਇ ਹੱਥ ਜੋੜਕੇ ਮੱਥਾ ਟੇਕਦਾ ਤੇ ਬੇਨਤੀ ਕਰਦਾ ਹਾਂ ਕਿ ਇਹ ਅਰਸ਼ੀ ਵਜਕਤੀਆਂ ਦੀ ਕਥਾ ਅੰਤ ਤਕ ਸੰਪੂਰਣ ਹੋਵੇ॥੧੬॥

[ਮੰਗਲ ਸਮਾਪਤ, ਚੌਥੇ ਗੁਰਾਂ ਦੀ ਕਥਾ ਦਾ ਅਰੰਭ]

ਨਰਾਜ ਛੰਦ: ਸੁ ਰਾਮ ਰਾਮ ਨਾਮ ਮੈਂ ਅਭੇਦਤਾ ਲਖਾਇਯੇ[1]।
ਤਥਾ ਸਰੂਪ ਏਕ ਹੈ, ਸੰਦੇਹ ਨਾ ਉਠਾਇਯੇ।
ਮਹੀਪ ਰੂਪ ਹੋਨ ਤੇ, ਸੁ[2] 'ਚੰਦ' ਸੰਗ ਭਾਖਿਯੇ।
ਜਨਾਵਤਾਰ[3] ਏ ਭਏ, ਤੁ 'ਦਾਸ' ਨਾਮ ਆਖਿਯੇ ॥੧੭॥

ਸੋਰਠਾ: ਭਗਤਿ ਦੇਹਿ ਅਵਤਾਰ[4], ਯਾਂ ਤੇ ਰਾਮ ਸੁ ਦਾਸ ਕਹਿ।
ਰਾਜਾ ਰਾਮ ਉਦਾਰ, ਰਾਮਚੰਦ ਕਹਿਬੋ ਬਨੈ[*] ॥੧੮॥

ਚੌਪਈ: ਸ੍ਰੀ ਗੁਰ ਅਮਰਦਾਸ ਕੇ ਪਾਛੇ।
ਸੋਢੀ ਬੰਸ ਬਿਭੂਖਨ ਆਛੇ।
ਸਿੰਘਾਸਨ ਬੈਠੇ ਗੁਰ ਪੂਰੇ।
ਮਾਯਾ ਤੇ ਅਲੇਪ ਗੁਨ ਰੂਰੇ ॥੧੯॥
ਗੁਰਤਾ ਰਥ ਅਰੂਢਬੋ ਕਰੇ।
ਚੌਥੋ ਸੂਰਜ ਜਨੁ ਨਭ ਚਰੇ[5]।
ਅਜ਼ਮਤ ਜੁਤਿ ਅਨੇਕ ਸਿਖ ਉਡਗਨ।
ਸਭਿ ਮਹਿਂ ਸ਼ੋਭਤਿ ਪੂਰਨ ਸਸਿ ਜਨੁ[1] ॥੨੦॥

---

[1]ਰਾਮ (ਦਾਸ ਤੇ) ਰਾਮ (ਚੰਦ ਪਦਾਂ) ਵਿਚ ਸੁਹਣੀ ਅਭੇਦਤਾ ਸਮਝੋ।
[2]ਉਸ ਨਾਲ।
[3]ਭਗਤੀ ਦੇ ਅਵਤਾਰ।
[4]ਭਗਤੀ ਨੇ ਦੇਹ ਵਿਚ ਅਵਤਾਰ ਲਿਆ।
[*]ਕਵਿ ਦਾ ਮਤਲਬ ਇਹ ਜਾਪਦਾ ਹੈ ਕਿ 'ਦਾਸ' ਪਦ ਗੁਰੂ ਜੀ ਦੇ ਨਾਮ ਨਾਲ ਹੋਣ ਕਰਕੇ ਕੋਈ ਉਨ੍ਹਾਂ ਨੂੰ ਰਾਮਚੰਦ ਦਾ ਦਾਸ ਨਾ ਸਮਝੇ, ਓਹ ਆਪ ਪੂਰਨ ਅਵਤਾਰ ਹਨ। ਕਿਉਂਕਿ ਆਪ ਭਗਤੀ ਦਾ ਅਵਤਾਰ ਹੋਏ ਹਨ ਇਸ ਕਰਕੇ ਆਪਣੇ ਆਪ ਨੂੰ (ਰਾਮ =) ਵਜਾਪਕ ਵਾਹਿਗੁਰੂ ਦਾ ਦਾਸ ਪ੍ਰਗਟ ਕਰਦੇ ਰਹੇ ਹਨ।
[5]ਚੜ੍ਹਿਆ।

ਜਹਿਂ ਕਹਿਂ ਤੇ ਸੁਨਿ ਸੁਨਿ ਸਿਖ ਆਏ।
-ਸ਼੍ਰੀ ਗੁਰ ਅਮਰ- ਇਹੀ ਲਖਿ ਪਾਏ।
ਸ਼੍ਰੀ ਨਾਨਕ ਕੀ ਜੋਤਿ ਬਿਸਾਲਾ।
ਇਨ ਮਹਿਂ ਦਿਪਤਿ[2] ਜਾਨ ਤਿਸ ਕਾਲਾ ॥੨੧॥
ਧਰਿ ਧਰਿ ਸਭਿਨਿ ਉਪਾਇਨ ਬੰਦੇ।
ਦੇਖਿ ਸਰੂਪ ਸੁਭਾਉ ਅਨੰਦੇ।
ਤ੍ਰੈ ਦਿਨ ਬਿਤੇ ਜਾਨਿ ਸਮੁਦਾਈ।
ਜਹਿਂ ਸਸਕਾਰ ਗਏ ਤਿਸ ਥਾਈਂ ॥੨੨॥
ਸਤਿਗੁਰ ਰਾਮਦਾਸ ਹੁਇ ਖਰੇ।
ਕਮਲ ਬਿਲੋਚਨ ਜਲ ਸੋਂ ਭਰੇ।
ਸੰਗ ਮੋਹਰੀ ਸ਼ੋਕ ਉਪਾਵਤਿ।
ਮੋਹਨ ਆਦਿਕ ਸੀਸ ਨਿਵਾਵਤਿ ॥੨੩॥
ਬ੍ਰਿਧ ਨੇ ਸਭਿ ਸੋਂ ਬਾਕ ਉਚਾਰਾ।
'ਕਹਯੋ ਗੁਰੂ ਕੋ ਕਯੋਂ ਨ ਚਿਤਾਰਾ।
-ਮੇਰੋ ਸ਼ੋਕ ਨ ਕਰਹੁ ਕਦਾਈਂ।
ਸਿਮਰਹੁ ਹਰਿ ਹਰਿ ਅਨੰਦ ਉਪਾਈ- ॥੨੪॥
ਉਲੰਘਨਿ ਜੋਗ ਨ ਬਾਕ ਤਿਨ੍ਹੋ ਕਾ।
ਯਾਂ ਤੇ ਕਰਹੁ ਨ ਕਬਿ ਮਿਲਿ ਸ਼ੋਕਾ।'
ਸੁਨਿ ਬ੍ਰਿਧ ਕੇਰ ਉਚਿਤ ਸ਼ੁਭ ਬੈਨਾ।
ਰੋਕਯੋ ਜਲ ਕੋ ਨਿਜ ਨਿਜ ਨੈਨਾ ॥੨੫॥
ਬੀਨਿ ਬੀਨਿ ਕਰਿ ਅਸਥਿ ਸਕੇਲੇ[3]।
ਸੁੰਦਰ ਬਸਤ੍ਰ ਬਿਖੈ ਸਭਿ ਮੇਲੇ।
ਸੁਰਸਰਿ ਕੋ ਤਤਛਿਨ ਪਹੁਂਚਾਏ।
ਸਾਵਣ ਮਲ ਤਿਨ ਸੰਗ ਸਿਧਾਏ ॥੨੬॥
ਜਗਤ ਮ੍ਰਿਜਾਦ[*] ਹੇਤ[+] ਕ੍ਰਿਤ ਸਾਰੀ।

---

[1]ਮਾਨੋਂ ਚੰਦ੍ਰਮਾਂ (ਸ਼੍ਰੀ ਗੁਰੂ ਜੀ)।
[2]ਪ੍ਰਕਾਸ਼ ਕਰ ਰਹੀ ਹੈ।
[3]ਚੁਣ ਚੁਣ ਕੇ ਫੁੱਲ ਇਕੱਠੇ ਕੀਤੇ।
[*]ਦੂਸਰੀ ਪਾਤਸ਼ਾਹੀ ਨੇ ਅਪਨੀ ਜਗਤ ਮਿਰਯਾਦਾ ਬੰਦ ਕੀਤੀ ਸੀ, ਦੇਖੋ ਰਾਸ ੧ ਅੰਸੂ ੨੮ ਅੰਕ ੧੧ ਤੋਂ ਅੱਗੇ- 'ਜਗ ਅਰ ਕੁਲ ਕੇ ਜਿਤਕ ਅਚਾਰੇ। ਹਮਰੇ ਹੇਤ ਨਹੀਂ ਕੁਛ ਕਰਨਾ। ਕੀਰਤ ਪਠਿ ਸੁਨਿ ਨਾਮ ਸਿਮਰਨਾ।' ਇਹ ਕਦੇ ਹੋ ਨਹੀਂ ਸਕਦਾ ਕਿ ਹੁਣ ਤੀਸਰੀ ਪਾਤਸ਼ਾਹੀ ਵੇਲੇ ਮਿਰਯਾਦਾ ਬਦਲੀ ਗਈ ਹੋਵੇ। ਗੁਰਮਤ ਜੋ ਗੁਰੂ ਅੰਗਦ ਜੀ ਨੇ ਥਾਪੀ, ਗੁਰੂ ਅਮਰਦਾਸ ਜੀ ਦੇ ਸਮੇਂ ਉਸੇ ਤੇ ਚਲਣਾ ਹੀ ਗੁਰਸਿੱਖੀ ਸੀ। ਤੀਸਰੇ ਸਤਿਗੁਰਾਂ ਦੀ ਬਾਣੀ ਇਨ੍ਹਾਂ ਕਰਮਾਂ ਨੂੰ ਮਨ੍ਹੇਂ ਕਰਦੀ ਹੈ।
[+]ਪਾ:-ਹੇਰਿ।

ਜਥਾ ਜੋਗ ਕੀਨਸਿ ਹਿਤ ਕਾਰੀ।
ਬੈਠਹਿਂ ਸਕਲ ਬਾਵਲੀ ਤੀਰ।
ਆਵਹਿ ਨਿਤ ਸੰਗਤਿ ਕੀ ਭੀਰ ॥੨੭॥
ਗਾਵਹਿਂ ਸ਼ਬਦ ਰਬਾਬੀ ਰਾਗ।
ਜਿਨ ਕੇ ਬਿਖੈ ਪਰਮ ਬੈਰਾਗ।
ਸਭਾ ਲਗਹਿ ਜਬਿ ਹੋਵਤਿ ਭੋਰ।
ਆਵਹਿਂ ਸਿੱਖ ਕਰਹਿਂ ਬਹੁ ਜੋਰ[੧++] ॥੨੮॥
ਤਿਸੀ ਪ੍ਰਕਾਰ ਦੇਗ਼ ਨਿਤਿ ਹੋਇ।
ਮਿਲਹਿਂ ਹਜ਼ਾਰਹੁਂ ਅਚਵਹਿਂ ਸੋਇ।
ਤ੍ਰਯੋਦਸ਼ ਦਿਵਸ ਬਿਤੀਤੇ ਜਬੈ।
ਭੋਜਨ ਕਰਯੋ ਅਨਿਕ ਬਿਧਿ ਤਬੈ ॥੨੯॥
ਗੋਇੰਦਵਾਲ ਮੇਲ ਬਹੁ ਹੋਵਾ।
ਸਭਿਹਿਨਿ ਰਾਮਦਾਸ ਗੁਰ ਜੋਵਾ।
ਸਕਲ ਬੇਖ ਸਾਧੂ ਸਮੁਦਾਏ।
ਕਰਨਿ ਅਹਾਰ ਮੇਲ ਕਰਿ ਆਏ ॥੩੦॥
ਬਖਸ਼ਿਸ਼ ਭਈ ਮੰਜੀਆਂ ਜੇਤਿਕ।
ਲੇ ਅਕੋਰ ਕੋ ਪਹੁਂਚੇ ਤੇਤਿਕ।
ਸ਼੍ਰੀ ਗੁਰ ਰਾਮਦਾਸ ਕੇ ਆਗੇ।
ਅਰਪਿ ਅਰਪਿ ਕਰਿ ਪਾਇਨ[੨] ਲਾਗੇ ॥੩੧॥
ਜਿਸ ਕੋ ਆਪ ਗਏ ਕਰਿ ਟੀਕਾ।
ਕੌਨ ਹਟਾਇ ਸਕੈ ਤਿਨ ਲੀਕਾ[੩]।
ਮੋਹਨ ਅਪਰ ਮੋਹਰੀ ਦੂਵਾ।
ਤਿਨ ਦਿਸ਼ ਦੇਖਿ ਦੀਨ ਮਨ ਹੂਵਾ[੪] ॥੩੨॥
ਅਪਰ ਸਬੰਧਿਨਿ ਕੀ ਲਖਿ ਚਾਲੀ।
ਮਨੁ ਜਿਨ ਕੇ ਖਟਪਟੀ ਬਿਸਾਲੀ।
ਸ਼੍ਰੀ ਗੁਰ ਰਾਮਦਾਸ ਮਹਾਂਰਾਜਾ।
ਮਹਦ ਬਿਲੋਚਨ ਲਾਜ ਜਹਾਜਾ[੫] ॥੩੩॥

---

[1]ਜੋੜ ਮੇਲ।
[++]ਪਾ:-ਜੋੜਿ।
[2]ਚਰਨੀਂ।
[3]ਮਿਰਯਾਦਾ।
[4]ਦੇਖਿਆ (ਸ਼੍ਰੀ ਗੁਰੂ ਜੀ ਨੇ) ਕਿ ਦੁਖੀ ਮਨ ਹੋਇਆ ਹੈ (ਬਾਬੇ ਮੋਹਨ ਤੇ ਬਾਬੇ ਮੋਹਰੀ ਜੀ ਦਾ)।
[5]ਭਾਵ, ਜਿਨ੍ਹਾਂ ਦੇ ਨੇਤ੍ਰ ਬੜੇ ਹੀ ਸ਼ਰਮ ਵਾਲੇ ਹਨ।

ਬਹੁ ਕੋਮਲ ਜਿਨ ਸਰਲ ਸੁਭਾਊ।
ਨਹਿਂ ਪਿਖਿ ਸਕੈਂ ਭੰਗ ਮਨ ਕਾਊ[1]।
ਰਿਦੈ ਬਿਚਾਰਹਿਂ ਅਨਿਕ ਉਪਾਊ।
-ਕਿਮ ਹਮ ਕਰਹਿਂ? ਨ ਦੇਖਿ ਸਕਾਊ[2]- ॥੩੪॥
ਅਪਰ ਬਾਰਤਾ ਅਨਬਨ ਜਾਨੀ।
ਭਏ ਪ੍ਰਵੇਸ਼ ਸਦਨ ਗੁਨ ਖਾਨੀ।
ਰਹੇ ਇਕਾਂਕੀ ਬੈਠਿ ਗੁਸਾਈਂ।
ਅੰਤਰ ਬ੍ਰਿਤੀ ਰਹੇ[*] ਸੁਖ ਪਾਈ ॥੩੫॥
ਵਹਿਰ ਨਿਕਸ ਕਰਿ ਨਾਹਿਂਨ ਬੈਠਹਿਂ।
ਸਿਖ ਸੰਗਤ ਜਹਿਂ ਸਕਲ ਇਕੈਠਹਿ[3]।
ਸ਼੍ਰੀ ਗੁਰ ਅਮਰਦਾਸ ਪਦ ਪ੍ਰੇਮ।
ਉਮਗਹਿ ਰਿਦਾ ਬਹੈ ਸਭਿ ਨੇਮ[4] ॥੩੬॥
ਜਹਿਂ ਬੈਠੇ ਤਹਿਂ ਬੈਠੇ ਰਹੈਂ।
ਜਿਤ ਦੇਖਤਿ ਤਿਤ ਦਿਸ਼ ਕੋ ਲਹੈਂ[5+]।
ਠਾਂਢੇ ਰਹਹਿਂ ਕਿ ਪੌਢਹਿਂ ਕਬੈ।
ਕਿਤਿਕ ਕਾਲ ਥਿਰਤਾ ਗਹਿਂ[6++] ਤਬੈ ॥੩੭॥
ਪ੍ਰਿਥੀਆ, ਮਹਾਦੇਵ, ਸ਼੍ਰੀ ਅਰਜਨ।
ਬੰਦਹਿਂ ਚਰਨ ਬੁਲਾਵਹਿਂ ਤਿਸ ਛਿਨ।
ਦੇ ਧੀਰਜ ਤਿਨ ਬੋਲਹਿਂ ਥੋਰਾ।
ਬੈਠੇ ਰਹੈਂ, ਪਰਹਿਂ, ਇਕ ਠੌਰਾ ॥੩੮॥
ਮਤਿ ਗਤਿ ਭਈ ਅਪਰ ਬਿਧ ਸਾਰੀ[7]।
ਰਹੈਂ ਇਕਾਂਕੀ ਬਿਨਾਂ ਚਿਨਾਰੀ।
ਕਬਹਿ ਪ੍ਰੇਮ ਕੋ ਬਹੈ ਪ੍ਰਵਾਹੂ।
ਬਾਣੀ ਚਰਹਿਂ ਗੁਰੂ[**] ਛਿਨ ਤਾਂਹੂ ॥੩੯॥

---

[1]ਕਿਸੇ ਦਾ ਮਨ ਉਦਾਸ ਨਹੀਂ ਦੇਖ ਸਕਦੇ।
[2](ਇਹ) ਸਾਨੂੰ ਦੇਖ ਨਹੀਂ ਸਕਦੇ। (ਅ) ਕਿਸ ਤਰ੍ਹਾਂ ਕਰੀਏ (ਇਨ੍ਹਾਂ ਦਾ ਦੁਖ) ਅਸੀਂ ਦੇਖ ਨਹੀਂ ਸਕਦੇ।
[*]ਪਾ:-ਭਏ।
[3]ਇਕੱਠੀ ਹੋਵੇ।
[4]ਰੁੜ੍ਹ ਜਾਏ ਸਭ ਨੇਮ ਭਾਵ, ਸ਼੍ਰੀ ਗੁਰੂ ਜੀ ਵੈਰਾਗਵਾਨ ਹੋ ਜਾਣ।
[5]ਦੇਖਦੇ ਰਹਿਣ।
[+]ਪਾ:-ਦੇਖਤ ਰਹੈਂ।
[6]ਟਿਕਕੇ (ਬੈਠ ਜਾਣ)।
[++]ਪਾ:-ਲਹਿਂ।
[7]ਬੁੱਧੀ ਦੀ ਸਾਰੀ ਗਤੀ ਹੋਰ ਬਿਧੀ ਦੀ ਹੋ ਗਈ।

ਬਿਚ ਰਾਗਨ ਕੇ ਸ਼ਬਦ ਬਨਾਵਹਿਂ।
ਮਧੁਰ ਮਧੁਰ ਮੁਖ ਤੇ ਧੁਨ ਗਾਵਹਿਂ।
ਵਹਿਰ ਭਯੋ ਸਿੱਖਨ ਮਹਿਂ ਰੌਰਾ।
'ਗੁਰੂ ਨ ਆਇਂ ਵਹਿਰ ਕੀ ਠੌਰਾ' ॥੪੦॥
ਸਚਨਿ ਸਚ ਮਾਣਕਚੰਦ ਜੋਇ।
ਡੱਲੇ ਵਾਸੀ ਸਿਖ ਸਭਿ ਕੋਇ।
ਸਾਵਣ ਮੱਲ ਅਰੁ ਮਾਈ ਦਾਸ।
ਗੰਗੋ ਬੱਸੀ ਖੱਤਰੀ ਦਾਸ ॥੪੧॥
ਮਥੋ ਮੁਰਾਰੀ ਇਹ ਚਲਿ ਆਏ।
ਫਿਰਜਾ ਕਟਾਰਾ ਸਿਖ ਸਮੁਦਾਏ।
ਖੇਡਾ ਸੁਇਰੀ ਦਿਜਬਰ ਤਹਾਂ।
ਬੇਨੀ ਪੰਡਿਤ ਪ੍ਰੇਮੀ ਮਹਾਂ ॥੪੨॥
ਆਦਿ ਹਿੰਦਾਲ[੧] ਵਹਿਰ ਕੇ ਸਾਰੇ।
ਬਾਸੇ[2] ਗੋਇੰਦਵਾਲ ਮਝਾਰੇ।
ਮੋਹਨ ਅਪਰ ਮੋਹਰੀ ਦੋਊ।
ਸਹਤ ਪੁੱਤ੍ਰ ਕੇ ਥਿਤ ਹ੍ਵੈ ਸੋਊ ॥੪੩॥
ਸਾਹਿਬ ਬੁੱਢਾ ਆਦਿ ਜਿ ਔਰ।
ਬੈਠਹਿਂ ਸਕਲ ਬਾਵਲੀ ਠੌਰ।
ਚਿੰਤਮਾਨ ਚਿਤਮਹਿਂ ਅਤਿ ਸਾਰੇ।
-ਗੁਰੂ ਨ ਆਵਹਿਂ ਵਾਹਿਰ ਦ੍ਵਾਰੇ ॥੪੪॥
ਇਹ ਕਜਾ ਤਿਨਹੁਂ ਰਿਦੈ ਮੈਂ ਠਾਨੀ।
ਬੈਠਹਿਂ ਬੀਚ ਨ ਦਰਸ਼ਨ ਦਾਨੀ[3]-।
ਪ੍ਰੇਰਨ ਕਰਜੋ ਬ੍ਰਿੱਧ ਕੋ ਸਬ ਹੂੰ।
'ਆਨਹੁ ਵਹਿਰ ਜਾਹੁ ਤੁਮ ਅਬਿਹੂੰ' ॥੪੫॥
ਬ੍ਰਿਧ ਨੇ ਭਨਜੋ ਬਾਕ 'ਸੁਨਿ ਲੀਜੈ।
ਅਨਬਨ ਮੇਰੋ ਗਮਨ ਜਨੀਜੈ।
ਮੋਹਨ ਕੋ ਸੁਭਾਉ ਮਸਤਾਨੇ।
ਹਾਨ ਲਾਭ ਬਹੁ ਕਹਿਬੇ* ਜਾਨੇ[੧] ॥੪੬॥

**ਪਾ:-ਰਚਨ ਲਗਹ੍ਹਿ।
[1]ਨਾਮ ਹੈ ਸਿਖ ਦਾ ਜਿਸਦੀ ਸੰਪ੍ਰਦਾ ਪਿੱਛੋਂ ਗੁਰ ਘਰ ਨਾਲ ਵਿਗੜੀ ਸੀ।
[2](ਤੇ ਜੋ) ਵੱਸਦੇ ਸਨ।
[3]ਦਰਸ਼ਨ ਨਹੀਂ ਦੇਂਦੇ।
*ਪਾ:-ਕੀ ਬਾਤ ਨ।

ਯਾਂ ਤੇ ਸਤਿਗੁਰ ਸੁਤ ਲਘੁ ਜਾਵੈ।
ਸੁਮਤਿ ਮੋਹਰੀ ਕਹਿ ਤਿਨ ਲਜਾਵੈ।
ਮੈਂ ਭੀ ਸੰਗ ਕਰੌਂ ਇਨ ਕੇਰਾ।
ਮਾਨੌਂ ਸੰਗਤਿ ਬਾਕ ਭਲੇਰਾ' ॥੪੭॥
ਸਭਿਨਿ ਮੋਹਰੀ ਸੋਂ ਜਬਿ ਕਹਯੋ।
-ਆਵਹਿਂ ਮੋਹ ਗਏ ਤੇ- ਲਹਯੋ[2]।
ਕੁਛਕ ਸਿੱਖ ਅਰੁ ਬ੍ਰਿੱਧ ਕੋ ਲੈ ਕੈ।
ਗੁਰ ਸਮੀਪ ਪਹੁੰਚੇ ਹਿਤ ਕੈ ਕੈ ॥੪੮॥
ਅੰਤਰ ਬੈਠੇ ਜਾਇ ਨਿਹਾਰੇ।
ਅਪਰ ਸੁਭਾਉ ਜਿਨਹੁਂ ਉਰ ਧਾਰੇ।
ਪਿਖੇ ਸਕਲ ਉਠਿ ਕਰਿ ਸਨਮਾਨੇ।
ਮਿਲੇ ਪਰਸਪਰ ਬੰਦਨ ਠਾਨੇ ॥੪੯॥
ਬਾਕ ਮੋਹਰੀ ਤਦਹਿ ਉਚਾਰੇ।
'ਤੁਮ ਕਿਮ ਬੈਠੇ ਸਦਨ ਮਝਾਰੇ।
ਸਤਿਗੁਰ ਪਿਤ ਨੈ[3] ਨਿਜ ਅਸਥਾਨ।
ਤੁਮਹੁ ਬਿਠਾਇਸੁ ਕਰਿ ਸਨਮਾਨ ॥੫੦॥
ਜਿਮ ਸਿਖ ਸੰਗਤਿ ਤਿਨਹੁਂ ਉਧਾਰੇ।
ਤਿਮ ਤੁਮ ਕਰਹੁ ਬੈਠਿ ਇਹੁ ਕਾਰੇ।
ਸਭਿਹਿਨਿ ਮਹਿਂ ਬੈਠਹੁ ਹਰਖਾਵਹੁ।
ਉਪਦੇਸ਼ਹੁ ਸਤਿਨਾਮ ਜਪਾਵਹੁ ॥੫੧॥
ਜਿਮ ਗੁਰ ਕਹਯੋ ਬਾਕ ਤਿਮ ਮਾਨਹੁਂ।
ਸਤਿਸੰਗਤ ਮਤਿ ਇਮਿ ਪਹਿਚਾਨਹੁ।
ਹਮ ਤੁਮ ਸਭਿ ਕਹੁ ਧਰਮ ਇਹੀ ਹੈ।
ਗੁਰ ਆਗਜਾ ਸਿਰ ਧਰਨ ਸਹੀ ਹੈ' ॥੫੨॥
ਸੁਨਿ ਗੁਰ ਰਾਮਦਾਸ ਇਨ ਬੈਨਾ[4]।
ਪਰਮ ਪ੍ਰੇਮ ਤੇ ਜਲ ਭਰਿ ਨੈਨਾ।
'ਤੁਮ ਗੁਰ ਸੁਤ ਅਰੁ ਗੁਰ ਸਿਖ ਸਾਰੇ।
ਮੈਂ ਨਿਤ ਹੋਂ ਅਨੁਸਾਰਿ ਤੁਮਾਰੇ ॥੫੩॥

---

[1]ਭਾਵ ਵਧ ਘਟ ਗਲ ਕਰ ਦੇਂਦਾ ਹੈ।
[2]ਮੇਰੇ ਗਿਆਂ ਤੇ ਆਵਨਗੇ (ਇਹ) ਜਾਣਿਆ।
[3]ਸ਼੍ਰੀ ਗੁਰੂ ਅਮਰਦਾਸ ਜੀ ਨੇ।
[4]ਇਨ੍ਹਾਂ ਦੇ ਬਚਨ।

ਸਾਦਰ ਬਚਨ ਮਾਨਿਬੋ ਮੋਹਿ[੧+]।
ਮੋ ਕਹੁ ਮਹਾਂ ਧਰਮ ਇਹੁ ਹੋਹਿ।'
ਅਸ ਕਹਿ ਨਿਕਸੇ ਬਾਹਰਿ ਆਏ।
ਬੈਠਿ ਸਭਾ ਮਹਿਂ ਸ਼ੋਭ ਬਡਾਏ ॥੫੪॥
ਜਿਮ ਉਡਗਨ ਮੰਡਲ ਮਹਿਂ[੨] ਆਇ।
ਪੂਰਨ ਚੰਦ ਮਨਿੰਦ ਸੁਹਾਇ[੩]।
ਕਿਧੌਂ ਬਿਮਨ[੪] ਸੈਨਾ ਕੇ ਮਾਂਹਿ।
ਮਹਿਪਾਲਕ ਆਯਹੁ[++] ਚਿਤ ਚਾਹਿ ॥੫੫॥
ਸਭਿਨਿ ਖਰੇ ਹੁਇ ਬੰਦਨ ਕੀਨਿ।
ਅਰਪਿ ਉਪਾਇਨ ਸਗਰੀ ਦੀਨਿ।
ਕਰਿ ਦਰਸ਼ਨ ਉਰ ਹਰਖੇ ਸਬੈ।
ਮਿਲਯੋ ਪ੍ਰਾਤਿ ਰਵਿ ਕਮਲਨ[੫] ਅਬੈ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਗੁਰੂ ਰਾਮਦਾਸ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

---

[1](ਤੁਹਾਡਾ) ਬਚਨ ਮੇਰੇ ਲਈ ਆਦਰ ਨਾਲ ਮੰਨਣਾ।
[+]ਪਾ:-ਸੋਇ।
[2]ਤਾਰਿਆਂ ਦੇ ਮੰਡਲ ਵਿਚ।
[3]ਪੂਰਨਮਾਸ਼ੀ ਦੇ ਚੰਦ੍ਰਮਾਂ ਸਮਾਨ ਸ਼ੋਭੇ (ਗੁਰੂ ਜੀ)।
[4]ਉਦਾਸ।
[++]ਪਾ:-ਆਯਸ।
[5]ਸਵੇਰ ਦਾ ਸੂਰਜ ਕਮਲਾਂ ਨੂੰ।

੨. [ਗੁਰ ਰਾਮਦਾਸ ਸਤੋਤ੍ਰ। ਸਿੱਧਾਂ ਨਾਲ ਚਰਚਾ]

੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩

ਦੋਹਰਾ: ਸਿੰਘਾਸਨ ਸੰਤੋਖ ਪਰ,
ਸੱਤਜ ਛਤਰ ਅਭਿਰਾਮੁ।
ਸੱਤਜਨਾਮ ਝੰਡਾ ਝੁਲਤਿ,
ਰਾਜਤਿ ਸਤਿਗੁਰ ਰਾਮ[੧] ॥੧॥
ਲਛਮੀ ਭਗਤਿ ਬਿਸਾਲ ਤੇ,
ਗਜ਼ਾਨ ਮੁਕਟ ਦੁਤਿ ਧਾਮ[੨]।
ਪੂਰਨ ਸਿਖ ਸ਼ੁਭ ਮਤਿ ਸਚਿਵ,
ਰਾਜਤਿ ਸਤਿਗੁਰ ਰਾਮ[੩] ॥੨॥
ਮੈਤ੍ਰੀ, ਧ੍ਰਿਤ, ਕਰੁਨਾ, ਖਿਮਾ,
ਮੁਦਿਤਾ, ਆਠਹੁ ਜਾਮ[੪]।
ਸਜ਼ੰਦਨ[੫] ਕੀ ਸੈਨਾ ਸਹਤ,
ਰਾਜਤਿ ਸਤਿਗੁਰ ਰਾਮ ॥੩॥
ਸਾਰਾ ਸਾਰ ਵਿਚਾਰ ਬਰ,
ਦਿਢ ਵਿਰਾਗੁ ਅਭਿਰਾਮ[੬]।
ਜੋਗ ਧਰਮ ਗਜ ਚਮੂੰ ਇਹੁ[੭],
ਰਾਜਤਿ ਸਤਿਗੁਰ ਰਾਮ ॥੪॥
ਸਮ, ਦਮ, ਜੋਗ ਸੁ ਨੇਮ, ਯਮ,
ਉਪਰਤਿ, ਤਤਿੱਖਜਾ ਨਾਮੁ[੮]।
ਸਭਿ ਤੁਰੰਗ ਕੀ ਬਾਹਿਨੀ[੯],
ਰਾਜਤਿ ਸਤਿਗੁਰ ਰਾਮ ॥੫॥
ਸ਼ਰਧਾ, ਸੌਚ, ਸੁ ਬੁੱਧਿ ਬਰ[*],

---

[1]ਬਿਰਾਜਦੇ ਹਨ ਸਤਿਗੁਰੂ ਰਾਮਦਾਸ ਜੀ।
[2]ਸ੍ਰੇਸ਼ਟ ਭਗਤੀ ਰੂਪੀ ਲਛਮੀ ਹੈ ਤੇ ਗਜ਼ਾਨ ਰੂਪੀ ਮੁਕਟ ਬਹੁ ਸੁੰਦਰ ਸ਼ੋਭ ਰਿਹਾ ਹੈ।
[3]ਪੂਰੇ ਸ਼ੁਭ ਮਤਿ ਵਾਲੇ ਵਜ਼ੀਰ ਹਨ ਤੇ ਰਾਜ ਕਰਦੇ ਹਨ ਸਤਿਗੁਰੂ ਰਾਮਦਾਸ ਜੀ।
[4]ਮੈਤ੍ਰੀ, ਧੀਰਜ, ਕ੍ਰਿਪਾ, ਖਿਮਾ ਤੇ ਅੱਠੇ ਹੀ ਪਹਿਰ ਦੀ ਪ੍ਰਸੰਨਤਾ।
[5](ਇਨ੍ਹਾਂ) ਰਥਾਂ ਦੀ।
[6]ਸਾਰ ਅਸਾਰ ਦਾ ਸ੍ਰੇਸ਼ਟ ਵਿਚਾਰ ਤੇ ਸੁਹਣਾ ਦਿਢ ਵੈਰਾਗ
[7](ਧਰਨੇ) ਯੋਗ ਧਰਮ ਜੋ ਹੈ ਸੋ ਹਾਥੀ ਸੈਨਾ ਹੈ।
[8]ਜੋਗ ਦੇ ਅੰਗ:-
ਸਮ ਦਮ ਨੇਮ ਆਦਿਕ।
[9]ਘੋੜ ਸੈਨਾ ਹੈ।
[*]ਪਾ:-ਥਿਰ।

ਸਭਿ ਸ਼ੁਭ ਕਰਮ ਬਿਰਾਮ[੧]।
ਭੌ, ਤਪ, ਭਾਉ ਜੁ ਪੈਕਦਲ[੨+]
ਰਾਜਤਿ ਸਤਿਗੁਰ ਰਾਮ ॥੬॥
ਪ੍ਰੇਮ ਬਲੀ ਸੈਨਾਪਤੀ[੩],
ਹਰਿ ਕੀਰਤਨ ਅਭਿਰਾਮ।
ਦੁੰਦਭਿ ਇਹੁ ਨਿਰਭੈ ਬਜਨ,
ਰਾਜਤਿ ਸਤਿਗੁਰ ਰਾਮੁ ॥੭॥
ਮੋਹ ਸ਼ੱਤ੍ਰੂ ਮਨ ਦੇਸ਼ ਮਹਿਂ,
ਰਾਜ ਕਰਤਿ ਰਚਿ ਧਾਮ[੪]।
ਮਾਰਿ ਛਾਰ ਪ੍ਰਾਜੈ ਕਰਜੋ[੫],
ਰਾਜਤਿ ਸਤਿਗੁਰ ਰਾਮ ॥੮॥
ਕਾਮ ਕ੍ਰੋਧ ਅਰੁ ਲੋਭ ਭਟ,
ਬਡ ਹੰਕਾਰ ਜਿਨਿ ਨਾਮ[੬]।
ਹਤਿ ਸੈਨਾਪਤਿ ਮੋਹ ਕੇ[੭],
ਰਾਜਤਿ ਸਤਿਗੁਰ ਰਾਮ ॥੯॥
ਹਿੰਸਾ, ਮ੍ਰਿਖਾ[੮], ਸੁ ਦ੍ਵੈਸ਼ਤਾ,
ਆਸ਼ਾ, ਤ੍ਰਿਸ਼ਨਾ ਨਾਮ।
ਰਿਪੁ ਬਿਕਾਰ ਜਨਤਾ[੯++] ਹਤੀ,
ਰਾਜਤਿ ਸਤਿਗੁਰ ਰਾਮ ॥੧੦॥
ਸੂਪਨਖਾ ਅਰੁ ਤਾਰੁਕਾ,
ਜਿਮ ਹਤਿ ਰਾਜਾ ਰਾਮ[੧੦]।
ਹੰਤਾ ਮਮਤਾ ਤਿਮ ਹਤੀ[*],

---

[1]ਲਗਾਤਾਰ [ਸੰਸ: ਅਵਿਰਾਮ] (ਅ) ਸ਼ਾਂਤੀ।
[2]ਭੌ, ਤਪ, ਤੇ ਪ੍ਰੇਮ ਪੈਦਲ ਫੌਜ ਹੈ।
[+]ਪਾ:-ਭਵ ਪਦਾਂਤ ਚਤੁਰੰਗ ਦਲ।
[3]ਸੈਨਾਂ ਦਾ ਵਡਾ ਅਫਸਰ।
[4]ਮੋਹ ਰੂਪੀ ਸ਼ਤ੍ਰੂ (ਜੋ) ਮਨ (ਰੂਪ) ਦੇਸ਼ ਵਿਚ ਘਰ ਰਚਕੇ ਰਾਜ ਕਰ ਰਿਹਾ ਸੀ।
[5]ਮਾਰਕੇ ਧੂੜੀ ਕਰ ਜਿਤ ਲੀਤਾ।
[6]ਵਡੇ ਸੂਰਮੇਂ ਕਾਮ, ਕ੍ਰੋਧ, ਲੋਭ ਤੇ ਹੰਕਾਰ ਜਿਨ੍ਹਾਂ ਦੇ ਨਾਮ ਹਨ।
[7]ਤੇ ਮੋਹ ਸੈਨਾਪਤੀ ਸਮੇਤ ਸਭ ਨੂੰ ਮਾਰਕੇ।
[8]ਕ੍ਰੋਧ।
[9]ਵਿਕਾਰਾਂ ਦੇ ਪੈਦਾ ਕਰਨ ਵਾਲੀ (ਸੈਨਾਂ)।
[++]ਪਾ:-ਸੈਨਾ।
[੧੦]ਸੂਪਨਖਾ ਤੇ ਤਾਰਿਕਾ ਜਿਵੇਂ ਨਾਸ਼ ਕੀਤੀਆਂ ਸਨ ਰਾਜੇ ਰਾਮਚੰਦ੍ਰ ਜੀ ਨੇ।
[*]ਪਾ:-ਹਰੀ।

ਰਾਜਤਿ ਸਤਿਗੁਰ ਰਾਮ ॥੧੧॥
ਮਤਸਰ, ਕਪਟ, ਅਸੂਯਤਾ[1],
ਤੀਨ ਬਾਸ਼ਨਾ ਨਾਮੁ[2]।
ਨਿੰਦਾ ਜੁਤ ਹਤਿ ਸਭਿਨਿ ਕੋ,
ਰਾਜਤਿ ਸਤਿਗੁਰ ਰਾਮ ॥੧੨॥
ਨਹਿਂ ਨਾਨਾ[3], ਅੱਦ੍ਵੈਤ ਹੈ,
ਸਚਿਦਾਨੰਦ ਸੁ ਨਾਮ।
ਫੇਰਿ ਦੁਹਾਈ[4] ਸਭਿਨਿ ਪਰਿ,
ਰਾਜਤਿ ਸਤਿਗੁਰ ਰਾਮ ॥੧੩॥
ਜਨ[5] ਪਰਜਾ ਪਾਲਨ ਕਰਹਿਂ,
ਚੋਰ ਬਿਕਾਰਨ ਗ੍ਰਾਮ[6]।
ਕਰਿ ਸਭਿ ਕੋ ਨਿਰਮੂਲਤਾ[7],
ਰਾਜਤਿ ਸਤਿਗੁਰ ਰਾਮ ॥੧੪॥
ਸਰਲ, ਸੁਸ਼ੀਲ, ਉਦਾਰ ਉਰਿ,
ਦਾਨ, ਮਾਨ[8], ਸ਼ੁਭ ਕਾਮ।
ਇੱਤਯਾਦਿਕ ਨਿਤਿ ਸੰਗ ਰਹਿਂ,
ਰਾਜਤਿ ਸਤਿਗੁਰ ਰਾਮ ॥੧੫॥
ਹੁਕਮ ਫਿਰਹਿ ਸਭਿ ਦੇਸ਼ ਪਰਿ,
ਸਤਿਸੰਗਤਿ ਸ਼੍ਰੁਤਿ ਨਾਮ[9]।
ਅਤਿ ਪ੍ਰਤਾਪ ਨਿਤਪ੍ਰਤਿ ਬਧਤਿ,
ਰਾਜਤਿ ਸਤਿਗੁਰ ਰਾਮ ॥੧੬॥
ਜੋਗ, ਛੇਮ[10] ਦਾਤਾ ਮਹਾਂ,
ਨਿਜ ਦਾਸਨ ਅਭਿਰਾਮੁ।

---

[1]ਈਰਖਾ।
[2]ਵਾਸ਼ਨਾ ਤ੍ਰੈ ਹਨ:-੧. ਦੇਹ ਵਾਸ਼ਨਾ, ੨. ਸ਼ਾਸਤ੍ਰ ਵਾਸ਼ਨਾ, ੩. ਲੋਕ ਵਾਸ਼ਨਾ। ਤ੍ਰੈ ਈਖ਼ਣਾ ਹਨ:- ਸੁਤ, ਬਿਤ, ਨਾਰ।
[3]ਨਾਨਾਪਨ ਨਹੀਂ ਹੈ।
[4]ਪਰਮਾਤਮਾਂ ਦੇ ਨਾਮ ਦੀ ਦੁਹਾਈ ਫੇਰਕੇ।
[5]ਦਾਸਾਂ ਰੂਪੀ।
[6]ਵਿਕਾਰ ਸਮੂਹ।
[7]ਨਾਸ਼ ਕਰਕੇ।
[8]ਆਦਰ।
[9]ਸਤਿਸੰਗਤ ਜੋ ਨਾਮ ਸੁਣਦੀ ਹੈ ਮਾਨੋਂ (ਇਹ) ਹੁਕਮ ਫਿਰਦਾ ਹੈ।
[10]ਅਪ੍ਰਾਪਤ ਦੀ ਪ੍ਰਾਪਤੀ, ਤੇ ਪ੍ਰਾਪਤੀ ਦੀ ਰੱਖ੍ਯਾ।

ਪਰਉਪਕਾਰੀ, ਸੁਜਸ ਜੁਤਿ,
ਰਾਜਤਿ ਸਤਿਗੁਰ ਰਾਮ ॥੧੭॥
ਸਦਗੁਨ ਕੋ ਸੁਰਭਿਖ[1] ਕਰਜੋ,
ਜਹਿਂ ਕਹਿਂ ਇਨ ਕੋ ਨਾਮ[2]।
ਅਵਗੁਨ ਕੋ ਦੁਰਭਿਖ[3] ਪਰਜੋ,
ਰਾਜਤਿ ਸਤਿਗੁਰ ਰਾਮ ॥੧੮॥
ਮਾਯਾ ਅਲਿਬਾਲਤਿ ਰਹਹਿ,
ਨਿਤ ਅਲੇਪ ਨਿਸ਼ਕਾਮ[4]।
ਕਾਟਤਿ ਬੰਧਨ ਜਨੋਂ ਕੇ,
ਰਾਜਤਿ ਸਤਿਗੁਰ ਰਾਮ ॥੧੯॥
ਜਲ ਮਹਿਂ ਰਾਖੇ ਸ਼ੁਸ਼ਕ ਪਟ,
ਬਿਚ ਸੁਰਮੇ ਨਹਿਂ ਸ਼ਜਾਮ[5]।
ਅਦਭੁਤ ਮਹਿਦ ਚਰਿੱਤ੍ਰ ਜਿਸੁ[6],
ਰਾਜਤਿ ਸਤਿਗੁਰ ਰਾਮੁ ॥੨੦॥
ਪਠਹਿ ਜੁ[+] ਬੀਸੀ ਦੋਹਿਰੇ,
ਨਿਤਾ ਪ੍ਰਤੀ[++] ਕਰਿ ਨੇਮੁ।
ਮਨ ਬਾਂਛਤਿ ਫਲ ਦੇਤਿ ਗੁਰ,
ਸੁਤ ਬਿਤ ਆਦਿਕ ਛੇਮ ॥੨੧ ॥
ਚੌਪਈ: ਸਭਿ ਸੰਗਤਿ ਮਹਿਂ ਬੈਠਿ ਸੁਹਾਵਤਿ।
ਜਿਮਿ ਮੁਨਿ ਮਹਿਂ ਰਘੁਬਰ ਛਬਿ ਪਾਵਤਿ।
ਉਪਦੇਸ਼ਹਿਂ ਸਿੱਖਨ ਸੁਖ ਇਸ਼ਟ[7]।
ਰਾਮ ਸਭਾ ਮਹਿਂ ਜਥਾ ਬਸ਼ਿਸ਼ਟ ॥੨੨॥
ਸੰਤ ਬਿਲੋਕਤਿ ਅਨੰਦ ਬਿਲੰਦ।

---

[1]ਸ੍ਰੇਸ਼ਟ ਗੁਣਾਂ ਦਾ ਸੁਕਾਲ।
[2]ਇਨ੍ਹਾਂ ਦੇ ਨਾਮ ਨੇ।
[3]ਔਗਣਾਂ ਦਾ ਕਾਲ।
[4]ਮਾਯਾ ਸਦਾ ਚੁਫੇਰ ਰਹਿੰਦੀ ਹੈ (ਆਪ) ਅਸੰਗ ਤੇ ਕਾਮਨਾ ਤੋਂ ਰਹਤ (ਰਹਿੰਦੇ ਹਨ)।
[5]ਜਲ ਵਿਚ ਸੁੱਕੇ ਰੱਖਣਾ ਬਸਤ੍ਰ ਨੂੰ ਤੇ ਸੁਰਮੇਂ ਵਿੱਚ ਕਾਲਕ ਨ ਲੱਗਣ ਦੇਣੀ (ਅ) ਮਨ ਰੂਪੀ ਪਟ ਨੂੰ ਪਦਾਰਥਾਂ ਰੂਪੀ ਜਲ ਵਿਚ ਤੇ ਪ੍ਰਵਿਰਤੀ ਰੂਪੀ ਕਾਲੋਂ ਤੋਂ।
[6]ਜਿਸ ਸਤਿਗੁਰੂ ਦੇ ਡਾਢੇ ਅਚਰਜ ਚਰਿੱਤ੍ਰ ਹਨ।
[+]ਪਾ:-ਸੁ।
[++]ਪਾ:-ਪ੍ਰਾਤ।
[7]ਸੁਖਦਾਈ ਤੇ ਪਿਆਰਾ ਉਪਦੇਸ਼। (ਅ) ਸੁਖਦਾਈ ਇਸ਼ਟ (ਰੂਪ ਵਾਹਿਗੁਰੂ) ਦਾ ਉਪਦੇਸ਼ ਸਿੱਖਾਂ ਨੂੰ ਦੇਂਦੇ ਹਨ।

ਬ੍ਰਿੰਦ ਚਕੋਰ ਮਨਿੰਦ ਸੁ ਚੰਦ।
ਉਦੈ ਹੋਤਿ ਸੂਰਜ ਜਿਮ ਆਵੈ।
ਕਮਲ ਬਦਨ ਸਿੱਖਨ ਬਿਗਸਾਵੈਂ ॥੨੩॥
ਦਾਸਨ ਰਿਦੈ ਦੀਪ ਸਮ ਥਿਰੈਂ[1*]।
ਆਤਮ ਰਤਨ ਪਰਖਬੋ ਕਰੈਂ।
ਕ੍ਰਿਪਾ ਦ੍ਰਿਸ਼ਟਿ ਜਿਸ ਮਾਥੇ ਹਾਥ।
ਬਨੈ ਹੇਮੁ ਅਯੁ ਪਾਰਸ ਸਾਥ[2] ॥੨੪॥
ਬਾਵਨ ਚੰਦਨ ਢਿਗ ਤਰੁ ਜੈਸੇ।
ਮੁਕਤਿ ਸਰੂਪ ਸਮੀਪੀ ਤੈਸੇ[3]।
ਕਿਤਿਕ ਸਮਾਂ ਬੀਤਯੋ ਇਸ ਰੀਤਿ।
ਸਭਿ ਤੇ ਰਹਿਂ ਉਦਾਸ ਪ੍ਰਭੁ ਪ੍ਰੀਤਿ[4] ॥੨੫॥
'ਚਤੁਰਥ ਗੁਰੂ ਭਯੋ' ਸਿਧ ਜਾਨਯੋ[5]।
ਹੇਤੁ ਪਰਖਬੇ ਆਵਨ ਠਾਨਯੋ।
ਜਿਮ ਤੀਰਥ ਪਰ ਜਾਤ੍ਰੀ ਆਵੈਂ।
ਗੁਰ ਤਨ ਸੁਨਿ[6] ਤਿਮ ਸਿਧ ਸਭਿ ਧਾਵੈਂ ॥੨੬॥
-ਗੁਰ ਨਾਨਕ ਗਾਦੀ ਪਰ ਬੈਸੇ।
ਪੂਰ ਕਿ ਊਰ ਲਖਹਿਂ[7] ਅਬਿ ਤੈਸੇ-।
ਸਤਿਗੁਰ ਸਭਾ ਬਿਖੈ ਸਭਿ ਆਏ।
ਬ੍ਰਿੰਦ 'ਅਦੇਸ ਅਦੇਸ' ਅਲਾਏ ॥੨੭॥
ਕੁਸ਼ਲ ਬੂਝ ਸ਼੍ਰੀ ਪ੍ਰਭੁ ਸਨਮਾਨੇ।
ਨਿਕਟਿ ਬਿਠਾਇ ਹੇਰਿ ਹਰਖਾਨੇ।
ਪਰਖਨਿ ਕਾਰਨ ਚਰਚਾ ਰੀਤਿ।
ਬੋਲੇ ਜੇ ਮੁਖਿ ਸਿੱਧ ਬਿਨੀਤ[8] ॥੨੮॥
'ਸ਼੍ਰੀ ਗੁਰ ਤੁਮਰੀ ਸੰਗਤਿ ਬਿਖੈ।
ਨਹਿਂ ਅਸ਼ਟਾਂਗ ਜੋਗ ਕਹੁ ਸਿਖੈਂ।

---

[1]ਇਸਥਿਤ ਹਨ।
[*]ਪਾ:-ਬਹੈ = ਜਗਮਗ ਕਰਦੇ ਹਨ।
[2]ਜਿਕੁਰ (ਅਯ =) ਲੋਹਾ ਪਾਰਸ ਨਾਲ ਸੋਨਾ ਬਣ ਜਾਂਦਾ ਹੈ।
[3]ਤਿਵੇਂ ਨੇੜੇ ਰਹਿਣ ਵਾਲੇ ਮੁਕਤ ਸਰੂਪ ਹੁੰਦੇ ਹਨ।
[4]ਪ੍ਰੀਤ ਕਰਨ ਤੋਂ ਉਦਾਸ ਰਹਿਣ।
[5]ਸਿੱਧਾਂ ਨੇ ਜਾਣ ਲਿਆ।
[6]ਗੁਰਾਂ ਦਾ (ਨਵਾਂ) ਤਨ (ਬਦਲਿਆ) ਸੁਣਕੇ।
[7]ਪੂਰਨ ਹਨ ਕਿ ਊਣੇ? ਦੇਖੀਏ।
[8]ਬੇਨਤੀ ਕਰਕੇ ਬੋਲੇ। (ਅ) ਜੋ ਮੁਖੀਏ ਸਿੱਧ ਵਿਸ਼ੇਸ਼ ਕਰ ਨੀਤੀ ਵਾਲੇ।

ਮਨ ਥਿਰ ਹੋਹਿ ਨ ਜੋਗ ਬਿਹੀਨੇ।
ਮਨ ਥਿਰ ਬਿਨ ਨਹਿਂ ਆਤਮ ਚੀਨੇ[੧] ॥੨੯॥
ਆਤਮ ਜਾਨੇ ਬਿਨਾਂ ਨ ਜੁਗਤਿ[੨]।
ਜੁਗਤਿ ਬਿਨਾਂ ਕਿਮ ਹੋਹਿ ਨ ਮੁਕਤਿ।
ਮੁਕਤਿ ਬਿਨਾ ਬੰਧਨ ਮਹਿਂ ਰਹੈ।
ਤੌਂ ਗੁਰ ਸਿੱਖੀ ਮਹਿਂ ਕਜਾ ਲਹੈ ॥੩੦॥
ਇਹ ਸ਼ੰਕਾ ਹਮਰੇ ਮਨ ਮਾਂਹੀ।
ਸਿੱਖੀ ਧਰਿ[+] ਪੱਯਤਿ ਕੁਛ ਨਾਂਹੀ।'
ਸੁਨਿ ਸ਼੍ਰੀ ਸਤਿਗੁਰ ਉੱਤਰ ਦੀਨਸਿ।
'ਜੋਗ ਆਸਰੇ ਜਿਸ ਕੋ ਲੀਨਸਿ[੩] ॥੩੧॥
ਸੋ ਸਤਿਨਾਮ ਹਮਾਰੇ ਮਤਿ ਮੈਂ।
ਤਿਸ ਕੋ ਸਿਮਰਤਿ ਨਿਸ ਦਿਨ ਚਿਤ ਮੈਂ।
ਪ੍ਰੇਮਾ ਭਗਤਿ ਜਾਗ ਜਬਿ ਆਵਹਿ।
ਅਪਰ ਵਸਤੁ ਮਹਿਂ ਬ੍ਰਿਤੀ ਨ ਲਾਵਹਿ ॥੩੨॥
ਨਿਧਿ ਸਿਧਿ ਬਹੁ ਅਜ਼ਮਤਿ[੪] ਦਿਖਰਾਵਤਿ[*]।
ਨਿਜ ਕੀਰਤਿ ਜਗ ਬਿਖੈ ਬਧਾਵਤਿ[+੫]।
ਤਿਨ ਕੋ[੬] ਛੋਰ ਨਾਮ ਬ੍ਰਿਤਿ ਅਟਕੀ।
ਭੂਲ ਜਾਤਿ ਸਭਿਹੀ ਸੁਧਿ ਘਟਕੀ[੭++] ॥੩੩॥
ਏਕ ਰੰਗ ਮਹਿਂ ਰਪਜੋ ਰਹੰਤਾ।
ਬ੍ਰਿਤਿ ਇਸਥਿਰਤਾ ਜਬਹਿ ਲਹੰਤਾ।
ਪ੍ਰਭੁ ਕੀ ਕ੍ਰਿਪਾ ਹੋਇ ਤਤਕਾਲਾ।
ਹੁਇ ਆਵੈ ਤਬ ਗਜਾਨ ਸੁਖਾਲਾ ॥੩੪॥
ਆਤਮ ਗਜਾਨ ਅਚਲ ਜਬਿ ਪਾਵਹਿ।

---

[1]ਮਨ ਟਿਕੇ ਬਿਨਾਂ ਆਤਮਾ ਨਹੀਂ ਜਾਣੀਦਾ।
[2]ਜੁੜਨਾ, ਚਿਤ ਬ੍ਰਿਤੀਆਂ ਦਾ ਨਿਰੋਧ।
[+]ਪਾ:-ਪਰ, ਧਰਮ।
[3]ਜੋਗ ਨੇ ਆਸਰਾ ਜਿਸਦਾ ਲੀਤਾ ਹੈ।
[4]ਨਿਧੀਆਂ ਸਿਧੀਆਂ ਵਾਲੇ ਬਹੁਤ ਕਰਾਮਾਤਾਂ।
[*]ਪਾ:-ਦਿਖਰਾਵਨ, ਦਿਖਰਾਵਹਿ।
[+]ਪਾ:-ਬਧਾਵਨ, ਬਧਾਵਹਿਂ।
[5]ਵਧਾਉਂਦੇ ਹਨ।
[6]ਭਾਵ ਕਰਾਮਾਤਾਂ ਨੂੰ।
[7]ਰਿਦੇ ਵਿਚੋਂ ਸਭ (ਵਿਹਾਰਾਂ ਦੀ) ਸੋਝੀ।
[++]ਪਾ:-ਸੁਧ ਬੁਧ ਨਿਜ ਘਰ ਕੀ। ਸੁਧਿ ਸਭਿ ਨਿਜ ਘਟ ਕੀ।

ਰਜੁ ਮਹਿਂ ਸਰਪ[1] ਜਗਤ ਲਖਿ ਪਾਵਹਿ।
ਮ੍ਰਿਗ ਤ੍ਰਿਸ਼ਨਾ ਕੋ ਨੀਕੇ ਜਾਨੀ[2]।
ਨਹਿਂ ਦੌਰਹਿ ਮ੍ਰਿਗ ਮਨ ਹਿਤ ਪਾਨੀ[3] ॥੩੫॥
ਭਾਵਾਭਾਵਾ ਬਿਲਾਵਹਿ ਸਾਰੋ[4]।
ਨਿਜ ਸਰੂਪ ਹੀ ਲਖਹਿ ਪਸਾਰੋ।
ਐਸੇ ਪ੍ਰੇਮ ਭਗਤਿ ਮਹਿਂ ਹਮਰੇ।
ਇਕ ਚਿਤ ਸੱਤਜਨਾਮ ਕੋ ਸਿਮਰੇ ॥੩੬॥
ਪ੍ਰੇਮ ਬਿਹੀਨ ਜਿ ਸਾਧਨ ਮੁਕਤਿ।
ਨਿਸ਼ਫਲ ਹੋਤਿ ਸੰਤ ਕੀ ਉਕਤਿ[5]।
ਬਿਨਾਂ ਪ੍ਰੇਮ ਕਰਿ ਘਾਲ ਬਿਸਾਲਾਂ[6]।
ਪ੍ਰੇਮ ਕਰਹਿ ਫਲ ਲਹਿ ਤਤਕਾਲਾ ॥੩੭॥
ਤੁਮਰੋ ਮਤ ਜੋ ਕਸ਼ਟ ਜੋਗੁ ਕੋ।
ਕਲ ਮਹਿਂ ਹੋਹਿ ਨ, ਲਹੈ ਰੋਗੁ ਕੋ।
ਜੇ ਪੂਰਨਿ ਗੁਰ ਤੇ ਸਿੱਧ ਕਰੈ[7]।
ਅਨਿਕ ਜਤਨ ਤੇ ਮਨ ਕੋ ਥਿਰੈ ॥੩੮॥
ਪੁਨ ਸਿੱਧਾਂ[8] ਜਬਿ ਆਇਂ ਅਗਾਰੀ।
ਤਿਨ ਮਹੁਂ ਬਿਰਮਹੁ ਮਨ ਹਿਤਕਾਰੀ[9]।
ਤਬਿ ਜਗ ਮਹਿਂ ਦਿਖਰਾਵਨ ਚਾਹੋ।
- ਨਰ ਬਹੁ ਪੂਜਹਿਂ- ਰਿਦਾ ਉਮਾਹੋ ॥੩੯॥
ਸਿੱਧਾਂ ਮਹੁਂ ਫਸਿ ਕੈ ਤਜਿ ਰਸ ਕੋ[10]।
ਜਗਤ ਬਾਸ਼ਨਾ ਚਾਹਤਿ ਜਸ ਕੋ।
ਆਤਮ ਗਜਾਨੀ ਕੈ ਸਿਧਿ ਸਾਰੀ।
ਹਾਥ ਜੋਰਿ ਕਰਿ ਥਿਰਹਿਂ ਅਗਾਰੀ ॥੪੦॥

---

[1]ਰੱਸੀ ਵਿਚ ਸੱਪ (ਵਾਂਙੂ) ਭਾਵ ਮਿਥਿਆ।
[2]ਚੰਗੀ ਤਰ੍ਹਾਂ ਜਾਣਕੇ।
[3]ਮਨ ਰੂਪੀ ਮਿਰਗ ਪਾਣੀ ਵਾਸਤੇ।
[4]'ਇਹ ਹੈ' ਤੇ 'ਇਹ ਨਹੀਂ ਹੈ' (ਅ) ਕਿਸੇ ਵਿਚ ਭਾਵ (ਪਜਾਰ) ਕਿਸੇ ਵਿਚ ਨਾ ਪਜਾਰ, ਭਾਵ ਰਾਗ ਦ੍ਵੈਖ। ਇਹ ਸਭ ਦੂਰ ਹੋ ਜਾਂਦਾ ਹੈ।
[5]ਪ੍ਰੇਮ ਬਿਨ ਮੁਕਤ ਦੇ ਸਾਧਨ ਨਿਸ਼ਫਲ ਹੁੰਦੇ ਹਨ (ਇਹ ਗੱਲ) ਸੰਤਾਂ ਦੀ ਬਾਣੀ (ਕਹਿੰਦੀ ਹੈ)।
[6]ਬਹੁਤੀ ਕੀਤੀ ਕਮਾਈ (ਨਿਸ਼ਫਲ ਹੁੰਦੀ ਹੈ)।
[7]ਜੇ ਪੂਰੇ ਗੁਰੂ ਤੋਂ (ਜੋਗ) ਪ੍ਰਾਪਤ ਭੀ ਕਰ ਲਵੇ।
[8]ਸਿੱਧੀਆਂ।
[9]ਮਨ ਭਰਮਾ ਲੈਂਦੇ ਹੋ ਉਨ੍ਹਾਂ ਵਿਚ ਪ੍ਰੇਮ ਕਰਕੇ।
[10](ਨਾਮ ਦੇ) ਰਸ ਨੂੰ।

ਇਨ ਕੋ ਤਜਿ ਕਰਿ ਲੇ ਰਸੁ ਗਜਾਨ।
ਅਨੰਦ ਰੂਪ ਸਭਿ ਲਖਹਿ ਜਹਾਨ।
ਭੇਖਿ[1] ਜੋਗ ਕੋ ਸਦਾ ਕਮਾਵੋ।
ਬਿਨਾ ਪ੍ਰੇਮ ਪ੍ਰਭੁ ਕੋ ਕਿਮ ਪਾਵੋ? ॥੪੧॥
ਮਨ ਨਹਿਂ ਜੀਤਹੁ ਇਤ ਉਤ ਧਾਵੈ।
ਸਿੱਧਾਂ ਮਹਿਂ ਉਰਝਯੋ ਭਰਮਾਵੈ।'
ਸ੍ਰੀ ਗੁਰ ਰਾਮਦਾਸ ਕਹਿ ਕਰਿ ਕੈ।
ਸ਼ਬਦ ਸੁਨਾਯਹੁ ਤਿਨਹੁ ਉਚਰਿ ਕੈ ॥੪੨॥

ਸ੍ਰੀ ਮੁਖਵਾਕ:
ੴ ਸਤਿਗੁਰ ਪ੍ਰਸਾਦਿ ॥
ਮਹਲਾ ੪ ਰਾਗੁ ਆਸਾ ਘਰੁ ੬ ਕੇ ੩ ॥
ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ ਰਹਾਉ ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥

ਚੌਪਈ: ਸੁਨਯੋ ਸਬਦ ਸਤਿਗੁਰ ਤੇ ਜਬੈ।
'ਸ੍ਰੀ ਨਾਨਕ' ਜਾਨਯੋ ਸਿਧ[2] ਤਬੈ।
ਕਰੀ ਪਰੀਖਯਾ, ਛੋਰੀ ਗਿਨਤੀ[3]।
ਹੋਇ ਪ੍ਰਸੰਨ ਭਨੀ ਮੁਖ ਬਿਨਤੀ ॥੪੩॥
ਬਿਦਾ ਭਏ ਕਹਿ ਚਲੇ 'ਅਦੇਸੁ।'
ਦੇਖਤਿ ਸੰਗਤਿ ਤਹਾਂ ਅਸ਼ੇਸ਼ੁ।
ਅੰਤਰ ਧਯਾਨ ਭਏ ਤਤਕਾਲਾ।
ਸਭਿ ਬਿਸਮਾਏ ਪਿਖਤਿ ਬਿਸਾਲਾ ॥੪੪॥
ਪ੍ਰਸ਼ਨੋਤਰ ਸੁਨਿ ਕਰਿ ਸਭਿ ਕਾਨਾ।
ਪਾਰਬ੍ਰਹਮ ਗੁਰ ਰੂਪ ਪਛਾਨਾ।
ਬੂਝੇ 'ਸੰਤ ਕਹਾਂ ਤੇ ਆਏ?

---

[1](ਤੁਸੀਂ) ਭੇਖ (ਲੈਕੇ) ਸਦਾ ਜੋਗ ਕਮਾਉਂਦੇ ਹੋ।
[2]ਸ੍ਰੀ ਨਾਨਕ ਰੂਪ ਜਾਣਿਆਂ ਸਿੱਧਾਂ ਨੇ।
[3]ਭਾਵ ਸੰਸੇ ਬ੍ਰਿਤੀ।

ਕਹਿ ਸੁਨਿ ਟਿਕੇ ਨ, ਤੁਰਤ ਸਿਧਾਏ' ॥੪੫॥
ਸਤਿਗੁਰ ਸਰਬ ਸੁਨਾਵਨ ਕੀਨਿ।
'ਇਹ ਗੋਰਖ ਕੋ ਪੰਥ ਪ੍ਰਬੀਨ।
ਫਿਰਹਿ ਸਰਬ ਮਹਿਂ ਇੱਛਾਚਾਰੀ।
ਕਰਨ ਪਰੀਖਜਾ* ਅਏ ਹਮਾਰੀ ॥੪੬॥
ਪ੍ਰਸ਼ਨੋਤਰ ਕਰਿ ਗਏ ਪਯਾਨ।
ਸਿੱਧਾਂ ਢਿਗ, ਸਭਿ ਸਿਧ ਬਡ ਮਾਨ[1]।'
ਇਮ ਸੁਨਿ ਕੈ ਸੰਗਤਿ ਹਰਿਖਾਨੀ।
'ਤੁਮਰੀ ਗਤਿ ਕਛੁ ਜਾਇ ਨ ਜਾਨੀ ॥੪੭॥
ਸਿੱਖਜਨ ਹਿਤ[2] ਨਿਜ ਰੂਪ ਧਰਜੋ ਹੈ।
ਸੰਗਤਿ ਕੋ ਕੱਲਜਾਨ ਕਰਜੋ ਹੈ।'
ਸੁਨਿ ਇਮ ਸਭਿਨਿ ਨਿਵਾਯਹੁ ਸੀਸ।
'ਤੁਮ ਸੁਖਦਾਤੇ ਹੋ ਜਗਦੀਸ਼' ॥੪੮॥
ਕ੍ਰਿਪਾ ਦ੍ਰਿਸ਼ਟਿ ਸੰਗਤਿ ਪਰ ਕਰੀ।
ਭਏ ਨਿਹਾਲ ਕਿਤਿਕ ਤਿਸ ਘਰੀ।
ਕੇਤਿਕ ਦਜੋਸ ਬਿਤਾਵਨ ਕੀਨਿ।
ਸ੍ਰੀ ਸਤਿਗੁਰ ਬਿਸਾਲ ਪ੍ਰਬੀਨ ॥੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਧ ਆਗਮਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

---

*ਪਾ:-ਪਾਰਖਾ।

[1]ਸਿਧੀਆਂ (ਜਿਨ੍ਹਾਂ) ਪਾਸ ਹਨ ਤੇ ਸਾਰੇ ਸਿੱਧ ਵਡੈ ਮਾਨੀ ਹਨ।

[2]ਸਿੱਖਾਂ ਦੇ (ਤਾਰਨ) ਲਈ।

੩. [ਤਪਾ ਸਿੱਖ ਹੋਯਾ। ਸਿੱਖਾਂ ਨੂੰ ਸੇਵਾ ਦਾ ਉਪਦੇਸ਼। ਖਗ ਸੇਵਾ]

੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪

ਦੋਹਰਾ: ਰਾਮਦਾਸ ਸ਼੍ਰੀ ਸਤਿਗੁਰੂ, ਰਹੈਂ ਪ੍ਰੇਮ ਗ਼ਲਤਾਨ।
ਸੱਤਿਨਾਮ ਸਿਮਰਨ ਕਰਨਿ ਦੇ, ਸਿੱਖਜਨ ਕਹੁ ਦਾਨ ॥੧॥
ਚੌਪਈ: ਸਤਿਸੰਗਤਿ ਨਿਤਿ ਹੋਤਿ ਬਿਸਾਲਾ।
ਆਵਹਿਂ, ਸਿੱਖ ਬਨਹਿਂ ਨਿਤ ਜਾਲਾ।
ਜਹਿਂ ਕਹਿਂ ਨਗਰ ਗ੍ਰਾਮ ਬਡ ਛੋਟੇ।
'ਗੁਰ' 'ਗੁਰ' ਜਪਹਿਂ ਲਾਖ ਕਈ ਕੋਟੇ[1] ॥੨॥
ਸਿੱਖੀ ਕੇ ਮਾਰਗ ਸ਼ੁਭ ਪਰਿ ਹੀਂ[2]।
ਅਪਰਨਿ ਕੇ ਮਤ ਕੋ ਪਰਹਰਿਹੀਂ।
ਮਾਨੁਖ ਜਨਮ ਸਫਲਤਾ ਕਰਿਹੀਂ।
ਗੁਰ ਮਹਿਮਾ ਸ਼ਰਧਾ ਤੇ ਧਰਿਹੀਂ ॥੩॥
ਦੁਸ਼ਟ ਦੇਖਿ ਕਰਿ ਦੁਖਤਿ ਬਿਸਾਲੇ।
ਬਰਖਾ ਜਲਹਿ ਜਵਾਸੋ ਜਾਲੇ[3]।
ਸਹਿ ਨਹਿਂ ਸਕਹਿਂ ਕਮੂਢ ਕੁਭਾਗੇ।
ਮਨਹੁਂ ਚੰਦ੍ਰਿਕਾ ਬਿਰਹਨਿ ਲਾਗੇ[4] ॥੪॥
ਸਿੱਖਨ ਕੀ ਅਸ ਰੀਤਿ ਨਵੀਨ।
ਏਕ ਤਪੇ ਨੇ ਦੇਖਨਿ ਕੀਨ।
ਤਰਕ ਕਰਨ ਕੋ ਉਮਗਜੋ ਰਹੈ[5]।
'ਇਹੁ ਕਜਾ ਕੀਨਿ?' ਨਰਨਿ ਸੋਂ ਕਹੈ ॥੫॥
ਬੂਝਨ ਕੋ ਕਰਿ ਪ੍ਰੀਤਿ ਬਡੇਰੀ[6]।
ਆਇ ਸਭਾ ਸਤਿਗੁਰ ਕੀ ਹੇਰੀ।
ਬੰਦਨ ਕਰਿ ਸਮੀਪ ਤਬਿ ਥਿਰਜੋ।
ਬੈਠਾਇਵ ਗੁਰ ਆਦਰ ਕਰਜੋ ॥੬॥
ਪੁਨ ਬੂਝਜੋ ਕਹਿ ਦੁਸ਼ਟਨ ਦਵਨੂ।
'ਕਾਰਨ ਕਵਨ ਆਪ ਆਗਵਨੂ[7]?

---

[1]ਕਈ ਕ੍ਰੋੜ।
[2]ਪੈਂਦੇ ਹਨ।
[3]ਬਰਖਾ ਦੇ ਜਲ ਨਾਲ (ਜਿਵੇਂ) ਸਾਰਾ ਜਵਾਹਾਂ ਸੜ ਜਾਂਦਾ ਹੈ।
[4]ਜਿਵੇਂ ਚਾਨਣੀ ਵਿਛੋੜੇ ਵਾਲੀ ਨੂੰ (ਦੁਖਦਾਈ) ਲਗਦੀ ਹੈ।
[5]ਉੱਛਲਦਾ ਰਹਿੰਦਾ ਹੈ।
[6]ਬੜੀ ਪ੍ਰੀਤ ਨਾਲ (ਲੋਗਾਂ) ਨੂੰ ਪੁਛਣਾ ਕਰਦਾ ਹੈ।
[7]ਆਉਣੇ ਦਾ ਕਾਰਨ ਕੀ ਹੈ?

ਕ੍ਰਿਪਾ ਕਰਹੁ ਸਮਝਾਵਹੁ ਕਹਿ ਕੈ।
ਹਮ ਪੂਰਹਿਂ ਤਿਹ ਚਿਤ ਮਹਿਂ ਚਹਿ ਕੈ' ॥੭॥
ਤਪਾ ਕਹਨਿ ਲਾਗਸਿ ਚਿਤ ਚਾਹੂ[1]।
'ਭ੍ਰਮਨ ਕਰਜੋ ਬਹੁ ਅਵਨੀ ਮਾਂਹੂ।
ਸਕਲ ਮਤਨ ਕੇ ਸੰਤ ਵਿਸ਼ੇਸ਼ੇ।
ਬੇਦ ਪੁਰਾਨ ਸੁਨੇ ਬਹੁ ਦੇਖੇ ॥੮॥
ਤੀਰਥ ਬ੍ਰਿੰਦਨ ਜਾਤ੍ਰਾ ਕਰੀ।
ਬਹੁ ਥਲ ਜਲ ਪਾਵਨਤਾ ਧਰੀ[2]।
ਸਿੱਖ ਤੁਮਾਰੇ ਬਹੁ ਅਭਿਮਾਨੀ।
ਸ਼ਾਸਤ੍ਰ ਰੀਤਿ ਨ[*] ਜਾਨੀ ਮਾਨੀ ॥੯॥
ਬਰਨਾਸ਼੍ਰਮ ਜਗ ਮਹਿਂ ਸਮੁਦਾਏ।
ਕਹਜੋ ਬੇਦ ਸਭਿ ਕੇ ਮਨ ਭਾਏ।
ਤੁਮਰੇ ਸਿੱਖਜ ਨ ਜਾਨਹਿਂ ਸੋਈ।
ਏ ਸ਼ੁਭ ਰੀਤਿ ਚਲਤਿ ਨਹਿਂ ਕੋਈ ॥੧੦॥
ਤੁਮ ਕੋ ਜਾਨਹਿਂ, ਪੂਜਨ ਠਾਨਹਿਂ।
ਤੁਮਰੀ ਬਾਨੀ ਬਦਨ ਬਖਾਨਹਿਂ।
ਵਾਹਿਗੁਰੂ ਕੋ ਸਿਮਰਨ ਕਰਹਿਂ।
ਉਰ ਮਹਿਂ ਧਜਾਨ ਤੁਮਾਰੋ ਧਰਹਿਂ ॥੧੧॥
ਤੀਰਥ ਬੇਦ ਪ੍ਰਭਾਵ ਨ ਜਾਨਜੋ।
ਇਨ ਕੋ ਧਰਮ ਸੁਭਾਵ ਨ ਮਾਨਜੋ[3]।
ਕਿਸ ਪ੍ਰਕਾਰ ਸਿੱਖਨ ਗਤਿ ਹੋਵਹਿ।
ਜਨਮ ਆਪਨੋ ਨਿਸ਼ਫਲ ਖੋਵਹਿਂ' ॥੧੨॥
ਸੁਨਿ ਸ਼੍ਰੀ ਰਾਮਦਾਸ ਤਬਿ ਕਹਜੋ।
'ਕੌਨ ਮਹਾਤਮ ਇਨ ਕੋ[4] ਲਹਜੋ?
ਕਰਹਿਂ ਪ੍ਰੀਤ ਸੋਂ ਸ਼ਰਧਾ ਧਾਰਿ।
ਕੌਨ ਪਾਇਂ ਫਲ ਅੰਤੀਵਾਰ?' ॥੧੩॥
ਤਪੇ ਕਹਜੋ ਕਰਿ ਕੈ ਬਿਸਤਾਰਾ।

---

[1]ਚਿਤ ਦੀ ਇੱਛਾ।
[2]ਬਹੁਤੀ ਥਾਂ ਤੇ (ਤੀਰਥ) ਜਲ ਦੀ ਪਵਿੱਤ੍ਰਤਾ ਧਾਰਨ ਕੀਤੀ, ਭਾਵ ਤੀਰਥੀਂ ਇਸ਼ਨਾਨ ਕੀਤੇ।
[*]ਪਾ:-ਨਹਿਂ।
[3]ਇਨ੍ਹਾਂ (ਸਿਖਾਂ ਦਾ) ਧਰਮ ਤੇ ਸੁਭਾਵ (ਵੇਦ ਅਨੁਸਾਰ) ਨਹੀਂ ਜਾਣਿਆਂ। (ਅ) ਇਨ੍ਹਾਂ ਵੇਦਾਂ ਦਾ (ਕਥਨ ਕੀਤਾ) ਧਰਮ ਤੇ ਸ੍ਰੇਸ਼ਟ ਤਾਤਪਰਜ ਨਹੀਂ ਮੰਨਿਆਂ।
[4]ਭਾਵ ਤੀਰਥਾਂ ਦਾ।

'ਤੀਰਥ ਮੱਜਨ ਫਲਦ ਉਦਾਰਾ[1]।
ਪਾਪ ਖਾਪਤੇ ਆਪ ਸ਼ਨਾਨੇ[2]।
ਕਰਹਿਂ ਅੰਤ ਕੋ ਸੁਰਗ ਪਯਾਨੇ ॥੧੪॥
ਅਨਿਕ ਭਾਂਤਿ ਕੇ ਸੁਖ ਤਹਿਂ ਪਾਵਹਿਂ।
ਪਠਿ ਬੇਦਨ ਬ੍ਰਹਮ ਲੋਕ ਸਿਧਾਵਹਿਂ।'
ਸੁਨਿ ਸ਼੍ਰੀ ਸਤਿਗੁਰ ਵਾਕ ਬਖਾਨਾ।
'ਸੁਰਗ ਭੋਗ ਸੁਖ ਲਹਜੋ* ਮਹਾਂਨਾ ॥੧੫॥
ਸਾਚ ਜਾਨਿ ਉਰ ਕਰਹੁ ਉਪਾਯਾ।
ਮਹਾਂ ਕਸ਼ਟ ਤੇ ਲਿਹੁ ਤਿਨ ਪਾਯਾ[3]।
ਸੋ ਸਭਿ ਸੰਤਨ ਮਿੱਥਜਾ ਜਾਨੇ।
ਕਜੋਂ ਸੰਕਟ ਤਿਨ ਹਿਤ ਕਰਿ ਠਾਨੇ[4] ॥੧੬॥
ਸਤਿਸੰਗਤ ਸੇਵਹੁ+ ਤੁਮ ਨਾਂਹੀ।
ਕਜੋਂ ਸੁਖ ਤਿਨਹੁਂ ਲਖਹੁ[5] ਮਨ ਮਾਂਹੀ।
ਸੱਤਜ ਵਸਤੁ ਤੁਮ ਲਖੀ ਨ ਕੈਸੇ।
ਚੱਕ੍ਰਵਰਤਿ ਸੁਖ ਰੰਕ ਨ ਜੈਸੇ ॥੧੭॥
ਬ੍ਰਿਥਾ[6] ਦੋਸ਼ ਮਮ ਸਿੱਖਜਨ ਦੀਨਸਿ।
ਤੱਤੁ ਵਸਤੁ ਕੋ ਭੇਦ ਨ ਚੀਨਸਿ।
ਸਕਲ ਜਨਮ ਤੈਂ ਕੀਨ ਬਿਤੀਤ।
ਮਿਲਜੋ ਨ ਗੁਰ, ਨਹਿਂ ਆਇ ਪ੍ਰਤੀਤ ॥੧੮॥
ਜੰਗਮ ਤੀਰਥ ਅਤਿ ਸਤਿਸੰਗ[7]।
ਤਿਸ ਕੋ ਮਿਲਜੋ ਨ ਲਹਿ ਹਰਿ ਰੰਗ।
ਉਰ ਮਹਿਂ ਗਰਬ ਧਰਜੋ ਦਿਢ ਕੂਰਾ।
ਤਬਹਿ ਮਿਟਹਿ ਮਿਲਿਹੈ ਗੁਰ ਪੂਰਾ' ॥੧੯॥
ਸੁਨਿ ਕੈ ਤਪੇ ਕਹਜੋ ਆਚਾਰ[8]।

---

[1]ਫਲ ਦੇਂਦਾ ਹੈ ਬੜਾ।
[2]ਪਾਪ ਨਾਸ਼ ਹੋ ਜਾਂਦੇ ਹਨ ਜਲ ਵਿਚ ਇਸ਼ਨਾਨ ਕਰਨ ਨਾਲ।
*ਪਾ:-ਲਖਜੋ।
[3]ਭਾਵ ਸ੍ਵਰਗ ਨੂੰ ਪ੍ਰਾਪਤ ਕਰ ਲਿਆ।
[4]ਧਾਰਨ ਕਰਨ।
+ਪਾ:-ਸੇਵਜੋ, ਸੇਵੀ।
[5]ਤਿਸ (ਸਾਧ ਸੰਗਤ ਦੀ ਸੇਵਾ ਦਾ) ਤੁਸੀਂ ਜਾਣ ਸਕਦੇ ਹੋ।
[6]ਐਵੇਂ ਨਿਕੰਮਾ।
[7]ਸਤਿਸੰਗ ਟੁਰਦਾ ਫਿਰਦਾ ਤੀਰਥ ਹੈ।
[8]ਕਰਮ।

ਅਰੁ ਸਭਿ ਤੀਰਥ ਮੱਜਨ ਬਾਰ[1]।
'ਕਿਮ ਲਘੁ ਕਹਹੁ[2] ਜਿ ਸਭਿ ਨੇ ਮਾਨੇ।
ਮਹਿਮਾ ਮਹਾਂ ਪੁਰਾਨ ਬਖਾਨੇ ॥੨੦॥
ਕਰ ਬਿਚਾਰ ਮੁਝ ਦਿਹੁ ਸਮੁਝਾਹੀ।
ਸਤਿਸੰਗਤ ਕੀ ਕਿਮਿ ਬਡਿਆਈ।'
ਤਬਿ ਸ੍ਰੀ ਰਾਮਦਾਸ ਹਿਤਕਾਰੀ[3]।
ਸ਼ਬਦ ਸੁਨਾਯੋ ਕੀਨਿ ਉਚਾਰੀ ॥੨੧ ॥

ਸ੍ਰੀ ਮੁਖਵਾਕ:
ਮਲਾਰ ਮਹਲਾ ੪ ॥
ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥
ਤੀਰਥਿ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥

ਦੋਹਰਾ: ਸ੍ਰੀ ਸਤਿਗੁਰ ਮੁਖ ਤੇ ਸੁਨਜੋ, ਸ਼ਬਦ ਸੁ ਅਰਥ ਸਮੇਤ।
ਗਦ ਗਦ ਭਯੋ ਪ੍ਰਸੰਨ ਤਬਿ, ਉਰ ਭਾ ਪ੍ਰੇਮ ਨਿਕੇਤ* ॥੨੨॥

---

[1]ਤੀਰਥਾਂ ਦੇ ਜਲ ਦਾ ਇਸ਼ਨਾਨ।
[2]ਭਾਵ ਇਨ੍ਹਾਂ ਨੂੰ ਨੀਵਾਂ ਕਿਉਂ ਕਹਿੰਦੇ ਹੋ।
[3]ਪ੍ਰੇਮ ਕਰਕੇ।
*ਇਕ ਲਿਖਤੀ ਨੁਸਖੇ ਵਿਚ ਇਸ ਦੋਹੇ ਦੀ ਥਾਵੇਂ ਐਤਨਾ ਪਾਠ ਹੋਰ ਹੈ:-
ਚੌਪਈ: ਕਹਜੋ ਗੁਰੂ ਜੀ 'ਤਪਾ ਸੁਨੀਜੈ। ਗੰਗਾ ਆਦਿ ਜੁ ਤੀਰਥ ਭਨੀਜੈ।
ਤੇ ਸਭਿ ਸਾਧੂ ਧੂਰ ਕੋ ਚਾਂਹੀ। ਲੋਕਨਿ ਕੇ ਅਘਿ ਤਿਨ ਮੈਂ ਪਾਂਹੀ ॥੨੨॥
ਪਾਪੁ ਮੈਲਿ ਕਰੁ ਹੋਇ ਮਲੀਨ। ਸਾਧੂ ਚਰਨ ਧਾਰਨ ਜਬ ਕੀਨ।
ਤਿਨ ਕੀ ਧੂਰਿ ਤੇ ਮੈਲਿ ਸਭੁ ਜਾਇ। ਤਬ ਤੀਰਥ ਸ਼ਾਂਤੀ ਕੋ ਪਾਇ ॥੨੩॥
ਅਠਸਠ ਤੀਰਥੁ ਸੰਗਤ ਮਾਂਹੀ। ਕਰ ਸਤਿਸੰਗ ਸਰਬ ਫਲ ਪਾਹੀ।
ਭਗੀਰਥ ਤਪ ਕਰ ਗੰਗਾ ਆਨੀ। ਹਰਿ ਚਰਨੋ ਕਾ ਨਿਰਮਲ ਪਾਨੀ ॥੨੪॥
ਤਿਹ ਮੱਜੇ ਪਾਪਨ ਹੁਇ ਨਾਸ਼। ਸੋ ਹਰ ਚਰਨ ਸਤਿਸੰਗ ਨਿਵਾਸ।
ਕਾਸੀ ਮਥੁਰਾ ਆਦਿ ਅਸਥਾਨੁ। ਹਰਿ ਅਵਤਾਰੁ ਤੇ ਉਤਮ ਜਾਨ ॥੨੫॥
ਸੋ ਹਰਿ ਸੰਤਨ ਰਿਦੈ ਮਜਾਰੁ। ਧਾਰੁ ਪ੍ਰੇਮ ਕਰਿ ਕਰੈ ਉਚਾਰਿ।
ਯਾਂ ਤੇ ਸਤਿਸੰਗਤਿ ਵਡਿਆਈ। ਬੇਦਾਗਮ ਰਿਖਿਅਨ ਮੁਖਿ ਗਾਈ ॥੨੬॥
ਬਿਨ ਸਤਿਸੰਗ ਤਰਿਓ ਨਹਿਂ ਕੋਈ। ਆਗੈ ਪਾਛੈ ਅਬਿ ਜੋ ਹੋਈ।
ਸੋ ਸਤਿਸੰਗ ਹਮ ਰੀਤ ਚਲਾਈ। ਸਭਿ ਸਿੱਖਨ ਕੋ ਨਾਮ ਜਪਾਈ ॥੨੭॥
ਇਸੀ ਹੋਤ ਸਤਿਸੰਗ ਮਹਾਤਮੁ। ਹਮਨੇ ਗਾਯੋ ਜਾਨੁ ਕਰਿ ਆਤਮ।

ਚੌਪਈ: ਤਪੇ ਰਿਦੇ ਸ਼ਰਧਾ ਤਬਿ ਆਈ।
ਕਰਤਿ ਭਯੋ ਬਹੁ ਭਾਂਤਿ ਬਡਾਈ।
ਕ੍ਰਿਪਾ ਦ੍ਰਿਸ਼ਟਿ ਗੁਰ ਹੇਰਨ ਕਰੀ।
ਜਿਸ ਤੇ ਦੁਰਮਤਿ ਤਿਸੁ ਕੀ ਹਰੀ ॥੨੩॥
ਕਹਿਨ ਲਗਯੋ 'ਜਾਗੇ ਮਮ ਭਾਗਾ।
ਅਨੁਰਾਗਤਿ ਰਾਵਰਿ ਮੁਖ ਲਾਗਾ[੧]।
ਜਬਿ ਤੁਮ ਕ੍ਰਿਪਾ ਕਰਹੁ ਲਖਿ ਦਾਸ।
ਤਬਿ ਉਰ ਦੇਤੇ ਤੁਰਤ ਪ੍ਰਕਾਸ਼ ॥੨੪॥
ਮੋ ਮਨ ਮਾਨੀ ਮਾਨ ਮਹਾਂਨ[੨*]।
ਮਹਿਮਾ ਨਹਿਂ ਮਾਨੀ ਮਤਿ ਹਾਨ[੩+]।
ਸਨਮੁਖ ਬੋਲਯੋ ਮੈਂ ਬਹੁ[++] ਭਲਾ।
ਪ੍ਰਤਿਕੂਲਨਿ ਪਰ ਤੁਮ ਅਨੁਕੂਲਾ[੪**] ॥੨੫॥
ਅਸ ਦਾਤੇ ਤੁਮ ਤਯਾਗਹਿ ਜੋਇ।
ਸੋ ਮੂਰਖ ਲੇ ਸਭਿ ਕੁਛ ਖੋਇ।
ਅਬਿ ਮਨ ਜਾਨਯੋ ਸੰਤ ਮਹਾਤਮ।
ਜਿਸ ਤੇ ਪ੍ਰਾਪਤਿ ਗਯਾਤਾ ਆਤਮ[੫]' ॥੨੬॥
ਤਜਿ ਪਖੰਡ[()] ਗੁਰ ਕੋ ਸਿਖ ਹੋਇਓ।
ਮਿਲਿ ਸਤਿਸੰਗਤਿ ਮਹਿਂ ਸੁਖ ਜੋਇਓ।
ਨਿਕਟ ਰਹੈ ਕਬਿ ਅਨਤ ਸਿਧਾਰੈ।
ਸ਼੍ਰੀ ਗੁਰ ਪਗ ਪੰਕਜ ਉਰਧਾਰੈ ॥੨੭॥

ਤੁਮ ਆਪਨੇ ਮਨ ਲੇਹੁ ਬਿਚਾਰੁ। ਅਹੈ ਸਤਿ ਤਬਿ ਕਰੈ ਉਚਾਰ' ॥੨੮॥
ਦੋਹਰਾ: ਸ੍ਰੀ ਸਤਿਗੁਰ ਤੇ ਪਾਸ ਤੇ ਸਬਦ ਸੁ ਅਰਥ ਸਮੇਤ।
ਸੁਨਯੋ ਤਪੇ ਪ੍ਰਸੰਨ ਹ੍ਵੈ ਸਮਝਯੋ ਸਗਰੇ ਹੇਤੁ ॥੨੯॥
ਇਹ ਕਵਿਤਾ ਸਿਥਲ ਜਿਹੀ ਹੈ ਤਾਂਤੇ ਆਖੇਪਕ ਲਗਦੀ ਹੈ।

[੧]ਭਾਵ ਆਪਦੇ ਦਰਸ਼ਨ ਕਰਕੇ ਪ੍ਰੇਮ ਉਤਪੰਨ ਹੋਇਆ ਹੈ। (ਅ) ਅਨ+ਰਾਗ = ਰਾਗ ਤੋਂ ਰਹਿਤ ਭਾਵ ਰਾਗ ਦ੍ਵੈਖ ਤੋਂ ਰਹਿਤ ਹੋਕੇ।

[2]ਮੇਰਾ ਮਨ ਮਹਾਨ ਹੰਕਾਰ ਕਰ ਹੰਕਾਰੀ ਹੋ ਰਿਹਾ ਸੀ।

[*]ਪਾ:-ਮੈਂ ਬਡ ਮਾਨੀ ਮੂਢ ਮਹਾਨ।

[3]ਮਤਹੀਣੇ ਨੇ (ਆਪ ਦੀ) ਮਹਿਮਾ ਨਹੀਂ ਸੀ ਜਾਣੀ।

[+]ਪਾ:-ਮਹਿਮਾ ਸਿੱਖਨ ਕੀ ਨਹਿਂ ਜਾਨ।

[++]ਪਾ:-ਅਬ।

[4]ਵਿਰੋਧੀਆਂ ਉਤੇ-(ਬੀ) ਤੁਸੀਂ ਦਿਆਲੂ ਹੋ।

[**]ਪਾ:-ਬਖਸ਼ਹੁ ਆਪ ਤੁਮ ਹੋਇ ਅਨਕੂਲਾ।

[5]ਆਤਮ ਗਯਾਤ।

[()]ਪਾ:-ਗਿਣਤੀ।

ਨਿਤਿ ਸਿਖ ਦੇਸ਼ ਬਿਦੇਸ਼ਨ ਆਵਹਿਂ।
ਲਗੇ ਦਰਬ ਅਰਪਨ ਹਰਖਾਵਹਿਂ।
ਸ਼੍ਰੀ ਗੁਰ ਅਮਰਦਾਸ ਇਕ ਦਿਨ ਕੋ।
ਚਲੇ ਖਰਚ ਲੇ ਇਤਨਕੁ ਧਨ ਕੋ[1] ॥੨੮॥
ਅਰਪਹਿਂ ਅਧਿਕ ਸੁ ਦੇਤਿ ਹਟਾਇ।
ਨਿਸ ਬਾਸੁਰ ਬਹੁ ਦੇਗ ਚਲਾਇਂ।
ਸੰਚਹਿਂ ਕਰਜੋ ਨ ਘਰ ਮਹਿਂ ਏਤੋ।
ਏਕ ਦਿਵਸ ਭੋਜਨ ਹੋਇ ਜੇਤੋ ॥੨੯॥
ਆਇ ਨਿਤਾਪ੍ਰਤਿ ਹੁਇ ਗੁਜ਼ਰਾਨਾ।
ਨਿਜ ਸਰੀਰ ਲਗ ਅਸ ਪ੍ਰਨ ਠਾਨਾ[2]।
ਚਤੁਰਥ ਪਾਤਿਸ਼ਾਹੁ ਗੁਨਖਾਨੀ।
ਸੇਵਾ ਲਖਮੀ ਕੀਨ ਮਹਾਂਨੀ ॥੩੦॥
ਤੀਨ ਗੁਰਨ ਕੋ ਜਾਚਤਿ ਰਹੀ।
ਤਊ ਸਮੀਪ ਕਰੀ ਕਿਮਿ ਨਹੀ।
ਮਹਾਂ ਬਲੀ ਜੋਧਾ ਇਹੁ ਬੈਸੇ।
ਜਾਚਨ ਲਖਮੀ ਕੋ ਲਖਿ ਤੈਸੇ ॥੩੧॥
ਅੰਗੀਕਾਰ ਕਰੀ ਤਬਿ ਆਈ।
ਅਰਪਹਿਂ ਆਨ ਸਿੱਖਜ ਸਮੁਦਾਈ।
ਮਾਯਾ ਮਹਿਂ ਅਲੇਪ ਨਿਤਿ ਐਸੇ।
ਜਲ ਕਨ ਕਮਲ ਛੁਵੈ ਨਹਿਂ ਜੈਸੇ ॥੩੨॥
ਪ੍ਰਿਥੀਆ ਰਹਿਨ ਸਮੀਪੀ ਲਾਗਜੋ।
ਧਨ ਆਗਮ ਤੇ ਮਨ ਅਨੁਰਾਗਜੋ।
ਸਰਬ ਸੰਭਾਰਹਿ ਦੇਗ ਚਲਾਵਹਿ।
ਕਾਜ ਅਪਰ ਹ੍ਵੈ ਸੋ ਨਿਰਬਾਵਹਿ[+++] ॥੩੩॥
ਮਹਾਂਦੇਵ ਮਨ ਮਸਤ ਰਹੰਤਾ।
ਹਾਨ ਲਾਭ ਕਉ ਕਛੁ ਨ ਗਨੰਤਾ।
ਰਿਦੇ ਪ੍ਰੇਮ ਪਿਤ ਗੁਰ ਕੋ ਭਾਰੀ।
ਸ਼੍ਰੀ ਅਰਜਨ ਜੀ ਭਗਤਿ ਸੰਭਾਰੀ ॥੩੪॥
ਜਨਨੀ ਭਾਨੀ ਕੇ ਅਨੁਸਾਰੇ।

---

[1]ਐਤਨਾ ਕੁ ਧਨ ਲੈਂਦੇ ਸਨ (ਜਿਤਨੇ ਕੁ ਨਾਲ) ਇਕ ਦਿਨ ਦਾ ਖਰਚ ਚੱਲੇ।
[2]ਭਾਵ ਸਾਰੀ ਆਯੂ ਤਕ ਇਹ ਪ੍ਰਣ ਧਾਰੀ ਰੱਖਿਆ।
[+++]ਪਾ:-ਕਾਰਜ ਅਪਰ ਹ੍ਵੈ ਸੁ ਨਿਬਹਾਵਹਿ।

ਬੰਦਨ ਕਰਹਿਂ ਸੇਵ ਕੋ ਪਾਰੇ।
ਸੁਕਚਤਿ ਰਹੈਂ ਪਿਤਾ ਤੇ ਮਨ ਮਹਿਂ।
ਬਿਵਹਾਰੀ ਕਿਮ ਭਏ ਨ ਧਨ ਮਹਿਂ ॥੩੫॥
'ਅਲਪ ਬੈਸ ਮਹਿਂ' ਸਗਰੇ ਜਾਨਹਿਂ।
'ਯਾਂ ਤੇ ਨਹਿਂ ਬਿਵਹਾਰ ਪਛਾਨਹਿਂ[1]।'
ਪਿਤਾ ਗੁਰੂ ਸਭਿ ਜਾਨਹਿਂ ਪ੍ਰੀਤਿ।
ਜਿਮ ਬਰਤਤਿ ਜਨ ਗਨ ਕੇ ਚੀਤ[2] ॥੩੬॥
-ਸੋਢੀ ਬੰਸ ਬਿਭੂਖਨ ਹੋਵਹਿਂ[3]।
ਸਭਿ ਗੁਨ ਨਿਪੁਨ-, ਪਿਤਾ ਇਮ ਜੋਵਹਿਂ।
-ਨਿਜ ਕੁਲ ਮਹਿਂ ਰਾਖਹਿਂ ਗੁਰਿਆਈ।
ਜਾਨਿ ਨ ਦੇਹਿਂ ਕਰਹਿਂ ਥਿਰਤਾਈ[4]- ॥੩੭॥
ਅਪਰ ਲੋਕ ਪ੍ਰਿਥੀਏ ਕੋ ਜਾਨਹਿਂ।
-ਸਭਿ ਬਿਵਹਾਰ ਮਹਾਂਨ ਪਛਾਂਨਹਿਂ।
ਪਿਤਾ ਸਮੀਪੀ ਨਿਸ ਦਿਨ ਰਹੈ।
ਦੇਨਿ ਲੇਨਿ ਸਗਰੋ ਨਿਰਬਹੈ ॥੩੮॥
ਸਭਿ ਬਿਵਹਾਰਨ ਮਹਿਂ ਸਵਧਾਨੇ।
ਕਰਹਿ ਕਾਰ ਪਿਤ ਕੋ ਨ ਬਖਾਨੇ-।
ਸਤਿਗੁਰ ਕਹੈਂ ਨ ਕੈਸੇ ਤਾਂਹੂ[5]।
ਉਪਦੇਸ਼ਤਿ ਥਿਤਿ ਸਿੱਖਨ ਮਾਂਹੂ ॥੩੯॥
ਇਕ ਦਿਨ ਸੰਗਤਿ ਭਈ ਘਨੇਰੀ।
ਸੁਨਜੋ ਚਹੈ ਬਾਨੀ ਗੁਰ ਕੇਰੀ।
ਲਗਜੋ ਦਿਵਾਨ ਸਥਾਨ ਮਹਾਂਨ[*]।
ਗੁਰਮੁਖ ਸਿੱਖਜ ਸੁ ਮਿਲੇ ਸੁਜਾਨ[+] ॥੪।

---

[1](ਗੁਰੂ ਅਰਜਨ ਸਾਹਿਬ) ਛੋਟੀ ਉਮਰ ਵਿਚ (ਹਨ) ਇਸ ਕਰਕੇ ਵਿਵਹਾਰ ਨਹੀਂ ਪਛਾਣਦੇ, ਸਾਰੇ ਲੋਕ (ਇਹੀ) ਜਾਣਦੇ ਹਨ।

[2](ਗੁਰੂ ਰਾਮਦਾਸ ਜੀ ਸ੍ਰੀ ਅਰਜਨ ਦੇਵ ਜੀ ਦੇ ਦਿਲ ਦੀ) ਪ੍ਰੀਤੀ ਨੂੰ ਜਾਣਦੇ ਹਨ, ਤੇ ਇਹ ਵੀ ਜਾਣਦੇ ਹਨ ਜਿਵੇਂ ਸ੍ਰੀ ਅਰਜਨ ਜੀ ਬਾਬਤ ਸਾਰੇ ਲੋਕਾਂ ਦੇ ਜੀ ਵਿਚ ਵਰਤੀ ਹੈ।

(ਅ) ਜਿਵੇਂ ਜਨਗਨ = ਭਗਤ ਜਨਾਂ ਦੇ ਦਿਲ ਵਿਚ ਵਰਤੇ, ਉਹ ਬੀ ਜਾਣਦੇ ਹਨ, ਭਾਵ ਅੰਤਰਯਾਮੀ ਹਨ।

[3](ਸ੍ਰੀ ਅਰਜਨ ਜੀ) ਹੋਣਗੇ।

[4]ਟਿਕਾਵਣਾ ਕਰਨਗੇ।

[5]ਕਿਸੇ ਤਰ੍ਹਾਂ (ਪ੍ਰਿਥੀਏ ਨੂੰ)।

[*]ਪਾ:-ਮਹਾਨ ਸਥਾਨਾ।

[+]ਪਾ:-ਸੁਜਾਨਾ।

ਗਨ ਚਕੋਰ ਜਨੁ ਭਏ ਅਸ਼ੇਖੈਂ[1]।
ਸਤਿਗੁਰ ਬਦਨ ਚੰਦ ਕੋ ਦੇਖੈਂ।
ਚਾਤ੍ਰਿਕ ਬ੍ਰਿੰਦ ਤ੍ਰਿਖਾਤੁਰ ਬਹੁ ਲਹਿ[2]।
ਗੁਰ ਘਨ ਤੇ ਉਪਦੇਸ਼ ਬੂੰਦ ਚਹਿ[3] ॥੪੧॥
ਸਭਿ ਸਿੱਖਜਨ ਕੀ ਲਖਿ ਕਰਿ ਲਾਲਸ।
ਲਾਗੇ ਸਤਿਗੁਰ ਕਹਿਨ ਕ੍ਰਿਪਾਲਸ[4]।
'ਜੇ ਕੋ ਮੇਰੋ ਸਿੱਖਜ ਕਹਾਵਹਿ।
ਸ਼ੁਭ ਗਤਿ ਅੰਤ ਸਮੈ ਲਲਚਾਵਹਿ ॥੪੨॥
ਸੇਵਾ ਕਰਨ ਬਿਖੇ ਚਿਤ ਕਰੈ।
ਉਰ ਹੰਕਾਰ ਨ ਕਬਹੂੰ ਧਰੈ।
ਅਪਰ ਜੁਗਨ ਮਹਿਂ ਤਪ ਕੋ ਤਾਪਨਿ।
ਸਹਹਿ ਕਸ਼ਟ ਬਹੁ ਬਿਧਿ ਤਨ ਆਪਨ[5] ॥੪੩॥
ਨਿਰਮਲ ਅੰਤਹਿਕਰਨ ਕਰੇ ਹੈ।
ਹ੍ਵੈ ਨਿਸ਼ਕਾਮ ਅਨੰਦ ਥਿਰੇ ਹੈ।
ਸੋ ਤਪ ਕੋ ਅਬ ਸਮਾਂ ਨ ਜਾਨਹੁਂ।
ਸਤਿ ਸੰਗਤਿ ਕੀ ਸੇਵਾ ਠਾਨਹੁਂ ॥੪੪॥
ਤਪ ਤੇ ਦਸ ਗੁਨ ਫਲ ਇਸ ਕੇਰਾ।
ਅੰਤ ਸਮੇਂ ਬਲ[*] ਲਹੈ ਬਡੇਰਾ।
ਤਪ ਕੋ ਬਹੁ ਦਿਨ ਜੇ ਨਿਤਿ ਤਾਪਤਿ।
ਅਲਪ ਸਮੈ ਸੇਵਾ ਫਲ ਪ੍ਰਾਪਤਿ ॥੪੫॥
ਦ੍ਰਿਢ ਸ਼ਰਧਾ ਧਰਿ ਸੇਵਾ ਕਰੈ।
ਜਨਮ ਮਰਨ ਭਵਜਲ ਤੇ ਤਰੈ।
ਆਪਾ ਕਬਹੁ ਜਨਾਵਹਿ ਨਾਂਹਿਨ।
ਕਹੈ ਕਠੋਰ ਦੁਖਾਵਹਿ ਕਾਹਿ ਨ ॥੪੬॥
ਸੇਵਾ ਕਰਿ ਲੇ ਚਤੁਰ ਪਦਾਰਥ।
ਗੁਰ ਸਿਖ ਸੇਵਹਿ ਹੋਹਿ ਕ੍ਰਿਤਾਰਥ।
ਬਿਨ ਸੇਵਾ ਤੇ ਭਗਤਿ ਨ ਪਾਵਹਿ।

---

[1]ਕੱਠੇ।
[2]ਸਾਰੇ ਚਾਤ੍ਰਿਕ (ਨਿਜ ਨੂੰ) ਬਹੁਤਾ ਤ੍ਰਿਖਾਵੰਤ ਜਾਣਕੇ।
[3]ਗੁਰ ਰੂਪੀ ਬੱਦਲ ਤੋਂ ਉਪਦੇਸ਼ ਦੀ ਬੂੰਦ ਚਾਹੁੰਦੇ ਹਨ।
[4]ਕ੍ਰਿਪਾਲ ਹੋ ਕੇ।
[5]ਆਪਣੇ ਤਨ ਤੇ।
[*]ਪਾ:-ਪਦ।

ਭਗਤਿ ਬਿਨਾਂ ਨਹਿਂ ਗ੍ਯਾਨ ਉਪਾਵਹਿ ॥੪੭॥
ਗ੍ਯਾਨ ਬਿਨਾਂ ਨਹਿਂ ਮੁਕਤਿ ਪਦਾਰਥ।
ਸੇਵਾ ਮੂਲ ਸੁ ਕਰਹੁ ਕ੍ਰਿਤਾਰਥ[1]।
ਜੋ ਸਤਿਸੰਗਤਿ ਸੇਵਾ ਠਾਨੇ।
ਸੋ ਬਹੁ ਪ੍ਯਾਰੋ ਮਮ ਮਨ ਮਾਂਨੇ ॥੪੮॥
ਜਥਾ ਸ਼ਕਤਿ ਭੋਜਨ ਬਨਿਵਾਵੈ।
ਨੰਮ੍ਰਿ ਹੋਇ ਸਿਖ ਅੰਤ ਅਚਾਵੈ।
ਚਰਨ ਪਖਾਰੈ ਨੀਰ ਪਿਵਾਵੈ।
ਕਰ ਬੀਜਨ ਲੇ[2] ਪੌਨ ਝੁਲਾਵੈ ॥੪੯॥
ਚਾਂਪਹਿ ਚਰਨ[3] ਮਧੁਰ ਕਹਿ ਬਾਨੀ।
ਪਟ ਪਹਿਰਾਵੈ ਬਿਨੈ ਬਖਾਨੀ।
ਅਰਪਹਿ ਫਲ ਬਰ ਫੂਲ ਅਪਾਰੀ[+]।
ਬਸਤ੍ਰ ਪਖਾਰਹਿ ਸੰਤ ਅਗਾਰੀ ॥੫੦॥
ਮੰਦਰ ਚਿਨਹਿ ਚਿਨਾਵਹਿ ਚਾਰੂ।
ਜਹਿਂ ਬਿਸਰਾਮਹਿਂ ਸੰਤ ਉਦਾਰੂ।
ਸ਼ਰਧਾ ਪ੍ਰੇਮ ਸਹਤ ਕਰਿ ਸੇਵਾ।
ਨਹਿਂ ਬਝਾਪੈ ਮਨ ਕੋ ਅਹੰਮੇਵਾ ॥੫੧॥
ਇਸ ਪਰ ਇਕ ਇਤਿਹਾਸ ਬਖਾਨਾ[++]।
ਇਕ ਨਰ ਨੇ ਖਗ ਸੇਵਾ[4] ਠਾਨਾ।
ਪਾਨੀ ਚੋਗ ਦੇਹਿ ਧਰਿ ਊਚੇ[5]।
ਸਭਿ ਪੰਛੀ ਤਿਹ ਸਦਨ ਪਹੂਚੇ ॥੫੨॥
ਖਗ ਪ੍ਰਸੰਨ ਬਹੁ ਤਿਸ ਪਰ ਹੋਇ।
ਆਨੇ ਹੰਸ ਸਦਨ ਤਿਹ ਦੋਇ।
ਖਾਇਂ ਨ ਚੋਗ ਨ ਪੀਵੈਂ ਪਾਨੀ।
ਤਿਨ ਪਿਖਿ ਕੈ ਚਿਤ ਚਿੰਤਾ ਠਾਨੀ ॥੫੩॥

---

[1]ਸੇਵਾ (ਸਭ ਦਾ) ਮੁੱਢ ਹੈ ਜੋ ਸੇਵਾ ਕਰੋ ਤੇ ਨਿਹਾਲ ਹੋਵੋ।
[2]ਪੱਖਾ ਹੱਥ ਵਿਚ ਲੈਕੇ।
[3]ਚਰਨ ਦੱਬੇ।
[+]ਪਾ:-ਅਗਾਰੀ।
[++]ਪਾ:-ਇਹ ਕਥਾ ਦ੍ਰਿਸ਼ਟਾਂਤ ਹੈ ਇਸ ਦਾ ਇਹ ਮਤਲਬ ਨਹੀਂ ਹੈ ਕਿ ਪੰਛੀਆਂ ਦੇ ਸੇਵਕ ਬਣ ਜਾਓ, ਪਰ ਇਹ ਕਿ ਹੰਸ ਰੂਪ ਨਿਰਮਲ ਤੇ ਪੂਰਨ ਸੰਤ ਦੀ ਸੇਵਾ ਕਰੋ।
[4]ਪੰਛੀਆਂ ਦੀ ਸੇਵਾ।
[5]ਪਾਣੀ ਤੇ ਚੋਗਾ ਰਖ ਦੇਵੇ ਉੱਚੀ (ਥਾਂ)।

ਕਿਨਹੂੰ[**] ਆਨਿ ਤਿਸੈ ਸਮੁਝਾਇਸੁ।
-ਮੁਕਤਾ ਦੂਧ ਖਾਇਂ ਤ੍ਰਿਪਤਾਇਸੁ-।
ਸੁਨਿ, ਅਨਬਿਧ ਮੁਕਤਾ[1] ਸੋ ਲਜਾਇਵ।
ਰੁਚਿ ਕਰਿ ਹੰਸਨ ਸੋ ਤਹਿਂ ਖਾਇਵ ॥੫੪॥
ਪੀਯੋ ਦੁਗਧ ਨੀਰ ਕੋ ਤਜਾਗਾ।
ਭੇ ਪ੍ਰਸੰਨ ਤਿਹ ਪਿਖਿ ਅਨੁਰਾਗਾ।
ਦੋਇ ਲਾਲ ਉਗਲੇ ਧਰਿ ਦੀਨੇ।
ਹੰਸ ਗਏ ਉਡਿ ਸੋ ਤਿਨਿ ਲੀਨੇ ॥੫੫॥
ਬੇਚ ਤਿਨਹੁਂ ਕਉ ਧਨ ਬਹੁ ਆਨਜੋ।
ਸੁੰਦਰ ਸਦਨ ਬਨਾਵਨ ਠਾਨਜੋ[+++]।
ਕਰਹਿ ਬਿਹੰਗਨ ਸੇਵ ਬਿਸਾਲਾ।
ਬ੍ਰਿੰਦ ਹੰਸ ਆਏ ਇਕ ਕਾਲਾ ॥੫੬॥
-ਦੇਖਹਿਂ ਚਲਿ ਜੋ ਭਗਤ ਹਮਾਰੋ-।
ਇਮਿ ਚਹਿ ਤਿਹ ਘਰ ਆਇ ਹਜ਼ਾਰੋਂ।
ਅਨਬਿਧ ਮੁਕਤਾ ਧਰੇ ਅਗਾਰੀ।
ਦੀਨਸਿ ਦੁਗਧ ਸੇਵ ਹਿਤਕਾਰੀ[2] ॥੫੭॥
ਤਿਹਂ ਪਰ ਸਭਿ ਪ੍ਰਸੰਨ ਤਬਿ ਹੋਇ।
ਰਤਨ ਅਨੇਕ ਦੀਨ ਤਿਹ ਜੋਇ।
ਭੂਪ ਸਮਾਨ ਭਯੋ[*] ਖਗ ਸੇਵੈ।
ਸੰਤਨ ਸੇਵ[3] ਮਹਾਂ ਫਲ ਲੇਵੈ ॥੫੮॥
ਨਿਧਿ ਸਿਧਿ ਕੇ ਦਾਤਾ ਨਿਤਿ ਸੰਤ।
ਮੁਕਤਿ ਪਦਾਰਥ ਦੇਵਤਿ ਅੰਤ।
ਹੰਸ ਸਮਾਨ ਸਿੱਖਜ ਜੋ ਮੇਰੇ।
ਇਨ ਸੇਵੇ ਫਲ[+] ਪਾਇਂ ਘਨੇਰੇ ॥੫੯॥
ਅਲਭ ਵਸਤੁ ਐਸੀ ਨਹਿਂ ਕੋਈ।
ਮਮ ਸਿਖ ਸੇਵੇ ਪਾਇ ਨ ਜੋਈ। '

[**]ਪਾ:-ਕਿਸਹੂੰ।
[1]ਅਣਵਿਧ ਮੋਤੀ।
[+++]ਪਾ:-ਕੀਨੋ।
[2]ਸੇਵਾ ਕਰੀ ਪ੍ਰੇਮ ਨਾਲ।
[*]ਪਾ:-ਬਨਿਓਂ।
[3](ਤਿਵੇਂ ਹੀ) ਸੰਤ ਸੇਵਾ ਕਰਕੇ।
[+]ਪਾ:-ਸੁਖ।

ਇਮ ਸ਼੍ਰੀ ਸਤਿਗੁਰ ਸੇਵ ਮਹਾਤਮ।
ਕਹ੍ਯੋ ਸੁਨਤਿ ਸਿਖ ਲੇ ਸੁਖ ਆਤਮ ॥੬੦॥
ਦੋਹਰਾ: ਸ਼੍ਰੀ ਸਤਿਗੁਰ ਬ੍ਰਿਧ ਅਮਰ ਜੀ, ਆਇ ਤਿਨਹੁਂ ਕੇ ਪਾਸ[1]।
ਗ੍ਰਾਮ ਕਿਤਿਕ ਅਰਪਨਿ ਕਰੇ, ਅਕਬਰ ਬਿਨੈ ਪ੍ਰਕਾਸ਼ ॥੬੧॥
ਸੋ ਸਗਰੇ ਹੀ ਗ੍ਰਾਮ ਗਨ, ਗੁਰਤਾ ਗਾਦੀ ਸਾਥ।
ਰਾਮਦਾਸ ਗੁਰ ਕੋ ਦਏ, ਕੁਲ ਭੱਲਜਨ ਕੇ ਨਾਥ ॥੬੨॥
ਚੌਪਈ: ਆਪ ਅਛਤ ਹੀ[2] ਪ੍ਰਥਮ ਪਠਾਏ।
ਤਾਲ ਖਨਾਵਨਿ ਕੋ ਫੁਰਮਾਏ।
ਕੁਛਕ ਖਨ੍ਯੋ ਅਰ ਗ੍ਰਾਮ ਬਸਾਵਾ।
ਨਾਮ 'ਗੁਰੂ ਕੋ ਚੱਕ' ਧਰਾਵਾ ॥੬੩॥
ਅਸ ਇਤਿਹਾਸ ਸੁਨਤਿ ਸਭਿ ਸਿੰਘ।
ਕਰੀ ਬਿਕਾਰਨ[3] ਕੋ ਬਡ ਸਿੰਘ।
ਹਾਥ ਜੋਰਿ ਬੋਲੇ ਤਬਿ ਸ਼੍ਰੋਤਾ।
'ਰਾਮਕੁਇਰ! ਤੁਮ ਅਨੰਦ ਉਦੋਤਾ ॥੬੪॥
ਕਥਾ ਸੁਨਾਇ ਸਰਬ ਸੁਖ ਦੀਏ।
ਜਿਸ ਤੇ ਭਏ ਪ੍ਰਫੁੱਲਿਤ ਹੀਏ।
ਅਬ ਸ਼੍ਰੀ ਅੰਮ੍ਰਿਤਸਰ ਕੀ ਕਥਾ।
ਕਰਹੁ ਸੁਨਾਵਨ ਹੋਈ[++] ਜਥਾ ॥੬੫॥
ਐਸੋ ਤੀਨ ਲੋਕ ਕੇ ਅੰਦਰ।
ਸੁਨ੍ਯੋ ਨ ਥਲ ਤੀਰਥ ਅਤਿ ਸੁੰਦਰ।
ਕਿਮ ਉਤਪਤੀ ਭਈ ਇਸ ਕੇਰੀ।
ਮਹਿਮਾ ਕਹੀ ਨ ਜਾਹਿ ਬਡੇਰੀ ॥੬੬॥
ਜਿਸ ਕੋ ਮਹਾਂ ਮਹਾਤਮ ਆਹਿ।
ਕਹ੍ਯੋ ਬਹੁਤ ਸ਼੍ਰੀ ਗ੍ਰਿੰਥ ਸੁ ਮਾਂਹਿ।
ਕਿਸ ਪ੍ਰਕਾਰ ਇਹੁ ਤਾਲ ਲਗਾਵਾ?
ਹਰਿ ਮੰਦਰ ਸੁੰਦਰ ਬਨਿਵਾਵਾ ॥੬੭॥
ਲਛਮੀ ਸਥਿਤ ਸੇਵਤੀ ਜਹਾਂ।
ਸੰਤਨ ਕੇ ਚਿਤ ਭਾਵਤਿ ਮਹਾਂ।

---

[1]ਭਾਵ ਅਕਬਰ ਨੇ ਆਕੇ ਗੁਰੂ ਅਮਰ ਦੇਵ ਜੀ ਪਾਸ।
[2]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦੇ ਹੁੰਦਿਆਂ ਹੀ
[3]ਬਿਕਾਰਾਂ ਰੂਪ ਹਾਥੀ (ਦੇ ਮਾਰਨੇ ਲਈ ਜੋ) ਬਡੇ ਸ਼ੇਰ ਮਨਿੰਦ ਹਨ (ਸਿੰਘ)।
[++]ਪਾ:-ਬੀਤੀ।

ਮਹਾਂ ਕਠੋਰ ਜਗਤ ਅਸ ਕੋਇ ਨ।
ਦਰਸ਼ਨ ਤੇ ਸ਼ਰਧਾ ਜਿਸ ਹੋਇ ਨ ॥੬੮॥
ਅਸ ਦੁਰਭਾਗਿ ਕਵਨ ਜਗ ਹੋਇ।
ਕਰਹਿ ਤਰਕਨਾ ਇਸ ਕੋ ਜੋਇ।
ਦਰਸ਼ਨ ਤੇ ਮਨ ਹਰਿਬੇ ਹਾਰੋ[1]।
ਮੱਜਨ ਸੇਵਨ ਤੇ ਸੁਖ ਭਾਰੋ ॥੬੯॥
ਸਕਲ ਜਨਨ ਕੋ ਸਭਿ ਫਲ ਦਾਇਕ।
ਜਥਾ ਕ੍ਰਿਪਾਲ ਤ੍ਰਿਲੋਕੀ ਨਾਇਕ[2]।
ਦੇਵਨ ਗਨ ਕੇ ਰਹਿਬੇ ਲਾਇਕ[3]।
ਪਰਹਿ ਭੀਰ ਤੇ ਬਨਹਿ ਸਹਾਇਕ ॥੭੦॥
ਇਸ ਕੋ ਸਕਲ ਪ੍ਰਸੰਗ ਸੁਨਾਵਹੁ।
ਸ਼੍ਰੋਤਨ ਕੋ ਸੰਦੇਹੁ ਮਿਟਾਵਹੁ।
ਸਭਿ ਕੇ ਰਿਦੇ ਲਾਲਸਾ ਭਾਰੀ।
ਗਹੀ ਆਇ ਕਰਿ ਸ਼ਰਨ ਤਿਹਾਰੀ ॥੭੧॥
ਤੁਮ ਹੋ ਮਹਾਂ ਕ੍ਰਿਪਾਲ ਸੁਬੱਗਜ।
ਬ੍ਰਹਮ ਗਜਾਨ ਤੇ ਮਹਾਂ ਤਤੱਗਜ[4]।
ਸ਼ਕਤਿਮਾਨ ਚਾਹੋ ਜਿਮਿ ਕਰਹੁ।
ਨਹਿਂ ਤ੍ਰਿਲੋਕ ਮੈਂ ਕਿਸ ਭੈ ਧਰਹੁ ॥੭੨॥
ਭੂਤ ਭਵਿੱਖਜਤ ਕੇਰਿ ਬ੍ਰਿਤਾਂਤਾ।
ਰਾਵਰਿ ਰਿਦੈ ਸਰਬ ਕੀ ਗਜਾਤਾ।
ਪ੍ਰੇਮ ਜਾਨ ਕਰਿ ਮਨਿ ਸ਼੍ਰੋਤਾਨਿ[5]।
ਕਰਹੁ ਸੁਧਾਸਰ ਕੋ ਬੱਖਜਾਨ[6]' ॥੭੩॥
ਰਾਮਕੁਇਰ ਭਾਈ ਸੁਨਿ ਸਬੈ।
ਪਰਮ ਪ੍ਰਸੰਨ ਭਯੋ ਮਨ ਤਬੈ।
ਕਥਾ ਸੁਨਨਿ ਕੀ ਲਾਲਸ ਜਾਨੀ।
ਹੈ ਸ਼੍ਰੋਤਨਿ ਕੇ ਪ੍ਰੀਤਿ ਮਹਾਂਨੀ ॥੭੪॥
ਮਨ ਮਹਿਂ ਕਰਤਿ ਸੁ ਭਯੋ ਵਿਚਾਰਾ।

---

[1]ਮਨ ਹਰਨ ਵਾਲੇ।
[2]ਜਗਤ ਦਾ ਸੁਆਮੀ।
[3]ਭਾਵ ਸਾਰੇ ਪਵਿੱਤ੍ਰ ਲੋਕਾਂ ਦੇ ਰਹਿਣ ਯੋਗ।
[4]ਬੜੇ ਤੱਤਵੇਤਾ।
[5]ਸ਼੍ਰੋਤਿਆਂ ਦੇ ਮਨ ਦਾ।
[6]ਅੰਮ੍ਰਿਤਸਰ ਦੀ ਕਥਾ ਕਰੋ।

ਸ਼੍ਰੋਤਨਿ ਪ੍ਰੀਤੀ ਦੇਖਿ ਅਪਾਰਾ।
ਯਾਂ ਤੇ ਕਥਾ ਕਹਿਨ ਪਰ ਗੁਰ ਕੀ।
ਵਧੀ ਪ੍ਰੀਤਿ ਭਾਈ ਕੇ ਉਰ ਕੀ ॥੭੫॥
ਸਾਹਿਬ ਸਿੰਘਾਦਿਕ ਜੇ ਸ਼੍ਰੋਤਾ।
ਕਰੇ ਸਰਾਹਿਨ ਅਨੰਦ ਉਦੋਤਾ।
'ਧੰਨ ਸੁਮਤਿ ਅਰੁ ਚਾਹਿ ਤੁਮਾਰੀ।
ਗੁਰ ਕੀ ਕਥਾ ਸੁਨਨਿ ਅਧਿਕਾਰੀ ॥੭੬॥
ਸੁਨਹੁਂ ਪ੍ਰੇਮ ਧਰਿ ਸਰਬ ਸੁਨਾਵਊਂ।
ਸਭਿ ਸ਼੍ਰੋਤਨਿ ਕੇ ਰਿਦੇ ਰਿਝਾਵਊਂ।
ਜਿਸ ਕੇ ਸੁਨੇ ਭਰਮ ਬਿਨਸਾਵੈਂ।
ਗੁਰ ਆਸ਼ੈ ਕੋ ਸਿਖ ਸਭਿ ਪਾਵੈਂ ॥੭੭॥
ਅਤਿ ਸੁੰਦਰ ਗੁਰ ਕੋ ਇਤਿਹਾਸ।
ਰਿਦੇ ਬਿਕਾਰਨ ਕਰਤਾ ਨਾਸ਼।
ਸ਼੍ਰੀ ਅੰਮ੍ਰਿਤਸਰ ਕੀ ਸ਼ੁਭ ਕਥਾ।
ਭਈ ਜਥਾ ਉਚਰੋਂ ਮੈਂ ਤਥਾ ॥੭੮॥
ਇਕ ਮਨ ਹੋਇ ਸੁਨਹੁ ਕਰਿ ਪ੍ਰੀਤਿ।
ਮਹਾਂ ਮਹਾਤਮ ਪ੍ਰਾਪਤਿ ਮੀਤਿ।
ਸਤਿਗੁਰ ਕਥਾ ਕਿ ਹੈ ਸੁਖਰਾਸਿ।
ਜਨਮ ਮਰਨ ਕੇ ਕਸ਼ਟ ਬਿਨਾਸਿ' ॥੭੯ ॥

ਦੋਹਰਾ: ਰਾਮਕੁਇਰ ਭਾਈ ਤਬੈ, ਕਰਿ ਸ਼੍ਰੋਤਨਿ ਸਵਧਾਨ।
ਕਰਨ ਲਗਯੋ ਇਤਿਹਾਸ ਕੋ, ਬਰਨਨ ਜਥਾ ਮਹਾਨ ॥੮੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੋਤਨਿ ਕੋ ਬੂਝਬੋ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

੪. [ਜੈਮਲ ਫੱਤੇ ਦਾ ਚਿਤੌੜ ਤੇ ਆਕੀ ਹੋਣਾ]

੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫

ਸ੍ਰੀ ਰਾਮਕੁਇਰੋ ਵਾਚ ॥

ਚੌਪਈ: ਸ੍ਰੋਤਨਿ ਕੀ ਉਰ ਚਾਹਿ ਬਿਚਰਿ ਕੈ।
ਬੋਲੇ ਰਾਮਕੁਇਰ ਹਿਤ ਧਰਿ ਕੈ:-।
ਕਥਾ ਸੁਧਾਸਰ ਕੀ ਭਈ ਜੈਸੇ।
ਸੁਨਹੁ ਕਾਨ ਦੈ ਬਰਨੋਂ ਤੈਸੇ ॥੧॥
ਸ੍ਰੀ ਗੁਰ ਅਮਰਦਾਸ ਜਬਿ ਭਏ।
ਸਿੱਖਜਨ ਗਨ ਉਧਾਰ ਜਿਨ ਕਏ।
ਰਚਨ ਬਾਪਿਕਾ ਕੀਨਸਿ ਤਜਾਰੀ।
ਮਹਲ ਚਿਨਾਵਤਿ ਭੇ ਬਡ ਭਾਰੀ ॥੨॥
ਲਗੇ ਅਨਿਕ ਕਾਰੀਗਰ ਕਰਨੇ।
ਬਹੁਤ ਮਜੂਰ ਕਹਾਂ ਕੋ ਬਰਨੇ।
ਦੂਰ ਦੂਰ ਤੇ ਨਰ ਚਲਿ ਆਵੈਂ।
ਸੇਵ ਬਾਪਿਕਾ ਕੀ ਸੁ ਕਮਾਵੈਂ ॥੩॥
ਕਿਤੋ ਕਾਲ* ਬੀਤਜੋ ਕਰਿਵਾਵਤਿ।
ਬੈਠੇ ਸਤਿਗੁਰ ਬਜੋਂਤ ਬਤਾਵਤਿ।
ਲੋਕਨ ਕੇ ਉਧਾਰਿਬੇ ਹੇਤੁ।
ਬਨਵਾਵਤਿ ਕਹਿ ਕ੍ਰਿਪਾ ਨਿਕੇਤੁ ॥੪॥
ਉਤ ਦਿੱਲੀ ਮਹਿਂ ਅਕਬਰ ਸ਼ਾਹੂ।
ਜੈਮਲ ਫੱਤਾ ਰਹਿਂ ਤਿਸ ਪਾਹੂ।
ਬਡ ਜੋਧਾ ਦੋਨਹੁਂ ਰਜਪੂਤ।
ਲਖਿ ਤੁਰਕੇਸ਼ ਬਲੀ ਕਿਯ ਸੂਤ[1] ॥੫॥
ਗਢ ਚਤੌੜ ਕੋ ਰਾਜ ਕਰੰਤੇ।
ਆਇਸੁ ਅਕਬਰ ਕੀ ਬਰਤੰਤੇ।
ਕਬਹਿ ਰਹੈਂ ਨਿਜ ਗੜ੍ਹ ਕੇ ਮਾਂਹਿ।
ਕਬਿ ਦਿੱਲੀ ਮਹਿਂ ਅਕਬਰ ਪਾਹਿ ॥੬॥
ਇਕ ਦਿਨ ਪਿਸ਼ਨ[2] ਸੁਨਾਵਨਿ ਲਾਗਾ।
'ਸੁਨਹੁ ਖੁਦਾਵੰਦ! ਤੁਮ ਵਡਭਾਗਾ।

---

*ਪਾ:-ਕਿਤੇ ਬਰਖ।

[1]ਤੁਰਕਾਂ ਦੇ ਰਾਜੇ ਭਾਵ ਅਕਬਰ ਨੇ ਬਲੀ ਜਾਣਕੇ ਮੇਲ ਕਰ ਲਿਆ।

[2]ਚੁਗ਼ਲ।

ਤੀਨ ਵਸਤੁ ਜੈਮਲ ਘਰ ਮਾਂਹਿ।
ਸੋ ਰਾਵਰਿ ਕੇ ਉਚਿਤੀ[੧] ਆਹਿ ॥੭॥
ਬਲੀ ਤੁਰੰਗਮ ਰੁਚਿਰ ਮਤੰਗ।
ਦੋਨਹੁਂ ਘਰ ਰਾਖਹਿ ਬਿਧਿ ਸੰਗ।
ਇਹਾਂ ਨ ਆਨਤਿ ਤ੍ਰਾਸ ਬਿਚਰਿ ਕੈ।
-ਸ਼ਾਹੁ ਲੇਹਿਗੋ ਚਾਰੁ ਨਿਹਰਿ ਕੈ- ॥੮॥
ਇਕ ਜੈਮਲ ਤਨੁਜਾ ਤਨ ਸੁੰਦਰ।
ਚਾਤੁਰਤਾ ਚੰਚਲ ਗਨ ਮੰਦਰ।
ਕਮਲ ਪੱਤ੍ਰ ਬਿਸਤਾਰ ਬਿਲੋਚਨ[੨]।
ਪਿਖਤਿ ਕਟਾਛਨ ਧੀਰਜ ਮੋਚਨ[੩] ॥੯॥
ਬੇਨੀ ਨਾਗਨ ਸੀ ਸਟਕਾਰੀ[੪]।
ਮੱਧਜਦੇਸ਼ ਸੂਖਮ, ਕੁਚ ਭਾਰੀ[੫]।
ਗੌਰ ਰੰਗ ਚੰਪਕ ਜਨੁ ਪਾਤਿ[੬][+]।
ਕਿਧੋਂ ਦਿਪਤਿ[++] ਕੰਚਨ ਅਵਿਦਾਤ[੭] ॥੧੦॥
ਭੌਰ ਗੁੰਜਾਰਤਿ ਜਿਹ ਪਰਵਾਰਿਤ।
ਸਖੀ ਪਾਸ ਤੇ ਰਹਿਤ ਬਿਡਾਰਤਿ[੮]।
ਚੌਦਹਿਂ ਬਰਖਨ ਕੀ ਬਰ ਬਾਲਾ।
ਮਨਹੁਂ ਅਧੂਮ ਲਾਟ ਹੈ ਜ੍ਵਾਲਾ[੯] ॥੧੧॥
ਜਿਸ ਕੀ ਜਾਤਿ ਪਦਮਨੀ ਕਹੈਂ।
ਭੂਖਨ ਭਾਰ ਦੇਹਿ ਨਹਿਂ ਸਹੈ[੧੦]।
ਸਖਿਯਨ ਬਾਂਹੁ ਗਹੇ ਜਬਿ ਚਾਲਤਿ।
ਕਚਨ ਕੁਚਨ ਕੇ ਭਾਰ ਬਿਹਾਲਤਿ[੧੧] ॥੧੨॥

---

[1]ਲਾਇਕ, ਜੋਗ।
[2]ਕਮਲ ਫੁਲ ਦੇ ਪੱਤਿਆਂ ਵਤ ਚੌੜੇ ਹਨ ਨੇਤ੍ਰ।
[3]ਧੀਰਜ ਛੁਟ ਜਾਂਦਾ ਹੈ।
[4]ਗੁੱਤ ਨਾਗਨ ਵਰਗੀ ਪਿਛੇ ਲਮਕਦੀ ਹੈ।
[5]ਲੱਕ ਪਤਲਾ ਤੇ ਛਾਤੀ ਭਾਰੀ।
[6]ਚੰਬੇ ਦੀ ਜਾਣੋਂ ਪੰਗਤੀ।
[+]ਪਾ:-ਗਾਤਿ, ਮਾਤ।
[++]ਪਾ:-ਦਿਖਤ
[7]ਪ੍ਰਕਾਸ਼ਦਾ ਹੈ ਸੋਨਾ ਪੀਲੇ ਰੰਗ ਦਾ (ਅ) ਸ੍ਵੱਛ।
[8]ਉਡੌਂਦੀ ਰਹਿੰਦੀ ਹੈ ਭੌਰਿਆਂ ਨੂੰ।
[9]ਧੂੰਏਂ ਤੋਂ ਰਹਿਤ ਲਾਟ ਹੈ ਅਗਨੀ ਦੀ।
[10]ਗਹਿਣਿਆਂ ਦਾ ਭਾਰ ਦੇਹ ਤੇ ਸਹਾਰ ਨਹੀਂ ਸਕਦੀ।
[11]ਕੇਸਾਂ ਤੇ ਅਸਥਾਨਾਂ ਦੇ ਭਾਰ ਨਾਲ ਬਿਆਕੁਲ ਹੋ ਜਾਂਦੀ ਹੈ।

ਬੀਚ ਪਜਾਮੇ ਉਰੂ[1] ਜੁ[**] ਮੇਲੇ।
ਗੋਲ ਸਛੀਲਕ[2] ਜਨੁ ਜੁਗ ਕੇਲੇ।
ਚਾਰੁ ਚਕਿਤ ਮ੍ਰਿਗ ਸਿਸਿ ਦ੍ਰਿਗ ਸੋਹਤਿ[3]।
ਪਲਟ ਮੀਨ ਕੀ ਜਨੁ ਜਬਿ ਜੋਹਤਿ[4] ॥੧੩॥
ਜਾਵਦ ਛੁਅਤਿ ਅਪਰ ਨਹਿਂ ਲੋਗ।
ਤਾਵਦ ਸ਼ਾਹੁ ਆਪ ਕੇ ਜੋਗ।
ਜੈਮਲ ਸੇ ਜਾਚਹੁਗੇ ਜਬਿਹੂੰ।
ਅਰਪਹਿ ਸੁਤਾ ਤੁਮਹਿ ਕੋ ਤਬਿਹੂੰ ॥੧੪॥
ਨਹਿਂ ਜਗ ਮਹਿਂ ਕੋ ਤੁਮ ਤੇ ਆਛੋ।
ਭਾਗ ਬਡੇ ਰਾਵਰਿ ਜੇ[*] ਬਾਂਛੋ।
ਉਚਿਤ ਆਪ ਕੇ ਮੈਂ ਮਨ ਜਾਨੀ।
ਯਾਂ ਤੇ ਸਭਿਹੀ ਬਾਤ ਬਖਾਨੀ' ॥੧੫॥
ਇਮ ਗੁਨ ਸੁਨਿ, ਭਰਮਯੋ ਮਨ ਸ਼ਾਹੂ।
ਅਕਬਰ ਸ਼ਾਹੁ ਤੁਰਕ ਨਰਨਾਹੂ।
ਪਠਯੋ ਵਕੀਲ ਤਬਹਿ ਤਿਸ ਡੇਰੇ।
ਕਹਿ ਕਰਿ ਲਾਲਚ ਦੇਨਿ ਬਡੇਰੇ ॥੧੬॥
ਜੈਮਲ ਨਿਕਟਿ ਜਾਇ ਤਬਿ ਕਹਯੋ।
'ਸ਼ਾਹੁ ਪ੍ਰਸੰਨ ਤੁਮਹੁਂ ਪਰ ਲਹਯੋ।
ਬਹੁ ਹਿਤ ਕਰਿ ਕੈ ਮੋਹਿ ਪਠਾਵਾ।
ਬਾਰਿ ਬਾਰਿ ਤੁਵ ਸਤੁਤਿ ਸੁਨਾਵਾ ॥੧੭॥
-ਬਡੇ ਬਹਾਦਰ ਦੋਨਹੁਂ ਭ੍ਰਾਤਾ।
ਤਿਨਿ ਸਮਾਨ ਮੈਂ ਅਪਰ ਨ ਜਾਤਾ।
ਮੁਝ ਸੋਂ ਕਰਹਿਂ ਸਬੰਧ ਬਨਾਏ।
ਕਹਯੋ ਮੋਹਿ ਮਾਨਹਿਂ ਹਰਿਖਾਏ ॥੧੮॥
ਤਿਨ ਕੋ ਮਨਸਬ ਕਰਵ ਬਡੇਰੇ।
ਹੁਕਮ ਹੋਇ ਤਿਨ ਦੇਸ਼ਨ ਮੇਰੇ।
ਅਪਨੀ ਸੁਤਾ ਦੇਹਿਂ ਮੁਝ ਬਜਾਹਿ।

---

[1]ਪੱਟ।
[**]ਪਾ:-ਸੋ।
[2]ਛਿੱਲੇ ਹੋਏ।
[3]ਸੁੰਦਰ ਦ੍ਰਿਸ਼ਟੀ ਤੇ ਮਿਰਗ ਦੇ ਬੱਚੇ ਵਰਗੇ ਨੇਤਰ ਸ਼ੋਭਨੀਕ ਹਨ।
[4]ਪਲਟਕੇ ਜਦ ਵੇਖਦੀ ਹੈ ਮਾਨੋਂ ਮੱਛੀ ਵਰਗੇ (ਨੈਣ ਦਿੱਸਦੇ ਹਨ)।
[*]ਪਾ:-ਕੇ।

ਹਯ, ਹਾਥੀ, ਦਾਯਜ ਦੈ ਤਾਂਹਿ ॥੧੯॥
ਇਸ ਤੇ ਪਰੈ ਖੁਸ਼ੀ ਨਹਿਂ ਮੋਹਿ।
ਜੈਮਲ ਕੋ ਅਤਿਸ਼ੈ ਹਿਤ ਹੋਹਿ।'
ਸੁਨਿ ਰਜਪੂਤ ਮਹਾਂ ਦੁਖ ਮਾਨਾ।
ਹਨਜੋ ਕਾਨ ਜਨੁ ਤਾਨਿ ਸੁ ਬਾਨਾ[1] ॥੨੦॥
ਕਿਤਿਕ ਕਾਲ ਕਰਿ ਮੌਨ ਅਡੋਲਾ।
ਪੁਨ ਜੈਮਲ ਮੁਖ ਤੇ ਬਚ ਬੋਲਾ।
'ਤੁਰਕ ਸ਼ਾਹੁ ਹਮ ਹਿੰਦੂ ਧਰਮ।
ਨਹੀਂ ਸਮਾਨ ਦੁਹਨ ਕੇ ਕਰਮ ॥੨੧॥
ਅੰਤਰ ਰਾਤਿ ਦਿਵਸ ਕੋ ਅਹੈ[2]।
ਕਿਮ ਸਮਤਾ ਤਿਸ ਕੀ ਹਮ ਲਹੈਂ।
ਆਪਸ ਬਿਖੈ ਬਿਪਰਜੈ ਰੀਤਿ।
ਕਰੇ ਬਿਚਾਰ ਬਨਹਿਂ ਨਹਿਂ ਨੀਤਿ[3] ॥੨੨॥
ਅਸਮੰਜਸ ਇਹੁ ਕਿਮਿ ਬਨਿ ਆਵੈ।
ਭ੍ਰਾਤਨ ਮੈਂ ਕਜਾ ਬਦਨ ਦਿਖਾਵੈਂ।'
ਇਮ ਸੁਨਿ ਦੂਤ[4] ਜਾਇ ਸੁਧਿ ਦੀਨਸਿ।
'ਖੁਦਾਵੰਦ! ਨਹਿਂ ਮਾਨਨ ਕੀਨਸਿ[5] ॥੨੩॥
ਕਹਤਿ ਭਏ -ਹਮ ਹੈਂ ਰਜਪੂਤ।
ਤੁਰਕੇਸ਼ਰ ਸੋਂ[+] ਕਿਮ ਹੁਇ ਸੂਤ।
ਨਿਸਬਾਸੁਰ ਰਹਿਂ ਆਇਸੁ ਕਾਰੀ[6]।
ਬਿਧਿ ਸੰਬੰਧ ਕੀ ਹੁਇ ਨ ਹਮਾਰੀ ॥੨੪ ॥
ਦੋਹਰਾ: ਪਰਹਿ ਜੰਗ ਜਹਿਂ ਸ਼ਾਹੁ ਕੋ, ਤਹਾਂ ਸੁਧਾਰਹਿਂ ਕਾਰ।
ਨਾਂਹਿ ਤ ਹਿਤ ਤੁਰਕੇਸ਼ ਕੇ, ਪ੍ਰਾਨ ਦੇਹਿਂ ਲਲਕਾਰ ॥੨੫॥
ਚੌਪਈ: ਕਰਹਿਂ ਸਬੰਧ, ਨ ਧਰਮ ਹਮਾਰੋ।
ਨਿੰਦਹਿਂ ਜੀਵਤਿ ਜਗਤ ਮਝਾਰੋ-।'

---

[1]ਮਾਨੋਂ ਕੰਨ ਤਕ ਖਿਚਕੇ ਬਾਣ ਮਾਰਿਆ ਹੈ। (ਅ) (ਕਹਿਨ ਵਾਲੇ ਦੇ ਵਚਨ ਕੰਨਾਂ ਨੂੰ ਇਉਂ ਲਗੇ) ਮਾਨੋਂ ਕੰਨਾਂ ਵਿਚ ਕੱਸਕੇ (ਉਸਨੇ) ਤੀਰ ਮਾਰਿਆ ਹੈ।
[2]ਰਾਤ ਦਿਨ ਦਾ ਫਰਕ ਹੈ।
[3]ਨੀਤੀ।
[4]ਵਕੀਲ ਨੇ।
[5]ਨਹੀਂ ਮੰਨੀ।
[+]ਪਾ:-ਕੋ।
[6]ਰਹਾਂਗੇ ਆਗਿਆਕਾਰੀ।

ਅਕਬਰ ਕੇ ਉਰ ਮਹਿਂ ਲਿਵ ਲਾਗੀ।
ਸੁਨਿ ਗੁਨ ਤਿਯ ਕੇ ਲਾਲਸ ਜਾਗੀ ॥੨੬॥
ਪੁਨਹਿ ਦੂਤ ਸੋਂ ਕੀਨ ਬਖਾਨ।
'ਬਹੁਰ ਜਾਇ ਕਹੁ ਦੇ ਸਨਮਾਨ।
-ਮੁਝ ਤੇ ਭਲੋ ਜਗਤ ਮੈਂ ਕੌਨ।
ਤਨੁਜਾ ਕੋ ਦੈ ਹੈਂ ਜਿਸ ਭੌਨ ॥੨੭॥
ਮਮ ਘਰ ਮਹਿਂ ਬੇਗਮ ਕਹਿਲਾਵੈ।
ਸਭਿ ਜਹਾਨ ਜਿਹ ਸੀਸ ਨਿਵਾਵੈ।
ਜਿਸ ਤੇ ਪਰੈ ਨਹੀਂ ਬਡਿਆਈ।
ਰਾਉ ਰੰਕ ਮੈਂ ਕਰਵਿ ਬਨਾਈ[1] ॥੨੮॥
ਦੇਹੁ ਸੁਤਾ ਨਿਜ ਹਠਿ ਕੋ ਖੋਵਹੁ।
ਆਗੇ ਤੇ ਚੌਗੁਨ ਅਬਿ ਹੋਵਹੁ-।
ਜਬਿ ਇਮਿ ਕਹਜੋ ਨ ਮਾਨੈ ਸੋਇ।
ਅਪਨੇ ਹਠ ਮਹਿਂ ਰਹਹਿ ਖਰੋਇ ॥੨੯॥
ਤਬਿ ਮੇਰੇ ਦਲ ਬਲ ਕੋ ਤ੍ਰਾਸ।
ਕਰਹੁ ਸੁਨਾਵਨਿ ਸਭਿ ਤਿਨ ਪਾਸ।
-ਭੁਵਮੰਡਲ ਮਹਿਂ ਕਹਾਂ ਪਲਾਵਹੁ।
ਕਹਾਂ ਜਾਇ ਬਸਿ ਪ੍ਰਾਨ ਬਚਾਵਹੁ? ॥੩੦॥
ਸ਼ਾਹੁ ਗਹਹਿ ਤੁਮ ਕੋ ਸਭਿ ਠੌਰ।
ਨਹੀਂ ਬਚਾਇ ਸਕਹਿ ਕੋ ਔਰ-।
'ਸੁਨਿ ਅਕਬਰ ਤੇ ਗਮਨਜੋ ਦੂਤ।
ਮਿਲਜੋ ਜਾਇ ਜੈਮਲ ਰਜਪੂਤ ॥੩੧॥
ਕਹੀ ਸ਼ਾਹ ਕੀ ਸ਼ਕਲ ਸੁਨਾਈ।
'ਦੇਹ ਤ੍ਰਾਸ ਕੈ ਲੇਹੁ ਬਡਾਈ[2]।
ਇਹੁ ਤਉ ਬਾਤ ਟਰਹਿ ਨਹਿਂ ਕੈਸੇ।
ਦੇਹੁ ਸੁਤਾ ਕਾਰਜ ਸ਼ੁਭ ਐਸੇ' ॥੩੨॥
ਸੁਨਿ ਕੈ ਤਬਿ ਚਿੰਤਾ ਚਿਤ ਠਾਨੀ।
ਕਿਤਿਕ ਦੇਰ ਲੌਂ ਭਨੀ ਨ ਬਾਨੀ।
ਪੁਨ ਜੈਮਲ ਬੋਲਜੋ ਬਲ ਸਾਲੀ[3]।

---

[1]ਰੰਕਾਂ ਤੋਂ ਰਾਜੇ ਮੈਂ ਬਣਾ ਸਕਦਾ ਹਾਂ। (ਅ) ਰਾਉ ਰੰਕ (ਸਭ) ਵਿਚ (ਤੇਰੀ ਵਡਿਆਈ) ਬਣਾ ਦਿਆਂਗਾ।
[2]ਦੇਹ (ਪੁੱਤ੍ਰੀ ਤਾਂ) ਲੈ ਵਡਿਆਈ, (ਨਹੀਂ ਦੇਵੇ ਤਾਂ) ਦੇਵੇਗਾ ਤੈਨੂੰ ਤ੍ਰਾਸ।
[3]ਬਲ ਦਾ ਘਰ।

'ਇਸ ਕੋ ਉੱਤਰ ਦੈਂ ਹਮ ਕਾਲੀ[1] ॥੩੩॥
ਅਪਨੇ ਭ੍ਰਾਤਨਿ ਸਾਥਿ ਬਿਚਾਰਿ।
ਸਾਰ ਅਸਾਰ ਕਰਹਿਂ ਨਿਰਧਾਰ[2]।'
ਸੁਨਤਿ ਦੂਤ ਤਬਿ ਗਯੋ ਬਿਚਰਿ ਕੈ[3]।
ਫੱਤੇ ਸੋਂ ਜੈਮਲ ਮਿਲਿ ਕਰਿ ਕੈ ॥੩੪॥
ਮਹਾਂ ਸ਼ੋਕ ਦੁਖ ਮਨ ਮਹਿਂ ਪਾਗੇ।
ਦੋਨਹੁਂ ਮਸਲਤ ਕਰਨੇ ਲਾਗੇ।
'ਇਹੁ ਤੁਰਕੇਸ਼ ਬਡੋ ਗਰਬੀਲਾ।
ਧਨ ਦਲ ਬਲ ਤੇ ਅਧਿਕ ਹਠੀਲਾ ॥੩੫॥
ਹਮ ਰਜਪੂਤ ਸ਼ਸਤ੍ਰ ਬਡ ਧਾਰੀ।
ਇਸ ਕੇ ਸਾਥ ਨ ਬਨਹਿ ਹਮਾਰੀ।
ਜੇ ਤਨੁਜਾ ਦੇ ਰਾਜ ਕਮਾਵੈਂ।
ਨਿੰਦਾ ਹਲਤ ਪਲਤ ਦੁਖ ਪਾਵੈਂ ॥੩੬॥
ਗਢ ਚਿਤੌੜ ਚਢਿ ਚਲਹੁ ਸ਼ਿਤਾਬੀ।
ਤਹਾਂ ਜੰਗ ਹਮ ਕਰਹਿਂ ਅਜਾਬੀ[4]।
ਇਸ ਕੋ ਲਸ਼ਕਰ ਦੇਹਿਂ ਖਪਾਇ।
ਹਨਹਿਂ ਸ਼ਸਤ੍ਰ ਜੈ[5] ਲੇਹਿਂ ਉਪਾਇ ॥੩੭॥
ਨਾਂਹਿ ਤ ਧਰਮ ਜੁੱਧ ਮਹਿਂ ਮਰਿਹੈਂ।
ਸੁਰ ਪੁਰਿ ਬਿਖੈ ਪਯਾਨੋ ਕਰਿਹੈਂ।
ਜੰਗ ਕਰਨ ਤੇ ਦੋਨਹੁਂ ਲੋਕ।
ਸੁਧਰਤਿ ਹੈਂ, ਤਜਿ ਦਜੋ ਮਨ ਸ਼ੋਕ ॥੩੮॥
ਤਨੁਜਾ ਦੇਨਿ ਬਿਖੈ ਦੁਖ ਪਾਵੈਂ।
ਲੋਕ ਜਾਇ ਪਰਲੋਕ ਗਵਾਵੈਂ।
ਜੀਵਨ ਧੰਨ[6] ਤਿਸੀ ਕੋ ਅਹੈ।
ਜਗ ਉਸਤਤਿ*, ਮਰਿ ਸੁਰ ਪੁਰਿ ਲਹੈ' ॥੩੯॥
ਅਸ ਮਸਲਤ ਕਰਿ ਦੋਨਹੁਂ ਭ੍ਰਾਤ।

---

[1]ਕਲ ਨੂੰ।
[2]ਨਿਰਨੇ।
[3]ਵਿਚਾਰਕੇ ਚਲਾ ਗਿਆ।
[4]ਅਸਚਰਜ।
[5]ਸ਼ਸਤ੍ਰ ਮਾਰਕੇ ਫਤੇ।
[6]ਧੰਨਤਾ ਯੋਗ।
*ਪਾ:-ਜਗਤ ਸਤੁਤਿ।

ਬਡੇ ਸੁਭਟ ਚਢਿ ਚਲੇ ਰਿਸਾਤ।
ਮਗ ਮਹਿਂ ਲੂਟ ਕੂਟ ਪੁਰਿ ਗ੍ਰਾਮ।
ਜਾਇ ਪਹੂੰਚੇ ਅਪਨੇ ਧਾਮ ॥੪੦॥
ਗਢ ਚਿਤੌੜ ਆਕੀ ਹੁਇ ਰਹੇ।
ਸਗਲ ਬਿਧਿਨਿ ਤਕਰਾਈ ਗਹੇ।
ਸੈਨ ਸਕੇਲਿ ਦੁਰਗ ਕਰਿ ਤਯਾਰੀ।
ਚਹਿਯ[1] ਵਸਤੁ ਸਭਿ ਅੰਤਰ ਡਾਰੀ ॥੪੧ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੈਮਲ ਫੱਤੇ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

---

[1]ਲੋੜੀਂਦੀ।

੫. [ਅਕਬਰ ਦੀ ਚੜ੍ਹਾਈ ਤੇ ਚਿਤੌੜ ਦਾ ਜੰਗ]

੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੬

ਦੋਹਰਾ: ਗਢ ਚਿਤੌੜ ਆਕੀ ਭਏ,
ਜੈਮਲ ਫੱਤਾ ਭ੍ਰਾਤ।
ਸੁਨਿ ਅਕਬਰ ਸਹਿ ਨਹਿਂ ਸਕ੍ਯੋ,
ਰਿਸ੍ਯੋ ਓਠ ਫਰਕਾਤਿ[1] ॥੧॥
ਚੌਪਈ: ਸਭਿ ਸੂਬੇ ਢਿਗ ਜੇ ਉਮਰਾਊ।
ਤਿਨ ਦੇ ਕਰਿ ਨੀਕੇ ਸਿਰੁਪਾਊ।
ਰਣ ਸਾਮਿੱਗਰੀ ਸਕਲ ਦਿਵਾਈ।
ਉਚਿਤ ਜਾਨ ਕਰਿ ਦੀਨ ਬਡਾਈ ॥੨॥
ਸੈਨ ਸਕੇਲਿ ਦੇਸ਼ ਤੇ ਭਾਰੀ।
ਸਾਜ਼ੀ, ਪੈਦਲ, ਗਜ, ਅੰਬਾਰੀ[2]।
ਤੋਪ, ਰਹਿਕਲੇ, ਤੁਪਕ, ਜਮੂਰੇ[3]।
ਅਤਿ ਉਤਸਾਹ ਭਰੇ[+] ਉਰ ਸੂਰੇ ॥੩॥
ਤਬਿ ਅਕਬਰ ਸਭਿ ਪੀਰ ਮਨਾਏ।
ਭੇਟ ਸ਼ੀਰਨੀ ਦੇ ਅਧਿਕਾਏ।
ਚਢੀ ਕਮਾਨ ਬੀਚ ਅਜਮੇਰ[++]।
ਭਯੋ ਪ੍ਰਸੰਨ ਸ਼ਾਹੁ ਸਮ ਸ਼ੇਰ ॥੪॥
ਗਢ ਚਤੌੜ ਦਿਸ਼ ਦੀਨ ਚਢਾਇ।
ਚਢ੍ਯੋ[**] ਸ਼ਾਹੁ ਬਡ ਬੰਬ ਬਜਾਈ[4]।
ਸਨੈ ਸਨੈ ਡੇਰੇ ਕਰਿ ਕੂਚੰ।
ਗਢ ਰਿਪੁ ਕੇ ਤਬਿ ਜਾਇ ਪਹੂਚੰ ॥੫॥
ਲਾਇ ਮੋਰਚੇ ਦੀਨ ਚੁਫੇਰੇ।

---

[1]ਗੁੱਸਾ ਕੀਤਾ (ਐਸਾ ਕਿ) ਬੁੱਲ੍ਹ ਫੁਰਕਦੇ ਹਨ।
[2]ਸਾਜ਼ੀ = ਸਾਜ਼ ਵਾਲੀ, ਜਿਸ ਪਰ ਸਾਜ਼ ਲੱਗੇ ਭਾਵ ਘੋੜ ਚੜ੍ਹੀ ਸੈਨਾ, ਪੈਦਲ = ਪਿਆਦਾ ਫੌਜ। ਗਜ = ਹਾਥੀ ਸੈਨਾ। ਅੰਬਾਰੀ = ਰਥਾਂ ਵਾਲੀ ਸੈਨਾ।
[ਫਾ: ਅਮਾਰੀ = ਰਥ, ਗੱਡੀ। ਅੰਮਾਰੀ = ਹਾਥੀ ਦਾ ਹੌਦਾ]
[3]ਤੋਪਾਂ ਦੇ ਭੇਦ ਹਨ।
ਤੁਪਕ = ਬੰਦੂਕ।
[+]ਪਾ:-ਭਏ।
[++]ਅਮਜੇਰ ਵਿਚ ਚਿਸ਼ਤੀ ਫਕੀਰਾਂ ਦਾ ਟਿਕਾਣਾ ਹੈ ਜਿਸਨੂੰ ਮੁਗ਼ਲ ਪਾਤਸ਼ਾਹ ਮੰਨਦੇ ਸਨ। ਅਕਸਰ ਪਾਤਸ਼ਾਹ ਜੰਗ ਵੇਲੇ ਏਸ ਮੰਦਰ ਵਿਚ ਕਮਾਨ ਚੜ੍ਹਾਯਾ ਕਰਦੇ ਸਨ।
[**]ਪਾ:-ਚਲ੍ਯੋ।
[4]ਰਣ ਨਾਦ ਨਾਲ।

ਪਰਜੋ ਜੁੱਧ ਘਮਸਾਨ ਘਨੇਰੇ।
ਚਲਹਿਂ ਤੋਪ ਜਨੁ ਗਾਜ ਗਜਬ ਕੀ[੧]।
ਉਡਹਿਂ ਸੁਰੰਗਨ ਮਾਰ ਅਜਬ ਕੀ[੨] ॥੬॥
ਤਬਿ ਰਜਪੂਤ ਅਫੀਮ ਚਢਾਇ[੩]।
ਮੁਖ ਲਾਲੀ ਮਨ ਕੋਪ ਬਢਾਇ।
ਗਹਿ ਸ਼ਮਸ਼ੇਰ ਹੋਇ ਸਮ ਸ਼ੇਰ।
ਮਾਰਿ ਮਾਰਿ ਕਰਿ ਪਰੇ ਦਲੇਰ ॥੭॥
ਦੌਰਿ ਦੌਰਿ ਕਰਵਾਰ ਪ੍ਰਹਾਰੈਂ[੪]।
ਬਜਹਿ ਸਰੋਹੀ[੫] ਪਾਰ ਉਤਾਰੈਂ।
ਛੁਟਹਿ ਤੁਫੰਗ[੬] ਗਡਹਿਂ ਤਨ ਗੋਰੀ[੭]।
ਰੁਧਿਰ ਭੀਜਿ ਜਨੁ ਖੇਲਹਿਂ ਹੋਰੀ ॥੮॥
ਪਰਹਿਂ ਗੁਬਾਰੇ ਦੁਰਗ ਮਝਾਰ।
ਏਕ ਵਾਰ ਤੇ ਅਨਿਕ ਸੰਘਾਰ।
ਹਲਾ ਹਲੀ ਮਾਚਯੋ ਸੰਗ੍ਰਾਮਾ[੮]।
ਮਰਹਿਂ ਪਰਸਪਰ ਬਜੈ ਦਮਾਮਾ ॥੯॥
ਤੁਰਰੀ[*] ਰਣਸਿੰਘੇ ਗਣ ਢੋਲ।
ਪਟਹਿ[੯] ਨਫੀਰਨ[੧੦] ਕੇ ਬਡ ਬੋਲ।
ਤੋਪ ਰਹਿਕਲੇ ਛੁਟਹਿਂ ਜੰਜੈਲ[੧੧]।
ਚਲਹਿਂ ਜਮੂਰੇ[੧੨] ਗੂੰਜਤਿ ਸੈਲ[੧੩] ॥੧੦॥
ਭਯੋ ਕੁਲਾਹਲ ਸੂਰਨਿ ਕੇਰਾ।

---

[1]ਗਜਬ ਦੀ ਗਰਜ। ਬਿਜਲੀ ਦਾ ਕਹਿਰ।
[2]ਸੁਰੰਗਾਂ ਉਡਦੀਆਂ ਤੇ ਕਹਿਰ ਦੀ ਮਾਰ ਪੈਂਦੀ ਹੈ। [ਅੁਜ਼ਾਬ ਦਾ ਅਜਬ ਹੈ। ਯਾ-ਅਜੀਬ ਦਾ ਅਜਬ ਹੈ] ਦੇਖੋ ਇਸ ਅੰਸੂ ਦਾ ਅੰਕ ੨੮।
[3]ਖਾ ਕਰਕੇ।
[4]ਤਲਵਾਰਾਂ ਮਾਰਦੇ ਹਨ।
[5]ਤਲਵਾਰ।
[6]ਬੰਦੂਕ।
[7]ਗੋਲੀਆਂ।
[8]ਯੁੱਧ।
[*]ਪਾ:-ਤੁਰਣੀ।
[9]ਇਕ ਤਰ੍ਹਾਂ ਦੀ ਦੁੰਦਭੀ।
[10]ਤੁਰਹੀ, ਬੰਸਰੀ ਵਰਗੀ।
[11]ਤੋਪ ਦੀ ਕਿਸਮ।
[12]ਤੋਪ ਦੀ ਕਿਸਮ।
[13]ਪਹਾੜ ਗੂੰਜਦੇ ਹਨ।

ਉਠਯੋ ਸ਼ਬਦ ਚਹੁਂ ਦਿਸ਼ਨਿ ਬਡੇਰਾ।
ਝਟ ਪਟ ਕਟਿ ਕਟਿ ਸੁਭਟ ਲਿਟੇ ਹੈਂ।
ਸਟਪਟ ਜੁਟ ਕਰਿ ਰਿਸ ਨ ਮਿਟੇ ਹੈਂ[੧] ॥੧੧॥
ਕਟੇ ਅੰਗ ਲੋਹੂ ਬਹੁ ਚਾਲੇ।
ਜੁੱਧ ਖੇਤ ਮਹਿਂ ਗਨ ਮੁਰਛਾਲੇ[੨]।
ਕੇਤਿਕ ਕੇ ਕਰ ਪਗ ਉਡ ਗਏ।
ਗੋਰੇ ਲਗਹਿਂ ਨਹੀਂ ਥਿਤ ਭਏ ॥੧੨॥
ਕੜਾ ਕੜੀ ਕਰਵਾਰਨਿ ਕਰੀ।
ਠਿਲਾ ਠਿਲੀ ਸੇਲਨ, ਸਰ ਸਰੀ[੩]।
ਹਥਾਵਥੀ ਹਥਿਆਰਨਿ ਹੋਏ[੪]।
ਸਾਂਗਨਿ ਅੰਗ ਨਿਸੰਗ ਪਰੋਏ[੫+] ॥੧੩॥
ਉਡਹਿ ਬਰੂਦ ਸਾਥ ਨਭ ਮਾਂਹੀ।
ਭ੍ਰਮਤਿ ਗਿਰਤਿ ਪ੍ਰਾਨਨ ਬਿਨਸਾਂਹੀ।
ਲਗੈਂ ਘਾਵ[੬] ਸਨਮੁਖ ਮਰਿ ਰਹੈਂ।
ਸ਼ੱਤ੍ਰ ਆਇ ਸਨਮੁਖ ਨਹਿਂ ਸਹੈਂ[੭] ॥੧੪॥
ਹੋਠਨ ਕਾਟਤਿ ਮੂੰਡ[੮] ਪਰੇ ਹੈਂ।
ਰੁੰਡ[੯] ਪਰੇ ਕਰ ਸ਼ਸਤ੍ਰ ਧਰੇ ਹੈਂ।
ਆਮਿਖ ਗ੍ਰਿੱਧ ਬ੍ਰਿੱਧ ਕੋ ਖਾਵੈਂ।
ਜੰਬੁਕ[੧੦] ਤ੍ਰਿਪਤੈਂ ਕੂਕ ਸੁਨਾਵੈਂ ॥੧੫॥
ਲੋਥਨ ਗਨ ਕੋ ਪੋਥਨ[੧੧] ਕਰੈਂ।
ਸ਼੍ਰੋਣਿਤ ਖੱਪਰ ਜੋਗਨਿ ਭਰੈਂ।
ਨਿਕਸ ਪਰੇ ਭਟ ਜੈਮਲ ਫੱਤਾ।

---

[1]ਜਲਦੀ ਜੁੜ ਗਏ ਗੁੱਸੇ ਨਹੀਂ ਮਿਟੇ।
[2]ਬੇਸੁਰਤ ਪਏ।
[੩]ਬਰਛਿਆਂ ਦੀ (ਹੋਈ), ਬਾਣ ਤੇ ਬਾਣ ਚਲਿਆ।
[4]ਹੱਥੋ ਹੱਥੀ ਹਥਿਆਰ ਫੜਕੇ ਜੁੱਟ ਗਏ।
[5]ਬਰਛੀਆਂ ਨਾਲ ਅੰਗ ਪਰੋਤੇ ਨਿਸੰਗ ਹੋਕੇ।
[+]ਪਾ:-ਸਾਂਗਨ ਸੰਗ ਨਿਸੰਗ ਪਰੋਏ-ਸਾਂਗਾਂ ਨਾਲ ਨਿਸ਼ੰਕ ਪ੍ਰੋਤੇ ਗਏ।
[6]ਜ਼ਖਮ।
[7]ਸ਼ੱਤ੍ਰੂ ਸਾਮ੍ਹਣੇ ਆਵੇ (ਇਹ) ਨਹੀਂ ਸਹਾਰਦੇ।
[8](ਵੱਢੇ ਹੋਏ) ਸਿਰ।
[9]ਧੜ।
[10]ਗਿੱਦੜ।
[11]ਢੇਰ।

ਬਿਚਰਤਿ ਰਣ ਮਹਿਂ ਜਿਮ ਗਜ ਮੱਤਾ ॥੧੬॥
ਪ੍ਰਿਥਮ ਤੁਫੰਗਨ ਕੀ ਕਰਿ ਮਾਰ।
ਬੀਚ ਮੋਰਚੇ ਸੁਭਟ ਸੰਘਾਰਿ।
ਇਤ ਤੇ ਚਢੀ ਸ਼ਾਹ ਕੀ ਸੈਨਾ।
ਮਿਲੇ ਸਮੁਖ ਮੁਖ ਭਟ ਰਣ ਐਨਾ[1] ॥੧੭॥
ਚਲਨ ਲਗੵੋ ਤੀਖਨ ਗਨ ਸਾਰ।
ਮਾਰਿ ਮਾਰਿ ਕਰਿ ਪਰੇ ਜੁਝਾਰ।
ਨਮਸਕਾਰਨੀ ਤੇ ਛੁਟਿ ਗੁਲਕਾ[2]।
ਜ੍ਵਾਲਾ ਜ੍ਵਲਹਿ ਦਿਪਹਿਂ ਜਨੁ ਉਲਕਾ[3] ॥੧੮॥
ਚਹੁਂ ਓਰਨ ਗੋਰਨਿ ਮੁਚਕੰਤੀਂ[4]।
ਜਨੁਓਰਨ ਘੋਰਨ[5] ਬਰਖੰਤੀ।
ਉਰ ਫੇਰਨ ਤੋਰਨ ਮੁਖ ਕਰੈਂ[6]।
ਡਰ ਹੋਰਨ ਕੋ ਕੋ ਰਨ ਅਰੈ[7] ॥੧੯॥
ਚਹੁਂ ਦਿਸ਼ ਤੇ ਉਮਡੵੋ ਦਲ ਭਾਰੀ।
ਜੈਮਲ ਫੱਤਾ ਘੇਰਿ ਮਝਾਰੀ।
'ਮਾਰਹੁ ! ਪਕਰਹੁ ! ਜਾਨ ਨ ਦੈਹੋ।'
ਦੌਰਹਿਂ ਕਹਹਿਂ 'ਰੋਕ ਇਨ ਲੈਹੋ' ॥੨੦॥
ਜਬਿ ਰਜਪੂਤ ਰੁਕੇ ਇਸ ਭਾਂਤੀ।
ਜੁੱਧ ਕ੍ਰੋਧ ਕਰਿ ਆਂਖਨ ਰਾਤੀ।
ਪ੍ਰਿਥਮ ਤੁਫੰਗਨ ਕੀ ਕਰਿ ਮਾਰਿ।
ਤੋਮਰ[8] ਸਾਂਗਨਿ[9] ਸੇਲ[10] ਸੰਭਾਰ ॥੨੧॥
ਪੁਨਿ ਤਰਵਾਰਨ ਪਰ ਕਰ ਧਰੇ।

---

[1]ਆਮ੍ਹੋ ਸਾਮ੍ਹਣੇ ਹੋਕੇ ਮਿਲੇ ਸੂਰਮੇ ਰਣਭੂਮਕਾ ਵਿਚ।
[2]ਬੰਦੂਕਾਂ ਤੋਂ ਛੁਟੀਆਂ ਗੋਲੀਆਂ।
[3]ਚੁਆਤੀਆਂ।
(ਅ) ਟੁੱਟਦੇ ਤਾਰੇ।
[4]ਚਹੁੰਆਂ ਪਾਸਿਆਂ ਤੋਂ ਗੋਲੀਆਂ ਛੁਟਦੀਆਂ ਹਨ।
[5]ਗੜੇ ਭਜਾਨਕ
(ਅ) ਗੱਜਕੇ (ਬੱਦਲ)।
[6]ਛਾਤੀ ਫੋੜਦੀਆਂ ਤੇ ਮੂੰਹ ਤੋੜਦੀਆਂ ਹਨ।
[7]ਕੌਣ ਰਣ ਵਿਚ ਅੜੇ। (ਅ) ਕ੍ਰੋੜਾਂ ਅੜੇ।
[8]ਨੇਜ਼ੇ।
[9]ਬਰਛੇ।
[10]ਸੇਲੇ।

ਸਨਮੁਖ ਮੁਖ ਕਰਿ ਦੁਹਿਦਿਸ਼ ਭਿਰੇ।
ਅੰਗ ਬਿਦੀਰਨਿ[੧] ਜੋਧਾ ਭਏ।
ਘਾਇਲ ਘੂਮਤਿ ਮੁਰਛਾ ਲਏ ॥੨੨॥
ਕਟਿ ਕਟਿ ਗਿਰੇ ਸੁਭਟ ਰਣ ਮਾਂਹੀ।
ਮਰੇ ਸਮੁਖ ਸੁਰਪੁਰਿ ਕੋ ਜਾਹੀਂ।
ਨਹੀਂ ਚਰਨ ਇਕ ਹਟੇ[*] ਪਿਛਾਰੀ।
ਸ਼੍ਰੋਣਿਤ ਬਿਖਰਯੋ ਅਵਨਿ ਮਝਾਰੀ ॥੨੩॥
ਮ੍ਰਿਤਕ ਅਨੇਕ ਪਰੇ ਛਿਤ ਕੀਰਨ[੨]।
ਕਰ ਪਗ ਕਟਿ ਹੋਏ ਬਿਸਤੀਰਨ।
ਆਂਤ੍ਰੈ[੩] ਕੇਸ ਬਿਸਾਲ ਪਰੇ ਹੈਂ।
ਖੜਗ ਤੁਟੇ ਗਨ ਕਵਚ[੪] ਗਿਰੇਹੈਂ ॥੨੪॥
ਕਹੂੰ ਤੁਰੰਗ ਮਰੇ ਧਰਿ ਪਰੇ।
ਕਹੂੰ ਤੁਫੰਗ ਛੂਛੀਅਨ ਧਰੇ।
ਤੋਮਰ ਸਾਥ ਬਿਧੇ ਤਨੁ ਕੇਤੇ।
ਗੋਰੀ ਲਗੀ ਫਟੇ ਉਰਤੇਤੇ ॥੨੫॥
ਕਿਤਿ ਤਰਫਤਿ ਮਾਂਗਤਿ[+] ਹੈਂ ਪਾਨੀ।
'ਹਾਇ ਹਾਇ ਹਤਿ[੫]' ਕੂਕਤਿ ਬਾਨੀ।
ਜੰਬੁਕ ਮ੍ਰਿਤਕ ਘਸੀਟਤਿ ਕਾਂਹੂ।
ਕਾਕ ਗ੍ਰਿੱਧ ਤ੍ਰਿਪਤੇ ਰਣ ਮਾਂਹੂ ॥੨੬॥
ਹਲਾਹਲੀ ਮਾਚਯੋ ਸੰਗ੍ਰਾਮਾ।
ਮਰਿ ਮਰਿ ਪਹੁੰਚਤਿ ਭੇ ਜਮ ਧਾਮਾ।
ਇਸ ਪ੍ਰਕਾਰ ਰਣ ਘਾਲਿ ਘਨੇਰੇ।
ਹਟਿ ਪ੍ਰਵਿਸ਼ੇ ਨਿਜ ਦੁਰਗ ਬਡੇਰੇ ॥੨੭॥
ਵਹਿਰ ਤੁਰਕ ਸੈਨਾ ਢੁਕਿ ਨੇਰੇ।
ਕਰੇ ਮੋਰਚੇ ਗਢ ਚਉਫੇਰੇ।

---

[1]ਜੋਧਿਆਂ ਦੇ ਅੰਗ ਤ੍ਰੁੱਟੇ।
[*]ਪਾ:-ਟਰੇ।
[2]ਖਿੰਡੇ ਹੋਏ [ਸੰਸ: ਕੀਰਣ]
(ਅ) ਛਿਤ ਕੀ ਰਨ = ਯੁਧ ਭੂਮਕਾ (ਵਿਚ)।
[3]ਆਂਦਰਾਂ।
[4]ਸੰਜੋਇ।
[+]ਪਾ:-ਮੰਗਤ।
[5]ਮਾਰੇ ਗਏ।

ਧਹਾ ਧਹੀ[1] ਤੋਪਨਿ ਕੋ ਮਾਰੈਂ।
ਉਡਹਿਂ ਸੁਰੰਗਨਿ ਗਜਬ ਗੁਜ਼ਾਰੈਂ[2] ॥੨੮॥
ਅੰਤਰ ਤੇ ਗਨ ਤੁਪਕ ਚਲਾਵੈਂ।
ਆਵਤਿ ਜਾਤਿ ਅਨਿਕ ਭਟ ਘਾਵੈਂ।
ਇਸੀ ਰੀਤ ਨਿਤ ਮਾਚਹਿ ਜੰਗ।
ਲਿਟਹਿਂ ਸੁਭਟ ਜਨੁ ਪਰੇ ਮਲੰਗਾ ॥੨੯॥
ਗੋਰੇ ਗੋਰੀ[3] ਬਰਖਾ ਬਰਖਹਿਂ।
ਹੋਤਿ ਸ਼ਬਦ ਕਾਇਰ ਉਰ ਧਰਖਹਿਂ।
ਉਠਹਿਂ ਪਲੀਤੇ[4] ਦਾਗਹਿਂ ਤੋੜੇ।
ਕੜਕਹਿਂ ਤੜਿਤਾ ਸਮ ਮੁਖ ਮੋੜੇ[5] ॥੩੦॥
ਕਿਤਿਕ ਦਿਵਸ ਮਹਿਂ ਪੁਨ ਕਰਿ ਤਜਾਰੀ।
ਨਿਕਸੇ ਵਹਿਰ ਭੇੜ ਕਰਿ[6] ਭਾਰੀ।
ਮਾਰਨ ਮਰਨ ਸੁਭਟ ਕਰਿ ਸੂਰਿ[7]।
ਕਟਿ ਕਟਿ ਅੰਗ ਮਿਲਤਿ ਹੈਂ ਧੂਰ ॥੩੧॥
ਲਰਿ ਲਰਿ ਪਚਿ ਪਚਿ ਸ਼੍ਰਮਤ ਸੁ ਹੋਇ।
ਕਟਿ ਕਟਿ ਨਿਜ ਦਿਸ਼ ਹਟਿ[8] ਦਲ ਦੋਇ।
ਸੰਮਤਿ ਕਿਤਿਕ ਬਿਤੀਤਤਿ ਭਏ।
ਨਹੀਂ ਜੁਧ ਕੋ ਮੇਟਨ ਕਏ ॥੩੨॥
ਬੀਚ ਮੋਰਚਨਿ ਹੋਤਿ ਲਰਾਈ।
ਤੋਪ, ਤੁਪਕ, ਜੰਜੈਲ ਚਲਾਈ।
ਗੋਲੇ ਗੁਲਕਾਂ ਲਾਗਹਿਂ ਘਾਇ।
ਨਿਤਪ੍ਰਤਿ ਹਤਿ ਹੈਂ ਸੁਭਟ ਰਿਸਾਇ ॥੩੩॥
ਕਈ ਬਾਰ ਹੇਲਾ ਕਰਿ ਪਰੈਂ।
ਦੌਰਿ ਦੌਰਿ ਸਨਮੁਖ ਹੁਇ ਮਰੈਂ।
ਜ੍ਵਾਲਾ ਬਮਣੀ ਕਰਿ ਕਰਿ ਤਜਾਰੀ।

---

[1]ਧਾ ਧਾ ਕਰਕੇ।
[2]ਸੁਰੰਗਾਂ ਉਡਦੀਆਂ ਹਨ ਤੇ ਕਹਿਰ ਹੁੰਦਾ ਹੈ।
ਦੇਖੋ ਅੰਸੂ ੭. ਅੰਕ ੨੧, ਜਿਥੇ ਦਸਿਆ ਹੈ ਕਿ ਸੁਰੰਗਾਂ ਖੋਦਕੇ (ਬਰੂਦ ਭਰਕੇ) ਉਡਾਈਆਂ।
[3]ਗੋਲੇ ਗੋਲੀਆਂ ਦੀ।
[4]ਉਹ ਬਲਦੀ ਬੱਤੀ ਜਿਸ ਨਾਲ ਅੱਗ ਦੇਂਦੇ ਹਨ।
[5]ਮੂੰਹ ਮੋੜ ਦੇਂਦੇ ਹਨ।
[6]ਲੜਾਈ ਕਰਨ ਨੂੰ।
[7]ਸੂਰਮਗਤੀ ਕਰਕੇ ਸੂਰਮੇ ਮਾਰਦੇ ਤੇ ਮਰਦੇ ਹਨ।
[8]ਹਟੇ।

ਦਾਗਹਿਂ ਏਕ ਬਾਰ ਭਟ ਮਾਰੀ* ॥੩੪॥
ਅਨਿਕ ਜਤਨ ਕੋ ਰਚਹਿਂ ਬਨਾਇ।
ਹਤਹਿਂ ਦੁਰਗ ਕਿਮ ਜੈ ਕੋ ਪਾਇ।
ਦੁਹੂਂ ਦਿਸ਼ਨਿ ਕੇ+ ਭਟ ਬਹੁ ਮਾਰੇ।
ਲਰਹਿਂ ਪਰਸਪਰ ਮਰਹਿਂ ਜੁਝਾਰੇ ॥੩੫॥
ਨਿਜ ਨਿਜਪਤਿ[1] ਕੀ ਜੀਤ ਚਹੰਤੇ।
ਹੇਤੁ ਜੀਵਕਾ ਲਰਤਿ ਮਰੰਤੇ।
ਦੁਹਦਿਸ਼ ਬਜਹਿਂ ਜੁਝਾਊ ਬਾਜੇ[2]।
ਕਰਿ ਉਤਸਾਹੁ ਭਿਰਤਿ ਬਡ ਰਾਜੇ ॥੩੬॥
ਗਢ ਚਤੌੜ ਕਹੁ ਕਰਿ ਕੈ ਘੇਰਾ।
ਪਰਯੋ ਕਟਕ ਬਡ ਅਕਬਰ ਕੇਰਾ।
ਲਰਿ ਬਹੁ ਬਾਰ ਭਏ ਭਟ ਹੌਰੇ।
ਸਨੈ ਸਨੈ ਲਰਤੇ ਨਿਜ ਠੌਰੇ ॥੩੭॥
ਇਸ ਪ੍ਰਕਾਰ ਘੇਰੇ ਕੌ ਪਾਇ।
ਪਰਯੋ ਸ਼ਾਹੁ ਅਕਬਰ ਤਿਸੁ ਥਾਇਂ।
ਕਿਤਿਕ ਬਰਖ ਤਹਿਂ ਬੀਤ ਗਏ ਹੈਂ।
ਨਹਿਂ ਸੰਗ੍ਰਾਮ ਸੁ ਟਿਕਨ ਕਿਯੇ ਹੈਂ[3] ॥੩੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਗਢ ਚਤੌਰ ਕੋ ਜੰਗ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

---

*ਪਾ:-ਭਾਰੀ।
+ਪਾ:-ਤੇ।
[1]ਆਪੋ ਆਪਣੇ ਮਾਲਕ ਦੀ।
[2]ਜੰਗ ਦੇ ਵਾਜੇ।
[3]ਲੜਾਈ ਤੋਂ ਟਿਕਣਾ ਨਹੀਂ ਕੀਤਾ, ਭਾਵ ਜੰਗ ਛੱਡਿਆ ਨਹੀਂ।

੬. [ਅਕਬਰ ਨੂੰ ਇਕ ਸਿੱਖ ਨੇ ਗੁਰੂ ਜੀ ਦੀ ਸੁਧਿ ਦਿੱਤੀ]

੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੭

ਦੋਹਰਾ: ਬਹੁਤ ਬਰਖ ਜਬ ਬੀਤ ਗੇ,
ਅਕਬਰ ਸ਼ਾਹੁ ਬਿਸਾਲ।
ਸੋਚਤਿ ਸੋਚਨ ਕੋ ਅਧਿਕ,
ਕਰਿ ਬਿਚਾਰ ਤਿਸ ਕਾਲ ॥੧॥
ਚੌਪਈ: ਸਭਿ ਸੂਬੇ ਉਮਰਾਉ ਬੁਲਾਏ।
ਗਨ ਮੰਤ੍ਰੀ ਸੁਨਿ ਕਰਿ ਚਲਿ ਆਏ।
ਮੁਖੀ* ਸੈਨ ਕੇ ਸਕਲ ਹਕਾਰੇ।
ਨਿਜ ਸਾਮੀਪ ਕਹਤਿ ਸਤਿਕਾਰੇ ॥੨॥
ਜਬਿ ਸਭਿ ਆਏ ਲਗ਼ੋ ਦਿਵਾਨ।
ਉਮਰਾਵਨ ਦਿਸ਼ ਦਿਖਿ ਸੁਲਤਾਨ।
ਕਹਤਿ ਭਯੋ 'ਸੁਨ ਹੋ ਬਚ ਸਾਰੇ।
ਕਰਹੁ ਬਿਚਾਰਨ ਪੁਨਹੁਂ ਉਚਾਰੇ[1] ॥੩॥
ਜਬਿ ਦਿੱਲੀ ਤੇ ਚਢੇ ਚਤੌਰ।
ਤਬਹਿ ਮਨਾਏ ਸਭਿ ਹੀ ਠੌਰ।
ਜਿਤੇ ਪੀਰ ਸਭਿ ਕੋ ਮੈਂ ਮਾਨਾ।
ਦੀਨ ਸ਼ਰੀਨੀ+ ਵਸਤੂ ਨਾਨਾ ॥੪॥
ਸਭਿਹਿਨਿ ਕੀ ਆਗਜਾ ਕਹੁ ਪਾਏ।
ਬਿਚ ਅਜਮੇਰ ਕਮਾਨ ਚਢਾਏ।
ਮੈ ਨਿਜ ਕਾਰਜ ਕੌ ਸਿਧ ਜਾਨਾ।
ਕਰਿ ਪੀਰਨ ਪਰ ਸਿਦਕ ਮਹਾਨਾ ॥੫॥
ਚਢਿ ਚਤੌਰ ਪਰ ਆਯਹੁ ਤਬੈ।
ਅਪਨੋ ਦਲ ਸੰਗ ਲੈ ਕਰਿ ਸਬੈ।
ਇਹਾਂ ਜੰਗ ਜੇਤਾ ਕਛੁ ਭਯੋ।
ਸਕਲ ਬੀਚ ਤੁਮ ਜਾਨਿ ਸੁ ਲਯੋ ॥੬॥
ਅਨਿਕ ਜਤਨ ਕਰਿ ਕੀਨਿ++ ਲਰਾਈ।
ਜੋਧਾ ਮਰੇ ਬ੍ਰਿੰਦ ਦੁਹ ਘਾਈ[2]।

---

*ਪਾ:-ਮੁੱਖਜ।
[1]ਤੇ ਫੇਰ ਕਹੋ।
+ਪਾ:-ਸੀਰਨੀ।
++ਪਾ:-ਅਨਿਕ।
[2]ਦੋਹਾਂ ਪਾਸਿਆਂ ਦੇ।

ਬਰਖ ਕਿਤੇ ਬੀਤੇ ਇਸ ਥਾਨ।
ਖਰਚ ਖਜ਼ਾਨਾ ਭਯੋ ਮਹਾਨ ॥੭॥
ਬਹੁਤੇ ਸੁਭਟ ਰਹੇ ਰਨ ਠੌਰ।
ਬਿਦਤ ਜੁੱਧ ਭਾ ਸਭਿ ਮਹਿਂ ਗੌਰ[1]।
ਚਾਰਹੁਂ ਦਿਸ਼ਾ ਬਿਖੈ ਸੁਨਿ ਗਯੋ[2]।
-ਸ਼ਾਹ ਚਤੌਰ ਸੰਗ ਰਣ ਭਯੋ- ॥੮॥
ਬਿਨ ਮਾਰੇ ਜੇ ਉਠਿ ਅਬਿ ਚਾਲੇ।
ਹੋਤਿ ਉਪੱਦ੍ਰਵ ਹਨਹਿਂ ਬਿਸਾਲੇ।
ਅਨਿਕ ਸੂਰ ਰਾਜੇ ਮੈਂ ਦਲੇ।
ਸੋ ਸਭਿ ਮਿਲ ਕਰਿ ਹੋਵਹਿਂ ਖਲੇ ॥੯॥
ਆਕੀ ਹੋਇ ਜੰਗ ਕੋ ਚਾਹੈਂ।
ਬਿਗਰ ਜਾਇਂ, ਨਹਿਂ ਮਿਲਨ ਉਮਾਹੈਂ।
ਹਤਹਿਂ ਚਤੌਰ ਰਹਹਿ ਪਤਿ ਮੇਰੀ।
ਪਤਿਸ਼ਾਹਿਤ ਤਬਿ ਬਧਹਿ ਬਧੇਰੀ ॥੧੦॥
ਜੇ ਗਢ ਨਹਿਂ ਟੂਟਹਿ ਹਟਿ ਜਾਹਿਂ।
ਅਨਿਕ ਥਾਨ ਤਬਿ ਜੰਗ ਮਚਾਹਿਂ।
ਭਲੇ ਚਢੇ ਨਿਜ ਕਾਜ ਸੁਧਾਰਨਿ।
ਪੂਰਬ ਕੋ ਭੀ ਕੀਨਿ ਬਿਗਾਰਨ ॥੧੧॥
ਤੁਮਰੇ ਮਹਿਂ ਬੁਧਿਵਾਨ ਮਹਾਂਨ।
ਕਹਹੁ ਉਪਾਵ ਹੋਹਿ ਗਢ ਹਾਨ[3]।
ਜੋ ਇਹੁ ਕਾਜ ਸੁਧਾਰਹਿ ਮੇਰਾ।
ਤਿਸ ਤੇ ਅਪਰ ਭਲਾ ਨਹਿਂ ਹੇਰਾ ॥੧੨॥
ਸਭ ਮਹਿਂ ਬ੍ਰਿਧਹਿ[4] ਸੁ ਮੋਹਿ ਅਗਾਰੀ।
ਤਿਸ ਕੀ ਆਨ ਮਾਨਿ ਹੌਂ ਭਾਰੀ।
ਬਡ ਸੰਕਟ ਇਹੁ ਗਢ ਕੋ ਪਰਯੋ।
ਟੂਟਜੋ ਨਹੀਂ ਜੁਧ ਬਡ ਕਰਜੋ ॥੧੩॥
ਭੇਦ ਨਹੀ[5] ਰਜਪੂਤਨ ਮਾਂਹਿ।
ਅਪਰ ਉਪਾਉ ਬਨਹਿ ਕੋ ਨਾਂਹਿ।

---

[1]ਭਾਰੀ।
[2]ਸੁਣਿਆ ਗਿਆ ਹੈ।
[3]ਕਿਲ੍ਹਾ ਟੁੱਟੇ।
[4]ਵਧੇਗਾ।
[5]ਪਾਟਕ ਨਹੀਂ ਹੈ।

ਪੀਰ ਫਕੀਰ ਅਪਰ ਜੇ ਕੋਈ।
ਜਿਸ ਕੋ ਕਹਜੋ ਬਾਕ ਫੁਰਿ ਹੋਈ ॥੧੪॥
ਸੋ ਖੋਜਹੁ ਚਾਰਹੁੰ ਦਿਸ਼ ਮਾਂਹਿ।
ਜਹਾਂ ਸੁਨਹੁ ਪਰਖਹੁ ਤਹਿਂ ਜਾਹਿ*।
ਜਿਮ ਪ੍ਰਸੰਨ ਹੁਇ ਕਰੁਨਾ ਕਰਈ।
ਮੈਂ ਸਭਿ ਜੁਤਿ ਤਿਸ ਕੇ ਅਨੁਸਰਈ ॥੧੫॥
ਐਸੋ ਖੋਜ ਬਤਾਵਹਿ ਮੋਹੀ।
ਅਧਿਕ ਹਿਤੂ ਤਿਹ ਸਮਨਹਿਂ ਹੋਹੀ।
ਇਸ ਸੰਦੇਹ ਗਰਤ ਮਹਿਂ ਗਿਰਯੋ।
ਕਰਹਿ ਨਿਕਾਸਨ ਜੋ ਹਿਤ ਭਰਯੋ' ॥੧੬॥
ਇਮ ਸੁਨਿ ਕੈ ਸਭਿ ਲਗੇ ਬਿਚਾਰਨ।
-ਅਸ ਪੂਰਨ ਕੋ[1] ਕਰਹਿਂ ਨਿਹਾਰਨ[2]-।
ਕਿਸ ਹੂੰ ਨੇ ਕੋ ਪੀਰ ਬਤਾਵਾ।
ਨਹਿਂ ਪਸੰਦ ਅਕਬਰ ਕੀ ਆਵਾ ॥੧੭॥
ਕਹਨ ਲਗਜੋ 'ਇਸ ਤੇ ਭਿ ਬਡੇਰੇ।
ਪ੍ਰਿਥਮ ਮਨਾਏ ਪੀਰ ਘਨੇਰੇ।
ਕਿਸਹੂੰ ਤੇ ਨ ਸਰਜੋ ਮਮ ਕਾਮੂ।
ਭਏ ਨਿਫਲ ਖਰਚੇ ਬਹੁ ਦਾਮੂ' ॥੧੮॥
ਗੁਰ ਘਰ ਕੋ ਇਕ ਸਿੱਖ ਮਹਾਨਾ+।
ਸ਼ਾਹੁ ਬਾਕ ਤਿਨ ਭੀ ਸੁਨਿ ਕਾਨਾ।
ਸਹਤਿ ਸੰਦੇਹੁ[3] ਕਹਿਨ ਕੋ ਹੋਇ।
-ਇਹੁ ਹੈ ਤੁਰਕ ਸ਼੍ਰਧਾਲੂ ਨ ਕੋਇ[4] ॥੧੯॥

---

*ਪਾ:-ਜਹਾਂ ਸੁਨਹੁ ਤਹਾਂ ਹੀ ਜਾਹਿਂ।

[1]ਐਸਾ ਪੂਰਾ ਕੌਣ ਹੈ।

[2](ਉਸਨੂੰ) ਲੱਭੀਏ।

+ਮਹਿਮਾ ਪ੍ਰਕਾਸ਼ ਵਿਚ ਇਹ ਗੱਲ ਨਹੀਂ ਲਿਖੀ ਕਿ ਕਿਸੇ ਸਿੱਖ ਨੇ ਅਕਬਰ ਨੂੰ ਪ੍ਰੇਰਨਾ ਕੀਤੀ, ਤੇ ਖਾ: ਤਵਾ: ਲਿਖਦੀ ਹੈ ਕਿ ਦੋ ਸਰਦਾਰਾਂ ਤਾਹਰਬੇਗ ਖਾਂ ਸੂਬਾ ਲਾਹੌਰ ਤੇ ਟੋਡਰ ਮੱਲ ਦੀਵਾਨ ਨੇ ਸਲਾਹ ਦਿੱਤੀ। ਮਹਿਮਾ ਪ੍ਰਕਾਸ਼ ਲਿਖਦਾ ਹੈ ਕਿ ਪਾਤਸ਼ਾਹ ਨੇ ਆਪ ਹੀ ਚੇਤੇ ਕੀਤਾ। ਦੂਸਰੀ ਗੱਲ ਮਹਿਮਾ ਪ੍ਰਕਾਸ਼ ਵਿਚੋਂ ਸਪਸ਼ਟ ਹੈ ਕਿ ਸਤਿਗੁਰ ਨੇ ਚਤੌੜ ਫਤਹਿ ਹੋਣ ਦਾ ਵਰ ਨਹੀਂ ਦਿੱਤਾ। ਕੇਵਲ ਇਹ ਕਿਹਾ ਹੈ:- 'ਜਬ ਟੂਟੇ ਗੜ੍ਹ ਫਤਹਿ ਹੋਇ ਜਾਇ' ਕਿ ਜਦੋਂ ਬਾਵਲੀ ਦਾ ਕੜ ਟੁੱਟਣਾ ਹੈ ਉਦੋਂ ਕਿਲਾ ਟੁੱਟਣਾ ਹੈ। ਇਸਦਾ ਮਤਲਬ ਇਹ ਨਿਕਲਦਾ ਹੈ ਕਿ ਸਤਿਗੁਰ ਨੇ ਇਕ ਹੋਣਹਾਰ ਨੂੰ ਜਿਸਦਾ ਹੋਰ ਜੀਵਾਂ ਨੂੰ ਪਤਾ ਨਹੀਂ ਅਗੰਮ ਵਾਚ ਕੇ ਪਹਿਲੋਂ ਸਮਾਂ ਦੱਸਿਆ ਹੈ, ਵਰ ਸ੍ਰਾਪ ਕੁਛ ਨਹੀਂ ਦਿੱਤਾ। ਵਿਸੇਸ਼ ਲਈ ਦੇਖੋ ਪੰਨਾ ੧੬੭੩ ਦੀ ਟੂਕ+।

[3](ਮਤਾਂ ਮੰਨੇ ਕਿ ਨਾ ਮੰਨੇ) ਇਸ ਸੰਸੇ ਸਹਤ ਕਹਣ ਲਈ (ਉੱਦਤ) ਹੋਯਾ।

[4]ਸ਼ਰਧਾ ਵਾਲਾ ਨਹੀਂ ਹੈ।

ਗੁਰ ਘਰ ਪਰ ਕਿਮਿ ਸਿਦਕ ਧਰੇ ਹੈ।
ਰਿਦੇ ਨੰਮ੍ਰਿ ਕਿਮ ਸੀਸ ਕਰੇ ਹੈ।
ਗੁਰ ਕੋ ਨਿਮਹਿਂ ਪਾਇ ਬਡਿਆਈ।
ਗੁਰ ਕੋ ਨਿਮਹਿ ਸੁ ਇੱਛ ਪੁਰਾਈ- ॥੨੦॥
ਏਵ ਬਿਚਾਰ ਏਕ ਦਿਨ ਰਾਤਿ।
ਪੁਨਿ ਨਿਸ਼ਚੈ ਚਿਤ ਕੀਨਸਿ ਬਾਤ।
-ਏਕ ਬਾਰ ਮੈਂ ਇਸ ਕੋ ਕਹੋਂ।
ਸਤਿਗੁਰ ਕੋ ਪ੍ਰਤਾਪ ਜਸ ਲਹੋਂ[1] ॥੨੧॥
ਇਸ ਕੇ ਭਲੇ ਭਾਗ ਲੇ ਮਾਨ।
ਨਾਂਹਿ ਤ ਪਾਵੈ ਕਸ਼ਟ ਮਹਾਂਨ-।
ਇਮਿ ਬਿਚਾਰ ਕੈ ਚਿਤ ਦ੍ਰਿੜ ਕਰਿ ਕੈ।
ਗਯੋ ਸ਼ਾਹੁ ਢਿਗ ਖਰੋ ਨਿਹਰਿ ਕੈ ॥੨੨॥
ਕਰ ਤਸਲੀਮ[2] ਸਮੁਖ ਕਰਿ ਨੈਨ।
'ਸ਼ਾਹਨਸ਼ਾਹ! ਸੁਨਹੁ ਮਮ ਬੈਨ।
ਨਿਮਕ ਤੁਮਾਰੋ ਹਮ ਨਿਤ ਖਾਤਿ।
ਭਲੋ ਚਹਤਿ ਹੈਂ ਚਿਤ ਦਿਨ ਰਾਤਿ ॥੨੩॥
ਜਗ ਗੁਰ ਨਾਨਕ ਪ੍ਰਥਮ ਭਏ ਹੈਂ।
ਸਭਿਹਿਨਿ ਸ਼ੁਭ ਉਪਦੇਸ਼ ਦਏ ਹੈਂ।
ਹਿੰਦੂ ਤੁਰਕ ਦੁਊ ਜਿਸ ਮਾਨਹਿਂ।
ਗੁਰੂ ਪੀਰ ਜਿਸ ਨਾਮ ਬਖਾਨਹਿਂ ॥੨੪॥
ਅਜ਼ਮਤਿ ਮੈਂ ਪੂਰਨਿ ਸਭਿ ਭਾਂਤੀ।
ਜਿਸ ਕੇ ਸਮਸਰ ਨਹਿਂ ਕਿਸੁ ਬਾਤੀ।
ਕਰਾਮਾਤ ਸਭਿ ਥਾਨ ਲਗਾਈ।
ਪੀਰ ਮੀਰ ਨੰਮ੍ਰੇ ਅਗੁਵਾਈ[3] ॥੨੫॥
ਜ਼ਾਹਰ ਸਭਿ ਜਹਾਨ ਮਹਿਂ ਹੋਵਾ।
ਜਿਨ ਕੇ ਸਨਮੁਖ ਕੋ ਨ ਖਰੋਵਾ।
ਬਾਬਰ ਸ਼ਾਹ ਜੁ ਬਡੋ ਤੁਮਾਰੋ।
ਤਿਨ ਬਖਸ਼ਯੋ ਇਹੁ ਪਦ ਜੁ ਉਦਾਰੋ ॥੨੬॥
ਜਨਮਤਿ ਹੀ ਅਜ਼ਮਤਿ ਅਤਿ ਧਾਰੀ।

---

[1]ਜੈਸਾ ਮੈਂ ਜਾਣਦਾ ਹਾਂ।
[2]ਸਲਾਮ।
[3]ਅੱਗੇ ਝੁਕੇ।

ਸੁਪਤਿ ਛਾਂਵ ਕਿਯ ਫਣ ਬਿਸਤਾਰੀ[੧]।
ਮਹਿਖਨ[੨] ਚਰਿਕੈ ਖੇਤ ਉਜਾਰਾ।
ਛਿਨ ਮਹਿਂ ਕਿਯ ਹਰਿਆਵਲ ਸਾਰਾ ॥੨੭॥
ਅਨਿਕ ਮ੍ਰਿਤਕ ਭੀ ਕਰੇ ਜਿਵਾਵਨ।
ਜਹਿਂ ਤਹਿਂ ਬਿਚਰੇ ਜਸੁ ਅਤਿ ਪਾਵਨ।
ਕਰਾਮਾਤ ਧਾਰੀ ਜਗ ਜੇਤੇ।
ਗੋਰਖ ਆਦਿਕ ਸਿਧ ਗਨ ਕੇਤੇ ॥੨੮॥
ਤੁਰਕਨ ਬਿਖੈ ਪੀਰ ਅਜ਼ਮਤੀ।
ਮਤੀ[*] ਬਿਲੰਦ, ਦ੍ਵੈਤ ਚਿਤ ਹਤੀ।
ਸ਼ੱਮਸ[੩] ਆਦਿ ਜਿਨਹੁਂ ਦਿਨ ਨਾਥ[੪]।
ਤਰੈ ਉਤਾਰਜੋ ਬੋਲਨ ਸਾਥ[੫] ॥੨੯॥
ਸ਼੍ਰੀ ਗੁਰ ਸਭਿ ਸੋਂ ਚਰਚਾ ਕਰੇ।
ਅਜ਼ਮਤ ਕੋ ਦਿਖਾਇ ਕਰਿ ਤਰੇ[੬+]।
ਕੇਤਿਕ ਗਿਨੀਏਂ ਜਗਤ ਮਝਾਰੇ।
ਦਰਸ਼ਨ ਦੇ ਕਰਿ ਨਰ[++] ਨਿਸਤਾਰੇ ॥੩੦॥
ਖਲਕ ਬਿਖੈ ਅਸ ਠੌਰ ਨ ਕੋਈ।
ਸ਼੍ਰੀ ਨਾਨਕ ਕੋ ਲਖੈ ਨ ਜੋਈ।
ਜਿਨ ਕੇ ਹਿੰਦੂ ਤੁਰਕ ਸਮਾਨ।
ਮੋਖ ਪੰਥ ਉਪਦੇਸ਼ਤਿ ਦਾਨ ॥੩੧॥
ਕਹੌਂ ਕਹਾਂ ਲਗ ਤਿਨ ਕੀ ਕੀਰਤਿ।
ਬਿਦਤਿ ਜਗਤ ਸਗਰੇ ਬਿਸਤੀਰਤਿ।
ਰਾਵਰ ਕੇ ਸਮੀਪ ਉਮਰਾਵ।
ਬੂਝਿ ਪਿਖਹੁ ਸਭਿ ਲਖੈਂ ਪ੍ਰਭਾਵ ॥੩੨॥
ਤੇ ਬੈਕੁੰਠ ਲੋਕ ਜਬਿ ਗਏ।
ਗਾਦੀ ਪਰ ਗੁਰ ਅੰਗਦ ਥਿਏ।

---

[1]ਸੁੱਤਿਆ ਤੇ ਛਾਂ ਕੀਤੀ। (ਸੱਪ ਨੇ) ਫਣ ਨੂੰ ਫੈਲਾਕੇ।
[2]ਮੱਝੀਆਂ ਨੇ।
[*]ਪਾ:-ਅਤੀ।
[3]ਸ਼ੱਮਸ ਤਬਰੇਜ਼।
[4]ਸੂਰਜ।
[5]ਕਹਿਨ ਨਾਲ ਹੀ।
[6]ਨੀਵੇਂ ਕੀਤੇ।
[+]ਵਿਚਾਰ ਲਈ ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਯਾਯ ੩੭।
[++]ਪਾ:-ਜਗ।

ਮਨ ਇੰਦ੍ਰੈ ਕੋ ਜੀਤਨ ਹਾਰੇ।
ਹਾਰੇ ਸ਼ੱਤ੍ਰੂ ਜਿਨਹੁਂ ਅਗਾਰੇ ॥੩੩॥
ਅਤਿ ਗੰਭੀਰ ਧੀਰ ਧਰਮਾਤਮ।
ਕੋ ਕਹਿ ਸਕਿ ਹੈ ਤਿਨਹੁਂ ਮਹਾਤਮ।
ਕਰਾਮਾਤ ਸ਼੍ਰੀ ਨਾਨਕ ਕੇਰੀ।
ਲਈ ਛਪਾਇ ਨਹੀਂ ਕਿਨ ਹੇਰੀ ॥੩੪॥
ਅਪਨ ਸਥਾਨ ਥਾਪ ਕੈ ਆਪ।
ਜ਼ਾਹਰ ਕਰਿ ਜਹਾਨ ਪਰਤਾਪ।
ਦੇਵ ਲੋਕ ਮਹਿਂ ਗਏ ਗੁਸਾਈਂ।
ਗਾਦੀ ਪਰ ਤਿਨ ਤੇ ਪਿਛਵਾਈ ॥੩੫॥
ਅਮਰਦਾਸ ਹੈ ਤ੍ਰਿਤੀਓ ਰੂਪ।
ਬੈਸ ਬ੍ਰਿੱਧ ਮੁਖ ਜੋਤਿ ਅਨੂਪ।
ਜਿਨਹੁਂ ਪ੍ਰਤੱਗਯਾ ਅਚਰਜ ਕੇਰੀ।
-ਆਇ ਬਸਹਿ ਜੋ ਹਮਰੀ ਪੁਰੀ ॥੩੬॥
ਦੇਖਤਿ ਮਾਤ ਪਿਤਾ ਕੇ ਤਾਤ।
ਮਰਹਿਂ ਨਹੀਂ ਜੀਵਹਿਂ ਕੁਸ਼ਰਾਤ[1]-।
ਕਰਾਮਾਤ ਇੱਤਯਾਦਿ[*] ਅਨੇਕ।
ਬਿਦਤਿ ਜੁਗਤ ਮਹਿਂ ਸਹਤ ਬਿਬੇਕ ॥੩੭॥
ਆਗੈ[+] ਥਿੱਤਿ ਨਿਤਿ ਰਿਧਿ, ਸਿਧਿ, ਨਿੱਧ।
ਮੁਖ ਕੋ ਦੇਖਹਿਂ ਸਕਲ ਸਮ੍ਰਿੱਧਿ[2]।
ਜਨ ਅਨੇਕ ਜਿਨ ਕੀਨ ਨਿਹਾਲ।
ਕਹੈਂ ਜੁ ਮੁਖ, ਹੁਇ ਸੋ ਤਤਕਾਲ' ॥੩੮॥
ਸੁਨਿ ਕਰਿ ਅਕਬਰ ਅਚਰਜ ਮਾਨਾ।
ਰਿਦੈ ਚਾਹਿ ਕਰਿ ਬਾਕ ਬਖਾਨਾ।
'ਕੌਨ ਦੇਸ਼ ਪੁਰਿ ਕੌਨ ਸਥਾਨਾ?
ਨੇਰੇ ਕਿਧੌਂ ਦੂਰ ਪਰਮਾਨਾ? ॥੩੯॥
ਤਿਨ ਤੇ ਬਰ ਲੇਵਨ ਕੇ ਕਾਰਨ।
ਗੁਰ ਸੇਵਕ! ਤੁਮ ਕਰੋ ਉਚਾਰਨ।'

---

[1]ਸੁਖ ਅਨੰਦ ਦੇ ਨਾਲ।
[*]ਪਾ:-ਇਸ ਆਦਿ।
[+]ਪਾ:-ਅੱਗ੍ਰੈ।
[2]ਵਿਭੂਤੀਆਂ।

ਸੁਨਿ ਕੈ ਹਾਥ ਜੋਰਿ ਗੁਰਦਾਸ।
ਕਹਤਿ ਭਯੋ ਅਕਬਰ ਕੇ ਪਾਸ ॥੪੦॥
'ਸ਼ਾਹਨਸ਼ਾਹ! ਸੁਨਹੁ, ਇਸ ਥਲ ਤੇ।
ਅਹੈ ਦੂਰ ਬਹੁ, ਮਾਰਗ ਚਲਤੇ।
ਰਾਵਰ ਕੋ ਨ ਬਨਹਿਂ ਅਬਿ ਜਾਨੋ।
ਦਿੱਲੀ ਪੁਰਿ ਤੇ ਨਿਕਟ ਸੁ ਜਾਨੋ ॥੪੧॥
ਲਵਪੁਰਿ ਕੇ++ ਹੈ ਬਹੁਤ ਸਮੀਪ।
ਨਦੀ ਬਿਪਾਸਾ, ਹੇ ਅਵਨੀਪ!
ਗੋਇੰਦਵਾਲ ਤੀਰ ਤਿਸੁ ਅਹੈ।
ਅਮਰਦਾਸ ਗੁਰ ਤਿਹ ਠਾਂ ਰਹੈ ॥੪੨॥
ਅਬਹਿ ਮਾਤਬਰ[1] ਰਾਵਰ ਕੇਰ।
ਪਹੁੰਚਹਿ ਤਿਨ ਢਿਗ ਕਰਹਿ ਅਦੇਰ[2]।
ਅਨਿਕ ਉਪਾਇਨ ਕੋ ਲੈ ਜਾਇ।
ਤੁਮਰੀ ਦਿਸ਼ ਤੇ ਬਿਨੈ ਸੁਨਾਇ ॥੪੩॥
ਸ਼ਰਧਾਲੂ ਹੁਇ ਭਾਵ ਮਹਾਂਨਾ[3]।
ਅਰਜ਼ ਗੁਜ਼ਾਰਹਿ ਗਰਜ ਸੁਜਾਨਾ[4]**।
ਤਬਿ ਜੋ ਕਰਹਿਂ ਬਾਕ ਗੁਰ ਪੂਰੇ।
ਪੂਰਨ ਹੋਇਂ ਜ਼ਰੂਰ ਜ਼ਰੂਰੇ ॥੪੪॥
ਜਬਹਿ ਪਠਾਵਨ ਕਰਿ ਹੋ ਕੋਇ।
ਤਬਿ ਤੁਮ ਹਾਥ ਜੋਰਿ ਕੈ ਦੋਇ।
ਸ੍ਰੀ ਗੁਰ ਅਮਰਦਾਸੁ ਲੇ ਨਾਮ।
ਮੁਖ ਸਨਮੁਖ ਕਰਿ ਕੈ ਤਿਨ ਧਾਮ ॥੪੫॥
ਅਪਨੋ ਕਾਜ ਚਿਤਵ ਕਰਿ ਮਨ ਮੈਂ।
ਤਸਲੀਮਾਤ[5] ਕਰਹੁ ਤਿਸੁ ਛਿਨ ਮੈਂ।
ਕਰਹੁ ਆਜ ਤੇ ਐਸੀ ਬਾਤ।
ਗਮਨੈ ਮਾਰਗ ਦਿਨ ਅਰੁ ਰਾਤਿ ॥੪੬॥

++ਪਾ:-ਤੇ।
[1]ਇਤਬਾਰ ਵਾਲਾ।
[2]ਦੇਰ ਨਾ ਕਰੇ।
[3]ਬੜੇ ਪ੍ਰੇਮ ਨਾਲ।
[4](ਉਹ) ਸੁਜਾਨ ਗਰਜ ਸੁਨਾਵੇ।
**ਪਾ:-ਗੁਰ ਜਸ ਜਾਨਾ।
[5]ਅਦਮ ਨਾਲ ਸਲਾਮ।

ਜਾਚਹਿ ਜਬਹਿ ਜਾਇ ਕਰਿ ਜੋਇ।
ਨਿਸ਼ਚੈ ਕਾਰਜ ਤੁਮਰੋ ਹੋਇ।
ਪੁਨ ਆਗੈ[1] ਸਤਿਗੁਰੂ ਮਨਾਵਹੁ।
ਮਨ ਬਾਂਛਤਿ ਫਲ ਤਿਨ ਤੇ ਪਾਵਹੁ' ॥੪੭ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖ ਵਾਕ ਅਕਬਰ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

[1]ਫਿਰ ਅਗੋਂ ਨੂੰ।

੭. [ਗੜ੍ਹ ਦੀ ਜੈ ਦਾ ਵਾਕ ਹੋਣਾ]

੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੮

ਦੋਹਰਾ: ਸੁਨਿ ਅਕਬਰ ਸ਼ਰਧਾ ਧਰੀ,
ਕਹਿਨ ਲਗਯੋ ਸਭਿ ਮਾਂਹਿ।
'ਮੱਕੇ ਤੇ ਹਾਜੀ ਅਏ,
ਅਪਰ ਮੁਜਾਵਰ ਆਹਿ[1*] ॥੧॥
ਚੌਪਈ: ਤਿਨਹੁਂ ਮੋਹਿ ਢਿਗ ਕਹੀ ਸੁਨਾਇ।
-ਸ਼੍ਰੀ ਨਾਨਕ ਪਹੁੰਚੇ ਤਿਸੁ ਥਾਇ।
ਤਹਿਂ ਮਕਾਨ ਕੀ ਦਿਸ਼ ਕਰਿ ਚਰਨ।
ਸੁਪਤੇ ਨਿਸਾ ਪਰੇ ਢਿਗ ਧਰਨਿ[2] ॥੨॥
ਜੀਵਨ ਗਯੋ ਮੁਜਾਵਰ ਹੇਰਿ।
ਕਹੇ ਕ੍ਰੂਰ ਬਚ ਗਹਿ ਕਰਿ ਪੈਰ।
ਕਰੇ ਘਸੀਟਨ ਤਹਿਂ ਤੇ ਜਬੈ।
ਦਰ ਮਕਾਨ[3] ਤਿਸ ਦਿਸ਼ ਭਾ ਤਬੈ- ॥੩॥
ਮੁਸਲਮਾਨ ਭੀ ਮਾਨਹਿਂ ਤਿਨ ਕੋ।
ਇਕ ਸਮ ਜਸ ਬਯਾਪਯੋ ਜਗੁ ਜਿਨ ਕੋ।
ਤਿਨ ਤੇ ਮੈਂ ਅਬਿ ਹੋਇ ਸਨਾਥ[4]।
ਕਾਰਜ ਪੁਰਵੋਂ ਧਰਿ ਪਗ ਮਾਥ' ॥੪॥
ਇਮ ਕਹਿ ਤਯਾਰ ਕੀਨ ਬੁਧਿਵਾਨ।
ਪਢਯੋ ਪਾਰਸੀ ਇਲਮ ਮਹਾਂਨ।
ਨਿਤਿ ਸਤਿਸੰਗੀ, ਮਾਧੁਰ ਕਹੈ।
ਬਿਮਲ ਰਿਦਾ ਜੋ ਸਭਿ ਬਿਧਿ ਲਹੈ ॥੫॥
ਸਾਥ ਉਪਾਇਨ ਉੱਤਮ ਦੀਨਸਿ।
ਜ਼ਰੀ ਵਸਤ੍ਰ ਪਸ਼ਮੰਬਰ ਲੀਨਸਿ।
ਇੱਤਯਾਦਿਕ ਲੇ ਦਰਬ ਘਨੇਰਾ।
ਚਲਯੋ ਗੁਰੂ ਦਿਸ਼ ਭਾਵ ਬਡੇਰਾ ॥੬॥
ਪੁਨ ਅਕਬਰ ਨੇ ਸਿੱਖ ਸੋਂ ਕਹਯੋ।
'ਗੁਰੂ ਬ੍ਰਿਤਾਂਤ ਸਰਬ ਤੈਂ ਲਹਯੋ।

---

[1]ਪੁਜਾਰੀ ਹੈਸਨ।
[*]ਪਾ:-ਤਾਂਹਿ।
[2]ਰਾਤ ਪਈ ਤੇ ਧਰਤੀ ਤੇ ਸੁੱਤੇ।
[3]ਕਾਅਬੇ ਦਾ ਬੂਹਾ।
[4]ਨਿਹਾਲ।

ਤੂੰ ਭੀ ਗਮਨਹੁਂ ਇਸ ਕੇ ਸਾਥ।
ਮਮ ਦਿਸ਼ ਤੇ ਟੇਕਹੁ ਪਗ ਮਾਥ ॥੭॥
ਜਥਾ ਬਚਨ ਸ਼੍ਰੀ ਮੁਖ ਤੇ ਕਹੈਂ।
ਤੁਮ ਸੰਗ ਬਹੁਤ ਸਾਂਢਨੀ[1] ਅਹੈਂ।
ਅਤਿਸ਼ੈ ਤੁਰਤ ਪਠਾਵਹੁ ਸੁਧਿ ਕੋ[2]।
ਸੇਵਹੁ ਸਤਿਗੁਰ ਕਰਿ ਸੁਧਿ ਬੁਧਿ ਕੋ[3]' ॥੮॥
ਅਕਬਰ ਤੇ ਰੁਖਸਦ ਹੁਇ ਚਲੇ।
ਕਰਤਿ ਉਤਾਇਲ ਮਾਰਗ ਢਲੇ।
ਲਘੁ ਬਿਸਰਾਮਹਿਂ ਗਮਨੈਂ ਦੂਰ[4]।
ਜਾਇ ਪਹੂੰਚੇ ਗੁਰੂ ਹਜ਼ੂਰ ॥੯॥
ਗੋਇੰਦਵਾਲ ਸਿਵਰ ਕਰਿ ਦੀਨਿ।
ਸਗਰੀ ਭੇਟ ਹਾਥ ਧਰਿ ਲੀਨਿ।
ਸ਼੍ਰੀ ਗੁਰ ਅਮਰਦਾਸ ਨਿਜ ਥਾਇਂ।
ਬਡੀ ਬਾਪਿਕਾ ਕਹੁ ਬਨਵਾਇਂ ॥੧੦॥
ਬੈਠਹਿਂ ਆਪ ਜਾਇ ਕਰਿ ਤਹਾਂ।
ਸ਼ਿਲਪੀ[5] ਕਾਰ ਸਵਾਰਹਿਂ ਜਹਾਂ।
ਸ਼੍ਰੀ ਮੁਖ ਤੇ ਫੁਰਮਾਵਹਿਂ ਜਸੋਂ ਜਸੋਂ।
ਬਸੋਂਤ ਬਨਾਵਹਿਂ ਸਿਲਪੀ ਤਸੋਂ ਤਸੋਂ ॥੧੧॥
ਅਨਿਕ ਜਤਨ ਕੋ ਕਰਤੇ ਅਹੈਂ।
ਮਨੁਜ ਸੈਂਕਰੇ ਨਿਸ ਦਿਨ ਰਹੈਂ।
ਹੋਈ ਰਹਤਿ ਭੀਰ ਚਹੁਂਫੇਰੇ।
ਘਨੇ ਮਿਹਨਤੀ, ਸਿੱਖ ਘਨੇਰੇ ॥੧੨॥
ਅਨਿਕ ਦੇਸ਼ ਤੇ ਸੰਗਤਿ ਆਵੈ।
ਦਰਸ਼ਨ ਦਰਸ ਕਾਮਨਾ ਪਾਵੈ।
ਤਿਸੁ ਦਿਨ ਭੋਰ ਹੋਤਿ ਜਬਿ ਆਏ।
ਬੈਠੇ ਗੁਰ ਮਸਨੰਦ[6] ਬਿਛਾਏ ॥੧੩॥

---

[1]ਊਠਣੀਆਂ।
[2]ਮੈਨੂੰ ਖਬਰ ਅਤੀ ਛੇਤੀ ਘੱਲੋ।
[3]ਕਰਕੇ ਬੁੱਧੀ ਪਵਿੱਤ੍ਰ।
[4]ਥੋਹੜਾ ਆਰਾਮ ਕਰਦੇ ਹਨ ਅਤੇ ਦੂਰ ਚਲੇ ਜਾਂਦੇ ਹਨ ਭਾਵ ਬਹੁਤਾ ਸਫਰ ਕਰਦੇ ਹਨ।
[5]ਕਾਰੀਗਰ।
[6]ਗਦੀ, ਤਖਤ।
[ਅ਼: ਅਸਨਦ]

ਦੇਸ਼ ਦੇਸ਼ ਤੇ ਸਿਖ ਚਲਿ ਆਇ।
ਧਰੈਂ ਉਪਾਇਨ ਸੀਸ ਨਿਵਾਇ।
ਬੈਠੇ ਸਬਦ ਗਾਵਨੋ ਹੋਤਿ।
ਗੁਰ ਸਿੱਖੀ ਕਹੁ ਕਰਤਿ ਉਦੋਤਿ ॥੧੪॥
ਇਤਨੇ ਮਹਿਂ ਅਕਬਰ ਕੇ ਮਾਨਵ।
ਆਏ ਸੰਗ ਉਪਾਇਨਿ ਠਾਨਵ।
ਹਾਥ ਜੋਰ ਧਰਿ ਦੀਨ ਅਗਾਰੀ।
ਹੋਇ ਦੀਨ ਮਨ ਬੰਦਨ ਧਾਰੀ ॥੧੫॥
ਗੁਰ ਪੂਛੇ* 'ਤੁਮ ਕਿਤ ਤੇ ਆਏ?
ਭੇਟ ਮੋਲ ਬਹੁ ਬਸਤੂ ਲਜਾਏ।
ਕੋ ਕਾਰਜ ਗੁਰ ਪੁਰਜੋ ਤੁਮਾਰੋ?
ਕੈ ਜਾਚਨ ਕੋ ਚਹਤਿ, ਉਚਾਰੋ' ॥੧੬॥
ਸੁਨਿ ਕੈ ਨਵੀਸਿੰਦ[1] ਕਰ ਜੋਰੇ।
'ਸ਼ਹਨਸ਼ਾਹ+ ਤੁਮ ਚਰਨ ਨਿਹੋਰੇ[2]।
ਰਾਵਰਿ ਨਿਕਟਿ ਪਠਾਵਨ ਕੀਨੇ।
ਜਸ ਤੁਮਰੋ ਸ਼੍ਰਵਨਨ ਸੁਨਿ ਲੀਨੇ ॥੧੭॥
ਪਠੀ ਉਪਾਇਨ ਸ਼ਰਧਾ ਧਰਿ ਕੈ।
ਬਾਰਿ ਬਾਰਿ ਬਹੁ ਬਿਨੈ ਉਚਰਿ ਕੈ।
ਸਭਿ ਪੀਰਨ ਤੇ ਹੋਇ ਨਿਰਾਸੇ।
ਪਠਜੋ ਹਮਹਿਂ ਕੋ ਰਾਵਰਿ ਪਾਸੇ ॥੧੮॥
ਕੀਰਤਿ ਸ਼੍ਰੀ ਨਾਨਕ ਕੀ ਸੁਨਿ ਕੈ।
ਗੁਰ ਅੰਗਦ ਕੀ ਗੁਰਤਾ ਗੁਨਿ ਕੈ।
ਰਾਵਰਿ ਕੀ ਮਹਿਮਾ ਕਹੁ ਮਾਨਿ।
ਪਠਜੋ ਹਮੈਂ ਅਕਬਰ ਸੁਲਤਾਨ ॥੧੯॥
ਕੀਨਸਿ ਦਿੱਲੀ ਤੇ ਪ੍ਰਸਥਾਨ।
ਬਿਗਰ ਪਰੈ ਰਜਪੂਤ ਮਹਾਨ।
ਤਹਾਂ ਜੰਗ ਐਸੋ ਕਛੁ ਹੋਵਾ।
ਗਨ ਸੁਭਟਨਿ ਕੋ ਰਣ ਥਲ++ ਸੋ ਵਾ[1] ॥੨੦॥

---

*ਪਾ:-ਬੂਝੇ।
[1]ਮੁਨਸ਼ੀ ਨੇ।
+ਪਾ:-ਸ਼ਾਹਸ਼ਾਹ।
[2]ਭਾਵ ਅਕਬਰ ਨੇ ਚਰਨਾਂ ਵਿਚ ਬੇਨਤੀ ਕੀਤੀ ਹੈ।
++ਪਾ:-ਬਲ।

ਤੋਪੈਂ ਬਹੁਤ ਬਰਖ ਚਲਿਵਾਈ।
ਧੂਮ ਧਾਰ[2] ਨਭ ਮਹਿਂ ਬਹੁ[**] ਛਾਈ।
ਅਨਿਕ ਸੁਰੰਗੈਂ ਖੋਦ ਉਡਾਈ।
ਲਾਖੌਂ ਜ੍ਵਾਲਾ ਬਮਣਿ[3] ਛੁਟਾਈ ॥੨੧॥
ਨਿਕਸਹਿਂ ਵਹਿਰ ਦੁਰਗ ਤੇ ਰਾਜੇ।
ਬਜਹਿਂ ਜੁਝਾਊ ਦੁਹੁ ਦਿਸ਼ਿ ਬਾਜੇ।
ਜੋਧਾ ਭਿਰਹਿਂ ਪਰਸਪਰ ਘਨੇ।
ਲਰਹਿਂ ਮਰਹਿਂ ਗਿਰ ਸ਼੍ਰੋਣਿਤ ਸਨੇ ॥੨੨॥
ਇਸ ਬਿਧਿ ਮਚਹਿ ਘੋਰ ਸੰਗ੍ਰਾਮੁ।
ਲਾਖਹੁਂ ਨਰ ਪਹੁਂਚਹਿਂ ਜਮ ਧਾਮ।
ਅਨਿਕ ਉਪਾਉ ਸ਼ਾਹ ਕਰਿ ਰਹਯੋ।
ਗਢ ਚਿਤੌਰ ਕੋ ਕਯੋਹੁਂ ਨ ਲਹਯੋ[4] ॥੨੩॥
ਸਭਿ ਪੀਰਨਿ ਕੇ ਬਾਕ ਸਿਮਰਿ ਕੈ।
ਰਹਯੋ ਸ਼ਾਹੁ ਅਚਰਜ ਉਰ ਧਰਿ ਕੈ।
ਕਾਰਜ ਸਰਯੋ ਨਾ ਜਬਿ ਕਿਸ ਭਾਂਤਿ।
ਸੁਨਿ ਤੁਮਰੀ ਕੀਰਤਿ ਅਵਿਦਾਤਿ ॥੨੪॥
ਬਚਨ ਆਪ ਕੇ ਸੁਨਿਬੇ ਕਾਰਨ।
ਪਠਯੋ ਉਤਾਇਲ ਕਾਜ ਸੁਧਾਰਨ।
-ਹਮ ਰਾਵਰਿ ਕੀ ਸ਼ਰਨੀ ਪਰੇ।
ਪੂਰਹੁ ਪੈਜਿ ਤਹਾਂ ਜਿਮਿ ਕਰੇ[5] ॥੨੫॥
ਸ੍ਰੀ ਨਾਨਕ ਸੋਂ ਬਡੋ ਹਮਾਰੋ।
ਮਿਲਿ ਕਰਿ ਪਾਯੋ ਰਾਜ ਉਦਾਰੋ।
ਯਾਂ ਤੇ ਹਮ ਤਿਨ ਹੀ ਕੇ ਅਹੈਂ।
ਹਮਰੀ ਸ਼ਰਮ ਆਪ ਹੀ ਲਹੈਂ ॥੨੬॥
ਰਾਵਰ ਕੀ ਮੈਂ ਸੁਨੀ ਬਡਾਈ।
ਪਰੈਂ ਸ਼ਰਨਿ ਤਜਿ ਆਸ ਪਰਾਈ।

---

[1]ਸੋ ਰਣਭਮਕਾ (ਹੋਈ ਹੈ) (ਅ) ਸੂਰਮਿਆਂ ਦਾ ਸਮੂਹ ਰਣ ਥਲ ਵਿਚ ਸੌਂ ਗਿਆ ਹੈ, ਭਾਵ ਬਹੁਤ ਮੋਏ ਹਨ।
[2]ਧੂਆਂਧਾਰ।
[**]ਪਾ:-ਰਹਿ।
[3]ਬੰਦੂਕਾਂ।
[4]ਭਾਵ ਕਿਸੇ ਤਰ੍ਹਾਂ ਜਿੱਤ ਨਹੀਂ ਸੱਕਿਆ।
[5]ਜਿਵੇਂ (ਕਹੋ) ਕਰੀਏ।
(ਅ) ਜਿਵੇਂ ਹੋ ਸਕੇ [ਦੇਖੋ ਪਿੱਛੇ ਸਫ਼ਾ ੧੯੬੨ ਦੀ ਟੂਕ[+]।]

ਤਿਸ ਕੇ ਸਦਾ ਸਹਾਈ ਹੋਤਿ।
ਚਿੰਤਾ ਸਗਰੀ ਸੰਕਟ ਖੋਤਿ-' ॥੨੭॥
ਸ਼੍ਰੀ ਗੁਰ ਅਮਰਦਾਸ ਸੁਨਿ ਬੈਨ।
ਬ੍ਰਿੱਧ ਬੈਸ ਜਿਨਿ ਆਯੁਤ ਨੈਨ[1]।
ਸ਼ਤ ਬਰਖਨ ਲੌਂ[2] ਪਹੁੰਚੇ ਜਾਇ।
ਬਿਸਦ ਸ਼ਮਸ[3], ਬਰ ਬਦਨ ਸੁਹਾਇ ॥੨੮॥
ਤਨ ਪ੍ਰਮਾਨ ਲਘੁ[4] ਜਿਨਿ ਕੋ ਅਹੈ।
ਤਬਿ ਭੀ ਤਪ ਤਾਪਤਿ ਅਤਿ ਰਹੈਂ।
ਪੁਰਸ਼ੋਤਮ ਸਭਿ ਸੁਖ ਪਰਹਰਿ ਕੈ।
ਕਸਹਿਂ ਸਰੀਰ, ਕਸ਼ਟ ਨਿਤਿ ਧਰਿ ਕੈ ॥੨੯॥
ਸੁਨਿ ਕੈ ਸਿਖ ਕੇ ਬਾਕ ਸਦੀਨ[5]।
ਅਕਬਰ ਸ਼ਰਧਾ ਜਾਨਿ ਨਵੀਨ।
-ਦੂਰ ਦੇਸ਼ ਤੇ ਪਹੁੰਚੇ ਆਇ।
ਇਨ ਕੀ ਆਸਾ ਪੂਰਿ ਕਰਾਇ- ॥੩੦॥
ਇਮ ਮਨ ਠਾਨਿ ਮਹਾਂਨ ਕ੍ਰਿਪਾਲ।
ਬੋਲਤਿ ਭਏ ਬਾਕ ਤਿਸ ਕਾਲ।
'ਜਬਿ ਕੋ ਅਕਬਰ ਚਢ੍ਯੋ ਸੁਚੇਤ।
ਗਢ ਚਿਤੌਰ ਨਿਜ ਲੈਬੇ ਹੇਤ ॥੩੧॥
ਸਰਬ ਭਾਂਤਿ ਕਰਿ ਦਲ ਬਲ ਤਯਾਰੀ।
ਘੇਰ੍ਯੋ ਦੁਰਗ ਜਤਨ ਕਰਿ ਭਾਰੀ।
ਤਬਿ ਤੇ ਤਿਸੀ ਰੀਤਿ ਹਮ ਕੀਨਿ।
ਉੱਦਮ ਬਾਪੀ ਰਚਨ ਨਵੀਨ ॥੩੨॥
ਅਨਿਕ ਜਤਨ ਹਮ ਭੀ ਕਰਿ ਰਹੇ।
ਸਿਧਤਾ ਨਹਿਂ ਬਾਪੀ ਕੀ ਲਹੇ।
ਜਬਹਿ ਬਾਪਿਕਾ ਕੋ ਕੜ ਤੂਟੇ।
ਤਬਿ ਹੀ ਦਿਢ ਚਤੌਰ ਗਢ ਛੂਟੇ ॥੩੩॥
ਦੋਨਹੁਂ ਕਾਰਜ ਅਹੈਂ ਸਮਾਨ।
ਤਹਿਂ ਰਜਪੂਤ ਮਹਾਂ ਬਲਵਾਨ।

---

[1]ਵਿਸ਼ਾਲ ਨੇਤ੍ਰ।
[2]ਸੌ ਸਾਲ ਤਕ।
[3]ਚਿੱਟਾ ਦਾੜ੍ਹਾ।
[4]ਸਰੀਰ ਦਾ ਕੱਦ ਛੋਟਾ।
[5]ਨਿਮ੍ਰਤਾ ਵਾਲੇ।

ਇਹਾਂ ਕਠੋਰ ਰੋਰ ਅਰ ਰਹੇ।
ਕਰੇ ਜਤਨ ਬਹੁ, ਭਗਨ ਨ ਲਹੇ ॥੩੪॥
ਤੈਸੇ ਤਹਾਂ ਨ੍ਰਿਪਤਿ ਭਟ ਭਾਰੀ।
ਸਰ[1] ਨਹਿਂ ਭਏ ਕਰਤਿ ਨਿਤ ਰਾਰੀ।
ਰੋਰਨ ਕੋ ਕਰ ਜਬਿ ਹਮ ਫੋਰੈਂ।
ਸ਼ਾਹੁ ਨਿਸੰਸੈ ਦਿਢ ਗਢ ਤੋਰੈ ॥੩੫॥
ਜਿਸੀ[*] ਮਾਸ ਕੋ ਪੱਖਜ ਜੁ ਹੋਇ।
ਤਿਥਿ ਅਰੁ ਵਾਰ ਏਕ ਹੀ ਜੋਇ।
ਤਿਸੀ ਜਾਮ ਕੀ ਘਟਿਕਾ ਇਕ ਮਹਿਂ।
ਟੂਟਹਿਂ ਦੋਨਹੁ ਸਮ, ਨਹਿਂ ਅਟਕਹਿਂ ॥੩੬॥
ਆਗੈ ਪਾਛੇ ਕਾਜ ਨ ਸਰੈ।
ਤਿਸ ਹੀ ਸਮੈ ਸਿੱਧ ਜੁਗੁ ਕਰੈਂ[+]।'
ਇਮ ਸੁਨਿ ਕੈ ਦੋਨੋ ਬੁਧਿਵਾਨ।
ਰਿਦੈ ਕਤੂਹਲ[2] ਸਹਤ ਮਹਾਂਨਾ ॥੩੭॥
ਅਤਿ ਪ੍ਰਸੰਨਤਾ ਧਰਿ ਕਰਿ ਉਰ ਮੈਂ।
ਸ਼ਰਧਾ ਬਧੀ ਬਿਸਾਲੀ ਗੁਰ ਮੈਂ।
ਕਰ ਜੋਰੇ ਪਦ ਨਮੋ ਕਰੰਤੇ।
'ਸੱਤਜ, ਸੱਤਜ' ਮੁਖ ਤੇ ਉਚਰੰਤੇ ॥੩੮॥
ਸੁਨਿ ਗੁਰ ਵਾਕ ਸਿਵਰ ਮਹਿਂ ਆਏ।
ਸ਼ਾਹੁ ਕਾਜ ਸਿਧਿ ਲਖਿ ਹਰਖਾਏ।
'ਆਵਨ ਸਫਲ ਹਮਾਰੋ ਹੋਵਾ।
ਦਰਸ਼ਨ ਦਰਸੇ ਸੰਕਟ ਖੋਵਾ ॥੩੯॥
ਹਮ ਪਰ ਸ਼ਾਹੁ ਪ੍ਰਸੰਨੈ ਹੋਇ।
ਬਾਂਛਤਿ ਦਰਬ ਦੇਇ ਹੈ ਸੋਇ[*]।
ਅਤਿ ਦੁਖ ਸਾਗਰ ਸੰਸੈ ਮਾਂਹਿ[1]।

---

[1]ਫਤਹ।
[*]ਪਾ:-ਤਿਸੀ।
[+]ਖਾਲਸਾ ਤਾਵਰੀਖ ਤੇ ਮੁਹੰਮਦ ਜ਼ਕਾਉੱਲਾ ਦੀ ਤਾਰੀਖ ਹਿੰਦੁਸਤਾਨ ਵਿਚ ਬਾਵਲੀ ਬਣਨ ਦਾ ਸੰਮਤ ੧੬੧੬ ਬਿਛ ਦਿੱਤਾ ਹੈ ਤੇ ਚਤੌੜ ਫਤੇ ਹੋਣ ਦਾ ਸੰਨ ਇਤਿਹਾਸਾਂ ਵਿਚ ਮਾਰਚ ੧੫੩੮ ਈਛ ਅਰਥਾਤ ੧੬੨੫ ਈਛ ਹੈ।
ਇਸ ਹਿਸਾਬ ਪਤਾ ਲਗਦਾ ਹੈ ਕਿ ਉੱਪਰਲੀ ਸਾਖੀ ਨਹੀਂ ਹੋਈ।
[2]ਅਚਰਜਤਾ।
[ਸੰਸ: ਕੌਤੂਹਲ]
[*]ਪਾ:-ਜੋਇ।

ਪਾਰਿ ਪਰਹਿ ਉਰ ਮੈਂ ਹਰਖਾਹਿ' ॥੪੦ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਗੁਰ ਅਮਰਦਾਸ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

[1]ਸੰਸੇ ਰੂਪ ਸਮੁੰਦਰ ਦੇ ਦੁਖ ਵਿਚੋਂ।

੮. [ਚਿਤੌੜ ਗੜ੍ਹ ਛੁੱਟਣਾ]

੭<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੯

ਦੋਹਰਾ: ਅਤਿ ਹਰਖਤਿ ਖਤ ਕੋ ਲਿਖਤਿ,
ਸਤਿਗੁਰ ਬਚ ਜਿਸ ਭਾਂਤਿ।
ਦਯੋ ਸਾਂਢਣੀ[1] ਕੋ ਤੁਰਤ,
ਕਹ੍ਯੋ 'ਗਮਹੁਂ ਦਿਨ ਰਾਤਿ' ॥੧॥
ਚੌਪਈ: ਲੇ ਖਤ ਤਬੈ ਉਤਾਇਲ ਧਾਯੋ।
ਨਿਸ ਦਿਨ ਚਲਤਿ ਜਾਨੁ ਬਦਲਾਯੋ[2]।
ਬਹੁਰ ਡਾਕ ਮਹਿਂ ਸੁਧਿ ਤਤਕਾਲ।
ਪਹੁੰਚ੍ਯੋ ਜਹਿਂ ਅਕਬਰ ਮਹਿਪਾਲ ॥੨॥
ਕਾਗਦ ਮਹਿਂ ਜੋ ਲਿਖ ਕਰਿ ਪਠਯੋ[3]।
ਸ਼ਾਹੁ ਖੋਲ ਕੈ ਤਤਛਿਨਿ ਪਠ੍ਯੋ[4]।
ਹਰਖਮਾਨੁ ਹੁਇ ਬਹੁ ਮਨ ਮਾਂਹਿ।
ਸੋ ਜਾਨ੍ਯੋ ਜੋ ਸ਼੍ਰੀ ਮੁਖ ਪ੍ਰਾਹਿ ॥੩॥
ਮਨਹੁਂ ਕ੍ਰਿਪਨ ਕਹੁਂ ਪਾਰਸੁ ਪਾਵਾ।
-ਗਢਿ ਲੈਹੌਂ- ਬਿਸਵਾਸ[5] ਉਪਾਵਾ।
ਸ਼ਰਧਾ ਅਧਿਕ ਰਿਦੈ ਬਿਰਧਾਈ।
ਤਹਿਂ ਬੈਠੇ ਹੀ ਗ੍ਰੀਵ ਨਿਵਾਈ ॥੪॥
ਕੌਤਕ[6] ਰਿਦ ਹ੍ਵੈ ਖਤ ਲਿਖਵਾਯੋ।
'ਤੁਮ ਨੇ ਲਿਖ੍ਯੋ, ਸੁ ਹਮ ਲਖਿ ਪਾਯੋ।
ਸ਼੍ਰੀ ਗੁਰ ਜੇ ਇਮ ਬਾਕ ਬਖਾਨਾ।
ਤੁਮ ਦੋਨੋ ਰਹਿਯਹੁ ਤਿਸ ਥਾਨਾ ॥੫॥
ਬਾਪੀ ਕਰ ਟੂਟਨ ਕੇ ਹੇਤ।
ਕਰਹੁ ਜਤਨ ਧਨ ਬੁੱਧਿ ਸਮੇਤ।
ਜਿਮਿ ਉਦਪਾਨ[7] ਸਿੱਧਿ ਹੁਇ ਜਾਇ।
ਜਥਾ ਸ਼ਕਤਿ ਬਹੁ ਕਰਹੁ ਉਪਾਇ ॥੬॥

---

[1]ਸਾਂਢਣੀ ਸਵਾਰ।
[2]ਸਵਾਰੀ ਬਦਲਦਾ।
[3]ਭੇਜਿਆ ਸੀ।
[4]ਪੜ੍ਹਿਆ।
[5]ਭਰੋਸਾ।
[6]ਪ੍ਰਸੰਨ।
[7]ਬਾਵਲੀ।

ਸ਼ਿਲਪੀ ਚਾਤੁਰ[1] ਲੇਹੁ ਬੁਲਾਈ।
ਕਰਹਿ ਸ਼ੀਘ੍ਰਤਾ ਮੁਝ ਹਰਖਾਈ।'
ਖਤ ਦੇ ਕਰੀ ਤਿਸੈਂ ਤਕਰਾਈ।
'ਅਤਿ ਤੂਰਨ ਸੁਧਿ ਦਿਹੁ ਪਹੁੰਚਾਈ ॥੭॥
-ਗਢ ਟੂਟੇ ਹਰਖਹਿ ਸੁਲਤਾਨ।
ਕਰਹਿ ਸਭਿਨਿ ਬਖ਼ਸ਼ੀਸ਼ ਮਹਾਨ-।'
ਚਲ੍ਯੋ ਸਾਂਢਣੀ ਪੌਣ ਸਮਾਨ।
ਗੋਇੰਦਵਾਲ ਦਈ ਸੁਧਿ ਆਨਿ ॥੮॥
ਜਾਨ੍ਯੋ ਤਿਨਹੁਂ ਸ਼ਾਹੁ ਭਿੱਪ੍ਰਾਯ[2]।
ਰਹਨ ਲਗੇ ਕਰਿ ਬਹੁਤ ਉਪਾਯ।
ਬ੍ਰਿੰਦ ਮਿਹਨਤੀ ਸ਼ਿਲਪੀ ਲਾਏ।
ਕੀਨਸਿ ਤਜਾਰ ਮਹਿਲ ਸਮੁਦਾਏ ॥੯॥
ਕਰ ਰੋਰਨ ਕੋ[3] ਅਟਕ੍ਯੋ ਤਰੇ।
ਭਗਨ ਖਨਹਿਂ[4] ਬਿਚ ਨਰ ਬਹੁ ਬਰੇ।
ਸ਼੍ਰੀ ਗੁਰ ਅਮਰਦਾਸ ਦਿਨ ਸਾਰੇ।
ਬੈਠਿ ਕਰਾਵਹਿਂ ਬਾਪੀ ਕਾਰੇ ॥੧੦॥
ਅਕਬਰ ਸ਼ਾਹੁ ਪਠੇ ਨਰ ਜੋਇ।
ਚਤੁਰ ਜਾਮ ਬੈਠੇ ਰਹਿਂ ਸੋਇ।
ਬੁਧਿ ਬਲ ਧਨ ਬਲ ਕਰਿਤੇ ਰਹੈਂ।
-ਸਿੱਧ ਉਤਾਇਲ ਹੁਇ- ਚਿਤ ਚਹੈਂ ॥੧੧॥
ਲੋਹਨ ਕੇ ਹੱਥਜਾਰਨ ਸਾਥ।
ਲਘੁ ਅਰ ਗਰਵ ਹਤਹਿਂ ਗਹਿ ਹਾਥ[5]।
ਬਹੁਤ ਕਟ੍ਯੋ ਥੋਰੋ ਰਹਿ ਗਯੋ।
ਟੂਟਨਿ ਕੋ ਸੁ ਤਜਾਰ ਜਬਿ ਭਯੋ ॥੧੨॥
ਗਢ ਚਤੌਰ ਉਤ ਅਕਬਰ ਹਰਖਾ।
ਕਰਿਵਾਵਤਿ ਭਾ ਗੁਲਕਨ ਵਰਖਾ।
ਤੋਪੈਂ ਬਡੀ ਜੰਜੈਲ ਜੰਬੂਰੇ।
ਨਿਕਟ ਦੁਰਗ ਹੁਇ ਦਾਗਤਿ ਸੂਰੇ ॥੧੩॥

---

[1]ਕਾਰੀਗਰ ਸਿਆਣੇ।
[2]ਤਾਤਪਰਜ।
[3]ਰੋੜਾਂ ਦਾ ਕੜ।
[4]ਤੋੜਨ ਲਈ ਪੁੱਟਦੇ ਹਨ।
[5]ਛੋਟੇ ਵਡੇ ਮਾਰਦੇ ਹੈਨ ਹਥ ਵਿਖੇ ਫੜਕੇ।

ਹਲਾਹਲੀ ਕਰਿ ਰੌਰ ਮਚਾਏ।
ਸ਼ਕਤੀ[1] ਤੋਮਰ[2] ਖੜਗ ਉਠਾਏ।
ਅਨਿਕ ਗੁਬਾਰਨ ਕੀ ਕਰਿ ਮਾਰੇ[3]।
ਗਿਰਦ ਸੁਰੰਗੈਂ ਦੁਰਗ ਬਿਦਾਰੇ[4] ॥੧੪॥
ਉਤ ਰਜਪੂਤ ਸਹੇ ਨਹਿਂ ਅੰਤਰਿ।
ਨਿਕਸੇ ਚਾਹਤਿ ਜੰਗ ਨਿਰੰਤਰ।
ਜੈਮਲ ਫੱਤਾ ਦੋਨਹੁਂ ਭ੍ਰਾਤ।
ਲਰੇ ਵਹਿਰ ਜੋਧਾ ਬੱਖਜਾਤ ॥੧੫॥
ਦਲ ਦੋਨਹੁਂ ਮਿਲਿ ਆਪਸ ਮਾਂਹੀ।
ਕਰਹਿਂ ਪ੍ਰਹਾਰ ਅੰਗ ਕਟਿ ਜਾਹੀਂ।
ਗਿਰਹਿਂ ਤੁਰੰਗ ਤੇ ਸੁਰਗ ਚਢੰਤੇ[5]।
ਇਕ ਘਾਇਲ ਘੂਮਤਿ ਤਰਫੰਤੇ ॥੧੬॥
ਅਸ ਦਾਰੁਨ ਸੰਗ੍ਰਾਮ ਮਚਾਵਾ।
ਸ਼ਵ ਦੇਹਨ ਕਰਿ[6] ਸੋ ਥਲ ਛਾਵਾ।
[7]ਰੁੰਡ ਮੁੰਡ ਭੁਜਦੰਡ ਬਿਹੰਡੇ[8]।
ਖੰਡ ਖੰਡ ਬਡ ਦੰਡ ਘਮੰਡੇ[9] ॥੧੭॥
ਕਹਾਂ ਲਗੇ ਰਣ ਬਰਨਨ ਕਰੌਂ।
ਇਹੀ ਗ੍ਰਿੰਥ ਬਡ ਹ੍ਵੈ ਇਮ ਡਰੌਂ।
ਤਿਸ ਬਾਸੁਰ[10] ਲਰਤੇ ਜੁਗ ਭ੍ਰਾਤ।
ਬਹੁ ਲਸ਼ਕਰ ਤੁਰਕਨ ਕਰਿ ਘਾਤ ॥੧੮॥
ਫੱਤਾ ਗਿਰਯੋ ਯੁੱਧ ਮਹਿਂ ਐਸੇ।
ਮੂਲ ਕਟੇ ਧਰ ਤਰੁਵਰ ਜੈਸੇ[11]।

---

[1]ਬਰਛੀ।
[2]ਨੇਜਾ, ਬਾਲਾ।
[3]ਅੰਧ ਧੁੰਦ ਦੀ ਬਹੁਤੀ ਮਾਰ ਕਰਦੇ ਹਨ। [ਅ਼: ਗ਼ੁਬਾਰ = ਮਿੱਟੀ ਵਾਲੀ ਹਵਾ]
(ਅ) ਤੋਪ ਦੇ ਗੋਲਿਆਂ ਦੀ ਮਾਰ।
[4]ਕਿਲ੍ਹੇ ਦੇ ਗਿਰਦ ਸੁਰੰਗਾਂ ਫੁਟਦੀਆਂ ਹਨ।
[5]ਬੈਕੁੰਠ ਨੂੰ ਜਾਂਦੇ ਹਨ।
[6]ਮੁਰਦਾ ਲੋਥਾਂ ਨਾਲ।
[7]ਥਾਂ ਭਰ ਗਿਆ।
[8]ਧੜ ਸਿਰ ਬਾਹਾਂ ਖਿੱਲਰੇ ਹੋਏ ਹਨ।
[9]ਬਾਹਾਂ ਦੇ ਬੜੇ ਘੁਮੰਡ ਵਾਲੇ ਟੋਟੇ ਟੋਟੇ ਹੋ ਗਏ।
[10]ਉਸ ਦਿਨ।
[11]ਮੁਢ ਕੱਟੇ ਵਾਲਾ ਬ੍ਰਿੱਛ ਜਿਵੇਂ ਧਰਤੀ ਤੇ।

ਲਗੇ ਸ਼ਸਤ੍ਰ ਬਹੁ ਜਰਜਰਿ[1] ਹੋਵਾ।
ਹੂਰਨ[2] ਨੂਰ ਨੂਰ ਕੋ ਜੋਵਾ ॥੧੯॥
ਰਨ ਸਨਮੁਖ ਤਨ ਤਯਾਗਨ ਕਰਿ ਕੈ।
ਗਯੋ ਸੁਰਗ ਉਰ ਆਨੰਦ ਭਰਿ ਕੈ।
ਜੈਮਲ ਵਹਿਰ ਭ੍ਰਾਤ ਮਰਿਵਾਇ।
ਅੰਤਰ ਦੁਰਗ ਬਹੁਤ ਬਿਲਪਾਇ ॥੨੦॥
'ਰਹਯੋ ਇਕਾਕੀ ਭ੍ਰਾਤ ਬਿਹੀਨ।
ਕਟੇ ਪੰਖ ਜੁਗ ਜਿਮ ਖਗ ਦੀਨ[3*]।
ਭੁਜਾ ਗਈ ਕਟਿ ਨਿਰਬਲ ਰਹਯੋ।
ਭ੍ਰਾਤ ਬਿਨਾ ਕੋ ਨਾਥ ਨ ਲਹਯੋ ॥੨੧॥
ਜੀਵਤ ਰਹਿ ਕਯਾ ਮੁਖ ਦਿਖਰਾਵੌਂ।
ਅੰਤਹਪੁਰ[4] ਕਯਾ ਜਾਇ ਬਤਾਵੌਂ?
ਮਹਾਂ ਸੁਭਟ ਨਹਿਂ ਅਪਰ ਸਮਾਨਾ।
ਲਰਤਿ ਬਹੁਤ ਸੋਂ, ਡਰ ਨਹਿਂ ਮਾਨਾ[5] ॥੨੨॥
ਘਾਲਤਿ ਘਨੇ ਘਰਨ ਕੋ ਘੋਰ[6]।
ਜਿਸ ਆਸ਼੍ਰੈ ਡਰ ਨਹੀਂ ਚਤੌਰ[7]।'
ਇੱਤਯਾਦਿਕ ਬਿਰਲਾਪ ਕਰੰਤਾ।
ਰਜਪੂਤਨ ਕੋ ਗਨ ਬਰਜੰਤਾ[8] ॥੨੩॥
'ਸੁਭਟਨ ਕੀ ਗਤਿ ਐਸੀ ਅਹੈ।
ਮਰੇ ਸੁਰਗ, ਜਸ ਜੀਵਤਿ ਲਹੈਂ।
ਤੁਮਹਿ ਨ ਉਚਿਤ ਕਰਨ ਬਿਲਲਾਵਨ[9]।
ਅਨ ਸੂਰਨ ਕੋ ਮਨ ਥਿਰਕਾਵਨ' ॥੨੩॥
'ਸੁਭਟਨ ਕੀ ਗਤਿ ਐਸੀ ਅਹੈ।
ਮਰੇ ਸੁਰਗ, ਜਸ ਜੀਵਤਿ ਲਹੈਂ[1]।

---

[1]ਟੋਟੇ ਟੋਟੇ।
[2]ਹੂਰਾਂ ਨੇ।
[3]ਜਿਵੇਂ ਪੰਛੀ ਆਜਜ਼ ਹੋ ਜਾਂਦਾ ਹੈ।
[*]ਪਾ:-ਚੀਨ।
[4]ਰਣ ਵਾਸ ਵਿਚ।
[5]ਨਹੀਂ ਸੀ ਮੰਨਦਾ।
[6]ਬਹੁਤੇ ਘਰਾਂ ਨੂੰ ਭੈਭੀਤ ਕਰਦਾ ਸੀ।
[7]ਡਰ ਨਹੀਂ ਸੀ ਚਤੌੜ (ਦੇ ਮਾਰੇ ਜਾਣ ਦਾ)।
[8]ਸਾਰੇ ਰਾਜਪੂਤ ਬਰਜਦੇ ਹਨ (ਜੈਮਲ ਨੂੰ)।
[9]ਵਿਰਲਾਪ।

ਤੁਮਹਿ ਨ ਉਚਿਤ ਕਰਨ ਬਿਲਲਾਵਨ।
ਅਨ ਸੂਰਨ ਕੋ ਮਨ ਥਿਰਕਾਵਨ[1] ॥੨੪॥
ਹੋਤਿ ਪ੍ਰਾਤਿ ਰਣ ਮੰਡਹੁ ਭਾਰੀ।
ਹਤਹੁ ਮੋਰਚੇ ਜੇ ਢਿਗ ਦ੍ਵਾਰੀ।
ਕਰਹੁ ਕਟਾ ਖੜਗਨ ਕੇ ਸਾਥ।
ਸ਼ਾਹ ਨਿਕਟਿ ਦਿਖਰਾਵਹੁ ਹਾਥ' ॥੨੫॥
ਇਮ ਸਹਿ ਸ਼ੋਕ ਬਿਤਾਇ ਨਿਸਾ ਕੋ।
ਭਈ ਪ੍ਰਾਤਿ ਮੰਡਯੋ ਰਨ ਬਾਂਕੋ[2]।
ਨਿਕਸ ਪਰੇ ਰਜਪੂਤ ਬਿਸਾਲੇ।
ਦੁਹ ਦਿਸ਼ਿ ਸੁਭਟਨ ਸ਼ਸਤ੍ਰ ਸੰਭਾਲੇ ॥੨੬॥
ਪੁਖੇ ਪਲੀਤੇ ਛੁਟੀ ਤੁਫੰਗੈਂ।
ਜੋਧਾ ਗਿਰੇ ਫੁਟੇ ਬਹੁ ਅੰਗੈ।
ਬਰਛੇ ਤਿਰਛੇ ਬਹੁਤ ਭ੍ਰਮਾਏ।
ਸਨਮੁਖ ਸ਼ੱਤ੍ਰਨ ਦੇਹਿ[3] ਧਸਾਏ ॥੨੭॥
ਗਹੇ ਕਮਾਨ ਬਾਨ ਗਨ ਛੋਰੈਂ।
ਰਹਹਿਂ ਖਰੇ ਨਹਿਂ ਮੁਖ ਕੋ ਮੋਰੈਂ।
ਕਹਿਂ ਲੌ ਬਰਨੌਂ ਜੁੱਧ ਉਦਾਰਾ।
ਲਰਤਜੋ ਜੈਮਲ ਸੁਰਗ ਸਿਧਾਰਾ ॥੨੮॥
ਸਮੁਖ ਸੈਨ ਲਰਿ ਕੈ ਮਰਿ ਗਿਰੀ।
ਕਾਇਰ ਭਾਜੇ ਧੀਰ ਨ ਧਰੀ।
ਅੰਤਰ ਸੁਨਿ ਰਣਵਾਸੁ[4] ਮਹਾਨਾ।
ਜੈਮਲ ਫਤੇ ਕੋ ਤਨ ਹਾਨ ॥੨੯॥
ਲੇ ਜਮਧਰ[5] ਨਿਜ ਮਾਰ ਮਰੀ ਹੈਂ।
ਤੁਰਤ ਤ੍ਰਾਸ ਤੇ ਰਿਦੇ ਡਰੀ ਹੈਂ।
ਬਚੀ ਨ ਕੋਊ ਧਰਮ ਸੰਭਾਰੇ।
ਹਤਿ ਹਤਿ ਨਿਜ ਕੋ ਪ੍ਰਾਨ ਬਿਦਾਰੇ ॥੩੦॥
ਫਤੇ ਜਾਨਿ ਕੈ ਅਕਬਰ ਸ਼ਾਹੂ।
ਭਾਯੋ ਪ੍ਰਸੰਨ ਬਿਲੰਦ ਉਮਾਹੂ।

---

[1]ਦੂਸਰੇ ਸੂਰਮਿਆਂ ਦਾ ਮਨ ਥਿੜਕੌਣਾ।
[2]ਚੰਗਾ ਜੰਗ।
[3]ਸਰੀਰਾਂ ਵਿਚ।
[4]ਰਾਣੀਆਂ।
[5]ਕਟਾਰ।

ਗਢ ਚਤੌਰ ਕੋ ਤੋਰਨ ਕਰਿ ਕੈ।
ਕਯੋ ਬਿਲੋਕਨ ਅੰਤਰ ਬਰਿਕੈ ॥੩੧॥
ਹਰਖਯੋ ਉਰ ਉਤਸਾਹੁ ਬਧਾਵਾ।
-ਬਡ ਮਵਾਸ[1] ਇਹੁ ਮਾਰਿ ਗਿਰਾਵਾ।
ਤ੍ਰਾਸ ਬਧੈ ਰਜਪੂਤਨ ਮਾਂਹੀ।
ਦਿੱਲੀ ਸੋਂ ਬਿਗਰਹਿਂ ਅਬਿ ਨਾਂਹੀ ॥੩੨॥
ਬਖਸ਼ਸ ਕਰਿ ਕੈ ਨਿਜ ਉਮਰਾਊ।
ਬਹੁਤ ਮੋਲ ਕੋ ਦੈ ਸਿਰੁਪਾਊ।
ਸਰਬ ਰੀਤਿ ਪੁਨ ਅਪਨੀ ਕਰਿ ਕੈ।
ਸਕਲੇ ਦੁਰਗ ਬਸੀ ਤਹਿਂ ਧਰਿ ਕੈ[2] ॥੩੩॥
ਚਢਯੋ ਸ਼ਾਹੁ ਦਿੱਲੀ ਦਿਸ਼ ਹਰਖਾ।
ਕਰਤਿ ਜਾਤਿ ਮਗ ਧਨ ਕੀ ਬਰਖਾ।
ਇਤਨੇ ਮਹਿਂ ਜੇ ਗੋਇੰਦਵਾਲ।
ਪਠਯੋ ਹੁਤੋ ਜਿਸ ਕੇ ਸਿਖ ਨਾਲ ॥੩੪॥
ਆਨਿ ਮਿਲਯੋ ਅਕਬਰ ਕੇ ਤੀਰ।
ਜਹਿਂ ਉਮਰਾਵਨ ਕੀ ਬਡ ਭੀਰ।
ਤਸਲੀਮਾਤ ਕਰੀ ਬਹੁ ਬਾਰੀ।
ਸ਼੍ਰੀ ਗੁਰ ਕੀ ਸਭਿ ਕਥਾ ਉਚਾਰੀ ॥੩੫॥
'ਮਾਸ ਤਿਥੀ ਅਰੁ ਵਾਰ ਸੁ ਜਾਮ।
ਘਟਿਕਾ ਲਿਖਿ ਕਾਗਦ ਪਰ ਨਾਮ।
ਕੜ ਟੂਟੇ ਕੋ ਹਮ ਲਿਖਿ ਲ੍ਯਾਏ।
ਔਰ ਬਡੋ ਅਚਰਜ ਪਿਖਿ ਆਏ ॥੩੬॥
ਮੂਰਤਿ ਸ਼ੁਭ ਖੁਦਾਇ ਕੀ ਅਹੈ।
ਜਿਨ ਕੀ ਸਮਤਾ ਕੋਇ ਨ ਲਹੈ।
ਅਨਿਕ ਦੇਸ਼ ਤੇ ਸੰਗਤ ਆਇ।
ਅਪਰ ਉਪਾਇਨ ਪੂਜਹਿ ਪਾਇ ॥੩੭॥
ਸਿੱਖਜਨ ਕੀ ਪੂਰਹਿਂ ਅਭਿਲਾਖੇ।
ਨਿਸ ਬਾਸੁਰ ਪ੍ਰਭੁ ਕੀਰਤਿ ਭਾਖੇ।
ਸੌ ਬਰਖਨਿ ਲਗ ਬਯ ਮਹਿਂ ਹੋਏ।
ਤਹਾਂ ਦੇਸ਼ ਮਾਨਹਿਂ ਸਭਿ ਕੋਏ ॥੩੮॥

---

[1]ਆਕੀ।

[2](ਨੂੰ) ਵੱਸ ਵਿਚ ਰਖਕੇ।

ਸ਼੍ਰੀ ਨਾਨਕ ਕੀ ਜੋਤਿ ਉਦਾਰਾ।
ਅਬਹਿ ਪ੍ਰਕਾਸ਼ਤਿ ਤਿਨਹਿਂ ਮਝਾਰਾ।'
ਸੁਨਿ ਅਕਬਰ ਸਭਿ ਮਹਿਂ ਕਹਿ ਬਾਤੀ।
'ਕਾਗਦ ਕਰਹੁ ਸੁਨਾਵਨ ਪ੍ਰਾਤੀ' ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਚਤੌਰ ਗੜ੍ਹ ਟੂਟਨ*' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

*ਪਾ:-ਚਤੌਰ ਗੜ੍ਹ ਮਾਰਨ।

੯. [ਨਵੀਸਿੰਦ ਨੇ ਗੋਂਦਵਾਲ ਦੀ ਕਥਾ ਸੁਣਾਈ]

੮<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੦

ਦੋਹਰਾ: ਭਈ ਭੋਰ ਅਕਬਰ ਕਹ੍ਯੋ 'ਸਭਿ ਉਮਰਾਉ ਬੁਲਾਇ।
ਇਲਮ ਪਠਨ ਵਾਰੇ[1] ਜਿਤੇ ਅਰੁ ਜੋ ਪੀਰ ਕਹਾਇਂ ॥੧॥

ਚੌਪਈ: ਸਰਬ ਭਾਂਤਿ ਕੇ ਨਰ ਬੁਲਵਾਇ।
ਸਭਾ ਬੀਚ ਬੈਠ੍ਯੋ ਹਰਖਾਇ।
ਨਵੀਸਿੰਦ[2] ਕੋ ਬਾਕ ਬਖਾਨਾ।
'ਅਬਹਿ ਸੁਨਾਵੋ ਲਿਖਿ ਜੋ ਆਨਾ' ॥੨॥
ਸਭਿਨਿ ਬਿਖੈ ਤਬਿ ਪਠ੍ਯੋ[+] ਸੁਨਾਯੋ।
'ਜਬਹਿ ਸ਼ਾਹੁ ਦਿੱਲੀ ਤੇ ਧਾਯੋ।
ਤਬਿ ਕੋ ਤਿਨ[3] ਸੰਕਲਪ ਉਠਾਯੋ।
ਸਭਿ ਤਜਾਰੀ ਕਰਿ ਚਹਤਿ ਖਨਾਯੋ[4++] ॥੩॥
ਜਬਹਿ ਸ਼ਾਹੁ ਪਹੁੰਚ੍ਯੋ ਤਿਸ ਠੌਰ।
ਤੋਪਨ ਗੋਰੇ ਲਗੇ ਚਤੌਰ।
ਤਬਿ ਹੀ ਟਕ ਛਿਤ ਖਨਿਬੇ ਕੇਰਾ।
ਲਾਇ ਮਜੂਰ ਦਏ ਬਿਨ ਦੇਰਾ ॥੪॥
ਇਹੁ ਚਤੌਰ ਸਰ ਕਰਤੇ ਰਹੇ।
ਅਨਿਕ ਜਤਨ ਕਰਿ ਸ਼ੱਤ੍ਰੂ ਦਹੇ।
ਤਿਨਹੁਂ ਖਨਾਇ ਮਹਿਲ ਚਿਨਵਾਯੋ।
ਸਨੇ ਸਨੇ ਨੀਚੇ ਉਤਰਾਯੋ ॥੫॥
ਅਰ੍ਯੋ ਆਨਿ ਰੋਰਨ ਕਰ[5] ਜਬਿਹੂੰ।
ਇਤ ਤੇ ਹਮ ਢਿਗ ਪਹੁੰਚੇ ਤਬਹੂੰ।
ਕਹ੍ਯੋ ਬਾਕ -ਇਸਕੋ ਕਰ[**] ਟੂਟੈ।
ਤਬਹਿ ਸ਼ਾਹੁ ਤੇ ਸੋ ਗੜ ਤੂਟੇ[+++]- ॥੬॥
ਇਮ ਸੁਨਿ ਹਮ ਲਿਖਿ ਭੇਜ੍ਯੋ ਇਹਾਂ।

---

[1]ਵਿੱਦ੍ਯਾ ਪੜ੍ਹਨ ਵਾਲੇ, ਆ਼ਲਿਮ।
[2]ਮੁਨਸ਼ੀ।
[+]ਪਾ:-ਪਠਿ ਸੁ।
[3]ਭਾਵ ਸ੍ਰੀ ਗੁਰੂ ਅਮਰਦਾਸ ਜੀ ਨੇ।
[4]ਪਟਵਾਵਣਾ (ਬਾਵਲੀ ਸਾਹਿਬ)।
[++]ਪਾ:-ਬਨਾਯੋ।
[5]ਰੋੜਾਂ ਦਾ ਕੜ।
[**]ਪ:-ਕੜ।
[+++]ਪਾ:-ਛੂਟੈ।

ਤਹਾਂ ਰਹਿਨ ਕੋ ਹੁਕਮ ਸੁ ਕਹਾ।
ਤਬਿ ਤੇ ਹਮ ਡੇਰਾ ਤਹਿਂ ਕੀਨਸਿ।
ਅਚਰਜ ਅਧਿਕ ਬਿਲੋਕਨ ਕੀਨਸਿ ॥੭॥
ਅਰਜੋ ਰੋਰ ਕਰ ਜਬਹਿ ਮਹਾਂਨਾ।
ਕਰੇ ਜਤਨ ਮਿਲ ਕੈ ਬਿਧਿ ਨਾਨਾ।
ਕਿਸਹੂੰ ਤੇ ਨ ਸਰੀ ਸੋ ਕਾਰਾ।
ਤਬਿ ਸ੍ਰੀ ਗੁਰ ਨੇ ਬਾਕ ਉਚਾਰਾ ॥੮॥
ਇਕ ਸੇਵਕ ਤਹਿਂ ਮਾਣਕ ਨਾਮੂ।
ਵੈਰੋਵਾਲ ਬਿਖੈ ਤਿਹ ਧਾਮੂ।
ਕਹਜੋ -ਮਾਨਕਾ! ਹੋਵਹੁ ਤਜਾਰ।
ਕਰ ਰੋਰਨ ਤੋਰਨ ਕੀ ਕਾਰ ॥੯॥
ਤੁਝ ਤੇ ਸਰੈ, ਅਪਰ ਨਹਿਂ ਕਰੈ।
ਅੰਤਰ ਪ੍ਰਵਿਸ਼ਹੁ ਅਬਿ ਨਹਿਂ ਅਰੈ।
ਤੀਖਨ ਲੋਹ ਕਾਠ ਕੇ ਸਾਥ[1]।
ਕਰਹੁ ਜੋਰ, ਇਸ ਗਹਿ ਕੈ ਹਾਥ- ॥੧੦॥
ਮਾਨ ਬਚਨ ਤੈਸੇ ਤਿਨ ਕਰਜੋ।
ਨਿਜ ਬਲ ਬਾਹੁਨ ਤੇ ਦਿਢ ਧਰਜੋ।
ਅੰਤਰ ਬਰਜੋ ਨਮੋ ਕਹੁ ਕਰਿ ਕੈ।
ਸ਼੍ਰੀ ਗੁਰ ਚਰਨ ਸ ਪ੍ਰੇਮ ਨਿਹੁਰਿ ਕੈ[*] ॥੧੧॥
ਕਹਿਨ ਲਗਜੋ -ਕਜਾ ਅਹੌਂ ਬਿਚਾਰਾ।
ਸਤਿਗੁਰ ਬਾਕ ਕਰਹਿ ਇਹੁ ਕਾਰਾ-।
ਚਰਨ ਧਜਾਨ ਕੋ ਧਰਿ ਕੈ ਅੰਤਰ।
ਕਰ ਬਲ ਬਾਹੁਨਿ ਓਜ ਨਿਰੰਤਰ ॥੧੨॥
ਕਰਜੋ ਪ੍ਰਹਾਰ ਗਯੋ ਤਰ[+] ਸਾਰੋ[2]।
ਫਸਜੋ ਹਾਥ ਰਹਿ ਗਯੋ ਬਿਚਾਰੋ।
ਕਰ ਟੂਟਜੋ ਕਾਗਦ ਕੀ ਨਜਾਈ।
ਨਿਸਰੀ ਨੀਰ ਬੰਬ ਬਰਿਆਈ[3] ॥੧੩॥
ਜਲ ਅਗਾਧਿ ਹੋਯੋ ਇਕ ਬਾਰੀ।

---

[1]ਤਿੱਖਾ ਲੋਹਾ ਲੱਕੜੀ ਨਾਲ ਲੱਗਾ ਹੋਇਆ।
[*]ਪਾ:-ਪ੍ਰੇਮ ਮਨ ਧਰਕੈ।
[+]ਪਾ:-ਗਡ।
[2]ਹੇਠਾਂ ਚਲਾ ਗਿਆ ਸਾਰਾ (ਉਹ ਤਿਖਾ ਲੋਹਾ)।
[3]ਧਾਰਾ ਜਲ ਦੀ ਬਲ ਕਰਕੇ ਨਿਕਲੀ।

ਰਹਿ ਗਯੋ ਮਾਣਕ ਆਪਿ ਮਝਾਰੀ[੧]।
ਜਤਨ ਨਿਕਾਸਨ ਕੋ ਨਹਿਂ ਹੋਵਾ।
ਪਹੁੰਚ ਤਰੈ ਤਹਿ[++] ਕਿਨਹੁਂ ਨ ਜੋਵਾ ॥੧੪॥
ਸ਼੍ਰੀ ਗੁਰ ਅਪਨੇ ਮਹਿਲ ਸਿਧਾਰੇ।
ਬਾਪੀ ਕਾਰਜ ਸਕਲ ਸੁਧਾਰੇ।
ਅਤਿ ਉਤਸਾਹ ਸਭਿਨਿ ਮਹਿਂ ਹੋਵਾ।
ਬਹੁ ਦਿਨ ਕੋ ਸ਼੍ਰਮ ਸਿੱਖਨ ਖੋਵਾ ॥੧੫॥
ਅਮਕੀ ਤਿਥਿ ਦਿਨ ਜਾਮ ਚਢੇ ਤੇ।
ਊਪਰ ਘਟਿਕਾ ਦੋਇ ਬਢੇ ਤੇ।
ਟੂਟਯੋ ਕਰ ਤਹਿਂ ਬਾਪੀ ਕੇਰਾ।
ਅਨਿਕ ਨਰਨ ਥਿਤ ਸਭਿ ਨੈ ਹੇਰਾ' ॥੧੬॥
ਸੁਨਿ ਕੈ ਉਮਰਾਵਨ ਜੁਤਿ ਸ਼ਾਹੂ।
'ਗਢ ਚਿਤੌਰ ਤਬਿ ਕੀਨ ਬਿਨਾਹੂ।'
ਸਭਿਨਿ ਕਹਯੋ 'ਭਾ ਏਕਹੁ ਕਾਲ।
ਕਰ ਟੂਟਨ ਗਢਿ ਛੂਟ ਬਿਸਾਲ' ॥੧੭॥
ਬਿਸਮਤਿ ਭਯੋ ਸ਼ਾਹ ਸੁਨਿ ਬਾਤ।
'ਸ਼੍ਰੀ ਗੁਰ ਅਮਰਦਾਸੁ ਬੱਖਜਾਤ।
ਪੂਰਨ ਬਚਨ ਭਯੋ ਜਿਨ ਕੇਰਾ।
ਕਾਟਯੋ ਕਸ਼ਟ ਅਨਿਸ਼ਟ[੨] ਜੁਮੇਰਾ ॥੧੮॥
ਨਵੀਸਿੰਦ! ਰਹਿ ਕੈ ਤਿਸ ਠੌਰ।
ਕਹਾਂ ਪਿਖਯੋ[੩] ਤੈਂ ਅਚਰਜ ਔਰ?
ਸੋ ਭੀ ਸਕਲ ਬਤਾਵਹੁ ਮੋਹੀ।
ਲਗਤਿ ਬਾਪਿਕਾ ਜਿਸ ਬਿਧਿ ਹੋਹੀ' ॥੧੯॥
ਸੁਨਿ ਕੈ ਨਵੀਸਿੰਦ ਸਿਖ ਸਾਥ।
ਕਹਤਿ ਸ਼ਾਹ ਸੋਂ ਬੰਦੇ ਹਾਥ।
'ਹਜ਼ਰਤ! ਸੁਨਹੁਂ, ਬੂਡ ਜੋ ਗਯੋ।
ਨਹਿਂ ਊਪਰ ਕੋ ਆਵਤਿ ਭਯੋ ॥੨੦॥
ਤਿਸ ਨਰ ਕੀ ਇਕ ਬ੍ਰਿੱਧਾ ਮਾਤ।

---

[1]ਆਪ (ਮਾਣਕ) ਵਿਚ (ਅ) ਜਲ ਵਿੱਚ।
[++]ਪਾ:-ਪਹੁੰਚਤਿ ਹੈ ਤਹਾਂ।
[2]ਦੁਖਦਾਈ।
[3]ਕੀ ਵੇਖਿਆ?

ਸੁਨੀ ਕਾਨ -ਬੂਡਯੋ ਤਵ ਤਾਤ-।
ਸ਼ੋਕਾਕੁਲ[1] ਰੋਦਨ ਕੋ ਕੀਨਾ।
ਮਹਾਂ ਦੁਖਿਤਿ ਹੋਈ ਮਨ ਦੀਨਾ ॥੨੧॥
ਦੁਤੀਏ ਦਿਵਸੁ[*] ਤਹਾਂ ਚਲਿ ਆਈ।
ਜਹਾਂ ਬਾਪਿਕਾ ਗੁਰੂ ਲਗਾਈ।
ਪਿਖਯੋ ਨ ਸੁਤ ਬਿਰਲਾਪ ਕਰੰਤੀ।
-ਹਾਇ ਪੁੱਤ੍ਰ- ਮੁਖ -ਹਾਇ- ਕਰੰਤੀ ॥੨੨॥
-ਹੇ ਸੁਤ ਮਾਣਕ! ਬਯ ਮਹਿਂ ਜ੍ਵਾਨ!
ਕਹਾਂ ਗਯੋ ਮੁਝ ਕੋ ਦੁਖ ਦਾਨ[2]?
ਮੋ ਬਿਰਧਾ ਕੇ ਅਪਰ ਨ ਕੋਈ।
ਹੁਤੋ ਏਕ ਤੂੰ ਅਸ ਗਤਿ ਹੋਈ- ॥੨੩॥
ਮਹਾਂ ਰੁਦਨ ਕਰਿ ਗਮਨੀ ਤਹਾਂ।
ਅੰਤਰ ਮਹਿਲ ਗੁਰੂ ਥਿਤ ਜਹਾਂ।
ਵਹਿਰ ਰੁਦਰ ਕਰਿ ਉਚ ਪੁਕਾਰੀ।
-ਹੇ ਮਾਣਕ! ਸੁਤ ਮਿਲਿ ਇਕ ਵਾਰੀ ॥੨੪॥
ਨਾਂਹਿ ਤ ਮੁਝ ਕੋ ਲੇ ਚਲਿ ਸਾਥ-।
ਇਮ ਕੂਕਤਿ ਕਰਿ ਊਚੇ ਹਾਥ।
ਗੁਰੂ ਸ਼੍ਰਵਨ ਮਹਿਂ ਜਬਿ ਧੁਨਿ ਪਰੀ।
ਬੂਝਯੋ ਅਹੈ ਕੌਨ ਦੁਖ ਭਰੀ? ॥੨੫॥
ਕਯੋਂ ਰੋਵਤਿ, ਕਯੋਂ ਊਚ ਪੁਕਾਰਤਿ?
ਵਹਿਰ ਲੇਹੁ ਸੁਧਿ ਇਹੁ ਕਯੋਂ ਆਰਤਿ-?
ਦੌਰਯੋ ਨਰ ਸੁਨਿ ਕੈ ਤਿਸ ਪਾਸ।
ਜਾਇ ਗੁਰੂ ਢਿਗ ਕਿਯ ਅਰਦਾਸ ॥੨੬॥
ਭਏ ਕ੍ਰਿਪਾਲ ਬ੍ਰਿਧਾ ਕੋ ਹੇਰਿ।
ਢਿਗ ਬੁਲਾਇ ਕਰਿ ਬੋਲੇ ਫੇਰ।
-ਸੁਨਹੁਂ ਭੋਲੀਏ! ਮਾਣਕ ਜੋਇ।
ਸੋ ਜਲ ਮਹਿਂ ਕਿਮ ਬੂਡਨ ਹੋਇ? ॥੨੭॥
ਹੋਤਿ ਭੋਰ ਮਿਲਿ ਹੈਂ ਸੁਤ ਸਾਥ।

---

[1]ਸ਼ੋਕ ਵਿਚ ਬਿਆਕੁਲ।
[*]ਇਉਂ ਤੀਸਰਾ ਦਿਨ ਹੋ ਗਿਆ, ਪਰ ਮਹਿਮਾ ਪ੍ਰਕਾਸ਼ ਵਿਚ ਡੁੱਬਣਾ ਕਢਣਾ ਤੇ ਜਿਵਾਉਣਾ ਇਉਂ ਲਿਖੇ ਹਨ ਜਿਵੇਂ ਨਾਲੋ ਨਾਲ ਹੋਏ ਹਨ।
[2]ਦੇਕੇ।

ਕਰ ਤੋਰਯੋ ਜਿਸ ਨੇ ਨਿਜ ਹਾਥ।
ਹਮ ਨੇ ਕਰੀ ਪ੍ਰਤੱਗਯਾ ਭਾਰੀ।
ਸੁਤ ਨ ਮਰਹਿ ਪਿਤ ਮਾਤ ਅਗਾਰੀ ॥੨੮॥
ਨਿਫਲੀ ਨਹੀਂ, ਕਰੈਂ ਹਮ ਸੋਇ।
ਮਿਲਹਿਂ ਪੁੱਤ੍ਰ ਸੋਂ ਹਰਖਤਿ ਹੋਇ-।
ਗੁਰ ਬਾਕਨ ਪਰ ਸ਼ਰਧਾ ਧਰਿ ਕੈ।
ਬਸੀ ਨਿਸਾ ਤਹਿਂ ਗੁਰੂ ਸਿਮਰ ਕੈ ॥੨੯॥
ਪ੍ਰਾਤਿ ਭਈ ਸਤਿਗੁਰ ਤਬਿ ਚਾਲੇ*।
ਜਿਹ ਠਾਂ ਬਾਪੀ ਲਗੀ ਬਿਸਾਲੇ।
ਅਪਰ ਨਰਨ ਕੀ ਸੰਗੈ ਭੀਰ।
ਥਿਰੇ ਜਾਇ ਸਭਿ ਹੀ ਤਿਸ ਤੀਰ ॥੩੦॥
ਸ਼੍ਰੀ ਮੁਖ ਤੇ ਸਤਿਗੁਰ ਸੁਖ ਧਾਮੂ।
ਕਰਯੋ ਪੁਕਾਰਨ -ਮਾਣਿਕ- ਨਾਮੂ।
-ਨਿਕਸਹੁ ਜਲ ਤੇ ਬਾਹਰ ਆਵਹੁ।
ਸਭਿ ਸੰਗਤਿ ਕੋ ਦਰਸ ਦਿਖਾਵਹੁ ॥੩੧॥
ਜਿਨ ਕੋ ਮਾਣਿਕ ਨਾਮ ਕਹੰਤੇ।
ਸੋ ਨ ਦੇਹਿਂ ਦੁਖ ਨਿਜ ਸੁਖਵੰਤੇ+।
ਤੋਹਿ ਮਾਤ ਇਹੁ ਖਰੀ ਦੁਖਾਰੀ।
ਮਿਲਹੁ ਆਨਿ ਇਸੁ ਬਡ ਹਿਤਕਾਰੀ- ॥੩੨॥
ਇਮਿ ਕਹਿਬੇ ਤੇ ਬਾਪੀ ਬੀਚ।
ਹਮ ਤਹਿਂ ਪਿਖਤਿ ਊਚ ਅਰੁ ਨੀਚ।
ਨਿਕਸਯੋ ਜਲ ਪਰ ਤਰਨੇ ਲਾਗਾ।
ਤੀਨ ਦਿਵਸਿ ਪਾਛੇ ਬਡਭਾਗਾ ॥੩੩॥
ਲੋਕਨ ਦੇਖਿ ਨਿਕਾਸਨ ਕੀਨਸਿ।
ਬਿਸਮਾਏ ਸਭਿ ਅਚਰਜ ਚੀਨਸਿ।
ਸ਼੍ਰੀ ਗੁਰ ਕੇ ਪਾਇਨ ਪਰ ਪਰਯੋ।
ਸ਼ਰਧਾਲੂ ਸੇਵਕ ਸੁਖ ਭਰਯੋ[1] ॥੩੪॥
ਲਖਯੋ -ਬਚਨ ਹਮ ਤੇ ਥਿਤ ਰਹਯੋ[2]-।
ਭਏ ਪ੍ਰਸੰਨ ਬਾਕ ਸ਼ੁਭ ਕਹਯੋ।

+ਪਾ-ਦਰਸ਼ਨ ਦਿਹੁ ਨਿਜ, ਹੇ ਸੁਖਵੰਤੇ!
[1]ਭਾਵ ਮਾਣਕ। ਮਨ ਦਾ ਪ੍ਰੇਮ ਮੇਲਕੇ।
[2]ਜਾਣਿਆਂ (ਗੁਰੂ ਜੀ ਨੇ ਏਹ) ਸਾਡੇ ਬਚਨ ਤੇ ਟਿਕਿਆ ਰਿਹਾ ਹੈ।

-ਗੁਰਤਾ ਕੀ ਮੰਜੀ ਅਬਿ ਲੇਹੁ।
ਬਹੁ ਨਰ ਕੋ ਉਪਦੇਸ਼ ਕਰੇਹੁ ॥੩੫॥
ਨਰ ਅਨੇਕ ਹੀ ਪੂਜਹਿਂ ਪਾਇ।
ਦੇਹਿਂ ਉਪਾਇਨ ਫਲ ਕੋ ਪਾਇ-।
ਇਮਿ ਕਹਿ ਮੰਜੀ ਪਰ ਬੈਠਾਵਾ।
ਸਕਲ ਨਰਨ ਮਹਿਂ ਮਾਨ ਬਧਾਵਾ ॥੩੬॥
ਸਭਿ ਸਿੱਧਾਂ ਬਖਸ਼ੀ ਬਰ ਕਹਯੋ।
ਭੋਗ ਮੋਖ ਤਿਨ ਅਸ ਪਦ ਲਹਯੋ।'

[1]ਗੁਰ ਘਰ ਮਹਿਂ ਬਰਧਯੋ ਸਭਿ ਭਾਂਤੀ।
ਨਾਮ 'ਜੀਵੜਾ' ਭਾ ਬੱਖਜਾਤੀ ॥੩੭॥
ਤਿਸ ਕੇ ਘਰ ਸੰਤਤਿ[2] ਜਬਿ ਹੋਈ।
ਨਾਮ ਜੀਵੜੇ ਕਹਿਂ ਸਭਿ ਕੋਈ।
ਜੋ ਤਿਹ ਸੰਤਤਿ ਕੇ ਸਮੁਦਾਇ।
ਅਬ ਲੌਂ ਨਾਮੁ ਅਹੈ ਤਿਸੁ ਭਾਇ ॥੩੮॥

ਨਵੀਸਿੰਦ ਭਾਖਹਿ ਤਿਸ ਠੌਰ।
'ਸੁਨਹੁ ਸ਼ਾਹ! ਜੀ ਅਚਰਜ ਔਰ!
ਬੈਠ ਬਾਪਿਕਾ ਕੇ ਤਬਿ ਤੀਰ।
ਸ੍ਰੀ ਗੁਰ ਅਮਰਦਾਸ ਗੰਭੀਰ ॥੩੯॥
ਕਹਯੋ ਸਭਿਨਿ ਮਹਿਂ- 'ਬਾਪੀ ਸ੍ਰੋਤ।
ਇਹੁ ਗੰਗਾ ਤੇ ਕੀਨਿ ਉਦੋਤ।
ਇਹਾਂ ਜੁ ਕਰਹਿ ਆਇ ਇਸ਼ਨਾਨ।
ਫਲ ਪਾਵਹਿ ਸੁਰਸਰੀ ਸਮਾਨ[*] ॥੪੦॥
ਇਸ ਮਹਿਂ ਏਕ ਅਧਿਕਤਾ ਅਹੈ।
ਜੈਸੇ ਫਲ ਬਿਸਾਲ ਕੋ ਲਹੈ।
ਰਚੇ ਚੁਰਾਸੀ ਰੁਚਿਰ ਸੁਪਾਨਿ[3]।
ਇਸ ਜਲ ਮਹਿਂ ਕਰਿ ਕਰਿ ਇਸ਼ਨਾਨ ॥੪੧॥
ਜਪੁਜੀ ਪੜੈ ਚੁਰਾਸੀ ਵਾਰ।

---

[1]ਅੱਗੇ ਕਵੀ ਜੀ ਕਹਿੰਦੇ ਹਨ।

[2]ਸੰਤਾਨ।

[*]ਦੇਖੋ ਰਾਸ ੧ ਅੰਸੂ ੪੯ ਅੰਕ ੪੩ ਦੀ ਟੂਕ ਜੋ ਗੰਗਾ ਸਤਿਗੁਰ ਦੀ ਦਾਸ ਹੋਕੇ ਸਤੁਤੀ ਕਰਦੀ ਹੈ, ਉਸਦੀ ਉਪਮਾ ਬਾਵਲੀ ਨਾਲ ਨਹੀਂ ਢੁੱਕਦੀ, ਜੋ ਸਤਿਗੁਰ ਨੇ ਆਪ ਰਚੀ ਹੈ। ਤਾਂਤੇ ਬਾਵਲੀ ਨੂੰ ਗੰਗਾ ਤੋਂ ਸ੍ਰੇਸ਼ਟ ਸਮਝੋ ਇਹ ਭਾਵ ਹੈ।

[3]ਪੌੜੀਆਂ।

ਸੋ ਨ ਚੁਰਾਸੀ ਲਹੈ ਸੰਸਾਰ।
ਜਨਮ ਮਰਨ ਤੇ ਮੁਕਤਾ ਹੋਇ।
ਸਤਿਗੁਰ ਚਰਨ ਪ੍ਰੇਮ ਮਨ ਭੋਇ[੬]' ॥੪੨॥
ਨਵੀਸਿੰਦ ਨੇ ਸਕਲ ਸੁਨਾਵਾ।
ਅਕਬਰ ਸ਼ਾਹੁ ਮਹਾਂ ਬਿਸਮਾਵਾ।
ਸ਼ਰਧਾ ਬਧੀ ਪ੍ਰੇਮ ਗੁਰ ਕੇਰਾ।
ਮਿਲਨ ਲਾਲਸਾ ਵਧੀ ਵਧੇਰਾ[+] ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਯਿ ਰਾਸੇ 'ਬਾਪਿਕਾ' ਪ੍ਰਸੰਗ ਬਰਨਨੰ ਨਾਮੁ ਨਵਮੋਂ ਅੰਸੂ ॥੯॥

[+]ਇਕ ਲਿਖਤੀ ਨੁਸਖੇ ਵਿਚ ਇਹ ਅੰਤਲੀ ਚੌਪਈ ਨਹੀਂ ਹੈ।

੧੦. [ਅਕਬਰ ਨੇ ਗੁਰੂ ਜੀ ਨੂੰ ਗ੍ਰਾਮ ਭੇਟਾ ਕੀਤੇ]

੯<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੧

ਦੋਹਰਾ: ਸੁਨਿ ਕੈ ਅਕਬਰ ਕਥਾ ਕੋ ਰਹ੍ਯੋ ਰਿਦੈ ਬਿਸਮਾਇ।
ਨਵੀਸਿੰਦ ਸੋਂ ਕਹਤਿ ਭਾ 'ਗੁਰ ਪੂਰਨ ਸੁਖਦਾਇ++ ॥੧॥
ਚੌਪਈ: ਕੇਤਿਕ ਦਿਨ ਮਹਿਂ ਲਵਪੁਰਿ ਚਲਿ ਹੈਂ।
ਤਹਾਂ ਜਾਇ ਸਤਿਗੁਰ ਕੋ ਮਿਲਿ ਹੈਂ।
ਮਗ ਮਹਿਂ ਆਵਹਿ ਜਬਿ ਅਸਥਾਨ।
ਤਹਿਂ ਮੁਝ ਕੋ ਕਰਿ ਦੇਹੁ ਬਖਾਨ' ॥੨॥
ਇਮ ਕਹਿ ਅਕਬਰ ਰਹਿ ਦਿਨ ਕੋਇ।
ਲਵਪੁਰਿ ਦਿਸ ਗਮਨ੍ਯੋ ਸੁਖ ਜੋਇ।
ਸਨੇ ਸਨੇ ਡੇਰੇ ਕਰਿ ਕੂਚ।
ਤੀਰ ਬਿਪਾਸਾ ਆਨਿ ਪਹੂਚ ॥੩॥
ਉਲੰਘਿ ਪਾਰ ਜਬਿ ਸਿਵਰ ਕਰਾਯੋ।
ਸ਼ਾਹੁ ਆਇ ਬੈਠ੍ਯੋ ਹੁਲਸਾਯੋ।
ਨਵੀਸਿੰਦ ਸਭਿ ਕਥਾ ਸਿਮਰਿ ਕੈ।
ਕਰੀ ਜਨਾਵਨਿ ਸਕਲ ਉਚਰਿ ਕੈ ॥੪॥
ਸੁਨਤਿ ਸ਼ਾਹੁ ਹਰਖ੍ਯੋ ਉਰ ਮਾਂਹੀ।
ਚਲਨ ਤਯਾਰ ਭਾ ਸਤਿਗੁਰ ਪਾਹੀ।
ਲਈ ਉਪਾਇਨ ਹੀਰਾ ਮੋਤੀ।
ਵਸਤ੍ਰ ਬਿਭੂਖਨ ਜੋਤਿ ਉਦੋਤੀ ॥੫॥
ਨਿਜ ਡੇਰੇ ਤੇ ਪਾਇਨ[1] ਚਲ੍ਯੋ।
ਸਤਿਗੁਰ ਕੀ ਮਹਿਮਾ ਮਨ ਮਿਲ੍ਯੋ।
ਸੰਗ ਪਠਾਨ ਮੁਗ਼ਲ ਸਮੁਦਾਯਾ।
ਬਸਤ੍ਰ ਬਿਭੂਖਨ ਬ੍ਰਿੰਦ ਸੁਹਾਯਾ ॥੬॥
ਗੋਇੰਦਵਾਲ ਬਰ੍ਯੋ ਜਬਿ ਆਇ।
ਤਜੇ ਉਪਾਨਯ[2] ਨੰਗੇ ਪਾਇ।
ਸ਼ਰਧਾ ਕੋ ਬਧਾਇ ਉਰ ਮਾਂਹੀ।
-ਜਿਸ ਤੇ ਗੁਰ ਮੋ ਪਰ ਹਰਖਾਹੀਂ- ॥੭॥
ਦਿਪਤ ਰਾਜ ਲੱਛਨ ਸਭਿ ਅੰਗੁ।

++ਪਾ-ਸੁਖਥਾਇ।
[1]ਪੈਦਲ।
[2]ਜੁੱਤੀ ਲਾਹਕੇ।

ਰਾਜ ਸਮਾਜ ਬਿਰਾਜਤਿ ਸੰਗ।
ਮੁਕਤਾ ਬੱਜ੍ਰ[1] ਜਵਾਹਰ ਜਰੇ।
ਪਹਿਰੇ ਦਿਪਹਿਂ ਬਿਭੂਖਨ ਖਰੇ ॥੮॥
ਸ਼੍ਰੀ ਮੁਖ ਜਬਹਿ ਸ਼ਾਹੁ ਨੇ ਜੋਵਾ।
ਹਾਥ ਜੋਰਿ ਨੰਮ੍ਰੀ ਸਿਰ ਹੋਵਾ।
'ਬਾਬਾ ਜੀ! ਪਾਇਨ ਮੈਂ ਪਰਾ।'
ਇਮ ਭਾਖਤਿ ਚਰਨਨ ਸਿਰ ਧਰਾ ॥੯॥
ਆਗਜ਼ਾ ਕਰਿ ਬੈਠਾਵਨਿ ਕੀਨਸਿ।
ਸ਼ਾਹੁ ਕਹਜੋ ਬਚ ਸ਼ਰਧਾ ਭੀਨਸ।
'ਤੁਮਰੇ ਸਮ ਨਹਿਂ ਦੂਸਰ ਕੋਈ।
ਜਿਮ ਖ਼ੁਦਾਇ ਸਮ ਅਪਰ ਨ ਹੋਈ ॥੧੦॥
ਸੱਤਿ ਹੋਤਿ ਹੈ ਵਾਕ ਤੁਮਾਰਾ।
ਸੁਨੀ ਤਰੀਫ ਕਹਤਿ ਜਗ ਸਾਰਾ।
ਸ਼੍ਰੀ ਨਾਨਕ ਕੀ ਕੀਰਤਿ ਸਾਰੇ।
ਹਿੰਦੂ ਤੁਰਕ ਸਮਾਨ ਉਚਾਰੇ ॥੧੧॥
ਕਹੈਂ ਤੁਰਕ -ਹਮ[2] ਪੀਰ ਮਹਾਂਨਾ-।
ਹਿੰਦੁਨਿ ਸਭਿਨ -ਗੁਰੂ- ਕਰਿ ਮਾਨਾ।
ਜਿਨ ਕੀ ਅਜ਼ਮਤਿ ਜਗਤ ਮਝਾਰੇ।
ਅਬਿ ਲੌਂ ਥਾਨ ਅਨੇਕ ਨਿਹਾਰੇ ॥੧੨॥
ਸੋਈ ਰੂਪ ਆਪ ਤੁਮ ਭਏ।
ਅਧਿਕ ਸਭਿਨਿ ਤੇ ਅਜ਼ਮਤਿ ਥਿਏ।
ਬਡੇ ਲਾਭ ਮੁਝ ਦਰਸ ਤੁਮਾਰਾ।
ਕਾਰਜ ਮੇਰੋ ਸਗਲ ਸੁਧਾਰਾ ॥੧੩॥
ਕਰਹਿ ਉਪਾਇਨ ਅੰਗੀਕਾਰ।
ਗੁਰ ਘਰ ਕੋ ਮੁਝ ਦਾਸ ਨਿਹਾਰਿ।
ਬ੍ਰਿੰਦ ਗ੍ਰਾਮ ਲਿਹੁ ਜਹਾਂ ਬਤਾਵਹੁ।
ਨਾਮ ਤਹਾਂ ਕੋ ਪਟਾ ਲਿਖਾਵਹੁ ॥੧੪॥
ਮੁਝ ਲਗਿ ਕਾਜ ਪਰਹਿ ਜੋ ਆਈ।
ਮਨੁਜ ਪਠਹੁ ਸੁਧਿ ਦੇਹੁ ਜਨਾਈ[3]।'

---

[1]ਹੀਰੇ [ਸੰਸ: ਵਜ੍ਰ]
[2]ਸਾਡਾ।
[3]ਖਬਰ ਜਣਾ ਦਿਓ।

ਸੁਨਿ ਕੈ ਸ਼੍ਰੀ ਗੁਰ ਅਮਰ ਬਖਾਨਾ।
'ਧਰੀ ਉਪਾਇਨ ਜੋ ਤੁਮ ਨਾਨਾ ॥੧੫॥
ਗ੍ਰਾਮ ਆਦਿ ਇਹੁ ਤੁਮ ਕੋ ਬਨੈਂ[1]।
ਹੈਂ ਸਭਿ ਹਰਖ ਸ਼ੋਕ ਕੇ ਸਨੈ।
ਹਮ ਸਾਧੂ ਬ੍ਰਿਤਿ ਕਰਨਿ ਸਮਾਨ[2]।
ਕੌਨ ਸੰਭਾਰੈ ਕਾਜ ਮਹਾਂਨ ॥੧੬॥
ਜਿਤੋ ਅਹਾਰ ਏਕ ਦਿਨੁ ਹੋਇ।
ਧਰਹਿ ਆਨ ਪੂਜਾ ਜੋ ਕੋਇ।
ਤਿਤੋ ਲੇਤਿ ਨਹਿਂ ਵਾਧੋ ਲੇਹਿਂ।
ਸੰਗਤਿ ਭੋਜਨ ਸਰਬ ਅਚੇਹਿ' ॥੧੭॥
ਸੁਨਿ ਪੁਨਿ ਸ਼ਾਹੁ ਅਪਰ ਨਰ ਸਾਰੇ।
ਹਾਥ ਬੰਦਿ ਕਰਿ ਬਿਨੈ ਉਚਾਰੇ।
'ਤੁਮ ਕੋ ਨਹਿਂ ਪਰਵਾਹਿ ਕਿਸੂ ਕੀ।
ਪੁਰਹੁ ਕਾਮ ਮਤਿ ਦਾਸ ਜਿਸੂ ਕੀ[3] ॥੧੮॥
ਸਭਿ ਜਗਿ ਜਾਚਕ ਤੁਮ ਇਕ ਦਾਤਾ।
ਕਰੇ ਬਾਕ ਹੁਇ ਸੋ ਬੱਖਜਾਤਾ।
ਤਊ ਜੋਗਤਾ ਐਸੀ ਅਹੈ।
ਅੰਗੀਕਾਰ ਕਰਹੁ ਸਭਿ ਕਹੈਂ ॥੧੯॥
ਯਾਂ ਤੇ[4] ਹੋਇ ਸ਼ਾਹੁ ਸਨਮਾਨੂ।
ਧਰਿ ਸ਼ਰਧਾ ਹਰਖਾਇ ਮਹਾਂਨੂ।
ਜੋ ਨਹਿਂ ਲੇਹੁ ਹੋਇ ਮਨ ਭੰਗ।
ਸਭਿ ਰਿਦ ਕੀ ਜਾਨਹੁਂ ਸਭਿ ਸੰਗ[5] ॥੨੦॥
ਸਤਿ ਸੰਗਤਿ ਬਰਤਹਿ ਜੋ ਆਵੈ[6]।
ਤੁਮਰੋ ਇਹ ਉਪਕਾਰ ਰਹਾਵੈ।
ਆਪ ਕਰਹੁ ਫੁਰਮਾਵਨ ਤਹਾਂ।
ਲੇਨਿ ਗ੍ਰਾਮ ਕੋ ਉਚਿਤੈ ਜਹਾਂ ॥੨੧॥
ਦਰਸ਼ਨ ਪਰਸੇ ਇਹੁ ਫਲ ਹੋਇ।

---

[1]ਬਣਦੇ, ਭਾਵ ਸ਼ੋਭਾ ਪਾਉਂਦੇ ਹਨ।
[2]ਇਕੋ ਜਿਹੀ ਬ੍ਰਿਤੀ (ਰਹਿਣਾ) ਕਰਦੇ ਹਾਂ।
[3]ਜਿਸਦੀ ਬੁੱਧੀ ਦਾਸ (ਭਾਵ) ਵਾਲੀ ਹੈ ਉਸਦੀ ਕਾਮਨਾ ਪੂਰੀ ਕਰੋ।
[4]ਭਾਵ ਭੇਟਾ ਅੰਗੀਕਾਰ ਕਰਨ ਤੇ।
[5]ਸਭ ਨਾਲ (ਜੋ ਵਰਤੀ ਹੈ)।
[6]ਆਵੇਗੀ (ਪਿੰਡਾਂ ਦੀ ਆਮਦਣ) ਸੋ ਸੰਗਤ ਵਰਤੇਗੀ।

ਪਾਇ ਅਨੰਦ ਜਾਇ ਸਭਿ ਕੋਇ[1]।
ਰਾਵਰਿ ਸੋਂ ਮਿਲਿ ਹਰਖਹਿ ਸ਼ਾਹੂ[2]।
ਹਰਖ ਸਭਿਨਿ ਕੈ ਹੁਇ ਮਨ ਮਾਹੂ ॥੨੨॥
ਬਹੁਤੋ ਬੋਲਨਿ ਆਪ ਅਗਾਰੀ।
ਨਹਿਂ ਨੀਕੀ ਇਹੁ ਰੀਤ ਬਿਚਾਰੀ।'
ਇਮ ਸੁਨਿ ਕੈ ਸਭਿਹਿਨਿ ਕੀ ਬਾਨੀ।
ਸ੍ਰੀ ਗੁਰ ਬਾਤ ਭਵਿੱਖਤ ਜਾਨੀ ॥੨੩॥
ਤੀਰਥ ਉੱਤਮ ਉਦੈ ਸੁ ਕਰਿਨਾ।
ਜਿਹ ਸ਼ਨਾਨ ਕਲਿ ਕਲਮਲ ਹਰਨਾ।
ਹੋਨਹਾਰ ਸਭਿ ਕਰੀ ਬਿਚਾਰਨ।
ਸ੍ਰੀ ਮੁਖ ਤੇ ਕਿਯ ਬਾਕ ਉਚਾਰਨ ॥੨੪॥
'ਜਥਾ ਭਾਵਨੀ ਤਥਾ ਕਰੀਜਹਿ।
ਸਤਿਸੰਗਤਿ ਕੋ ਮਾਨ ਰਖੀਜਹਿ।
ਸਿਮਰਹਿਂ ਹਰਿ ਹਰਿ ਸੁਖ ਸੋਂ ਬਸਹਿ।
ਭੋਜਨ ਅਚਹਿਂ ਪ੍ਰੇਮ ਪ੍ਰਭੁ ਰਸਹਿਂ' ॥੨੫॥
ਸੁਨਤਿ ਸ਼ਾਹੁ ਉਮਰਾਵਨ ਸਹਤ।
ਹਰਖੇ ਪੁਨ ਸ਼ਰਧਾ ਧਰਿ ਮਹਤ।
ਪਟਾ ਪਰਗਨੇ ਕੋ ਲਿਖਿ ਦੀਨ।
'ਰਹੈਂ ਗ੍ਰਾਮ ਸਭਿ ਗੁਰੂ* ਅਧੀਨ' ॥੨੬॥
ਆਦਿ ਝਬਾਲ ਬੀੜ ਜਹਿਂ ਕਰਜੋ।
ਬਹੁਤੇ ਗ੍ਰਾਮ ਅਰਪਿ ਮੁਦ ਭਰਜੋ।
ਅਪਨੋ ਜਨਮ ਸਕਾਰਥ ਜਾਨਾ।
ਗੁਰ ਘਰ ਕੀ ਭੀ ਸੇਵ ਮਹਾਂਨਾ ॥੨੭॥
ਅਪਨੇ ਪਰ ਕਰੁਨਾ ਗੁਰ ਜਾਨੀ।
-ਭਲੇ ਹੋਇ ਮੇਰੋ- ਚਿਤੁ ਠਾਨੀ।
-ਜਿਮ ਉਰਚਹਜੋ ਮਾਨ ਸੋ ਲੀਨਿ।
ਸਫਲ ਕਰਜੋ ਨਿਜ ਦਰਸ਼ਨ ਦੀਨਿ- ॥੨੮॥
ਗੁਰ ਕੀ ਖੁਸ਼ੀ ਲੀਨਿ ਇਸ ਰੀਤਿ।
ਸ਼ਰਧਾ ਅਧਿਕ ਬਧਾਇਵ ਚੀਤ।

---

[1](ਜੋ) ਸਭ ਕੋਈ ਅਨੰਦ ਪਾ ਜਾਂਦਾ ਹੈ।
[2](ਤਿਵੇਂ) ਪ੍ਰਸੰਨ ਹੋਵੇ ਬਾਦਸ਼ਾਹ ਬੀ।
*ਪਾ-ਸਤਿਗੁਰੂ।

ਪੁਨ ਕਰਿ ਬਿਨੈ ਹਾਥ ਕੋ ਬੰਦਿ।
ਕਰੀ ਬੰਦਨਾ ਪਦ ਅਰਬਿੰਦ ॥੨੯॥
ਆਇਸੁ ਪਾਇ ਗੁਰੂ ਮੁਖ ਕੇਰੀ।
ਉਠਜੋ ਸ਼ਾਹੁ ਕਰਿ ਖੁਸ਼ੀ ਘਨੇਰੀ।
ਲੇ ਕਰਿ ਗੁਰ ਘਰ ਕੋ ਸਿਰੁਪਾਉ।
ਧਰਜੋ ਸੀਸ ਪਰ ਅਨੰਦ ਉਪਾਉ ॥੩੦॥
ਨਿਕਸਜੋ ਪੁਰਿ ਤੇ ਆਯਹੁ ਡੇਰੇ।
ਲੋਕਨਿ ਸੋਂ ਗੁਨ ਭਨਤਿ ਬਡੇਰੇ।
'ਪੂਰਨ ਪੁਰਖ ਬਾਕ ਜਿਨ ਪੂਰਨ।
ਦਰਸੇ ਲਹੈਂ ਕਾਮਨਾ ਤੂਰਨ ॥੩੧॥
ਬੈਸ ਬਿਸਾਲ ਮਹਾਂ ਬ੍ਰਿਧ ਹੋਏ।
ਭਲੀ ਭਈ ਹਮ ਦਰਸ਼ਨ ਜੋਏ।
ਬਦਨ ਅਦੀਨ[1] ਸੁ ਦੀਰਘ ਆਸ਼ੈ।
ਬੈਠੇ ਸ਼ੁਭ ਗੁਨ ਮਨਹੁਂ ਪ੍ਰਕਾਸ਼ੈ ॥੩੨॥
ਲੋਭ ਆਦਿ ਜੇ ਮਹਿਦ ਬਿਕਾਰਾ।
ਲੇਸ਼ ਨਹੀਂ ਨੀਕੇ ਨਿਰਧਾਰਾ।'
ਇਮ ਕਹਿ ਰੈਨਿ ਬਿਖੈ ਪਰਿ ਸੋਵਾ।
ਭੋਰ ਭਏ ਲਵਪੁਰਿ ਮਗ ਜੋਵਾ ॥੩੩॥
ਸ੍ਰੀ ਅੰਮ੍ਰਿਤਸਰ ਕੇ ਚਹੁਂ ਪਾਸੇ।
ਸੁਨਿ ਗ੍ਰਾਮਨ ਕੇ ਲੋਕ[*] ਹੁਲਾਸੇ।
ਲੇ ਲੇ ਭੇਟ ਆਇ ਸਮੁਦਾਏ।
ਸਤਿਗੁਰ ਕੇ ਗ੍ਰਿਹ ਹੋਤਿ ਬਧਾਏ ॥੩੪॥
ਸ਼੍ਰੀ ਗੁਰ ਸਗਰੀ ਸਭਾ ਲਗਾਏ।
ਰਾਮਦਾਸ ਨਿਜ ਪਾਸ ਬੁਲਾਏ।
ਇਨ ਕੋ ਸਭਿਹੀ[+] ਭੇਟ ਦਿਵਾਈ।
ਨਰ ਗ੍ਰਾਮਨ ਕੀ ਬਾਂਹੁ ਗਹਾਈ ॥੩੫॥
ਸੁਨਤਿ ਸਭਿਨਿ ਕੇ ਬਾਕ ਬਖਾਨਾ।
'ਮਾਲਕ ਤੁਮਰੋ ਇਹੀ[2] ਮਹਾਂਨਾ।

---

[1]ਤੇਜ ਵਾਲਾ (ਅ+ਦੀਨ)।

[*]ਭਾਵ ਇਹ ਹੈ ਕਿ ਉਹਨਾਂ ਗ੍ਰਾਵਾਂ ਦੇ ਲੋਕ ਜੋ ਅਕਬਰ ਭੇਟਾ ਕਰ ਗਿਆ ਸੀ ਅਤੇ ਜੋ ਗ੍ਰਾਮ ਕਿ ਅਜ ਕਲ ਅੰਮ੍ਰਿਤਸਰ ਦੇ ਚੁਫੇਰੇ ਦਿੱਸਦੇ ਹਨ।

[+]ਪਾ:-ਸਗਰੀ।

[2]ਭਾਵ ਸ਼੍ਰੀ ਗੁਰੂ ਰਾਮਦਾਸ ਜੀ।

ਕੈ ਇਸ ਕੀ ਸੰਤਤਿ ਸ਼ੁਭ ਹੋਇ।
ਕੈ ਇਸ ਕੇ ਸਿਖ ਤੁਮ ਪਤਿ ਜੋਇ[1]' ॥੩੬॥
ਇਮ ਕਹਿ ਸਭਿ ਕੋ ਦੇ ਦਸਤਾਰ।
ਬਿਦਾ ਕਰੇ ਨਰ ਗ੍ਰਾਮ ਉਦਾਰ।
ਭਾਈ ਬੁੱਢਾ ਸਭਿ ਪਰਿ ਛੋਰਾ।
ਕਰਹਿ ਮਾਮਲਾ ਗ੍ਰਾਮ ਬਟੋਰਾ ॥੩੭॥
ਦੇਗ਼ ਗੁਰੂ ਕੀ ਚਲਹਿ ਅਪਾਰਾ।
ਰੈਨਿ ਦਿਨਾ ਨਰ ਅਚਹਿਂ ਹਜ਼ਾਰਾ।
ਅੰਨ ਫਸਲ ਦਰ ਫਸਲ ਮਹਾਂਨੈ।
ਲੰਗਰ ਪਰਹਿ ਸੇਵ ਨਰ ਠਾਨੈਂ ॥੩੮॥
ਸਿੱਖਜ ਸੈਂਕਰੇ ਕਾਰ ਸੰਭਾਰੈ।
ਸ਼੍ਰੀ ਗੁਰ ਰਾਮਦਾਸੁ ਅਨੁਸਾਰੈ।
ਇਨ ਕੀ ਆਇਸੁ ਲੇਤਿ ਸਮਾਜਾ।
ਆਪ ਆਪਨੇ ਸਾਰਹਿਂ ਕਾਜਾ ॥੩੯॥
ਸਿੱਖ ਅਨੇਕ ਦਾਸ ਸਭਿ ਗ੍ਰਾਮ।
ਕਰਹਿਂ ਮਾਮਲੇ ਕੋ ਸਭਿ ਕਾਮ।
ਜਿਮਿ ਭਾਈ ਬੁੱਢਾ ਕਹਿ[++] ਦੇਹਿ।
ਤਿਸੀ ਪ੍ਰਕਾਰ ਸਰਬ ਹੀ ਲੇਹਿਂ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਅਕਬਰ ਕੋ ਆਵਨ, ਗ੍ਰਾਮਨ ਕੋ ਅਰਪੰਨ' ਪ੍ਰਸੰਗ ਬਰਨਨੰ ਨਾਸ ਦਸ਼ਮੋਂ ਅੰਸੂ ॥੧੦॥

[1]ਭਾਵ-ਏਹ ਪਿੰਡ ਆਪ ਨਹੀਂ ਰਖੇ ਸ਼੍ਰੀ ਰਾਮਦਾਸ ਜੀ ਜੋਗ ਦਿੱਤੇ।
[++]ਪਾ:-ਕਰਿ।

੧੧. [ਤੀਰਥ ਪ੍ਰਗਟੌਣ ਹਿਤ ਗੁਰੂ ਜੀ ਨੇ ਵਿਚਾਰਨਾ]

੧੦<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੨

ਦੋਹਰਾ: ਅਧਿਕ ਆਮਦਨਿ ਮਾਮਲਾ,
ਸਭਿ ਗ੍ਰਾਮਨ ਕੀ ਜਾਨਿ।
ਅਮਰਦਾਸ ਸ਼੍ਰੀ ਸਤਿਗੁਰ,
ਰਿਦੈ ਬਿਚਾਰਨ ਠਾਨਿ ॥੧॥
ਚੌਪਈ: -ਭਈ ਬਾਪਿਕਾ ਪੂਰਨ ਅਬੈ-।
ਪਰਉਪਕਾਰ ਚਿਤਵਤੇ ਤਬੈ*।
-ਤੀਰਥ ਪ੍ਰਗਟੈ ਪਾਵਨ ਕੋਈ।
ਸਭਿ ਸੰਗਤਿ ਜਹਿਂ ਮੱਜਨ ਹੋਈ ॥੨॥
ਅਹੈ ਬਾਪਿਕਾ ਗੋਇੰਦਵਾਲ-।
ਰਾਮਦਾਸ ਹਿਤ ਕਰਤਿ ਸੰਭਾਲ[1]।
-ਸ਼੍ਰੀ ਗੁਰ ਨਾਨਕ ਜਥਾ ਬਨਾਯੋ[2]।
ਆਪ ਅਛਤ ਸਭਿ ਬਿਧਿ ਸਮੁਝਾਯੋ ॥੩॥
ਗਾਦੀ ਦੇ ਕਰਿ[3] ਪੁਰਿ ਕਰਤਾਰ।
ਦੀਨ ਬਸਾਇ ਖਡੂਰ ਮਝਾਰ।
ਸੰਤਤਿ ਕਰੈ ਬਿਰੋਧ ਨ ਕੋਈ।
ਬੈਠੇ ਪ੍ਰਿਥਕ ਪ੍ਰਕਾਸ਼ੈਂ ਸੋਈ ॥੪॥
ਤਿਮ ਸ਼੍ਰੀ ਅੰਗਦ ਕਾਰਜ ਕੀਨਾ।
ਗੋਇੰਦਵਾਲ ਬਸਾਇ ਸੁ ਦੀਨਾ।
ਨਿਜ ਸੰਤਤਿ ਤੇ ਕਰਿ ਕੈ ਨਜਾਰੇ।
ਸ਼੍ਰੀ ਗੁਰ ਅਮਰਦਾਸ ਬੈਠਾਰੇ- ॥੫॥
ਤਿਮ ਸ਼੍ਰੀ ਅਮਰ ਮਨੋਰਥ ਕਰਿ ਕੈ।
ਸਭਿ ਬਿਧਿ ਨੀਕੇ ਰਿਦੇ ਬਿਚਰਿ ਕੈ।
-ਸਤਿਜੁਗ ਕੋ ਤੀਰਥ ਦੁਰ ਰਹਜੋ।
ਚਿਰੰਕਾਲ ਭਾ ਕਿਨਹੁਂ ਨ ਲਹਜੋ ॥੬॥
ਸਰਬ ਪ੍ਰਜਾ ਬਿਧਿ ਪਾਸ ਪੁਕਾਰੀ।
'ਬਿਨ ਰਾਜੇ ਹਮ ਕੋ ਦੁਖ ਭਾਰੀ।

---

*ਤਾ:-ਸਬੈ।

[1]ਸ਼੍ਰੀ ਰਾਮਦਾਸ ਜੀ ਲਈ ਸੰਭਾਲ ਕਰਦੇ ਹਨ ਭਾਵ ਸ਼੍ਰੀ ਗੁਰੂ ਅਮਰਦਾਸ ਜੀ ਸੋਚਦੇ ਹਨ ਜੋ ਸ਼੍ਰੀ ਰਾਮਦਾਸ ਜੀ ਕਿੱਥੇ ਜਾ ਟਿਕਣ।

[2]ਬਣਾਇਆ (ਕਰਤਾਰ ਪੁਰ)।

[3]ਭਾਵ, ਸ਼੍ਰੀ ਗੁਰ ਅੰਗਦ ਜੀ ਨੂੰ।

ਤਾਂ ਤੇ ਨਿਜ ਬਿਚਾਰ ਕਰਿ ਮਨ ਮੈਂ।
ਦੀਜੈ ਰਾਜਾ ਹੋਇ ਸਭਿਨਿ ਮੈਂ[1]' ॥੭॥
ਸੁਨਿ ਬ੍ਰਹਮਾ ਉਰ ਉਚਿਤ ਬਿਚਾਰਾ।
-ਮ੍ਰਿਤੁ ਮੰਡਲ[2], ਬਿਨੁ ਨ੍ਰਿਪ ਦੁਖਿਆਰਾ।
ਅਹੈ ਜੋਗ ਇਨ ਬਨਹਿਂ ਨਰੇਸ਼।
ਬਸਹਿ ਸੁਖੀ ਤਬਿ ਪ੍ਰਜਾ ਅਸ਼ੇਸ਼- ॥੮॥
ਆਠਹੁਂ ਲੋਕਪਾਲ[3] ਕੇ ਤਨ ਤੇ।
ਅੰਸ ਨਿਕਾਸਨ ਕੀਨਸਿ ਤਿਨ ਤੇ।
ਆਠਹੁਂ ਗੁਨ ਜੁਤਿ ਰਾਜਾ ਕੀਨਿ।
ਤਿਸ ਨ੍ਰਿਪ ਨਾਮ ਸੁ 'ਛੁਪ' ਧਰਿ ਦੀਨਿ ॥੯॥
ਹੋਨ ਪ੍ਰਸੰਨ ਇੰਦ੍ਰ ਕੋ ਗੁਨ ਹੈ।
ਜਮ ਕੋ ਦੰਡ, ਧਨਦ ਦੇ ਧਨ ਹੈ[4]।
ਇੱਤਯਾਦਿਕ ਸਭਿ ਲੀਜਿਹਿ ਜਾਨਿ।
ਹੋਤਿ ਭਯੋ 'ਛੁਪ' ਭੂਪ ਮਹਾਂਨ ॥੧੦॥
ਅਵਿਨੀ ਰਾਜ ਕੀਨਿ ਚਿਰਕਾਲ।
ਪ੍ਰਜਾ ਬਸਾਈ ਸਭਿ ਸੁਖ ਨਾਲ।
ਤਿਸ ਤੇ ਪੀਛੇ ਔਰੁ ਸੁ ਭਯੋ।
ਨਾਮ ਇਖਵਾਕ[5] ਜਾਂਹਿ ਧਰਿ ਦਯੋ ॥੧੧॥
ਛੁਪ ਮ੍ਰਿਤੁ ਤੇ ਬੈਠਯੋ ਸੋ ਰਾਜ।
ਕਰੇ ਸਰਬ ਪਰਜਾ ਕੇ ਕਾਜ।
ਨ੍ਰਿਪ 'ਸਤਿਸੰਧਿ[6]' ਮਹਾਂ ਬਲਵਾਨ।
ਭਗਤਿ ਪ੍ਰਮੇਸ਼ਰ ਕੋ ਬੁਧਿਵਾਨ ॥੧੨॥
ਸਿੰਧ ਮੇਖਲਾ ਅਵਨੀ ਸਾਰੀ[7]।
ਪੁੱਤ੍ਰ ਸਮਾਨ ਸਦਾ ਪ੍ਰਤਿਪਾਰੀ।
ਨ੍ਰਿਪ 'ਇਖਵਾਕ' ਬਲੀ ਇਕ ਕਾਲ।

---

[1](ਜੋ) ਸਭ ਵਿਚ (ਪ੍ਰਗਟ) ਹੋਵੇ।
[2]ਮਾਤਲੋਕ।
[3]ਦਿਕਪਾਲ ਦੇਵਤਾ, ਜਿਨ੍ਹਾਂ ਦੀ ਗਿਣਤੀ ਅੱਠ ਹੈ- ਪੂਰਵ ਦਾ ਇੰਦ੍ਰ, ਦੱਖਣ ਪੂਰਵ ਦਾ ਅਗਨਿ, ਦੱਖਣ ਦਾ ਯਮ, ਦੱਖਣ ਪੱਛਮ ਦਾ ਸੂਰਜ, ਪੱਛਮ ਦਾ ਵਰੁਣ, ਉੱਤਰ ਪੱਛਮ ਦਾ ਵਾਯੁ, ਉੱਤਰ ਦਾ ਕੁਬੇਰ, ਉੱਤਰ ਪੂਰਵ ਦਾ ਸੋਮ।
[4]ਧਰਮਰਾਜ ਦਾ (ਗੁਣ) ਦੰਡ ਦੇਣਾ ਹੈ, ਕੁਬੇਰ ਦਾ (ਗੁਣ) ਧਨ ਦੇਣਾ ਹੈ।
[5][ਸੰਸ: ਇਕਸ਼੍ਵਾਕੁ]
[6]ਸੱਚ ਨਾਲ ਮੇਲ ਕਰਨ ਵਾਲਾ, ਭਾਵ ਸੱਚ ਤੇ ਟੁਰਨ ਵਾਲਾ।
[7]ਸਮੁੰਦਰ ਤੜਾਗੀ ਵਾਂਙੂ ਜਿਸ ਧਰਤੀ ਨੂੰ ਘੇਰੇ ਹੋਏ ਹੈ।

ਚਹਜੋ ਜੱਗ ਕੋ ਕਰਨ ਬਿਸਾਲ ॥੧੩॥
ਸਕਲ ਪ੍ਰਿਥੀ ਤੇ ਸੰਗ੍ਰਹ ਕੀਨੇ।
ਜੱਗਜ ਸਮਾਜਨਿ ਸੰਖਜਾ ਹੀਨੇ[1]।
ਆਵਾਹਨ ਸਗਰੇ ਸੁਰ ਕਰੇ।
ਬੇਦ ਮੰਤ੍ਰ ਪਢਿ ਕਰਿ ਮੁਨਿ ਬਰੇ[2] ॥੧੪॥
ਆਯਹੁ ਬ੍ਰਹਮਾ ਜੁਤਿ ਬ੍ਰਹਮਾਨੀ।
ਸ਼ੰਕਰ ਗਨ ਕੇ ਸਹਤ ਭਵਾਨੀ[3]।
ਤੀਨ ਲੋਕ ਪਤਿ ਪ੍ਰਭੂ[4] ਬੁਲਾਏ।
ਸੰਗ ਇੰਦਰਾ[5] ਅਧਿਕ ਸੁਹਾਏ ॥੧੫॥
ਅਗਨਿ ਪੁਰੋਗਮ[6] ਮਘਵਾ[7] ਆਦਿ।
ਸਰਬ ਦੇਵਤਾ ਯੁਤਿ ਅਹਿਲਾਦ।
ਧਨਦ[8] ਪ੍ਰਭੰਜਨ ਕੇ ਗਨ ਆਏ[9]।
ਰੁੱਦ੍ਰ ਇਕਾਦਸ਼[10] ਸੁਰ ਸਮੁਦਾਏ ॥੧੬॥
ਬਿੱਸ੍ਵਾਦੇਵ[11] ਮਹਾਂ ਰਿਖਿ ਘਨੇ।
ਗੰਧ੍ਰਬ[12] ਕਿੰਨਰ[13] ਜਾਹਿਂ ਨ ਗਨੇ।
ਬਿੱਦਜਾਧਰਿ[14] ਸਸਿ ਸੂਰਜ ਆਏ।
ਜੇ ਪਤਾਲ ਬਾਸੀ ਅਹਿਰਾਏ[15] ॥੧੭॥
ਤੀਨ ਲੋਕ ਮਹਿਂ ਮੁਖਿ ਸਭਿ ਆਏ।

---

[1]ਜੱਗ ਦੀਆਂ ਸਮੱਗ੍ਰੀਆਂ ਬੇ ਗਿਣਤ।
[2]ਸ੍ਰੇਸ਼ਟ ਮੁਨੀ।
[3]ਸ਼ਿਵਜੀ ਗਣਾਂ ਤੇ ਪਾਰਬਤੀ ਸਮੇਤ।
[4]ਤਿੰਨਾਂ ਲੋਕਾਂ ਦਾ ਪਤੀ ਵਿਸ਼ਨੂੰ।
[5]ਲੱਖਮੀ।
[6]ਆਗੂ ਅਗਨੀ, ਅੱਗੇ ਚੱਲਣ ਵਾਲੀ ਅਗਨੀ।
[7]ਇੰਦਰ।
[8]ਕੁਬੇਰ।
[9]ਵਾਯੂ ਦੇ ਸਮੂਹ, ਭਾਵ ੪੯ ਤਰ੍ਹਾਂ ਦੀ ਪੌਣ।
[10]ਗਿਆਰਾਂ ਹੀ ਸ਼ਿਵ।
[11]ਇਕ ਖਾਸ ਕਿਸਮ ਦੇ ਦੇਵਤੇ; ਪੁਰਾਣਾਂਨੁਸਾਰ ਏਹ ਦੱਖਜ ਦੀ ਧੀ ਵਿਸ਼੍ਵਾ ਦੇ ਪੁੱਤ੍ਰ ਹਨ, ਗੇਣਤੀ ਵਿਚ ਦਸ ਹਨ:- ਵਸੂ, ਕ੍ਰਤੂ, ਸੱਤਜਾ, ਕਲਾ, ਦੱਖਜ, ਕਾਮ, ਧ੍ਰਿਤੀ, ਕਰੂ, ਪਰੂਰਵਾ, ਮਾਦ੍ਰਵਾ। ਕਦੇ ਕਦੇ ਦੋ ਹੋਰ ਬੀ ਨਾਲ ਗਿਣਦੇ ਹਨ, ਰੌਚਕ ਯਾ ਲੋਚਨ ਤੇ ਧੂਨੀ ਯਾ ਧੁਰੀ, ਕ੍ਰਿਯਾ ਕਰਮ ਤੇ ਸ਼੍ਰਾਧਾਂ ਵਿਚ ਇਨ੍ਹਾਂ ਦੀ ਪੂਜਾ ਹੁੰਦੀ ਹੈ।
[12]ਦੇਵਤਿਆਂ ਦੇ ਰਾਗੀ।
[13]ਦੇਵਤਿਆਂ ਵਜੱਯੇ।
[14]ਇਕ ਤਰ੍ਹਾਂ ਦੇ ਦੇਵਤੇ।
[15]ਸ਼ੇਸ਼ਨਾਗ।

ਲੇਨਿ ਆਪਨੋ ਭਾਗ ਬਨਾਏ[1]।
ਮ੍ਰਿਤੁ ਮੰਡਲ ਕੋ[2] ਦਿਜ ਰਿਖਿ ਸਾਰੇ।
ਕਰੇ ਇਕੱਤ੍ਰ ਮਹੀਪ ਹਕਾਰੇ ॥੧੮॥
ਮਹਾਂ ਜੱਗਜ ਤਿਨ ਰਚਯੋ ਬਨਾਏ।
ਸਭਿ ਕੋ ਜਥਾ ਜੋਗ ਤ੍ਰਿਪਤਾਏ।
ਹੱਬਜ[3] ਕੱਬਜ[4] ਦੇ ਕਰਿ ਬਿਧਿ ਆਛੇ।
ਦਿਯੋ ਦਾਨ ਜੇਤਿਕ ਜੋ ਬਾਛੇ ॥੧੯॥
ਰੰਕ ਨ ਰਹਯੋ ਪ੍ਰਿਥੀ ਤਲ ਕੋਈ।
ਲੇ ਕਰਿ ਦਾਨ ਤ੍ਰਿਪਤਿ ਸੋ ਹੋਈ।
ਹਮਨ ਕੁੰਡ ਕੇ ਚਾਰਿਹੁਂ ਪਾਸੇ।
ਮੁੱਖਜ ਦੇਵਤਾ ਬੈਠਿ ਪ੍ਰਕਾਸ਼ੇ ॥੨੦॥
ਜਥਾ ਜੋਗ ਸਭਿ ਕੋ ਦੇ ਭਾਗ।
ਪਦਮਾਪਤਿ[5] ਕੇ ਰਸੁ ਅਨੁਰਾਗ।
ਕਰਿ ਕਰਿ ਭਗਤਿ ਸਕਲ ਹਰਖਾਏ।
ਜਸ ਇਖ਼ਵਾਕ ਜਗਤ ਰਹਿ ਛਾਏ ॥੨੧॥
ਬਿਧਿ, ਹਰਿ ਹਰ[6] ਆਦਿਕ ਸੁਰ ਸਾਰੇ।
ਭਏ ਪ੍ਰਸੰਨ ਭੂਪ ਸਤਿਕਾਰੇ[7]।
-'ਬਰੰਬ੍ਰੂਹ[8]' ਸਭਿਹੂੰ ਮਿਲਿ ਕਹਯੋ।
ਹਾਥ ਜੋਰਿ ਨ੍ਰਿਪ ਠਾਂਢੋ ਰਹਯੋ ॥੨੨॥
ਕਹਤਿ ਭਯੋ 'ਹੇ ਪ੍ਰਭੂ ! ਸੁਨੀਜੈ।
ਸਭਿ ਪ੍ਰਸੰਨ, ਤੌ ਇਹੁ ਵਰ ਦੀਜੈ।
ਜਹਾਂ ਨਿਵਾਸ ਆਪ ਤੁਮ ਕੀਨੋ।
ਧਾਰਿ ਅਨੰਦ ਮੁਝ ਦਰਸ਼ਨ ਦੀਨੋ ॥੨੩॥
ਅਗਨਿ ਕੁੰਡ[9] ਇਹੁ ਤੀਰਥ ਹੋਇ[10]।

---

[1]ਆਪਣਾ ਹਿੱਸਾ ਸੰਵਾਰਕੇ ਲੈਣ ਲਈ।
[2]ਮਾਤਲੋਕ ਦੇ।
[3]ਦੇਵਤਿਆਂ ਨਮਿੱਤ ਅਹੂਤੀਆਂ।
[4]ਪਿੱਤ੍ਰਾਂ ਨਮਿੱਤ ਅਹੂਤੀਆਂ।
[5]ਵਾਹਿਗੁਰੂ।
[6]ਬ੍ਰਹਮਾਂ, ਵਿਸ਼ਨੂੰ, ਸ਼ਿਵ।
[7]ਰਾਜਾ ਦੇ ਸਤਿਕਾਰੇ ਹੋਏ ਪ੍ਰਸੰਨ ਹੋਏ।
[8]ਵਰ ਮੰਗ।
[9]ਅਗਨੀ ਕੁੰਡ (ਦਾ ਥਾਂ)।
[10]ਬਣੇ।

ਕਲੁਖ ਹਤਹਿ ਮੱਜੈ ਨਰ ਜੋਇ।
ਹੋਹਿ ਜਗਤ ਮਹਿਂ ਮਹਾਂ ਪ੍ਰਕਾਸ਼।
ਇਸ ਕੇ ਸਮ ਦੁਤਿਯੋ ਨਹਿਂ ਭਾਸੁ ॥੨੪॥
ਅਗਨਿ ਕੁੰਡ ਕੇ ਜਿਸ ਜਿਸ ਦਿਸ਼ੁ ਹੋ।
ਤਿਸ ਤਿਸ ਦਿਸ਼ ਸਦੀਵ ਤੁਮ ਬਸਿਹੋ।
ਇਹਾਂ ਆਇ ਜੋ ਕਰਹਿ ਸ਼ਨਾਨ।
ਚਹੁਂ ਦਿਸ਼ ਫਿਰਿ ਕਰਿ ਬੰਦਨ ਠਾਨਿ ॥੨੫॥
ਤਿਸ ਕੋ ਸਕਲ ਕਰਹੁ ਕੱਲਜਾਨ।
ਜਨਮ ਜਨਮ ਕੇ ਕਿਲਵਿਖ ਹਾਨ।'
ਸੁਨਜੋ ਭੂਪ ਤੇ ਸਭਿ ਨੈ ਕਹਜੋ।
ਪੁਰਸ਼ੋਤਮ[1] ਕੀ ਦਿਸ਼ ਤਬਿ ਲਹਜੋ ॥੨੬॥
ਸ੍ਰੀ ਨਾਰਾਇਨ ਸਭਿਦਿਸ਼ਿ ਹੇਰਿ।
ਕਰੀ ਕ੍ਰਿਪਾ ਬੋਲੇ ਤਿਸ ਬੇਰਿ।
'ਹੇ ਭੂਪਤਿ! ਤੂੰ ਭਗਤ ਮਹਾਂਨਾ।
ਕਾਰਨ ਪਰਉਪਕਾਰ ਬਖਾਨਾ ॥੨੭॥
ਜਿਮ ਜੀਵਨ ਕੋ ਹੁਇ ਕੱਲਜਾਨ।
ਹਮ ਤੇ ਜਾਚਜੋ ਅਸ ਤੈਂ ਦਾਨ।
ਮਮ ਪ੍ਰਸੰਨਤਾ ਤੇ ਸਭਿ ਹੋਇ।
ਤੀਰਥ ਮਹਾਂ ਲਖੈ ਸਭਿ ਕੋਇ ॥੨੮॥
ਲਾਖਹੁਂ ਬਰਸ ਬਿਦਤਿ ਅਬਿ ਰਹੈ।
ਪੁਨ ਛਪ ਜਾਇ ਨ ਕੋਊ ਲਹੈ।
ਪੰਚ ਹਜ਼ਾਰ ਬਿਤਹਿ ਕਲਿ ਕਾਲ[2]।
ਤਬਿ ਮਮ ਹੁਇ ਅਵਤਾਰ ਬਿਸਾਲ ॥੨੯॥
ਸ੍ਰੀ ਨਾਨਕ ਨਿਜ ਨਾਮ ਧਰਾਵੌਂ।
ਭਗਤਿ ਪੰਥ ਜਗ ਮਹਿਂ ਬਿਦਤਾਵੌਂ।
ਜੋਗ, ਜੱਗਜ, ਤਪ ਤ੍ਰੈ ਜੁਗ ਧਰਮੁ।
ਇਨ ਮਹੁਂ ਕਰੈ[3] ਲਹੈ ਬਡ ਸ਼ਰਮ[4] ॥੩੦॥
ਕਲਿਯੁਗ ਮਹਿਂ ਨਰ ਸ਼ਕਤਿ ਬਿਹੀਨ।

---

[1]ਭਾਵ, ਵਿਸ਼ਨੂੰ।
[2]ਜਦੋਂ ਕਲਜੁਗ ੫੦੦੦ ਸਾਲ ਬੀਤ ਜਾਵੇਗਾ।
[3]ਇਨ੍ਹਾਂ ਵਿਚੋਂ ਜੋ ਕਰੇਗਾ।
[4]ਭਾਵ ਹੈ ਸ਼੍ਰੱਮ ਤੋਂ = ਮਿਹਨਤ।

ਬੁਧਿ* ਬਿਤਿ ਬਲ ਤੇ ਜਿਨ ਤਨ ਛੀਨ।
ਤਿਨ ਕੇ ਹਿਤ ਸ਼ੁਭ ਮਾਰਗ ਪਾਵਨਿ[1]।
ਤਨ ਧਰਿ ਫਿਰੌਂ ਸਰਬ ਹੀ ਥਾਵਨਿ ॥੩੧॥
ਚਹੁਂ ਦਿਸ਼ ਮਹਿਂ ਸਿੱਖੀ ਪ੍ਰਗਟਾਵੌਂ।
ਭਗਤਿ ਰੀਤਿ ਮਹਿਂ ਗਜ਼ਾਨ ਬਤਾਵੌਂ।
ਜਬਿ ਮੈਂ ਤੀਨ ਦੇਹਿ ਕੋ ਧਰੌਂ।
ਚਤੁਰਥ ਤਨ ਅਪੁਨੋ ਪੁਨ ਕਰੌਂ ॥੩੨॥
ਤਬਿ ਇਹੁ ਤੀਰਥ ਕੋ ਬਿਦਤਾਵੌਂ।
ਪੰਚਮ ਤਨ ਤੇ ਪੱਕ੍ਰ[2]+ ਬਨਾਵੌਂ।
ਸਰ ਅੰਦਰ ਸਿਰਜੌਂ ਹਰਿਮੰਦਰ।
ਜਿਸਿ ਮਨਿੰਦ ਕਿਤ ਹੋਇ ਨ ਸੁੰਦਰ ॥੩੩॥
ਸੱਤਿਨਾਮ ਕੀ ਅਧਿਕ ਬਡਾਈ।
ਕਰੌਂ ਸਥਾਪਤਿ, ਰਹੈ ਸਦਾਈ।
ਖਸ਼ਟਮ ਦੇਹਿ ਧਰੌਂ ਮੈਂ ਜਬੈ।
ਜਿਹ ਸਥਾਨ ਹੌਂ ਬੈਠਜੋ ਅਬੈ ॥੩੪॥
ਰਚਿ ਅਕਾਲ ਬੁੰਗਾ ਧਰਿ ਨਾਮੂ।
ਸਿਰਜੌਂ ਤਖਤ ਮਹਾਂ ਅਭਿਰਾਮੂ।
ਬੈਠੋਂ ਬੀਚ ਦਿਵਾਨ ਲਗਾਵੌਂ।
ਸਰਬ ਜਗਤ ਕੋ ਗੁਰੂ ਕਹਾਵੌਂ ॥੩੫॥
ਪੁਨ ਮੈਂ ਸਦਾ ਬਸੌਂ ਇਸ ਥਾਨ।
ਬੰਦਹਿਂ ਅਚਰਜ ਹੋਹਿ ਜਹਾਨ।
ਜੋਤਿ ਆਪਨੀ ਨੀਤਿ ਬਸਾਵੌਂ।
ਮਹਾਂ ਤੇਜ ਸਭਿ ਮਹਿਂ ਬਿਦਤਾਵੌਂ' ॥੩੬॥
ਇਮ ਪੁਰਸ਼ੋਤਮ ਨ੍ਰਿਪ ਸੋਂ ਕਹਜੋ।
ਪੁਨ ਬ੍ਰਹਮਾ ਕੀ ਦਿਸ਼ ਕੋ ਚਹਜੋ[3]।
ਰੁੱਦ੍ਰ ਸਰੌਦ੍ਰ[4] ਆਦਿ ਸਭ ਜੇਈ।
ਹੁਇ ਪ੍ਰਸੰਨ ਬਰ ਭਾਖਤਿ ਸੇਈ ॥੩੭॥

---

*ਪਾ:-ਸੁਧਿ।
1ਭਲੇ ਰਸਤੇ ਪਾਵਣ ਲਈ।
2ਪੱਕਾ।
+ਪਾ:-ਪ੍ਰਪਕ।
3ਦੇਖਿਆ।
4ਸ਼ਿਵਜੀ, ਸਹਤ ਯੁੱਧ ਦਾ ਤੇਵਤਾ, ਕਾਰਤਕੇਯ (ਅ) ਯਮਰਾਜ।

'ਨਿਜ ਨਿਜ ਥਲ ਹਮ ਸਭਿਹੀ ਰਹੈਂ।
ਤੀਨ ਲੋਕ ਪਤਿ ਸੰਗੀ ਅਹੈਂ।'
ਇਸ ਪ੍ਰਕਾਰ ਨ੍ਰਿਪ ਕੋ ਬਰ ਦੀਨੇ।
ਪੁਨਹੁ ਬਿਸਰਜਨ ਸਗਰੇ ਕੀਨੇ ॥੩੮॥
ਨ੍ਰਿਪ 'ਇਖਵਾਕ' ਪ੍ਰਤਾਪੁ ਬਿਸਾਲਾ।
ਛੱਤ੍ਰੀ ਬੰਸ ਜਗਤ ਮਹਿਂ ਚਾਲਾ।
ਰਾਮਚੰਦ ਆਦਿਕ ਸਿਰਮੌਰ।
ਭਏ ਅਨੇਕ ਸੁ ਰਾਜਾ ਔਰ ॥੩੯॥
ਸੋਈ ਬੰਸੁ ਚਲ੍ਯੋ ਜਗ ਆਵਾ।
ਬੇਦੀ ਕੁਲ ਸੋਢੀ ਪ੍ਰਗਟਾਵਾ।
ਸਭਿ ਪ੍ਰਸੰਗ ਪ੍ਰਥਮੈ ਜੋ ਭਯੋ।
ਸ਼੍ਰੀ ਗੁਰ ਅਮਰ ਬਿਚਾਰਨ ਕਿਯੋ ॥੪੦॥
ਸ਼੍ਰੀ ਗੁਰ ਰਾਮਦਾਸ ਕੇ ਹਿਤ।
ਚਿਤ ਚਾਹ੍ਯੋ -ਬਨਵਾਇਂ ਨਿਕੇਤ।
ਕੁਲ ਹਮਰੀ ਰਹਿ ਗੋਇੰਦਵਾਲ।
ਫੂਲਹਿ ਫਲਹਿ ਅਨੰਦ ਬਿਸਾਲ ॥੪੧॥
ਇਨ ਤੇ ਪ੍ਰਥਕ ਰਹੈਂ ਕਿਤਿ ਔਰ।
ਰਾਮਦਾਸ ਸੋਢੀ ਸਿਰਮੌਰ।
ਅਰੁ ਤਹਿਂ ਤੀਰਥ ਸੋ ਬਿਦਤਾਵੈਂ।
ਸਨੇ ਸਨੇ ਸਭਿ ਕਾਰ ਕਰਾਵੈਂ- ॥੪੨॥
ਨ੍ਰਿਪ ਕੋ ਬਰ ਪੂਰਬ ਜੋ ਦਯੋ।
ਉਰ ਸ਼੍ਰੀ ਅਮਰ ਸੁ ਸਿਮਰਨ ਕਯੋ।
ਜਾਨ੍ਯੋ -ਸਮਾਂ ਪਹੂਚ੍ਯੋ ਆਇ।
ਤੀਰਥ ਸਰਬੋਤਮ ਬਿਦਤਾਇ+- ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪੂਰਬ ਬਰ ਸਿਮਰਨ ਸ਼੍ਰੀ ਅਮਰਦਾਸੁ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

+ਅਯੁੱਧਜਾ ਦੇ ਪਹਿਲੇ ਸੂਰਜਬੰਸੀ ਰਾਜਾ ਦਾ ਨਾਮ ਇਕਸ਼੍ਵਾਕੁ ਹੈ ਜੋ ਇਕ ਵੈਵਸ਼੍ਰਤਮਨੁ ਦਾ ਪੁੱਤ੍ਰ ਸੀ, ਮਨੁ ਤੋਂ ਨਿੱਛ ਦੇ ਰਸਤੇ ਜੰਮਿਆਂ ਦੱਸਿਆ ਜਾਂਦਾ ਹੈ। ਇਸ ਦੇ ਸੌ ਪੁੱਤ੍ਰ ਸਨ। ਵੱਡੇ ਦਾ ਨਾਮ ਕੁਕਸ਼ੀ ਸੀ। ਰਾਮਚੰਦ੍ਰ ਜੀ ਇਸੇ ਦੇ ਖਾਨਦਾਨ ਵਿਚੋਂ ਹੋਏ ਦੱਸੀਦੇ ਹਨ। ਜੋ ਕਾਰਨ ਕਵੀ ਜੀ ਨੇ ਦਿੱਤਾ ਹੈ ਉਹ ਇਤਿਹਾਸਿਕ ਨਹੀਂ ਜਾਪਦਾ। ਗੁਰੂ ਸਾਹਿਬਾਂ ਜੈਸੀ ਇਲਾਹੀ ਜੋਤ ਦਾ ਹਰਿਮੰਦਰ ਬਨਾਉਣਾ ਕਾਫੀ ਹੈ ਇਸਦੇ ਵਾਹਿਗੁਰੂ ਮੰਦਰ ਹੋਣ ਲਈ। ਜਿਸ ਧਰਤੀ ਨੂੰ ਗੁਰੂ ਨਾਨਕ ਗੁਰੂ ਅੰਗਦ ਜੀ ਨੇ ਪਵਿੱਤ੍ਰ ਕੀਤਾ, ਗੁਰੂ ਅਮਰ ਦੇਵ ਜੀ ਨੇ ਆਗਜਾ ਕੀਤੀ ਤੇ ਚੌਥੇ ਪੰਜਵੇਂ ਸਤਿਗੁਰਾਂ ਸਾਜਿਆ, ਜਿੱਥੇ ਉਨ੍ਹਾਂ ਨੇ ਨਾਮ ਦਾ ਨਿਵਾਸ ਕੀਤਾ ਤੇ ਕੀਰਤਨ ਦਾ ਪ੍ਰਵਾਹ ਚਲਾਇਆ ਉਹ ਪਰਮ ਪਾਵਨ ਹਰੀ ਮੰਦਰ ਹੈ, ਓਹ ਸਤਯੁਗ ਵਿੱਚ ਹਵਨਕੁੰਡ ਸੀ ਯਾ ਨਹੀਂ ਕੁਛ ਮੁੱਲ ਵਧਾਉਣ ਵਾਲੀ ਗੱਲ ਨਹੀਂ ਹੈ। ਦੇਖੋ ਰਾਸ ੩ ਅੰਸੂ ੪੦ ਅੰਕ ੨੬ ਦੀ ਹੇਠਲੀ ਟੂਕ।

੧੨. [ਗੁਰੂ ਕਾ ਚੱਕ। ਸੰਤੋਖਸਰ ਦੀ ਕਾਰ]

੧੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੩

ਦੋਹਰਾ: ਅਮਰਦਾਸ ਸ਼੍ਰੀ ਸਤਿਗੁਰੂ, ਜਾਨਿ ਸਕਲ ਗਤਿ ਲੀਨਿ।
ਸੋਢੀ ਕੁਲ ਭੂਖਨ[1] ਤਬੈ, ਨਿਕਟਿ ਬੁਲਾਵਨਿ ਕੀਨਿ ॥੧॥
ਚੌਪਈ: 'ਸੁਨ ਹੇ ਸੌਮੁ[2]! ਬਸਨ ਹਿਤ ਥਾਨ।
ਗ੍ਰਾਮ ਬਸਾਵਹੁ ਪਿਖਿ ਕਰਿ ਆਨ।
ਸਨੇ ਸਨੇ ਨਿਜ ਪਾਇਂ ਟਿਕਾਵਹੁ।
ਬਹੁਰ ਕਰਹੁ ਪੁਰਿ ਮਹਾਂ ਬਸਾਵਹੁ ॥੨॥
ਜਿਮਿ ਖਡੂਰ ਗੁਰ ਸੇਵਾ ਕਰਿ ਕੈ।
ਪਾਛੇ ਆਨ ਬਸੇ ਹਮ ਟਰਿ ਕੈ[*]।
ਇਮ ਨੀਕੀ ਨਿਜ ਰਿਦੈ ਬਿਚਾਰਹੁ।
ਬਸਨ ਹੇਤੁ ਥਲ ਜਾਇ ਨਿਹਾਰਹੁ ॥੩॥
ਅਹੈ ਪਰਗਨਾ ਤੁਮਰੇ ਪਾਸ।
ਥਲ ਆਛੋ ਪਿਖਿ ਕਰਹੁ ਅਵਾਸ।'
ਸੁਨਿ ਸ਼੍ਰੀ ਰਾਮਦਾਸੁ ਕਰ ਜੋਰੇ।
'ਹੁਕਮ ਆਪ ਕੋ ਮੋਰ ਅਮੋਰੇ[3] ॥੪॥
ਰਾਵਰ ਕੀ ਰਜਾਇ ਮਹਿਂ ਰਾਜ਼ੀ।
ਇਹੀ ਪ੍ਰਤੱਗਜਾ ਮੈਂ ਉਰ ਸਾਜੀ।
ਜੋ ਤੁਮ ਕਰਹੁ[+] ਸੁ ਆਛੀ ਹੋਇ।
ਆਛੀ ਹੋਇ, ਕਰਹੁ ਤੁਮ ਜੋਇ ॥੫॥
ਹਮ ਪ੍ਰਾਨੀ ਕਜਾ ਸਕੈਂ ਬਿਚਾਰੇ।
ਸਭਿ ਗੁਨ ਸਾਗਰ ਮਹਿਦ ਅਪਾਰੇ[4]।
ਥਲ ਕੋ ਪਰਖਨ ਹੇਤੁ ਨਿਕੇਤ।
ਮੈਂ ਤੁਮ ਆਗੇ ਕਹਾਂ ਅਚੇਤ[5] ॥੬॥
ਅਰਜ਼ੀ ਸਿਖ ਕੀ ਰਾਵਰਿ ਮਰਜ਼ੀ।
ਮੈਂ ਗੁਰ ਜੀ! ਇਕ ਸੇਵਾ ਗਰਜ਼ੀ।

---

[1]ਭਾਵ ਸ਼੍ਰੀ ਗੁਰੂ ਰਾਮਦਾਸ ਜੀ।
[2]ਮਨੋਹਰ। (ਅ) [ਸੰਸ: ਸੌਮਜ]
[*]ਪਾ:-ਟੁਰਕੇ।
[3]ਮੇਰੇ ਪਾਸੋਂ ਮੋੜਿਆ ਨਹੀਂ ਜਾ ਸਕਦਾ।
[+]ਪਾ:-ਕਹਹੁ।
[4]ਭਾਵ ਤੁਸੀਂ ਹੋ।
[5]ਘਰ ਦੇ ਥਾਂ ਨੂੰ ਪਰਖਣ ਲਈ ਮੈਂ ਅਜਾਣ ਆਪ ਅਗੇ ਕੀ ਹਾਂ।

ਜਿਮਿ ਰਜ਼ਾਇ ਜਿਸੁ ਥਲ ਕੋ ਕਹੋ।
ਸਕਲ ਰੀਤਿ ਨੀਕੇ ਜਿਸ ਲਹੋ ॥੭॥
ਜਹਾਂ ਬਤਾਵਹੁ ਕਰੁਨਾ ਧਾਰਿ।
ਸੇਵਕ ਜਾਇ ਕਰਹਿ ਤਹਿਂ ਕਾਰ।
ਨਹਿਂ ਸੁਤੰਤ੍ਰ[1] ਕਛੁ ਮੋ ਤੇ ਹੋਇ।
ਸੋ ਸਭਿ ਕਰਿਹੌਂ ਪ੍ਰੇਰਹੁ ਜੋਇ' ॥੮॥
ਸੁਨਿ ਸ਼੍ਰੀ ਅਮਰ ਦਾਸ ਕਰਿ ਕਰੁਨਾ।
ਸਰਬ ਪ੍ਰਸੰਗ ਭਲੇ ਕਰਿ ਬਰਨਾ।
'ਗ੍ਰਾਮ ਤੁੰਗ ਤੇ ਅਹੈ ਉਰੇਰੇ।
ਗਿਲਵਾਲੀ ਤੇ ਲਖਹੁ ਪਰੇਰੇ ॥੯॥
ਹੈ ਸੁਲਤਾਨ ਪਿੰਡ ਜਿਸ ਨਾਮੂ।
ਤਿਸ ਤੇ ਪਸ਼ਚਮ ਦਿਸ਼ ਅਭਰਾਮੂ।
ਤਹਾਂ ਜਾਇ ਕਰਿ ਗ੍ਰਾਮ ਬਸਾਵਹੁ।
ਸੁੰਦਰ ਅਪੁਨੇ ਸਦਨ ਬਨਾਵਹੁ ॥੧੦॥
ਜਿਤਿਕ ਦਰਬ ਲਾਗਹਿ ਤਿਸ ਥਾਨ।
ਸੋ ਸਭਿ ਲੇਹੁ ਬ੍ਰਿੱਧ ਤੇ ਪਾਨ[2]।
ਜਬਹਿ ਸਦਨ ਤਹਿਂ ਲੇਹੁ ਚਿਨਾਇ।
ਤਿਸ ਤੇ ਪੂਰਬ ਦਿਸ਼ ਪੁਨ ਜਾਇ ॥੧੧॥
ਤਹਾਂ ਬੈਠਿ ਤੀਰਥ ਖਨਵਾਵਉ।
ਚਾਰਹੁਂ ਦਿਸ਼ ਤੇ ਭਲੋ ਬਨਾਵਉ।
ਬਹੁਰ ਤੁਮਾਰੀ ਸੰਤਤਿ ਜੇਤੀ।
ਤਿਸ ਕਉ ਕਰਹਿ ਬਨਾਵਨ ਤੇਤੀ ॥੧੨॥
ਦਿਨ ਪ੍ਰਤਿ ਪੁਰਿ ਬਿਸਾਲ ਬਨ ਜੈਹੈ।
ਚਹੁਂ ਦਿਸ਼ ਕੇ ਨਰ ਆਨ ਬਸੈ ਹੈਂ।'
ਇਮੁ ਸਗਰੀ ਬਿਧਿ ਕਹਿ ਸਮੁਝਾਈ।
ਅਪਰ ਸਰਬ ਤਜਾਰੀ ਕਰਿਵਾਈ ॥੧੬॥
ਪਾਰੋ ਕੀ ਸ਼ੁਭ ਬੜਵਾ ਜੋਇ।
ਹੇਤੁ ਅਰੂਢਨ ਦੀਨੀ ਸੋਇ।
ਕਹਜੋ 'ਤੁਰੰਗਨ ਅਚਰਜ ਏਹੀ।
ਅਪਰ ਨਹੀਂ ਕਿਸਿ ਚਢਿਬੇ ਦੇਹੀ ॥੧੪॥

---

[1]ਅਪਣੇ ਆਪ।
[2]ਬਾਬਾ ਬੁੱਢਾ ਜੀ ਦੇ ਹੱਥੋਂ।

ਹਮ ਕੈ ਤੁਮ ਹੋਵਹਿਂ ਅਸਵਾਰੋ।
ਚਢ੍ਯੋ ਪ੍ਰਥਮ ਕੈ ਭਾਈ ਪਾਰੋ।
ਨੀਕੇ ਰਾਖਹੁ ਸੇਵ ਕਰਾਵਹੁ।
ਬ੍ਰਿਧ ਸੁਮਤਿ ਕੋ ਸੰਗ ਮਿਲਾਵਹੁ' ॥੧੫॥
ਇਮਿ ਕਹਿ ਕਰੇ ਬਿਸਰਜਨ ਸੋਇ।
ਕੇਤਿਕ ਸੰਗ ਕਰੇ ਸਿਖ ਜੋਇ।
ਸਨੇ ਸਨੇ ਤਹਿਂ ਚਲਿ ਕਰਿ ਆਏ।
ਜੋ ਥਲ ਸ਼੍ਰੀ ਗੁਰ ਅਮਰ ਬਤਾਏ ॥੧੬॥
ਸਭਿ ਗ੍ਰਾਮਨ ਕੀ ਸੀਮਨ[1] ਛੋਰ।
ਫਿਰ ਤਹਿਂ ਕਾਰ ਕਰੀ ਚਹੁਂ ਓਰ।
ਜਿਮ ਜਿਮ ਬੁੱਢਾ ਬਜੋਂਤ ਬਤਾਵਹਿ।
ਤਿਮਿ ਸ਼੍ਰੀ ਰਾਮਦਾਸੁ ਕਰਿਵਾਵਹਿਂ ॥੧੭॥
ਪ੍ਰਥਮ ਮੰਗਾਯਹੁ ਬਹੁ ਮਿਸ਼ਟਾਨ।
ਗੁਰ ਆਗੇ ਅਰਦਾਸ ਬਖਾਨਿ।
ਭੀਰ ਸੈਂਕੜੇ ਲੋਕਨਿ ਹੋਈ।
ਕਰ੍ਯੋ ਬ੍ਰਤਾਵਨ ਸਭਿ ਮਹਿਂ ਸੋਈ ॥੧੮॥
ਗਾਢੋ ਮੋੜ੍ਹਾ[2] ਗਾਡ ਖਰ੍ਯੋ ਹੈ।
ਨਾਮ 'ਗੁਰੂ ਕੋ ਚੱਕ' ਧਰ੍ਯੋ ਹੈ।
ਈਂਟੈਂ ਕੇਤਿਕ ਤਹਾਂ ਪਕਾਇ।
ਸਦਨ ਚਿਨਾਵਨ ਕੀਨਿ ਬਨਾਇ ॥੧੯॥
ਪੁਨ ਸ਼੍ਰੀ ਅਮਰਦਾਸ ਜਿਮ ਕਹ੍ਯੋ।
ਸੋ ਸਿਮਰਤਿ ਸਰ ਸਿਰਜਨ ਚਹ੍ਯੋ।
ਲੇ ਬ੍ਰਿਧ ਸੰਗ ਆਪ ਚਲਿ ਗਏ।
ਪੂਰਬ ਦਿਸ਼ਾ ਗ੍ਰਾਮ ਤੇ ਅਏ ॥੨੦॥
ਇਤ ਉਤ ਬਿਚਰਤਿ ਥਲ ਕੋ ਹੇਰੇ।
ਸ਼੍ਰੀ ਗੁਰੂ ਅਮਰ ਬਾਕ ਕੇ ਪ੍ਰੇਰੇ।
ਜਿਸ ਪ੍ਰਕਾਰ ਕੇ ਪਤੇ ਬਤਾਏ।
ਖੋਜਤਿ ਫਿਰਤਿ ਸਰਬ ਹੀ ਥਾਏਂ ॥੨੧॥
ਪੁਨ ਉੱਤਰ ਦਿਸ਼ ਮੁਖ ਕਰਿ ਚਲੇ।
ਬਦਰੀ ਆਦਿ ਬ੍ਰਿੰਦ ਤਰੁ ਖਲੇ।

---

[1] ਹੱਦਾਂ।

[2] ਮੋੜ੍ਹਾ ਗੱਡਣਾ = ਨਿਸ਼ਾਨ ਬੰਨ੍ਹਣ ਲਈ ਇਕ ਵਡਾ ਮੋੜ੍ਹਾ ਗੱਡ ਦੇਣਾ।

ਸਨੇ ਸਨੇ ਥਲ ਦੇਖਤਿ ਜਾਵਹਿਂ।
ਅਭਿਲਾਖਤਿ ਸੋ ਪਤੇ ਜਿ ਪਾਵਹਿਂ[1] ॥੨੨॥
ਬ੍ਰਿੱਛ ਸਿੰਸਪਾ[2] ਜਬਹਿ ਨਿਹਾਰਾ।
ਲਖ੍ਯੋ ਪਤਾ ਜੋ ਗੁਰੂ ਉਚਾਰਾ।
ਤਿਸ ਕੇ ਤਰੇ ਬਿਰਾਜੇ ਜਾਇ।
ਤਿਸ ਆਗੈ ਸਰ ਕੋ ਪਿਖ ਥਾਇ ॥੨੩॥
ਬ੍ਰਿਧ ਕੇ ਸੰਮਤ ਹੁਇ ਥਲ ਜੋਵਾ।
ਪਾਵਨ ਪਰਮ ਪ੍ਰਿਥਮ ਜੋ ਹੋਵਾ।
ਚਹੁੰ ਓਰ ਤੇ ਫਿਰ ਕਰਿ ਹੇਰਾ।
ਸਰਬ ਪ੍ਰਕਾਰ ਲਖੀ ਤਿਸ ਬੇਰਾ ॥੨੪॥
ਕਲਪਤਿ ਕਰੇ ਤਹਾਂ ਚਹੁ ਕੋਨਾ।
ਬ੍ਰਿਧ ਕੋ ਦਿਖਰਾਇਸਿ ਥਲ ਤੌਨਾ।
ਤਿਸ ਦਿਨ ਨਿਸਚੈ ਕਰਿ ਬਿਧਿ ਨੀਕੇ।
ਪਰਖੇ ਪਤੇ ਕਹੇ ਗੁਰ ਹੀਕੇ ॥੨੫॥
ਨਿਸ ਮਹਿਂ ਜਾਇ ਕਰ੍ਯੋ ਬਿਸਰਾਮਾ।
ਬਸਨੇ ਹੇਤੁ ਬਨੇ ਜਹਿਂ ਧਾਮਾ*।
ਜਾਮ ਜਾਮਨੀ ਜਾਗ੍ਰਤਿ ਭਏ।
ਸੌਚ ਸ਼ਨਾਨ ਆਦਿ ਸਭਿ ਕਏ ॥੨੬॥
ਭਏ ਪ੍ਰਕਾਸ਼ ਮਿਟ੍ਯੋ ਅੰਧਕਾਰਾ।
ਸਰ ਕਾਰਜ ਕੋ ਤਬਹਿ ਬਿਚਾਰਾ।
ਬਹੁ ਮਿਸ਼ਟਾਨ ਅਨਾਵਨ ਕੀਨਾ।
ਸਿੱਖਜਨ ਤੇ ਉਚਵਾਇ ਸੁ ਲੀਨਾ ॥੨੭॥
ਬ੍ਰਿੰਦ ਮਜੂਰ ਜੁ ਹੁਤੇ ਅਗਾਰੇ।
ਤਿਨ ਜੁਤਿ ਅਪਰ ਸਮੂਹ ਹਕਾਰੇ।
ਮਹਾਂ ਟੋਲ ਕਰਿ ਸੰਗ ਸਿਧਾਰੇ।
ਮੰਗਲ ਕੀਨਸਿ ਅਨਿਕ ਪ੍ਰਕਾਰੇ ॥੨੮॥
ਗਏ ਸਿੰਸਪਾ ਤਰੁ ਕੇ ਤਰੇ।
ਤਹਾਂ ਜਾਇ ਸਗਰੀ ਬਿਧਿ ਕਰੇ।
ਨਾਮ ਲੀਨ ਤੀਨਹੁਂ ਗੁਰ ਕੇਰਾ।

---

[1]ਚਾਹੁੰਦੇ ਹਨ ਕਿ (ਕਿਵੇਂ) ਓਹ ਪਤੇ (ਜੋ ਗੁਰੂ ਜੀ ਨੇ ਦੱਸੇ ਹਨ) ਪਾ ਲਈਏ।
[2]ਟਾਹਲੀ।
*ਪਾ:-ਬਸਨ ਹੇਤ ਬਨਵਾਇਸਿ ਧਾਮਾ।

ਕਰਿ ਅਰਦਾਸ ਖਰੇ ਤਿਸ ਬੇਰਾ ॥੨੯॥
ਟਕ ਲਾਇਅਹੁ ਸਿਰਜਨ ਕਹੁ ਤਾਲ।
ਚਿਤਵਯੋ ਉਰ ਉਪਕਾਰ ਬਿਸਾਲ।
ਲਗੇ ਮਜੂਰ ਖਨਨਿ ਸਮੁਦਾਏ।
ਸਿਰ ਧਰਿ ਮ੍ਰਿਤਕਾ ਵਹਿਰ ਗਿਰਾਏ ॥੩੦॥
ਇਕ ਖੋਦੈਂ ਇਕ ਮ੍ਰਿਤਕਾ ਭਰੈਂ।
ਇਕ ਉਠਾਇ ਕਰਿ ਬਾਰ ਕਰੈਂ[+]।
ਇਕ ਆਵਹਿਂ ਇਕ ਲੈ ਲੈ ਜਾਹਿਂ।
ਖਨਹਿਂ ਮਜੂਰ ਸਿੱਖਯ ਬਹੁ ਮਾਂਹਿ ॥੩੧॥
ਇਸ ਬਿਧਿ ਕਰਯੋ ਅਰੰਭਨ ਤਾਲ।
ਬੈਠਹਿਂ ਆਪ, ਖਨਹਿਂ ਨਰ ਜਾਲ।
ਜਹਾਂ ਗ੍ਰਾਮ ਸਿਰਜਯੋ ਘਰ ਪਾਏ।
ਤਹਾਂ ਕਾਰ ਕਰਤੇ ਸਮੁਦਾਏ ॥੩੨॥
ਨਿਤਿ ਪ੍ਰਤਿ ਸਕਲ ਲੋਕ ਤਿਸ ਥਾਨ।
ਕਾਰ ਸੁਧਾਰਤਿ ਸਫਲ ਸੁਜਾਨ।
ਕਿਤਿਕ ਦਿਵਸ ਮਹਿਂ ਕੇਤਿਕ ਕਰਯੋ[੧]।
ਦਰਸ਼ਨ ਕੋ ਪੁਨ ਮਨ ਹਿਤ ਧਰਯੋ ॥੩੩॥
ਗੋਇੰਦਵਾਲ ਕੀਨ ਪ੍ਰਸਥਾਨਾ।
ਜਹਿਂ ਸ਼੍ਰੀ ਅਮਰ ਦਾਸ ਥਿਤਿ ਥਾਨਾ।
ਕੇਤਿਕ ਲੋਕ ਬਸਾਏ ਗ੍ਰਾਮ।
ਬਸਨ ਲਗੇ ਰਚਿ ਅਪੁਨੇ ਧਾਮ ॥੩੪॥
ਤਬਿ ਸ਼੍ਰੀ ਰਾਮਦਾਸ ਚਲਿ ਗਏ।
ਚਰਨ ਕਮਲ ਗੁਰ ਬੰਦਤਿ ਭਏ।
ਸਗਰੀ ਕਾਰ ਕਰੀ ਸੁ ਬਤਾਈ।
'ਸਦਨ ਗ੍ਰਾਮ ਸਿਰਜੇ ਸਮੁਦਾਈ ॥੩੫॥
ਤਾਲ ਕੁਛਕ ਖਨਵਾਵਨਿ ਕੀਨਾ।
ਜਥਾ ਹੁਕਮ ਰਾਵਰ ਨੇ ਦੀਨਾ।'
ਸੁਨਿ ਸ਼੍ਰੀ ਅਮਰਦਾਸ ਧਰਿ ਧਯਾਨਾ।
ਭੂਤ ਭਵਿੱਖਯਤ ਸਭਿ ਹੀ ਜਾਨਾ ॥੩੬॥
ਰਹੇ ਕਿਤਿਕ ਦਿਨ ਗੋਇੰਦਵਾਲ।

[+]ਪਾ:-ਧਰੈਂ।
[੧]ਭਾਵ ਕੁਛ ਡੂੰਘਾ ਹੋ ਗਿਆ ਤਲਾਉ।

ਸਭਿ ਆਮਦ ਕੀ ਕਰਤਿ ਸੰਭਾਲ।
ਨਿਜ ਅਨੁਸਾਰ ਕਾਜ ਜੇ ਔਰ।
ਕਰਤਿ ਭਏ ਸੋਢੀ ਸਿਰਮੌਰ ॥੩੭॥
ਜਥਾ ਹੁਕਮ ਸਤਿਗੁਰ ਜਬਿ ਕਰੈਂ।
ਤਥਾ ਸ਼ੀਘ੍ਰ ਹੀ ਬਚ++ ਅਨੁਸਰੈ।
ਨਿਸ ਦਿਨ ਇਕ ਸੇਵਾ ਕੇ ਤਤਪਰ।
ਅਪਰ ਨਹੀਂ ਕਿਮਿ ਬਾਂਛਾ ਉਰਿ ਧਰਿ ॥੩੮॥
ਲੋਕ ਕਾਨ ਕੋ ਮਾਨਹਿਂ ਨਾਂਹੀ।
ਮਾਨ ਬਡਾਈ ਨਹਿਂ ਚਿਤਚਾਹੀਂ।
ਰਹੈਂ ਨਿਰਾਲਸ ਧੀਰਜ ਧਾਰੀ।
ਦੇਗ਼ ਆਦਿ ਕੀ ਕਰਤਿ ਸੰਭਾਰੀ ॥੩੯॥
ਸਭਿ ਗੁਰ ਘਰ ਕੋ ਖਰਚ ਚਲਾਵੈਂ।
ਜੋ ਚਹਿਯਤਿ ਸੋ ਸਕਲ ਪੁਚਾਵੈਂ।
ਸਰਬ ਪ੍ਰਕਾਰ ਕਾਰ ਵਧਿ ਗਈ।
ਨਿਤ ਸਵਧਾਨ ਸੰਭਾਰਿ ਸੁ ਲਈ ॥੪੦॥
ਸਤਿਗੁਰ ਮਨ ਅਨੁਸਾਰੀ ਹੋਇ।
ਨਿਰਹੰਕਾਰ ਕਾਰ ਕਰਿ ਸੋਇ।
ਤਿਮਿ ਸੇਵਾ ਬਹੁ ਪਿਤ ਕੀ ਠਾਨੀ।
ਮਨ, ਬਚ, ਕ੍ਰਮ ਤੇ ਨਿਸ ਦਿਨ ਭਾਨੀ ॥੪੧॥
ਪਿਖਿ ਦੋਨਹੁਂ ਕੀ ਦਿਸ਼ਿ ਗੁਰ ਸਾਚੋ।
ਲੇਸ਼ ਬਿਕਾਰ ਨ ਜਿਨ ਮਨ ਰਾਚੋ[1]।
ਹੋਤਿ ਪ੍ਰਸੰਨ ਚਹਿਸ ਅਧਿਕਾਈ।
-ਦੀਜਹਿ ਅਬ ਗਾਦੀ ਗੁਰਿਆਈ- ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਸੰਤੋਖਸਰ ਕਾਰ' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅੰਸੂ ॥੧੨॥

++ਪਾ:-ਬਨ।

[1]ਮਨ ਵਿਚ ਲੇਸ਼ ਮਾਤ੍ਰ ਵਿਕਾਰ ਨਾ ਰਚਨ ਦਾ ਭਾਵ ਹੈ, ਸਰੂਪ ਤੋਂ ਲੇਸ਼ ਮਾਤ੍ਰ ਉਥਾਨ ਨਹੀਂ ਹੁੰਦੇ, ਇਕੋ ਪ੍ਰੇਮਾ ਭਗਤੀ ਦੇ ਭਾਵ ਵਿਚ ਟਿਕੇ ਰਹਿੰਦੇ ਹਨ।

੧੩. [ਸ਼੍ਰੀ ਅੰਮ੍ਰਿਤਸਰ ਜੀ ਕੀ ਕਾਰ]

੧੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੪

ਦੋਹਰਾ: ਕਿਤਿਕ ਦਿਵਸ ਜਬਿ ਢਿਗ ਰਹੇ,
ਸੋਢੀ ਕੁਲ ਸਿਰਮੌਰ।
ਕਰਯੋ ਹੁਕਮ ਸ਼੍ਰੀ ਗੁਰ ਅਮਰ,
'ਕਰੋ ਕਾਰ ਅਬਿ ਔਰ ॥੧॥

ਚੌਪਈ: ਗਮਨਹੁ ਲਿਹੁ ਸੁਧਿ ਗ੍ਰਾਮ ਬਸਾਯੋ।
ਜੋ ਨਿਜ ਬਸਿਬੇ ਸਦਨ ਚਿਨਾਯੋ।
ਜਹਿਂ ਪੂਰਬ ਤੁਮ ਸਰ ਖਨਵਾਯੋ।
ਚਾਰ ਕੋਨ ਕੋ ਬਯੋਂਤ ਬਨਾਯੋ ॥੨॥
ਸਰ ਸੰਤੋਖ ਨਾਮ ਤਿਸ ਰਾਖੋ।
ਅਬਿ ਤਿਸ ਕਰਿਬੇ ਨਹਿਂ ਅਭਿਲਾਖੋ[1]।
ਤਿਸ ਤੇ ਉਰੇ ਨੰਮ੍ਰਿ ਥਲ[*] ਜਹਾਂ।
ਦੂਸਰ ਤਾਲ ਖਨਾਵੋ ਤਹਾਂ ॥੩॥
ਸ਼੍ਰੀ ਅੰਮ੍ਰਿਤਸਰ ਨਾਮ ਧਰੀਜੈ।
ਜਾਇ ਕਿਤਿਕ ਖਨਵਾਵਨ ਕੀਜੈ।
ਸਮੋਂ ਪਾਇ ਪਾਕੋ ਹੁਇ ਸਾਰੋ।
ਪ੍ਰਥਮ ਜਾਇ ਉੱਦਮ ਤੁਮ ਧਾਰੋ' ॥੪॥
ਸੁਨਿ ਸ਼੍ਰੀ ਰਾਮਦਾਸ ਤਹਿਂ ਗਏ।
ਸਦਨ ਚਿਨਯੋ ਸੁਧਿ ਲੇਵਤਿ ਭਏ[2]।
ਜਿਮਿ ਜਿਮ ਕਹਿਂ, ਤਿਮਿ ਤਿਮਿ ਨਰ ਕਰਯੋ।
ਬਸਿਬੇ ਹੇਤ ਮਨੋਰਥ ਧਰਯੋ ॥੫॥
ਏਕ ਨਿਸਾ ਬਸ ਕਰਿ ਉਠਿ ਭੋਰ।
ਕਰਿ ਸ਼ਨਾਨ ਗੇ ਪੂਰਬ ਓਰ।
ਬ੍ਰਿਧ ਕੋ ਸੰਗ ਲਏ ਚਲਿ ਆਏ।
ਸਤਿਗੁਰੁ ਜਿਸੁ ਦਿਸ਼ ਪਤੇ ਬਤਾਏ ॥੬॥
ਬਹੁ ਬਦਰੀ ਥਲ ਬਜਾਪਤ[3] ਹੇਰਾ।
ਅਹੈ ਨੰਮ੍ਰਿ ਜਲ ਥਿਰੈ ਘਨੇਰਾ।
ਇਤ ਉਤ ਫਿਰ ਕਰਿ ਨਿਸ਼ਚੇ ਕੀਨਾ।

---

[1]ਭਾਵ ਉਸਦੇ ਬਨਾਉਣ ਦੀ ਚਾਹ ਨਾ ਕਰੋ।

[*]ਪਾ:-ਜਲ।

[2]ਬਣੇ ਘਰਾਂ ਦੀ ਖਬਰ ਲਈ।

[3]ਬੇਰੀਆਂ (ਨਾਲ) ਭਰਿਆ ਥਾਂ।

ਪਤਾ ਦੀਨ ਸੋ ਨੀਕੇ ਚੀਨਾ ॥੭॥
ਬ੍ਰਿਧ ਕੇ ਸੰਮਤ[1] ਹੋਇ ਸੁ ਟੋਰਾ[2]।
ਸੋ ਥਲ ਪਿਖਤਿ ਫਿਰੇ ਚਹੁਂ ਓਰਾ।
ਬਾਰ ਬਾਰ ਨਿਸ਼ਚੇ[+] ਕਰਿ ਆਛੇ।
ਗੁਰ ਬਰ ਤੇ ਸਿਰਜਨ ਸਰ ਬਾਂਛੇ[3] ॥੮॥
ਕਰੀ ਠੀਕਿ[4] ਤਿਸੁ ਦਿਨ ਫਿਰਿ ਸਾਰੇ।
ਧਰੇ ਚਿੰਨ੍ਹ ਕਛੁ, ਗ੍ਰਾਮ ਪਧਾਰੇ[5]।
ਪਠੇ ਸਿੱਖਜ ਲੈਬੇ ਮਿਸ਼ਟਾਨ।
ਅਰ ਮਜੂਰ ਗਨ ਲੇਨਿ ਮਹਾਂਨ ॥੯॥
ਭਈ ਪ੍ਰਭਾਤਿ ਕ੍ਰਿਯਾ[6] ਕਰਿ ਭਲੇ।
ਲੇ ਨਰ ਟੋਲ ਤਿਸੀ ਦਿਸ਼ ਚਲੇ।
ਸ਼੍ਰੀ ਨਾਨਕ ਆਦਿਕ ਲੇ ਨਾਇ।
ਕਰਿ ਅਰਦਾਸ ਸੀਸ ਨਿਹੁਰਾਇ ॥੧੦॥
ਬ੍ਰਿਧ ਬਚ ਤੇ ਲੇ ਖਨਨੀ[7] ਹਾਥ।
ਟਕ ਲਾਇਸ ਚਿਤਵਤਿ ਗੁਰ ਨਾਥ।
ਸਭਿ ਮੈਂ ਬਾਂਟਿ ਦਯੋ ਮਿਸ਼ਟਾਨ।
ਲਗੇ ਖਨਨ ਸਗਰੇ ਤਿਸੁ ਥਾਨ ॥੧੧॥
ਕੇਤਿਕ ਸਿਰ ਧਰਿ ਵਹਿਰ ਗਿਰਾਵੈਂ।
ਕੇਤਿਕ ਖਨਿ ਖਨਿ ਤਿਨਹੁਂ ਉਚਾਵੈਂ।
ਸਿੱਖਜ ਅਨੇਕ ਮਿਹਨਤੀ ਘਨੇ।
ਕਰਤਿ ਕਾਰ ਗੁਰ ਸ਼ਰਧਾ ਸਨੇ ॥੧੨॥
'ਜਹਿਂ ਦੁਖਭੰਜਨਿ ਬਦਰੀ ਖਰੀ।
ਤਹਿਂ ਤੇ ਖਨਹਿਂ' ਸੁ ਆਇਸੁ ਕਰੀ।
ਆਪਿ ਨਿਕਟ ਬੈਠੇ ਬਚੁ ਕਹੈਂ।
ਮ੍ਰਿਤਕਾ ਵਹਿਰ ਗਿਰਾਵਤਿ ਲਹੈਂ[*] ॥੧੩॥

---

[1]ਸਲਾਹ ਨਾਲ।
[2]ਟੋਲਿਆ।
[+]ਪਾ:-ਨਿਰਨੈ।
[3]ਗੁਰੂ ਜੀ ਦੇ ਵਰ ਨਾਲ ਸਰੋਵਰ ਬਨਾਵਣਾ ਚਾਹਿਆ।
[4](ਥਾਂ) ਨਿਸ਼ਚੇ ਕੀਤਾ।
[5](ਉਸ ਥਾਂ) ਕੁਛ ਨਿਸ਼ਾਨ ਰਖਕੇ ਪਿੰਡ (ਚੱਕ) ਨੂੰ ਚਲੇ ਗਏ।
[6]ਸੌਚ ਸ਼ਨਾਨ ਦੀ ਕ੍ਰਿਆ।
[7]ਕਹੀ।
[*]ਪਾ:-ਰਹੈਂ।

ਇਸੀ ਪ੍ਰਕਾਰ ਖਨਤਿ ਦਿਨ ਸਾਰੇ।
ਭੀ ਸੰਧਜਾ ਦਿਸ਼ ਗ੍ਰਾਮ ਪਧਾਰੇ।
ਹੋਤਿ ਪ੍ਰਾਤਿ ਸਭਿ ਕੋ ਸੰਗਿ ਲੈ ਕੈ।
ਕਾਰ ਕਰਾਵਤਿ ਤਹਾਂ ਥਿਰੈ ਕੈ ॥੧੪॥
ਕਿਤਿਕ ਮਾਸੁ ਇਮ ਕੀਨਿ ਖਨਾਵਨਿ।
ਮ੍ਰਿਤਕਾ ਅਧਿਕ ਕਰਹਿਂ ਨਿਕਸਾਵਨ।
ਗੁਰਤਾ ਦੇਨਿ ਸਮੋ ਤਬਿ ਆਵਾ।
ਸ਼੍ਰੀ ਗੁਰ ਅਮਰ ਇਨਹੁਂ ਬੁਲਿਵਾਵਾ ॥੧੫॥
ਦੁਖਭੰਜਨਿ ਬਦਰੀ ਤਰੁ ਤੀਰ।
ਟੋਵਾ[+] ਭਯੋ ਕੁਛਕ ਗੰਭੀਰ।
ਸੁਨਿ ਕਰਿ ਹੁਕਮ ਤਥਾ ਤਜਿ ਗਏ।
ਗੋਇੰਦਵਾਲ ਪਹੁਂਚਤੇ ਭਏ ॥੧੬॥
ਕਰਿ ਬੰਦਨ ਜੁਗ ਪਦ ਅਰਬਿੰਦੁ।
ਬੈਠੇ ਸਨਮੁਖ ਦ੍ਵੈ ਕਰਬੰਦੁ।
ਚਕ ਕੀ ਗਾਥਾ ਬੂਝਨ ਕੀਨਿ।
'ਕੈਸੇ ਕਰਯੋ ਜਾਇ ਥਲ ਚੀਨ?' ॥੧੭॥
ਸੁਨਿ ਸੋਢੀ ਕੁਲ ਭੂਖਨ ਕਹਯੋ।
'ਚਕ ਤੇ ਪੂਰਬ ਕੀ ਦਿਸ਼ ਲਹਯੋ।
ਨੰਮ੍ਰ ਸਥਾਨ ਨੀਰ ਸਿਮਟਾਵੈ[1]।
ਬਦਰੀ ਤਰੁ ਸਮੁਦਾਇ ਦਿਸਾਵੈਂ ॥੧੮॥
ਤਹਾਂ ਜਾਇ ਅਬਿ ਤਾਲ ਖਨਾਯੋ।
ਨਿਜ ਕਰ ਤੇ ਟਕ ਪ੍ਰਥਮ ਲਗਾਯੋ।
ਸ਼੍ਰੀ ਨਾਨਕ ਸ਼੍ਰੀ ਅੰਗਦ ਨਾਥ।
ਯੁਕਤਿ ਆਪ ਕੇ ਟੇਕਯੋ ਮਾਥ ॥੧੯॥
ਸਿਮਰਯੋ ਨਾਮੁ ਬਿਘਨ ਗਨ ਹਰਤਾ।
ਸਦਾ ਸੁਖਦ ਬਹੁ ਮੰਗਲ ਕਰਤਾ।
ਬਹੁ ਮਿਸ਼ਟਾਨ ਤਹਾਂ ਅਨਵਾਯੋ।
ਸਤਿਗੁਰ ਹੇਤੁ ਸਕਲ ਬਰਤਾਯੋ ॥੨੦॥
ਬ੍ਰਿਧ ਆਦਿਕ ਸਿਖ ਸਹਤ ਬਿਬੇਕ।
ਹੁਤੇ ਸੁ ਗੁਰਮੁਖ ਸਾਥ ਅਨੇਕ।

[+]ਪਾ:-ਟੋਭਾ।
[1]ਇਕਠਾ ਹੁੰਦਾ ਰਹਿੰਦਾ ਹੈ।

ਸਭਿ ਦਿਨ ਬੈਠਿ ਕਰਾਵਤਿ ਕਾਰ।
ਲਗੇ ਮਜੂਰ ਉਠਾਵਤਿ ਭਾਰ ॥੨੧॥
ਤਿਮ ਸਿਖਜਨ ਮਿਲਿ ਕਾਰ ਕਮਾਈ।
ਕੇਤਿਕ ਦਿਨ ਮ੍ਰਿਤਕਾ ਖਨਿਵਾਈ।
ਬਹੁਤ ਦਿਵਸ ਕੋ ਕਾਜ++ ਬਿਸਾਲਾ।
ਹੁਇ ਨਰ ਬ੍ਰਿੰਦ ਕਰਹਿਂ ਚਿਰਕਾਲਾ ॥੨੨॥
ਯਾਂ ਤੇ ਅਲਪ ਕਾਜ ਹੀ ਭਯੋ।
ਲਘੁ ਸਥਾਨ ਕਛੁ ਖੋਦਜੋ ਗਯੋ।'
ਸੁਨਿ ਮੋਹਨਿ ਪਿਤ ਖਰੋ ਸਰਾਹਜੋ।
'ਨੀਕੋ ਥਲ ਸੋਈ ਹਮ ਚਾਹਜੋ ॥੨੩॥
ਲੀਲਾਵਤੀ ਪੁਰੀ ਸ਼ੁਭ ਥਾਨ[1]।
ਇਸ ਸਰੁ ਪਰ ਬਰ* ਬਸਹਿ ਮਹਾਂਨ।
ਚਿਰੰਕਾਲ ਭਾ ਉਜਰੀ ਪਰੀ।
ਅਬਿ ਇਹੁ ਬਾਸਹਿ ਗੀ ਬਡ ਪੁਰੀ ॥੨੪॥
ਸ਼੍ਰੀ ਗੁਰ ਅੰਗਦ ਹੋਇ ਕ੍ਰਿਪਾਲ।
ਹਮਹਿਂ ਬਸਾਇਅਹੁ ਗੋਇੰਦਵਾਲ।
ਊਜਰਿ ਪੁਰੀ ਬਸਾਵਨ ਕਰੀ।
ਹਮ ਜੁਤਿ ਬਸੀ ਨੀਕ ਇਹੁ ਪੁਰੀ ॥੨੫॥
ਨਾਮ ਤੁਮਾਰੇ ਪਰ ਪੁਰਿ ਹੋਇ।
ਜਗ ਬਹੁ ਬਿਦਤਹਿ ਤੀਰਥ ਸੋਇ।'
ਇਮ ਕਹਿ ਮਹਾਂ ਅਨੰਦ ਕੋ ਦੀਨ।
ਹਰਖੇ ਰਾਮਦਾਸ ਸੁਖ ਭੀਨ ॥੨੬॥
ਨਿਜ ਸਮੀਪ ਹੀ ਰਾਖਨ ਕਰੇ।
ਕਾਜ ਹਜੂਰ ਤਿਨਹੁਂ ਤੇ ਸਰੇ।
ਤਾਂ ਦਿਨ ਤੇ ਥੋਰੋ ਥਲ ਨੀਵਾਂ।
ਭਯੋ ਰਹਜੋ[2] ਨਹਿਂ ਪੂਰਨਿ ਥੀਵਾ ॥੨੭॥
ਸ਼੍ਰੀ ਗੁਰ ਪਰਮ ਬ੍ਰਿੱਧ ਤਨ ਅਹੈ।
ਤਊ ਮਹਾਂ ਤਪ ਤਪਤੇ ਰਹੈਂ।

++ਪਾ:-ਕਾਰ।
[1]ਪਹਿਲੇ ਲੀਲਾਵਤੀ ਪੁਰੀ ਇਹ ਸ਼ੁਭ ਥਾਨ ਸੀ।
*ਪਾ:-ਬਹੁ।
[2]ਨੀਵਾਂ ਹੋਇਆ ਰਿਹਾ।

ਘਰ ਮਹਿਂ ਠਾਂਢੇ ਰਹੈਂ ਇਕਾਕੀ।
ਕੰਧ ਮੇਖ[1] ਪਕਰਹਿਂ ਜਬਿ ਥਾਕੀ ॥੨੮॥
ਨਿਸ ਬਾਸੁਰ ਮਹਿਂ ਬੈਸਹਿਂ ਥੋਰਾ।
ਖਰੇ ਰਹੈਂ ਸਤਿਗੁਰ ਤਪ ਘੋਰਾ।
ਨਰਨ ਅਨੇਕਨ ਦੈ ਉਪਦੇਸ਼।
ਨਿਜ ਦਾਸਨ ਕੇ ਕਟਹਿਂ ਕਲੇਸ਼ ॥੨੯॥
ਹੇਰਹਿਂ ਸੇਵਾ ਸੇਵਕ ਕੇਰੀ।
ਬਖਸ਼ਹਿਂ ਪਦਵੀ ਊਚ ਬਡੇਰੀ।
ਦੇਸ਼ ਬਿਦੇਸ਼ਨ ਸੰਗਤ ਆਵਹਿ।
ਦਰਸ਼ਨ ਪਰਸਹਿਂ ਨਰ ਹਰਖਾਵਹਿਂ[+] ॥੩੦॥
ਸੇਵਾ ਹਿਤ ਅਨੇਕ ਢਿਗ ਰਹੈਂ।
ਮਨ ਬਚ ਕਰਮ ਉਪਾਸਤਿ ਅਹੈਂ[2]।
ਰਿਦਾ ਸੁੱਧ ਹੋਵਹਿ ਤਿਨ ਕੇਰਿ।
ਗ੍ਯਾਨ ਪਾਇ ਭੇ ਮੁਕਤਿ ਘਨੇਰਿ ॥੩੧॥
ਦਿੱਲੀ ਪਤਿ ਪ੍ਰਸੰਨ ਜਿਮ ਹੋਇ।
ਕਿਯ ਉਮਰਾਵ ਬੀਸ ਅਰੁ ਦੋਇ।
ਇਸ ਜਗ ਕੇ ਨੱਸ੍ਵਰ ਸੁਖ ਦੀਨੇ।
ਬਡਿਆਈ ਪਦ ਮਹਿਂ ਥਿਤ ਕੀਨੇ ॥੩੨॥
ਤਿਮਿ ਸ਼੍ਰੀ ਅਮਰਦਾਸ ਨਿਜ ਦਾਸ।
ਜਿਸ ਪਰ ਭਏ ਪ੍ਰਸੰਨ ਹੁਲਾਸ।
ਦੋਨੋਂ ਲੋਕਨ ਕੋ ਸੁਖ ਦੀਨ।
ਮੰਜੀ ਪਰ ਬੈਠਾਵਨਿ ਕੀਨਿ ॥੩੩॥
ਦੇਸ਼ਨਿ ਭੇਜੇ ਗੁਰੂ ਬਨਾਇ[++]।
ਇਹਾਂ ਗ੍ਰਸਤਿ ਮਹਿਂ ਸਭਿ ਸੁਖ ਪਾਇਂ।
ਗਨ ਦੇਸ਼ਨਿ ਪਰ ਹੁਕਮ ਕਰੰਤੇ।
ਨਰ ਅਨੇਕ ਮਿਲਿ ਸੇਵ ਕਰੰਤੇ ॥੩੪॥
ਮੁਕਤਿ ਭਏ ਸੁਖ ਭਾ ਪਰਲੋਕ।

---

[1]ਕਿੱਲੀ।

[+]ਪਾ:-ਸੁਖ ਪਾਵਹਿਂ।

[2]ਉਪਾਸਨਾ ਕਰਦੇ ਹਨ।

[++]ਭਾਵ ਗੁਰਮੁਖ ਪਦਵੀ ਦਿੱਤੀ। (ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾਯ ੪੯ ਅੰਕ ੧੩ ਵਿਖੇ 'ਮੰਜੀ' ਦਾ ਪ੍ਰਯਾਯ) ਗੁਰੂ ਪਦਵੀ ਗੁਰੂ ਰਾਮਦਾਸ ਜੀ ਲਈ ਹੈ, ਏਹ ਬਾਈ ਉਨ੍ਹਾਂ ਦੇ ਤਾਬੇ 'ਗੁਰਮੁਖ' ਹਨ। ਜਿਸ ਭਾਵ ਨੂੰ ਕਵੀ ਜੀ ਨੇ ਅਗਲੇ ਅੰਕ ੩੯ ਵਿਚ ਉਮਰਾਵ ਲਫਜ਼ ਨਾਲ ਦੱਸਕੇ ਪ੍ਰਗਟ ਕਰ ਦਿੱਤਾ ਹੈ।

ਐਸੇ ਅਪਨੋ ਸਿੱਖ ਅਸ਼ੋਕ।
ਦ੍ਵੈ ਬਿਸੰਤ ਮੰਜੀ ਅਧਿਕਾਰ।
ਬੈਠਾਰੇ ਗੁਰ ਨਿਜ ਦਰਬਾਰ ॥੩੫॥
ਪਾਤਿਸ਼ਾਹੁ ਦ੍ਵੈ ਲੋਕਨਿ ਕੇਰੇ।
ਇਮ ਪਤਿਸ਼ਾਹਿਤ ਕੀਨ ਘਨੇਰੇ।
ਬਾਇਸ ਮੰਜਿਨਿ ਕੇ ਉਮਰਾਵ।
ਕਰਿ ਸ਼੍ਰੀ ਗੁਰ ਨਿਜ ਮਹਿਦ ਪ੍ਰਭਾਵ ॥੩੬॥
ਸ਼੍ਰੀ ਹਰਿਦਾਸ ਨੰਦ[1] ਕਹੁ ਦੇਖਾ।
ਉਚਿਤ ਤਖਤ ਕੇ ਬੁੱਧਿ ਬਿਸ਼ੇਖ਼ਾ।
ਸਭਿ ਗੁਨ ਸੰਜੁਤਿ ਧਰਮ ਮਹਾਨਾ।
ਅਪਰ ਨ ਹੇਰਯੋ ਇਨਹੁਂ ਸਮਾਨਾ ॥੩੭॥
ਭਗਤ ਆਪਨੋ ਜਾਨਿ ਬਿਸਾਲਾ।
ਗੁਰ ਭਾਣੇ ਮਹਿਂ ਹਰਖਨਿ ਵਾਲਾ।
ਪਰਖਨ ਕਰਿ ਕੈ ਨੀਕੀ ਰੀਤਿ।
ਰਹਿ ਇਕਸਾਰ ਸੁੱਧ ਦਿਢ ਚੀਤਿ ॥੩੮॥
ਆਰਬਲਾ ਪੂਰਨ ਤਿਨ ਭਈ।
ਸ਼੍ਰੀ ਗੁਰ ਅਮਰ ਜਾਨਿ ਸਭਿ ਲਈ।
ਨਿਜ ਪੁੱਤ੍ਰੀ ਭਾਨੀ ਸੋਂ ਕਹਯੋ।
'ਸੋਢੀ ਕੁਲ ਟਿੱਕਾ ਜੋ ਅਹਯੋ ॥੩੯॥
ਬਯ ਪੂਰਨ ਪ੍ਰਾਪਤਿ ਤਨ ਕਾਲ।
ਬਿਧਵਾ ਹੋਇ, ਰਹਹੁ ਕਿਸ[*] ਢਾਲ[2]?
ਨਹਿਂ ਉਪਾਇ ਕੋ, ਕਰਨੋ ਕਜਾ ਹੈ?'
ਪਿਤ ਕੀ ਗਿਰਾ ਸੁਨੀ ਬਿਧਿ[3] ਯਾ ਹੈ ॥੪੦॥
ਨਿਜ ਸੁਹਾਗ ਕੋ[4] ਤਬਹਿ ਉਤਾਰੇ।
ਚਰਨ ਕਮਲ ਪਰ ਧਰਯੋ ਸੁਧਾਰੇ।
ਕਹਤਿ ਭਈ 'ਸਚ ਬਾਕ ਤੁਮਾਰਾ।
ਹੋਹਿ ਮ੍ਰਿੱਤੁ ਤਉ ਆਪਿ ਉਚਾਰਾ[5]' ॥੪੧॥

---

[1]ਸ਼੍ਰੀ ਗੁਰੂ ਰਾਮਦਾਸ ਜੀ ਨੂੰ।
[*]ਪਾ:-ਇਸ, ਤਿਸ।
[2]ਬਿਧਵਾ ਹੋਕੇ ਕਿਸ ਤਰ੍ਹਾਂ ਰਹਿਸੋ।
[3]ਬਿਧਨਾ, ਹੋਣਹਾਰ।
[4]ਭਾਵ ਸੁਹਾਗ ਦੇ ਭੂਸ਼ਣ ਆਦਿ ਚਿੰਨ੍ਹ।
[5]ਮੌਤ ਹੋਣੀ ਹੈ ਤਦੇ ਹੀ ਆਪ ਨੇ ਉਚਾਰਿਆ ਹੈ।

ਪੁਤ੍ਰੀ ਕੋ ਨਿਸ਼ਚੈ ਨਿਜ ਬਚ ਪਰਿ।
ਲਖਿ ਪ੍ਰਸੰਨ ਭੇ ਸ਼੍ਰੀ ਗੁਰ ਅਮਰਿ।
ਕਹਿਨ ਲਗੇ 'ਹਮ ਭਾਖ੍ਯੋ ਜੈਸੇ।
ਨਿਸ਼ਚੈ ਹੋਤਿ ਬਰਤਬੋ ਤੈਸੇ[1+] ॥੪੨॥
ਸੰਮਤ ਸ਼ਤ ਦ੍ਵਾਦਸ਼ ਬਯ ਸਾਰੀ।
ਖਸ਼ਟ ਬਰਸ ਅਬਿ ਰਹੀ ਹਮਾਰੀ।
ਸੋ ਹਮ ਦੇਹਿਂ ਤਿਨਹੁਂ ਕੇ ਤਾਈਂ।
ਲਿਹੁ ਸੁਹਾਗ ਅਪਨੋ ਸੁਖ ਪਾਈ' ॥੪੩॥
ਇਮਿ ਕਹਿ ਆਰਬਲਾ ਨਿਜ ਸ਼ੇਸ਼[2]।
ਉੱਤਮ ਗੁਰਤਾ ਜਗਤ ਅਸ਼ੇਸ਼।
ਸੋਢੀ ਕੁਲ ਭੂਖਨਿ ਕੋ ਦੀਨਸਿ।
ਸਕਲ ਅਧੀਨ ਤਿਨਹੁਂ ਕੇ ਕੀਨਸਿ ॥੪੪॥
ਤਖਤ ਬਿਠਾਏ ਸੁਤ ਹਰਿਦਾਸ[੧]।
ਕਹਿ[++] ਕਰਿ ਸਭਿ ਮਹਿਂ ਕੀਨ ਪ੍ਰਕਾਸ਼।
ਚਲਨਿ ਬਿਕੁੰਠ ਆਪ ਕੋ ਚਹ੍ਯੋ।
ਪੁੱਤ੍ਰੀ ਨਿਕਟ ਦੇਖਿ ਕੈ ਕਹ੍ਯੋ ॥੪੫॥
'ਸਭਿ ਤੇ ਸ਼ਰਧਾ ਉਰ ਅਧਿਕਾਈ।
ਜਾਚਿ ਲੇਹੁ ਹਮ ਤੇ ਮਨ ਭਾਈ।'
ਸੁਨਿ ਕੈ ਹਰਖਤਿ ਪਿਤ ਕੀ ਬਾਨੀ।
ਅਧਿਕ ਭਾਉ ਕਰਿ ਭਾਖ੍ਯੋ ਭਾਨੀ ॥੪੬॥
'ਸਭਿ ਬਿਧਿ ਮੁਝ ਕੋ ਕੀਨ ਨਿਹਾਲ।
ਮੈਂ ਹੌਂ ਸਭਿ ਤੇ ਭਾਗ ਬਿਸਾਲ।
ਜਿਸ ਕੇ ਪਿਤ ਤੁਮ ਪੁਨਹਿਂ ਪ੍ਰਸੰਨ।
ਦਈ ਬਡਾਈ ਮੈਂ ਬਡ ਧੰਨੁ ॥੪੭॥
ਜੇ ਅਬਿ ਬਰ ਦੇਵਨ ਕੋ ਭਾਖਾ।
ਯਾਂ ਤੇ ਮੈਂ ਜਾਚਤਿ ਚਿਤ ਕਾਂਖਾ।
ਇਕ ਚਿੰਤਾ ਅਤਿਸ਼ੈ ਬਿਰਧਾਇ।
ਸੋ ਅਬਿ ਰਾਵਰ ਦੇਹੁ ਮਿਟਾਇ ॥੪੮॥

---

[1]ਪੱਕ ਇਸੇ ਤਰ੍ਹਾਂ ਵਰਤਣਾ ਸੀ।
[+]ਪਾ:-ਐਸੇ।
[2]ਬਾਕੀ ਦੀ।
[++]ਪਾ:-ਗੁਰ।

ਸ਼੍ਰੀ ਨਾਨਕ ਤੇ ਸ਼੍ਰੀ ਗੁਰ ਅੰਗਦ।
ਪੁਨ ਤੁਮ ਲੀਨਸਿ ਗੁਰਤਾ ਸੰਪਦ।
ਅਬਿ ਦੀਨਸਿ ਮੁਝ ਘਰ ਬਡਿਆਈ।
ਸੋ ਕਬਿ ਪਰ ਕੇ ਘਰ ਨਹਿਂ ਜਾਈ[1] ॥੪੯॥
ਸੋਢੀ ਬੰਸ ਬਿਖੈ ਸੁ ਪ੍ਰਕਾਸ਼ਹਿ।
ਸੁਨਹੁਂ ਪਿਤਾ ਜੀ! ਇਹੁ ਮਮ ਆਸ਼ਹਿ।'
ਸੁਨਿ ਸ਼ਰਧਾਲੁ ਸੁਤਾ ਕੇ ਬੈਨ।
ਕਰੁਨਾ ਰਸ ਤੇ ਪੂਰਨ ਨੈਨ ॥੫੦॥
ਸ਼੍ਰੀ ਮੁਖ ਤੇ ਬਰ ਬਾਕ ਬਖਾਨਾ।
'ਤਵ ਸੁਤ, ਪੌਤ੍ਰਨ, ਪਤਿ, ਮਤਿਵਾਨਾ।
ਜਗਤ ਬਿਖੈ ਬਿਦਤਹਿਂ ਗੁਰ ਪੂਰੇ।
ਤੋਹਿ ਮਨਰੋਥ ਹੋਹਿਂ ਜਰੂਰੇ' ॥੫੧॥
ਇਮ ਕਹਿ ਆਪ ਬਿਕੁੰਠ ਸਿਧਾਰੇ।
ਰਾਮਦਾਸ ਗੁਰ ਭੇ ਜਗ ਸਾਰੇ।
ਬਹੁ ਸਿੱਖਜਨ ਕੋ ਦੇ ਉਪਦੇਸ਼।
ਕਰੇ ਮੁਕਤਿ ਹਤਿ ਬੰਧ ਕਲੇਸ਼ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਅੰਮ੍ਰਿਤਸਰ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋਂ ਅੰਸੂ ॥੧੩॥

[1]ਨਾ ਜਾਵੇ।

੧੪. [ਅੰਮ੍ਰਿਤਸਰ ਕਾਰ ਨਿੱਤ ਕ੍ਰਿਯਾ। ਹਿੰਦਾਲ। ਭਾਈ ਗੁਰਦਾਸ। ਸ਼੍ਰੀ ਚੰਦ ਮੇਲ]

੧੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੫

ਦੋਹਰਾ: ਰਮਤ ਰਾਮ ਜਬਿ ਗੁਰ ਭੇ[1], ਤਾਰਨ ਸਿੱਖਜ ਅਪਾਰ।
ਐਸੇ ਪੂਰਨ ਬ੍ਰਹਮ ਕਉ, ਬੰਦਉਂ[*] ਬਾਰੰ ਬਾਰ ॥੧॥
ਚੌਪਈ: ਬੈਠਿ ਇਕਾਗਰ ਗੁਰੂ ਦਿਆਰਾ।
ਮਨ ਮੈਂ ਐਸੇ ਕਰਤਿ ਬਿਚਾਰਾ।
-ਜਿਨ ਸਿਉਂ ਹਮਰੀ ਪ੍ਰੀਤਿ ਸੁ ਪੂਤੀ।
ਸੋ ਤੌ ਗਏ ਬਿਕੁੰਠ ਪਹੂਤੀ ॥੨॥
ਗੁਰ ਦੇਖੇ ਬਿਨ ਨੀਂਦ ਨ ਆਵੈ।
ਜਿਉ ਅੰਬੁਜ[2] ਰਵਿ ਬਿਨ ਕੁਮਲਾਵੈ-।
ਕਰਿ ਵਿਵੇਕ ਮਨ ਕੋ ਠਹਿਰਾਯੋ।
ਸੱਤਿਨਾਮ ਸਿਮਰਨਿ ਚਿਤ ਲਾਯੋ ॥੩॥
ਬਹੁਰੋ ਮਨ ਮਹਿਂ ਕੀਨ ਬਿਚਾਰਾ।
-ਸੋ ਕਰੀਏ ਜੋ ਗੁਰੂ ਉਚਾਰਾ।
ਬਿਲਮ ਖੋਇ ਕਰਿ ਕਰੀਏ ਸੋਈ।
ਜੈਸੇ ਕਾਰਜ ਸ਼ੀਘ੍ਰ ਸੁ ਹੋਈ- ॥੪॥
ਤਾਲ ਬਨਾਵਨ ਚਾਹਿਸਿ ਭਲੇ।
ਕਹ੍ਯੋ ਸਭਿਨਿ ਸੋਂ 'ਮਾਝੈ ਚਲੇਂ।'
ਮੋਹਿਨ ਮੁਹਰੀ ਸੰਗ ਸੁ ਕਹੈਂ।
'ਹਮ ਕਉ ਗੁਰ ਕੀ ਆਗਜਾ ਅਹੈ ॥੫॥
ਸੁਧਾ ਸਰੋਵਰ ਕੋ ਬਨਿਵਾਵਨਿ।
ਤੁਮ ਭੀ ਆਇਸੁ ਕਰਹੁ ਅਲਾਵਨਿ।'
ਅਪਨ ਮਨੋਰਥ ਸਭਿਨਿ ਸੁਨਾਵਾ।
ਪ੍ਰੇਮ ਮਹਾਂ ਪਰਿਵਾਰ ਬਧਾਵਾ ॥੬॥
ਮਿਲਿ ਕਰਿ ਗਵਨ ਕੀਨ ਤਤਕਾਲਹਿ।
ਸਿੱਖ ਸੰਗਤਾਂ ਸੰਗ ਬਿਸਾਲਹਿ।
ਭਏ ਤੁਰੰਗਨ ਪਰ ਅਸਵਾਰ।
ਜੋ ਪਾਰੋ ਨੇ ਦੀਨਿ ਉਦਾਰ ॥੭॥
ਚੰਚਲ ਮਹਾਂ ਚਲਤਿ ਗੁਨ ਰੂਰੀ।

---

[1]ਜੋ ਰਾਮ (ਵਿਆਪ) ਰਹਿਆ ਹੈ (ਉਹੀ) ਰਾਮਦਾਸ ਹੋਕੇ ਜਦੋਂ ਗੁਰੂ ਹੋਏ। ਗੁਰਵਾਕ ਭੀ ਹੈ:- ਹਰਿ ਜੀਉ ਨਾਮੁ ਪਰਿਓ ਰਾਮਦਾਸੁ॥

[*]ਪਾ:-ਬੰਦਨ।

[2]ਕਵਲ।

ਉਛਰਤਿ ਬਡੇ ਬੇਗ ਤੇ ਪੂਰੀ।
ਮਨਹੁਂ ਅਵਨਿ ਪਰ ਪਾਇ ਨ ਲਾਵਹਿ।
ਦਿਖਿਯਤਿ ਉਡੀ ਗਗਨ ਜਨੁ ਜਾਵਹਿ ॥੮॥
ਮਨ ਕੀ ਗਤਿ ਕੋ ਲਖਿਬੇ ਕਰੈ[1]।
ਜਿਮ ਇੱਛਾ ਤਿਮ ਹੀ ਅਨੁਸਰੈ।
ਅਲਪ ਕਾਲ ਮਹਿਂ ਚਲਹਿ ਬਿਸਾਲਾ।
ਅਵਲੋਕਹਿਂ ਬਿਸਮਹਿਂ ਨਰ ਜਾਲਾ ॥੯॥
ਚੱਕ ਗੁਰੂ ਕੇ ਪਹੁਂਚੇ ਜਾਇ।
ਸੰਗ ਸੰਗਤਾਂ ਹੈਂ ਸਮੁਦਾਇ।
ਕਾਰ ਤਾਲ ਕੀ ਕਛੁ ਕਰਿਵਾਈ।
ਸਿੱਖ ਨਿਕਾਸਹਿਂ ਬਹੁ ਫਲ ਪਾਈ ॥੧੦॥
ਮਹਾਂ ਮਹਾਤਮ ਸਤਿਗੁਰ ਕਹੈਂ।
ਕਾਰ ਕਢਤਿ ਮਨ ਬਾਂਛਤਿ ਲਹੈਂ।
ਕਿਤਿਕ ਮਾਸ ਜਬਿ ਰਹਤਿ ਬਿਤਾਏ।
ਕੀਰਤਿ ਪਸਰੀ ਛਿਤਿ ਅਧਿਕਾਏ ॥੧੧॥
'ਅਨਿਕ ਪ੍ਰਕਾਰ ਮਨੋਰਥ ਮਨ ਕੇ।
ਕਰਤਿ ਸੰਪੂਰਨ ਸਿੱਖਨ ਗਨ ਕੇ।'
ਜਹਿਂ ਕਹਿਂ ਸੁਜਸ ਕਰਹਿਂ ਨਰ ਨਾਰੀ।
ਆਵਨਿ ਲਾਗਸਿ ਨਿਤਿ ਧਨ ਭਾਰੀ ॥੧੨॥
ਸੋਢੀ ਬੰਸ ਲਹੌਰ ਜੁ ਰਹੈ।
ਕੀਰਤਿ ਸੁਨਤਿ ਸਕਲ ਸੁਖ ਲਹੈ।
'ਅਮਰ ਗੁਰੂ ਨੈ ਗੁਰਤਾ ਦਈ।
ਸੰਗਤ ਸੰਗ ਅਧਿਕ ਤਿਨਿ ਭਈ ॥੧੩॥
ਲੋਕ ਹਜ਼ਾਰਹੁਂ ਬੰਦੈਂ ਖਰੇ।
ਦੈਬੋ ਜਨ ਮਨੁ ਬਾਂਛਿਤਿ ਕਰੇ।'
ਇੱਤਯਾਦਿਕ ਸੁਨਿ ਸੋਢੀ ਸਾਰੇ।
ਦਰਸ਼ਨ ਕੋ ਆਏ ਹਿਤ ਧਾਰੇ ॥੧੪॥
ਚੱਕ ਗੁਰੂ ਕੇ ਆਨਿ ਮਿਲੇ ਹੈਂ।
ਸਨਮਾਨੇ ਸਤਿਗੁਰੂ ਭਲੇ ਹੈਂ।
ਇਕ ਦਿਨ ਬਸਿ ਗੁਰ ਕੇ ਸੰਗ ਕਹਜੋ।
'ਲਵਪੁਰਿ ਮੈਂ ਤੁਮਰੋ ਘਰ ਲਹਜੋ ॥੧੫॥

[1]ਅਸਵਾਰ ਦੇ ਮਨ ਦੀ ਹਾਲਤ ਲਖ ਲੈਂਦੀ ਹੈ ਭਾਵ ਉਸਦੇ ਸੰਕਲਪ ਮਾਤ੍ਰ ਨਾਲ ਟੁਰਦੀ ਹੈ।

ਪਿਤਾ ਤੁਮਾਰੇ ਸੁਰਗ ਸਿਧਾਏ।
ਤਬਿ ਕੇ ਤੁਮ ਇਤਿ ਦਿਸ਼ਿ ਚਲਿ ਆਏ।
ਅਬਿ ਹੋਏ ਲਾਇਕ ਸਭਿ ਰੀਤਿ।
ਨਿਵਹਿ ਜਗਤ ਕਰਿ ਕੈ ਬਡ ਪ੍ਰੀਤਿ ॥੧੬॥
ਉਚਿਤ ਅਬਹਿ ਗਮਨਹੁ ਤਿਸਿ ਥਾਨ।
ਸਰਬ ਸੰਭਾਰਹੁ ਸਦਨ ਮਹਾਂਨ।
ਅਪਨੇ ਬੰਸ ਬਿਖੈ ਅਬਿ ਚਲੀਅਹਿ।
ਲਘੁ ਦੀਰਘ ਸਭਿਹਿਨਿ ਸੋਂ ਮਿਲੀਅਹਿ ॥੧੭॥
ਕਿਤਿਕ ਦਯੋਸ ਮਿਲਿ ਬਸੀਅਹਿ ਤਹਾਂ।
ਪੁਨ ਆਵਹੁ ਇੱਛਾ ਹੁਇ ਜਹਾਂ।'
ਇੱਤਯਾਦਿਕ ਬਹੁ ਬਾਕ ਬਖਾਨੇ।
ਰਾਮਦਾਸ ਗੁਰੁ ਸੁਨਿ ਕਰਿ ਮਾਨੇ ॥੧੮॥
ਸਰਬ ਸੋਢੀਅਨਿ ਲੈ ਕਰਿ ਸੰਗਿ।
ਸੰਗਤਿ ਬ੍ਰਿੰਦ ਲਗੇ ਹਰਿ ਰੰਗਿ[1]।
ਲਵਪੁਰਿ ਕਹੁ ਤਬਿ ਕੀਨਿ ਪਯਾਨਾ।
ਨਿਸਿ ਬਸਿ ਇਕ ਪਹੁੰਚੇ ਤਿਸ ਥਾਨਾ ॥੧੯॥
ਅਪਨੇ ਸਦਨ ਕਰਯੋ ਤਬਿ ਡੇਰਾ।
ਹੋਤਿ ਦੇਗ ਲਗਿ ਅੰਨ ਘਨੇਰਾ[2]।
ਅੰਮ੍ਰਿਤ ਸਮੈ ਜਾਗ ਕਰਿ ਸਾਰੇ।
ਗਾਇ ਸੁਨਹਿਂ ਸਭਿ ਆਸਾ ਵਾਰੇ ॥੨੦॥
ਹੇਰਿ ਹੇਰਿ ਨਰ ਸ਼ੁਭ ਮਗੁ ਰੀਤਿ।
ਹੋਵਨ ਲਗੇ ਸਿੱਖ ਕਰਿ ਪ੍ਰੀਤਿ।
ਗੁਰਮੁਖ ਪੰਥ ਪਰੇ ਹਰਿਖਾਏ[3]।
ਮਨ ਬਾਂਛਤਿ ਸਤਿਗੁਰ ਤੇ ਪਾਏ ॥੨੧॥
ਲਵਪੁਰਿ ਮਹਿਂ ਸਿੱਖੀ ਬਹੁ ਹੋਈ।
ਸੱਤਿਨਾਮ ਸਿਮਰਹਿਂ ਦੁਖੁ ਖੋਈ।
ਤਬਿ ਸਤਿਗੁਰ ਨਿਜ ਘਰ ਕੇ ਥਾਨ।
ਧਰਮਸਾਲ ਰਚਿਵਾਇ ਮਹਾਂਨ ॥੨੨॥
ਬੀਚ ਕੂਪ ਕੋ ਬਡ ਕਰਵਾਏ।

---

[1](ਨਾਲ) ਬਹੁਤੀ ਸੰਗਤ ਪਰਮੇਸ਼ੁਰ ਪ੍ਰੇਮ ਵਿਚ ਲਗੀ। (ਅ) ਹਰੀ ਰੰਗ ਲੱਗ ਰਿਹਾ ਹੈ।
[2]ਲੰਗਰ ਹੁੰਦਾ ਹੈ (ਜਿਸ ਵਿੱਚ) ਅੰਨ ਬਹੁਤਾ ਲਗਦਾ ਹੈ।
[3]ਗੁਰਮੁਖ ਮਾਰਗ, ਅਰਥਾਤ ਸਿੱਖੀ ਵਿਚ ਆਕੇ ਪ੍ਰਸੰਨ ਹੋਏ।

ਸੁੰਦਰ ਮੰਦਰ ਰਚਿ ਸਮੁਦਾਏ।
ਸੰਗਤਿ ਮੇਲ ਹੋਹਿ ਜਹਿਂ ਭਾਰੀ।
ਸਕਲ ਕਹੈਂ 'ਗੁਰ ਪਰਉਪਕਾਰੀ' ॥੨੩॥
ਸਿੱਖਯ ਹੋਨ ਆਵਹਿਂ ਸਭਿ ਜਾਤੀ।
ਪਗ ਪਾਹੁਲ ਤੇ ਲੇ ਸੁਖ ਥਾਤੀ।
ਧੰਨ ਧੰਨ ਗੁਰ ਨਾਮ ਉਚਾਰੈਂ।
ਭਵਜਲ ਤੇ ਤਤਕਾਲ ਉਧਾਰੈਂ ॥੨੪॥
ਕਰਹਿਂ ਪਰਸਪਰ ਗੋਸ਼ਟ ਗਯਾਨ।
ਰਿਦੈ ਧਰਹਿਂ ਸ਼੍ਰੀ ਪ੍ਰਭੁ ਕੋ ਧਯਾਨ।
ਗੁਰ ਸਿੱਖੀ ਪੁਰਿ ਬਹੁਤ ਵਧਾਈ।
ਅਰਪ ਉਪਾਇਨ ਕੋ ਸਮੁਦਾਈ ॥੨੫॥
ਸਤਿਸੰਗਤਿ ਕੀ ਰੀਤਿ ਚਲਾਇ।
ਅੰਮ੍ਰਿਤ ਕਾਲ ਸ਼ਬਦ ਕੋ ਗਾਇ।
ਕਿਤਿਕ ਮਾਸ ਬਸਿ ਕਰਿ ਲਵਪੁਰੀ।
ਗਮਨ ਕਰਨ ਕੋ ਇੱਛਾ ਕਰੀ ॥੨੬॥
ਧਰਮਸਾਲ ਮਹਿਂ ਕਿਤਿਕ ਟਿਕਾਏ।
ਅਪਰ ਸਿੱਖ ਲੈ ਕਰਿ ਸਮੁਦਾਏ।
ਗੋਇੰਦਵਾਲ ਪੁਰੀ ਕਉ ਚਲੇ।
ਭਾ ਚਿਰਕਾਲ ਸਭਿਨਿ ਸੋਂ ਮਿਲੇ ॥੨੭॥
ਸਨੈ ਸਨੈ ਮਗ ਉਲੰਘਯੋ ਸਾਰੇ।
ਆਨ ਪ੍ਰਵੇਸ਼ੇ ਪੁਰੀ ਮਝਾਰੇ।
ਮੋਹਨ ਅਪਰ ਮੋਹਰੀ ਮਿਲੇ।
ਔਰ ਸਭਿਨਿ ਪੁਛ ਕੁਸ਼ਲੀ ਭਲੇ ॥੨੮॥
ਮਹਾਂਦੇਵ ਸ਼੍ਰੀ ਅਰਜਨ ਆਏ।
ਪਿਤ ਕੇ ਪਗ ਪੰਕਜ ਲਪਟਾਏ।
ਅਪਰ ਮਿਲਯੋ ਸਗਰੋ ਪਰਵਾਰ।
ਜਾਨਤਿ ਭਏ ਪ੍ਰਤਾਪ ਉਦਾਰ ॥੨੯॥
ਦੇਸ਼ ਬਿਦੇਸ਼ਨ ਸੰਗਤਿ ਆਵੈ।
ਬਸਤ੍ਰ ਦਰਬ ਕੋ ਭੇਟ ਚੜ੍ਹਾਵੈ।
ਪੂਜਾ ਹੋਇ ਸਦੀਵ ਕ੍ਰਿਪਾਲਾ।
ਦਿਵਸ ਪਰਬ ਕੋ ਆਇਂ ਬਿਸਾਲਾ ॥੩੦॥
ਲਗਹਿਂ ਅੰਬਾਰ ਉਪਾਇਨ ਕੇਰੇ।

ਦੂਰ ਦੂਰ ਤੇ ਲਜਾਇਂ ਅਛੇਰੇ।
ਅਰਪਹਿਂ ਬਿਨਤੀ ਕਰਹਿਂ ਅਗਾਰੀ।
ਗੁਰ ਪ੍ਰਸੰਨਤਾ ਚਹਤਿ ਉਦਾਰੀ ॥੩੧॥
ਸਤਿਗੁਰ ਦੇਂ ਸਭਿਹਿਨਿ ਉਪਦੇਸ਼।
'ਸਿਮਰਹੁ ਸੱਤਜਨਾਮ ਜਗਤੇਸ਼ੁ।'
ਨਿਤਪ੍ਰਤਿ ਗੁਰ ਕੋ ਇਮ ਬਿਵਹਾਰੁ।
ਜਾਮ ਜਾਮਨੀ ਨਿੰਦਰਾ ਟਾਰਿ[1] ॥੩੨॥
ਕਰਿ ਨਿਤ ਕ੍ਰਿਯਾ ਸੌਚ ਕੋ ਧਰੈ।
ਸੀਤਲ ਜਲ ਮਹਿਂ ਮੱਜਨ ਕਰੈਂ।
ਪੁਨ ਸਮਾਧਿ ਕੋ ਲੇਤਿ ਲਗਾਇ।
ਰਾਖਹਿਂ ਅੰਤਰਿ ਬ੍ਰਿੱਤਿ ਟਿਕਾਇ ॥੩੩॥
ਨਿਰ ਬਿਕਲਪ[2] ਨਿਜ ਪਦ ਸੁਖ ਲੀਨ।
ਆਸਨ ਥਿਰਹਿਂ ਅਡੋਲ ਪ੍ਰਬੀਨ।
ਪ੍ਰਾਤਿ ਹੋਤਿ ਲੋਚਨ ਅਰਬਿੰਦ।
ਬਿਕਸਤਿ ਭਰੇ ਸੁ ਪ੍ਰੇਮ ਬਿਲੰਦ ॥੩੪॥
ਕੇਸਰ ਤਿਲਕ ਲਗਾਵਹਿਂ ਮਾਥੇ।
ਪਹਿਰ ਬਸਤ੍ਰ ਪੁਨ ਸ਼ੋਭਾ ਸਾਥੇ।
ਸੂਰਜ ਚਢੇ ਸਿੰਘਾਸਨ[3] ਬਹੈਂ।
ਆਨਿ ਦਰਸੁ ਪ੍ਰੇਮੀ ਸਿਖ ਲਹੈਂ ॥੩੫॥
ਕਿਰਤਨਿ ਗਾਇਂ ਰਬਾਬੀ ਆਗੇ।
ਧੁਨਿ ਰਬਾਬ ਕੀ ਬਾਜਨਿ ਲਾਗੇ।
ਸੁਨਹਿਂ ਸਿੱਖ ਬੈਠੇ ਗੁਰ ਤੀਰ।
ਪੁਨ ਉਪਦੇਸ਼ਹਿਂ ਗੁਨੀ ਗਹੀਰ ॥੩੬॥
ਪੁਨਹਿਂ ਦੇਗ ਜਬਿ ਹੋਵਹਿ ਤਯਾਰੀ।
ਸਭਿ ਰਸ ਕੇ ਅਹਾਰ ਤਿਸ ਬਾਰੀ।
ਸੂਪਕਾਰ[4] ਸੁਧਿ ਦੇਹਿ ਜਿ ਆਈ।
ਉਠਿ ਕਰਿ ਪਹੁੰਚਹਿਂ ਗੁਰ ਗੋਸਾਈਂ ॥੩੭॥
ਸਭਿ ਸੰਗਤਿ ਕੇ ਬੀਚ ਸਥਾਨਾ।

---

[1]ਪਹਿਰ ਰਾਤ ਰਹਿੰਦੀ ਜਾਗਕੇ।
[2]ਕਲਪਨਾਂ ਤੋਂ ਰਹਿਤ (ਸਮਾਧੀ)।
[3]ਗੱਦੀ ਤੇ।
[4]ਰਸੋਈਆ।

ਅਭਜਾਗਤਿ[1] ਚਲਿ ਆਇਂ ਮਹਾਂਨਾ।
ਇਕ ਸਮਾਨ ਸਭਿ ਦੇਤਿ ਅਹਾਰਾ।
ਧਨੀ ਰੰਕ ਕੈ ਆਇ ਉਦਾਰਾ ॥੩੮॥
ਸੰਗਤਿ ਬੀਚ ਅਚਹਿਂ ਤ੍ਰਿਪਤਾਵਹਿਂ।
ਬਹੁਰ ਚੁਰਾ[2] ਕਰਿ ਨਿਜ ਥਲ ਆਵਹਿਂ।
ਪੁਨ ਇਕੰਤ ਰਹਿਂ ਕੇਤਿਕ ਕਾਲ।
ਪੌਢੈਂ ਸਿਹਜਾ ਪਰ ਸੁਖ ਨਾਲ ॥੩੯॥
ਜਾਮ ਦਿਵਸ ਤੇ ਸੌਚਾਚਾਰ।
ਬੈਠਤਿ ਹੈਂ ਪੁਨ ਸਭ ਮਝਾਰ।
ਕਥਾ ਸਮਾਗਮ ਕੋ ਤਿਸਿ ਕਾਲ।
ਗੁਰ ਜੁਤਿ ਸੰਗਤਿ ਸੁਨਹਿਂ ਰਸਾਲ[3] ॥੪੦॥
ਭਗਤਿ ਬਿਰਾਗ, ਗਯਾਨ ਗੁਨ ਸਾਨੀ।
ਹੋਹਿ ਕਥਾ ਆਤਮ ਸੁਖਦਾਨੀ।
ਚਾਰ ਘਟੀ ਬਾਸੁਰ ਜਬਿ ਰਹੈ।
ਸ਼ਬਦ ਕੀਰਤਨ ਕੋ ਸੁਖ ਲਹੈਂ ॥੪੧॥
ਅਨਿਕ ਪ੍ਰਕਾਰਨ ਕੇ ਹੁਇਂ ਰਾਗ।
ਰਾਗ ਦ੍ਵੈਖ ਜਿਨ ਸੁਨਿ ਅਘ ਭਾਗ[4]।
ਭਾਗ ਜਗੇ ਜਿਨ ਕੇ ਹੁਇ ਲਾਗ[5]।
ਲਾਗ ਸ੍ਵਾਦ ਜਿਨ ਪ੍ਰੇਮ ਸੁ ਪਾਗ[6] ॥੪੨॥
ਬ੍ਰਿਤਿ ਇਕੰਤ ਸਤਿਗੁਰ ਨਿਤ ਰਹੈਂ।
ਸੁਨਹਿਂ ਨ ਕਾਹੂੰ ਤੇ ਨਹਿਂ ਕਹੈਂ।
ਬਹੁ ਪ੍ਰੇਮੀ ਸਿਖ ਕੋ ਜਬਿ ਆਵੈਂ।
ਤਿਸ ਕੋ ਸ਼ੁਭ ਉਪਦੇਸ਼ ਬਤਾਵੈਂ ॥੪੩॥
ਨਾਤੁਰ ਸਦਾ ਤੂਸ਼ਨੀ ਧਰੈਂ।
ਹਿਤ ਬਿਵਹਾਰ ਨ ਬੋਲਨ ਕਰੈਂ।
ਸੰਧਯਾ ਤੇ ਇਕੰਤ ਪੁਨ ਹੋਇ।

---

[1]ਲੋੜਵੰਦ।
[2]ਚੁਲਾ।
[3]ਰਸਾਂ ਦਾ ਘਰ ਭਾਵ ਸੁੰਦਰ (ਕਥਾ)।
[4]ਨੱਸ ਜਾਂਦੇ ਹਨ।
[5]ਜਿਨ੍ਹਾਂ ਦੀ ਕਿਸਮਤ ਜਾਗੇ (ਤਿੰਨ੍ਹਾਂ ਨੂੰ) ਲਾਗ ਲਗਦੀ ਹੈ
(ਅ) ਲਾਗ = ਸਮੀਪ।
[6]ਤਿੰਨ੍ਹਾਂ ਨੂੰ ਸ੍ਵਾਦ (ਕੀਰਤਨ ਆਦਿ ਦਾ) ਲੱਗਦਾ ਹੈ ਤੇ ਪ੍ਰੇਮ ਵਿਚ ਰੰਗੇ ਜਾਂਦੇ ਹਨ।

ਪ੍ਰੇਮ ਮਗਨ ਰਹਿਂ, ਨਿਕਟ ਨ ਕੋਇ ॥੪੪॥
ਲੋਚਨ ਮਹਿਂ ਜਲ ਝਲਕਤਿ ਸਦਾ।
ਪ੍ਰੇਮ ਪ੍ਰਵਾਹਿ ਨ ਮਿਟਿ ਹੈ ਕਦਾ।
ਜਾਮ ਨਿਸਾ ਲਗ ਸਿਖ ਸਮੁਦਾਏ।
ਗਾਵਹਿਂ ਸੁਨਹਿਂ ਪ੍ਰੇਮ ਬਿਰਧਾਏ ॥੪੫॥
ਪੌਢਹਿਂ ਜਬਿ ਸਿਹਜਾ ਪਰ ਧੀਰ।
ਸੈਨ ਹੇਤ ਨਿਸ ਗੁਰੂ ਗੰਭੀਰ।
ਸੁਨਹਿਂ ਸਿੱਖ ਜਬਿ 'ਸੁਪਤ ਕ੍ਰਿਪਾਲ।'
ਨਿਜ ਨਿਜ ਥਲ ਗਮਨਹਿਂ ਤਿਸ ਕਾਲ ॥੪੬॥
ਇਮ ਸਤਿਗੁਰ ਨਿਸ ਬਾਸੁਰ ਸਾਰੋ।
ਕਰਹਿਂ ਬਿਤੀਤ ਨਾਮ ਹਰਿ ਪਜਾਰੋ।
ਜਾਮ ਨਿਸਾ ਤੇ ਸਤਿਗੁਰ ਜਾਗਹਿਂ।
ਸਿੱਖਜਨ ਕੇ ਉਧਾਰ ਹਿਤ ਲਾਗਹਿਂ ॥੪੭॥
ਅਬਗਤਿ[1] ਲੀਲਾ ਸਤਿਗੁਰ ਕੇਰੀ।
ਬਰਨੌਂ ਸਕਲ, ਸ਼ਕਤਿ ਕਹਾ ਮੇਰੀ।
ਜਿਤਿਕ ਬੁਝਾਵਹਿਂ ਸਤਿਗੁਰ ਆਪ।
ਬਰਨਨ ਕਰਵਿ ਤਿਤਿਕ ਪਰਤਾਪ ॥੪੮॥
ਏਕ ਸਿੱਖ ਜਿਸ ਨਾਮ ਹਿੰਦਾਲ।
ਸਤਿਗੁਰ ਸੇਵਾ ਕਰਤਿ ਬਿਸਾਲ।
'ਸੱਤਿਨਾਮ' 'ਕਰਤਾਰ' ਅਪਾਰਾ।
ਆਠਹੁਂ ਜਾਮ ਜਾਪ ਜਿਨ ਧਾਰਾ ॥੪੯॥
ਮਿਲਹਿ ਨ ਕਿਹ ਸੋਂ, ਰਾਗ ਨ ਦ੍ਵੈਸ਼।
ਬੋਲਹਿ ਸੁਨਹਿ ਨ, ਸ਼ਾਂਤਿ ਹਮੈਸ਼।
ਦੇਗ ਬਿਖਹਿ ਸਭਿ ਚੁਨ ਸੁ ਛਾਨਹਿ।
ਇਕ ਅੰਗੀ, ਬਿਨ ਗੁਰੂ ਨ ਜਾਨਹਿ[2] ॥੫੦॥
ਮਗਨ ਪ੍ਰੇਮ ਕੇ ਰੰਗਜੋ ਰੰਗ।
ਅੰਤਰ ਬ੍ਰਿਤੀ ਸਦਾ ਸੁਖ ਸੰਗ।
ਕਾਮ ਨ ਕ੍ਰੋਧ ਨ ਲੋਭ ਹੰਕਾਰ।
ਸੱਤਜ ਨਾਮ ਸੋਂ ਲਾਗੀ ਤਾਰ ॥੫੧॥
ਹਰਖ ਨ, ਸ਼ੋਕ ਨ, ਬੈਰੀ ਮੀਤ ਨ।

---
[1]ਅਚਰਜ।
[2]ਭਾਵ ਅਨਿੰਨ ਪ੍ਰੇਮ ਵਾਲਾ ਸੀ, ਗੁਰੂ ਬਿਨਾਂ (ਕਿਸੇ ਨੂੰ) ਨਹੀਂ ਜਾਣਦਾ ਸੀ।

ਤਤਪਰ ਰਹੈ ਏਕ ਮਨ ਜੀਤਨ[1]।
ਨਿਸ਼ਕਾਮੀ, ਨਿਤ ਸਹਿਨ ਸੁਸ਼ੀਲ।
ਸਦਾ ਏਕ ਰਸ ਮਹਿਂ ਬ੍ਰਿਤਿ ਮੀਲ[2] ॥੫੨॥
ਅੰਤਰਯਾਮੀ ਸਤਿਗੁਰ ਦਯਾਲ।
ਲਖੀ ਸਿੱਖ ਕੀ ਦੀਰਘ ਘਾਲ।
ਇਕ ਦਿਨ ਸਲਿਤਾ ਕੋ ਗੁਰ ਗਏ।
ਮੰਦ ਮੰਦ ਪਦ ਕੀ ਗਤਿ ਲਏ ॥੫੩॥
ਮੱਜਨ ਕਰਿ ਪੁਰਿ ਕੋ ਪੁਨ ਆਏ।
ਦੇਗ ਸਦਨ ਮੋਂ[3*] ਗੁਰ ਪ੍ਰਵਿਸ਼ਾਏ।
ਜੇਤਿਕ ਸਿੱਖ ਕਰਤਿ ਤਿਹਂ ਸੇਵਾ।
ਸਨੇ ਸਨੇ ਸਭਿ ਪਿਖਿ ਗੁਰਦੇਵਾ ॥੫੪॥
ਗੁੰਧਤਿ ਚੂਨ ਤਬਹਿ ਹਿੰਦਾਲ।
ਲਗਯੋ ਰਹਯੋ ਜੁਗ ਹਾਥਨ ਨਾਲ।
-ਮ੍ਰਿਤਕਾ ਲਗਹਿ ਨ- ਇਮਿ ਉਰ ਧਾਰੀ।
ਤਬਿ ਦੋਨਹੁਂ ਕਰਿ ਹਾਥ ਪਿਛਾਰੀ ॥੫੫॥
ਗੁਰ ਪਦ ਪੰਕਜ ਮਸਤਕ ਧਰਯੋ।
ਦੇਖਿ ਪ੍ਰੇਮ ਕੋ ਬਾਕ ਉਚਰਯੋ।
'ਤੇਰੋ ਪ੍ਰੇਮ ਮੋਹਿ ਮਨ ਭਾਯੋ।
ਨਈ ਰੀਤਿ ਕੋ ਪੰਥ ਚਲਾਯੋ[4] ॥੫੬॥
ਮੇਰੀ ਕ੍ਰਿਪਾ ਤੋਹਿ ਪਰ ਭਈ।
ਹਤਿ ਬੰਧਨ ਮੁਕਤੀ ਸ਼ੁਭ ਲਈ।
ਪੂਰਨ ਸੇਵਾ ਅਬਿ ਤਵ ਹੋਈ।
ਬਾਂਛਤਿ ਪਾਇ, ਨ ਸੰਸੈ ਕੋਈ' ॥੫੭॥
ਸਿੱਧ ਅਵਸਥਾ ਗੁਰ ਕੇ ਕਹੇ।
ਪ੍ਰਾਪਤਿ ਭਈ, ਭਰਮ ਗੁਰ ਦਹੇ।
ਜੈਸੇ ਮਹਾਂ ਰੰਕ ਹੁਇ ਕੋਈ।
ਪਦ ਕੁਬੇਰ ਕੇ ਬੈਠਹਿ ਸੋਈ ॥੫੮॥
ਨਿਜ ਕਰ ਸੋਂ ਤਿਹ ਮਾਥ ਉਠਾਇ।

---

[1]ਮਨ ਜਿੱਤਣ ਦੇ।
[2]ਮਿਲੀ ਹੋਈ।
[3]ਲੰਗਰ ਵਿਚ।
[*]ਪਾ:-ਕੇ।
[4]ਭਾਵ ਨਵੀਂ ਤਰ੍ਹਾਂ ਦਾ ਮੱਥਾ ਟੇਕਿਆ ਹਈ।

ਦੀਨ ਸੁਦਨਾ[1] ਬਖਸ਼ਿਸ਼ ਭਾਇ।
ਲੇ ਕਰਿ ਧਰਯੋ ਸੀਸ ਪਰ ਜਬੈ।
ਹੁਤੋ ਜੀਵ, ਈਸ਼ੁਰ ਭਾ ਤਬੈ ॥੫੯॥
ਤੀਨ ਲੋਕ ਗਾਮੀ ਹੁਇ ਗਯੋ[2]।
ਸ੍ਰੀ ਸਤਿਗੁਰ ਗੁਰ ਊਚੋ ਪਦ ਦਯੋ।
ਸਭਿ ਸਿੱਧਾਂ ਪ੍ਰਾਪਤਿ ਭੀ ਆਇ।
ਅਦਭੁਤ ਹੀ ਕੁਛ ਬਨਯੋ ਬਨਾਇ ॥੬੦॥
ਹਾਥ ਜੋਰਿ ਕਰਿ ਖਰੋ ਹਿੰਦਾਲ।
ਕਰਿ ਸਤਿਗਰ ਕੋ ਸੁਜਸੁ ਬਿਸਾਲ।
'ਕਹੀ ਨ ਜਾਇ, ਗੁਰੂ ਗਤਿ ਨਯਾਰੀ।
ਛਿਨ ਮਹਿਂ ਬਖਸ਼ਿ ਤਿਲੋਕੀ ਸਾਰੀ ॥੬੧॥
ਕਰਹਿਂ ਨਿਹਾਲ ਦਾਸੁ ਤਤਕਾਲਾ।
ਤੁਮ ਸਮਾਨ ਨਹਿਂ ਆਨ ਕ੍ਰਿਪਾਲਾ।
ਧੰਨ ਧੰਨ ਗੁਰ ਪਰਮ ਉਦਾਰੇ।
ਕਹੇ ਨ ਜਾਇਂ ਚਰਿੱਤ੍ਰ ਤੁਮਾਰੇ' ॥੬੨॥
ਤਬ ਸ਼੍ਰੀ ਮੁਖ ਤੇ ਬਾਕ ਬਖਾਨੇ।
'ਅਬਿ ਅਪਨੇ ਘਰ ਗਮਨਹੁਂ ਸਯਾਨੇ।
ਸੱਤਿਨਾਮ ਕੋ ਮੰਤ੍ਰ ਜਪਾਵਹੁ।
ਬਹੁ ਲੋਕਨ ਉਪਦੇਸ਼ ਦ੍ਰਿੜ੍ਹਵਾਹੁ' ॥੬੩॥
ਇਮਿ ਕਹਿ ਵਿਦਾ ਕੀਨਿ ਹਿੰਦਾਲ।
ਗਮਨਯੋ ਲੇ ਕਰਿ ਬਖਸ਼ ਬਿਸਾਲ।
ਬਸਯੋ ਜਾਇ ਅਪਨੇ ਗ੍ਰਿਹ ਮਾਂਹੀ।
ਕਬਿ ਕਬਿ ਆਇ ਦਰਸ ਕੋ ਪਾਹੀ ॥੬੪॥
ਕਹਯੋ ਹਿੰਦਾਲ ਕੇਰ ਬਿਰਤਾਂਤ।
ਜਿਮਿ ਬਖਸ਼ਿਸ਼ ਹੋਈ ਬੱਖਯਾਤ।
ਟਹਿਲ ਕਰੀ ਸ਼ਰਧਾ ਕੇ ਸਾਥ।
ਮਹਿਲ ਲਹਯੋ ਅਰੁ ਭਯੋ ਸਨਾਥ ॥੬੫॥
ਸ੍ਰੀ ਗੁਰ ਦ੍ਰਿਸ਼ਟਿ ਕਰੀ ਜਿਸ ਓਰ।
ਭਯੋ ਨਿਹਾਲ ਬੰਧ ਨਿਜ ਤੋਰਿ।
ਅਪਰਨ ਕੀ ਠਾਨੈ ਕੱਲਯਾਨ[1]।

---

[1]ਪਰਨਾ, ਸਾਫਾ।
[2]ਤਿੰਨ ਲੋਕਾਂ ਦੀ ਗੰਮਤਾ ਵਾਲਾ, ਭਾਵ ਤਿੰਨ ਲੋਕਾਂ ਦੀ ਸੋਝੀ ਹੋ ਆਈ।

ਇਹੁ ਸਾਖੀ ਯਾ ਮੈ ਪਰਮਾਨ ॥੬੬॥

ਦੋਹਰਾ: ਰਾਈ ਹੁਤੋ ਸੁਮੇਰੁ ਸੋ, ਭਯੋ ਜਗਤ ਬੱਖ੍ਯਾਤ।
ਨਹਿਂ ਅਚਰਜ ਕੋਈ ਕਰੇ, ਸਤਿਗੁਰ ਸਫਲੀ ਦਾਤ ॥੬੭॥

ਚੌਪਈ: ਇਕ ਦਿਨ ਬੈਠੇ ਸਤਿਗੁਰ ਦਯਾਲੁ।
ਅਯੋ ਗੁਰਦਾਸ ਸੁ ਪ੍ਰੇਮ ਬਿਸਾਲੁ।
ਹਾਥ ਜੋੜਿਕੈ ਬਿਨੈ ਬਖਾਨੀ।
'ਮੋ ਕਉ ਸਿੱਖੀ ਦੇਹੁ ਮਹਾਂਨੀ' ॥੬੮॥
ਦੇਖੀ ਸ਼ਰਧਾ ਤਿਨ ਕੀ ਪੂਰੀ।
ਸਤਿਗੁਰ ਬੋਲੇ ਵਾਕ ਗਰੂਰੀ[2]।
ਸਿਮਰਹੁ ਵਾਹਿਗੁਰੂ ਸਤਿਨਾਮੂ।
ਜਾਂ ਤੇ ਪਾਵਹੁ ਸੁਖ ਬਿਸਰਾਮੂ ॥੬੯॥
ਅਬਿ ਤੁਮ ਆਗ੍ਰੈ[3] ਮਾਂਹਿ ਸਿਧਾਵਹੁ।
ਤਹਿਂ ਕੀ ਸੰਗਤਿ ਪ੍ਰੇਮ ਲਯਾਵਹੁ।
ਸਮੇ ਪਾਇ ਬਾਣੀ ਤੁਮ ਕਰਨੀ।
ਗੁਰ ਸਿੱਖਨ ਕੇ ਮਨ ਕਉ ਹਰਨੀ' ॥੭੦॥

ਦੋਹਰਾ: ਸੁਨਿ ਕਰਿ ਬਚਨ ਦਯਾਲ ਕੇ, ਚਰਨ ਨਿਵਾਯੋ ਸੀਸ।
ਆਗ੍ਰੈ ਕੋ ਪਯਾਨਾ ਕਰਜੋ, ਜਾਨਿ ਗੁਰੂ ਜਗਦੀਸ਼ ॥੭੧॥

ਚੌਪਈ: ਗੁਇੰਦਵਾਲ ਤੇ ਚਲੇ ਗੁਸਾਈਂ।
ਮੋਹਨ ਮੁਹਰੀ ਬਿਦਾ ਕਰਾਈ।
ਅਪਨ ਪਰੀ[4] ਮਹਿਂ ਆਨਿ ਬਸਾਏ।
ਜਿਨ ਸਿੱਖਨ ਕੋ ਨਾਮ ਦ੍ਰਿੜ੍ਹਾਏ* ॥੭੨॥

ਦੋਹਰਾ: ਏਕ ਦਿਨਾਂ ਸ਼੍ਰੀ ਚੰਦ ਜੀ, ਮਨ ਮਹਿਂ ਕਰਤਿ ਬਿਚਾਰ।
-ਰਾਮਦਾਸੁ ਅਬਿ ਗੁਰ ਭਏ, ਹਮ ਸੋਂ ਕੈਸੇ ਪਯਾਰ? - ॥੭੩॥

ਚੌਪਈ: ਐਸੇ ਮਨ ਮਹਿਂ ਕਰਤਿ ਬਿਚਾਰੀ।
ਚਲੇ ਗੁਦੜੀਏ[5] ਕਰਿ ਅਸਵਾਰੀ।

---

[1](ਉਹ ਸਿੱਖ) ਹੋਰਨਾਂ ਦੀ ਕੱਲਜਾਨ ਕਰਦਾ ਹੈ।
[2]ਗੌਰਵਤਾ ਵਾਲੇ।
[3]ਆਗਰਾ ਸ਼ਹਿਰ।
[4]ਭਾਵ ਰਾਮਦਾਸ ਪੁਰੇ।
*ਇਹ ਚੌਪਈ (੭੨ ਵੀਂ) ਦੋ ਲਿਖਤੀ ਨੁਸਖਿਆਂ ਵਿਚ ਨਹੀਂ ਹੈ ਤੇ ਇਹ ਪ੍ਰਕਰਣ ਵਿਰੁੱਧ ਬੀ ਹੈ, ਕਿਉਂਕਿ ਸਤਿਗੁਰੂ ਜੀ ਅਜੇ ਗੋਇੰਦਵਾਲ ਹੀ ਠਹਿਰੇ ਹੋਏ ਹਨ। ਦੇਖੋ ਇਸੇ ਰਾਸ ਦਾ ਅੰਸੂ ੧੫ ਅੰਕ ੧੫ ਤਥਾ ਅੰਸੂ ੧੬ ਅੰਕ ੨੩।
[5]ਸੇਵਕ ਦਾ ਨਾਮ।

ਸੁਨਿ ਕੈ ਰਾਮਦਾਸ ਗੁਰ ਪੂਰੇ।
ਤੂਰਨ ਚਲੇ ਪ੍ਰੇਮ ਭਰਪੂਰੇ ॥੭੪॥
ਹਾਥ ਜੋਰਿ ਕਰਿ ਕਰੀ ਪ੍ਰਨਾਮੂ।
ਆਨੇ ਘਰ ਮਹਿਂ ਬਿਨੈ ਬਖਾਨੂ।
ਏਕ ਸੁ ਹਯ ਪੰਜ ਸ਼ੱਤ ਰੁਪੱਯਾ[1]।
ਦੀਨਿ ਭੇਟ ਬਹੁ ਸੇਵ ਕਮੱਯਾ ॥੭੫॥
ਏਕ ਜਾਮ[*] ਦਿਨ ਜਬੈ[+] ਰਹਾਇਓ।
ਆਇ ਰਬਾਬੀ ਕਿਰਤਨ ਗਾਇਓ।
ਉਚ ਸਥਾਨ ਸ਼੍ਰੀ ਚੰਦ ਬਿਠਾਏ।
ਆਪ ਨਿੰਮ੍ਰਿ ਕਰਿ ਤਰੇ ਤਕਾਏ ॥੭੬॥
ਸਿਰੀਚੰਦ ਬੋਲੇ ਤਤਕਾਲੂ।
ਕਰਤਿ ਪਰਖਣਾ ਪ੍ਰੇਮ ਦਿਆਲੂ।
'ਇਤਨਾ ਦਾੜ੍ਹਾ ਕੈਸ ਬਧਾਯੋ?'
ਸੁਨਿ ਕੈ ਸਤਿਗੁਰ ਭੋ ਨਿੰਮ੍ਰਾਯੋ[2] ॥੭੭॥
ਦੋਹਰਾ: ਚਰਨ ਗਹੇ ਕਰਿ ਪ੍ਰੇਮ ਸੋਂ,
ਪੌਂਛਹਿਂ ਬਾਰੰਬਾਰ।
'ਇਸਹੀ ਹੇਤੁ ਵਧਾਤਿ ਭੇ,
ਸੁਨੀਏ ਗੁਰ ਸੁਤ ਦਜਾਰ!' ॥੭੮॥
ਦੇਖਿ ਨਿੰਮ੍ਰਤਾ ਗੁਰੂ ਕੀ,
ਸ਼੍ਰੀ ਚੰਦ ਭਏ ਪ੍ਰਸੰਨ।
'ਅੰਗਦ ਲੀਨੀ[3++] ਸੇਵ ਕਰਿ,
ਤੁਮਰੋ ਪ੍ਰੇਮ ਅਨੰਨ ॥੪੯॥
ਤੁਮਰੀ ਮਹਿਮਾ ਅਧਿਕ ਹੈ,
ਕਹੀਏ ਕਾਹਿ ਬਨਾਇ।
ਤੁਮਰੇ ਸਰ ਮੈਂ ਜੋ ਮਜਹਿ,

---

[1]ਇਕ ਘੋੜਾ ਤੇ ਪੰਜ ਸੌ ਰੁਪੱਯਾ।
[*]ਪਾ:-ਪਹਿਰ।
[+]ਪਾ:-ਆਨ, ਆਇ।
[2]ਨਿੰਮ੍ਰਤਾ ਵਾਲੇ ਹੋਏ।
[3]ਗੁਰਿਆਈ ਲੀਤੀ।
[++]ਇਥੇ ਸ਼੍ਰੀ ਚੰਦ ਜੀ ਆਪ ਮੰਨ ਰਹੇ ਹਨ ਕਿ ਗੱਦੀ ਸ਼੍ਰੀ ਅੰਗਦ ਜੀ ਨੇ ਲੀਤੀ, ਭਾਵ ਅਸੀਂ ਗੱਦੀਓਂ ਵਿਰਵੇ ਰਹੇ। ਗੁਰੂ ਜੀ ਨੂੰ ਨਿਮ੍ਰਤਾ ਲਈ ਦੇਖੋ ਅਗਲੇ ਅੰਸੂ ਦਾ ਅੰਕ ੧੭। ਸ਼੍ਰੀ ਬਾਬਾ ਸ਼੍ਰੀ ਚੰਦ ਜੀ ਆਪ ਚਲਕੇ ਗੁਰੂ ਜੀ ਨੂੰ ਮਿਲਣ ਆਏ ਹਨ, ਘਰ ਆਏ ਗੁਰੂ ਸੁਤ ਦਾ ਸਤਿਕਾਰ ਜੋ ਗੁਰੂ ਰਾਮ ਦਾਸ ਜੀ ਨੇ ਕੀਤਾ ਹੈ ਉਨ੍ਹਾਂ ਦੇ ਉੱਚੇ ਤੇ ਅਮਿੱਤ ਸ਼੍ਰੇਸ਼ਟਾਚਾਰ ਦਾ ਲਖਾਯਕ ਹੈ।

ਪਾਪੀ ਭੀ ਗਤਿ ਪਾਇ' ॥੯੦॥
ਐਸੇ ਬਰ ਦੇ ਚਲਤਿ ਭੇ,
ਜਹਿਂ ਪੁਰਿ ਸ਼੍ਰੀ ਕਰਤਾਰ।
ਅਪਨ ਥਾਨ ਸ਼੍ਰੀ ਪ੍ਰਭੁ ਅਏ**,
ਪਤਿਤ ਉਧਾਰਨ ਹਾਰ ॥੯੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤੀਯ ਰਾਸ ਸ਼੍ਰੀ ਚੰਦ ਮਿਲਾਪ+++ ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋਂ ਅੰਸੂ ॥੧੪॥

**ਪਾ:-ਰਾਮਦਾਸ ਸ਼੍ਰੀ ਸਤਿਗੁਰੂ।

+++ਪਾ:-ਹਿੰਦਾਲ, ਭਾਈ ਗੁਰਦਾਸ, ਸ਼੍ਰੀ ਚੰਦ ਮਿਲਾਪ।

੧੫. [ਭਾਈ ਸੰਹਾਰੀ ਜੀ ਲਾਹੌਰੋਂ ਆਏ]

੧੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੬

ਦੋਹਰਾ: ਸਤਿਗੁਰ ਸਰਬ ਅਤੀਤ ਨਿਤਿ ਕਰਮਨ ਤੇ ਨਿਰਲੇਪ।
ਮਾਯਾ ਕੇ ਦੁਖ ਸੁਖ ਜਿਤੇ ਕਰਿ ਨਹਿਂ ਸਕਹਿਂ ਵਿਖੇਪ[1] ॥੧॥

ਚੌਪਈ: ਪੁਨ ਸਤਿਗੁਰ ਬੈਠੇ ਦਿਨ ਏਕ।
ਸਿਖ ਚਹੁਂਦਿਸ਼ ਜੋ ਚਹਤਿ ਬਿਬੇਕ।
ਸੁਨਿਬੇ ਕੇ ਅਭਿਲਾਖਾ ਵਾਨ।
ਗੁਰ ਕੇ ਬਾਕ ਦੇਤਿ ਕੱਲਜਾਨ ॥੨॥
'ਸੁਨਹੁਂ ਸਿੱਖ! ਤੁਮ ਮੋ ਕਹੁ ਪਜਾਰੇ।
ਮਾਨੁਖ ਜਨਮ ਦੁਲਭ ਕੋ ਧਾਰੇ।
ਹਰਿ ਸਿਮਰਨ ਬਿਨ ਬ੍ਰਿਥਾ ਨ ਖੋਵਹੁ।
ਨਰਕ ਸੁਰਗ ਨਹਿਂ ਪੁਨ ਪੁਨ ਜੋਵਹੁ ॥੩॥
ਹਰਟ ਟਿੰਡ ਜਯੋਂ ਆਵਨ ਜਾਨਾ।
ਊਚ ਨੀਚ ਥਲ ਕਰਨ ਪਯਾਨਾ।
ਸੱਤਿਨਾਮ ਤੁਮ ਰਿਦੈ ਬਸਾਵਹੁ।
ਮਨ ਕੇ ਸਕਲ ਬਿਕਾਰ ਨਸਾਵਹੁ ॥੪॥
ਰਮਹੁ[2] ਪ੍ਰੇਮ ਧਰਿ ਗੁਰ ਉਪਦੇਸ਼।
ਕਾਟਹੁ ਬਿਕਟ ਕਪਾਟ ਕਲੇਸ਼।'
ਹਿਤ ਰਹਿਨੀ ਕੇ ਸਿੱਖਜਨ ਲੋਕ[3]।
ਸਤਿਗੁਰ ਉਚਰਯੋ ਰੁਚਿਰ ਸ਼ਲੋਕ ॥੫॥

ਸ੍ਰੀ ਮੁਖਵਾਕ:
ਮਃ ੪ ॥
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

ਚੌਪਈ: ਸ਼੍ਰੀ ਗੁਰ ਮੁਖ ਤੇ ਸੁਨਿ ਉਪਦੇਸ਼।
ਧਰਤਿ ਭਏ ਜਿਨਿ ਭਾਗ ਵਿਸ਼ੇਸ਼।

---
[1]ਮਨ ਦਾ ਖਿੰਡਾਉ।
[2]ਉਚਾਰੋ।
[3]ਸਿੱਖਾਂ ਲੋਕਾਂ ਦੀ ਰਹਿਣੀ ਵਾਸਤੇ।

ਸੰਗਤਿ ਕੇ ਮਨੁ ਚਾਮੀਕਰ[1] ਹੈਂ।
ਗੁਰ ਉਪਦੇਸ਼ੁ ਰਤਨ ਸਮਸਰ ਹੈਂ ॥੬॥
ਅਸ ਭੂਖਨ ਜੁਗ ਲੋਕ ਸੁਹਾਵਤਿ।
ਜਹਾਂ ਕਹਾਂ ਆਦਰ ਕੇ ਪਾਵਤਿ।
ਸਿੱਖਨ ਕੇ ਉਰ ਧਰ ਸਮਸਰ ਹੈ।
ਗੁਰ ਉਪਦੇਸ਼ ਬਿਮਲ ਜਲ ਭਰਿ ਹੈ ॥੭॥
ਤਿਸੁ ਅਨੁਸਾਰ ਕ੍ਰਿੱਤ ਜੋ ਕਰਨੀ।
ਅਰਬਿੰਦਨ ਕੀ ਬਨੀ ਸੁ ਬਰਨੀ[2]।
ਮਨ ਸਿੱਖਨ ਕੇ ਧਾਤੁ ਸਮਾਨ।
ਪਾਰਸੁ ਗੁਰ ਉਪਦੇਸ਼ ਮਹਾਂਨ ॥੮॥
ਕੰਚਨ ਹੋਇ ਮਹਾਂ ਛਬਿ ਧਾਰੀ।
ਸਹੈ ਕਸੌਟੀ ਸਭਿ ਮਲ ਹਾਰੀ[3]।
ਬਾਵਨ ਚੰਦਨ ਗੁਰ ਉਪਦੇਸ਼ੁ।
ਜਨ ਮਨ ਤਰੁ ਬਨ ਗੰਧਿ ਵਿਸੇਸ਼[4] ॥੯॥
ਗੁਰ ਘਨ ਤੇ ਬਚ ਬੂੰਦਨ[5] ਪਾਏ।
ਚਾਤ੍ਰਿਕ ਸਿਖ[6] ਸੁਨ ਪੀ ਤ੍ਰਿਪਤਾਏ।
ਕਿਨਹੂੰ ਸਿੱਧਾਂ ਲਈ ਅਠਾਰਹਿਂ।
ਕੋ ਆਤਮ ਕੋ ਰੂਪ ਬਿਚਾਰਹਿਂ ॥੧੦॥
ਕੋ ਪ੍ਰਭੁ ਸਿਮਰਨ ਕੇ ਅਨੁਰਾਗੀ।
ਕੋ ਦਰਸ਼ਨ ਹਰਿ ਚਹਿਂ ਬਡਭਾਗੀ।
ਬਿਸ਼ਯ ਵਿਰਾਗ ਕਿਨਹੂੰ ਕੇ ਹੋਵਾ।
ਕਿਨਹੂੰ ਸੁਖ ਨਿਜ ਅੰਤਰ ਜੋਵਾ ॥੧੧॥
ਭਰਮ ਮੋਹ ਸੰਸੈ ਤ੍ਰੈ ਤਾਪੂ।
ਸਭਿ ਸੰਗਤ ਕੈ ਖਾਪਿ ਕਲਾਪੂ।
ਕਰਹਿਂ ਸਭਿਨਿ* ਪਰ ਕ੍ਰਿਪਾ ਕ੍ਰਿਪਾਲ।
ਬੰਧਨ ਕਾਟਿ ਦਏ ਤਤਕਾਲ ॥੧੨॥

---

[1]ਸੋਨਾਂ।
[2]ਕਵਲਾਂ ਦੀ ਬਗੀਚੀ ਕਥਨ ਕੀਤੀ ਹੈ।
[3](ਮਨ ਦੀ) ਸਾਰੀ ਮੈਲ ਨੂੰ ਦੂਰ ਕਰਨਾਂ ਇਹ ਕਸਵਟੀ ਸਹਾਰਨਾਂ ਹੈ।
[4]ਦਾਸਾਂ ਦਾ ਮਨ ਬਿੱਛਾਂ ਦਾ ਬਨ (ਹੈ ਜੋ ਗੁਰੂ ਉਪਦੇਸ਼ ਨਾਲ) ਬਹੁਤੀ ਸੁਗੰਧੀ ਵਾਲਾ (ਹੋ ਜਾਂਦਾ ਹੈ)।
[5]ਬਚਨਾਂ (ਰੂਪੀ) ਕਣੀਆਂ।
[6]ਬੰਬੀਹੇ ਵਤ ਸਿੱਖ।
*ਪਾ:-ਸਭਿ ਸੰਗਤਿ।

ਇਕ ਦਿਨ ਬੈਠੇ ਸਤਿਗੁਰ ਸਭਾ।
ਜਨੁ ਮੁਨਿ ਗਨ ਸੋਂ ਸ਼ਿਵ ਕੀ ਪ੍ਰਭਾ।
ਲਵਪੁਰਿ ਬਿਖੈ ਨਾਮ ਸੰਹਾਰੀ[1]।
ਕੁਲ ਸੋਢੀ ਸ਼ੁਭ ਕਰਤਿ ਅਚਾਰੀ ॥੧੩॥
ਰਾਮਦਾਸ ਸਤਿਗੁਰ ਕੋ ਤਾਯਾ।
ਤਿਸ ਕੋ ਸੁਤ ਗੁਨ ਸਹਤ ਸੁਹਾਯਾ।
ਸਕਟ ਅਰੂਢ ਹੋਤਿ ਕਰਿ ਆਯਹੁ।
ਚਤੁਰ ਦਾਸ ਅਪੁਨੇ ਸੰਗ ਲਜਾਯਹੁ ॥੧੪॥
ਗੋਇੰਦਵਾਲ ਸੁ ਉਤਰਜੋ ਆਈ।
ਗਜੋ ਗੁਰੂ ਢਿਗ ਲੇ ਮਿਠਿਆਈ।
ਹਾਥ ਜੋਰਿ ਬੰਦਨ ਚਹਿ ਕਰਜੋ।
ਰਾਮਦਾਸੁ ਸਤਿਗੁਰੂ ਨਿਹਰਜੋ ॥੧੫॥
ਇਕ ਤੌਂ ਲਖਜੋ ਬਡੋ ਇਹੁ ਭ੍ਰਾਤਾ।
ਕਰਮੁ ਕਰਤਿ ਸ਼ੁਭ, ਦੁਤੀਏ ਜਾਤਾ।
ਤ੍ਰਿਤੀਏ ਤਾਏ ਕੋ ਸੁਤ ਆਹਿ।
ਹਮ ਢਿਗ ਆਯਹੁ ਚਾਹ ਉਮਹਿ[2] ॥੧੬॥
ਯਾਂ ਤੇ ਤਿਹ ਕੇ ਕਰ ਨਿਰਵਾਰੇ[3]।
ਆਪ ਚਰਨ ਪਰ ਬੰਦਨ ਧਾਰੇ।
ਇਮਿ ਬਿਲੋਕ ਕੈ ਨੰਮ੍ਰਿ ਅਗਾਰੀ।
ਬਿਸਮੈ ਹੋਇ ਕਹਤਿ ਸੰਹਾਰੀ ॥੧੭॥
'ਅਸਮੰਜਸੁ ਨਹਿਂ ਕਰਹੁ ਗੁਸਾਈਂ!।
ਅਬਿ ਤੁਮ ਕੋ ਹਮ ਲਖਹਿਂ ਨ ਭਾਈ।
ਸਤਿਗੁਰ ਅਮਰਦਾਸੁ ਕਰਿ ਸੰਗ।
ਜਗ ਗੁਰ ਬਨਿ ਪਦ ਲਹਜੋ ਉਤੰਗ ॥੧੮॥
ਮਾਨਨੀਯ ਭੇ ਨਰਨ ਹਜ਼ਾਰਨਿ।
ਸਰਬ ਸ਼ਕਤਿ ਯੁਤਿ ਕਰਤਿ ਉਧਾਰਨ।
ਹਮ ਸੰਸਾਰੀ ਪਚੀ ਕੁਟੰਬ[4]।
ਕਬਹੁਂ ਨ ਲੇਂ ਹਰਿ ਨਾਮ ਅਲੰਬ' ॥੧੯॥

---
[1]ਸ੍ਰੀ ਗੁਰੂ ਰਾਮਦਾਸ ਜੀ ਦਾ ਤਾਏ ਦਾ ਪੁੱਤ੍ਰ।
[2]ਉਤਸਾਹ ਚਾਹ ਕੇ।
[3]ਹੱਥ ਪਰੇ ਕੀਤੇ।
[4]ਕੁਟੰਬ ਵਿਚ ਖੱਚਤ।

ਪੁਨ ਸ਼੍ਰੀ ਰਾਮਦਾਸ ਜੀ ਕਹੈਂ।
'ਬਡੇ ਭ੍ਰਾਤ ਕੋ ਪਦ ਤੁਮ ਅਹੈ।
ਅਰੁ ਪਿਤ ਬਡੇ ਭ੍ਰਾਤ ਕੋ[1] ਨੰਦਨ।
ਯਾਂ ਤੇ ਉਚਿਤ ਹਮਹੁਂ ਕੋ ਬੰਦਨ' ॥੨੦॥
ਇਮ ਦੁਇ ਦਿਸ਼ ਤੇ ਕਹਿ ਤਿਹ ਸਮੋ।
ਕਰੀ ਸੁ ਪ੍ਰੀਤਿ ਪਰਸਪਰ ਨਮੋ।
ਬੈਠੇ ਕੁਸ਼ਲ ਪ੍ਰਸ਼ਨ ਕਰਿ ਆਛੇ।
ਦੇਖਿ ਮਿਠਾਈ ਦਿਸ਼ ਗੁਰ ਪਾਛੇ ॥੨੧॥
'ਕਾਰਨ ਕਵਨ ਆਪ ਆਗਵਨੂ?
ਤਜਿ ਕੈ ਕ੍ਰਿੱਤਿ ਸਕਲ ਨਿਜ ਭਵਨੂ।'
ਤਬਿ ਕਰ ਜੋਰਿ ਕਹਤਿ ਸੰਹਾਰੀ।
'ਤੁਮ ਸੋਢੀ ਕੁਲ ਮਹਿਂ ਉਜਿਆਰੀ ॥੨੨॥
ਜਗ ਮਹਿਂ ਪ੍ਰਗਟ ਭਈ ਬਡਿਆਈ।
ਸੋ ਮੈਂ ਕਹਿਂ ਲਗ ਕਹੌਂ ਸੁਨਾਈ।
ਅਬਿ ਤੁਮਰੇ ਭਤੀਜ ਕੋ ਬਜਾਹੂ।
ਕਰਨ ਅਛੇਰੋ ਮੈਂ ਚਿਤ ਚਾਹੂ ॥੨੩॥
ਸੋ ਆਛੋ ਤੁਮ ਬਿਨ ਨਹਿਂ ਬਨੈ।
ਇਮ ਆਯਹੁਂ ਮੈਂ ਠਟਿ ਕਰਿ ਮਨੈ।
ਸਭਿ ਮਹਿਂ ਆਪ ਹੋਇ ਸਿਰਮੌਰ।
ਕਰਹੁ ਬਜਾਹੁ ਚਲਿ ਕੈ ਤਿਸ ਠੌਰ' ॥੨੪॥
ਸੁਨਿ ਸ਼੍ਰੀ ਰਾਮਦਾਸੁ ਸਨਮਾਨਾ।
ਡੇਰੋ ਦਿਯ ਕਰਾਇ ਸ਼ੁਭ ਥਾਨਾ।
ਖਾਨ ਪਾਨ ਕੀ ਸੁਧਿ ਸਭਿ ਲੀਨਸਿ।
ਨਿਸ ਸੁਪਤਨ ਹਿਤ ਸਿਹਜਾ ਦੀਨਸਿ ॥੨੫॥
ਸਤਿਗੁਰ ਰਿਦੈ ਬ੍ਰਿਤੰਤੁ ਬਿਚਾਰਾ।
-ਤਿਹ ਠਾਂ ਜਾਨਿ ਨ ਬਨੈ ਹਮਾਰਾ।
ਅਨਗਨ ਸੰਗਤਿ ਨਿਤਿਪ੍ਰਤਿ ਆਵੈ।
ਅਚਹਿ ਦੇਗ, ਰਹਿ, ਬਹੁਰ ਸਿਧਾਵੈ- ॥੨੬॥
ਇਮਿ ਚਿਤਵਤਿ ਸਤਿਗੁਰੂ ਨਿਸ਼ ਹੋਏ।
ਜਾਗੇ ਬਹੁਰ ਪ੍ਰਾਤਿ ਜਬਿ ਹੋਏ।
ਆਦਿ ਸ਼ਨਾਨ ਕ੍ਰਿਆ ਕਰਿ ਸਾਰੀ।

[1] ਪਿਤਾ ਜੀ ਦੇ ਵੱਡੇ ਭਰਾ (ਤਾਏ ਜੀ) ਦੇ।

ਬੈਠਜੋ ਗੁਰ ਢਿਗ ਆਇ ਸੰਹਾਰੀ ॥੨੭॥
ਹਾਥ ਜੋਰ ਕਰਿ ਕੀਨਸਿ ਬਿਨਤੀ।
'ਹੂਜੋ ਤਜਾਰ ਆਪ ਤਜਿ ਗਿਨਤੀ।
ਇਸ ਹਿਤ ਕਰਿ ਨਹਿਂ ਅਪਰ ਪਠਾਵਾ।
ਬਹੁ ਕਾਰਜ ਤਜਿ ਕਰਿ ਮੈਂ ਆਵਾ ॥੨੮॥
ਯਾਂ ਤੇ ਮੇਰੋ ਪ੍ਰੇਮ ਬਿਚਾਰੋ।
ਕਰਹੁ ਭਤੀਜੇ ਕੋ ਇਹੁ ਪਜਾਰੋ।
ਤੁਮਰੇ ਚਰਨ ਪਰਹਿਂ ਘਰ ਮੇਰੇ।
ਬਡਿਆਈ ਜਗ ਹੋਇ ਬਡੇਰੇ ॥੨੯॥
ਸਭਿ ਬਿਧਿ ਕਾਰਜ ਸਰਹਿ ਹਮਾਰੋ।
ਦਰਸ਼ਨ ਮੰਗਲ ਰੂਪ ਤੁਮਾਰੋ।
ਹੋਹਿ ਨ ਬਿਘਨ, ਬਨਹੁਂ ਰਖਵਾਰੋ।
ਮਮ ਸੁਤ ਨਿਜ ਸੁਤ ਸਮ ਨਿਰਧਾਰੋ' ॥੩੦॥
ਸੁਨੇ ਭ੍ਰਾਤ ਕੇ ਬਾਕ ਕ੍ਰਿਪਾਲਾ।
ਭਰੇ ਸਨੇਹ ਅਛੇਹ ਬਿਸਾਲਾ।
ਤਿਹ ਸਨਮਾਨ ਰਾਖਿਬੇ ਹੇਤਾ।
ਮ੍ਰਿਦੁਲ ਕਹਜੋ ਸੋਢੀ ਕੁਲਕੇਤਾ ॥੩੧॥
'ਜਥਾ ਜੋਗ ਤੁਮ ਭਾਖਤਿ ਭ੍ਰਾਤਾ!।
ਤਊ ਸੁਨਹੁਂ ਹਮਰੋ ਬਿਰਤਾਂਤਾ।
ਦੇਸ਼ ਬਿਦੇਸ਼ਨਿ ਸੰਗਤਿ ਆਵਹਿ।
ਨਿਤ ਪ੍ਰਤਿ ਨਈ ਦਰਸ ਕਰਿ ਜਾਵਹਿ ॥੩੨॥
ਗੁਰ ਸਿੱਖਜਨ ਕੋ ਹੁਇ ਅਪਮਾਨਾ।
ਇਤੀ ਨ ਮੋ ਮਹਿਂ ਸ਼ਕਤਿ ਮਹਾਨਾਂ।
ਸਤਿਗੁਰ ਪਗ ਪੰਕਜ ਕੇ ਪ੍ਰੇਮੀ।
ਜਿਨ ਕੋ ਦਰਸ਼ਨ ਨਿਤ ਸੁਖ ਛੇਮੀ[1] "੩੩॥
ਬਰ ਅਰੁ ਸ੍ਰਾਪ ਸਫਲ ਜਿਨ ਕੇਰੇ।
ਤਿਨਹੁਂ ਪ੍ਰਸੰਨ ਕਰਨ ਇਛ ਮੇਰੇ।
ਭੱਲਜਨ ਕੁਲ ਭੂਖਨ ਕੇ ਦਾਸ[2]।
ਤਿਨ ਐਬੋ ਕਬਿ ਹੁਇ ਨ ਨਿਰਾਸੁ ॥੩੪॥
ਗਏ ਸੌਂਪ ਗੁਰ ਸੰਗਤਿ ਸਾਰੀ।

[1]ਕੱਲਜਾਨ ਕਰਨ ਵਾਲਾ ਹੈ।
[2]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਸਿੱਖ ਹਨ।

ਗਮਨਹਿਂ ਅਬਿ, ਅਨਬਨੀ ਬਿਚਾਰੀ।
ਭੀਰ ਹਜ਼ਾਰਹੁਂ ਨਰ ਕੀ ਰਹੈ।
ਸਭਿ ਕੋ ਖਰਚ ਕਹਾਂ ਨਿਰਬਹੈਂ ॥੩੫॥
ਜਬਿ ਬਰਾਤ ਪਹੁੰਚੇ ਤਹਿਂ ਜਾਇ।
ਸੰਗਤਿ ਮੇਲ ਹੋਹਿ ਸਮੁਦਾਇ।
ਕਿਮਿ ਸਮਧੀ[1] ਸਭਿ ਕਰਹਿਂ ਸੰਭਾਰੀ।
ਇੱਤਯਾਦਿਕ ਲਿਹੁ ਹੇਤ ਬਿਚਾਰੀ' ॥੩੬॥
ਜਥਾ ਜੋਗ ਸੁਨਿ ਬਚ ਸੰਹਾਰੀ।
ਬਿਨੈ ਸਨੀ[2] ਪੁਨ ਗਿਰਾ ਉਚਾਰੀ।
'ਉਚਿਤ ਆਪ ਸਭਿ ਮੋਹਿ ਸੁਨਾਈ।
ਅਬਿ ਭੀ ਸੰਗਤਿ ਹੈ ਸਮੁਦਾਈ ॥੩੭॥
ਅਨਗਨ ਆਇ ਭੀਰ ਬਡ ਹੋਈ।
ਪੁਨ ਗ੍ਰਾਮਨਿ ਕੇ ਸਿਖ ਸਭਿ ਕੋਈ।
ਤਹਾਂ ਗਏ ਸਮਧੀ ਹਠਿ ਧਰੈਂ।
ਭੋਜਨ ਸਭਿ ਕੋ ਨਿਜ ਘਰ ਕਰੈਂ ॥੩੮॥
ਸ਼ਕਤਿ ਨ ਏਤੀ, ਹੁਹਿਂ ਕਰਜ਼ਾਈ[3]।
ਹੈ ਅਨਬਨ ਮੈਂ ਭੀ ਲਖਿ ਪਾਈ।
ਤਊ ਆਪ ਮਮ ਆਵਨ ਜਾਨਹੁ।
ਕਰਹੁ ਸਫਲ ਬਿਨਤੀ ਇਮ ਮਾਨਹੁ ॥੩੯॥
ਅਪਨੇ ਪੁੱਤ੍ਰ ਪਠਹੁ ਮਮ ਸੰਗ।
ਹੋਵਹਿ ਸ਼ੁਭ ਕਾਰਜ ਸਰਬੰਗ।
ਮਮ ਅਰਜ਼ੀ ਤੁਮ ਮਰਜ਼ੀ ਅੰਤਰ।
ਰਾਵਰਿ ਗਰਜ਼ੀ[4] ਰਹੌਂ ਨਿਰੰਤਰ' ॥੪੦॥
ਸੁਨਿ ਸ਼੍ਰੀ ਰਾਮਦਾਸ ਸੁਖਰਾਸੀ।
ਪ੍ਰਿਥੀਆ ਪੁੱਤ੍ਰ ਬੁਲਾਇਵ ਪਾਸੀ।
ਨਿਜ ਬੰਧੁਨਿ ਕੀ ਰੀਤਿ ਸੁਨਾਈ।
'ਸ਼ਾਦੀ ਬਿਖੈ ਮਿਲਹਿਂ ਸਮੁਦਾਈ ॥੪੧॥
ਹਮਰੇ ਤਾਊ ਕੋ ਇਹੁ ਨੰਦਨ।

---
[1]ਕੁੜਮ।
[2]ਬੇਨਤੀ ਵਾਲੀ।
[3]ਕਰਜ਼ਾਈ ਹੋ ਜਾਣਗੇ (ਕੁੜਮ)।
[4]ਚਾਹਵਾਨ।

ਬਡੋ ਸਥਾਨ ਉਚਿਤ ਹੈ ਬੰਦਨ।
ਸੁਤ ਕੋ ਬਜਾਹੁ ਰਚਜੋ, ਚਲਿ ਆਇਵ।
ਤੁਝ ਕੋ ਉਚਿਤ ਸੰਗ ਇਹੁ ਜਾਇਵ ॥੪੨॥
ਸੋਢੀ ਕੁਲ ਸਭਿ ਬੰਧੁ ਹਮਾਰੇ।
ਮਿਲਹੁਂ ਤਹਾਂ ਜੋ ਜੋ ਹਿਤੁ ਧਾਰੇ।
ਕੇਤਿਕ ਦਿਵਸ ਰਹੋ ਲਵਪੁਰਿ ਮੈਂ।
ਆਵਹੁ ਪੁਨ ਇੱਛਾ ਜਬਿ ਉਰ ਮੈਂ ॥੪੩॥
ਅਪਨੀ ਧਰਮ ਸਾਲ ਸੁਧਿ ਲੇਹੁ।
ਜਥਾ ਜੋਗ ਸਭਿਹਿਨਿ ਕਹੁ ਦੇਹੁ।'
ਪਿਤ ਤੇ ਸੁਨਿ ਪ੍ਰਥੀਏ ਮਨ ਜਾਨੀ।
ਬਿਛੁਰਨਿ ਇਨ ਤੇ ਨੀਕ ਨ ਮਾਨੀ ॥੪੪॥
-ਰਹੇ ਸਮੀਪ ਪ੍ਰੇਮ ਬਿਰਧਾਵੈ।
ਦੂਰ ਬਸੌਂ ਕਬਿਹੂੰ ਚਿਤ ਆਵੈ।
ਰਹੈ ਸਹੋਦਰ ਪਿਤ ਕੇ ਪਾਸ।
ਸੰਗਤਿ ਕੇ ਨਿਤ ਨਏ ਹੁਲਾਸ ॥੪੫॥
ਦਰਬ ਸੰਭਾਰਨਿ ਮੈਂ ਸਭਿ ਕਰਿ ਹੌਂ।
ਕਿਤਿਕ ਪ੍ਰਿਥਕ ਕਰਿ[1] ਨਿਜ ਘਰ ਧਰਿ ਹੌਂ।
ਅਬਿ ਲਗਿ ਮੈਂ ਮਾਲਕ ਸਭਿ ਭੇਟਨਿ[2]।
ਆਵਹਿਂ ਨਿਤ ਸੋ ਕਰਹੁਂ ਸਮੇਟਨਿ- ॥੪੬॥
ਬਡੇ ਥਾਨ ਸੁਨਿ ਸੀਸ ਨਿਵਾਯਹੁ[3]।
'ਚਿਰ ਜੀਵਹੁ' ਆਸ਼ਿਖ ਕੋ ਪਾਯਹੁ।
ਕਿਤਿਕ ਕਾਲ ਹੁਇ ਮੌਨ ਬਿਚਾਰੈ।
-ਮਮ ਪਾਛੈ ਸਭਿ ਭ੍ਰਾਤ ਸੰਭਾਰੈ ॥੪੭॥
ਸਰਬ ਕਾਰ ਕੀ ਸੁਧਿ ਕੋ ਪਾਵਹਿ।
ਸੰਚਹਿ ਦਰਬ ਪਿਤਾ ਮਨ ਭਾਵਹਿ।
ਬਹੁਰੋ ਮੈਂ ਪਰ ਜਾਉਂ ਪਿਛਾਰੀ[4]।
ਲਘੁ ਭ੍ਰਾਤਾ ਹੁਇ ਜਾਹਿਂ ਅਗਾਰੀ ॥੪੮॥
ਧਨ ਗੁਰਤਾ ਆਦਿਕ ਮਹਿਂ ਸਾਰੇ।

---

[1]ਵੱਖਰਾ ਕਰਕੇ।
[2]ਸਾਰੀਆਂ ਭੇਟਾਂ ਦਾ।
[3](ਪ੍ਰਥੀਏ ਨੇ ਸੰਹਾਰੀ ਜੀ ਨੂੰ) ਸੀਸ ਨਿਵਾਕੇ (ਮੱਥਾ ਟੇਕਿਆ)।
[4]ਪਿੱਛੇ ਪੈ ਜਾਵਾਂਗਾ।

ਹੈ ਸੰਸਯ, ਕੋ ਲਿਯ ਨ ਸੰਭਾਰੇ।
ਗੁਰ ਘਰ ਮਹਿਂ ਨਿਸ਼ਚੈ ਨਹਿਂ ਕੋਈ।
ਲੇਤਿ ਅਪਰ ਅਧਿਕਾਰ ਨ ਜੋਈ[1] ॥੪੯॥
ਸੇਵਾ ਹੇਰਤਿ ਹੋਹਿਂ ਪ੍ਰਸੰਨ।
ਨਿਜ ਅਸਥਾਨ ਬਿਠਾਵਹਿਂ ਅੰਨ।
ਇੱਤਜਾਦਿਕ ਉਰ ਤਰਕ ਬਿਚਰਿਕੈ।
ਸਗਰੀ ਜੁਗਤਾ ਜੁਗਤਿ[2] ਨਿਹਰਿਕੈ ॥੫੦॥
ਗ੍ਰੀਵ ਨੀਵ ਕਰਿ ਰਹ੍ਯੋ ਬਿਚਾਰਤਿ।
ਪੁਨ ਸ਼੍ਰੀ ਗੁਰ ਪਿਤ ਸੰਗਿ ਉਚਾਰਤਿ।
'ਆਪ ਬਿਲੋਕਤਿ ਹੋ ਸਭਿ ਸਮੈ।
ਰਹਤਿ ਕਾਜ ਜਿਸ ਬਿਧਿ ਕੇ ਹਮੈ ॥੫੧॥
ਦੇਨਿ ਲੇਨਿ ਨਿਤਿ ਹੋਤਿ ਹਜ਼ਾਰਨਿ।
ਇਕ ਆਵਤਿ ਇਕ ਕਰਤਿ ਪਧਾਰਨ।
ਖਰਚ ਦੇਗ਼ ਕੋ ਸਦਾ ਸੰਭਾਰਤਿ।
ਲੇ ਕਰਿ ਅੰਨ ਰਾਸ[*] ਕੋ ਡਾਰਤਿ ॥੫੨॥
ਕਿਸ ਛਿਨ ਮਮ ਅਵਕਾਸ਼ੁ[3] ਨ ਜਾਨੋ।
ਕੈਸੇ ਬਨਹਿਂ ਤਹਾਂ ਮਮ ਜਾਨੋ?'
ਸਤਿਗੁਰ ਕਹ੍ਯੋ 'ਸੰਭਾਰਹਿ ਔਰ।
ਤੁਮ ਕੋ ਉਚਿਤ ਗਮਨ ਤਿਸ ਠੌਰ' ॥੫੩॥
'ਪਿਤੁ ਜੀ! ਤੁਮ ਹੋ ਵੇਪਰਵਾਹੂ।
ਹਾਨ ਨ ਲਾਭ ਲਖਹੁ ਮਨ ਮਾਂਹੂ।
ਮੁਝ ਤੇ ਜਾਯੋ ਜਾਇ ਨ ਤਹਾਂ।
ਨਿਤਿ ਮਗ ਤਾਮਸ[4+] ਹੋਵਤਿ ਮਹਾਂ ॥੫੪॥
ਮਹਾਂ ਕੁਲਾਹਲ ਬੀਚ ਬਰਾਤ।
ਮੋਹਿ ਸੁਹਾਇ ਨ ਰਹਿ ਚਿਤ ਸ਼ਾਂਤਿ।'
ਪ੍ਰਿਥਕ ਸੁ ਪ੍ਰਿਥੀਆ ਪ੍ਰਿਥਮ ਸੁਨਾਈ[5]।

---

[1]ਜਿਸਦਾ ਅਧਿਕਾਰ ਵੀ ਨਹੀਂ ਹੁੰਦਾ।
[2]ਯੋਗ ਅਯੋਗ। ਵਾਜਬ ਨਾਵਾਜਬ [ਯੁਕ੍ਤਿ ਅਯੁਕ੍ਤਿ] (ਅ) ਯੁਕਤੀ ਸਹਤ, ਵਾਜਬ, [ਸੰਸ;, ਯੁਕ੍ਤਿਯੁਕ੍ਤ]
[*]ਪਾ:-ਰਸਦ।
[3]ਵੇਹਲ।
[4]ਪੈਂਡੇ ਵਿਚ ਗਰਮੀ।
[+]ਪਾ:-ਮਗਤਾਸ਼੍ਰਮ।
[5](ਇਹ ਗੱਲ ਜੋ) ਪ੍ਰਿਥੀਏ ਨੇ ਸੁਣਾਈ। (ਉਸ ਦੇ ਮਨ ਦੇ ਗੁਰੂ ਰਜ਼ਾ ਤੋਂ) ਵਖਰੇ ਹੋਣ ਦੀ ਪਹਿਲੀ ਗੱਲ ਸੀ।

ਨਹਿਂ ਮਾਨਜੋ ਪਿਤ ਬਾਕ ਟਲਾਈ ॥੫੫॥
ਸੁਤ ਚਿਤ ਭੀ ਸਭਿ ਜਾਨਿ ਖੁਟਾਈ।
ਹੋਏ ਤੂਸ਼ਨਿ ਗੁਰੁ ਗੋਸਾਈਂ।
ਪੁਨ ਲਘੁ ਨੰਦਨ ਤੀਰ ਹਕਾਰੇ।
ਪਰਖਤਿ ਕੋ ਆਇਸੁ ਅਨੁਸਾਰੇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ ‘ਸੰਹਾਰੀ’ ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥੧੫॥

੧੬. [ਸ੍ਰੀ ਅਰਜਨ ਦੇਵ ਜੀ ਤਾਏ ਸੰਹਾਰੀ ਜੀ ਨਾਲ ਲਾਹੌਰ ਗਏ]

੧੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੭

ਦੋਹਰਾ: ਦੋਨਹੁਂ ਪੁੱਤ੍ਰ ਸਮੀਪ ਪਿਤ, ਆਨਿ ਬੰਦਨਾ ਕੀਨਿ।
ਸੰਹਾਰੀ ਕੋ ਨਮੋ ਕਿਯ ਤਿਨ, ਪਿਖਿ ਆਸ਼ਿਖ ਦੀਨ ॥੧॥
ਚੌਪਈ: ਮਹਾਂਦੇਵ ਕੇ ਸੰਗ ਉਚਾਰਾ।
'ਜਾਹੁ ਬਜਾਹੁ ਪਿਖਿ ਭ੍ਰਾਤ ਤੁਮਾਰਾ।
ਲਵਪੁਰਿ ਮਹਿਂ ਇਸ ਕੇ ਸੰਗ ਜਾਇ।
ਮਿਲੋ ਤਹਾਂ ਬੰਧੁ ਸਮੁਦਾਇ' ॥੨॥
ਸੁਨਿ ਕਰਿ ਬੋਲਯੋ ਮਸਤ ਸੁਭਾਊ।
'ਕੋ[1] ਬੰਧੁ ਕਿਸ ਕੋ? ਕਿਤ ਜਾਊਂ?
ਨਹਿਂ ਮੇਰੀ ਕਿਸ ਸਾਥ ਚਿਨਾਰੀ।
ਨਹਿਂ ਚਾਹੌਂ ਮੈਂ ਕਰਨ ਅਗਾਰੀ ॥੩॥
ਤਜਾ ਸਨਬੰਧੁਨਿ ਕੀ[2] ਗਤਿ ਅਹੈ?
ਅਪਨੋ ਹਿਤ ਸਭਿ ਹੇਰਤਿ ਰਹੈਂ।
ਦਰਬ ਹੀਨ ਪਖਿ ਹੋਹਿਂ ਨ ਨੇਰੇ।
ਧਨੀ ਪੁਰਸ਼ ਕੇ ਬਨਹਿਂ ਘਨੇਰੇ ॥੪॥
ਮੋ ਤੇ ਨਹਿਂ ਤਹਿਂ ਜਾਯਹੁ ਜਾਇ।
ਆਵਨ ਜਾਵਨ ਸ਼੍ਰਮ ਕੋ ਪਾਇ।'
ਇਮ ਕਹਿ ਮੌਨ ਰਹਯੋ ਤਿਸ ਕਾਲ।
ਜੁਗਮ ਪੁੱਤ੍ਰ ਇਮ ਹੇਰਿ ਕ੍ਰਿਪਾਲ ॥੫॥
-ਨਹਿਂ ਆਗਯਾ ਕੋ ਮਾਨਹਿਂ ਮੇਰੀ।
ਜਾਨਤਿ ਅਪੁਨੀ ਸੁਮਤਿ ਬਡੇਰੀ-।
ਤਬਿ ਸ਼੍ਰੀ ਅਰਜਨ ਕੀ ਦਿਸ਼ ਦੇਖਾ।
ਜਿਨ ਕੋ ਮ੍ਰਿਦੁਲ ਸੁਸ਼ੀਲ ਵਿਸ਼ੇਸ਼ਾ ॥੬॥
ਪਿਤ ਕੇ ਸਨਮੁਖ ਪਿਖਹਿਂ ਨ ਸੋਇ।
ਪ੍ਰਤਿ ਉੱਤਰ ਕਹਿਬੋ ਕਿਮਿ ਹੋਇ।
ਕਰ ਜੋਰੇ ਥਿਰ ਨੰਮ੍ਰਿ ਅਗਾਰੀ।
'ਸੁਤ ਅਰਜਨ! ਬਨਿ ਆਇਸੁਕਾਰੀ[3] ॥੭॥
ਨਿਜ ਤਾਊ ਕੇ ਸੰਗਿ ਸਿਧਾਵਹੁ।

---

[1] ਕੌਣ ਹੈ।
[2] ਸਾਕਾਂ ਦੀ।
[3] ਆਗਯਾਕਾਰ।

ਭ੍ਰਾਤ ਬਜਾਹੁ ਮਹਿਂ ਮਿਲਿ ਹਰਖਾਵਹੁ।
ਬੰਧੁਨਿ ਕੀ ਪੰਕਤਿ ਮਹਿਂ ਜਾਇ।
ਉਤਸਵ ਪਿਖਹੁ ਹੋਹਿ ਜਿਸ ਭਾਇ ॥੮॥
ਏਕ ਮਾਸੁ ਤੌ ਇਨ ਸੰਗ ਰਹੋ।
ਪੁਨ ਧ੍ਰਮਸਾਲ ਆਪਨੀ ਬਹੋ।
ਸਭਿ ਬਿਵਹਾਰ ਬਿਲੋਕਿ ਚਲਾਵਹੁ।
ਸਭਿ ਸੰਗਤਿ ਸਤਿਨਾਮੁ ਜਪਾਵਹੁ ॥੯॥
ਜਬਿ ਹਮ ਤੁਮ ਕਹੁ ਬੋਲਿ ਪਠਾਵਹਿਂ।
ਲਿਖਹਿਂ ਪੱਤ੍ਰਿਕਾ ਪ੍ਰੇਮ ਬਢਾਵਹਿਂ।
ਤਬਿ ਹਮਰੀ ਦਿਸ਼ ਆਵਨਿ ਕਰੋ।
ਨਾਂਹਿ ਤ ਤਾਵਦ[1] ਤਿਸ ਪੁਰਿ ਥਿਰੋ' ॥੧੦॥
ਪਿਤਾ ਗੁਰੂ ਤੇ ਸੁਨਿ ਕਰਿ ਮਾਨੇ।
ਹਾਥ ਜੋਰ ਕਰਿ ਬਾਕ ਬਖਾਨੇ।
'ਇਹ ਤੋ ਸੁਗਮ ਕਾਜ ਮਹਿਂ ਮੋਹਿ[2]।
ਪਠਹੁ ਆਪ ਜਹਿਂ ਆਨੰਦ ਹੋਹਿ ॥੧੧॥
ਜਹਿਂ ਜਾਵਨ ਮਹਿਂ ਜੀਵਨ ਸੰਸੈ।
ਤਹਿਂ ਆਇਸੁ ਮੁਝ ਦੇਹੁ ਨਿਸੰਸੈ।
ਦੇਰ ਨ ਕਰੋਂ ਪਿਤਾ ਜੀ ਉਹਾਂ।
ਪ੍ਰਾਨ ਦੇਉਂ ਮੈਂ ਤੂਰਨ ਤਹਾਂ' ॥੧੨॥
ਕਹਿ ਸ਼੍ਰੀ ਅਰਜਨ ਸਰਲ ਸੁਭਾਊ।
ਭਏ ਤਯਾਰ ਚਲਿਬੇ ਸੰਗ ਤਾਊ।
ਜਨਨੀ ਭਾਨੀ ਢਿਗ ਤਬਿ ਗਏ।
ਚਲਨ ਬ੍ਰਿਤਾਂਤ ਸਗਲ ਕਹਿ ਦਏ ॥੧੩॥
ਕਰਯੋ ਸਨੇਹ ਅੰਕ ਬੈਠਾਰੇ।
ਮਸਤਕ ਸੂੰਘਤਿ ਭਾਗ ਉਦਾਰੇ।
'ਸੁਨਹੁ ਪੁੱਤ੍ਰ! ਪਿਤੁ ਆਇਸੁ ਕਰੋ।
ਇਸ ਮਹਿਂ ਨਿਜ ਹਿਤ ਨਿਤਿ ਅਨੁਸਰੋ ॥੧੪॥
ਨਾਂਹਿ ਤ ਗੁਰਤਾ ਘਰ ਤੇ ਜਾਵਹਿ।
ਸੇਵਾ ਕਰਹਿ ਦਾਸ ਕੋ ਪਾਵਹਿ।
ਪ੍ਰਿਥੀਏ ਕੋ ਸੁਭਾਉ ਅਹੰਕਾਰੀ।

[1]ਤਦ ਤਕ।
[2]ਸੌਖੇ ਕੰਮ ਵਿਚ ਮੈਨੂੰ।

ਨਹੀਂ ਰਹਤਿ ਪਿਤ ਕੇ ਅਨੁਸਾਰੀ ॥੧੫॥
ਮਹਾਂਦੇਵ ਕੋ ਮਸਤ ਸੁਭਾਊ।
ਹਾਨ ਲਾਭ ਕੋ ਲਖੈ ਨ ਕਾਊ।
ਇਕ ਤੇਰੇ ਪਰ ਮੋਹਿ ਭਰੋਸਾ।
ਗੁਰਤਾ ਲੇਂ, ਗੁਨ ਜੁਕਤਿ ਅਦੋਸ਼ਾ! ॥੧੬॥
ਹੇ ਸੁਤ! ਸ਼੍ਰੀ ਨਾਨਕ ਜੀ ਆਦਿ।
ਦਈ ਦਾਸ ਕਹੁ ਕਿਯ ਅਹਿਲਾਦ।
ਤਿਮ ਸ਼੍ਰੀ ਅੰਗਦ ਅਰੁ ਪਿਤ ਮੇਰੇ।
ਦੇਤਿ ਭਏ ਪਿਖਿ ਸੇਵ ਘਨੇਰੇ ॥੧੭॥
ਤਿਨ ਕੇ ਸਮ ਤੁਮ ਘਾਲਹੁ ਘਾਲ।
ਆਇਸੁ ਅਨੁਸਾਰੀ ਸਭਿ ਕਾਲ।
ਨਹੀਂ ਗੁਰਨਿ ਕੈ ਮੋਹ ਕਦਾਈ।
ਰੀਝਹਿਂ ਸੇਵਕ, ਦੇਂ ਬਡਿਆਈ ॥੧੮॥
ਇਸ ਚਿੰਤਾ ਮਹਿਂ ਚਿਤ ਨਿਤਿ ਮੇਰੋ।
ਤੋ ਪਰ ਏਕ ਭਰੋਸਾ ਹੇਰੋਂ।
ਰਹੀ ਸੁ ਪ੍ਰਿਥੀਏ ਕੋ ਸਮੁਝਾਇ।
ਨਹਿਂ ਮਾਨਹਿ ਅਹੰਕਾਰ ਕਰਾਇ ॥੧੯॥
ਹਾਥਨਿ ਕੋ ਮੀਂਡਤ ਰਹਿ ਜੈਹੈ[1]।
ਗੁਰਤਾ ਅਪਰ ਸੇਵ ਕਰਿ ਲੈ ਹੈ।
ਮੈਂ ਤੁਮ ਆਸ਼ਿਖ ਕਰਵਿ ਉਚਾਰੀ।
ਰਹੋ ਸਦਾ ਪਿਤ ਕੇ ਅਨੁਸਾਰੀ' ॥੨੦॥
ਇਮ ਸਮੁਝਾਇ ਨੈਨ ਜਲ ਭਰੇ।
'ਜਾਹੁ ਪੁੱਤ੍ਰ!' ਆਇਸੁ ਅਸ ਕਰੇ।
ਸਾਦਰ ਸੀਖ ਮਾਤ ਕੀ ਮਾਨੀ।
ਸੀਸ ਨੰਮ੍ਰਿ ਕਰਿ ਬੰਦਨ ਠਾਨੀ ॥੨੧॥
ਬਿਦਾ ਹੋਇ ਜਨਨੀ ਤੇ ਨਿਕਸੇ।
ਕਮਲ ਪੱਤ੍ਰ ਸੇ ਲੋਚਨ ਬਿਕਸੇ।
ਬਹੁਰ ਪਿਤਾ ਕੋ ਕਰਿ ਕੈ ਨਮੋ।
ਤਊ ਸੰਗ ਚਲੇ ਤਿਹ ਸਮੋ ॥੨੨॥
ਦੋਨਹੁਂ ਭ੍ਰਾਤਨਿ* ਕੋ ਕਰਿ ਬੰਦਨ।

---
[1]ਹੱਥ ਮਲਦਾ ਰਹਿ ਜਾਏਗਾ।
*ਪਾ:-ਮਾਤੁਲ = ਮਾਮੇ।

ਚਲੇ ਸਕਟ ਆਰੂਢਿ ਸੁਛੰਦਨ।
ਸਭਿ ਮਗ ਸਨੈ ਸਨੈ ਕਰਿ ਛੋਰਾ।
ਜਾਇ ਪ੍ਰਵੇਸ਼ੇ ਪੁਰੀ ਲਹੌਰਾ ॥੨੩॥
ਰਚਜੋ ਬਜਾਹੁ ਸੁਤ ਕੋ ਸੰਹਾਰੀ।
ਸ਼੍ਰੀ ਅਰਜਨ ਮਿਲਿ ਨਰ ਕੁਲ ਸਾਰੀ[1]।
ਜਥਾ ਜੋਗ ਸਭਿ ਕੋ ਹਰਖਾਯਹੁ।
ਗਏ ਬਰਾਤ ਸੰਗ ਸੁਖ ਪਾਯਹੁ ॥੨੪॥
ਜਬਿ ਲਗ ਤਿਨ ਕੇ ਕਾਰਜ ਭਯੋ।
ਤਬਿ ਲਗ ਬਾਸ ਤਿਨਹੁਂ ਕੇ ਕਯੋ।
ਪੁਨ ਅਪੁਨੀ ਧ੍ਰਮਸਾਲਾ ਥਿਰੇ।
ਸਭਿ ਸੰਗਤਿ ਸਿਖ ਆਨੰਦ ਭਰੇ ॥੨੫॥
ਕਰਤਿ ਪ੍ਰਤੀਖਨ ਪੱਤ੍ਰੀ ਪਿਤਾ ਕੀ।
ਪਗ ਪੰਕਜ ਮਹਿਂ ਪ੍ਰੀਤੀ ਚਿਤ ਕੀ।
ਨਿਸ ਬਾਸੁਰਿ ਸਿੰਮ੍ਰਤ ਹੀ ਬੀਤੇ।
ਸੁਜਸ ਉਚਾਰਤਿ ਸੰਗਤ ਥੀਤੇ[2] ॥੨੬॥
ਪ੍ਰੇਮ ਪ੍ਰਵਾਹ ਵਰਧਤੋ ਜਾਇ।
ਦਰਸ਼ਨ ਕਰਿਬੇ ਕੋ ਅਕਲਾਇਂ।
ਖਾਨ ਪਾਨ ਸੁਖ ਸੋਵਨ ਕਰਿਬੋ।
ਸਨੇ ਸਨੇ ਇਨ ਕੋ[*] ਪਰਹਰਿਬੋ[3] ॥੨੭॥
ਸਤਿਗੁਰ ਪਿਤਾ ਸੁਸ਼ੀਲ ਬਿਸਾਲ।
ਕਰਹਿਂ ਸਰਾਹਨ ਸਭਿ ਹੀ ਕਾਲ।
ਬੀਤ ਗਏ ਇਮੁ ਕਿਤਿਕ ਮਹੀਨੇ।
ਕਰਤਿ ਪ੍ਰਤੀਖਨ ਪ੍ਰੇਮ ਪ੍ਰਬੀਨੇ ॥੨੮॥
ਰਾਮਦਾਸ ਸ਼੍ਰੀ ਸਤਿਗੁਰ ਪਿਤਾ।
ਇਨਹੁਂ ਨ ਸਿਮਰਜੋ ਪਰਖਨ ਹਿਤਾ।
ਪ੍ਰਿਥੀਆ ਰਹੈ ਪਾਸ ਨਿਸ ਦਿਨ ਮੈਂ।
ਜਾਨਹਿ ਬਡੋ ਆਪ ਕੋ ਮਨ ਮੈਂ ॥੨੯॥
-ਪਿਤ ਪਾਛੈ ਮੈਂ ਲੈ ਗੁਰ ਗਾਦੀ।

---
[1]ਸਾਰੀ ਕੁਲ ਦੇ ਆਦਮੀਆਂ ਨੂੰ।
[2]ਸੰਗਤ ਵਿਚ ਬੈਠਕੇ।
[*]ਪਾ:-ਇਨਕੇਰ।
[3]ਛੁੱਟ ਗਿਆ।

ਕਰੌਂ ਸਦਾ ਮਨ ਭਾਵਤਿ ਸ਼ਾਦੀ।
ਹਮਰੇ ਘਰ ਮਹਿਂ ਸਭਿ ਬਡਿਆਈ।
ਲੋਕ ਹਜ਼ਾਰਹੁਂ ਪਰਤੇ ਪਾਈ[1]- ॥੩੦॥
ਦਰਬ ਛੁਪਾਵਤਿ ਨਿਤਪ੍ਰਤਿ ਨਜਾਰੇ[2]।
ਸਰਬ ਰੀਤਿ ਤੇ ਉਰ ਹੰਕਾਰੇ।
ਕੋ ਕੌ ਮਾਨਹਿਂ[3] ਪਿਤ ਕੀ ਬਾਤ।
ਨਾਂਹਿ ਤ ਉੱਤਰ ਦੇਤਿ ਰਿਸਾਤਿ ॥੩੧॥
ਹੋਇ ਸੁਤੰਤ੍ਰ ਕਰਹਿ ਬਿਵਹਾਰ।
ਬਹੁਤ ਲੋਕ ਜਿਸ ਕਰਤਿ[+] ਜੁਹਾਰੁ[4]।
ਜਿਤੇ ਮਸੰਦ ਗੁਰੂ ਅਗੁਵਾਈ।
ਸਭਿ ਪ੍ਰਿਥੀਏ ਅਨੁਸਾਰ ਰਹਾਈ ॥੩੨॥
ਕਿਤੇ ਮਸੰਦ ਆਪ ਹੀ ਕਰੈਂ।
ਸੰਗਤਿ ਤੇ ਆਨਹਿਂ ਧਨ ਧਰੈਂ।
ਸਤਿਗੁਰ ਅਤਿ ਸੁਸ਼ੀਲ ਜਨ ਓਟਾ[5]।
ਪ੍ਰਿਥੀਏ ਕੋ ਸੁਭਾਉ ਲਖਿ ਖੋਟਾ ॥੩੩॥
ਨਹੀਂ ਹਟਾਵਹਿਂ ਤੂਸ਼ਨਿ ਰਹੈਂ।
ਸ਼੍ਰੀ ਮੁਖ ਤੇ ਸ਼ੁਭ ਨਹਿਂ ਤਿਸ ਕਹੈਂ।
ਗੁਰਤਾ ਉਚਿਤ ਪਛਾਨਹਿ ਨਾਂਹੀ।
-ਜਲ ਸਮ ਟਿਕਹਿ ਨੰਮ੍ਰਿ ਥਲ ਮਾਂਹੀ[6] ॥੩੪॥
ਇਸ ਕੇ ਉਰ ਹੰਕਾਰ ਬਡੇਰਾ।
ਜਿਮੁ ਟਿੱਬਾ ਕਿਤਿ ਹੋਤਿ ਉਚੇਰਾ-।
ਯਾਂ ਤੇ ਤਿਸੁ ਤੇ ਰਹੈਂ ਉਦਾਸਿ।
ਗੁਰ ਮਹਿਮਾ ਨ ਲਖੈ ਰਹਿ ਪਾਸ ॥੩੫॥
ਜਿਮੁ ਤੀਰਥ ਕੇ ਨਿਕਟਿ ਰਹੰਤਾ।
'ਹਮ ਤੇ ਮਹਿਮਾ' ਕਹਿ ਗਰਬੰਤਾ[7]।

---

[1]ਚਰਨੀ ਪੈਂਦੇ ਹਨ।
[2]ਅੱਡਰਾ।
[3]ਕੋਈ ਕੋਈ ਗੱਲ ਮੰਨ ਲੈਂਦਾ ਹੈ।
[+]ਪਾ:-ਨਿਮਹਿਂ।
[4]ਨਮਸਕਾਰ।
[5]ਦਾਸਾਂ ਦੀ ਓਟ।
[6](ਜੋ ਗੁਰਜਾਈ ਕਿ) ਜਲ ਵਾਂਗ ਨੀਵੇਂ ਥਾਂ ਟਿਕਦੀ ਹੈ।
[7]ਜਿਵੇਂ ਤੀਰਥ ਦੇ ਨੇੜੇ ਰਹਿਣ ਵਾਲਾ ਕਹੇ ਕਿ ਮੇਰੇ ਕਰ (ਇਸ ਤੀਰਥ) ਦੀ ਮਹਿਮਾਂ ਹੈ (ਇਸ ਤਰ੍ਹਾਂ) ਕਹਿਕੇ ਹੰਕਾਰ ਕਰੇ।

ਤਿਮਿ ਪ੍ਰਿਥੀਏ ਮਨੁ ਮਾਨ ਘਨੇਰਾ।
ਨਹੀਂ ਨੰਮ੍ਰਤਾ ਕੋ ਕਰਿ ਨੇਰਾ[1] ॥੩੬॥
ਮਹਾਂਦੇਵ ਕੋ ਮਸਤ ਸੁਭਾਊ।
ਰਹੈ ਮੌਨ ਧਰਿ ਕਹੈ ਨ ਕਾਊ।
ਕਬਿ ਕਬਿ ਗੁਰ ਸਮੀਪ ਚਲਿ ਆਵਹਿ।
ਅਪਰ ਥਾਨ ਹੀ ਦਿਵਸੁ ਬਤਾਵੈ ॥੩੭॥
ਰਾਮਦਾਸ ਸਤਿਗੁਰੂ ਪ੍ਰਬੀਨੇ।
ਪਰਖਨ ਕੀਨ ਸੁ ਨੰਦਨ ਤੀਨੇ।
ਸ਼੍ਰੀ ਅਰਜਨ ਲਵਪੁਰਿ ਮੈਂ ਰਹੈਂ।
ਕਬਿ ਨ ਸੰਦੇਸੋ ਲਿਖਿ ਪਠ ਕਹੇਂ[2]* ॥੩੮॥
ਤਿਨ ਕੇ ਉਰ ਨਿਤ ਪ੍ਰੇਮ ਪ੍ਰਵਾਹੂ।
ਬਧਤਿ ਜਥਾ ਨਦਿ ਪਾਵਸ ਮਾਂਹੂ[3]।
ਸਿਮਰਹਿਂ ਸਾਸਿ ਸਾਸਿ ਪਿਤ ਗੁਰ ਕੋ।
-ਕਬਿ ਦਰਸ਼ਨ ਦੇ ਕਰਿ[4] ਸੁਖ ਉਰ ਕੋ- ॥੩੯॥
ਰਾਗਨ ਬਿਖੈ ਸ਼ਬਦ ਕੋ ਗਾਵੈਂ।
ਮਹਾਂ ਪ੍ਰੀਤਿ ਤੇ ਚਿਤ ਉਮਗਾਵੈਂ।
ਲੋਚਨ ਭਰੇ ਨੀਰ ਝਲਕਾਵੈਂ।
ਹੋਤਿ ਰੁਮੰਚ ਮਹਾਂ ਅਕੁਲਾਵੈਂ ॥੪੦॥
ਬਿਰਹਿ ਪੀਰ ਤੇ ਪੀਰੋ ਰੰਗੁ।
ਦੁਰਬਲ ਹੋਏ ਸਗਰੇ ਅੰਗੁ।
-ਮੋਹਿ ਬਿਸਾਰਜੋ ਸਤਿਗੁਰ ਸ੍ਵਾਮੀ।
ਯਾਦ ਨ ਕੀਨਸਿ ਅੰਤਰਜਾਮੀ ॥੪੧॥
ਜਾਉਂ ਆਪ ਤੇ[5] ਸ਼ਕਤਿ ਨ ਐਸੇ।
ਪਿਤ ਕੇ ਬਾਕ ਨ ਉਲੰਘਵ ਕੈਸੇ।
'ਹਮਰੇ ਕਹੈ ਆਵਨੋ ਇਤੇ[6]'-।
ਤਿਸੀ ਬਚਨ ਕੋ ਪੁਨ ਪੁਨ ਚਿਤੈਂ ॥੪੨॥

---

[1]ਨਿਮ੍ਰੰਤਾ ਨੂੰ ਨੇੜੇ ਨਹੀਂ ਆਉਣ ਦੇਂਦਾ।
[2]ਕਹਿਕੇ ਯਾ ਲਿਖਕੇ ਸੰਦੇਸਾ ਕਦੇ ਨਹੀਂ ਘਲਿਆ।
*ਪਾ:-ਪਿਤ ਚਹੈ।
[3]ਨਦੀ ਬਰਸਾਤ ਵਿਚ।
[4]ਕਰੈਂ, ਕਰਨਗੇ।
[5]ਆਪਣੇ ਆਪ।
[6]ਸਾਡੇ ਕਹਿਆਂ ਇਧਰ ਆਵਣਾਂ।

ਜਥਾ ਪਿੰਜਰੇ ਪੰਖੀ ਪਾਯੋ।
ਤਿਮ ਆਇਸੁ ਮਹਿਂ ਫਸ ਨਹਿਂ ਆਯੋ[1]।
ਦੀਰਘ ਸ੍ਵਾਸ ਲੇਤਿ ਬਹੁ ਬਾਰੇ।
-ਮੋ ਕਹੁ ਕਰਜੋ ਸਦਨ[+] ਤੇ ਨਜਾਰੇ- ॥੪੩॥
ਕਬਿ ਗਾਵਤਿ ਗਦ ਗਦ ਸੁਰ ਹੋਵਤਿ।
ਪਿਤਾ ਪਰਮ ਪ੍ਰਿਯ ਨਿਕਟ ਨ ਜੋਵਤਿ।
ਕਬਿ ਸੰਗਤਿ ਮਹਿਂ ਗੁਰ ਗੁਨ ਕਹੈਂ।
ਕਮਲ ਬਿਲੋਚਨ ਤੇ ਜਲ ਬਹੈ ॥੪੪॥
ਇਸ ਪ੍ਰਕਾਰ ਥਿਤ ਰਹੇ ਲਹੌਰ।
ਨਿਤ ਸਿਮਰਤਿ ਸੋਢੀ ਸਿਰਮੌਰ।
ਬਿਰਹਿ ਬਹੁਤ ਤੇ ਬਜਾਕੁਲ ਬਨੈ।
ਪਾਇਂ ਕਹਾਂ ਸੁਖ, ਮਿਲਿਬੇ ਬਿਨੈ[2] ॥੪੫॥
ਇਤ ਸਤਿਗੁਰ ਕਬਿ ਗੋਇੰਦਵਾਲ।
ਬਸਹਿਂ ਸੰਗਤਾਂ ਸੰਗ ਬਿਸਾਲ।
ਸੁਧਾ ਸਰੋਵਰ ਕਬਹੂੰ ਰਹੈਂ।
ਬਹੁ ਸਿੱਖਜਨ ਕੀ ਦੁਰਮਤਿ ਦਹੈਂ ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ ਸ੍ਰੀ ਅਰਜਨ ਲਹੌਰ ਗਮਨ ਪ੍ਰਸੰਗ ਬਰਨਨੰ ਨਾਮ ਖੋੜਤਸ[++] ਅੰਸੂ ॥੧੬॥

---

[1]ਭਾਵ ਆਗਿਆ ਦੇ ਅਨੁਸਾਰੀ ਹੋ ਕੇ ਨਹੀਂ ਆਏ।
[+]ਪਾ:-ਸਭਿਨਿ
[2]ਮਿਲੇ ਬਿਨਾਂ।
[++]ਪਾ:-ਖਸ਼੍ਵਦਸ਼ਮੋ।

੧੭. [ਭਾ: ਤੀਰਥਾ, ਬਿਸ਼ਨਦਾਸ, ਮਾਣਕ ਚੰਦ, ਪਾਦਰਥਾ, ਤਾਰੂ ਭਾਰੂ ਪ੍ਰਤਿ ਉਪਦੇਸ਼]

੧੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੮

ਦੋਹਰਾ: ਸਭਰਵਾਲ ਸਿਖ ਤੀਰਥਾ[1],
ਆਇ ਗੁਰੂ ਕੇ ਪਾਸ।
ਨਮਸਕਾਰ ਕਰਿ ਬੈਠਿਗਾ,
ਧਰਹਿ ਸ਼੍ਰੇਯ ਕੀ ਆਸ ॥੧॥
ਚੌਪਈ: 'ਸ਼੍ਰੀ ਗੁਰ! ਮੈਂ ਆਯੋ ਤੁਵ ਸ਼ਰਨੀ।
ਸ਼੍ਰੇਯ ਦੇ ਜੁ ਉਪਦੇਸ਼ਹੁ ਕਰਨੀ[2]।
ਰਾਵਰਿ ਮੁਖ ਤੇ ਸੁਨਹਿਂ ਜੁ ਬੈਨ।
ਬਿਨਸਹਿਂ ਪਾਪ ਹੋਤਿ ਚਿਤ ਚੈਨ' ॥੨॥
ਤਬਿ ਸ੍ਰੀ ਰਾਮਦਾਸ ਉਪਦੇਸ਼ਾ।
-ਸਚੁ ਸਮ ਅਪਰ ਨ ਪੁੰਨ ਵਿਸ਼ੇਸ਼ਾ।
ਸਚੁ ਸਰੂਪ ਪਰਮੇਸ਼ੁਰ ਕੇਰਾ।
ਸਚੁ ਤੇ ਪਾਯਹਿ ਸਾਚੁ ਬਸੇਰਾ ॥੩॥
ਦੁਹਿ ਲੋਕਨ ਮਹਿਂ ਸੁਖ ਲਹਿ ਸਾਚੋ।
ਸੁਰ ਸਨਮਾਨਿਹ ਜੋ ਸਾਚੁ ਰਾਚੋ।
ਸਾਚੁ ਪੁਰਖ ਕੇ ਸਤਿਗੁਰ ਸੰਗੀ।
ਬਡਿ ਪੁੰਨਨਿ ਤੇ ਸਾਚੁ ਪ੍ਰਸੰਗੀ[3] ॥੪॥
ਸੁਮਤਿ ਬਿਚਾਰੁ ਸਾਚੁ ਹੀ ਕਹੈਂ।
ਸੂਖਮ ਭੇਦ ਏਕ ਇਮੁ ਲਹੈਂ।
ਸਾਚੁ ਕਹੇ ਕਿਸ ਕੋ ਹੁਇ ਬੁਰੋ।
ਤਹਾਂ ਕੂਰ ਕਹਿ, ਸਚੁ ਪਰਹਰੋ ॥੫॥
ਇਸ ਪਰ ਇਕ ਪ੍ਰਸੰਗ ਸੁਨਿ ਲੇਹੂ।
ਨਿਰਨੈ ਕਰਿ ਪੁਨ ਕਹਨਿ[*] ਕਰੇਹੂ[4]।
ਥਿਰਯੋ ਸਾਧ ਇਕ ਨ੍ਰਿਪ ਕੇ ਦ੍ਵਾਰੇ।
ਬੈਠੇ ਕੇਤਿਕ ਮਾਸ ਗੁਜ਼ਾਰੇ ॥੬॥
ਸੋ ਨ੍ਰਿਪ ਪੁੱਤ੍ਰ ਬਜਾਹੁ ਕਰਿ ਆਯੋ।
ਸਰਬ ਪ੍ਰਕਾਰ ਉਛਾਹੁ ਵਧਾਯੋ।

---

[1]ਤੀਰਥਾ ਨਾਮੇ ਸੱਭਰਵਾਲ ਜਾਤਿ ਦਾ ਖਤਰੀ।
[2]ਜੋ ਕਰਨੀ ਮੁਕਤੀ ਦੇਵੇ ਉਹ ਉਪਦੇਸ਼ੋ।
[3]ਮੇਲੀ।
[*]ਪਾ:-ਗ੍ਰਹਿਨ।
[4]ਭਾਵ ਆਖੇ।

ਰਾਜ ਕੁਅਰ ਇਕ ਮੰਦਰ ਮਾਂਹੂ।
ਲੇ ਕਰਿ ਬਧੂ ਸੁਪਤਿ ਭਾ ਤਾਂਹੂ ॥੭॥
ਕਿਤਿਕ ਰਾਤਿ ਬੀਤੇ ਸੁਖ ਪਾਈ।
ਤਾਂਹਿ ਬਧੂ ਕੋ ਨੀਂਦ ਨ ਆਈ।
ਜਮਧਰ ਹੁਤੀ ਸਿਰਾਨੇ ਧਰੀ।
ਲੇ ਤ੍ਰਿਯ ਨੇ ਸੋ ਦੇਖਨਿ ਕਰੀ ॥੮॥
ਅਤਿ ਤੀਛਨ ਹੇਰੀ ਲੇ ਹਾਥ।
ਪਰਜੋ ਸੁਪਤ ਸਾਥੈ ਤਿਸ ਨਾਥ।
ਛੁਟੀ ਅਚਾਨਕ ਕਰ ਤੇ ਜਬੈ।
ਗਿਰੀ ਉਦਰ ਪਰ ਧਸਿਗੀ ਤਬੈ ॥੯॥
ਨ੍ਰਿਪ ਸੁਤ ਮ੍ਰਿਤਕ ਭਯੋ ਤਤਕਾਲ।
ਚਿੰਤਾਤੁਰ ਤ੍ਰਿਯ ਰਿਦੈ ਬਿਸਾਲ।
ਭਈ ਪ੍ਰਾਤਿ ਪਿਖਿ ਕੈ ਨ੍ਰਿਪ ਜਾਨਜੋ।
ਸਭਿਨਿ ਸਾਥ ਤਬਿ ਬਧੂ ਬਖਾਨਜੋ ॥੧੦॥
'ਇਹੁ ਜੋ ਸਾਧ ਰੂਪ ਕਰਿ ਥਿਰਜੋ।
ਆਇ ਇਹਾਂ ਪਤਿ ਕੋ ਹਤਿ ਕਰਜੋ।'
ਸੁਨ ਭੂਪਤਿ ਰੋਦਤਿ ਬਿਰਲਾਪਤ।
ਗਹਜੋ ਸਾਧੁ ਕੋ ਬਹੁ ਸੰਤਾਪਤ[1] ॥੧੧॥
ਪੁਨਿ ਸਭਿ ਮਿਲਿ ਨ੍ਰਿਪ ਰਿਦੈ ਬਿਚਾਰਾ।
-ਇਸ ਮਾਰੇ ਸੁਤ ਜਿਯ ਨ ਹਮਾਰਾ-।
ਏਕ ਹਾਥ ਕੋ ਕਾਟਿ ਨਿਕਾਰਾ।
ਚਲਜੋ ਸਾਧ ਲਹਿ ਕਸ਼ਟ ਉਦਾਰਾ ॥੧੨॥
ਚਿਤਵਤਿ- ਪ੍ਰਭੁ ਕੇ ਘਰ ਹੈ ਨਜਾਇ।
ਨਹਿੰ ਅਘ ਮੈਂ ਕਿਯ, ਮਿਲੀ ਸਜ਼ਾਇ।
ਮੋਹਿ ਸਾਥ ਅੰਨਜਾਇ ਕਿਯੋ ਹਰਿ-।
ਇਮ ਬਿਚਾਰ ਚਿੰਤਾ ਬਡਿ ਉਰਧਰਿ ॥੧੩॥
ਸੁਨਜੋ -ਬਸੈ ਦਿਜ ਕਾਂਸ਼ੀ ਮਾਂਹਿ।
ਪ੍ਰਿਥਮ ਜਨਮ ਕੀ ਸੁਧਿ ਕੋ ਪ੍ਰਾਹਿ।
ਕਰਮ ਵਿਪਾਕ ਸੁ ਗ੍ਰੰਥ[2] ਬਿਚਾਰੈ।
ਦੁਖ ਸੁਖ ਕੌ ਸਭਿ ਹੇਤਿ ਉਚਾਰੈ- ॥੧੪॥

---

[1]ਦੁਖ ਦਿੱਤਾ।

[2]ਕਰਮਾਂ ਦੇ ਫਲ ਦੱਸਣ ਵਾਲਾ ਗ੍ਰੰਥ।

ਗਯੋ ਸਾਧ ਬੂਝਤਿ ਘਰ ਨਾਮੁ।
ਦਿਜਨ ਹੁਤੋ ਬੈਠੀ ਤਿਸੁ ਬਾਮ[1*]।
ਪੂਛਤਿ ਭਯੋ 'ਬਿੱਪ੍ਰ ਕਿਤ ਗਯੋ?'
ਸੁਨਿ ਤ੍ਰਿਯ ਰਿਦੈ ਰੋਸ ਬਹੁ ਕਯੋ ॥੧੫॥
ਕੁਛ ਨਿਜ ਪਤਿ ਕੋ ਗਾਰਿ ਉਚਾਰੀ।
ਨਿਠੁਰ ਸਾਧ ਕੋ ਕਹਿ ਕਲਹਾਰੀ[2]।
ਬਿਸਮਤਿ ਰਹ੍ਯੋ -ਕਹਾਂ ਦਿਜ ਨਾਰਿ?
ਸੋ ਪੰਡਿਤ ਮੈਂ ਸੁਨ੍ਯੋ ਉਦਾਰ- ॥੧੬॥
ਥਿਰ੍ਯੋ ਦ੍ਵਾਰ ਬਾਹਰ, ਦਿਜ ਆਯੋ।
ਸਭਿ ਅਪਨੋ ਪਰਸੰਗ ਸੁਨਾਯੋ।
ਫੇਰ ਕਹੀ ਤਿਸੁ ਤ੍ਰਿਯ ਕੀ ਬਾਤ।
'ਬੂਝੇ, ਗਾਰਿ ਨਿਕਾਰਤਿ ਜਾਤ' ॥੧੭॥
ਪੰਡਿਤ ਬੈਠਿ ਬਿਚਾਰ ਸੁਨਾਯੋ।
'ਕਾਰਨ ਸੁਨਹੁ ਆਪ ਜਿਸ[+] ਆਯੋ।
ਪ੍ਰਿਥਮ ਜਨਮ ਮਹਿਂ ਤੁਮ ਦਿਜ ਹੁਤੋ।
ਬੈਠ੍ਯੋ ਜਲ ਤਟ ਮੱਜਨ ਕਿਤੋ ॥੧੮॥
ਏਕ ਹਾਥ ਗੋਮੁਖੀ[3] ਮਝਾਰੀ।
ਫੇਰਤਿ ਮਾਲਾ ਊਚ ਉਸਾਰੀ।
ਤਬਿ ਇਕ ਧੇਨੁ ਤ੍ਰਾਸ ਕੋ ਪਾਇ।
ਤੁਝ ਆਗੈ ਕੋ ਗਈ ਪਲਾਇ ॥੧੯॥
ਪੀਛੇ ਆਯੋ ਦੁਸ਼ਟ ਕਸਾਈ।
ਤਿਨ ਬੂਝੀ -ਇਤ ਦਿਸ਼ ਗੋ[4] ਆਈ-?
ਮੋਨ ਧਰੀ ਮੁਖ ਤੇ ਨ ਅਲਾਈ।
-ਗਈ ਇਤਹਿ- ਕਰ ਸਾਥ ਬਤਾਈ ॥੨੦॥
ਜਾਇ ਗਹੀ ਸੋ ਧੇਨੁ ਬਿਚਾਰੀ।
ਲੇ ਨਿਜ ਸਦਨ ਬਿਖੈ ਤਿਨ ਮਾਰੀ।
ਪੂਰਬਲੇ ਪੁੰਨਨ ਕੋ ਪਾਇ।

---

[1]ਬ੍ਰਾਹਮਣ ਹੈ ਨਹੀਂ ਸੀ ਉਸਦੀ ਵਹੁਟੀ ਬੈਠੀ ਸੀ।
[*]ਪਾ:-ਦਿਜਨ ਹੁਤੀ ਬੈਠੀ ਤਿਸ ਬਾਮ।
[2]ਕਲਹਣੀ ਨੇ ਸਾਧ ਨੂੰ (ਬੀ) ਕਠੋਰ ਵਾਕ ਕਹੇ
[+]ਪਾ:-ਜਿਮ।
[3]ਗੁਪਤੀ ਜਿਸ ਵਿਚ ਹੱਥ ਪਾਕੇ ਮਾਲਾ ਫੇਰਦੇ ਹਨ।
[4]ਗਊ।

ਭਯੋ ਕਸਾਈ ਸੁਤ ਨਰ ਰਾਇ[੧++] ॥੨੧॥
ਨ੍ਰਿਪ ਕੀ ਸੁਤਾ ਧੇਨੁ ਤਨ ਪਾਯੋ[੨]।
ਹਿਤ ਬਦਲੇ ਸੰਜੋਗ ਬਨਾਯੋ।
ਤਿਸ ਤ੍ਰਿਯ ਨੇ ਸੋ ਨ੍ਰਿਪ ਸੁਤ ਮਾਰਜੋ।
ਕਰੇ ਤ੍ਰਾਸ ਤੁਵ ਨਾਮ ਉਚਾਰਜੋ ॥੨੨॥
ਹਾਥ ਸਾਥ ਤੈਂ ਧੇਨੁ ਬਤਾਈ।
ਤਿਸ ਕੋ ਫਲ ਭਾ[**] ਦੀਨ[੩] ਕਟਾਈ।
ਪ੍ਰਭੁ ਅੰਨਜਾਇ ਕਰਹਿ ਨਹਿਂ ਕੈਸੇ।
ਕਰੇ ਕਰਮ ਤੇ ਦੇ ਫਲ ਤੈਸੇ ॥੨੩॥
ਮਮ ਤ੍ਰਿਯ ਕੋ ਸੁਨਿ ਲੇਹੁ ਪ੍ਰਸੰਗ।
ਨਹਿਂ ਸੰਸੈ ਕਰੀਅਹਿ ਚਿਤ ਸੰਗ।
ਪੂਰਬ ਜਨਮ ਕਾਗ ਕੋ ਮੇਰਾ।
ਗਧੀ ਤ੍ਰਿਯਾ[੪] ਪਿਠ ਘਾਵ ਘਨੇਰਾ ॥੨੪॥
ਮੈਂ ਆਯੋ ਪਿਖਿ ਚੋਂਚ ਚਲਾਈ।
ਫਸੀ ਅਸਥਿ ਮਹਿਂ ਨਹਿਂ ਨਿਕਸਾਈ।
ਸ੍ਰੀ ਗੰਗਾ ਜਲ ਵਿਖੇ ਪ੍ਰਵੇਸ਼ੀ।
ਆਗੇ ਗਮਨਤਿ ਪੀਰ ਵਿਸ਼ੇਸ਼ੀ[੫] ॥੨੫॥
ਜਯੋਂ ਜਯੋਂ ਮੈਂ ਨਿਜ ਚੋਂਚ ਨਿਕਾਰੀ।
ਤਯੋਂ ਤਯੋਂ ਦੁਖ ਤੇ ਪ੍ਰਵਿਸ਼ਹਿ ਬਾਰੀ[੬]।
ਜਹਿਂ ਗੰਭੀਰ ਧਾਰ ਤਹਿਂ ਗਈ।
ਫਸੀ ਚੁੰਚ ਬਿਚ ਨਹਿਂ ਨਿਕਸਈ ॥੨੬॥
ਅਧਿਕ ਪ੍ਰਵਾਹ ਬਹਾਏ ਦੋਊ।
ਬੂਡ ਸਰੀਰ ਤਜਾਗ ਕਰਿ ਸੋਊ।
ਸ੍ਰੀ ਗੰਗਾ ਜਲ ਕੋ ਫਲ ਭਯੋ।
ਦੁਹਨਿ ਬਿੱਪ੍ਰ ਘਰ ਜਨਮ ਸੁ ਲਯੋ ॥੨੭॥

---

[1]ਕਸਾਈ ਰਾਜੇ ਦਾ ਪੁੱਤ੍ਰ ਹੋਯਾ।
[++]ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉੱਤਰਾਰ੍ਧ ਅਧਜਾਯ ੫੩ ਅੰਕ ੭੨ ਹੇਠਲੀ ਟੂਕ।
[2]ਗਊ ਨੇ ਰਾਜ ਕੁਮਾਰੀ ਦਾ ਸ੍ਰੀਰ ਪਾਯਾ।
[**]ਪਾ:-ਭੁਜ।
[3](ਤੇਰਾ ਹੱਥ) ਕਟਾ ਦਿੱਤਾ ਗਿਆ।
[4](ਇਹ) ਤ੍ਰੀਮਤ ਖੋਤੀ ਸੀ।
[5]ਪੀੜਾ ਬਹੁਤੀ ਕਰਕੇ।
[6]ਪਾਣੀ ਵਿਚ।

ਪੁਨ ਸਬੰਧ ਭਾ ਇਹੁ ਸੰਗ ਮੇਰਾ।
ਪ੍ਰਿਥਮ ਜਨਮ ਦੁਖ ਦੀਨ ਬਡੇਰਾ।
ਯਾਂ ਤੇ ਕਹਿ ਕਠੋਰ ਦੁਖ ਦੇਤਿ।
ਪੂਰਬ ਕਰਮ ਤਾਂਹਿ ਫਲ ਲੇਤਿ' ॥੨੮॥
ਸੁਨਤਿ ਸਾਧ ਤਬ ਨਿਸ਼ਚੈ ਆਯੋ।
-ਬਿਨਾਂ ਕਰਮ ਦੁਖ ਸੁਖ ਨਹਿਂ ਪਾਯੋ-।
ਸ੍ਰੀ ਗੁਰ ਭਨੇਂ 'ਸਾਚੁ ਦਿਜ ਕਹਜੋ।
ਧੇਨੁ ਬਤਾਇ ਇਤੋ ਦੁਖ ਲਹਜੋ ॥੨੯॥
ਸ਼ਾਰਤ[1] ਕਰਿ ਜਿਸ ਹਾਥ ਬਤਾਈ।
ਸੋ ਕਟਵਾਇ ਪੀਰ ਕੋ ਪਾਈ।
ਪੁਰਬ ਕਰਮ ਫਲ ਮਿਟਤੋ ਨਾਂਹਿ।
ਸੀਤਾ ਦੁਖ ਪਾਏ ਬਨ ਮਾਂਹਿ ॥੩੦॥
ਗੁਰ, ਦਿਜ, ਸੰਤ, ਧੇਨੁ, ਦੁਖ ਪਾਵੈ।
ਜਿਸ ਕੇ ਸਾਚੁ ਕਹੇ ਹੁਇ ਜਾਵੈ[2]।
ਸੋ[*] ਅਸ ਸਾਚੁ ਨਰਕ ਮਹਿਂ ਡਾਰੈ।
ਸੁਮਤਿਵੰਤ ਨਹਿਂ ਕਬਹੁਂ ਉਚਾਰੈ ॥੩੧॥
ਜਿਸੁ ਸਚੁ ਤੇ ਦੁਖ ਪਾਵਹਿ ਪ੍ਰਾਨੀ।
ਸੋ ਨਹਿਂ ਕਹੈ ਬਿਚਾਰ ਸੁਜਾਨੀ।
ਅਪਰ ਸਰਬ ਬਿਵਹਾਰ ਮਝਾਰੇ।
ਸੁਖ ਹਿਤ ਪਾਵਨ[3] ਸਾਚ ਉਚਾਰੇ ॥੩੨॥
ਝੂਠ ਸਮਾਨ ਪਾਪ ਨਹਿਂ ਕੋਈ।
ਕਹੈ[+] ਨ ਕਬਹੂੰ ਗੁਰ ਸਿਖ ਜੋਈ।
ਜਹਿਂ ਪ੍ਰਾਨੀ ਮਰਬੇ ਤੇ ਛੁਟੇ।
ਕਿਧੋਂ ਪਰਜੋ ਕਿਹ ਸੰਕਟ ਮਿਟੈ ॥੩੩॥
ਤਹਾਂ ਝੂਠ ਹੈ ਸਾਚੁ ਸਮਾਨ।
ਪਰ ਹਿਤ[4] ਹੋਤੇ ਕਰਹਿ ਬਖਾਨ[5]।'

---

[1]ਸੈਨਤ ਡਅਛ, ਇਸ਼ਾਰੜ।
[2]ਜਿਸ ਸੱਚਦੇ ਕਿਹਾਂ (ਇਹ ਗੱਲ) ਹੋ ਜਾਵੇ ਕਿ ਗੁਰੂ ਬ੍ਰਹਮਣ, ਸੰਤ, ਗਊ ਦੁਖ ਪਾਉਣ।
[*]ਪਾ:-ਜੋ।
[3]ਸੁਖ ਪਾਵਣ ਵਾਸਤੇ।
[+]ਪਾ:-ਗਹੇ।
[4]ਪਰਾਇਆ ਭਲਾ।
[5]ਬੋਲਣ ਨਾਲ (ਝੂਠ)।

ਗੁਰ ਤੇ++ ਬਚਨ ਤੀਰਥੇ ਸੁਨੇ।
ਕਰੇ ਕਮਾਵਨ ਤਿਮ ਮਨਮਨੇ ॥੩੪॥
ਬੋਲਤਿ ਸਾਚ ਪਰਮ ਗਤਿ ਪਾਈ।
ਪਰਯੋ ਰਹਯੋ ਸਤਿਗੁਰ ਸ਼ਰਣਾਈ।
ਬਿਸ਼ਨਦਾਸ ਮਾਣਕ ਚੰਦ ਪੂਰੋ।
ਤੀਨਹੁਂ ਆਏ ਗੁਰੂ ਹਜ਼ੂਰੋ ॥੩੫॥
ਚਰਨ ਕਮਲ ਪਰ ਕਰਯੋ ਪ੍ਰਣਾਮ।
ਬੈਠਿ ਕਰਯੋ ਦਰਸ਼ਨ ਅਭਿਰਾਮ।
ਹਾਥ ਜੋਰ ਕਰਿ ਅਰਜ਼ ਗੁਜਾਰੀ।
'ਜਨਮ ਮਰਨ ਤੇ ਲੇਹੁ ਉਬਾਰੀ ॥੩੬॥
ਸਹਤ ਕੁਟੰਬ ਹੋਇ ਕੱਲਜਾਨੇ।
ਅਸ ਕੀਜਹਿ ਉਪਦੇਸ਼ ਮਹਾਨੇ।'
ਕਰਯੋ ਵਾਕ ਤਬਿ ਸ਼੍ਰੀ ਗੁਰਦੇਵਾ।
'ਕਰਹੁ ਆਪ ਗੁਰ ਸਿੱਖਜਨਿ ਸੇਵਾ ॥੩੭॥
ਬਨਿਤਾ, ਸੁਤ, ਤਨੁਜਾ, ਸਿਖਰਾਵਹੁ।
ਕਹਿ ਤਿਨ ਕੇ ਸੇਵਾ ਕਰਿਵਾਵਹੁ।
ਲਖਹੁ -ਵਾਹਿਗੁਰੁ ਕੇ ਹਮ ਦਾਸ-।
ਤਿਮ ਸੁਤ ਸੁਤਾ ਦਾਸ ਗੁਰ ਪਾਸ ॥੩੮॥
ਜਥਾ ਖਸਮ ਕੇ ਦਰ ਪਰ ਘੋਰਾ।
ਚਾਕਰ ਚੜ੍ਹਿ ਆਵਹਿ ਦੇ ਛੋਰਾ।
ਤਬਿ ਸਭਿ ਚਿੰਤ ਖਸਮ ਕੋ ਹੋਇ।
ਖਾਨ ਪਾਨ ਦੇ ਪੋਖਹਿ ਸੋਇ ॥੩੯॥
ਤਿਮ ਅਪਨੋ ਸਗਰੋ ਪਰਵਾਰ।
ਸੌਂਪਹਿ ਸਤਿਗੁਰ ਕੇ ਦਰਬਾਰ।
ਤਜਹਿ ਅਪਨਪੌ[1] ਤਿਨ ਕੋ ਘਨੋ।
ਜਾਨਹਿਂ ਤਰੀ ਮੇਲ ਗਨ ਮਨੋ[2] ॥੪੦॥
ਤਬਿ ਸਤਿਗੁਰ ਕੋ ਪਰਿ ਹੈ ਲਾਜ।
ਕਰਹਿ ਨਿਬਾਹਨ ਸਕਲ ਸਮਾਜ।
ਭੋਜਨ ਵਸਤ੍ਰ ਭਲੇ ਪਹੁਂਚਾਵੈ।

++ਪਾ:-ਕੇ।
[1]ਅਪਣੱਤ।
[2]ਜਾਣੋਂ ਕਿ ਮਾਨੋ ਸਾਰੀ ਬੇੜੀ ਦਾ ਮੇਲਾ ਹੈ।

ਸ਼੍ਰੇਯ ਕਰਹਿ ਗਨ ਕਸ਼ਟ ਮਿਟਾਵੈ' ॥੪੧॥
ਬਿਸ਼ਨ ਦਾਸ ਮਾਣਕ ਚੰਦ ਪੂਰੋ।
ਸੁਨਿ ਗੁਰ ਕੋ ਉਪਦੇਸ਼ਨਿ ਰੂਰੋ।
ਕਰਜੋ ਕਮਾਵਨਿ ਨੀਕੇ ਮਾਨਿ।
ਅੰਤਕਾਲ ਪ੍ਰਾਪਤਿ ਕਲਜਾਨ ॥੪੨॥
ਸਿੱਖ ਪਦਾਰਥ, ਤਾਰੂ, ਭਾਰੂ।
ਤੀਨੋ ਚਲਿ ਆਏ ਗੁਰਦ੍ਵਾਰੂ।
ਆਗੈ ਲਾਗਜੋ ਬਡਿ ਦੀਵਾਨ।
ਕਥਾ ਕੀਰਤਨ ਹੋਤਿ ਮਹਾਂਨ ॥੪੩॥
ਸੁਨਿ ਗੁਰ ਬਚਨ ਭਯੋ ਉਰ ਤ੍ਰਾਸੁ।
ਹਾਥ ਜੋਰਿ ਕੀਨੀ ਅਰਦਾਸੁ।
'ਹਮ ਕੁਟੰਬ ਮਹਿਂ ਅਧਿਕ ਲਪੇਟੇ।
ਪਢਨ ਸੁਨਨ ਗੁਰ ਸ਼ਬਦ ਨ ਭੇਟੇ[1] ॥੪੪॥
ਸਤਿ ਸੰਗਤਿ ਹੋ ਨਹਿਂ[*] ਕਿਸ ਬਾਰ।
ਗੁਰ ਜੀ! ਕਿਮ ਹੁਇ ਹਮਹੁਂ ਉਧਾਰ?
ਆਇ ਪਰੇ ਅਬਿ ਸ਼ਰਨਿ ਤੁਮਾਰੀ।
ਕਰਹੁ ਆਪ ਕੱਲਜਾਨ ਹਮਾਰੀ' ॥੪੫॥
ਰਾਮਦਾਸ ਗੁਰ ਗਿਰਾ ਬਖਾਨੀ।
'ਵਾਹਿਗੁਰੂ ਸਿਰਜੇ ਜੇ ਪ੍ਰਾਨੀ।
ਪੂਰਬ ਸਭਿ ਹਿਤ ਕਰਜੋ ਅਹਾਰ।
ਯਾਂ ਤੇ ਤੁਮ ਬੈਠੋ ਗੁਰ ਦ੍ਵਾਰ ॥੪੬॥
ਧਰਹੁ ਸਿਦਕ ਉਰ ਡੋਲਹੁ ਨਾਂਹੀ।
ਸਿਮਰੋ ਵਾਹਿਗੁਰੂ ਮਨ ਮਾਂਹੀ।
ਤੁਮਰੇ ਸਨਬੰਧੀ ਸਮੁਦਾਇ।
ਸਭਿ ਕੋ ਰਿਜ਼ਕ ਤਹਾਂ ਪਹੁੰਚਾਇ ॥੪੭॥
ਤੁਮਰੋ ਰਿਜਕ ਇਹਾਂ ਗੁਰ ਦੇਹਿ।
ਜਨਮ ਸੁਧਾਰੋ ਪਰਖਹੁ ਏਹੁ।'
ਸੁਨਿ ਤੀਨੋ ਨਿਜ ਪੁੱਤ੍ਰ ਬੁਲਾਏ।
ਕਹਜੋ 'ਤਰੁਨਤਾ[2] ਤੁਮ ਅਬਿ ਪਾਏ ॥੪੮॥

[1]ਨਹੀਂ ਮਿਲਦਾ।
[*]ਪਾ:-ਹੋਤ ਨ।
[2]ਜਵਾਨੀ।

ਭਏ ਕਿਰਤ ਲਾਇਕ[1] ਨਿਰਧਾਰਹੁ।
ਅਬਿ ਘਰ ਕੋ ਸਭਿ ਕਾਰ ਸੰਭਾਰਹੁ।
ਉੱਦਮ ਕਰੋ ਲਾਭ ਹੁਇ ਜੇਤਾ।
ਗੁਰ ਕੋ ਦਸਵੰਧ ਕਾਢਹੁ ਤੇਤਾ ॥੪੯॥
ਆਵਹਿ ਸਿਖ ਕਰਹੁ ਤਿਹ ਸੇਵਾ।
ਹਮ ਅਬਿ ਰਹੈਂ ਦ੍ਵਾਰ ਗੁਰਦੇਵਾ।
ਪਾਨੀ ਪੱਖਾ ਸੇਵ ਕਮਾਵਹਿਂ।
ਸਤਿਸੰਗਤਿ ਕਰਿ ਸੇਵ ਰਿਝਾਵਹਿਂ ॥੫੦॥
ਕਥਾ ਕੀਰਤਨ ਸੁਨਹਿਂ ਅਨੰਦੇ।
ਹੁਇ ਪ੍ਰਾਪਤਿ ਕੱਲਜਾਨ ਬਿਲੰਦੇ।
ਇਮ ਤੁਮਰੀ ਭੀ ਹੁਇ ਕੱਲਜਾਨ।'
ਇਮ ਸਿੱਖਜਾ ਦੇ ਕੁਟੰਬ ਮਹਾਂਨ ॥੫੧॥
ਕਰਨ ਲਗੇ ਗੁਰ ਸੇਵ ਘਨੇਰੀ।
ਪ੍ਰਾਪਤ ਮੁਕਤਿ ਅੰਤ ਕੀ ਬੇਰੀ।
ਸਤਿਗੁਰ ਕੇ ਤਨ ਬਿਖੈ ਸਮਾਏ।
ਜਨਮ ਮਰਨ ਕੇ ਬੰਧ ਮਿਟਾਏ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥੧੭॥

---
[1]ਕਮਾਉਣ ਜੋਗੇ।

੧੮. [ਮਹਾਂਨੰਦ, ਬਿਧੀ ਚੰਦ। ਧਰਮ ਦਾਸ ਆਦਿ ਸਿੱਖਾਂ ਪ੍ਰਤਿ ਉਪਦੇਸ਼]

੧੭<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੧੯

ਦੋਹਰਾ: ਮਹਾਂਨੰਦ ਕੇ ਸੰਗ ਮਿਲਿ,
ਬਿਧੀ ਚੰਦ ਹੁਇ ਦੌਨ।
ਦਰਸ਼ਨ ਦੇਖ੍ਯੋ ਗੁਰੂ ਕੋ,
ਬੰਦਨ ਕੀਨਸਿ ਔਨ[1] ॥੧॥
ਚੌਪਈ: ਹਾਥ ਜੋਰਿ ਕਰਿ ਥਿਰੇ ਅਗਾਰੀ।
ਸੁਖ ਗਰਜੀ[2] ਨਿਜ ਅਰਜ਼ ਗੁਜ਼ਾਰੀ।
'ਜਨਮ ਮਰਨ ਕੋ ਤ੍ਰਾਸ ਹਮਰੇ।
ਭ੍ਰਮਣ ਮਿਟਾਵਹੁ ਜੇ ਦੁਖਵਾਰੇ ॥੨॥
ਜਨਮ ਅਨੇਕ ਧਰੇ ਪੁਨ ਹਮਾਰੇ।
ਰਾਗ ਦ੍ਵੈਸ਼ ਬਸਿ ਜੂਨਨਿ ਪਰੇ।
ਅਬਿ ਚਲਿ ਆਏ ਸ਼ਰਨਿ ਤੁਮਾਰੀ।
ਕਰਹੁ ਕ੍ਰਿਪਾ ਕਰਿ ਸੁਗਤਿ[3] ਹਮਾਰੀ ॥੩॥
ਸੁਨਿ ਸ਼੍ਰੀ ਰਾਮਦਾਸ ਕਰਿ ਕਰੁਨਾ।
ਸ਼ੁਭ ਉਪਦੇਸ਼ ਤਿਨਹੁ ਪ੍ਰਤਿ ਬਰਨਾ।
'ਅਪਨੋ ਜਬੈ ਸਰੂਪ ਪਛਾਨਹੁਂ।
ਜਨਮ ਮਰਨ ਤਬਿ ਬੰਧਨ ਹਾਨਹੁ' ॥੪॥
ਹਾਥ ਜੋਰਿ ਸੁਨਿ ਦੌਨਿ ਬਖਾਨਹਿਂ[4]।
'ਹਮ ਤੌਂ ਇਹੁ ਸਰੂਪ ਨਿਜ ਜਾਨਹਿਂ।
ਜਨਮੇ ਹੁਇ ਨੰਦਨ ਖੱਤ੍ਰੀਨ[5]।
ਖੱਤ੍ਰੀ ਹੈਂ ਨਰ ਤਨ ਮਨ ਚੀਨ ॥੫॥
ਪੂਰਬ ਬਾਲਕ ਬਯ ਕੋ ਧਰੇ।
ਤਰੁਨ ਭਏ ਅਬਿ ਬਹੁ ਬਲ ਭਰੇ।
ਬਿਨ ਤਨ ਅਪਰ ਕਛੂ ਨਹਿਂ ਜਾਨਹਿਂ।
ਅਪਨੋ ਰੂਪ ਇਹੀ ਹਮ ਮਾਨਹਿਂ' ॥੬॥
ਤਬਿ ਸ਼੍ਰੀ ਸਤਿਗੁਰ ਬਾਕ ਉਚਾਰਾ।

---

[1]ਪ੍ਰਿਥਵੀ ਤੇ [ਸੰਸ: ਅਵਨਿ]
(ਅ) ਆਕੇ।
[2]ਸੁਖ ਦੀ ਗ਼ਰਜ਼ ਵਾਲਿਆਂ ਨੇ।
[3]ਕੱਲਯਾਣ।
[4]ਦੋਹਾਂ ਨੇ ਕਿਹਾ।
[5]ਖੱਤ੍ਰੀਆਂ ਦੇ ਪੁੱਤ੍ਰ।

'ਮਾਤ ਪਿਤਾ ਨੇ ਇਹੁ ਤਨ ਧਾਰਾ।
ਜਾਤਿ ਰੁ ਨਾਮ* ਤਿਨਹੁਂ ਕਲਪਾਏ[1]।
ਨਿਜ ਮਤਿ ਕਹਿ ਬਿਵਹਾਰ ਬਤਾਏ ॥੭॥
ਤੁਮ ਤੋ ਇਸ ਤਨ ਪੂਰਬ ਹੁਤੇ[2]।
ਕਰੇ ਕਰਮ ਫਲ ਤਿਸ ਕੇ ਲਿਤੇ।
ਭਲਾ ਬੁਰਾ ਜਿਮ ਪੂਰਬ ਕੀਨ।
ਤਿਸ ਤੇ ਦੁਖ ਸੁਖ ਭੋਗਨਿ ਕੀਨ ॥੮॥
ਇਹ ਤਨ ਤਜਿ ਪੁਨ ਧਾਰਹੁ ਔਰ।
ਕਰਹੁ ਕਰਮ ਭੋਗਹੁ ਤਿਸ ਠੌਰ।
ਤਨ ਉਪਜਨ ਤੇ ਹੁਤੇ ਅਗੇਰੇ।
ਤਨ ਬਿਨਸੇ ਪੁਨ ਰਹਹੁ ਪਿਛੇਰੇ ॥੯॥
ਆਦਿ ਅੰਤ ਤਨ ਤੇ ਜਬਿ ਰਹੇ[3]।
ਤਨ ਨਿਜ ਰੂਪ ਕੁਤੋ ਤੁਮ ਲਹੇ?
ਤਨ ਕੂਰਾ ਸਮ ਬਸਤ੍ਰ ਲਖੈ ਹੋ।
ਜੀਰਨ ਭਏ ਅਪਰ ਧਰਿ ਲੈ ਹੋ ॥੧੦॥
ਤਾਂ ਤੇ ਤਨ ਪਟ[4] ਪਹਿਰਹਿ ਜੋਇ।
ਅਪਨ ਸਰੂਪ ਜਾਨੀਯਹਿ ਸੋਇ।
ਕਬਹੂੰ ਮਰਹਿ ਨ ਮਾਰਯੋ ਜਾਇ।
ਜਲ ਡੂਬੈ ਨਹਿਂ ਅਗਨਿ ਜਲਾਇ ॥੧੧॥
ਤਨ ਝੂਠੋ, ਸਤਿ ਰੂਪ ਤੁਮਾਰਾ।
ਤਨ ਦੁਖ, ਤੁਮ ਹੋ ਅਨੰਦ ਉਦਾਰਾ।
ਤਨ ਜੜ੍ਹ ਹੈ, ਚੇਤਨ ਨਿਜ ਰੂਪ।
ਅਸ ਨਿਸ਼ਚੈ ਉਰ ਧਰਹੁ ਅਨੂਪ' ॥੧੨॥
ਸੁਨਿ ਦੋਨਹੁ ਕੀਨਸਿ ਅਰਦਾਸ।
'ਕਿਮ ਹਮ ਕੋ ਅਸ ਰੂਪ ਪ੍ਰਕਾਸ਼?
ਤਨ ਹੰਤਾ ਤਜਿ ਤਿਸ ਮਹਿਂ ਧਰੈ[5]।
ਸਹੀ ਸਰੂਪ ਆਪਨੋ ਕਰੈਂ' ॥੧੩॥

---

*ਪਾ:-ਜਾਤ ਬਰਨ।
[1]ਕਲਪੇ।
[2]ਤਨ ਤੋਂ ਪਹਿਲਾਂ ਹੈਗੇ ਸਾਓ।
[3]ਤਨ ਦੇ ਆਦਿ (ਤੋਂ ਪਹਿਲਾਂ) ਤੇ ਅੰਤ ਹੋਇਆਂ ਵੀ ਤੁਸੀਂ ਰਹੇ।
[4]ਤਨ ਰੂਪੀ ਕਪੜਾ।
[5]ਤਨ ਦਾ ਹੰਕਾਰ ਛੱਡਕੇ ਤਿਸ (ਸਰੂਪ) ਵਿਚ (ਅਪਣੱਤ) ਧਾਰੀਏ।

ਤਬਿ ਸਾਹਿਬ ਨੇ ਕਹ੍ਯੋ ਸੁਨਾਈ।
'ਸਤਿ ਸੰਗਤਿ ਕੀਜਹਿ ਚਿਤ ਲਾਈ।
ਕਥਾ ਨੇਮ ਤੇ ਸੁਨੀਅਹਿ ਕਾਨ।
ਗੁਰ ਸਿੱਖਨ ਸੇਵਹੁ ਹਿਤ ਠਾਨਿ ॥੧੪॥
ਕਰਹੁ ਬਿਚਾਰਨ ਸਤਿਗੁਰ ਬਾਨੀ।
ਅਰਥ ਲਖਹੁ ਕਰਿ ਪ੍ਰੀਤ ਮਹਾਂਨੀ।
ਤਿਸ ਕੇ ਸਾਥ ਰਿਦਾ ਨਿਜ ਤੋਲਹੁ।
ਦੁਖ ਸੁਖ ਬਿਖੈ ਨ ਕਬਹੂੰ ਡੋਲਹੁ ॥੧੫॥
ਤੁਮਰੀ ਪ੍ਰੀਤਿ ਜਾਨਿ ਬਚ* ਕਹੇ।
ਇਮ ਜੇ ਕਰਹੁ ਰੂਪ ਨਿਜ ਲਹੇ।'
ਇਮ ਸਤਿਗੁਰ ਕੋ ਸੁਨਿ ਉਪਦੇਸ਼।
ਕਰਨ ਲਗੇ ਤਿਮ ਕਾਰ ਹਮੇਸ਼ ॥੧੬॥
ਸਮਾ ਪਾਇ ਹੋਯਹੁ ਨਿਜ ਗ੍ਯਾਨ।
ਕੀਨੇ ਕਰਮ ਬੰਧ ਗਨ ਹਾਨਿ[1]।
ਗੁਰ ਸਿੱਖਨ ਕੀ ਪਦਵੀ ਪਾਈ।
ਅੰਤ ਕਾਲ ਗੁਰ ਲੀਨ ਮਿਲਾਈ ॥੧੭॥
ਹੁਤੋ ਖੋਸਲਾ+ ਧਰਮੰਦਾਸ।
ਇਕ ਤਕਿਆਰਾ ਡੂਗਰਦਾਸ।
ਦੀਪਾ ਅਰੁ ਜੇਠਾ ਸੰਸਾਰੂ।
ਬੂਲਾ ਅਪਰ ਤੀਰਥਾ ਚਾਰੂ[2] ॥੧੮॥
ਮਿਲਿ ਕਰਿ ਸਪਤ[3] ਸਿੱਖ ਇਹ ਆਏ।
ਸ਼੍ਰੀ ਗੁਰ ਰਾਮਦਾਸ ਜਿਸ ਥਾਏ।
ਨਮੋ ਕਰੀ ਬਹੁ ਬਿਨੈ ਪ੍ਰਕਾਸ਼।
ਹਾਥ ਜੋਰਿ ਕਰਿ ਬੈਠੇ ਪਾਸ ॥੧੯॥
'ਸ਼ਰਨਿ ਪਰੇ ਰਾਵਰਿ ਦਰਬਾਰ।
ਕਰਹੁ ਉਧਾਰਨ ਕਿਸੈ ਪ੍ਰਕਾਰ।'
ਰਾਮਦਾਸ ਸਤਿਗੁਰੂ ਉਚਾਰਾ।
'ਪ੍ਰਥਮ ਤਜਹੁ ਮਨ ਕੋ ਹੰਕਾਰਾ ॥੨੦॥

---

*ਪਾ:-ਬਰ-।
[1]ਕਰਮਾਂ ਦੇ ਸਾਰੇ ਬੰਧਨ ਨਾਸ਼ ਕੀਤੇ।
+ਪਾ:-ਖੋਟੜਾ।
[2]ਸੁੰਦਰ।
[3]ਸੁੱਤੇ।

ਗਹੋ ਨੰਮ੍ਰਤਾ, ਤਜਾਗਹੁ ਮਤਸਰ[1]।
ਕਰਹੁ ਨ ਨਿੰਦਾ, ਅਵਗੁਨ ਪਰਹਰਿ।
ਜੇ ਘਰ ਆਯੋ ਸਿੱਖ ਨਿਹਰਿਯਹਿ।
ਨਿਜ ਨਿਜ ਘਰ ਤੇ ਸੇਵਾ ਕਰਿਯਹਿ ॥੨੧॥
ਭੋਜਨ ਬਸਤ੍ਰ ਭਾਉ ਧਰਿ ਕੀਜਹਿ।
ਮਾਨਹੁ ਬਾਕ ਨ ਫੇਰਨਿ ਕੀਜਹਿ।
ਜੇ ਸਿਖ ਕੋ ਹੁਇ ਕਾਜ ਬਡੇਰਾ।
-ਬਿਨ ਧਨ ਸਰਹਿ ਨ- ਜੌਂ ਅਸੁ ਹੇਰਾ[2] ॥੨੨॥
ਸਭਿ ਮਿਲਿ ਕਰਿ ਉਚਰਹੁ ਅਰਦਾਸ।
ਸਭਿ ਤੇ ਇਕ ਥਲ ਕਰ ਨਿਜ ਪਾਸਿ[3]।
ਸਿਖ ਕੋ ਕਾਰਜ ਦੀਜੈ ਸਾਰ।
ਤਬਿ ਪ੍ਰਾਪਤਿ ਤੁਮ ਕੋ ਸੁਖ ਸਾਰ ॥੨੩॥
ਜਹਿਂ ਸਤਿਸੰਗਤਿ ਕੋ ਸਮੁਦਾਇ।
ਕਥਾ ਕੀਰਤਨ ਕਰਹਿਂ ਬਨਾਇ।
ਤਹਾਂ ਜਾਇ ਸੰਧਜਾ ਅਰੁ ਪ੍ਰਾਤੀ।
ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ[4] ॥੨੪॥
ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ।
ਧਰਮਸਾਲ ਆਪੇ ਬਨਵਾਵਹਿ।
ਤਿਸ ਮੈਂ ਰਾਖਹਿ ਸਿੱਖ ਟਿਕਾਇ।
ਪੰਥੀ ਕੋ ਭੋਜਨ ਮਿਲਿ ਜਾਇ ॥੨੫॥
ਇਕ ਸਿਖ ਦੇਹਿ, ਕਿ ਸਭਿ ਮਿਲ ਦੇਵੈਂ।
ਸਿਮਰਹਿਂ ਨਾਮ ਸਦਨ ਕੋ ਸੇਵੈਂ।
ਕਹਾਂ ਮਹਾਤਮ ਇਸ ਕੋ ਕਹਿਯਹਿ।
ਪੁੰਨ ਪਦਾਰਥ ਸਮ ਨਹਿਂ ਲਹਿਯਹਿ ॥੨੬॥
ਇਸ ਜਗ ਮਹਿਂ ਸੁਖ ਪਾਇ ਘਨੇਰਾ।
ਅੰਤ ਗੁਰੂ ਢਿਗ ਲਹੈ ਬਸੇਰਾ।
ਪਾਛਲ ਰਾਤਿ ਕਰਹੁ ਇਸ਼ਨਾਨ।
ਗੁਰ ਬਾਨੀ ਪੜ੍ਹੀਅਹਿ ਹਿਤ ਠਾਨਿ' ॥੨੭॥

[1]ਈਰਖਾ [ਸੰਸ: ਮਤਸਰ]
[2]ਜੇ ਐਸਾ ਤੁਸੀਂ ਦੇਖੋ।
[3]ਆਪਣੇ ਪਾਸੋਂ ਤੇ ਸਾਰਿਆਂ ਕੋਲੋਂ (ਧਨ) ਇਕ ਥਾਂ (ਕੱਠਾ) ਕਰਕੇ।
[4]ਬੁੱਧੀ ਨੂੰ ਰੱਤੀ ਹੋਈ ਕਰਕੇ।

ਸੁਨਿ ਉਪਦੇਸ਼ ਕਮਾਵਨ ਲਾਗੇ।
ਗੁਰੂ ਪ੍ਰੇਮ ਪਾਗੇ ਬਡਿਭਾਗੇ।
ਅੰਤ ਸਮੈ ਸਤਿਗੁਰੁ ਕੇ ਪਾਸ।
ਪ੍ਰਾਪਤਿ ਭਏ ਅਨੰਦ ਪ੍ਰਕਾਸ਼ ॥੨੮॥
ਧਰਿ ਸ਼ਰਧਾ ਜਾਪਾ ਅਰੁ ਮੱਈਆ।
ਖੁੱਲਰ ਜਾਤ ਨਾਮੁ ਜਿਸ* ਨੱਈਆ।
ਤੁਲਸਾ, ਵਹੁਰਾ ਮਿਲਿ ਸਿਖ ਚਾਰੇ।
ਸਤਿਗੁਰ ਰਾਮਦਾਸ ਕੇ ਦ੍ਵਾਰੇ ॥੨੯॥
ਆਇ ਪ੍ਰਵੇਸ਼ੇ ਦਰਸ਼ਨ ਪਾਯੋ।
ਕੀਨ ਬੰਦਨਾ ਸੀਸ ਨਿਵਾਯੋ।
ਜੁਗ ਕਰ ਜੋਰਤਿ ਅਰਜ਼ ਬਖਾਨੀ।
'ਦਿਹੁ ਉਪਦੇਸ਼ ਅਪਨ ਜਨ+ ਜਾਨੀ ॥੩੦॥
ਰਹੈਂ ਗ੍ਰਿਹਸਤ ਮਹਿਂ ਕਹਜੋ ਕਮਾਵੈਂ।
ਜਿਸ ਤੇ ਹਮ ਸਿੱਖੀ ਪਦ ਪਾਵੈਂ।
ਬਸਹਿਂ ਅਵਾਸ ਉਦਾਸੀ ਪਾਇ।
ਦਿਨ ਪ੍ਰਤਿ ਉਰ ਤੇ ਮੋਹ ਮਿਟਾਇ' ॥੩੧॥
ਸ਼੍ਰੀ ਗੁਰ ਰਾਮਦਾਸ ਉਪਕਾਰੀ।
ਬਾਨੀ ਕਰੁਨਾ ਠਾਨਿ ਉਚਾਰੀ।
'ਜਿਮੁ ਨਿਸ ਦਿਨ ਘਰ ਕਾਜ ਸੁਧਾਰੇ।
ਤਜਾਗਹੁ ਕਬਹੁਂ ਨ, ਲਾਗਹਿਂ ਪਜਾਰੇ ॥੩੨॥
ਤਥਾ ਪਜਾਰ ਧਾਰਹੁ ਗੁਰਬਾਨੀ।
ਪਠਨਿ ਸੁਨਨਿ ਕੀਜਹਿ ਰੁਚਿ ਠਾਨੀ।
ਧਰਜੋ ਅਰਥ ਜੋ ਸ਼ਬਦ ਮਝਾਰਾ।
ਬਾਰ ਬਾਰ ਉਰ ਕਰਹੁ ਬਿਚਾਰਾ ॥੩੩॥
ਕਜਾ ਗੁਰ ਕਹੈਂ, ਕਰੈਂ ਹਮ ਕਹਾਂ।
ਸਨੈ ਸਨੈ ਮੋਰਹੁ ਮਨ ਮਹਾਂ[1]।
ਮਮ ਸਰੀਰ ਕੋ ਧਾਰਹੁ ਧਜਾਨ।
ਅੰਮ੍ਰਿਤ ਵੇਲਾ ਪੁੰਨ ਮਹਾਂਨ ॥੩੪॥

---

*ਪਾ:-ਜਿਮ। ਨਾਮ ਜਿ ਘਨਈਆ। ਭਾਈ ਗੁਰਦਾਸ ਜੀ ਦੀ ਤੁਕ ਐਉਂ ਹੈ-ਮਾਈਆ ਜਾਪਾ ਜਾਣੀਅਨਿ ਨਈਆ ਖੁੱਲਰ ਗੁਰੂ ਪਿਆਰਾ।

+ਪਾ:-ਦਾਸ ਨਿਜ।

[1]ਮਨ ਨੂੰ ਬਹੁਤ ਮੋੜੋ।

ਮਮ ਬਾਨੀ ਕੋ ਕਰਹੁ ਉਚਾਰਨਿ।
ਮਿਲਿ ਸਿੱਖਨਿ ਤੇ ਅਰਥ ਬਿਚਾਰਨ।
ਜਿਮ ਤੁਰੰਗ ਕੋ ਦੇਹਿਂ ਮਸਾਲਾ।
ਬਹੁਰ ਕਰਹਿਂ ਕਾਜੈ[1] ਚਿਰਕਾਲਾ ॥੩੫॥
ਤਬਿ ਹਯ ਰੋਗੀ ਹੋਇ ਨਿਰੋਵਾ[2]।
ਸਭਿ ਸਰੀਰ ਕੀ ਬ੍ਯਾਧੀ ਖੋਵਾ।
ਤਿਮ ਸਤਿਗੁਰ ਕੋ ਕਰਿਬੇ ਧ੍ਯਾਨ।
ਹਿਰਦੇ ਧਾਰਨ ਪ੍ਰੇਮ ਮਹਾਨ ॥੩੬॥
ਸਿਮਰਹਿਂ ਵਾਹਿਗੁਰੂ ਸਤਿਨਾਮੂ।
ਤਬਿ ਨਾਸਹਿ ਹਉਮੈ ਬਡ ਆਮੂ[3]।
ਮਨ ਤੁਰੰਗ ਬਡ ਸੁਧਤਾ ਪਾਵੈ।
ਗੁਰ ਅਨੁਸਾਰੀ ਹੁਇ ਥਿਰਤਾਵੈ ॥੩੭॥
ਪਾਇਨ ਬਿਚਰਤਿ[4] ਸਿਮਰਹੁ ਨਾਮੂ।
ਹਾਥਨ ਕਰਿਹੁ ਕਾਜੁ ਸਭਿ ਧਾਮੂ।
ਊਠਤਿ ਬੈਠਤਿ ਜਾਗਤਿ ਸੋਵਤਿ।
ਸੁਨਿ ਤੇ ਸ਼੍ਰਵਣ, ਬਿਲੋਚਨ ਜੋਵਤਿ ॥੩੮॥
ਰਿਦਾ ਧਰਹੁ ਸਤਿਗੁਰ ਕੇ ਸੰਗ।
ਅਪਰ ਕ੍ਰਿਯਾ ਕਰਿਯਹਿ ਸਭਿ ਅੰਗ।
ਜਿਮ ਸਿਰਘਟ[5] ਬਹੁ ਬਾਤ ਬਨਾਵਤਿ।
ਹਾਥ ਹਲਾਵਤਿ, ਮਾਰਗ ਜਾਵਤਿ ॥੩੯॥
ਤਊ ਘਟੇ ਸੋਂ[6] ਮਨ ਹੈ ਜੁਰਿਓ।
ਗਿਰਹਿ ਨ ਡੋਲਹਿ, ਰਹੈ ਸੁ ਧਰਿਓ।
ਇਮ ਬ੍ਰਿਤਿ ਨਿਸ਼ਚਲ ਕਰਿ ਸੁਖ ਪਾਵੋ।
ਅੰਤਕਾਲ ਕੈਵਲ[7] ਹੁਇ ਜਾਵੋ' ॥੪੦॥
ਸ਼੍ਰੀ ਗੁਰ ਰਾਮਦਾਸ ਉਪਦੇਸ਼।
ਚਾਰਹੁਂ ਸਿੱਖ ਕਮਾਇਂ ਹਮੇਸ਼।

---

[1]ਮਸਾਲਾ ਦੇਣ ਮਗਰੋਂ ਘੋੜੇ ਨੂੰ ਕਜਈ ਪਾਕੇ ਖਾਣੋਂ ਪੀਣੋਂ ਕੁਛ ਚਿਰ ਰੋਕ ਰੱਖਣਾ।
[2]ਤੰਦਰੁਸਤ।
[3]ਰੰਗ।
[4]ਭਾਵ ਟੁਰਦਿਆਂ ਫਿਰਦਿਆਂ।
[5]ਸਿਰ ਤੇ ਘੜੇ ਵਾਲੀ।
[6]ਘੜੇ ਨਾਲ।
[7]ਕੈਵਲ (ਮੋਖਸ਼)।

ਸੇਵਤਿ ਰਹੇ ਸੁ ਜਾਵਦ[1] ਜੀਵਤਿ।
ਅੰਤ ਸਮੀਪੀ ਗੁਰ ਕੇ ਥੀਵਤਿ[2] ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋਂ ਅੰਸੂ ॥੧੮॥

---

[1]ਜਦ ਤਕ।
[2]ਹੋ ਗਏ।

੧੯. [ਸ਼੍ਰੀ ਅਰਜਨ ਜੀ ਦੇ ਬਿਨੈ ਪੱਤ੍ਰ]

੧੮<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੦

ਦੋਹਰਾ: ਜਿਸ ਪ੍ਰਕਾਰ ਸਤਿਗੁਰ ਪਿਤਾ ਕਰਤਿ ਦਿਵਸ ਪ੍ਰਤਿ ਕਾਰ[1]।
ਸ਼੍ਰੀ ਅਰਜਨ ਸੰਗਤਿ ਬਿਖੈ ਕਰਤੇ ਤਥਾ ਅਚਾਰ ॥੧॥

ਚੌਪਈ: [*]ਬੀਤ ਗਯੋ ਲਵਪੁਰਿ ਚਿਰ ਕਾਲ।
ਕਰੀ ਨ ਸਤਿਗੁਰ ਪੁੱਤ੍ਰ ਸਮਾਲ।
ਜਿਤਿਕ ਨਿਕਟ ਵਰਤੀ ਗੁਰ ਕੇਰੇ।
ਸਭਿ ਪ੍ਰਿਥੀਏ ਤੇ ਡਰਹਿਂ[+] ਘਨੇਰੇ ॥੨॥
ਤਿਮ ਜਿਸ ਕੋ ਰੁਖ਼ ਦੇਖਨ ਕਰਹਿਂ।
ਤਿਮ ਬਰਤਹਿਂ ਅਰੁ ਬਦਨ ਉਚਰਹਿਂ।
ਬੋਲਤਿ ਕੋ ਸਨਮਾਨਤਿ ਘਨੇ[2]।
ਤਿਸ ਤੇ ਲੇਤਿ ਕਾਜ ਜੋ ਬਨੇ[3] ॥੩॥
ਸ਼੍ਰੀ ਅਰਜਨ ਕੋ ਸਿਮਰਹਿਂ ਨਾਂਹਿਨ।
ਕਬਿ ਪ੍ਰਸੰਗ ਤੇ ਕਰਹਿਂ[++] ਸਰਾਹਿ ਨ।
ਸਭਿ ਪ੍ਰਿਥੀਏ ਤੇ ਕਰਿ ਕੈ ਤ੍ਰਾਸੁ।
ਇਸੇ ਸਰਾਹੈਂ ਸੁਗੁਨ ਪ੍ਰਕਾਸ਼[4] ॥੪॥
ਪੁੱਤ੍ਰ ਪਰਖਬੇ ਹਿਤ ਕਿਹ ਕਾਲ[5]।
ਨਹਿਂ ਕਹਿ ਭੇਜਯੋ ਕਬਹਿ ਕ੍ਰਿਪਾਲੁ।
-ਹਮ ਨੇ ਆਗਯਾ ਦੀਨਸਿ ਤਾਂਹਿ।
ਤਿਸ ਮਹਿਂ ਨਿਸ਼ਚਲ ਰਹੈ ਕਿ ਨਾਂਹਿ? ॥੫॥
ਬਿਨਾ ਕਹੇ ਚਲਿ ਆਇ ਅਵਾਸੇ।
ਤੌ ਆਇਸੁ ਕੋ ਕਰਹਿ ਬਿਨਾਸੇ।
ਜਬਿ ਲੌ ਹਮ ਕਹਿ ਪਠਹਿਂ ਨ ਤਾਂਹੂੰ।

---

[1]ਹਰ ਰੋਜ਼ ਕਾਰਜ ਕਰਦੇ।

[*]ਏਥੇ ਛਾਪੇ ਦੇ ਨੁਸਖੇ ਵਿਚ ਚੌਪਈ ਹੈ ਜੋ ਇਸ ਪ੍ਰਕਾਰ ਹੈ-ਤਹਾਂ ਰਹੈਂ ਗੁਰ ਪੁਰਬੀ ਕਰਿਹੀਂ। ਮੁਹਨਿਕਾਦਸ਼ੀ ਨਾਮ ਉਚਰਿਹੀਂ। ਜੋ ਇਸ ਦਿਨ ਮੈਂ ਸੰਗਤਿ ਆਵੈ। ਮਨ ਬਾਂਛਤ ਫਲ ਕੋ ਤਬ ਪਾਵੈ।' ਇਹ ਆਖੇਪਕ ਜਾਪਦੀ ਹੈ, ਕਿਉਂਕਿ ਲਿਖਤੀਆਂ ਵਿਚ ਨਹੀਂ ਹੈ। ਇਕ ਲਿਖਤੀ ਦੇ ਹਾਸ਼ੀਏ ਤੇ ਕਿਸੇ ਨੇ ਛਾਪੇ ਤੋਂ ਉਤਾਰਾ ਕੀਤੀ ਹੈ।

[+]ਪਾ:-ਦਬਹਿ।

[2](ਪ੍ਰਿਥੀਏ) ਦੇ ਬੋਲਣ ਨੂੰ ਘਨਾ ਆਦਰ ਦਿੰਦੇ ਸਨ।

[3]ਜੋ ਕੰਮ (ਜੋ ਲੋੜ) ਆ ਬਣੇ ਉਸ (ਪ੍ਰਿਥੀਏ) ਤੋਂ ਲੈਂਦੇ (ਯਾ ਪੂਰੀ ਕਰਦੇ)।

[++]ਪਾ:-ਕਰਨ।

[4]ਇਸ ਦੇ ਸ਼ੁਭ ਗੁਣਾਂ ਨੂੰ ਪ੍ਰਗਟ ਕਰਕੇ।

[5]ਕਿਸੇ ਵੇਲੇ ਬੀ।

ਤੌ ਲਗ ਇਸਥਿਤ ਰਹਿ ਪੁਰਿ ਮਾਹੂੰ[1] ॥੬॥
ਤੌ ਆਇਸੁ ਮਹਿਂ ਰਹਿਬੇ ਵਾਰੋ।
ਹੋਵਹਿ ਗੁਰਤਾ ਕੇਰ ਅਧਾਰੋ-।
ਇਮ ਬਿਚਾਰ ਕਰਿ ਸਿਮਰਜੋ ਨਾਂਹੀ।
ਚਿਰੰਕਾਲ ਭਾ ਲਵਪੁਰਿ ਮਾਂਹੀ ॥੭॥
ਸੋ ਦਰਸ਼ਨ ਕੋ ਚਾਹਤਿ ਐਸੇ।
ਚਾਤ੍ਰਿਕ ਚਿਤਵਤਿ ਘਨ ਕੋ ਜੈਸੇ।
ਕਲ[2] ਨਹਿਂ ਪਰਹਿ ਰਿਦੇ ਮਹਿਂ ਕਬੈ।
ਪ੍ਰੇਮ ਪ੍ਰਵਾਹ ਬ੍ਰਧਹਿ ਉਰ ਤਬੈ ॥੮॥
ਬਹੁਤ ਬਿਚਾਰਤਿ ਗੁਰ ਗਤਿ ਭਾਰੀ।
ਸਿਮਰਤਿ ਪਉੜੀ ਸ਼ਬਦ ਸੁਧਾਰੀ[3]।
ਸੋ ਕਾਗਤ ਪਰ ਲਿਖੀ ਬਨਾਇ।
ਨਿਜ ਮਨ ਦਸ਼ਾ ਜਥਾ ਅਕੁਲਾਇ ॥੯॥

ਸ੍ਰੀ ਮੁਖਵਾਕ[*] :
ਮਾਝ ਮਹਲਾ ੫ ਚਉਪਦੇ ਘਰੁ ੧ ॥
ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ਚੌਪਈ: ਇਕ ਸਿਖ ਹਾਥ ਸੌਂਪ ਕਰਿ ਦੀਨਸਿ।
ਤਿਸ ਕੇ ਸਾਥ ਬਚਨ ਇਮ ਕੀਨਸਿ।
'ਇਹੁ ਅਰਦਾਸ[4] ਲੇਹੁ ਕਰ ਧਾਰੀ।
ਦੀਜੈ ਸਤਿਗੁਰ ਕੇਰ ਅਗਾਰੀ ॥੧੦॥
ਕ੍ਰਿਪਾ ਕਰਹਿਂ ਜਬਿ ਬਾਚਹਿਂ ਏਹਿ।
ਬਹੁਰ ਤੋਹਿ ਜਿਮ ਉੱਤਰ ਦੇਹਿਂ।
ਸੁਨਿ ਕਰਿ ਸ਼੍ਰੀ ਸਤਿਗੁਰ ਤੇ ਬੈਨ।
ਪੁਨ ਆਵਹੁ ਲਵਪੁਰਿ ਨਿਜ ਐਨ' ॥੧੧॥
ਸੁਨਿ ਕੈ ਸ਼੍ਰੀ ਅਰਜਨ ਤੇ ਤਬੈ।

---

[1]ਭਾਵ ਲਾਹੌਰ ਵਿੱਚ।
[2]ਚੈਨ, ਸ਼ਾਤੀ।
[3](ਗੁਰੂ ਜੀ ਨੂੰ) ਯਾਦ ਕਰਦਿਆਂ ਸ਼ਬਦ ਦੀ ਪਾਉੜੀ ਬਣਾਈ।
[*]ਕਈ ਨੁਸਖਿਆਂ ਵਿਚ ਏਥੇ 'ਮਾਝ ਮਹਲਾ ੫' ਲਿਖਿਆ ਹੈ। ਸ਼੍ਰੀ ਗੁਰੂ ਜੀ ਨੇ ਇਸ ਵੇਲੇ ਮਾਝ ਮਹਲਾ ੫ ਨਹੀਂ ਲਿਖਿਆ, ਕਿਉਂਕਿ ਅਜੇ ਆਪ ਗੱਦੀ ਤੇ ਨਹੀਂ ਸਨ, ਤੇ ਇਹ ਚਿੱਠੀ ਸੀ।
[4]ਚਿੱਠੀ।

ਲਈ ਪੱਤ੍ਰਿਕਾ ਮਿਲਿ ਸਿਖ ਸਬੈ।
ਕਰਿ ਬੰਦਨ ਕੋ ਤਜਾਗਿ ਲਹੌਰ।
ਗਮਨਜੋ ਪੰਥ ਸੁਧਾਸਰ ਓਰ ॥੧੨॥
ਇਕ ਨਿਸ ਮਗ ਮਹਿਂ ਬਸਿ ਕਰਿ ਆਯੋ।
ਨਿਜ ਮੰਦਰ ਮਹਿਂ ਗੁਰੂ ਸੁਹਾਯੋ।
ਗਯੋ ਤਹਾਂ ਕੋ ਲੇ ਅਰਦਾਸੁ।
ਜਿਸ ਕੇ ਉਰ ਦਰਸ਼ਨ ਕੀ ਆਸ ॥੧੩॥
ਬੈਸਜੋ ਪ੍ਰਿਥੀਆ ਊਪਰ ਪੌਰ।
ਪਿਖਜੋ ਓਪਰਾ ਸਿਖ ਇਹ ਔਰ।
ਬੂਝਜੋ ਕਹਜੋ 'ਕਹਾਂ ਤੇ ਆਯੋ?
ਪਤੀਆ ਕਰ ਤੁਵ[1] ਕਿਨਹੁਂ ਪਠਾਯੋ' ॥੧੪॥
ਸੁਨਿ ਕੈ ਸਿਖ ਨੇ ਸਕਲ ਬਤਾਇਵ।
'ਮੈਂ ਲਵਪੁਰਿ ਤੇ ਚਲਿ ਕਰਿ ਆਇਵ।
ਪੱਤ੍ਰੀ ਭੇਜੀ ਅਨੁਜ ਤੁਮਾਰੇ[2]।
ਧਰੌਂ ਜਾਇ ਸਤਿਗੁਰੂ ਅਗਾਰੇ ॥੧੫॥
ਜੋ ਉੱਤਰ ਦੇਂ ਸੋ ਲੇ ਜਾਊਂ।
ਗੁਰ ਸੁਤ ਲਘੁ ਕੋ ਜਾਇ ਸੁਨਾਊਂ।'
ਪ੍ਰਿਥੀਆ ਚਮਕਜੋ 'ਮੋਹਿ ਦਿਖਾਇ।
ਮੈਂ ਗੁਰ ਨਿਕਟ ਸੁ ਦੇਉਂ ਪੁਚਾਇ ॥੧੬॥
ਤੋਹਿ ਜਾਨ ਕੋ ਅਬ ਨਹਿਂ ਸਮੋ।
ਡੇਰੇ ਜਾਹੁ, ਇਹਾਂ ਕਰਿ ਨਮੋ।'
ਖੋਲਿ ਪੱਤ੍ਰਕਾ ਪ੍ਰਿਥੀਏ ਹੇਰੀ।
ਪਠੀ ਤੁਕਾਂ ਸੁਠ ਲਿਖੀ ਬਡੇਰੀ ॥੧੭॥
-ਇਹ ਤੌ ਬਾਣੀ ਕਰੀ ਬਨਾਇ।
ਚਹੁਂ ਪਤਿਸ਼ਾਹੁਨ ਕੀ ਜਿਸੁ ਭਾਇ।
ਜਿਨ ਮਹਿਂ ਪ੍ਰੇਮ ਜਨਾਵਨ ਕੀਨਸਿ।
ਮਿਲਿਬੇ ਕੀ ਲਾਲਸ ਮਨ ਭੀਨਸਿ[3] ॥੧੮॥
ਪਠਹਿਂ ਪਿਤਾ ਜਬ, ਤਿਸੈ ਹਕਾਰਿਹਿਂ[4]।

---

[1]ਚਿੱਠੀ ਤੇਰੇ ਹੱਥ ਹੈ।
[2]ਆਪ ਦੇ ਛੋਟੇ ਭਾਈ ਨੇ।
[3]ਮਿਲਨੇ ਦੀ ਲਾਲਸਾ ਵਿਚ ਮਨ ਭਿੱਜਾ ਹੋਇਆ (ਜਣਾਯਾ ਹੈ)।
[4]ਜਦੋਂ ਪਿਤਾ ਜੀ (ਏਹ ਚਿੱਠੀ) ਪੜ੍ਹਨਗੇ ਤਾਂ (ਨਿਸ਼ਚੇ ਛੋਟੇ ਭਾਈ ਨੂੰ) ਬੁਲਾ ਘੱਲਣਗੇ।

ਹੁਇ ਪ੍ਰਸੰਨ ਨਿਜ ਥਾਨ ਬਿਠਾਰਹਿਂ।
ਇਸ ਕਾਰਨ ਤੇ ਨਹਿਂ ਦਿਖਰਾਵੌਂ।
ਅਪਨੇ ਖੀਸੇ ਬਿਖੈ ਰਖਾਵੌਂ- ॥੧੯॥
ਨਹਿਂ ਸਤਿਗੁਰ ਕੇ ਢਿਗ ਪਹੁੰਚਾਈ।
ਰਾਖਿ ਆਪਨੇ ਪਾਸ ਛੁਪਾਈ।
ਨਿਸਾ ਗੁਜ਼ਾਰੀ ਕਰਿ ਸਿਖ ਡੇਰਾ।
ਆਯਹੁ ਗੁਰ ਦਰ ਹੋਤਿ ਸਵੇਰਾ ॥੨੦॥
ਪ੍ਰਿਥੀਏ ਨੇ ਅਵਲੋਕਨ ਕੀਨਾ।
ਨਿਕਟ ਹਕਾਰਸਿ ਉੱਤਰ ਦੀਨਾ।
'ਪਠੀ ਪੱਤ੍ਰਿਕਾ[1] ਸਤਿਗੁਰ ਸੋਇ।
ਹਰਖਤਿ ਭਏ ਕੁਸ਼ਲ ਜੁਤਿ ਜੋਇ ॥੨੧॥
ਸੁਖ ਆਨੰਦ ਇਤ ਕੋ ਸਭਿ ਦੀਜੈ।
ਸ਼੍ਰੀ ਅਰਜਨ ਕੇ ਸੰਗ ਕਹੀਜੈ।
-ਲਵਪੁਰਿ ਮਹਿਂ ਸੰਗਤਿ ਮਿਲਿ ਰਹਿਯਹਿ।
ਸਿੱਖਜਨ ਤੇ ਸੇਵਾ ਕੋ ਲਹਿਯਹਿ- ॥੨੨॥
ਅਬਿ ਤੁਮ ਗਮਨਹੁ ਕਾਜ ਨ ਆਨਾ।'
ਸੁਨਿ ਸਿਖ ਨੇ ਤਬਿ ਕੀਨ ਪਯਾਨਾ।
ਛਲ ਕਰਿ ਗੁਰ ਸੋਂ ਮਿਲਨ ਨ ਦਯੋ।
ਭੋਰ ਹੋਤਿ ਹੀ ਪਠਿਬੋ ਕਿਯੋ[2] ॥੨੩॥
ਮਗ ਉਲੰਘਯੋ ਪ੍ਰਵਿਸ਼ਯੋ ਲਾਹੌਰ[*]।
ਸ਼੍ਰੀ ਅਰਜਨ ਸੋਂ ਮਿਲਿ ਕਰ ਜੋਰਿ।
ਬੰਦਨ ਕਰਿ ਕੈ ਕਹਿ ਸੁ ਪ੍ਰਸੰਗ।
'ਮਿਲਯੋ ਪੌਰ ਪਰ ਪ੍ਰਿਥੀਏ ਸੰਗ ॥੨੪॥
ਲਈ ਪੱਤ੍ਰਿਕਾ ਗੁਰ ਢਿਗ ਗਯੋ।
ਭੋਰ ਭਈ ਮੁਝ ਸੋਂ ਕਹਿ ਦਯੋ।
-ਕੁਸ਼ਲ ਅਨੰਦ ਦੇਹੁ ਸੁਧਿ ਜਾਇ।
ਪਢਿ ਲੀਨਸਿ ਜੋ ਤੈਂ ਇਤ ਲਜਾਇ-' ॥੨੫॥
ਸੁਨਿ ਸ਼੍ਰੀ ਅਰਜਨ ਚਿੰਤ ਉਪਾਈ।
-ਮੋਹਿ ਬਿਸਾਰਯੋ ਪਿਤ ਸੁਖਦਾਈ।

---

[1]ਪੜ੍ਹੀ ਹੈ ਚਿੱਠੀ।
[2]ਭੇਜ ਦਿੱਤਾ।
[*]ਪਾ:-ਪਰਵਸਿਓ ਲਹੌਰ।

ਦੂਰ ਰਹੇ ਨਿਤ ਹੋਹਿ ਨ ਪਜਾਰੂ।
ਢਿਗ ਵਰਤੀ ਸੰਗ ਪ੍ਰੇਮ ਉਦਾਰੂ[1] ॥੨੬॥
ਪਠੀ ਪੱਤ੍ਰਿਕਾ, ਉੱਤਰ ਨ ਲਿਖਯੋ।
ਮੁਝ ਸੋਂ ਪ੍ਰੇਮ ਨ, ਯਾਂ ਤੇ ਪਿਖਯੋ।
ਅੰਤਰਜਾਮੀ ਗੁਰੂ ਉਦਾਰੇ।
ਜਾਨਯੋ ਕਿਮ ਨਹਿਂ ਪ੍ਰੇਮ ਹਮਾਰੇ ॥੨੭॥
ਦਰਸ਼ਨ ਕੋ ਚਾਹਤਿ ਦਿਨ ਰੈਨ।
ਜਲ ਜੁਤਿ[2] ਰਹੇ ਤਰਸਤੇ ਨੈਨ।
ਦੀਨ ਜਾਨ ਮੁਝ ਕਬਹਿ ਬੁਲਾਵਹਿਂ।
ਸਿਰ ਪਰ ਕਰ ਫੇਰਹਿਂ ਹਰਿਖਾਵਹਿਂ ॥੨੮॥
ਸੇ ਬਡਿਭਾਗੇ ਰਹੈਂ ਜੁ ਪਾਸਿ।
ਮੁਖ ਪਿਖਿ ਬਚ ਸੁਨਿ ਪੁਰਵਹਿਂ ਆਸ।
ਹੌਂ ਨਿਰਭਾਗ ਬਿਯੋਗੀ ਹੋਵਾ।
ਚਿਰ ਬੀਤਯੋ ਨਹਿਂ ਦਰਸ਼ਨ ਜੋਵਾ- ॥੨੯॥
ਇਮ ਚਿਤਵਤਿ ਚਿਤਿ ਚਿੰਤ ਬਿਸਾਲਾ।
ਬੀਤ ਗਯੋ ਪੁਨ ਕੇਤਿਕ ਕਾਲਾ।
ਦੁਤਿਯ ਸ਼ਬਦ ਕੋ ਪਦ ਰਚਿ ਲੀਨ।
ਲਿਖ ਕਾਗਦ ਪਰ ਪਢਿਬੋ[*] ਕੀਨ ॥੩੦॥
ਤਿਸੀ ਸਿੱਖ ਕੋ ਬਹੁਰ ਪਠਾਵਾ।
'ਜਾਹੁ ਅਬਹਿ ਸਤਿਗੁਰ ਜਿਸ ਥਾਵਾ।'
ਸੋ ਪਦ ਸ਼ਬਦ ਕਹੌਂ[+] ਲਖਿ ਅਬੈ।
ਦਰਸ਼ਨ ਪਜਾਸ ਭਨੀ ਬਿਚ ਤਬੈ ॥੩੧॥

ਸ੍ਰੀ ਮੁਖਵਾਕ:
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥
ਚਿਰੁ ਹੋਆ ਦੇਖੇ ਸਾਰਿੰਗਪਾਣੀ ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥
ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

ਚੌਪਈ: ਕਾਗਦ ਕੋ ਸਕੇਲ[3] ਕਰਿ ਦੀਨਾ।
ਸਿਖ ਨੇ ਲੇ ਕਰਿ ਪਜਾਨਾ ਕੀਨਾ।

---
[1]ਸਮੀਪੀਆਂ ਨਾਲ ਪ੍ਰੇਮ ਬੜਾ ਹੁੰਦਾ ਹੈ।
[2]ਅੰਝੂਆਂ ਨਾਲ ਭਰੇ।
[*]ਪਾ:-ਪਠਬੋ।
[+]ਪਾ:-ਕੁ ਹੌਂ।
[3]ਲਪੇਟ ਕੇ।

ਸੁਧਾ ਸਰੋਵਰ ਕੋ ਚਲਿ ਆਇਵ।
ਤਰਨਿ ਦੁਰੇ ਗੁਰ ਦਰ ਦਰਸਾਇਵ[1] ॥੩੨॥
ਤਿਸ ਛਿਨ ਹੋਤਿ ਸਦਨ ਕੇ ਮਾਂਹਿ[2]।
ਵਹਿਰ ਨ ਹੁਤੇ ਮਿਲਹਿਂ ਕਿਸ ਪਾਹਿ।
ਥਿਰਜੋ ਪੌਰ ਪੁਰ ਘਟਿਕਾ ਜਬੈ।
ਪ੍ਰਿਥੀਆ ਨਿਕਸਜੋ ਘਰ ਤੇ ਤਬੈ ॥੩੩॥
ਬੈਠਜੋ ਸਿੱਖ ਪਛਾਨਜੋ ਸੋਈ।
ਲਖਜੋ -ਅਨੁਜ ਕਛੁ ਭੇਜਜੋ ਹੋਈ-।
ਨਿਕਟ ਹਕਾਰਜੋ ਪੂਛਨ[++] ਕੀਨ।
ਸਿਖ ਨੇ ਕਾਢ ਪੱਤ੍ਰਿਕਾ ਦੀਨ ॥੩੪॥
ਖੋਲਿ ਪਢਜੋ ਸੰਕਟ ਭਾ ਐਸੇ।
ਲਗਜੋ ਸੇਲ ਕਰਕਤਿ[3] ਉਰ ਜੈਸੇ।
-ਰਚਨ ਲਗਜੋ ਅਬਿ ਨਿਤਿਪ੍ਰਤਿ ਬਾਨੀ।
ਗੁਰ ਕੀ ਕੀਰਤਿ ਬੀਚ ਬਖਾਨੀ ॥੩੫॥
ਜਿਮ ਪਿਤ ਰਚਹਿਂ ਤਥਾ ਸੋ ਕਰਿਹੀ।
ਰੀਝਹਿਂ ਸਤਿਗੁਰ ਜਬਹਿ ਨਿਹਰਿਹੀਂ-।
ਤਬਿ ਸਿਖ ਕੋ ਡੇਰਾ ਕਰਿਵਾਇ।
ਕਹਤਿ ਭਜੋ 'ਮੈਂ ਦਿਉਂ ਪਹੁੰਚਾਇ' ॥੩੬॥
ਖੀਸੇ ਪਾਇ ਸਦਨ ਨਿਜ ਗਯੋ।
ਨਿਸਾ ਬਤਾਇ ਬੁਲਾਵਨ ਕਜੋ।
'ਸ੍ਰੀ ਅਰਜਨ ਪਾਤੀ ਜੁ ਪਠਾਏ।
ਗੁਰੂ ਪਿਤਾ ਪਠਿ ਕਰਿ ਹਰਖਾਏ ॥੩੭॥
ਕੁਸ਼ਲ ਛੇਮ ਸਭਿ ਜਾਨੀ ਗਈ।
ਹੈ ਅਨੰਦ ਇਤ ਤੇ ਸੁਧ ਦਈ।
ਲਵਪੁਰਿ ਕੌ ਅਬਿ ਕਰੋ ਪਯਾਨਾ।
ਇਮ ਤਿਨ ਸੋਂ ਸਤਿਗੁਰੂ ਬਖਾਨਾ ॥੩੮॥
-ਧਰਮਸਾਲ ਕੀ ਸੇਵ ਕਰਾਵਹੁ।
ਸਭਿ ਸੰਗਤਿ ਕੋ ਮੇਲ ਬਨਾਵਹੁ।

---

[1]ਸੂਰਜ ਛੁਪੇ ਗੁਰਾਂ ਦਾ ਦਰਵਾਜਾ ਡਿੱਠਾ।
[2](ਗੁਰੂ ਜੀ) ਅੰਦਰ ਸਨ।
[++]ਪਾ:-ਬੂਝਨ।
[3]ਰੜਕਦਾ ਹੈ।

ਸਤਿ ਸੰਗਤ ਹੈ ਦਰਸ ਹਮਾਰਾ।
ਮਿਲਹੁ ਕਰਹੁ ਸਿੱਖਨ ਨਿਸਤਾਰਾ-' ॥੩੯॥
ਸੁਨਿ ਕੈ ਤਿਹ ਕੀਨਸਿ ਪ੍ਰਸਥਾਨਾ[1]।
ਪ੍ਰਿਥੀਏ ਤਬੈ ਬਿਚਾਰਨ ਠਾਨਾ।
-ਖਸ਼ਟ ਬਰਖ ਕਛੁ ਊਪਰ ਮਾਸ।
ਪਿਤ ਕੀ ਬਯ ਤਬਿ ਲਗ ਹੈ ਸਾਸ ॥੪੦॥
ਸਮਾਂ ਸਮੀਪ ਆਇ ਸੋ ਗਇਊ।
ਗੁਰਤਾ ਤਿਲਕ ਤਬਹਿ ਮੈ ਲਇਊਂ।
ਤਾਵਦ ਅਰਜਨ ਮਿਲਹਿ ਨ ਆਇ।
ਭ੍ਰਾਤ ਸ਼ਰੀਕ ਸੰਸ ਉਪਜਾਇ[2] ॥੪੧॥
ਨਿਰਸੰਦੇਹ ਮੈਂ ਪਿਤਾ ਪਿਛਾਰੀ।
ਬਹੁਰ ਨ ਬੋਲਹਿ ਮੋਹਿ ਅਗਾਰੀ[3]।
ਗਾਦੀ ਪਰ ਮੇਰੋ ਅਧਿਕਾਰੂ।
ਦੂਰਜੋ ਨ, ਜਾਨਹਿਂ ਸਭਿ ਸੰਸਾਰੂ ॥੪੨॥
ਪਿਤਾ ਜਿਯਤ ਲੌ ਸੰਸੈ ਹੋਈ।
ਰਹਿਂ ਪ੍ਰਤਿਕੂਲ ਸਦਾ ਦਿਸ਼ ਮੋਹੀ[4]।
ਜੇ ਅਰਜਨ ਢਿਗ ਆਇ ਨ ਤਾਵਤ।
ਨੀਕੀ ਬਾਤ ਮਾਨਹੌਂ ਜਾਵਤ[5]- ॥੪੩॥
ਇੱਤਜਾਦਿਕ ਬਹੁ ਰਿਦੈ ਬਿਚਾਰੈ।
ਹੋਤਿ ਨ ਗੁਰ ਆਇਸੁ ਅਨੁਸਾਰੈ।
ਧਨ, ਬੁਧਿ, ਬਲ ਤੇ ਚਹਿ ਗੁਰਿਆਈ।
ਸਰਬੱਗਜਨ ਢਿਗ ਤੇ ਕਿਮ ਪਾਈ[6] ॥੪੪॥
ਗਯੋ ਸਿੱਖ ਲਵਪੁਰੀ ਮਝਾਰੀ।
ਸ਼੍ਰੀ ਅਰਜਨ ਢਿਗ ਸਕਲ ਉਚਾਰੀ।
'ਬਿਨਾ ਕਹੇ ਪ੍ਰਿਥੀਏ ਨੇ ਲੀਨੀ।

---

[1]ਜਾਣਾ।

[2]ਭਰਾ ਸ਼ਰੀਕ (ਹੁੰਦਾ ਹੈ, ਇਹ ਗਲ ਮੈਨੂੰ) ਸੰਸਾ ਉਪਜਾਉਂਦੀ ਹੈ।

[3]ਤੇ ਪਿਤਾ ਜੀ ਤੋਂ ਪਿਛੋਂ ਤਾਂ ਮੈਂ ਬੇ ਖਟਕੇ ਹੋਸਾਂ, ਭਾਵ ਜੇ ਮੈਂ ਗਦੀ ਲੈ ਲਈ ਤਾਂ ਉਨ੍ਹਾਂ ਤੋਂ ਪਿਛੋਂ ਮੇਰੇ ਸਾਹਮਣੇ ਛੋਟਾ ਭਿਰਾ ਬੋਲ ਨਹੀਂ ਸਕੇਗਾ।

[4]ਪਿਤਾ ਜੀ ਸਦਾ ਮੇਰੇ ਤੋਂ ਉਲਟ ਰਹਿੰਦੇ ਹਨ।

[5]ਜਦ ਤਾਈਂ (ਪਿਤਾ ਜੀ ਜੀਉਂਦੇ ਹਨ) ਤਦ ਤਾਂਈ ਜੇ ਅਰਜਨ ਪਾਸ ਨਾ ਆਵੇ ਤਾਂ ਮੈਂ ਸਮਝਦਾ ਹਾਂ ਕਿ ਇਹੋ ਗਲ ਚੰਗੀ ਹੈ।

[6](ਪਰ) ਸਭ ਤਰ੍ਹਾਂ ਦੀ ਜਾਣਨ ਵਾਲਿਆਂ ਪਾਸੋਂ (ਐਉਂ) ਕਿਵੇਂ ਮਿਲੇ।

ਗੁਰ ਢਿਗ ਦਈ ਕਿਯੋਂ ਨਹਿਂ ਦੀਨੀ ॥੪੫॥
ਝੂਠੋ ਸੋ ਬੋਲਤਿ ਲਖਿ ਪਾਇਵ।
ਕੀਨਸਿ ਮੋਹਿ ਬਿਦਾ ਉਤਲਾਇਵ।
ਨਹਿਂ ਪੂਰਬ ਮੈਂ ਤਿਹ ਛਲ ਜਾਨਾ।
ਅਬਿ ਕੇ ਮਤਸਰ ਸਹਤ ਪਛਾਨਾ ॥੪੬॥
ਗੁਰ ਸੋਂ ਮਿਲਨ ਨਹੀਂ ਮੁਝ ਦਯੋ।
ਤੂਰਨ ਕਰਿ ਕੈ ਭੇਜਨ ਕਯੋ।
ਤਬਿ ਮੈਂ ਜਾਨਜੋ ਕਪਟ ਕਰੰਤਾ।
ਚਲਜੋ ਨ ਬਸ, ਮੈਂ ਆਇ ਤੁਰੰਤਾ' ॥੪੭॥
ਸਭਿ ਸੰਗਤਿ ਜੁਤਿ ਸੁਨਜੋ ਬ੍ਰਿਤੰਤ।
ਜਾਨਜੋ ਪ੍ਰਿਥੀਆ ਛਲੀ ਛਲੰਤ।
ਨਿਸ਼ਚੈ ਸ਼੍ਰੀ ਅਰਜਨ ਉਰ ਜਾਨਾ।
-ਕਰਹਿ ਸ਼ਰੀਕਪਨੋ ਛਲ ਸਾਨਾ- ॥੪੮॥
ਬਹੁਰ ਤ੍ਰਿਤੀਪਦ ਸ਼ਬਦ ਬਨਾਇਵ।
ਮਿਲਿਨਿ ਪਜਾਸ ਕੋ ਅਧਿਕ ਜਨਾਇਵ।
ਲਿਖਿ ਕਾਗਦ ਪਰ ਇਕਠੌ ਕੀਨ।
ਲਿਖੌਂ ਇਹਾਂ ਸੋ ਪਾਠ ਪ੍ਰਬੀਨ ॥੪੯॥

ਸ੍ਰੀ ਮੁਖਵਾਕ:

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ਚੌਪਈ: ਕਹਿ ਸਿੱਖ ਕੋ ਨੀਕੇ ਸਮਝਾਯੋ।
'ਅਬਿ ਕੇ ਜਾਹੁ ਗੁਰੂ ਜਿਸ ਥਾਯੋ।
ਮਿਲਹੁ ਨ ਪ੍ਰਿਥੀਏ ਕੋ ਤਹਿਂ ਜਾਇ।
ਜਬਿ ਗੁਰ ਸੰਗਤਿ ਬੈਠਹਿਂ ਆਇ ॥੫੦॥
ਤਬਹਿ ਅਚਾਨਕ ਜਾਵਹੁ ਪਾਸ।
ਕਰਹੁ ਸਮਰਪਨ ਇਹੁ ਅਰਦਾਸ[1]।
ਹਮ ਦਿਸ਼ ਤੇ ਬੰਦਨ ਕੋ ਕਰੀਅਹਿ।
ਕਰ ਜੋਰਹੁ ਚਰਨਨ ਸਿਰ ਧਰੀਅਹਿ' ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪੱਤ੍ਰਿਕਾ ਪਠਨ ਸ਼੍ਰੀ ਅਰਜਨ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥੧੯॥

[1]ਭਾਵ ਦਿਓ ਇਹ ਚਿਠੀ।

੨੦. [ਸ਼੍ਰੀ ਅਰਜਨ ਜੀ ਲਾਹੌਰੋਂ ਬੁਲਾਏ]

੧੯<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੧

ਦੋਹਰਾ: 'ਮਿਲਹੁ ਨ ਪ੍ਰਿਥੀਏ ਕੋ ਪ੍ਰਿਥਮ', ਸਮੁਝਾਯੋ ਬਹੁ ਬਾਰ।
ਦਈ ਪੱਤ੍ਰਿਕਾ ਸਿੱਖ ਕਰ, ਗੁਰ ਕੋ ਬੰਦਨ ਧਾਰਿ ॥੧॥
ਚੌਪਈ: ਧ੍ਯਾਨ ਪਿਤਾ ਗੁਰ ਕੋ ਉਰ ਧਰਿਓ।
ਮਨ ਕਰਿ ਪਗ ਪ੍ਰਣਾਮ ਕੋ ਕਰਿਓ।
-ਰਿਦੇ ਪ੍ਰੇਮ ਕੀ ਖੈਂਚ ਬਿਸਾਲੇ।
ਕਿਉਂ ਨਹਿਂ ਜਾਨਹੁਂ ਮੋਰ ਹਵਾਲੇ ॥੨॥
ਦੀਨ ਬੰਧੁ ਪ੍ਰਭੁ ਅੰਤਰਜਾਮੀ!
ਕ੍ਰਿਪਾਸਿੰਧੁ ਸੁਖਦਾਇਕ ਸ੍ਵਾਮੀ!
ਦਿਨ ਮਹਿਂ ਖਾਨ ਪਾਨ ਨਹਿਂ ਭਾਵਤਿ।
ਨਿਸ ਮਹਿਂ ਪਰੇ ਨੀਦ ਨਹਿਂ ਆਵਤਿ ॥੩॥
ਲਖ੍ਯੋ ਨਿਲਾਇਕ ਮੋਹਿ ਭੁਲਾਇਵ।
ਦਰਸ਼ਨ ਕੋ ਨਿਤ ਚਿਤ ਅਕੁਲਾਇਵ-।
ਇੱਤ੍ਯਾਦਿਕ ਅਨੇਕ ਮਨ ਗਿਨਤੀ।
ਅੰਤਰ ਗਤੀ ਕਰਤਿ ਚਿਤ ਬਿਨਤੀ[1] ॥੪॥
ਸਤਿਗੁਰ ਜਾਨਹਿਂ ਉਰ ਕੋ ਪ੍ਰੇਮ।
'ਪ੍ਰੇਮ ਬਸੀ ਹੁਇਂ' ਜਿਨ ਕੋ ਨੇਮ।
ਪਰਖਹਿਂ -ਸੁਤਿ ਆਇਸੁ ਅਨੁਸਾਰੀ-।
ਦੇਨਿ ਹੇਤ ਜਗ ਗੁਰਤਾ ਭਾਰੀ ॥੫॥
ਲਵਪੁਰਿ ਤੇ ਲੇ ਕਰਿ ਅਰਦਾਸ।
ਗਮਨ੍ਯੋ ਸਿੱਖ੍ਯ ਧਰੇ ਗੁਰ ਆਸ।
ਮਗ ਉਲੰਘਿ ਸਗਰੋ ਕ੍ਰਮ ਕਰਿਕੈ।
-ਮਿਲੌਂ ਹਜ਼ੂਰ ਸਮੋ ਸੁ ਬਿਚਰਿਕੈ- ॥੬॥
ਜਬ ਦਿਨ ਜਾਮ ਰਹ੍ਯੋ ਤਬਿ ਆਇਵ।
-ਪਿਖਹਿ ਨ ਪ੍ਰਿਥੀਆ- ਆਪ ਬਚਾਇਵ।
ਸਤਿਗੁਰ ਜਹਾਂ ਦਿਵਾਨ ਲਗਾਇਵ।
ਪ੍ਰਵਿਸ਼੍ਯੋ ਤਹਾਂ ਅਚਾਨਕ ਜਾਇਵ ॥੭॥
ਹਾਥ ਜੋਰਿ ਬੰਦਨ ਕੋ ਠਾਨੀ।
ਪੁਨ ਸੰਗਤਿ ਕੀ ਨਮੋ ਬਖਾਨੀ।
ਕਰ ਪਰ ਧਰਿ ਅਰਦਾਸ ਅਗਾਰੀ।

---

[1]ਚਿਤ ਵਿਚ ਹੀ ਅੰਤਰ ਗਤੀ ਵਾਲੀ ਬੇਨਤੀ ਕਰਦੇ ਹਨ।

ਸ਼੍ਰੀ ਅਰਜਨ ਕੀ ਅਰਜ਼ ਉਚਾਰੀ ॥੮॥
ਸੁਨਿ ਸ਼੍ਰੀ ਰਾਮਦਾਸ ਨੇ ਲੀਨਸਿ।
ਖੋਲਿ ਪੱਤ੍ਰਕਾ ਦੇਖਿਨਿ ਕੀਨਸਿ।
-ਮਹਦ ਪ੍ਰੇਮ ਤੇ ਦਰਸ਼ਨ ਚਾਹੂ।
ਨਹੀਂ ਸ਼ਾਂਤਿ ਨਿਸ ਬਾਸੁਰ ਮਾਂਹੂ ॥੯॥
ਪ੍ਰੇਮ ਮਹਾਂ ਤੇ ਬਜਾਕੁਲ ਹੋਵਾ।
ਹਮਰੇ ਬਿਰਹਾਤੁਰ[1] ਸੁਤ ਜੋਵਾ-।
ਜਾਨਿ ਦਸ਼ਾ ਲੋਚਨ ਭਰਿ ਆਏ।
ਰੁਕਯੋ ਕੰਠ ਨਹਿਂ ਬੋਲਯੋ ਜਾਏ ॥੧੦॥
-ਪੁੱਤ੍ਰਨ ਬਿਖੇ ਟੇਕ ਇਨ ਰਾਖੀ[2]।
ਰਹਿ ਆਇਸੁ ਮਹਿਂ ਦਰਸ਼ਨ ਕਾਂਖੀ।
ਸਰਬ ਸਹਾਰਹਿ ਗੁਰਤਾ ਭਾਰ।
ਅਜਰ ਜਰਹਿਗੋ, ਨਹਿਂ ਹੰਕਾਰਿ[3] ॥੧੧॥
ਰਾਖੀ ਸੋਢਿ ਬੰਸ ਬਡਿਆਈ।
ਨਹੀਂ ਜਾਨ ਦੀਨਸਿ ਕਿਸ ਥਾਈਂ।
ਤੁਕੈਂ ਸ਼ਬਦ ਕੀ ਰੁਚਿਰ ਬਨਾਈ।
ਬਾਨੀ ਰਚਹਿ ਨਰਨ ਗਤਿਦਾਈ ॥੧੨॥
ਹਮਰੀ ਆਗਜਾ ਬੰਧਨ ਮਾਂਹੀ।
ਰਹਯੋ ਸਥਿਤ, ਮੇਟੀ ਜਿਸ ਨਾਂਹੀ-।
ਪ੍ਰੇਮ ਬਿਖੈ ਬਿਹਬਲ ਹੁਇ ਰਹੇ।
ਅਤਿ ਪ੍ਰਸੰਨ ਮਨ ਬਚ ਤਬਿ ਕਹੇ ॥੧੩॥
'ਦੇਖਹੁ ਭਾਈ ਬ੍ਰਿਧ! ਸੁਤ ਅਰਜਨ।
ਪ੍ਰੇਮ ਬਿਖੈ ਲਿਖਿ ਅਪਨੀ ਅਰਜ਼ਨਿ[4]।
ਪਠੀ ਇਹਾਂ ਸੋ ਪਠੀ ਬਨਾਇ[5]।
ਤੁਕਾਂ ਸ਼ਬਦ ਕੀ ਸੁੰਦਰ ਭਾਇ ॥੧੪॥
ਚਿਰ ਹੋਯੋ ਲਵਪੁਰੀ ਪਠਾਯੋ।
ਲਈ ਨ ਹਮ ਸੁਧ, ਚਿਤ ਅਕੁਲਾਯੋ।

---

[1]ਵਿਛੋੜੇ ਕਰ ਦੁਖੀ।
[2]ਭਾਵ ਗੁਰਸਿੱਖੀ ਦੀ ਭਾਵਨਾਂ ਦੀ ਪ੍ਰਤੱਗਜਾ ਤਿੰਨਾਂ ਪੁਤ੍ਰਾਂ ਵਿਚੋਂ ਇਸ ਨੇ ਨਿਬਾਹ ਲਈ ਹੈ, ਅਰਥਾਤ ਇਹ ਪੂਰੇ ਉਤਰੇ ਹਨ।
[3](ਇਸ ਪੁੱਤ੍ਰ ਵਿਚ) ਹੰਕਾਰ ਨਹੀਂ ਹੈ।
[4]ਬੇਨਤੀਆਂ।
[5]ਭੇਜੀ ਇਥੇ ਸੋ ਪੜ੍ਹੀ ਹੈ ਅਸਾਂ ਚੰਗੀ ਤਰ੍ਹਾਂ।

ਅਬਿ ਤਹਿਂ ਤੁਮਰੋ ਪਹੁੰਚਨ ਬਨੈ।
ਆਨਹੁਂ ਤਿਨਹਿਂ ਪ੍ਰੇਮ ਮਨ ਸਨੈ' ॥੧੫॥
ਸੁਨਿ ਸਤਿਗੁਰ ਤੇ ਤਬਿ ਬ੍ਰਿਧ ਭਾਈ।
ਸ਼੍ਰੀ ਅਰਜਨ ਕੀ ਬਹੁ ਬਡਿਆਈ।
ਲਗ੍ਯੋ ਸਰਾਹਨਿ 'ਸ਼ੀਲ ਬਿਸਾਲਾ।
ਲੇਸ਼ ਹੰਕਾਰ ਨਹੀਂ ਕਿਸ ਕਾਲਾ ॥੧੬॥
ਰਾਵਰ ਕੀ ਆਇਸੁ ਕੋ ਪਾਏ।
ਹੋਤਿ ਪ੍ਰਾਤ ਕੇ ਲਵਪੁਰਿ ਜਾਏ।
ਮੈਂ ਆਨਹੁਂਗੋ ਅੰਮ੍ਰਿਤਸਰ ਮੈਂ।
ਜਿਨ ਕੇ ਅਤੀ ਲਾਲਸਾ ਉਰ ਮੈਂ*' ॥੧੭॥
ਇਮ ਕਹਿ ਸੁਨਿ ਕੈ ਨਿਸਾ ਬਿਤਾਈ।
ਚਲਤਿ ਭਯੋ ਮਗ ਬੁੱਢਾ ਭਾਈ।
ਏਕ ਨਿਸਾ ਬਸਿ ਕੈ ਪੁਰਿ ਗਯੋ।
ਧਰਮਸਾਲ ਮਹਿਂ ਪ੍ਰਾਪਤਿ ਭਯੋ ॥੧੮॥
ਦੇਖਿ ਇਸੇ ਸਿਖ ਜੇ ਸਮੁਦਾਈ।
ਸ਼੍ਰੀ ਅਰਜਨ ਜੁਤਿ ਉਠਿ ਅਗਵਾਈ।
ਬੰਦਨ ਕਰੀ ਪਰਸਪਰ ਮਿਲੇ।
ਬੈਠਾਰ੍ਯੋ ਕਰਿ ਆਦਰ ਭਲੇ ॥੧੯॥
ਗੁਰ ਦਿਸ਼ ਕੇ, ਸੁਨਿ ਕਰਿ ਸੰਦੇਸ਼।
ਭਯੋ ਸਭਿਨਿ ਕੇ ਹਰਖ ਵਿਸ਼ੇਸ਼।
'ਆਯਹੁ ਤੁਮਹੁ ਲੇਨਿ' ਸੁਨਿ ਐਸੇ।
ਕਰਨ ਪੁਟਨ ਪੀ ਅੰਮ੍ਰਿਤ ਜੈਸੇ ॥੨੦॥
ਭਯੋ ਅਨੰਦ ਸੁ ਬਰਨੈ ਕੌਨ।
ਲਹ੍ਯੋ ਕਲਪਤਰੁ ਮਾਨਹੁਂ ਭੌਨ[1]।
ਸੁਖ ਸੋਂ ਬਸ ਕਰਿ ਨਿਸਾ ਬਤਾਈ।
ਪੁਨਾ ਸੰਹਾਰੀ ਮਿਲੇ ਸੁ ਜਾਈ ॥੨੧॥
ਅਪਰ ਬੰਧੁ ਗਨ[2] ਸਭਿ ਸੋਂ ਮਿਲੇ।
ਗੁਰਮੁਖ ਸਿੱਖਜ ਪ੍ਰੇਮ ਕਰਿ ਭਲੇ।
ਗੁਰ ਸੁਤ ਸੋਂ ਮਿਲਿ ਮਿਲਿ ਕਰਿ ਨਮੋ।

---

*ਪਾ:-ਜਿਨ ਕੇ ਅਤਿ ਲਾਲਸ ਹੈ ਉਰਮੇ।
[1]ਮਾਨੋ ਘਰ ਵਿਚ ਕਲਪ ਬ੍ਰਿੱਛ ਮਿਲ ਗਿਆ।
[2]ਸਾਕਾਂ ਨੂੰ।

ਬਿਛੁਰਨ ਤੇ ਸੰਕਟ ਤਿਹ ਸਮੋਂ ॥੨੨॥
ਸ੍ਰੀ ਅਰਜਨ ਪਿਖਿ ਸੰਗਤ ਸਾਰੀ।
ਧੀਰ ਦਈ 'ਕੀਜਹਿ ਸੁਖ ਭਾਰੀ।
ਸੁਧਾ ਸਰੋਵਰ ਮੇਲੇ ਆਵਹੁ।
ਮਿਲਹੁ ਗੁਰੂ ਦਰਸਹੁ ਹਰਖਾਵਹੁ' ॥੨੩॥
ਭਏ ਸੰਕਟ[1] ਆਰੂਢ ਤੁਰੰਤੇ।
ਜੁਤੇ ਬ੍ਰਿਖਭ ਭਾਰੀ ਬਲਵੰਤੇ।
ਗ੍ਰੀਵ ਬਿਭੂਖਨ ਬਾਜਹਿਂ ਚਾਲਤਿ[2]।
ਮਗ ਮਹਿਂ ਉਤਲਾਵਤਿ ਪਗ ਡਾਲਤਿ[3] ॥੨੪॥
ਭਾਈ ਬੁੱਢਾ ਸੰਗ ਚਢਾਯੋ।
ਕਰੇ ਸ਼ੀਘ੍ਰਤਾ ਸਕਟ ਚਲਾਯੋ।
ਬ੍ਰਿਖਭਨਿ ਪ੍ਰੇਰਕ[4] ਕੋ ਧਨ ਦੀਨਾ।
ਗਮਨੇ ਮਾਰਗ ਕੋ ਸੁਖ ਕੀਨਾ ॥੨੫॥
ਤ੍ਰਿਪਤਾਏ ਦੈ ਬ੍ਰਿਖਭ ਅਹਾਰਾ।
ਚਲੇ ਜਾਹਿਂ ਨਹਿਂ ਲਗੇ ਅਵਾਰਾ।
ਤੀਨ ਜਾਮ ਮਹਿਂ ਪਹੁਂਚੇ ਜਾਈ।
ਦੇਖਿ ਸੁਧਾਸਰ ਗ੍ਰੀਵ ਨਿਵਾਈ ॥੨੬॥
ਪਿਤ ਮਿਲਿਬੇ ਕੋ ਅਨੰਦ ਬਿਚਾਰਹਿਂ।
ਲੋਚਨ ਤੇ ਜਲ ਬੂੰਦਨ ਡਾਰਹਿਂ।
ਬਹੁਤ ਦਿਵਸ ਕੋ ਬਿਰਹਿ ਬਿਦਾਰਹਿਂ।
'ਘਟੀ ਆਜ ਕੀ ਧੰਨ' ਉਚਾਰਹਿਂ ॥੨੭॥
ਸਤਿਗੁਰ ਜਿਸ ਥਲ ਸਭਾ ਲਗਾਈ।
ਉਤਰੇ ਆਨਿ ਸੰਗ ਬ੍ਰਿਧ ਭਾਈ।
ਪਿਖੇ ਦੂਰ ਤੇ ਸਤਿਗੁਰ ਭਾਨੁ।
ਕਮਲ ਪ੍ਰਫੁੱਲਤ ਬਦਨ ਮਹਾਂਨ ॥੨੮॥
ਪੂਰਨ ਚੰਦ ਪਿਤਾ ਕੀ ਓਰਾ।
ਲੋਚਨ ਕੀਨ ਚਕੋਰਨ ਜੋਰਾ।
ਨੀਠ ਨੀਠ ਪਹੁਂਚੇ ਢਿਗ ਜਾਇ।

---

[1]ਬਹਿਲ, ਗਡੇ ਤੇ।
[2](ਬੈਲਾਂ ਦੇ) ਗਲੇ ਵਿਚ ਗਹਣੇ (ਟੱਲੀਆਂ) ਚਲਦੀਆਂ ਵੱਜਦੇ ਹਨ।
[3]ਭਾਵ ਛੇਤੀ ਟੁਰਦੇ ਹਨ।
[4]ਗਾਡੀਵਾਨ।

ਪਰੇ ਚਰਨ ਪੰਕਜ ਉਤਲਾਇ ॥੨੯॥
ਦ੍ਰਿਗ ਜਲ ਤੇ ਪਗ ਮਨੋ ਪਖਾਰੇ[1]।
ਪ੍ਰੇਮ ਨਿਮਗਨ ਸਪੂਤ ਨਿਹਾਰੇ।
ਪਕਰਿ ਭੁਜਾ ਤਤਕਾਲ ਉਠਾਏ।
ਭਰੇ ਅੰਕ ਦੇਖਤਿ ਹਰਿਖਾਏ ॥੩੦॥
ਅਧਿਕ ਪ੍ਰੀਤ ਸੋਂ ਲਾਇਵ ਛਾਤੀ।
ਮਸਤਕ ਸੂੰਘ ਲਈ ਜਨੁ ਥਾਤੀ[2]।
'ਸੋਢੀ ਕੁਲ ਕੀ ਰਾਖਿ ਬਡਾਈ।
ਹੇ ਸਪੁੱਤ੍ਰ! ਕਰਿ ਹੈਂ ਅਧਿਕਾਈ ॥੩੧॥
ਗੁਰਤਾ ਭਾਰ ਧਾਰਿਬੇ ਬਲੀ।
ਮਹਾਂ ਧੀਰ ਹੋਯਹੁ ਬਿਧਿ ਭਲੀ।'
ਤਬਿ ਮੰਗਵਾਇਵ ਪਠੀ ਜੁ ਪਾਤੀ।
ਪਠੀ ਆਪ ਕਰਿ ਸੀਤਲ ਛਾਤੀ ॥੩੨॥
'ਸੁਨਹੁ ਪੁੱਤ੍ਰ! ਜਬਿ ਕੇ ਤੁਮ ਗਵਨੇ।
ਏਕ ਪੱਤ੍ਰਿਕਾ ਭੇਜੀ ਭਵਨੇ।
ਲਵਪੁਰਿ ਬਿਖੈ ਰਹੇ ਚਿਰਕਾਲ।
ਮਿਲੇ ਰਹੇ ਸਤਿਸੰਗਤਿ ਜਾਲ[3] ॥੩੩॥
ਅਪਰ ਪੱਤ੍ਰਿਕਾ ਕਯੋਂ ਨ ਪਠਾਈ।
ਲਿਖਨਿ ਬਿਖੈ ਮਤਿ ਅਤਿ ਚਤੁਰਾਈ।
ਪਠੀ ਏਕ ਤੱਦਜਪਿ ਕਯਾ ਕੀਨਾ?
ਅੰਕ ਤੀਸਰੋ ਕਿਮ ਲਿਖਿ ਦੀਨਾ? ॥੩੪॥
ਬਨਯੋ ਸ਼ਬਦ ਪਦ ਏਕੋ ਜੈਸੇ।
ਲਿਖਯੋ ਇਕਾਂਗ[4] ਚਾਹੀਯੇ ਤੈਸੇ।
ਇਸ ਮਹਿਂ ਕਹੋ ਹੇਤੁ ਹੈ ਕੌਨ?'
ਸਭਿਨਿ ਬਿਖੈ ਬੂਝਯੋ ਸੁਖ ਭੌਨ[5] ॥੩੫॥
ਸ੍ਰੀ ਅਰਜਨ ਕਰ ਜੋਰਿ ਉਚਾਰੀ।
'ਕਹਿਨੋ ਬਨਹਿ ਨ ਆਪ ਅਗਾਰੀ।

---

[1]ਨੇਤ੍ਰਾਂ ਦੇ ਪਾਣੀ ਨਾਲ ਮਾਨੋਂ ਚਰਨ ਧੋਤੇ।
[2]ਮਾਨੋਂ (ਕਸਤੂਰੀ ਦੀ) ਥੈਲੀ (ਅਰਥਾਤ) ਨਾਪਾ ਮਿਲਿਆ ਭਾਵ ਇਹ ਕਿ ਸ੍ਰੀ ਅਰਜਨ ਦੇਵ ਜੀ ਦਾ ਮਸਤਕ ਨਾਮ ਸੁਗੰਧੀ ਦਾ ਮਾਨੋਂ ਨਾਪਾ ਸੀ।
[3]ਸਾਰੀ ਸੰਗਤ ਨੂੰ।
[4]ਏਕਾ ਅੰਗ।
[5]ਭਾਵ ਗੁਰੂ ਜੀ ਨੇ।

ਸਭਿ ਘਟਿ ਘਟਿ ਕੇ ਅੰਤਰਜਾਮੀ।
ਦੁਰਜੋ ਨ ਕੁਛ ਤੁਮ ਤੇ ਜਗ ਸ੍ਵਾਮੀ! ॥੩੬॥
ਤਉ ਆਪ ਕੀ ਆਇਸੁ ਪਾਇ।
ਕਹਿਬੋ ਬਨੈ ਹੋਇ ਜਿਸ ਭਾਇ।
ਦੋਇ ਪੱਤ੍ਰਿਕਾ ਪਠੀ ਅਗਾਰੀ।
ਭਏ ਸ਼ਬਦ ਪਦ ਗਿਰਾ ਉਚਾਰੀ[1] ॥੩੭॥
ਤ੍ਰਿਤੀ ਪਠੀ ਇਹੁ ਰਾਵਰਿ ਪਾਸ।
ਬਨਜੋ ਸ਼ਬਦ ਪਦ ਬਿਚ ਅਰਦਾਸ।
ਅੰਕ ਤੀਨ ਕੋ ਯਾਂ ਤੇ ਲਿਖਜੋ।
ਜੋ ਬੂਝਜੋ ਰਾਵਰ ਨੇ ਪਿਖਜੋ' ॥੩੮॥
ਸੁਨਿ ਗੁਰ ਕਹਜੋ, 'ਨ ਮੁਹਿ ਢਿਗ ਆਈ।
ਲਿਖਿ ਤੁਮ ਨੇ ਕਿਸ ਹਾਥ ਪਠਾਈ?
ਲੇ ਕਿਹ ਨੇ ਕਹਿਂ ਧਰੀ ਛਪਾਈ?
ਕੈ ਮਾਰਗ ਗਿਰ ਪਰੀ ਨ ਪਾਈ?' ॥੩੯॥
ਜੋ ਸਿਖ ਲਜਾਯੋ ਬੈਠਜੋ ਪਾਸਿ।
ਕਹਜੋ ਸੁ 'ਮੈਂ ਆਨੀ ਅਰਦਾਸ।
ਪੁੱਤ੍ਰ ਆਪ ਕੋ ਜੇਸ਼ਟ ਲੇ ਕਰਿ[2]।
ਮੁਝ ਤਜਿ ਵਹਿਰ ਪ੍ਰਵੇਸ਼ਤਿ ਭਾ ਘਰ ॥੪੦॥
ਬਹੁਰ ਆਇ ਕਰਿ ਤਿਨ ਕਹਿ ਦੀਨ।
-ਸ਼੍ਰੀ ਸਤਿਗੁਰ ਨੇ ਬਾਚਨ ਕੀਨ।
ਸੁਖ ਅਨੰਦ ਕੀ ਸੁਧਿ ਕਹਿ ਦੀਜਹਿ।
ਤੂੰ ਲਵਪੁਰੀ ਪਯਾਨੋ ਕੀਜਹਿ[*]- ॥੪੧॥
ਤੁਮਰੋ ਦਰਸ਼ਨ ਹੋਨਿ ਨ ਦਯੋ।
ਬਿਨਾ ਮਿਲੇ ਮੁਝ ਰੁਖ਼ਸਦ ਕਯੋ।
ਅਪਰ ਨ ਸੁਧਿ ਮੋ ਕਹੁ ਕਿਮ ਭਈ।
ਦਈ ਆਪ ਢਿਗ? ਕੈ ਨਹਿਂ ਦਈ' ॥੪੨॥
ਪ੍ਰਿਥੀਏ ਕੀ ਇਮ ਸੁਨੀ ਖੁਟਾਈ।
ਕੂਰੋ ਕਰਜੋ ਚਹਤਿ ਗੋਸਾਈਂ।
ਸਭਾ ਬਿਖੈ ਬੋਲੇ 'ਸੋ ਕਹਾਂ?

---

[1](ਉਨ੍ਹਾਂ ਵਿਚ ਜੋ) ਬਾਣੀ ਉਚਾਰੀ ਹੈ ਉਹ ਸ਼ਬਦ ਦੀਆਂ (ਦੋ) ਪੌੜੀਆਂ ਬਣ ਗਏ।
[2]ਆਪਦੇ ਜੇਠੇ ਪੁੱਤ੍ਰ ਨੇ ਲੈ ਕੇ।
[*]ਪਾ:-ਪਯਾਨ ਕਰੀਜਹਿ।

ਜਾਇ ਹਕਾਰੋ ਭੋ ਸਿਖ! ਤਹਾਂ' ॥੪੩॥
ਕਿਨਹੂੰ ਕਹਯੋ 'ਘਾਮ ਤੇ ਅੰਗ।
ਕਰਤਿ ਸ਼ਨਾਨ ਕੂਪ ਜਲ ਸੰਗ[1]?'
'ਜਾਉ ਤਹਾਂ ਤੇ ਲਯਾਉ ਹਕਾਰੇ।'
ਸ੍ਰੀ ਗੁਰ ਕਹਯੋ 'ਬਿਲੰਬ ਨ ਧਾਰੇ' ॥੪੪॥
ਆਇਸੁ ਪਾਇ ਸਿੱਖ ਤਬਿ ਗਯੋ।
ਮੱਜਨ ਕਰਤਿ ਨਿਹਾਰਤਿ ਭਯੋ।
ਸੇਵਕ ਕਿਤਿਕ ਸੰਗ ਹਰਖਾਏ।
ਸੇਵਾ ਕਰਤਿ ਨੀਰ ਬਹੁ ਪਾਏ ॥੪੫॥
ਕੋ ਸ਼ਰੀਰ ਕੋ ਮਰਦਨ ਕਰੈ।
ਕੋ ਢਿਗ ਖਰੋ ਬਸਤ੍ਰ ਕਰ ਧਰੈ।
ਪਨਹੀ ਪੌਂਛ ਧਰਤਿ ਕੋ ਆਗੇ।
ਕੋ ਬੋਲਤਿ ਬਾਕਨਿ ਅਨੁਰਾਗੇ ॥੪੬॥
ਸਨਮਾਨਤਿ ਚਹੁਂ ਦਿਸ਼ਿ ਨਰ ਖਰੇ।
ਜਲ ਸੋਂ ਕੇਲ ਅਨਿਕ ਬਿਧਿ ਕਰੇ।
ਗਰਮੀ ਲਾਗਤਿ ਅਧਿਕ ਚੁਮਾਸੇ।
ਯਾਂ ਤੇ ਮੱਜਤਿ ਨੀਰ ਬਿਲਾਸੇ ॥੪੭॥
ਹੇਰਿ ਸਿੱਖ ਕਰ ਜੋਰਿ ਉਚਾਰਾ।
'ਸ੍ਰੀ ਸਤਿਗੁਰ ਜੀ ਤੁਮਹਿ ਹਕਾਰਾ।
ਬਿਨਾ ਬਿਲੰਬ ਆਪ ਚਲਿ ਜਾਵਹੁ।
ਸਭਾ ਬਿਖੈ ਸਭਿ ਕੋ ਦਰਸਾਵਹੁ' ॥੪੮॥
ਸੁਨਿ ਤਬਿ ਬਸਤ੍ਰ ਪਹਿਰ ਕਰਿ ਲੀਨ।
ਚਲਯੋ ਚੌਂਪ[+] ਕਰਿ ਕਪਟਿ ਪ੍ਰਬੀਨ।
ਆਵਤਿ ਦਾਸ ਸੰਗ ਸਮੁਦਾਯਾ।
ਬਿਗਸਤਿ ਬੋਲਤਿ ਉਰ ਹਰਖਾਯਾ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅਰਜਨ ਆਗਵਨ ਸੁਧਾਸਰ' ਬਰਨਨੰ ਨਾਮ ਬਿੰਸਤੀ ਅੰਸੂ ॥੨੦॥

---

[1]ਗਰਮੀ ਕਰਕੇ ਪਿੰਡੇ ਨ੍ਹਾ ਰਿਹਾ ਹੈ ਖੂਹ ਦੇ ਪਾਣੀ ਨਾਲ।
[+]ਪਾ:-ਚੁਪ।

੨੧. [ਪ੍ਰਿਥੀ ਚੰਦ ਪਾਸੋਂ ਚਿੱਠੀਆਂ ਨਿਕਲੀਆਂ]

੨੦<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੨

ਦੋਹਰਾ: ਸ਼੍ਰੀ ਅਰਜਨ ਸਨਮਾਨ ਜੁਤਿ, ਅਤਿ ਸਮੀਪਤਾ ਪਾਇ।
ਬੈਠੇ ਸ਼ੋਭਤਿ ਪਿਤਾ ਸੋਂ, ਗਜਾਨ ਅਨੰਦ ਕੇ ਭਾਇ[1] ॥੧॥
ਚੌਪਈ: ਪ੍ਰਿਥੀਆ ਦੇਖਿ ਦੂਰ ਤੇ ਜਰਿਯੋ।
-ਇਤੋ ਨਿਕਟ ਥਿਤ ਹ੍ਵੈ ਕਰਿ ਥਿਰਿਯੋ।
ਪਿਤਾ ਗੁਰੂ ਕੋ ਅਦਬ ਨ ਰਾਖ਼ਯੋ।
ਬੈਠਯੋ ਜਨੁ ਸਮਤਾ ਅਭਿਲਾਖ਼ਯੋ[2] ॥੨॥
ਇਮ ਢਿਗ ਹ੍ਵੈ ਲੋਕਨਿ ਦਿਖਰਾਵੈ।
ਸਿੱਖਨ ਮੈਂ[*] ਨਿਜ ਮਾਨ ਬਧਾਵੈ-।
ਜਰਤਿ ਆਇ ਪਿਤ ਕੋ ਕਰਿ ਨਮੋ।
ਬੈਠਯੋ ਕਿਤਿਕ ਦੂਰ ਤਹਿ ਸਮੋ ॥੩॥
ਸ਼੍ਰੀ ਅਰਜਨ ਲਖਿ ਕਰਿ ਬਡ ਭ੍ਰਾਤ।
ਬੈਠੇ ਰਹੇ ਨਿਕਟ ਗੁਰ ਤਾਤ[3]।
ਹਾਥ ਜੋਰਿ ਬੰਦਨ ਕੋ ਠਾਨੀ।
ਆਸ਼ਿਖ ਦੇ[4] ਪ੍ਰਿਥੀਏ ਨੇ ਮਾਨੀ ॥੪॥
ਸ਼੍ਰੀ ਗੁਰ ਦੇਖ਼ਯੋ ਪੁੱਤ੍ਰ ਬਿਲੰਦ।
ਕਹਯੋ 'ਪ੍ਰਿਥੀ ਚੰਦ ਸੁਨਿ ਮਤਿਵੰਦ!
ਦੋਇ ਪੱਤ੍ਰਿਕਾ ਪੂਰਬ ਆਈ।
ਸ਼੍ਰੀ ਅਰਜਨ ਤੁਕ ਸ਼ਬਦ ਬਨਾਈ ॥੫॥
ਸਿਖ ਨੇ ਦਈ ਸੌਂਪ ਕਰਿ ਤੋਹਿ।
ਸੋ ਅਬਿ ਤੇਰੇ ਹੀ ਢਿਗ ਹੋਹਿ।
ਹਮਰੇ ਤੀਰ ਨ ਆਨਿ ਦਿਖਾਈ।
ਕੌਨ ਹੇਤੁ ਤੇ ਰਾਖਿ ਛੁਪਾਈ? ॥੬॥
ਆਨਹੁਂ ਅਬਿ ਤਿਨ ਕੋ ਜਹਿਂ ਧਰੀ।
ਅਵਲੋਕਹਿਂ ਕੈਸੀ ਬਿਧਿ ਕਰੀ।'
ਸੁਨਿ ਬਲਯੋ ਬਚ ਜੋ ਛਲ ਸਾਨੇ।
'ਕਬਿ ਇਨ ਪਠੀ, ਕਹਾਂ ਕੋ ਜਾਨੇ? ॥੭॥

---

[1]ਭਾਵ ਜਿਵੇਂ 'ਗਜਾਨ' ਤੇ 'ਅਨੰਦ' ਮਿਲੇ ਬੈਠੇ ਹੋਣ।
[2]ਮਾਨੋਂ ਬਰਾਬਰੀ ਦਾ ਚਾਹਵਾਨ ਹੈ।
[*]ਪਾ:-ਮਨ।
[3]ਗੁਰੂ ਪਿਤਾ ਜੀ ਦੇ ਨੇੜੇ।
[4]ਅਸੀਸ ਦੇਕੇ।

ਮੋਹਿ ਰਿਦੈ ਸੁਧਿ ਅਹੈ ਨ ਕੋਈ।
ਕਰੇ ਦੁਰਾਵ ਕਾਜ ਕਜ਼ਾ ਹੋਈ।
ਚਤੁਰੰਗਲ ਕਾਗਦ ਕੇ ਸੰਗ[1]।
ਮੈਂ ਨਹਿਂ ਤਾਂਹਿ ਚਢਾਇਵ ਚੰਗ[2]' ॥੮॥
ਸੁਨਿ ਸ਼੍ਰੀ ਰਾਮਦਾਸ ਪੁਨ ਕਹੀ।
'ਲੇਹੁ ਸਿਮਰਿ, ਜੇ ਸੁਧਿ ਨਹਿਂ ਰਹੀ।
ਧਰੀ ਹੋਇਗੀ ਕਿਸ ਹੀ ਥਾਇਂ।
ਖੋਜਿ ਆਨੀਅਹਿ ਦੇਹੁ ਦਿਖਾਇ ॥੯॥
ਅਪਰ ਸਰਬ ਹੀ ਕਾਰ ਸੁਧਾਰਹਿਂ।
ਸੋ ਕੈਸੇ ਕਰਿ ਨਹੀਂ ਬਿਸਾਰਹਿਂ[3]?
ਕੂਰ ਨ ਕਹੁ, ਨਹਿਂ ਰਾਖਿ ਦੁਰਾਈ।
ਤਜਾਗ ਦੇਹਿ ਛਲ ਕੀ ਚਤੁਰਾਈ' ॥੧੦॥
ਸੁਨਿ ਕੈ ਖੁਨਸਜੋ ਊਚੇ ਕਹੇ।
'ਕਛੁ ਹੁੰਡੀ ਤੋ ਨਾਹਿਨ ਅਹੈ।
ਜਿਹ ਛਪਾਇ ਧਨ ਕੌ ਲੇ ਆਵੌਂ।
ਕੌਨ ਅਰਥ ਤੇ ਤਾਂਹਿ ਛਿਪਾਵੌਂ ॥੧੧॥
ਕੁਛ ਲੇਖਾ ਨਹਿਂ ਤਿਸ ਕੇ ਮਾਂਹੂ।
ਰਿਨ ਕੀ[4] ਵਹੀ ਨ, ਰਾਖੌਂ ਪਾਹੂ।
ਸਿਖ ਤੇ ਗਿਰੀ ਹੋਹਿ ਮਗ ਲਜਾਵਤਿ।
ਡਰਤਿ ਰਿਦੈ ਮੁਝ ਪਾਸ ਬਤਾਵਤਿ ॥੧੨॥
ਜੇ ਕਰਿ ਪਦ ਇਨ ਸ਼ਬਦ ਬਨਾਇਵ।
ਤਿਸ ਦੇਖਨ ਹਿਤ ਚਿਤ ਲਲਚਾਇਵ।
ਤੌ ਕਿਛੁ ਤੋਟ ਨਹੀਂ ਢਿਗ ਬੈਸੇ।
ਕਹਿ, ਬਨਵਾਇ ਲੇਹੁ ਤੁਮ ਤੈਸੇ ॥੧੩॥
ਅਪਰ ਕਾਜ ਤੋ ਨਹਿਂ ਤਿਨ ਮਾਂਹੂ।
ਜਿਸ ਤੇ ਕਾਰ ਅਟਕ ਕੁਛ ਜਾਹੂ।'
ਦੇਖਿ ਕੁਟਿਲਤਾ ਪ੍ਰਿਥੀਏ ਕੇਰੀ।
ਤਨਕ ਸਰਲਤਾ[5] ਨਹਿਂ ਤਬਿ ਹੇਰੀ ॥੧੪॥

---

[1]ਚਾਰ ਉਂਗਲ ਕਾਗਜ਼ ਨਾਲ।
[2]ਮੈਂ ਨਹੀਂ ਸੀ ਪਤੰਗ (= ਗੁਡੀ) ਉਡਾਉਣੀ (ਤਿਸ ਨਾਲ)।
[3]ਓਹ (ਕੰਮ) ਤੂੰ ਕੀਕੂੰ ਨਹੀਂ ਭੁੱਲਦਾ? (ਅ) ਉਹ (ਭਾਵ ਚਿੱਠੀਆਂ ਨੂੰ) ਤੂੰ ਕਿਵੇਂ ਬੀ ਨਹੀਂ ਭੁਲ ਸਕਦਾ।
[4]ਕਰਜ਼ੇ ਦੀ।
[5]ਸਿੱਧਾ ਪਨ, ਅਨੁਕੂਲਤਾ।

ਦਾਸ ਨਿਕਟਿ ਕੇ ਸ਼੍ਰਵਣ ਮਝਾਰਾ।
ਅੰਤਰਜਾਮੀ ਵਾਕ ਉਚਾਰਾ।
'ਸ਼ੀਘ੍ਰ ਸਦਨ ਇਸ ਕੇ ਉਠਿ ਜਾਵਹੁ।
ਤਹਾਂ ਪਹੁੰਚਿ ਇਹ ਬਾਕ ਸੁਨਾਵਹੁ ॥੧੫॥
-ਪ੍ਰਿਥੀਏ ਨੇ ਕੀਨਸ ਇਸ਼ਨਾਨਾ।
ਚਾਹਤਿ ਸਤਿਗੁਰ ਪਾਸ ਪਯਾਨਾ।
ਜਾਮਾ ਪਹਿਰਨ ਹਿਤ ਮੰਗਵਾਵਤਿ।
ਪਠਯੋ ਮੋਹਿ ਆਇਵ ਉਤਲਾਵਤਿ[1*]-' ॥੧੬॥
ਸੁਨਿ ਸਿਖ ਗਯੋ ਗੁਰੂ ਪੁਨ ਕਹਯੋ।
'ਤਿਸ ਕਾਗਦ ਮਹਿਂ ਕਾਜ ਨ ਲਹਯੋ।
ਹਮਹੁਂ ਦਿਖਾਵਤਿ ਕਯੋਂ ਨਹਿਂ ਸੋਊ।
ਇਸ ਮਹਿਂ ਸਾਹਸ ਮਤਿ[2] ਕਿਮ ਹੋਊ? ॥੧੭॥
ਸਿਮਰਨ ਕਰਹੁ[3] ਜਹਾਂ ਸੋ ਧਰੀ।
ਅਰੀ ਨ ਧਰਹੁ, ਦੇਹੁ ਪਰਹਰੀ[4]।'
ਭਾਵੀ ਨੇ ਪ੍ਰੇਰਯੋ, ਨਹਿਂ ਮਾਨਾ।
ਤੀਨ ਬਾਰ ਗੁਰ ਬਚ ਉਲਟਾਨਾ ॥੧੮॥
ਰਿਸ ਕਰਿ ਬੋਲਯੋ 'ਮੇਰੋ ਕਹਯੋ।
ਰਾਵਰ ਨੇ ਸਭਿ ਝੂਠੋ ਲਹਯੋ।
ਸਪਤ ਮੋਹਿ ਤੁਮ ਚਰਨਨ ਕੇਰੀ।
ਜੇ ਕਰਿ ਪੱਤ੍ਰੀ ਮੈਂ ਕਿਤਿ ਹੇਰੀ' ॥੧੯॥
ਪਿਤ ਗੁਰ ਕੋ ਸਰਬੱਗਜ ਨ ਜਾਨਾ।
ਬਡਿ ਮਹਿਮਾ ਤੇ ਰਹਿ ਅਨੁਜਾਨਾ।
ਮਹਾਂ ਅਭਾਗ ਜਾਂਹਿ ਕੇ ਹੋਇਂ।
ਕਿਮ ਊਚੇ ਪਦ ਪ੍ਰਾਪਤਿ ਸੋਇ ॥੨੦॥
ਦਾਸੁ ਗਯੋ ਤਿਹ ਕੈ ਗ੍ਰਿਹਿ ਕਹਯੋ।
ਤਿਸ ਕੀ ਤ੍ਰਿਯ ਕੁਛ ਭੇਦ ਨ ਲਹਯੋ।

---

[1]ਛੇਤੀ ਆਵੀਂ।
[*]ਸਤਿਗੁਰ ਜੀ ਨੇ ਕੇਵਲ ਪ੍ਰਿਥੀਏ ਦੇ ਘਰੋਂ ਉਸਦਾ ਜਾਮਾ ਮੰਗਵਾ ਘਲਿਆ ਸੀ। ਇਹ ਪਰੰਪਰਾ ਦੀ ਸਾਖੀ ਹੈ। 'ਪ੍ਰਿਥੀਆ ਨ੍ਹਾ ਰਿਹਾ ਹੈ ਤੇ ਜਾਮਾ ਮੰਗਦਾ ਹੈ' ਐਸੇ ਸੰਦੇਸੇ ਦੇਣੇ ਸਤਿਗੁਰੂ ਰਾਮਦਾਸ ਜੀ ਦੀ ਰਚੀ ਬਾਣੀ ਦੱਸਦੀ ਹੈ ਕਿ ਉਨ੍ਹਾਂ ਦੇ ਸੁਭਾਵ ਵਿਰੁੱਧ ਹਨ।
[2]ਜੋ ਹਠ ਬੁੱਧੀ ਨੂੰ ਧਾਰਨ ਕਰੇ।
[3]ਚੇਤੇ ਕਰੋ।
[4]ਅੜੀ ਨਾ ਧਾਰਨ ਕਰੋ (ਅੜੀ) ਛੱਡ ਦਿਓ।

ਕਰਮੋ ਨੇ ਤਬਿ ਪ੍ਰੇਰੀ ਦਾਸੀ।
ਲਜਾਵਤਿ ਭੀ ਜਾਮਾ ਤਿਸੁ ਪਾਸੀ ॥੨੧॥
ਸਿਖ ਨੇ ਇਕਠੌ ਕਰਿ ਸੋ ਲਜਾਇਵ।
ਅਪਨੇ ਬਸਤ੍ਰ ਲਪੇਟ ਛੁਪਾਇਵ।
ਕੋ ਨਹਿਂ ਜਾਨਿ ਸਕਹਿ ਇਸ ਭਾਂਤੀ।
ਆਨਿ ਦਿਯੋ ਗੁਰ ਕੋ ਜੁਤਿ ਪਾਤੀ[1] ॥੨੨॥
ਮਹਾਂ ਦੇਵ ਕੋ ਤਬਹਿ ਹਕਾਰਾ।
ਅਪਰ ਦਿਵਾਨ ਲਗਾਇਵ ਸਾਰਾ।
ਸਜਾਨੇ ਸਿੱਖ ਅਨੇਕ ਸੁਹਾਏ।
ਸਮ ਚਿਤ ਜਿਨਹੁਂ ਬਿਕਾਰ ਬਿਹਾਏ ॥੨੩॥
ਕੋ ਸਤਿਗੁਰ ਕੇ ਮੁਖ ਕੋ ਦੇਖਤਿ।
ਕੋ ਪ੍ਰਿਥੀਏ ਕੀ ਕ੍ਰਾਂਤਿ ਪਰੇਖਤਿ[2]।
ਪੁਨ ਗੁਰ ਸਭਿਨਿ ਸੁਨਾਇ ਉਚਾਰੋ।
'ਅਜਹੁ ਸਮਝ ਤੂੰ ਕਹ੍ਯੋ ਹਮਾਰੋ ॥੨੪॥
ਦੇਹੁ ਪੱਤ੍ਰਿਕਾ ਜਹਾਂ ਦੁਰਾਈ।
ਤੇਰੋ ਕਾਜ ਨ ਬਿਗਰੇ ਰਾਈ।
ਜੇ ਨ ਦੇਹਿਂ ਸੁਧਰੇ ਕੁਛ ਨਾਂਹੀ।
ਨਾਹਕ ਪਰ੍ਯੋ ਮਹਾਂ ਹਠ ਮਾਂਹੀ ॥੨੫॥
ਅਲਪ ਵਸਤੁ ਤੇ ਮਹਿਦ ਬਿਗਾਰੇ[3]।
ਕ੍ਯੋਂ ਤੂੰ ਕਰਤੋ ਬਿਨਾ ਬਿਚਾਰੇ।'
ਸਗਰੀ ਸਭਾ ਸੁਨਤਿ ਤਿਸ ਥਾਨ।
ਕਹੇ ਨ ਸਮਝ੍ਯੋ ਮਹਦ ਅਜਾਨ ॥੨੬॥
ਕਹਤਿ ਭਯੋ ਬਿੱਪ੍ਰੈ ਹੀ ਫੇਰੇ[4]।
'ਪੱਤ੍ਰੀ ਤੇ ਕਜਾ ਬਨਵ ਬਡੇਰੇ।
ਕੈ ਢਿਗ ਰਾਖਿ ਰਾਜ ਕਿਹ ਲੇਵੌਂ।
ਦੁਲਭ ਵਸਤੁ ਕਜਾ ਤਿਸ ਤੇ ਸੇਵੌਂ?' ॥੨੭॥
ਸੁਨਿ ਸ਼੍ਰੀ ਰਾਮਦਾਸ ਬਚ ਕਹੈਂ।
'ਬਡਿਆਈ ਤੁਵ ਭਾਗ ਨ ਅਹੈ।

---

[1]ਸਹਿਤ ਚਿਠੀਆਂ ਦੇ।
[2]ਸ਼ੋਭਾ (ਯਾ ਚਿਹਰੇ ਦੀ ਦਸ਼ਾ) ਦੇਖਦੇ ਹਨ [ਸੰਸ: ਕਾਂਤਿ]
[3]ਬੜਾ ਬਿਗਾੜ।
[4]ਫੇਰ ਬੀ ਉਲਟਾ ਹੀ ਬੋਲਜਾ, ਵਿਪਰਜੈ।

ਕਹਾਂ ਨਿਲਾਇਕ ਰਾਜ ਕਮਾਵਹਿਂ।
ਦੁਲਭ ਵਸਤੁ ਬਿਨੁ ਭਾਗ ਨ ਪਾਵਹਿ' ॥੨੮॥
ਬੁੱਢੇ ਆਦਿਕ ਸਿੱਖ ਸਭਿ ਹੇਰੈਂ।
ਤਬਿ ਸੋ ਜਾਮਾ ਧਰਯੋ ਅਗੇਰੈ।
ਕਹਯੋ ਗੁਰੂ: 'ਜਾਮਾ ਪਿਖਿ ਲੇਹੂ।
ਹੈ ਕਿ ਨਹੀਂ ਤੁਵ ਗਰ ਕੋ ਏਹੂ[1]?' ॥੨੯॥
ਦੇਖਯੋ ਧਰਯੋ, ਕਹਯੋ 'ਇਹੁ ਮੇਰਾ।
ਘਰ ਤੇ ਕਿਨ ਆਨਯੋ ਇਸ ਬੇਰਾ?'
ਗੁਰੂ ਕਹਯੋ 'ਇਸ ਜੇਬ ਮਝਾਰੀ।
ਨਿਜ ਕਰ ਸੋਂ ਅਬਿ ਲੇਹੁ ਨਿਕਾਰੀ[2]' ॥੩੦॥
ਕਹਨ ਲਗਯੋ ਮੈਂ ਤੋ ਨਹਿਂ ਪਾਈ।
ਇਸ ਮਹਿਂ ਪਾਤੀ ਕਹਿਂ ਤੇ ਆਈ।'
ਸ਼੍ਰੀ ਮੁਖ ਭਨਯੋ 'ਨ ਫੇਰ ਕਰੀਜੈ।
ਨਿਜ ਕਰ ਤੇ ਕਾਗਦ ਨਿਕਸੀਜੈ' ॥੩੧॥
ਚਪਯੋ[*] ਲਾਜ ਤੇ[3] ਸਭਾ ਮਝਾਰਾ।
ਜੇਬ ਬਿਖੈ ਅਪਨੋ ਕਰ ਡਾਰਾ।
ਗਨ[4] ਕਾਗਦ ਸੇ ਸਕਲ ਨਿਕਾਸੇ।
ਸਭਿ ਲੇ ਕਰਿ ਸਤਿਗੁਰ ਨਿਜ ਪਾਸੇ ॥੩੨॥
ਪੱਤ੍ਰੀ ਦੋਨਹੁ ਤੁਰਤ ਨਿਕਾਰੀ।
ਬਿਸਮਤਿ ਭੇ, ਸਭਿ ਸਭਾ ਨਿਹਾਰੀ।
ਕਰ ਪਰ ਧਰਿ ਕਰਿ ਗੁਰੂ ਉਚਾਰੀ।
'ਕਜਾ ਗੁਰਮੁਖਿ[5] ਇਹੁ ਕਰਹੁ ਬਿਚਾਰੀ ॥੩੩॥
ਬਡੋ ਗਰੀਬ ਕਪਟ ਤੇ ਹੀਣਾਂ[6]।
ਨਹੀਂ ਕੁਟਿਲਤਾ ਦੀਰਘ ਮੀਣਾ[7]।

---

[1]ਤੇਰੇ ਗਲੇ ਦਾ ਇਹ ਹੈ ਕਿ ਨਹੀਂ।
[2]ਕੱਢ ਲਓ (ਚਿੱਠੀ)।
[*]ਪਾ:-ਪਚਯੋ।
[3]ਸ਼ਰਮ ਨਾਲ ਖਿਝਿਆ।
[4]ਸਾਰੇ।
[5]ਇਹ ਕੀਹ ਗੁਰਮੁਖਤਾਈ ਹੈ। (ਅ) ਹੇ ਗੁਰਮੁਖੋ!
[6](ਵਯੰਗ ਵਾਕ ਹੈ) ਬੜਾ ਗਰੀਬ ਤੇ ਕਪਟ ਤੋਂ ਖਾਲੀ। (ਅ) ਬੜਾ ਗ੍ਰੀਬ ਹੈ ਤੇ ਕਪਟ ਨਾਲ ਹੀਨ ਹੋ ਗਿਆ ਹੈ।
[7]ਮੀਣਾ = ਗਜ ਪੂਤਾਨੇ ਦੀ ਇਕ ਲੁੱਟ ਮਾਰ ਕਰਨ ਵਾਲੀ ਜਾਤੀ ਦਾ ਨਾਮ ਹੈ। (ਅ) ਮਾਲਵੇ ਵਿਚ ਸਿੰਗਹੀਨ ਬੈਲ ਨੂੰ ਬੀ ਕਹਿੰਦੇ ਹਨ। ਮੁਰਾਦ ਮੀਸਣੇ ਤੋਂ ਹੈ।

ਓਰਕ ਲੌਂ ਹਠ ਕੋ ਨਿਰਬਹੀਆ।
ਭਯੋ ਨਿਲਾਇਕ ਗੁਰ ਕੁਲ ਮਹੀਆ ॥੩੪॥
ਸੰਤਤਿ ਸਹਤ ਤੋਹਿ ਕਉ ਤਜਾਗਾ।
ਨਹੀਂ ਊਚ ਪਦ ਇਸ ਕੇ ਭਾਗਾ।
ਲਹਜੋ ਅਚਲ ਅਪਜਸ ਜਗ ਮਾਂਹੀ।
ਕਜਾ ਇਨ ਕੀਨ, ਮਿਟਜੋ ਪੁਨ ਨਾਂਹੀ[1] ॥੩੫॥
ਇਸ ਕੀ ਸੰਤਤਿ ਉਪਜੈ ਜੋਇ।
ਗੁਰ ਸਿੱਖਨ ਕੇ ਸਿਖ ਸੁ ਹੋਇਂ[2]।
ਤੌ ਸੰਗਤਿ ਕੋ ਮੇਲ ਬਨੇ ਹੈ।
ਨਾਤੁਰ ਵਹਿਰ ਮੁਖੀ ਇਹੁ ਰਹਿ ਹੈਂ' ॥੩੬॥
ਜਥਾ ਪੁੱਤ੍ਰ ਸੋਂ ਕਹਜੋ ਜੁਜਾਤੀ।
ਜਦੁ ਨੇ ਨਹਿਂ ਮਾਨੀ ਮਨ ਬਾਤੀ[3]।
ਰਾਜ ਭਾਗ ਤੇ ਕਰਜੋ ਸੁ ਬਾਹਰ।
ਤਥਾ ਕਰੀ ਗੁਰ, ਸੁਤ ਸੋਂ ਜਾਹਰ ॥੩੭॥
ਸੁਨਿ ਬੁੱਢਾ ਬੋਲਜੋ ਸ਼ੁਭ ਮਤਿ ਕੀ।
'ਦੇਖਹੁ ਕਹਾਂ ਕਰੀ ਬ੍ਰਿਤ ਚਿਤ ਕੀ।
ਪਿਤ ਗੁਰ ਕੋ ਸਰਬੱਗਜ ਨ ਜਾਨਜੋ।
ਕਰਜੋ ਛੁਪਾਵ ਮਹਿਦ ਛਲ ਠਾਨਜੋ ॥੩੮॥
ਅਲਪੱਗਜਨ ਸੰਗ[4] ਕਪਟ ਪੁਜੈਹੇ।
ਹੋਤਿ ਅਪਰ ਅਪਰੈ ਕਰਿ ਜੈ ਹੈ[5]।
ਤੁਮਰੇ ਬਿਖੈ ਨ ਨਿਸ਼ਚਾ ਧਰਜੋ।
ਨਿਜ ਸਮਾਨ ਹੀ ਲਖਿਬੋ ਕਰਜੋ' ॥੩੯॥
ਸੁਨਿ ਸਭਿ ਸਭਾ ਬਿਸਮ ਹੁਇ ਗਈ।
'ਕਜਾ ਇਨ ਕਿਯ' ਅੰਗੁਰੀ ਮੁਖ ਦਈ।
ਨਿਜ ਛਲ ਪ੍ਰਗਟ ਭਯੋ ਮਨ ਜਾਨਜੋ।
ਲੱਜਿਤਿ ਹ੍ਵੈ ਕੈ ਕਛੁ ਨ ਬਖਾਨਜੋ ॥੪੦॥

---

[1]ਇਸ ਨੇ ਕੀਤਾ ਹੈ, ਹਟਿਆ ਨਹੀਂ (ਆਪਣੇ ਹਠ ਤੋਂ)।
[2]ਗੁਰ ਸਿਖਾਂ ਦੇ ਸਿਖ ਹੋਣ ਤਾਂ।
[3]ਯਯਾਤੀ ਰਾਜੇ ਨੇ ਅਪਨੇ 'ਜਦੁ' ਪੁੱਤ੍ਰ ਨੂੰ ਕਿਹਾ ਸੀ ਕਿ ਮੇਰਾ ਬੁਢੇਪਾ ਲੈ ਲੈ, ਉਸਨੇ ਨਾ ਮੰਨਿਆਂ, ਪਰ 'ਪਰੂ' ਨੇ ਮੰਨ ਲਿਆ। ਰਾਜੇ ਨੇ ਅੰਤ ਬਨ ਜਾਣ ਸਮੇਂ ਰਾਜ 'ਪੁਰੂ' ਨੂੰ ਦਿੱਤਾ ਸੀ, 'ਜਦੁ' ਵਾਂਜਿਆ ਗਿਆ ਸੀ।
[4]ਸਾਧਾਰਣ ਸਮਝ ਵਾਲੇ (ਅਲਪ+ਗਜਾਨ ਵਾਲੇ) ਨਾਲ।
[5]ਹੁੰਦੀ ਹੈ ਹੋਰ, ਕਰ ਜਾਈਦੀ ਹੈ ਹੋਰ।

ਨੀਚ ਗ੍ਰੀਵ ਕਰਿ ਬੈਠỵੋ ਰਹỵੋ।
ਕਟਕ ਬਾਕ[1] ਸਭਿਹਿਨਿ ਕੋ ਸਹỵੋ।
ਜਥਾ ਪ੍ਰਧਾਨ ਕਾਚ ਕੋ ਹੀਰਾ।
ਬੰਚਕਤਾ ਕਰਿ ਹੈ ਮਤਿਧੀਰਾ[2] ॥੪੧॥
ਜਬਹਿ ਤੀਰ ਹੀਰਾ ਹੁਇ ਸਾਚੋ।
ਪਰਖỵੋ ਜਾਇ, ਤਜਹਿਂ[*] ਸਭਿ ਕਾਚੋ।
ਜਬਿ ਸ਼੍ਰੀ ਅਰਜਨ ਪਰਖੇ ਸਾਚੇ।
ਕੂਰੋ ਤਬਿ ਕੂਰੋ ਕਚ ਪਾਚੇ[3] ॥੪੨॥
ਤਬਿ ਸ਼੍ਰੀ ਰਾਮਦਾਸ ਦ੍ਵੈ ਪਾਤੀ।
ਧਰਿ ਕਰ ਬਾਚੀ ਹਿਤ ਕਰਿ ਥਾਤੀ[+੪]।
ਪ੍ਰੇਮ ਬਿਸਾਲ ਦਰਸ ਕੋ ਕਾਰਨ[੫++]।
ਬਨੀ ਤੁਕਾਂ ਬਡਹੀ ਸ਼ੁਭ ਚਾਰੁਨ[੬**] ॥੪੩॥
ਅਤਿ ਪ੍ਰਸੰਨ ਉਰ ਪਠਿ ਕਰਿ ਭਏ।
ਪੁਨ ਭਾਈ ਬ੍ਰਿਧ ਕੇ ਕਰ ਦਏ।
ਆਇਸੁ ਦਈ 'ਪਠਹੁ ਕਿਮ ਅਹੈ।
ਸਭਿ ਗੁਰ ਕੋ ਆਸ਼ੈ ਤੁਮ ਲਹੈ' ॥੪੪॥
ਤਬਿ ਬੁੱਢੇ ਪੜ੍ਹ ਸਭਿਨਿ ਸੁਨਾਏ।
ਸੁੰਦਰ ਸ਼ਬਦ ਨਵੋਂ ਜੁ ਬਨਾਏ।
ਸਭਾ ਸੁਨਤਿ ਸਭਿ ਹੀ ਮੁਦ ਲਹੇ।
'ਧੰਨ ਧੰਨ ਸ਼੍ਰੀ ਅਰਜੁਨ' ਕਹੇ ॥੪੫॥
ਅਨੁਜ ਬਡਾਈ ਸੁਨਿ ਦੁਖ ਪਾਵਤਿ।
ਜਰਤਿ ਰਿਦਾ ਕੁਛ ਬਸ ਨ ਬਸਾਵਤਿ।
ਛਲ ਬਲ ਕਰਿ ਚਾਹਤਿ ਗੁਰਿਆਈ।
ਪੁਨ ਪਿਤ ਕੀ ਨਹਿਂ ਸੇਵ ਕਮਾਈ ॥੪੬॥

---

[1]ਕੌੜੇ ਬਚਨ।
[2]ਜਿਵੇਂ ਕੱਚ ਦਾ ਹੀਰਾ ਮੁਖੀਆ ਹੋ ਕੇ ਬੁਧੀਮਾਨ ਦੀ ਮਤ ਨੂੰ ਠਗ ਲੈਂਦਾ ਹੈ।
[*]ਪਾ:-ਤਬਹਿਂ।
[3]ਕੂੜਾ (ਪ੍ਰਿਥੀਆ) ਤਦੋਂ ਝੂਠਾ ਤੇ ਕੱਚਾ ਪਿੱਲਾ ਨਿਕਲਿਆ।
[+]ਪਾ:-ਧਰਿ ਕਰਿ ਮਹਿਂ ਬਾਚੀ ਹਿਤ ਬਾਤੀ।
[4]ਪ੍ਰੇਮ (ਨਾਲ ਭਰੀ) ਥੈਲੀ, ਭਾਵ ਪੱਤ੍ਰਿਕਾ।
[5](ਜਿਸ ਵਿਚ) ਬਹੁਤ ਪ੍ਰੇਮ ਦੇ ਕਾਰਣ ਦਰਸ਼ਨ ਦੀ (ਸਿਕ ਦੱਸੀ ਸੀ)।
[++]ਪਾ:-ਜਾਚਨ।
[6]ਸੁੰਦਰ।
[**]ਪਾ:-ਬਾਨੀ ਸੁਭ ਰਾਚਨ।

ਕਰਿ ਹੰਕਾਰ ਨ ਕਬਿ ਬਚ ਮਾਨਾ।
ਧਨ ਕੋ ਸਾਂਭਤਿ ਰਹਜੋ ਮਹਾਨਾ।
ਜਗ ਬਿਵਹਾਰਨ ਮਹਿਂ ਚਤੁਰਾਈ।
ਇਕ ਭੀ ਗੁਨ ਨਹਿਂ ਲੇ ਗੁਰਿਆਈ ॥੪੭॥
ਇਮ ਪ੍ਰਿਥੀਆ ਬੈਠਜੋ ਮੁਰਝਾਈ।
ਪੁਨ ਬੁੱਢੇ ਸੰਗ ਗੁਰੂ ਅਲਾਈ।
'ਸ੍ਰੀ ਨਾਨਕ ਕੇ ਤੁਮ ਬਹੁ ਪਜਾਰੇ।
ਗੁਰ ਅੰਗਦ ਸ੍ਰੀ ਅਮਰ ਨਿਹਾਰੇ ॥੪੮॥
ਗੁਰਤਾ ਅਜਰ ਜਰਨ ਉਰ ਮਾਂਹੀ।
ਸ੍ਰੀ ਅਰਜਨ ਅਬਿ ਭਯੋ ਕਿ ਨਾਂਹੀ?
ਜੇ ਕਰਿ ਤੁਮਹੁ ਸੁਹਾਵਤਿ ਆਛੇ।
ਇਸਹਿ ਬਿਠਾਵਹਿਂ ਹਮ ਨਿਜ ਪਾਛੇ ॥੪੯॥
ਗੁਰਤਾ ਉਚਿਤ ਸੁ ਔਰ ਨ ਕੋਈ।
ਇਨ ਸਮ ਗੁਨ ਕਹੁ ਕਿਸ ਮਹਿਂ ਹੋਈ।
ਤੁਮ ਸੰਮਤ ਹੁਇ[1] ਚਾਹਤਿ ਕਰਜੋ।
ਕਹੋ ਸਾਚੁ ਜਿਮ ਉਰ ਮਹਿਂ ਧਰਜੋ' ॥੫੦॥
ਸੁਨਿ ਬੁੱਢੇ ਕਰ ਜੋਰਿ ਉਚਾਰਾ।
'ਇਹੁ ਸੇਵਕ ਕੀ ਵਸਤੁ ਉਦਾਰਾ[2]।
ਅਜਰ ਜਰਨ ਆਦਿਕ ਗੁਨ ਹੋਇ।
ਇਸ ਕੀ ਲਾਇਕ ਜਾਨਹੁਂ ਸੋਇ ॥੫੧॥
ਸ੍ਰੀ ਅਰਜਨ ਮਹਿਂ ਪਰਖੇ ਸਾਰੇ।
ਤੁਮ ਤੇ ਅਪਰ ਸੁਮਤਿ ਕੋ ਧਾਰੇ?
ਇਨ ਸਮ ਸੇਵਕ ਅਪਰ ਨ ਬੀਯੋ।
ਜਿਮ ਆਇਸੁ ਮਹਿਂ ਵਾਸਾ ਕੀਯੋ ॥੫੨॥

ਦੋਹਰਾ: ਪ੍ਰੇਮਾਤੁਰ ਅਤਿ ਦੁਖ ਲਹਜੋ,
ਸੰਮਤ ਦੋਇ ਬਿਤਾਇ।
ਆਇਸੁ ਪਾਇ ਸੁ ਆਪ ਕੀ,
ਅਬਿ ਦਰਸ਼ਨ ਕੋ ਆਇ' ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪ੍ਰਿਥੀਏ ਤੇ ਪੱਤ੍ਰਿਕਾ ਲੇ ਬ੍ਰਿੱਧ ਸੰਗ ਪ੍ਰਸੰਗ' ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

---

[1]ਤੁਸਾਡੀ ਸੰਮਤੀ ਹੋਣ ਨਾਲ।
[2]ਸ੍ਰੇਸ਼ਟ ਵਸਤੂ।

੨੨. [ਸ਼੍ਰੀ ਅਰਜਨ ਜੀ ਨੂੰ ਗੁਰਿਆਈ। ਸ਼ਬਦ ਦਾ ਚੌਥਾ ਪਦ ਰਚਿਆ]

੨੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੩

ਦੋਹਰਾ: ਸੁਨਿ ਕੈ ਬ੍ਰਿਧ ਕੇ ਬਚਨ ਕੋ,
ਸਤਿਗੁਰ ਰਿਦੈ ਅਨੰਦ।
-ਇਨਹੁਂ ਸਰਾਹਜੋ ਤਬਿ ਭਯੋ,
ਸ਼੍ਰੀ ਅਰਜਨ ਕੁਲ ਚੰਦ ॥੧॥
ਚੌਪਈ: ਬਰਤੀ ਦਿਨਹੁ[1] ਬਹੁਤ ਗੁਰਿਆਈ।
ਸਾਰ ਅਸਾਰ ਪਰਖਨਾ ਪਾਈ।
ਮੁਖਜ ਜੋਹਰੀ ਜਬਹਿ[*] ਜਵਾਹਰ[2]।
ਪਰਖਹਿ, ਤਬਿ[+] ਹੋਵੈ ਜਗ ਜ਼ਾਹਰ- ॥੨॥
ਸ਼੍ਰੀਫਲ[3] ਪੈਸੇ ਪੰਚ ਮੰਗਾਏ।
ਜਹਿਂ ਕਹਿਂ ਤੇ ਸਿਖ ਸਰਬ ਬੁਲਾਏ।
ਸਭਿ ਸੰਗਤਿ ਕੋ ਮੇਲਾ ਭਯੋ।
ਚਹੁਂਦਿਸ਼ ਪਰਵਾਰਤਿ ਹੁਇ ਗਯੋ ॥੩॥
ਸਰਬ ਨਿਹਾਰਤ -ਕਹਾਂ ਕਰਹਿਂਗੇ?
ਬਡਿ ਸੁਤ ਸੋਂ ਉਰ ਕ੍ਰੋਧ ਧਰਹਿਂਗੇ-।
ਤਬਿ ਸ਼੍ਰੀ ਰਾਮਦਾਸ ਉਠਿ ਕਰਿ ਕੈ।
ਸ਼੍ਰੀਫਲ ਅਰ ਪੈਸੇ ਕਰ ਧਰਿ ਕੈ ॥੪॥
ਤੀਨ ਪ੍ਰਦੱਛਨ ਕੋ ਤਬਿ ਦੀਨ।
ਸ਼੍ਰੀ ਅਰਜਨ ਸੁਤ ਲਾਇਕ ਚੀਨ।
ਤਿਨ ਆਗੇ ਧਰਿ ਮਸਤਕ ਟੇਕਾ।
ਅਤਿ ਅਨੰਦ ਭਾ ਜਲਧਿ ਬਿਬੇਕਾ ॥੫॥
ਪੁਨ ਸਤਿਗੁਰ ਕੀ ਆਇਸੁ ਪਾਇ।
ਬੁੱਢਾ ਉਠਜੋ ਰਿਦੇ ਹਰਖਾਇ।
ਭਰਜੋ ਭਾਗ ਸੋਂ ਭਾਲ ਜੁ ਨੀਕਾ[4]।
ਨਿਜ ਕਰ ਤੇ ਸੁਠ ਕੀਨਸਿ ਟੀਕਾ ॥੬॥
ਸਭਿ ਸੋਂ ਸਤਿਗੁਰ ਬਾਕ ਉਚਾਰੇ।

---

[1]ਭਾਵ ਦੇਖੀ ਹੈ ਭਾਈ ਬੁੱਢੇ ਨੇ।
[*]ਪਾ:-ਜਬਰਿ।
[2]ਵਧੀਆ ਰਤਨ।
[+]ਪਾ:-ਜਬ।
[3]ਨਲੇਰ।
[4]ਜੋ ਮੱਥਾ ਭਲੇ ਭਾਗਾਂ ਨਾਲ ਭਰਪੂਰ ਸੀ (ਉਸ ਤੇ)।

'ਸੁਨਹੁ ਸਿੱਖ! ਸਭਿ ਤੁਮ ਗੁਰ ਪਜਾਰੇ।
ਸ਼੍ਰੀ ਅਰਜਨ ਮਮ ਰੂਪ ਨਿਹਾਰਹੁ।
ਜਿਮ ਮੁਝ ਲਖਹੁ ਤਥਾ ਉਰ ਧਾਰਹੁ ॥੭॥
ਗੁਰਤਾ ਗਾਦੀ ਪਰ ਇਹ ਥਿਰਜੋ।
ਹਲਤ ਪਲਤ ਭਾਰ ਜੁ ਸਭਿ ਧਰਜੋ।
ਸੰਗਤ ਕੋ ਦੁਖ ਪਾਰ ਉਤਾਰਹਿ।
ਕਾਰਜ ਅਨਿਕ ਜਗਤ ਮਹਿਂ ਸਾਰਹਿ ॥੮॥
ਉਠਹੁ ਸਕਲ ਬੰਦਨ ਇਸ ਕੀਜਹਿ।
ਨਾਨਾ ਭਾਂਤਿ ਉਪਾਇਨ ਦੀਜਹਿ।'
ਸੁਨਿ ਸਤਿਗੁਰ ਕੇ ਬਚਨ ਅਨੰਦੇ।
ਬੋਲਤਿ ਜੈ ਜੈ ਕਾਰ ਬਿਲੰਦੇ ॥੯॥
ਜਥਾ ਸ਼ਕਤਿ ਧਰਿ ਨਿਕਟ ਅਕੋਰ।
ਨਮਸਕਾਰ ਕੀਨਸਿ ਕਰ ਜੋਰਿ।
ਉਤਸਵ ਸਭਿ ਸਿੱਖਨ ਮਹਿਂ ਹੋਵਾ।
ਸ਼੍ਰੀ ਅਰਜਨ ਰਵਿ ਉੱਦਜਤਿ ਜੋਵਾ ॥੧੦॥
ਦਾਸ ਤਾਮਰਸ[1] ਬਿਕਸੇ ਬ੍ਰਿੰਦ।
ਜਗਜਾਸੀ ਗਨ ਮੁਦਿਤ ਮਲਿੰਦ।
ਮਹਾਂ ਦੇਵ ਪ੍ਰਿਥੀਏ ਉਰ ਆਸਾ।
ਭ੍ਰਮ ਤਮ ਜੁਤ ਇਹ ਨਿਸਾ ਬਿਨਾਸਾ[2] ॥੧੧॥
ਇਨ ਕੇ ਪੱਖੀ ਉਡਗਨ ਦੁਰੇ।
ਨਿੰਦਕ ਪੇਚਕ ਮੁਖ ਦ੍ਰਿਗ ਜੁਰੇ[3]।
ਪ੍ਰਿਥੀ ਚੰਦ ਦੁਤਿ ਚੰਦ ਮਨਿੰਦ[4]।
ਫੀਕੋ ਪਰਜੋ ਤਿਸੀ ਛਿਨ ਮੰਦ ॥੧੨॥
ਜਰ ਬਰ ਗਯੋ ਅਧਿਕ ਦੁਖ ਪਾਵਤਿ।
ਨੀਵ ਗ੍ਰੀਵ ਕਰਿ ਬਸ ਨ ਬਸਾਵਤਿ।
ਮਹਾਂ ਦੇਵ ਤੂਸ਼ਨਿ ਥਿਰ ਥਿਯੋ।
ਹਰਖ ਨ ਸ਼ੋਕ ਰਿਦੈ ਕੁਛ ਕਿਯੋ ॥੧੩॥
ਸੁਨਿ ਜਨਨੀ ਬਡਭਾਗਾ ਭਾਨੀ।

---

[1]ਕਮਲ।
[2]ਭ੍ਰਮ ਰੂਪ ਅੰਧਕਾਰ ਵਾਲੀ ਜੋ ਰਾਤ੍ਰੀ (ਸਮਾਨ) ਸੀ (ਆਸਾ) ਸੋ ਨਾਸ਼ ਹੋ ਗਈ।
[3]ਨਿੰਦਕ ਉਲੂਆਂ ਦੇ ਮੂੰਹ ਤੇ ਨੇਤ੍ਰ ਬੰਦ ਹੋਏ।
[4]ਪ੍ਰਿਥੀ ਚੰਦ ਦੀ ਸੁੰਦਰਤਾ ਚੰਦ੍ਰਮਾ ਵਾਂਙੂ।

-ਗੁਰ ਅਰਜਨ ਭਾ- ਮੁਦਿਤ ਮਹਾਂਨੀ।
ਸਿਮਰਤਿ ਪਿਤਾ ਬਾਕ ਸੁਖ ਪਾਇਵ।
-ਨਹੀਂ ਬੰਸ ਤੇ ਗੁਰਤਾ ਜਾਇਵ- ॥੧੪॥
ਪਿਤਾ ਗੁਰੂ ਕੋ ਕਹਯੋ ਅਟਲ ਹੈ।
ਚਲਹਿ ਸੁਮੇਰੁ ਨਹੀਂ ਸੋ ਚਲਿ ਹੈ[1]।
ਸਭਾ ਬਿਖੈ ਸ੍ਰੀ ਸਤਿਗੁਰ ਤਬੈ।
ਬੈਠੇ ਚਹੁੰਦਿਸ਼ ਸੰਗਤ ਸਬੈ ॥੧੫॥
ਸ੍ਰੀ ਅਰਜਨ ਸੁਤ ਕੀ ਦਿਸ਼ ਦੇਖਿ।
ਕਹਯੋ ਬਾਕ ਮਨ ਮੁਦਿਤਿ ਵਿਸ਼ੇਖ਼।
'ਹੋਤਿ ਸ਼ਬਦ ਕੇ ਚਤੁਰਥ ਪਦ ਸਭਿ।
ਕਰੇ ਤੀਨ ਇਕ ਚਹੀਅਤਿ ਹੈ ਅਬਿ ॥੧੬॥
ਰਚਹੁ ਸੁਪਦ ਸ਼ੁਭ ਨਿਕਟ ਹਮਾਰੇ।
ਪਾਵਹੁ ਸ਼ਬਦ ਭੋਗ ਮਤਿਧਾਰੇ।
ਜਿਸ ਕੋ ਜਗ ਮਹਿਂ ਸਿੱਖਯ ਘਨੇਰੇ।
ਪਠਹਿਂ ਸੁਨਹਿਂ ਮੁਦ ਪਾਇਂ ਬਡੇਰੇ' ॥੧੭॥
ਮੁਦਿਤਿ ਬ੍ਰਿੱਧ[2] ਹੁਇ ਕਰਿ ਤਬਿ ਕਹੈ।
'ਸਤਿਗੁਰ ਬਾਕ ਉਚਿਤ ਹੀ ਅਹੈ।'
ਸ੍ਰੀ ਅਰਜਨ ਸੁਨਿ ਕੈ ਤਿਹ ਸਮੋ।
ਰਚਯੋ ਸੁ ਪਦ ਪਿਤ ਕੋ ਕਰਿ ਨਮੋ ॥੧੮॥

ਸ੍ਰੀ ਮੁਖਵਾਕ:
ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥

ਚੌਪਈ: ਸ੍ਰੀ ਗੁਰ ਰਾਮਦਾਸ ਸੁਨਿ ਹਰਖੇ।
-ਬਾਣੀ ਬਹੁਤ ਕਰਹਿਂਗੇ- ਪਰਖੇ।
ਆਛੀ ਸਾਫ ਬਨਾਵਟ ਹੇਰੀ।
ਰਚੀ ਤੁਰਤ ਨਹਿਂ ਲਾਗਸੁ ਦੇਰੀ ॥੧੯॥
ਸ੍ਰੀ ਮੁਖ ਤੇ ਸੁਤ ਸੋਂ ਫੁਰਮਾਇਵ।
'ਸਹਤ ਨੰਮ੍ਰਤਾ ਸ਼ਬਦ ਬਨਾਇਵ।
ਜਿਸ ਕੋ ਪਠਿ ਸੁਨਿ ਕਰੇ ਬਿਚਾਰਨ।

[1]ਟਲੇਗਾ ਨਹੀਂ (ਕਹਿਆ)।
[2]ਬਾਬੇ ਬੁੱਢੇ ਨੇ।

ਹਰੇ ਹੰਕਾਰ ਸਮੇਤ ਬਿਕਾਰਨ' ॥੨੦॥
ਹਾਥ ਜੋਰਿ ਪਿਤ ਤੇ ਸੁਨਿ ਬਾਨੀ।
ਅਤਿ ਅਧੀਨ ਹੁਇ ਬੰਦਨ ਠਾਨੀ।
'ਕਰਨ ਕਰਾਵਨ ਤੁਮ ਹੀ ਅਹੋ।
ਮੈਂ ਅਨੁਸਾਰਿ ਸਦਾ ਜਿਮ ਕਹੋ' ॥੨੧॥
ਸਭਾ ਉਠੀ ਜਬਿ ਨਿਜ ਨਿਜ ਥਾਨ।
ਪਹੁੰਚੇ ਸਭਿ 'ਸ਼ੁਭ' ਕਰਤਿ ਬਖਾਨ।
ਭਾਈ ਬ੍ਰਿੱਧ ਸੋਂ ਪ੍ਰਿਥੀਆ ਮਿਲ੍ਯੋ।
ਜਰ ਬਰ ਰਹ੍ਯੋ ਨ ਬਸ ਕੁਛ ਚਲ੍ਯੋ ॥੨੨॥
'ਸੁਨਿ ਬੁੱਢੇ ! ਹਮ ਤੁਝ ਕੋ ਜਾਨਹਿਂ।
ਗੁਰ ਨਾਨਕ ਸਮ ਮਹਿਮਾ ਮਾਨਹਿਂ।
ਇਸ ਬਿਧਿ ਆਜ ਤੀਕ ਮਤਿ ਮੇਰੀ[1]।
ਰਹੀ ਨ ਅਬ ਸ਼ਰਧਾ ਕ੍ਰਿਤ ਹੇਰੀ[2] ॥੨੩॥
ਰਹ੍ਯੋ ਸੰਗ ਸਭਿ ਹੀ ਸਤਿਗੁਰ ਕੇ।
ਦੇਖਤਿ ਰਹ੍ਯੋ ਬ੍ਰਿਤਾਂਤ ਸੁ ਧੁਰ ਕੇ।
ਮੈਂ ਜੇਸ਼ਟ ਅਰੁ ਲਾਇਕ ਆਛੇ।
ਉਚਿਤ ਹੁਤੀ ਗੁਰਤਾ ਪਿਤ ਪਾਛੈ ॥੨੪॥
ਸੋ ਤੁਮ ਨੇ ਕਛੁ ਨਹੀਂ ਬਿਚਰਾਯੋ।
ਭਯੋ ਬ੍ਰਿੱਧ ਕੈ ਬੁਧਿ ਬਲ ਹਾਰਯੋ[3]।
ਪਿਤ ਤੌਂ ਗੁਰੂ ਨਾਮੁ ਇਕ ਬਨੇ[4]।
ਮੈਂ ਬਿਵਹਾਰ ਚਲਾਵਤਿ ਘਨੇ ॥੨੫॥
ਸਭਿ ਬਿਧਿ ਕੀ ਬੁਧਿ ਤੂੰ ਮਮ ਜਾਨਤਿ।
ਸਭਿ ਸੰਗਤਿ ਗੁਰ ਮੁਹਿ ਅਨੁਮਾਨਤਿ।
ਕ੍ਰਿੱਤਿ ਅਚਾਨਕ ਇਹ ਕਜਾ ਕੀਨ।
ਤੈਂ ਉਠਿ ਤੁਰਤ ਤਿਲਕ ਕਰਿ ਦੀਨ ॥੨੬॥
ਮੈਂ ਨਿਜ ਬਲ ਤੇ ਦਯੋਂ ਉਲਟਾਇ।
ਤੌ ਤੁਮਰੀ ਕਜਾ ਪਤਿ ਰਹਿ ਜਾਇ।
ਆਗੈ ਜ਼ਿਕਰ ਨ ਕਬਿਹੂੰ ਭਯੋ।

---

[1]ਮੇਰੀ ਮਤ ਇਸ ਪ੍ਰਕਾਰ ਦੀ (ਭਾਵ ਸ਼ਰਧਾ ਵਾਲੀ ਰਹੀ)।
[2](ਤੁਹਾਡੀ) ਕਰਤੂਤ ਵੇਖਕੇ।
[3]ਬੁੱਢਾ ਹੋ ਗਿਆ ਹੈਂ, ਕਿ ਤੇਰੀ ਮਤ ਦਾ ਬਲ ਹਾਰ ਗਿਆ ਹੈ।
[4]ਪਿਤਾ ਜੀ ਤਾਂ ਇਕ ਨਾਮ ਮਾਤ੍ਰ ਗੁਰੂ ਬਣੇ ਹੋਏ ਸਨ।

ਤੁਰਤ ਅਨੁਚਿਤ ਕਹਾਂ ਕਰਿ ਦਯੋ ॥੨੭॥
ਜੇ ਪਿਤ ਰਿਸ ਕਰਿ ਕੇ ਇਮ ਠਾਨੀ।
ਰੀਤਿ ਅਨੁਚਿਤ ਕਰਨ ਕੋ ਮਾਨੀ।
ਤਊ ਤੁਮਹੁ ਕੋ ਲਾਇਕ ਹੁਤੀ।
ਸਮਝਾਵਨ ਕਹਿ ਕੈ ਸ਼ੁਭ ਮਤੀ ॥੨੮॥
-ਬਡ ਸੁਤ ਕੋ ਹੈ ਇਹੁ ਅਧਿਕਾਰਾ।
ਪੁਨ ਸਭਿ ਬਿਧਿ ਲਾਇਕ ਨਿਰਧਾਰਾ।
ਪਿਤ ਕੇ ਹੋਵਤਿ ਸਭਿ ਬਿਵਹਾਰਾ।
ਕਰੇ ਸੰਭਾਰਨ ਸੁਮਤਿ ਉਦਾਰਾ- ॥੨੯॥
ਇੱਤਜਾਦਿਕ ਕਹਿ ਕਰਿ ਸਮਝਾਵਤਿ।
ਗੁਰਤਾ ਲਘੁ ਸੁਤ ਤੇ ਬਰਜਾਵਤਿ[1]।
ਤੁਮ ਕੋ ਉਚਿਤ ਹੁਤੀ ਇਹੁ ਰੀਤਿ।
ਤੌ ਸਜਾਨੋ ਸਮਝਤਿ ਸਭਿ ਚੀਤ ॥੩੦॥
ਸੋ ਤੌ ਬਾਤ ਨ ਕੀਨਸਿ ਨੀਕਾ।
ਤੌਂ ਉਠਿ ਦੀਨ ਤੁਰਤ ਹੀ ਟੀਕਾ।
ਤੁਵ ਕ੍ਰਿਤ ਕੋ ਕਜਾ ਨਿੰਦਹਿਂ ਨਾਂਹੀ?
ਜੇ ਸਿਖ ਸਜਾਨੇ ਸੰਗਤਿ ਮਾਂਹੀ ॥੩੧॥
ਦੇਖਿ ਲਈ ਤੁਮਰੀ ਕਰਤੂਤ।
ਕਹਤਿ ਸੁਮਤਿ ਜੁਤਿ ਕੀਨ ਕਸੂਤ[2]।
ਅਬਿ ਮੈ ਕਰਿਹੌਂ ਨਿਤ ਉਤਸਾਹੂ।
ਛੀਨ ਲੇਹੁਂ ਗਾਦੀ ਤਿਸ ਪਾਹੂ ॥੩੨॥
ਦਰਬ ਬ੍ਰਿੰਦ ਖਰਚਨ ਕਰਿ ਲੈਹੌਂ।
ਸਭਿ ਕੀ ਕਰੀ ਉਲਟ ਅਬਿ ਦੈ ਹੌਂ।'
ਬ੍ਰਿੱਧ ਕਹਜੋ 'ਰਿਸ ਕਜੋਂ ਉਰ ਕਰੈਂ?
ਪਿਤ ਸੇਵਾ ਮਹਿਂ ਨਹਿਂ ਹਿਤ ਧਰੈਂ ॥੩੩॥
ਰੀਝਹਿਂ, ਬਿਨਾ ਕਹੇ ਤੁਝ ਦੈ ਹੈਂ[3]।
ਜੇ ਕਰਿ ਲਾਇਕ ਕੋ ਪਿਖਿ ਲੈਹੈਂ।
ਕਰੈਂ ਬਖੀਲੀ ਹਾਥ ਨ ਆਵੈ।
ਗਹਿਹ* ਨੰਮ੍ਰਤਾ ਬਾਂਛਤ ਪਾਵੈਂ ॥੩੪॥

---

[1]ਰੋਕ ਦੇਂਦੋਂ।
[2](ਲੋਕੀ ਤੁਹਾਨੂੰ) ਅਕਲ ਵਾਲਾ ਕਹਿੰਦੇ ਸਨ, (ਪਰ ਤੁਸਾਂ) ਕਸੂਤੀ ਗਲ ਕੀਤੀ ਹੈ।
[3]ਜੇ ਰੀਝ ਜਾਂਦੇ ਤਾਂ ਬਿਨਾ (ਮੇਰੇ) ਕਹੇ ਤੈਨੂੰ ਦੇ ਦਿੰਦੇ।

ਪਿਤ ਕੋ ਕਹਜੋ ਨ ਮਾਨਜੋ ਨੀਕਾ।
ਯਾਂ ਤੇ ਨਹੀਂ ਭਯੋ ਤੁਵ ਟੀਕਾ।
ਗੁਰੂ ਪੁੱਤ੍ਰ, ਤੁਮ, ਬਡੀ ਬਡਾਈ।
ਮਾਨਨੀਯ, ਕਜਾ ਹਾਥ ਨ ਆਈ[1] ॥੩੫॥
ਕ੍ਰੋਧ ਬਿਖਾਦ ਛੋਡ ਸੁਖ ਪਾਵਹੁ।
ਪਿਤਾ ਕਰੇ ਤਿਮ ਉਰ ਹਰਖਾਵਹੁ।
ਦੀਨ ਦੁਨੀ ਕੇ ਮਾਲਿਕ ਅਹੈਂ।
ਤਿਨ ਸਨਮੁਖ ਕੋ ਉੱਤਰ ਕਹੈ?' ॥੩੬॥
ਇਮ ਕਹਿ ਬ੍ਰਿਧ ਮੁਖ ਧਾਰੀ ਮੌਨ।
ਪ੍ਰਿਥੀਆ ਜਾਇ ਪ੍ਰਵੇਸ਼ਜੋ ਭੌਨ।
ਗਿਰਾ ਕਠੋਰ ਕਹਤਿ ਰਿਸ ਧਾਰੇ।
ਪਿਤ ਕੇ ਨਿਕਟ ਗਯੋ ਦੁਖ ਭਾਰੇ ॥੩੭॥
ਮੁਖ ਤੇ ਕਹਿਨ ਲਾਗਿ ਕਟੁ ਬਾਨੀ।
'ਕਜਾ ਬਿਪਰੀਤਿ ਆਪ ਨੇ ਠਾਨੀ?
ਮੇਰੀ ਵਸਤੁ ਅਲਪ ਕੋ ਦਈ।
ਕੋ ਇਮੁ ਕਰਿਹ?, ਨ ਆਗੇ ਭਈ+ ॥੩੮॥
ਮੋ ਸੰਗ ਖੋਟ ਜਾਨਿ ਕੈ ਕਰਜੋ।
ਕੌਨ ਦੋਸ਼ ਲਖਿ ਕੈ ਪਰਹਰਜੋ।
ਜਿਸ ਪ੍ਰਕਾਰ ਤੁਮ ਮੁਝ ਸੋਂ ਠਾਨੀ।
ਇਸ ਕੋ ਫਲ ਦੇਖੋ ਅਗਵਾਨੀ[2] ॥੩੯॥
ਦਰਬ ਬ੍ਰਿੰਦ ਅਬਿ ਮੋਹਿ ਸਮੀਪਿ।
ਮਿਲਿ ਹੌਂ ਬਲੀ ਜੁ ਹੋਹਿ ਮਹੀਪਿ।
ਦੇ ਕਰਿ ਧਨੁ ਕੋ ਤਿਸੁ ਅਪਨਾਵਹੁਂ।
ਪਿਤ ਸੁਤ[3] ਤੁਮ ਕੋ ਕਸ਼ਟ ਦਿਖਾਵਹੁਂ ॥੪੦॥
ਜਬਿ ਤੁਮਰੋ ਬਸ ਚਲਹਿ ਨ ਕੋਈ।
ਬਿਨਾ ਕਰੇ ਗੁਰਤਾ ਮੁਝ ਹੋਈ।'
ਇੱਤਜਾਦਿਕ ਝਗਰਾ ਬਹੁ ਠਾਨਜੋ।

---

*ਪਾ:-ਗਹਹੁ।
[1]ਤੇਰੀ ਵਡਿਆਈ ਵਡੀ ਹੈ, ਤੂੰ ਗੁਰੂ ਦਾ ਪੁੱਤ੍ਰ ਹੈਂ, ਮਾਨਨੀਯ ਹੈਂ, ਕੀ ਹੋਯਾ (ਜੇ ਗੁਰਜਾਈ) ਹਥ ਨਹੀਂ ਆਈ ਤਾਂ।
+ਪਾ:-ਹੁਈ।
[2]ਦੇਖੋਗੇ ਅੱਗੋਂ ਨੂੰ।
[3]ਪਿਤਾ ਪੁੱਤ੍ਰ (ਦੋਹਾਂ ਨੂੰ)।

ਤਿਸ ਪਰ ਸ੍ਰੀ ਗੁਰ ਸ਼ਬਦ ਬਖਾਨਜੋ ॥੪੧॥

ਸ੍ਰੀ ਮੁਖਵਾਕ:
ਸਾਰਗ ਮਹਲਾ ੪ ਘਰੁ ੩ ਦੁਪਦਾ
ੴ ਸਤਿਗੁਰ ਪ੍ਰਸਾਦਿ ॥
ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਚੌਪਈ: 'ਪ੍ਰਿਥੀਆ! ਸੁਨਹੁ ਗਰਬ ਕਜਾ ਧਨ ਕੋ।
ਜਿਸ ਕੋ ਤਜਾਗਤਿ ਟਿਕਹਿ ਨ ਖਿਨ ਕੋ[1]।
ਪਛੁਤਾਵਨ ਪੀਛੇ ਰਹਿ ਜੈ ਹੈ।
ਪਿਤ ਸੋਂ ਝਗਰਤਿ ਲਾਜ ਨ ਪੈ ਹੈ ॥੪੨॥
ਯਾਂ ਤੇ ਹਰਿ ਹਰਿ ਸਿਮਰਨ ਕਰਹੁ।
ਨੀਕੋ ਇਹੁ ਉਪਦੇਸ਼ ਜਿ ਧਰਹੁ।
ਤਨ ਮਨ ਕੇ ਸਭਿ ਹਤਹਿਂ ਸੰਤਾਪ।
ਬਹੁਰ ਨ ਬਜਾਪਹਿ ਲੋਭ ਸੁਪਾਪ' ॥੪੩॥
ਸੁਨਿ ਪ੍ਰਿਥੀਆ ਪੁਨ ਖਿਝਜੋ ਬਿਸਾਲਾ।
'-ਸਿਮਰਹੁ ਹਰਿ ਹਰਿ ਨਾਮ ਗੁਪਾਲਾ[2]-।
ਗੁਰਿਆਈ ਲਘੁ ਸੁਤ ਕੋ ਦੈ ਕੈ।
ਮੋਹਿ ਅਨਾਦਰਿ ਸਭਿ ਮਹਿਂ ਕੈ ਕੈ ॥੪੪॥
ਉਪਦੇਸ਼ਨ ਕੋ ਲਖਿ ਅਧਿਕਾਰੀ।
ਭਲੋ ਸਮੇਂ ਅਬ ਗਿਰਾ ਉਚਾਰੀ।
-ਗੁਰਤਾ ਕੀ ਧਰਿ ਕਰਿ ਉਰ[3] ਆਸਾ।
ਹਰਿ ਕੋ ਭਜੋ ਹੋਇ ਕਰਿ ਦਾਸਾ- ॥੪੫॥
ਇਹੁ ਧਰਿਹੌਂ[4] ਉਪਦੇਸ਼ ਤੁਮਾਰਾ।
ਭਲੇ ਕਰਹੁਗੇ ਭਵਜਲ ਪਾਰਾ।
ਕਰਤਿ ਅਜੋਗ ਨ ਕਛੂ ਬਿਚਾਰੇ।
-ਸਿਮਰਹੁ ਹਰਿ ਹਰਿ- ਅਬਹਿ ਉਚਾਰੇ' ॥੪੬॥

---

[1]ਕੋਈ।
[2](ਮੈਨੂੰ ਕਹਿੰਦੇ ਹੋ ਤੂੰ) ਹਰਿ ਹਰਿ ਗੁਪਾਲ ਦੇ ਨਾਮ ਨੂੰ ਸਿਮਰ।
[3]ਧਰਕੇ ਭਾਵ ਛੱਡਕੇ ਦਿਲੋਂ।
[4]ਧਾਰਨ ਕਰਾਂਗਾ।

ਸੁਨਿ ਸ਼੍ਰੀ ਰਾਮਦਾਸ, ਬਚ ਖੋਟੇ।
-ਹਟਹਿ ਨਹੀਂ, ਕੋ ਕਿਸ ਬਿਧਿ ਹੋਟੇ[1]।
ਏਕ ਪ੍ਰੀਤਿ ਜਿਸ ਕਰਨ ਖੁਟਾਈ[2]-।
ਪੁਨ ਇਕ ਸ਼ਬਦ ਬਨਾਇ ਸੁਨਾਈ ॥੪੭॥

ਸ੍ਰੀ ਮੁਖਵਾਕ:
ਸੂਹੀ ਮਹਲਾ ੪ ॥
ਤਿਨ੍ਹੀ ਅੰਤਰਿ ਹਰਿ ਆਰਾਧਿਆ
ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥
ਤਿਨ ਕੀ ਬਖੀਲੀ ਕੋਈ ਕਿਆ ਕਰੇ
ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥
ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ
ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ ਰਹਾਉ ॥
ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥
ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥
ਜਿਸੁ ਘਰਿ ਵਿਰਤੀ ਸੋਈ ਜਾਣੈ
ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥
ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ
ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥

ਚੌਪਈ: ‘ਤਿਸ ਕੇ ਅੰਤਰ ਹਰਿ ਲਿਵ ਲਾਗੇ।
ਜਿਸ ਕੇ ਲਿਖဴੇ ਧੁਰਹੁਂ ਵਡਭਾਗੇ।
ਸ਼੍ਰੀ ਅਰਜਨ ਕੋ ਸਦਾ ਸਹਾਇਕ।
ਹਰਿ ਕਰਤਾਰ ਜੁ ਸਭਿ ਜਗੁ ਨਾਇਕ ॥੪੮॥
ਤਿਸ ਕੀ ਤੂੰ ਕਜ਼ਾ ਕਰਹਿਂ ਬਖੀਲੀ।
ਜਿਸ ਕੇ ਹਰਿ ਲਿਵ ਲਗੀ ਰਸੀਲੀ।
ਲਖਯੋ ਭਗਤ ਬਖਸ਼ਸ਼ ਭੀ ਧੁਰ ਤੇ।
ਅੰਮ੍ਰਿਤ ਭਗਤਿ ਭੰਡਾਰ ਸੁ ਬਰਤੇ ॥੪੯॥
ਰੀਸ ਕਰੈ, ਮੂਰਖ ਹੈ ਸੋਇ।
ਹਲਤਿ ਪਲਤਿ ਮੁਖ ਕਾਰੋ ਹੋਇ।
ਪ੍ਰਿਯ ਹਰਿਨਾਮ ਭਗਤਿ ਸੋ ਦਾਸ।
ਤਿਨ ਤੇ ਪਾਈਅਹਿ ਪ੍ਰਭੁ ਪ੍ਰਕਾਸ਼ ॥੫੦॥
ਨਿੰਦਕ ਕੇ ਕੁਛ ਹਾਥ ਨ ਆਵੈ।

---

[1]ਇਹ ਮੁੜਦਾ ਨਹੀਂ ਭਾਵੇਂ ਕੋਈ ਕਿਸੇ ਤਰ੍ਹਾਂ ਇਸਨੂੰ ਹੋੜੇ।
[2]ਇਕ ਖੋਟ ਕਰਨ ਵਿਚ ਹੀ ਇਸਦੀ ਪ੍ਰੀਤੀ ਹੈ।

ਛਾਰ ਪਰੈ ਸਿਰ ਫਿਰ ਪਛੁਤਾਵੈ।
ਜਿਸ ਕੇ ਉਰ ਬਰਤਹਿ ਲਿਵ ਹਰਿ ਕੀ।
ਸੋ ਜਾਨਹਿ ਮਹਿਮਾ ਸਤਿਗੁਰ ਕੀ ॥੫੧॥
ਸ਼੍ਰੀ ਨਾਨਕ ਗੁਰ ਅੰਗਦ ਚੰਦ।
ਸ਼੍ਰੀ ਗੁਰ ਅਮਰਦਾਸ ਸੁਖਕੰਦ।
ਚਤੁਰਥ ਪੀੜੀ ਗੁਰਤਾ ਕੇਰੀ।
ਹਮ ਲਗ ਹੋਈ ਸਭਿ ਜੁਗ ਹੇਰੀ ॥੫੨॥
ਕਰੇ ਬਖੀਲੀ ਕਰ ਨਹਿਂ ਆਈ[1]।
ਲਹਜੋ ਪਰਮ ਪਦ ਕਰਿ ਸਿਵਕਾਈ[2]।
ਸੋ ਤੇਰੇ ਕਬਿ ਤੀਰ ਨ ਹੋਈ[3]।
ਭਰੇ ਗਰਬ ਸੋਂ ਮਤ ਛਲ ਭੋਈ ॥੫੩॥
ਹਮ ਕੋ ਤੈਂ ਅਲਪੱਗਜ ਪਛਾਨਾ।
ਆਪ ਕਰੇ ਛਲ ਮਾਨਿ ਮਹਾਂਨਾ[4]।
ਮਤਸਰ ਧਰਿ ਕਰਿ ਲੇ ਕਰਿ ਪਾਤੀ।
ਕਰੀ ਛੁਪਾਵਨ ਮਨਹੁਂ ਅਰਾਤੀ[5] ॥੫੪॥
ਹਮ ਤੁਝ ਬੂਝ ਰਹੇ, ਨਹਿਂ ਮਾਨੀ।
ਨਿਡਰ ਕੁਮਤਿ ਧਰਿ ਸਪਤ[6] ਬਖਾਨੀ।
ਕੂਰ ਸਪਤ ਕੋ ਦੋਸ਼ ਨ ਮਾਨਾ।
ਹਮ ਕੋ ਜਾਨਤਿ ਰਹਜੋ ਅਜਾਨਾ ॥੫੫॥
ਬਿਨਾਂ ਨੰਮ੍ਰਤਾ ਹੋਇ ਨ ਸੇਵਾ।
ਸੇਵਾ ਕਹਾਂ ਮਹਾਂ ਅਹੰਮੇਵਾ[7*]।
ਸ਼ਰਧਾ ਸਭਿ ਕੀ ਮੂਲ ਮਹਾਂਨੀ।

---

[1](ਗੁਰਜਾਈ) ਹੱਥ ਨਹੀਂ ਆਈ।
[2]ਸੇਵਾ।
[3]ਸੋ (ਸੇਵਾ) ਤੇਰੇ ਕਦੇ ਨੇੜੇ ਨਹੀਂ ਢੁੱਕੀ।
[4]ਆਪ ਨੂੰ ਮਹਾਨ ਮੰਨਕੇ ਛਲ ਕਰਦਾ ਰਿਹਾ ਹੈਂ।
(ਅ) ਆਪ ਤੂੰ ਛਲ ਤੇ ਬੜਾ ਹੰਕਾਰ ਕਰਦਾ ਰਿਹਾ ਹੈ।
[5]ਮਾਨੋਂ ਸ਼ੱਤ੍ਰੂ।
[6]ਸੁਗੰਦ, ਸੌਂਹ।
[7]ਤੂੰ ਸੇਵਾ ਕੀ ਕਰਨੀ ਸੀ ਬੜਾ ਹੰਕਾਰ ਵਧਾਇਆ ਹੈ।
[*]ਪ੍ਰਿਥੀਆ ਜੋ ਕੰਮ ਕਾਜ ਪ੍ਰਬੰਧ ਕਰਦਾ ਸੀ ਉਸ ਨੂੰ ਸੇਵਾ ਸਮਝਦਾ ਸੀ। ਉਹ ਸੀ ਹੰਕਾਰ, ਕਿਉਂਕਿ ਹੰਕਾਰ ਵਿਚ ਕਰਦਾ ਸੀ ਤੇ ਉਸ ਸੇਵਾ ਵਿਚ ਸ਼ਰਧਾ ਪ੍ਰੇਮ ਭਾਵ ਕੁਛ ਨਹੀਂ ਸੀ, ਗੱਦੀ ਦਾ ਲੋਭ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਨਾਮ ਦੀ ਲਿਵ ਵਿਚ ਤੇ ਸਤਿਗੁਰੂ ਜੀ ਦੇ ਪ੍ਰੇਮ ਵਿਚ ਨਿਮਗਨ ਆਤਮ ਸੇਵਾ ਵਿਚ ਰਹਿੰਦੇ ਸਨ।

ਅੰਕੁਰੁ[1] ਪ੍ਰੇਮ ਹੋਤਿ ਸੁਖਦਾਨੀ ॥੫੬॥
ਤੁਚ ਸੇਵਾ ਜਿਸ ਕੋ ਦਿਢਿ ਕਰਤਾ[2]।
ਕਾਂਡ[3] ਬਡੇ ਵੈਰਾਗ ਪ੍ਰਵਿਰਤਾ[4]।
ਹਰਿ ਕਾ[+] ਨਾਮ ਸੁਮਨ ਤੇ ਫੂਲਾ[5]।
ਸਤਿ ਸੰਗਤਿ ਮਹਿਂ ਸ਼ੋਭਤਿ ਝੂਲਾ[6] ॥੫੭॥
ਦੈਵਿ ਸੰਪਦਾ ਗੁਣ ਜਿ ਅਨੇਕਾ।
ਗੁਣ ਦਲ ਕਲਿਤ ਸੁ ਬਲਿਤ ਬਿਬੇਕਾ[7]।
ਆਤਮ ਗਜਾਨ ਲਗਜੋ ਫਲ ਸੁੰਦਰ।
ਅਤਿ ਅਨੰਦ ਰਸ ਜਿਸ ਕੇ ਅੰਦਰ[8] ॥੫੮॥
ਕੋਟਿ ਕਲਪਤਰੁ ਹ੍ਵੈ ਨ ਪਟੰਤਰ[9]।
ਪ੍ਰਭੂ ਕ੍ਰਿਪਾ ਤੇ ਲਹੈ ਸੁ ਅੰਤਰ।
ਕਜੋਂ ਤਰਫਤਿ ਅਬਿ ਦੁਖ ਕੋ ਪਾਇ।
ਬਿਨਾਂ ਭਾਗ ਤੇ ਹਾਥ ਨ ਆਇ ॥੫੯॥
ਅਬਿ ਭੀ ਰਹੁ ਅਨੁਸਾਰਿ ਸਦੀਵਾ।
ਹਰਿ ਹੰਕਾਰ[10] ਹੋਹੁ ਮਨ ਨੀਵਾਂ।'
ਇੱਤਜਾਦਿਕ ਪ੍ਰਿਥੀਆ ਸਮੁਝਾਇਵ।
ਬਾਦ ਕਰਨ ਤੇ ਬਹੁ ਬਰਜਾਇਵ ॥੬੦ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅਰਜਨ ਕੋ ਗੁਰਿਆਈ ਦੈਨਿ' ਪ੍ਰਸੰਗ ਬਰਨਨੰ ਨਾਮ ਦੁਇ ਬਿੰਸਤੀ ਅੰਸੂ ॥੨੨॥

---

[1]ਅੰਗੂਰ।
[2]ਭਾਵ ਸੇਵਾ ਛਿੱਲ ਸਮਾਨ ਹੈ ਜੋ ਪ੍ਰੇਮ ਨੂੰ ਦ੍ਰਿੜ (ਮਜ਼ਬੂਤ) ਕਰਦੀ ਹੈ।
[3]ਟਾਹਣੇ।
[4]ਘੇਰੇ ਹੋਏ।
[+]ਪਾ:-ਕੇ।
[5]ਫੁੱਲਾਂ ਕਰਕੇ ਪ੍ਰਫੁੱਲਤ ਹੁੰਦਾ ਹੈ।
[6]ਝੁੱਲਦਾ ਹੋਯਾ ਸ਼ੋਭਦਾ ਹੈ (ਇਹ ਬ੍ਰਿੱਛ)।
[7]ਵਿਵੇਕ ਆਦਿਕ ਜੋ ਦੈਵੀ ਸੰਪਦਾ ਦੇ ਅਨੇਕ ਗੁਣ ਹਨ ਓਹ ਮਾਨੋਂ ਸਾਰੇ ਸੁੰਦਰ ਪੱਤੇ (ਹਨ, ਜਿਨ੍ਹਾਂ ਕਰਕੇ ਓਹ ਬ੍ਰਿੱਛ) ਵਿਹੜਿਆ ਹੈ। (ਅ) ਬਿਬੇਕਾ = ਜਾਣੋ, ਸਮਝੋ।
[8]ਉਸ ਵਣ ਵਿਚ ਰਸ ਜੋ ਹੈ ਸੋ 'ਅਨੰਦ' ਹੈ।
[9]ਬਰਾਬਰ।
[10]ਹੰਕਾਰ ਨੂੰ ਦੂਰ ਕਰਕੇ।

੨੩. [ਪ੍ਰਿਥੀਏ ਨਾਲ ਝਗੜਾ। ਸ੍ਰੀ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਜਾਣਾ]

੨੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੪

ਦੋਹਰਾ: ਸੁਨਤਿ ਪਿਤਾ ਕੇ ਬਚਨ ਕੋ, ਪ੍ਰਿਥੀਆ ਅਤਿ ਹੰਕਾਰ।
ਮਹਾਂ ਕ੍ਰੋਧ ਕੋ ਧਾਰਿ ਕੈ, ਸਨਮੁਖ ਕੀਨ ਉਚਾਰ ॥੧॥
ਚੌਪਈ: 'ਸੇਵਾ ਭਲੀ ਕਰਤਿ ਹੋ ਪਰਖਨ।
ਬੈਠਜੋ ਲਵਪੁਰਿ ਮਹਿਂ ਦ੍ਵੈ ਬਰਖਨਿ।
ਤੁਮਰੀ ਸੁਧਿ ਅਰੁ ਨਹੀਂ ਸਦਨ ਕੀ।
ਆਵਤਿ ਜਾਤਿ ਨਹੀਂ ਸੁਧ ਧਨ ਕੀ ॥੨॥
ਬੈਠਜੋ ਰਹਜੋ ਨਿਚਿੰਤ ਸੁਖਾਰੋ।
ਕੌਨ ਕਾਜ ਤਹਿਂ ਰਹਤਿ ਸੁਵਾਰੋ।
ਮੈਂ ਸਗਰੇ ਘਰ ਕੀ ਬਡ ਕਾਰ।
ਸੰਗਤਿ ਆਵਨਿ ਜਾਨਿ ਹਜ਼ਾਰ ॥੩॥
ਕਿਸ ਕੋ ਦੇਨਿ ਕਿਸੁ ਤੇ ਲੇਨਾ।
ਰਾਖਨ ਸਭਿ ਕੋ ਸਦਾ ਸੁਖੇਨਾ।
ਨਿਤਪ੍ਰਤਿ ਕਰਤਿ ਰਹਜੋਂ ਮੈਂ ਆਛੇ[1]।
ਸਭਿ ਪ੍ਰਸੰਨ ਹੁਇ ਮੁਝ ਤੇ ਗਾਛੇ[2] ॥੪॥
ਅਖਿਲ ਮਸੰਦਨ ਤੇ ਸਭਿ ਕਾਰ।
ਰਹਜੋ ਸੰਭਾਰਤਿ ਸਰਬ ਪ੍ਰਕਾਰ।
ਦੇਗ਼ ਕਰਨ ਕੀ ਕਾਰ ਚਲਾਈ।
ਇੱਤਜਾਦਿਕ ਮੈਂ ਸੇਵ ਕਮਾਈ ॥੫॥
ਤੁਮ ਤੇ ਆਦਿ ਸਰਬ ਪਰਵਾਰੇ।
ਕਾਰਿ ਕਿਨਹੁਂ ਨਹਿਂ ਕੋਇ ਸੰਭਾਰੇ।
ਸੁਧਿ ਭੀ ਕਬਹੁਂ ਨ ਲੀਨਸਿ ਕੋਈ।
ਮੋ ਤੇ ਹੋਤਿ ਸਰਬ ਬਿਧਿ ਸੋਈ' ॥੬॥
ਇਮ ਕਹਿ ਕਟਕ ਬਾਕ ਪੁਨ ਭਾਖੇ।
ਜਿਨ ਮਹਿਂ ਬਚਨ* ਅਨਾਦਰ ਰਾਖੇ।
ਲਿਖੇ ਨ ਜਾਇਂ ਮੋਹਿ ਤੇ ਸੋਇ।
ਮਹਾਂ ਕਠੋਰ ਅਨੁਚਿਤੈ ਜੋਇ ॥੭॥
ਛਿਮਾ ਨਿਧਾਨ ਬਿਰਦ ਲਖਿ ਆਪਨਿ।

---

[1]ਚੰਗੀ ਤਰ੍ਹਾਂ।
[2]ਜਾਂਦੇ ਸਨ।
*ਪਾ:-ਬਰਨ।

ਰਿਸ ਤੇ ਕਰਯੋ ਨ ਸੁਤ ਕੋ ਸ੍ਰਾਪਨਿ।
ਕਹਤਿ ਭਏ 'ਉਠ ਥਿਰਹੁ ਨ ਆਗੋ।
ਅਬਿ ਤੇ ਨਹਿਂ ਹਮਰੇ ਮੁਖ ਲਾਗੋ ॥੮॥
ਬਡ ਦੁਰਭਾਗਿ ਲਾਲਸਾ ਧਨ ਕੀ।
ਦੁਰਮਤਿ ਬਿਖੈ ਬ੍ਰਿੱਤਿ ਅਤਿ ਮਨ ਕੀ*।'
ਸੁਨਿ ਪ੍ਰਿਥੀਆ ਕਹਿ 'ਜੇ ਮੁਝ ਤਜਾਗੋ।
ਤੁਮ ਭੀ ਨਹਿਂ ਕਬਹੂੰ ਮੁਖ ਲਾਗੋ ॥੯॥
ਦੋਹਰਾ: ਮੈਂ ਤਯਾਗਨ ਤੁਮਰੋ ਕਰਯੋ, ਤੁਮ ਨੇ ਤਯਾਗਯ ਮੋਹਿ।
ਪਲਟੋ ਮੈਂ ਜਬਿ ਲੇਇ ਹੌਂ, ਸ਼ਾਂਤਿ ਰਿਦੇ ਤਬਿ ਹੋਹਿ ॥੧੦॥
ਚੌਪਈ: ਪਿਤ ਸੁਤ ਜੁਗ ਕੋ ਦੁਖ ਦਿਖਲਾਵੌਂ।
ਤੌ ਮੈਂ ਪ੍ਰਿਥੀਆ ਨਾਮ ਧਰਾਵੌਂ।'
ਤ੍ਰਿਸਕਾਰਿਤ ਕਹਿਏਵ ਕਠੋਰਾ।
ਉਠਯੋ, ਨਿਕਸਿ ਗਮਨਯੋ ਘਰ ਓਰਾ ॥੧੧॥
ਚਲਤਿ ਜਾਤ ਕਟੁ ਵਾਕ ਉਚਾਰਤਿ।
ਊਚੀ ਧੁਨਿ ਸਭਿ ਕੇ ਸ੍ਰੁਤ ਡਾਰਤਿ।
ਅਪਨੇ ਸਦਨ ਪ੍ਰਵੇਸ਼ਯੋ ਜਾਈ।
ਮਹਾਂ ਦੁਖਿਤਿ ਰਿਸ ਬਸ ਨ ਬਸਾਈ ॥੧੨॥
ਨਿਸਾ ਬਿਖੈ ਸ਼੍ਰੀ ਗੁਰੂ ਬਿਚਾਰਾ।
-ਰਾਰ ਕਰਨ ਮੈਂ ਇਹੁ ਛਲਵਾਰਾ।
ਅਨਿਕ ਬਿਘਨ ਕੋ ਠਾਨਿ ਉਪਾਏ।
ਨਹਿਂ ਇਹੁ ਟਰੈ ਕੁਮਤਿ ਕੋ ਪਾਏ ॥੧੩॥
ਤਨ ਤਯਾਗਨ ਕੋ ਸਮਾਂ ਸੁ ਆਇਵ।
ਜਿਮ ਸ਼੍ਰੀ ਅਮਰ ਬਾਕ ਫੁਰਮਾਇਵ।
ਹਮ ਕੋ ਉਚਿਤ ਕਰਨ, ਸੋ ਕੀਨਾ।
ਜਥਾ ਹੁਕਮ ਪਰਮੇਸ਼ੁਰ ਦੀਨਾ ॥੧੪॥
ਨਿਕਟਿ ਨ ਰਹਿ ਹੈ+ ਪ੍ਰਿਥੀਆ ਤਬੈ।
ਹਮ ਤਨ ਤਯਾਗਨ ਕਰਿ ਹੈਂ ਜਬੈ।
ਕਰਤਾ ਇਹੁ ਉਤਪਾਤ ਬਿਸਾਲਾ।
ਸ਼੍ਰੀ ਅਰਜਨ ਤੇ ਰਹੈ ਨਿਰਾਲਾ ॥੧੫॥
ਇਹ ਠਾਂ ਬਨੈ ਨ ਨੀਕੀ ਬਾਤੀ।

---

*ਪਾ:-ਦੁਰਮਤਿ ਮੈਂ ਬ੍ਰਿਤਿ ਨਿਤ ਅਤਿ ਮਨਕੀ।
+ਪਾ:-ਰਹੈ।

ਗੋਇੰਦਵਾਲ ਚਲਹਿਂ ਉਠਿ ਪ੍ਰਾਤੀ।
ਸ਼੍ਰੀ ਗੁਰੂ ਅਮਰਦਾਸ ਕੇ ਨੰਦ।
ਮੋਹਨ ਸੁਮਤਿ ਮੋਹਰੀ ਚੰਦ ॥੧੬॥
ਸ਼੍ਰੀ ਅਰਜਨ ਕੀ ਬਾਂਹਿ ਗਹਾਇ।
ਤੀਰ ਬਿਪਾਸਾ ਚਲਹਿਂ ਸਮਾਇ-।
ਨਿਕਟ ਹਕਾਰਨ ਕੀਨਸਿ ਭਾਨੀ।
ਸਰਬ ਭੇਦ ਸਮਝਾਇ ਮਹਾਂਨੀ ॥੧੭॥
'ਗੋਇੰਦਵਾਲ ਪ੍ਰਾਤਿ ਕੋ ਚਲੀਅਹਿ।
ਨੈਹਰ ਬਿਖੈ ਅਖਿਲ[1] ਸੰਗ ਮਿਲੀਅਹਿ।'
ਪੁਨ ਭਾਈ ਬੁੱਢਾ ਸਮਝਾਯਹੁ।
'ਭੋਰ ਹੋਤਿ ਤਜਾਰੀ ਕਰਿਵਾਯਹੁ' ॥੧੮॥
ਕਹਿ ਕਰਿ ਖਾਨ ਪਾਨ ਕੋ ਕਰਿ ਕੈ।
ਸੁਪਤ ਜਥਾ ਸੁਖ ਸਿਹਜਾ ਪਰਿ ਕੈ।
ਜਾਮ ਜਾਮਨੀ ਤੇ ਉਠਿ ਜਾਗੇ।
ਨਿਤ ਕੀ ਕ੍ਰਿਆ ਕਰਨ ਕੋ ਲਾਗੇ ॥੧੯॥
ਕਰਿ ਮੱਜਨ ਨਿਜ ਬ੍ਰਿਤੀ ਟਿਕਾਈ।
ਆਨੰਦਾਤਮ ਬਿਖੈ ਸਮਾਈ।
ਦ੍ਵੈ ਘਟਿਕਾ ਜਬਿ ਜਾਮਨਿ ਰਹੀ।
ਛੁਟੀ ਸਮਾਧਿ ਦੇਹਿ ਸੁਧਿ ਲਹੀ ॥੨੦॥
ਕਹਿ ਕਰਿ ਸਭਿ ਤਜਾਰੀ ਕਰਿਵਾਇ।
ਸ਼੍ਰੀ ਅਰਜਨ ਭਾਨੀ ਸੰਗ ਜਾਇ।
ਪ੍ਰਿਥਮ ਪੰਥ ਇਨ ਗਮਨ ਕਰਾਯਹੁ।
ਕੇਤਿਕ ਸਿੱਖ ਦਾਸ ਸੰਗ ਲਾਯਹੁ ॥੨੧॥
ਗੁਰੂ ਆਰੂਢ[++] ਹੋਇ ਪ੍ਰਸਥਾਨੇ।
ਲਏ ਸਿੱਖ ਸੰਗ ਪ੍ਰੇਮ ਮਹਾਂਨੇ।
ਪ੍ਰਿਥੀਆ ਸੁਪਤਿ ਤਜਜੋ ਘਰ ਮਾਂਹੀ।
ਗੁਰ ਰੁਖ਼ ਲਖਿ ਕਿਨ ਸੁਧਿ ਦਿਯ ਨਾਂਹੀ ॥੨੨॥
ਭਾਦ੍ਰੋਂ ਸੁਦੀ ਪ੍ਰਤਿਪਦਾ[2] ਦਿਨ ਕੋ।
ਗੁਰਤਾ ਤਿਲਕ ਦੀਨਿ ਅਰਜਨ ਕੋ।

---

[1](ਤੁਸਾਡੇ) ਪੇਕਿਆਂ ਵਿਚ ਸਾਰਿਆਂ ਨੂੰ।
[++]ਪਾ:-ਗੁਰੂ ਅਰੂਢ।
[2]ਏਕਮ।

ਚਢੇ ਦੂਜ ਕੋ ਦਜੋਸ ਕ੍ਰਿਪਾਲ।
ਆਨ ਪਹੂਚੇ ਗੋਇੰਦਵਾਲ ॥੨੩॥
ਕੁਛਕ ਰਹੇ ਦਿਨ ਪ੍ਰਵਿਸ਼ੇ ਪੁਰਿ ਮੈਂ।
ਦੇਖਤਿ ਹਰਖ ਭਰੇ ਗੁਰ ਉਰ ਮੈਂ।
ਜਾਇ ਚੁਬਾਰੇ ਬੰਦਨ ਠਾਨੀ।
ਤਬਹਿ ਮੋਹਰੀ ਨੇ ਸੁਧਿ ਜਾਨੀ ॥੨੪॥
ਕਰੇ ਉਤਾਇਲ ਮਿਲਿਬੇ ਆਯਹੁ।
ਆਪਸ ਮਹਿਂ ਬੰਦਤਿ ਹਰਖਾਯਹੁ।
ਲੇ ਅਪਨੇ ਗ੍ਰਿਹ ਕੋ ਤਬਿ ਗਯੋ।
ਮਿਲਿਨ ਕੁਟੰਬ ਸਭਿਨਿ ਕੋ ਭਯੋ ॥੨੫॥
ਪੁਨ ਭਾਨੀ ਸਭਿ ਸੋਂ ਮਿਲ ਰੋਈ।
ਬਡਿ ਚਿੰਤਾ ਮਹਿਂ ਬਯਾਕੁਲ ਹੋਈ।
ਇਕ ਤੋ ਜਗ ਗੁਰੁ ਕੇਰ ਚਲਾਨੋ।
ਬਹੁਰ ਸੁਤਨਿ ਮਹਿਂ[1] ਝਗਰ ਮਹਾਂਨੋ ॥੨੬॥
-ਉਠਹਿ ਉਪਾਧਿ- ਬਿਚਾਰਤਿ ਰੋਵਤਿ।
ਪਿਤਾ ਬਾਕ ਸਾਚੋ ਹੁਇ ਜੋਵਤਿ।
'ਅਪਰਨਿ ਕੁਲ ਮਹਿਂ ਜਾਤ ਗੁਰਾਈ।
ਮੈਂ ਬਰ ਲੇ ਨਿਜ ਸਦਨ ਟਿਕਾਈ ॥੨੭॥
-ਗੁਰਤਾ ਰੁਕੇ ਕਲੇਸ਼ ਬਿਸਾਲ-।
ਪਿਤ ਨੇ ਕਹਯੋ ਬਾਕ ਇਸ ਢਾਲ।
ਯਾਂ ਤੇ ਮੈਂ ਜਾਨੋ ਉਤਪਾਤ।
ਹੋਵਹਿਂਗੇ, ਬਿਗਰਹਿ ਸਭਿ ਬਾਤ*' ॥੨੮॥
ਇਮ ਸਮੁਝਾਇ ਸੰਗ ਭਰਜਾਈ।
ਗਲ ਮਿਲਿ ਰੁਦਤਿ ਭਈ ਚਿਰ ਤਾਈਂ।
ਪੁਨ ਸਭਿ ਤ੍ਰੀਯਨ ਦੀਨ ਦਿਲਾਸਾ।
ਪੌਂਛਿ ਬਦਨ ਕੋ ਬੈਠਤਿ ਪਾਸਾ ॥੨੯॥
ਪੁਨ ਗੁਰ ਢਿਗ ਮੋਹਨ ਚਲਿ ਆਇਓ।
'ਨਮੋ' ਪਰਸਪਰ ਕਰਿ ਸੁਖ ਪਾਇਓ।
ਅਪਰ ਲੋਕ ਸਜਾਨੇ ਸਭਿ ਆਏ।
ਕਰਿ ਕਰਿ ਨਮੋ ਥਿਰੇ ਤਿਸ ਥਾਏਂ ॥੩੦॥

---

[1]ਪੁੱਤ੍ਰਾਂ ਵਿਚ।
*ਪਾ:-ਭ੍ਰਾਤ।

ਬੁੱਢੇ ਆਦਿਕ ਸੰਗ ਜਿ ਗਏ।
ਮਿਲੇ ਪਰਸਪਰ ਬੈਠਤਿ ਭਏ।
ਤਬਿ ਪ੍ਰਿਥੀਏ ਕੀ ਬਾਤ ਸੁਨਾਈ।
'ਬਿਗਰ ਪਰਯੋ ਬਹੁ ਕਰੀ ਲਰਾਈ ॥੩੧॥
ਅਪਮਾਨਤਿ ਦੁਰਬੈਨ ਬਖਾਨੇ।
ਇਹਾਂ ਅਏ ਚਲਿ ਖੋਟੋ ਜਾਨੇ[1]।
ਸ੍ਰੀ ਅਰਜਨ ਥਿਰ ਕਰਿ[2] ਨਿਜ ਥਾਨੇ।
ਗੁਰ ਚਾਹਸਿ ਤਨ ਤਯਾਗ ਸਿਧਾਨੇ' ॥੩੨॥
ਸੁਨਤਿ ਦੁਊ ਭ੍ਰਾਤਨ ਦੁਖ ਮਾਨਾ।
'ਕੀਨ ਅਜੋਗ, ਨ ਬਨਯੋ ਸਿਯਾਨਾ।
ਹਮ ਨੇ ਪ੍ਰਿਥਮ ਤਾਂਹਿ ਕੋ ਹੇਰਾ।
ਕਰਹਿ ਕੁਕਾਜ ਲੋਭ ਕੋ ਪ੍ਰੇਰਾ ॥੩੩॥
ਪਿਤ ਕੇ ਜੀਵਤ ਰਹੀ ਸੁ ਲਾਜਾ[3]।
ਅਬਿ ਨ ਮਿਟੈਗੋ, ਕਰਹਿ ਕੁਕਾਜਾ।'
ਇਮ ਕਹਿ ਸਭਿ ਠਾਨਤਿ ਅਫਸੋਸ।
ਪ੍ਰਿਥੀਏ ਮੈਂ ਹੰਕਾਰ ਕੋ ਦੋਸ਼ ॥੩੪॥
ਲੋਕ ਸਕਲ ਹੀ ਚਿੰਤਾ ਲਹੈਂ।
ਗੁਰਤਾ ਮਹਿਂ ਬਿਗਾਰ ਪਰ ਰਹੈ[+]-।
ਅਪਰ ਬਾਰਤਾ ਭਈ ਅਨੇਕ।
ਕੌ ਨ ਕਹੈ ਤਿਨ ਸਰਬ ਬਿਬੇਕ[4] ॥੩੫॥
ਤਯਾਰ ਅਹਾਰ ਖਾਇ ਕਰਿ ਸੋਏ।
ਨਿਜ ਨਿਜ ਥਲ ਮਹਿਂ ਨਰ ਸਭਿ ਕੋਏ।
ਭਾਨੀ ਕੇ ਮਨ ਚਿੰਤ ਮਹਾਂਨੀ।
ਗਿਨਤੀ ਗਿਨਹੀ ਅਨੇਕ ਬਿਧਾਨੀ ॥੩੬॥
ਸ੍ਰੀ ਅਰਜਨ ਬਿਛੁਰੇ ਚਿਰ ਰਹੇ।
ਸਭਿ ਸੋਂ ਮਿਲਿ ਕਰਿ ਆਨੰਦ ਲਹੇ।
ਮਾਤੁਲ ਅਰੁ ਮਾਤੁਲ ਕੀ ਦਾਰਾ[5]।

---

[1](ਪ੍ਰਿਥੀਏ ਨੂੰ) ਖੋਟਾ ਜਾਣਕੇ।
[2]ਟਿਕਾਕੇ।
[3](ਕਿਵੇਂ ਨਾਂ ਕਿਵੇਂ) ਸ਼ਰਮ ਕਰਦਾ ਰਿਹਾ ਹੈ ਪਰ (ਅ) ਰਹਿ ਗਈ ਭਾਵ ਦੂਰ ਹੋਈ।
[+]ਪਾ:-ਕਹੈਂ।
[4]ਵਿਚਾਰ ਕੌਣ ਆਖੇ।
[5]ਮਾਮਾ ਤੇ ਮਾਮੀ ਜੀ।

ਸਿਰ ਪਰ ਕਰ ਫੇਰਤਿ ਦੇ ਪਜਾਰਾ ॥੩੭॥
ਬੁੱਢੇ ਆਦਿਕ ਸਿਖ ਗੁਰ ਪਾਸਿ।
ਜਾਗ੍ਰਤ ਕਰਤੇ ਬਚਨ ਬਿਲਾਸ।
ਨਿਸਾ ਬਿਖੇ ਸੁਪਤੇ ਨਹਿਂ ਕੋਊ।
ਸਤਿਗੁਰ ਤਜਾਰੀ ਕੋ ਲਖਿ ਸੋਊ ॥੩੮॥
ਜਾਮ ਜਾਮਨੀ ਤੀਨ ਬਿਤਾਈ।
ਉਠੇ ਗੁਰੂ ਸਭਿ ਸੌਚ ਬਨਾਈ।
ਭਾਨੀ ਕੋ ਹਕਾਰਿ ਨਿਜ ਸਾਥ।
ਪ੍ਰੇਮੀ ਸਿੱਖ ਸੰਗ ਲੇ ਨਾਥ ॥੩੯॥
ਮੋਹਨ ਔਰ ਮੋਹਰੀ ਆਏ।
ਜਾਇ ਬਾਪਿਕਾ ਜਲ ਸੋਂ ਨ੍ਹਾਏ।
ਗਾਵਨਿ ਲਗੇ ਰਬਾਬੀ ਵਾਰਿ।
ਭਾਂਤਿ ਭਾਂਤਿ ਕੇ ਸ਼ਬਦ ਉਚਾਰਿ ॥੪੦॥
ਸੁਨਿਬੇ ਲਗੇ ਪ੍ਰੇਮ ਕਰਿ ਸਾਰੇ।
ਬੈਠੇ ਸਤਿਗੁਰ ਸਭਿਨਿ ਮਝਾਰੇ।
ਨਿਜਾਨੰਦ ਮਹਿਂ ਲਗੀ ਸਮਾਧਿ।
ਸਦਾ ਏਕ ਰਸ ਪਰਮ ਅਗਾਧਿ ॥੪੧॥
ਪੁਰਿ ਕੇ ਨਰ ਸੁਨਿ ਸੁਨਿ ਸਭਿ ਆਏ।
ਮੋਨਿ ਠਾਨਿ ਬੈਠੇ ਸਮੁਦਾਏ।
ਭਈ ਆਨਿ ਜਬਿਹੂੰ ਭੁਨਸਾਰਿ[1]।
ਪਰਜੋ ਭੋਗ ਤਬਿ[*] ਆਸਾਵਾਰਿ ॥੪੨॥
ਹਾਥ ਜੋਰਿ ਕਰਿ ਮਸਤਕਿ ਟੇਕਾ।
ਬਹੁਰੋ ਬੋਲੇ ਜਲਧਿ ਬਿਬੇਕਾ।
'ਸੁਨਹੁ ਸਿੱਖਜ! ਤੁਮ ਸਤਿਗੁਰ ਪਜਾਰੇ।
ਸਿਮਰੋ ਹਰਿ ਹਰਿ ਜਨਮ ਸੁਧਾਰੇ ॥੪੩॥
ਅੰਤ ਸਮਾਂ ਅਬਿ ਭਯੋ ਹਮਾਰੈ।
ਤਨ ਤਜਾਗੈਂ ਪਰਲੋਕ ਪਧਾਰੈਂ।
ਸ਼੍ਰੀ ਨਾਨਕ ਗੁਰ ਅੰਗਦ ਔਰਾ।
ਸ਼੍ਰੀ ਗੁਰ ਅਮਰ ਚੌਥ ਤਨ ਮੋਰਾ ॥੪੪॥
ਚਾਰਹੁਂ ਗੁਰ ਕੋ ਦਰਸ ਵਿਸ਼ੇਖ਼ਹੁ।

---
[1]ਸਵੇਰ।
[*]ਪਾ:-ਪਠ। ਪਰ।

ਪੰਚਮ ਸ਼੍ਰੀ ਅਰਜਨ ਬਪੁ ਦੇਖਹੁ।
ਏਕ ਰੂਪ ਪੰਚਹੁਂ ਕੋ ਜਾਨੌ।
ਭੇਦ ਰਤੀ ਕੁ ਨਹੀਂ ਮਨ ਠਾਨੋ ॥੪੫॥
ਹਲਤ ਪਲਤ ਗਨ ਸਿੱਖ ਸਹਾਇਕ।
ਇਹ ਸਭਿ ਭਾਰ ਧਾਰਿਬੇ ਲਾਇਕ।
ਦੇ[1] ਗੁਰਤਾ ਗਾਦੀ ਕੋ ਸ਼ੋਭਾ।
ਰਤਨਾਕਰ[2] ਗੰਭੀਰ ਅਛੋਭਾ ॥੪੬॥
ਇਸ ਕੇ ਸੰਗ ਜੁ ਰਚੈ ਖੁਟਾਈ।
ਪੁਜਹਿ ਨ, ਦੀਨ ਦੁਨੀ ਦੁਖ ਪਾਈ।'
ਮੋਹਨ ਅਪਰ ਮੋਹਰੀ ਸਾਥ।
ਕਹਜੋ ਬਾਕ ਸੋਢੀ ਕੁਲ ਨਾਥ ॥੪੭॥
'ਤੁਮ ਗੰਭੀਰ ਧੀਰ ਮਤਿਵੰਤੇ।
ਪਿਤ ਆਇਸੁ ਨਿਤ ਚਿਤ ਬਰਤੰਤੇ[+]।
ਛਿਮਾਵੰਤ, ਗੁਨ ਬੈਸ, ਬਹਾਨੇ।
ਅਨਸੂਯਕ[3], ਸ਼ੁਭ ਮਨ, ਨਹਿਂ ਮਾਨੇ[4] ॥੪੮॥
ਸ਼੍ਰੀ ਅਰਜਨ ਮਨ ਪਰਮ ਪੁਨੀਤ।
ਤੁਮ ਅਨੁਸਾਰੀ ਬਰਤੈ ਨੀਤਿ।
ਸ਼ੁਭ ਗੁਨ ਜੁਗਤ ਸੁਨੰਮ੍ਰਿ ਗੰਭੀਰ।
ਇਸ ਕਹੁ ਜਾਨਹੁਂ ਮੋਰ ਸਰੀਰ ॥੪੯॥
ਗਹਹੁ ਭੁਜਾ ਨਿਰਬਾਹੋ ਸਦਾ।
ਰਾਖਹੁ ਚਿਤ ਨ ਬਿਸਾਰਹੁ ਕਦਾ।'
ਸੁਨਤਿ ਮੋਹਰੀ ਨੇ ਤਿਹ ਸਮੋਂ।
ਗਹੀ ਬਾਂਹੁ ਕਰਿ ਕੈ ਗੁਰ ਨਮੋ ॥੫੦॥
ਨਿਜ ਸਿਰ ਪਰ ਸੋ ਧਾਰਨ ਕਰੀ।
ਬਾਨੀ ਕਹਤਿ ਮ੍ਰਿਦੁਲ ਰਸ ਭਰੀ।
'ਜਬਿ ਤੇ ਪਿਤ ਕੀ ਆਇਸੁ ਭਈ।
ਮੈਂ ਸ਼ਰਧਾ ਤਬਿ ਤੇ ਧਰਿ ਲਈ ॥੫੧॥
ਸਤਿਗੁਰ ਰੂਪ ਪ੍ਰਿਥਮ ਤੁਮ ਭਏ।

---

[1]ਦੇਵੇਗਾ।
[2]ਸਮੁੰਦ੍ਰ ਵਾਙੂੰ।
[+]ਪਾ:-ਬਿਚਰੰਤੇ।
[3]ਈਰਖਾ ਤੋਂ ਰਹਤ।
[4]ਮਾਨ ਨਹੀਂ ਹੈ।

ਬੰਦਨੀਯ ਸਭਿ ਤੇ ਬਡ ਥਏ।
ਅਬਿ ਤੁਮ ਜਿਸਹਿ ਬਿਠਾਵਹੁ ਆਪ।
ਜਗ ਗੁਰਤਾ ਬਡਿਆਈ ਥਾਪ ॥੫੨॥
ਤੁਮ ਸਮ ਪੂਜਨੀਯ ਸਭਿ ਕੇਰੇ।
ਇਸ ਪ੍ਰਕਾਰ ਦਿਢ ਸ਼ਰਧਾ ਮੇਰੇ।'
'ਧੰਨ ਮੋਹਰੀ' ਸਤਿਗੁਰ ਕਹਜੋ।
ਪੁਨ ਸ਼੍ਰੀ ਅਰਜਨ ਕੀ ਦਿਸ਼ ਲਹਜੋ ॥੫੩॥
'ਸੁਧਾ ਸਰੋਵਰ ਮੋਰ ਸਰੀਰ।
ਤਿਸ ਕੀ ਟਹਿਲ ਕਰਹੁ ਬਡਧੀਰ![*]
ਜਗ ਮਹਿਂ ਬਡੋ ਹੋਇ ਬੱਖਜਾਤਾ।
ਮੁਕਤਿ ਭੁਗਤਿ ਸੰਗਤਿ ਕੋ ਦਾਤਾ ॥੫੪॥
ਸ਼੍ਰੀ ਗੁਰ ਅਮਰਦਾਸ ਕੀ ਆਇਸੁ।
ਰਹੇ ਖਨਤਿ ਹਮ ਸਭਿ ਸੁਖਦਾਇ ਸੁ।
ਚਹੁਂਦਿਸ਼ ਤੇ ਸੌਪਾਨਿ[1] ਬਨਾਵਹੁ।
ਹਰਿ ਮੰਦਰ ਸੁੰਦਰ ਉਸਰਾਵਹੁ ॥੫੫॥
ਤਾਲ ਬਿਖੈ ਸ਼ੋਭਾ ਹੁਇ ਐਸੇ।
ਹਰਿ ਬਿਮਾਨ ਥਿਤ ਨਭ ਮਹਿਂ ਜੈਸੇ[2]।
ਕਿਧੌਂ ਫਰਸ਼ ਬੈਡੂਰਜ[3] ਮਨਿ ਕੋ।
ਬੀਚ ਬਨਜੋ ਘਰ ਮਹਾਂ ਬਿਸ਼ਨੁ[4] ਕੋ ॥੫੬॥
ਮਮ ਆਗਜਾ ਇਹੁ ਧਾਰਹੁ ਮਨ ਮੈਂ।
ਨਿਤਪ੍ਰਤਿ ਰਹੀਅਹਿ ਰਚਨ ਜਤਨ ਮੈਂ।'
ਸੁਨਿ ਕਰਿ ਸ਼੍ਰੀ ਅਰਜਨ ਕਰ ਜੋਰਿ।
'ਕਰਨ ਕਰਾਵਨ ਮੈ[5] ਤੁਮ ਜੋਰ ॥੫੭॥
ਨਮਿਤ ਮਾਤ੍ਰ ਮੈਂ ਰਹਿਹੌਂ ਮਾਂਹਿ।
ਪ੍ਰਾਨ ਹੋਤਿ ਲਗ ਸੇਵੋਂ ਤਾਂਹਿ।
ਰਹੌਂ ਰਚਨ ਪਰਸਾਦਿ[+] ਤੁਮਾਰੋ।

---

[*]ਪਾ:-ਮਤਿਧੀਰ!
[1]ਪੌੜੀਆਂ।
[2]ਪ੍ਰਭੁ ਦਾ ਬਿਬਾਨ ਮਾਨੋਂ ਅਕਾਸ਼ ਵਿਚ ਸਥਿਰ ਹੈ।
[3]ਇਕ ਪ੍ਰਕਾਰ ਦਾ ਰਤਨ, ਲਸਣੀਆ। [ਸੰਸ: ਵੈਦੂਰਯ]
[4]ਮਹਾਂ ਬਿਸ਼ਨੁ ਤੋਂ ਮੁਰਾਦ ਅਕਾਲ ਪੁਰਖ ਦੀ ਹੈ।
[5]ਕਰਨ ਕਰਾਵਨ ਵਿੱਚ।
[+]ਪਾ:-ਚਰਨ ਪਰ ਦਾਸ।

ਹੋਹੁ ਸਹਾਇਕ ਆਪਿ ਸੰਭਾਰੋ' ॥੫੮॥
ਇਮ ਸੁਨਿ ਕਰਿ ਸਤਿਗੁਰੂ ਪ੍ਰਸੰਨ।
ਕਹ੍ਯੋ 'ਹੋਹੁ ਸਭਿ ਲਾਇਕ ਧੰਨ।'
ਕਹਿ ਸੁਨਿ ਕੈ ਤਬਿ ਕੀਨਸ ਤਯਾਰੀ।
ਹਿਤ ਪ੍ਰਲੋਕ ਜਗੁ ਗੁਰ ਉਪਕਾਰੀ ॥੫੯ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੈ ਦੁਤਿਯੋ ਰਾਸੇ ਗੋਇੰਦਵਾਲ ਸ੍ਰੀ ਗੁਰੂ ਰਾਮਦਾਸ ਆਗਵਨ ਪ੍ਰਸੰਗ ਬਰਨਨੰ ਨਾਮ ਤੀਨ ਬਿਸੰਤੀ ਅੰਸੂ ॥੨੩॥

੨੪. [ਸ਼੍ਰੀ ਗੁਰੂ ਰਾਮਦਾਸ ਜੀ ਬੈਕੁੰਠ ਗਮਨ]

੨੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੫

ਦੋਹਰਾ: ਲਖਿ ਤਯਾਰੀ ਸਤਿਗੁਰੂ ਕੀ, ਤਬਿ ਭਾਨੀ ਬਡਿਭਾਗ।
ਹਾਥ ਬੰਦਿ ਬੰਦਨ ਕਰੀ, ਉਰ ਉਮਗਾ ਅਨੁਰਾਗ ॥੧॥
ਚੌਪਈ: 'ਸਰਬ ਰੀਤਿ ਸਮਰਥ ਸੁਖ ਦਾਤੇ !
ਜਿਨ ਬਡਿਭਾਗ ਤਿਨਹੁਂ ਤੁਮ ਜਾਤੇ।
ਹਲਤ ਪਲਤ ਮਹਿਂ ਹੋਹੁ ਸਹਾਈ।
ਜਿਮ ਚਾਹੋ ਤਿਮ ਠਟਹੁ ਗੁਸਾਈਂ ॥੨॥
ਮੈਂ ਰਾਵਰ ਕੇ ਸੰਗ ਸਿਧਾਰੌਂ।
ਤੁਮ ਬਿਨ ਨਹੀਂ ਜੀਵਬੋ ਧਾਰੌਂ।
ਰਾਗ ਦ੍ਵੈਖ ਬਡ ਹਰਖ ਰੁ ਸ਼ੋਕ।
ਇਨ ਜੁਤਿ ਬਸਿਬੋ ਹੈ ਇਸ ਲੋਕ ॥੩॥
ਸੁਤ ਪ੍ਰਿਥੀਆ ਉਤਪਾਤ ਉਠੈ ਹੈ।
ਦੇਖਤਿ, ਦੁਖ ਮੇਰੋ ਮਨ ਪੈਹੈ[1]।
ਅਤਿ ਅਨੰਦ ਮਹਿਂ ਬਾਸ ਤੁਮਾਰੋ।
ਬਸੌਂ ਸੰਗ ਮੈਂ ਚਿੰਤ ਨਿਵਾਰੋ' ॥੪॥
ਸੁਨਿ ਭਾਨੀ ਤੇ ਕੋਮਲ ਬਾਨੀ।
ਰਾਮਦਾਸ ਸਤਿ ਗੁਰੂ ਬਖਾਨੀ।
'ਮਹਾਂਜਸੇ[2] ਸੁਨਿ ਭਾਗ ਮਹਾਂਨੀ[*] !
ਅਪਰ ਨ ਤ੍ਰਿਯ ਕੋ ਤੋਹਿ ਸਮਾਨੀ ॥੫॥
ਸ਼੍ਰੀ ਗੁਰ ਅਮਰਦਾਸ ਪਿਤ ਜਿਸ ਕੇ।
ਕੌਨ ਪਟੰਤਰ ਕਹੀਅਹਿ ਤਿਸ ਕੇ।
ਪੁਨ ਤੁਵ ਪਰ ਪ੍ਰਸੰਨ ਹਮ ਰਹੇ।
ਮਾਂਨਹਿਂ ਤਥਾ ਜਥਾ ਬਚ ਕਹੇਂ ॥੬॥
ਸ਼੍ਰੀ ਅਰਜਨ ਭਾ ਪੁੱਤ੍ਰ ਪ੍ਰਬੀਨਾ।
ਸੋਢੀ ਕੁਲ ਜਿਨ ਉੱਜਲ ਕੀਨਾ।
ਰਾਖੀ ਗੁਰਤਾ ਕੇਰਿ ਜਿਠਾਈ।
ਅਪਰ ਬੰਸ ਤੇ ਰਾਖਿ ਹਟਾਈ ॥੭॥
ਤੇਰੋ ਸਫਲ ਜਨਮ ਜਗ ਭਇਊ।

---

[1]ਦੁਖ ਪਾਵੇਗਾ।
[2]ਹੇ ਬੜੇ ਜੱਸ ਵਾਲੀ!
[*]ਪਾ:-ਮਹਾਂ ਜਸੁ ਸੁਨੁ ਭਾਗ ਮਹਾਨੀ = ਹੇ ਮਹਾਂ ਜਸ ਵਾਲੇ ਦੀ ਸੁਪੁੱਤ੍ਰੀ ਵਡੇ ਭਾਗਾਂ ਵਾਲੀ। [ਸੰਸ: ਸੁਨੁ: = ਬੇਟੀ]

ਕਰਿਬੇ ਉਚਿਤ ਸਕਲ ਕਰਿ ਲਇਊ।
ਕਿਤਿਕ ਦਿਨਾ ਤਵ ਸ੍ਵਾਸ ਸਰੀਰ।
ਪਰਾਰਬਧ ਭੋਗੋ ਧਰਿ ਧੀਰ ॥੮॥
ਪੁਨ ਸੁਖੇਨ ਹੀ ਤਨ ਕੋ ਤਜਾਗ।
ਆਇ ਮਿਲਹਿਂ ਹਮ ਸੋਂ, ਬਡਭਾਗ!
ਹਰਖ ਸ਼ੋਕ ਅਰੁ ਰਾਗ ਜੁ ਦ੍ਵੈਸ਼।
ਅਬਿ ਤੇ ਤੋਹਿ ਨ ਹੋਹਿ ਅਸ਼ੇਸ਼[1] ॥੯॥
ਇਮ ਧੀਰਜ ਦੇ ਕਰਿ ਸੁਖ ਰਾਸ।
ਦੇਖਯੋ ਦਿਸ਼ ਬੁੱਢੇ, ਗੁਰਦਾਸ।
ਸ੍ਰੀ ਅਰਜਨ ਹਿਤ ਕਹਿ ਸਭਿ ਹੀ ਕੋ।
ਬਹੁਰ ਗੁਰੂ ਸੋਢੀ ਕੁਲ ਟੀਕੋ ॥੧੦॥
ਰਚਯੋ ਕੁਸ਼ਾਸਨ ਪਰ ਥਿਤ ਹ੍ਵੈ ਕੈ।
ਪੌਢੇ ਮੁਖ ਕੋ ਛਾਦਨ ਕੈ ਕੈ।
ਜਯੋਂ ਗਜ ਫੂਲਮਾਲ ਕੋ ਡਾਰੇ।
ਤਯੋਂ ਤਨ ਤਜਿ ਬੈਕੁੰਠ ਪਧਾਰੇ ॥੧੧॥
ਅੱਗ੍ਰ[+] ਪੁਰੋਗਮ ਸੁਰ ਸਭਿ ਆਏ[2]।
ਬ੍ਰਹਮਾ, ਨਾਰਦ, ਸ਼ੰਭੁ[3] ਸੁਹਾਏ।
ਭਯੋ ਪ੍ਰਕਾਸ਼ ਅਕਾਸ਼ ਬਿਸਾਲਾ।
ਬਹੁ ਬਿਮਾਨ ਦੀਪਤਿ ਮਣਿ ਮਾਲਾ[++] ॥੧੨॥
ਧਨਦ[4], ਬਰੁਣ, ਸਭਿ ਲੋਕਨਿ ਪਾਲਕ[5]।
ਦੇਵ ਅਨਿਕ ਆਏ ਤਤਕਾਲਕ।
'ਜੈ ਜੈ' ਸ਼ਬਦ ਸੁਰਨ ਮਹਿਂ ਹੋਵਾ।
ਕਰਤਿ ਕੁਲਾਹਲ ਮੰਗਲ ਜੋਵਾ ॥੧੩॥
ਉਤਸਵ ਕਰਹਿਂ ਅਨੇਕ ਪ੍ਰਕਾਰੇ।
ਭਰਿ ਭਰਿ ਫੂਲਨ ਅੰਜੁਲ[6] ਡਾਰੇ।

---

[1]ਬਿਲਕੁਲ ਨਾ ਹੋਊ।
[+]ਪਾ:-ਅਗਨਿ।
[2]ਅੱਗੋਂ ਸਾਰੇ ਮੁਖੀ ਦੇਵਤੇ ਆਏ।(ਅ) ਅਗੇ ਟੁਰਨ ਵਾਲੇ ਯਾ ਸਵਾਗਤ ਕਰਨ ਵਾਲੇ।
[3]ਸ਼ਿਵ ਜੀ।
[++]ਪਾ:-ਲਾਲਾ।
[4]ਕੁਬੇਰ।
[5]ਸਾਰੇ ਲੋਕਪਾਲ।
[6]ਭਰ ਭਰ ਫੁੱਲਾਂ ਦੇ ਬੁੱਕ।

ਜਹਿਂ ਕਹਿਂ ਬਹੁ ਸੁਗੰਧਿ ਬਿਸਤਾਰੀ।
ਬਿਸਮੈ ਭਏ ਹੇਰਿ ਨਰ ਨਾਰੀ ॥੧੪॥
ਬਾਪੀ ਪਾਸ ਨਰਨ ਸਮੁਦਾਇ।
ਸੰਗਤਿ ਸੁਨਿ ਆਈ ਉਮਡਾਇ।
'ਧੰਨ ਗੁਰੂ ਗਤਿ ਜਾਇ ਨ ਜਾਨੀ।'
ਤਨ ਸੁਛੰਦ[1] ਤਜਾਗਜੋ ਗੁਨ ਖਾਨੀ ॥੧੫॥
ਹਾਹਾਕਾਰ ਸਭਿਨਿ ਮਹਿਂ ਹੋਵਾ।
ਪ੍ਰੇਮੀ ਸਿੱਖਜਨ ਕੋ ਗਨ ਰੋਵਾ।
ਸਿਮਰਿ ਸਿਮਰਿ ਗੁਰ ਕੇ ਉਪਦੇਸ਼।
-ਮਮ ਪਾਛੇ ਹੁਇ ਸ਼ੋਕ ਨ ਲੇਸ਼ ॥੧੬॥
ਪਠਨ ਕੀਰਤਨ ਸ਼੍ਰੀ ਸਤਿਨਾਮੁ।
ਕਰਹੁ ਭਜਨ ਮਿਲਿ ਕੈ ਨਰ ਗ੍ਰਾਮ[2]-।
ਸਜਾਨੇ ਸਿਖ ਬਰਜੈਂ ਕਹਿ ਬਾਨੀ।
ਗਿਰਾ ਗੁਰੂ ਕੀ ਕਰੈਂ ਬਖਾਨੀ ॥੧੭॥
ਧਰੀ ਧੀਰ ਭਾਨੀ ਨਹਿਂ ਹੋਈ।
ਬੈਠੀ ਪਤੀ ਸਮੀਪੀ ਹੋਈ।
ਨਿਕਟਿ ਹੁਤੇ ਇਕ ਦਿਸ਼ ਜੁਗ ਭ੍ਰਾਤਾ[3]।
ਦਿਸ ਦੂਸਰ ਸ਼੍ਰੀ ਅਰਜਨ ਤਾਤਾ ॥੧੮॥
ਤੂਸ਼ਨਿ ਠਾਨਿ ਰਿਦੇ ਬਿਸਮਾਏ।
ਉਠਿ ਬੁੱਢੇ ਇਮ ਬਾਕ ਅਲਾਏ।
'ਬੈਠਨ ਕਜੋਂ ਬਨਿ ਹੈ ਇਸ ਕਾਲਾ।
ਹੋਇ ਉਚਿਤ ਕ੍ਰਿਤ ਕਰਹੁ ਬਿਸਾਲਾ ॥੧੯॥
ਹੁਤੋ ਦਰਸ ਗੁਰ ਪਾਛਲ ਸਮੋ।
ਪਿਖੇ ਸੁਨੇ ਕਰਿ ਲੀਨਸਿ ਨਮੋ।
ਅਬਿ ਇਨ ਕੇ ਤਨ ਕੋ ਸਸਕਾਰ।
ਕਰਹਿਂ ਹੋਹਿ ਸ਼੍ਰੀ ਅਰਜਨ ਤਜਾਰ ॥੨੦॥
ਸਕਲ ਵਸਤੁ ਕੋ ਕਰਹੁ ਸਕੇਲਾ।
ਸਗਰੇ ਸਿਖ ਸੰਗਤਿ ਕਰਿ ਮੇਲਾ।
ਬਹੁ ਕੰਚਨ ਕੇ ਕੁਸਮ ਘਰਾਵਹੁ[1]।

---
[1]ਅਪਨੀ ਇੱਛਾ ਅਨੁਸਾਰ।
[2]ਸਾਰੇ ਨਰ।
[3]ਭਾਵ ਮੋਹਨ ਤੇ ਮੋਹਰੀ ਜੀ।

ਜਵ, ਤਿਲ, ਚੰਦਨ, ਘ੍ਰਿੱਤ ਅਨਾਵਹੁ ॥੨੧॥
ਬਹੁ ਧਨ ਸੰਗ ਬਿਮਾਨ ਬਨਾਵਹੁ।
ਪਸ਼ਮੰਬਰ ਬਹੁ ਮੋਲ ਲਿਆਵਹੁ।
ਕਾਸ਼ਟ ਸੰਚੈ ਨਰ ਲੈ ਜਾਵਹੁ।
ਤੀਰ ਬਿਪਾਸਾ ਪਾਸ ਪੁਚਾਵਹੁ ॥੨੨॥
ਜਹਿਂ ਸ਼੍ਰੀ ਅਮਰਦਾਸ ਕੋ ਮੰਦਰ।
ਸਭਿ ਕੋ ਰੁਚਹਿ ਸੁ ਥਲ ਹੈ ਸੁੰਦਰ।'
ਸੁਨਿ ਬ੍ਰਿਧ ਤੇ ਉਠਿ ਕਰਿ ਤਤਕਾਲਾ।
ਤੁਰਤ ਮੋਹਰੀ ਲੇ ਨਰ ਜਾਲਾ ॥੨੩॥
ਇਕ ਇਕ ਸੇਵਾ ਪਰ ਨਰ ਗਨ ਕੋ।
ਕਰੇ ਖਰੇ ਕਹਿ ਕਹਿ ਸਭਿਹਿਨਿ ਕੋ।
ਆਪੁ ਆਇ ਬ੍ਰਿਧ ਕੇ ਸੰਗ ਮਿਲਿ ਕੈ।
ਸ਼੍ਰੀ ਅਰਜਨ ਕੇ ਸੰਗ ਸੁ ਰਲਿ ਕੈ ॥੨੪॥
ਦਧਿ ਸੋਂ ਸ਼ਮਸ ਸੁ ਕੇਸ ਪਖਾਰੇ।
ਬਿਮਲ ਨੀਰ ਮੱਜੇ ਅੰਗ ਸਾਰੇ।
ਸੁੰਦਰ ਵਸਤ੍ਰ ਨਵੀਨ ਬਨਾਏ।
ਸਰਬ ਅੰਗ ਮਹਿਂ ਲੇ ਪਹਿਰਾਏ ॥੨੫॥
ਤਬਿ ਲਗ ਆਇਵ ਰੁਚਿਰ ਬਿਮਾਨਾ।
ਰਚਜੋ ਰੁਚਿਰ ਸ਼ੁਭ ਅੰਬਰ ਤਾਨਾ[2]।
ਫੂਲਨ ਮਾਲ ਬਿਸਾਲ ਬਨਾਈ।
ਚਹੁਂ ਦਿਸ਼ ਮਹਿਂ ਜਿਸ ਕੇ ਲਰਕਾਈ[3] ॥੨੬॥
ਮਹਾਂ ਸੁਗੰਧਿ ਉਲੀਚਨ ਕਰੇ[4]।
ਲਜਾਇ ਉਤਾਰਜੋ ਤਿਸ ਥਲ ਤਰੇ।
ਤਬਿ ਉਠਾਇ ਸਤਿਗੁਰ ਪੌਢਾਏ।
ਪਸ਼ਮੰਬਰ ਕੋ ਊਪਰ ਪਾਏ ॥੨੭॥
ਸਿਖ ਸੰਗਤਿ ਮਿਲਿ ਕੈ ਸਮੁਦਾਏ।
ਅੰਜਲੁ ਫੂਲਨਿ ਕੇ ਬਰਖਾਏ।
ਜੈ ਜੈਕਾਰ ਊਚ ਧੁਨਿ ਹੋਵਾ।

---

[1]ਘੜਾਵੋ।
[2]ਕੱਪੜਾ ਤਾਣਕੇ।
[3]ਲਮਕਾਈ।
[4]ਛਿੜਕਾਈ। [ਸੰਸ: ਉਲੰਲਚਨ]

ਮਨਹੁਂ ਬਿਮਾਨ ਸੁਰਗ ਕੋ ਜੋਵਾ ॥੨੮॥
ਸ਼੍ਰੀ ਅਰਜਨ ਕੋ ਆਗੈ ਕਰੇ।
ਲੀਨ ਉਠਾਇ ਕੰਧ ਪਰ ਧਰੇ।
ਕਰੈਂ ਅਪਨਪੌ ਸਫਲ ਬਿਸ਼ਾਲਾ।
ਲਗੇ ਬਿਮਾਨ ਸਾਥ ਸਿਖ ਜਾਲਾ ॥੨੯॥
ਚਾਮੀਕਰ ਕੇ ਕੁਸਮ ਬਨਾਏ[1]।
ਲਾਜਾ[2] ਮਹਿਂ ਮਿਲਾਇ ਬਰਖਾਏ।
ਅਪਰ ਦਰਬ ਊਪਰ ਬਹੁ ਡਾਰਤਿ।
'ਸ਼੍ਰੀ ਸਤਿਗੁਰ ਜੀ ਧੰਨਜ' ਉਚਾਰਤਿ ॥੩੦॥
ਬਹੁ ਬਿਰਾਗ ਪਠਿਬੇ ਜਿਨ ਆਵਤਿ।
ਸੋ ਤਬਿ ਸ਼ਬਦ ਰਬਾਬੀ ਗਾਵਤਿ।
ਖਰੇ ਹੋਇ ਪੌਰੀ ਜਬਿ ਲਾਵਤਿ।
ਦੇਤਿ ਦਰਬ ਤਿਨ ਆਗੇ ਜਾਵਤਿ ॥੩੧॥
ਸੰਗਤਿ ਸੰਗ ਹਜ਼ਾਰਹੁਂ ਚਾਲਤਿ।
ਲਾਜਾ, ਫੂਲ, ਦਰਬ, ਕੋ ਡਾਲਤਿ।
ਚਮਰ ਚਾਰੁ ਡੋਰਤਿ ਦਿਸ਼ ਦੋਇ।
ਊਜਲ ਮਨਹੁਂ ਹੰਸ ਹੀ ਹੋਇਂ ॥੩੨॥
ਸ਼੍ਰੀਗੁਰ ਅਮਰ ਦੇਹੁਰਾ ਜਹਾਂ।
ਇਮ ਕਰਤੇ ਪਹੁਂਚਤਿ ਭੇ ਤਹਾਂ।
ਪ੍ਰੇਮ ਅਧਿਕ ਸ਼੍ਰੀ ਸਤਿਗੁਰ ਕੇਰਾ।
ਸਭਿਨਿ ਬਿਲੋਚਨ ਤੇ ਜਲ ਗੇਰਾ ॥੩੩॥
ਤੀਰ ਬਿਪਾਸਾ ਪਾਸ ਉਤਾਰੇ।
ਚਹੁਂਦਿਸ਼ ਮਹਿਂ ਨਰ ਗਨ ਪਰਵਾਰੇ।
ਬ੍ਰਿੰਦ ਸੰਖ ਬਾਜਤਿ ਬਹੁਬਾਰੀ[3]।
ਸਭਿ ਮਿਲਿ ਕਰਿ ਤਹਿਂ ਚਿਖਾ ਸੁਧਾਰੀ ॥੩੪॥
ਬਹੁ ਚੰਦਨ ਤੇ ਊਚੀ ਕਰਿ ਕੈ।
ਸਤਿਗੁਰ ਕੋ ਸਰੀਰ ਵਿਚ ਧਰਿ ਕੈ।
ਸ਼੍ਰੀ ਅਰਜਨ ਲੈ ਅਗਨੀ ਹਾਥ।
ਲਾਇ ਤਬੈ ਰੋਦਨ ਕੇ ਸਾਥ ॥੩੫॥

---

[1]ਸੋਨੇ ਦੇ ਫੁੱਲ।
[2]ਫੁੱਲੀਆਂ।
[3]ਬਹੁਤ ਵਾਰੀ।

ਜਬਿ ਊਚੇ ਸਤਿਗੁਰ ਸੁਤ ਰੋਵਾ।
ਭਾਨੀ ਆਦਿ ਸਭਿਨਿ ਨੇ ਜੋਵਾ।
ਪ੍ਰੇਮਾਤੁਰ ਹੁਇ ਆਂਸੂ* ਛੋਰੇ।
ਸ਼ੋਕ ਬਿਖੈ ਸਭਿ ਕੇ ਮਨ ਭੋਰੇ[1]+ ॥੩੬॥
ਵਸਤ੍ਰਨਿ ਸਾਥ ਪੌਂਛਬੋ ਕਰੈਂ।
ਮੁਖ ਪਰਿਪੁਲਤ[2]++ ਦ੍ਰਿਗਨ ਜਲ ਢਰੈਂ।
ਬ੍ਰਿਧ ਨੇ ਭਨਜੋ ਦੇਖਿ ਕਰਿ ਨੈਨ।
'ਸਿਮਰਹੁ ਕਿਯੋਂ ਨਹਿਂ ਸਤਿਗੁਰੁ ਬੈਨ ॥੩੭॥
ਇਨ ਕੇ ਪਾਛੈ ਕਰਹੁ ਅਨੰਦ।
ਕਥਾ ਕੀਰਤਨ ਭਜਨ ਮੁਕੰਦ।
ਜਿਸ ਤੇ ਹੁਇ ਸਭਿਹਿਨਿ ਕੱਲਜਾਨੁ।
ਕਰਨ ਉਚਿਤ ਇਮ ਜੋ ਹਿਤਮਾਨ[3]' ॥੩੮॥
ਸਭਿਹਿਨਿ ਸੋਂ ਕਹਿ ਧੀਰਜ ਦੀਨ।
ਦੀਨ ਮਨੇ[4] ਬਹੁ ਸ਼ੋਕ ਅਧੀਨ।
ਸ਼੍ਰੀ ਅਰਜਨ ਮਨ ਮਾਨਿ ਪ੍ਰਬੀਨ।
ਉਠਜੋ ਕਪਾਲ ਕ੍ਰਿਆ[5] ਤਬਿ ਕੀਨ ॥੩੯॥
ਗੁਰ ਸਰੀਰ ਨੀਕੇ ਸਸਕਾਰਾ।
ਹੇਰਿ ਬਿਪਾਸਾ ਰੁਚਿਰ[6] ਕਿਨਾਰਾ।
ਸ਼੍ਰੀ ਅਰਜਨ ਕੋ ਕਰੇ ਅਗਾਰੀ।
ਆਇ ਸ਼ਨਾਨੇ ਨਿਰਮਲ ਬਾਰੀ ॥੪੦॥
ਬ੍ਰਿਧ ਕੇ ਸੰਗ ਤਿਲਾਂਜੁਲਿ ਦੀਨੀ*।
ਪਿਤੁ ਕੋ ਨਾਮ ਸਿਮਰਿ ਬਿਧਿ ਕੀਨੀ।

---

*ਪਾ:-ਅੱਸੂ।
[1]ਸ਼ੋਕ ਵਿਚ ਮਨ ਮਿਲੇ।
+ਪਾ:-ਡੋਰੇ = ਡੋਲੇ।
[2]ਭਿੱਜਾ ਹੋਯਾ, ਤਰੋਤਰ [ਸੰਸ: ਪਰਿਤਪਲ]
++ਪਾ:-ਪਰਫੁਲਤ = ਮੂੰਹ ਲਾਲ ਹੈ। ਤੇ ਨੈਣਾਂ ਤੋਂ ਪਾਣੀ ਡਿੱਗਦਾ ਹੈ।
[3]ਪ੍ਰੇਮੀਆਂ ਨੂੰ।
[4]ਉਦਾਸ।
[5]ਅਗਨੀ ਦੇਣ ਤੋਂ ਕੁਛ ਕਾਲ ਮਗਰੋਂ ਸਿਰ ਨੂੰ ਫੋੜਨਾ ਕਪਾਲ ਕ੍ਰਿਆ ਕਹਾਉਂਦੀ ਹੈ।
[6]ਸੁੰਦਰ।
*ਦੂਸਰੀ ਪਾਤਸ਼ਾਹੀ ਨੇ ਅੰਤ ਸਮੇਂ ਕਿਹਾ ਸੀ ਕਿ:-ਜਗ ਅਰ ਕੁਲ ਤੇ ਜਿਤਕ ਅਚਾਰੇ। ਹਮਰੇ ਹੇਤੁ ਨਹੀਂ ਕੁਛ ਕਰਨਾ। ਕੀਰਤਿ ਪਠਿ ਸੁਨਿ ਨਾਮ ਸਿਮਰਨਾਂ। ਕਰਹੁ ਅਨੰਦ ਮੰਗਲਾਚਾਰਾ। ਦੇਹੁ ਸਰੀਰ ਅਗਨਿ ਸਸਕਾਰਾ। [ਰਾਸ ੧ ਅੰਸੂ ੨੮ ਅੰਕ ੧੩] ਸੋ ਤਦ ਤੋਂ ਗੁਰਮਤ ਜਾਰੀ ਹੋ ਗਈ। ਹੁਣ ਐਸੀਆਂ ਰਸਮਾਂ ਦਾ ਹੋਣਾ ਸਹੀ ਨਹੀਂ ਜਾਪਦਾ।

ਸਨੈ ਸਨੈ ਸਭਿ ਹੀ ਪੁਰਿ ਆਏ।
ਬੈਠੇ ਤੀਰ ਬਾਪਿਕਾ ਜਾਏ ॥੪੧॥
ਮਾਨਵ ਕੋ ਸਮੁਦਾਇ ਮਹਾਂਨਾ।
ਸਿਮਰਿ ਸਿਮਰਿ ਗੁਰ ਕੇ ਗੁਨ ਨਾਨਾ।
ਸੁਜਸ ਕਰਹਿਂ ਬਹੁ ਆਪਸ ਮਹੀਆ।
'ਪਰਉਪਕਾਰ ਹੇਤ ਤਨ ਲਹੀਆ ॥੪੨॥
ਜਿਮ ਲੋਕਨ ਕੇ ਭਾਗਨ ਕਾਰਨ।
ਨਭ ਘਨ ਬਿਦਤਹਿ ਤਜਿ ਜਲ ਧਾਰਨ[1]।
ਸਭਿ ਕੋ ਹਿਤ ਕਰਿ ਬਹੁਰ ਸਮਾਵਹਿਂ।
ਤਿਮ ਸਤਿਗੁਰ ਤਨ ਧਰਿ ਜਗੁ ਆਵਹਿਂ ॥੪੩॥
ਸਿੱਖਜਨ ਕੋ ਕਰਿ ਕੈ ਕੱਲਜਾਨ।
ਗਮਨਹਿਂ ਬਹੁਰ ਬਿਕੁੰਠ ਸਥਾਨ।'
ਇੱਤਯਾਦਿਕ ਸਿੱਖ ਸਜਾਨੇ ਕਹਿ ਕਹਿ।
ਸ਼੍ਰੀ ਅਰਜਨ ਕੀ ਦਿਸ਼ ਸਭਿ ਲਹਿ ਲਹਿ[2] ॥੪੪॥
ਭਾਨੀ ਭਰਜਾਈਅਨਿ ਸੰਗ ਮਿਲਿ ਮਿਲਿ।
ਅਪਰ ਅਨਿਕ ਤਿਯ ਆਵਤਿ ਚਲਿ ਚਲਿ।
ਰੁਦਨ ਕਰਤਿ ਹੈਂ ਸਗਰੀ ਪੁਨ ਪੁਨ।
ਬਾਰ ਬਾਰ ਸਤਿਗੁਰ ਕੇ ਗੁਨ ਗੁਨਿ[3] ॥੪੫॥
ਉਰ ਧੀਰਜ ਕੋ ਭਾਨੀ ਧਰਿ ਧਰਿ।
ਗੁਰ ਮੂਰਤਿ ਕੋ ਚਿਤਵਨ ਕਰਿ ਕਰਿ।
ਸ਼ਾਂਤਿ ਮਤੀ ਕਰਿ ਕੈ ਥਿਰ ਸੋਈ[4]।
ਪਤਿ ਕੇ ਧਯਾਨ ਪਰਾਇਣ[5] ਹੋਈ ॥੪੬॥
ਇਸਤ੍ਰੀ ਪੁਰਖ ਆਇਂ ਬਹੁਤੇਰੇ।
ਸ਼੍ਰੀ ਅਰਜਨ ਢਿਗ ਬੈਠਿ ਘਨੇਰੇ।
ਬੰਦਨ ਕਰਿ ਨਿਜ ਸਦਨ ਸਿਧਾਵਹਿਂ।
ਇਸ ਪ੍ਰਕਾਰ ਆਵਹਿਂ ਇਕ ਜਾਵਹਿਂ ॥੪੭॥
ਗ੍ਰਾਮ ਨਗਰ ਜਹਿਂ ਜਹਿਂ ਸੁਧਿ ਹੋਈ।
ਸਿਖ ਸੰਗਤ ਪਹੁਂਚਹਿਂ ਸਭਿ ਕੋਈ।

---

[1]ਅਕਾਸ਼ ਵਿਚ ਬੱਦਲ ਪ੍ਰਗਟ ਹੁੰਦੇ ਹਨ ਤੇ ਪਾਣੀ ਦੀਆਂ ਧਾਰਾਂ ਛੱਡਦੇ ਹਨ।
[2]ਤੱਕ ਤੱਕ ਕੇ।
[3]ਗੁਣ ਵਿਚਾਰ ਕੇ।
[4]ਉਹ, ਭਾਵ ਭਾਨੀ।
[5]ਧਯਾਨ ਦੇ ਆਸਰੇ।

ਮਿਲਿ ਮਿਲਿ ਸਗਰੇ ਸਦਨ ਸਿਧਾਏ।
ਗੋਇੰਦਵਾਲ ਭੀਰ ਸਮੁਦਾਏ ॥੪੮॥
ਦਯੋਸ ਤੀਨ ਇਸ ਰੀਤਿ ਬਿਤਾਏ।
ਸ਼ਬਦ ਕੀਰਤਨ ਹ੍ਵੈ ਅਧਿਕਾਏ।
ਬੀਚ ਮੋਹਰੀ ਬ੍ਰਿਧ ਆਦਿਕ ਗਨ।
ਬੈਠਤਿ ਹੈਂ ਲੈ ਕਰਿ ਸ਼੍ਰੀ ਅਰਜਨੁ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਰਾਮਦਾਸ ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਚੁਤਰ ਬਿੰਸਤੀ ਅੰਸੂ ॥੨੪॥

੨੫. [ਪੱਗ ਬੰਨ੍ਹਾਈ। ਪ੍ਰਿਥੀਏ ਤੇ ਸੁਲਹੀ ਦੀ ਮਿੱਤ੍ਰਤਾ]

੨੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੬

ਦੋਹਰਾ: ਸੋਰਹ ਸਤ ਅਠਤੀਸ ਮਹਿਂ, ਪਾਵਸੁ ਭਾਦ੍ਰੋਂ ਮਾਸ[1]।
ਤੀਜ ਦਸੌਸ ਪਖ ਚਾਂਦਨੋ, ਤਜਯੋ ਦੇਹਿ ਗੁਨਰਾਸ[*] ॥੧॥
ਚੌਪਈ: ਤਿਸ ਤੇ ਚਉਥੇ ਦਿਨ ਮਿਲਿ ਸਾਰੇ।
ਗਮਨੇ ਜਹਿਂ ਸਤਿਗੁਰ ਸਸਕਾਰੇ।
ਤਿਸ ਥਲ ਭਸਮ ਰਾਸ ਕੋ ਹੇਰੇ।
ਸ਼੍ਰੀ ਅਰਜਨ ਲੋਚਨ ਜਲ ਗੇਰੇ ॥੨॥
'ਸ਼੍ਰੀ ਗੁਰ ਪਿਤਾ ਆਸਰਾ ਮੋਰਾ।
ਦ੍ਰਿਸ਼ਟਿ ਨ ਪਰਤਿ ਅਬਹਿ ਕਿਤ ਓਰਾ।
ਰਹਯੋ ਇਕਾਕੀ ਬਿਨ ਅਵਿਲੰਬਾ।
ਭ੍ਰਾਤਾ ਚਿਤਵਤਿ ਖੋਟ ਕਦੰਬਾ' ॥੩॥
ਅਪਰ ਨਰਨ ਸਮ ਕਰਤਿ ਬ੍ਰਿਲਾਪਾ।
ਦਿਖਯੋ ਮੋਹਰੀ ਕਰਤਿ ਸੰਤਾਪਾ।
ਧੀਰਜ ਦਿਯੋ ਬਾਕ ਮ੍ਰਿਦੁ ਕਹੇ।
'ਸਤਿਗੁਰ ਪੂਰਨ ਜਹਿਂ ਕਹਿਂ ਅਹੇ ॥੪॥
ਧਰਿ ਸ਼ਰਧਾ ਚਿਤਵਹਿ ਜਹਿਂ ਕੋਈ।
ਆਨਿ ਸਹਾਇਕ ਤਿਹ ਠਾਂ ਹੋਈ।
ਅਪਰ ਨਰਨ ਕੋ ਕਰਿ ਦਿਖਰਾਵੋ[2]।
ਸੋ ਸਰੂਪ[3] ਤੁਮ ਆਪ ਕਹਾਵੋ ॥੫॥
ਸਰਬ ਭਾਂਤਿ ਕੀ ਸ਼ਕਤਿ ਧਰੰਤੇ।
ਸਿੱਖਨ ਸਦਾ ਸਹਾਇ ਕਰੰਤੇ।'
ਇੱਤਯਾਦਿਕ ਕਹਿ ਧੀਰਜ ਦੀਨੇ।
ਪੁਨ ਮਿਲਿ ਗੁਰੂ ਫੂਲ ਸਭਿ ਬੀਨੇ[4] ॥੬॥
ਸਰਬ ਕ੍ਰਿਆ ਕਰਿ ਆਛੀ ਭਾਂਤਿ।
ਆਏ ਪੁਰਿ, ਕਹਿ ਜਸੁ ਅਵਦਾਤਿ[5]।
ਸ਼੍ਰੀ ਅੰਮ੍ਰਿਤਸਰ ਕੋ ਨਰ[+] ਗਯੋ।

---

[1]੧੬੩੮ ਦੀ ਬਰਸਾਤ ਵਿਚ ਭਾਦ੍ਰੋਂ ਦੇ ਮਹੀਨੇ।
[*]ਪਾ:-ਸੁਖਰਾਸ।
[2]ਹੋਰਨਾਂ ਨੂੰ (ਮਨੁੱਖ ਨਾਟ) ਕਰਕੇ ਦਿਖਾਂਦੇ ਹੋ।
[3]ਭਾਵ ਸਤਿਗੁਰੂ ਦਾ ਰੂਪ।
[4]ਗੁਰੂ ਜੀ ਦੇ ਫੁਲ ਚੁਣੇ।
[5]ਉੱਜਲ [ਸੰਸ: ਅਵਦਾਤ = ਸ੍ਵੇਤ, ਉੱਜਲ]

ਪ੍ਰਿਥੀਏ ਸਭਿ ਬ੍ਰਿਤਾਂਤ ਸੁਨਿ ਲਯੋ ॥੭॥
'ਇਕ ਨਿਸ ਬਸਿ ਕੈ ਗੋਇੰਦਵਾਲ।
ਤਨੁ ਤਜਿ, ਗਏ ਬਿਕੁੰਠ ਕ੍ਰਿਪਾਲ।
ਸ੍ਰੀ ਅਰਜਨ ਕਰ ਨਿਜ[1] ਸਸਕਾਰੇ।
ਅਪਰ ਕ੍ਰਿਯਾ ਕੀਨਸ ਹਿਤ ਧਾਰੇ' ॥੮॥
ਚਿਤ ਚਟਪਟੀ[2] ਸੁਨਤਿ ਹੁਇ ਆਈ।
ਚਢਯੋ ਤੁਰੰਗ ਪੰਥ ਪਗ ਪਾਈ।
ਕਰਮੋ ਆਦਿਕ ਕੀ ਕਰਿ ਤਯਾਰੀ।
ਗਮਨੀ ਮਾਰਗ ਸਕਲ ਪਿਛਾਰੀ ॥੯॥
ਗੋਇੰਦਵਾਲ ਪਹੂਚਯੋ ਆਈ।
ਦੇਖੇ ਲੋਕ ਮਿਲੇ ਸਮੁਦਾਈ।
ਮਹਾਂਦੇਵ ਹੈ ਸੰਗ ਸੁ ਆਯੋ।
ਉਤਰੇ ਵਹਿਰ, ਨੀਰ ਦ੍ਰਿਗ ਛਾਯੋ ॥੧੦॥
ਛਲ ਤੇ ਰੋਦਤਿ ਕ੍ਰੋਧ ਬਧਾਯੋ।
ਸਭਿਨਿ ਸੁਨਾਵਤਿ ਊਚ ਅਲਾਯੋ।
'ਗੁਰਤਾ ਤਿਲਕ ਭਲੋ ਇਨ ਪਾਯੋ।
ਦੁਇ ਦਿਨ ਬਿਤੇ ਨ, ਬਿਸੁ[3] ਕੋ ਖ੍ਵਾਯੋ ॥੧੧॥
ਪੁਜਵਾਵਨ ਕੋ ਲਾਲਚ ਕਰਿ ਕੈ।
ਮਾਰਯੋ ਪਿਤਾ ਕਪਟ ਕੋ ਧਰਿ ਕੈ।
ਇਸ ਬਿਧਿ ਤੇ ਨਹਿਂ ਗੁਰ ਬਨ ਜੈ ਹੈ।
ਘੋਰ ਪਾਪ ਕੋ ਫਲੁ ਇਹੁ ਪੈ ਹੈ ॥੧੨॥
ਵਸਤੁ ਪਾਇ ਜੋ ਹੁਇ ਅਧਿਕਾਰੀ।
ਇਹੀ ਰੀਤਿ ਹੈ ਸਕਲ ਮਝਾਰੀ।
ਪਿਤ ਅਰੋਗ ਬਲਵਾਨ ਅਛੇਰੇ।
ਅਤਿ ਪ੍ਰਸੰਨ ਮਨੁ ਤਨੁ ਤਿਸ ਬੇਰੇ ॥੧੩॥
ਆਵਤਿ ਇਕ ਦਿਨ ਮਹਿਂ ਕਜਾ ਹੋਯੋ।
ਬਿਖ[+] ਬਿਨ ਮ੍ਰਿਤੁ ਕਾਰਨ ਨਹਿਂ ਕੋਯੋ[4]।
ਬ੍ਰਿਧ ਆਦਿਕ ਪੱਖੀ ਇਸ ਭਏ।

[+]ਪਾ:-ਨਰ ਜਬ।
[1]ਹਥੀਂ ਆਪਣੀ।
[2]ਘਬਰਾ, ਕਾਹਲੀ।
[3]ਜ਼ਹਿਰ।
[4]ਕੋਈ ਨਹੀਂ।

ਕਿਸ ਕੋ ਤ੍ਰਾਸ ਨਹੀਂ ਮਨ ਕਏ' ॥੧੪॥
ਤਬੈ ਮੋਹਰੀ ਨੇ ਤਿਹ ਕਹ੍ਯੋ।
'ਕਾਰਨ ਬਿਨਾ ਕ੍ਰੋਧ ਕਿਮ ਲਹ੍ਯੋ?
ਮਿਲਹੁ ਸਭਿਨਿ ਮਹਿਂ ਮ੍ਰਿਦੁਲ ਉਚਾਰਿ।
ਹੋਹਿ ਇਕਾਕੀ ਕਰਿ ਲਿਹੁ ਰਾਰ' ॥੧੫॥
ਮਧੁਰ ਬਾਕ ਤੇ ਬਰਜਨ ਕਹ੍ਯੋ।
ਦ੍ਰਿਗ ਜਲ ਢਰ੍ਯੋ ਕਪਟ ਕੋ ਭਰ੍ਯੋ।
ਮਹਾਂਦੇਵ ਨੇ ਪੁਨ ਸਮਝਾਯੋ।
'ਉਚਿਤ ਬੋਲਿਬੋ ਤੁਝ ਬਨਿ ਆਯੋ[1] ॥੧੬॥
ਦੂਰ ਦੂਰ ਕੇ ਨਰ ਸੁਨਿ ਕਰਿ ਕੈ।
ਕਜਾ ਕਹਿ ਹੈਂ ਤੁਵ ਬਾਕ ਸਿਮਰਿਕੈ।'
ਸ੍ਰੀ ਅਰਜਨ ਸੁਨਿ ਤੂਸ਼ਨਿ ਠਾਨੀ।
ਉਰ ਸੀਤਲ ਨਿਤ ਆਤਮ ਗ੍ਯਾਨੀ ॥੧੭॥
ਬਹੁ ਲੋਕਨ ਤਿਹ ਕੋ ਸਮੁਝਾਵਾ।
ਰਹ੍ਯੋ ਤਹਾਂ ਬਡ ਚਿੰਤ ਉਪਾਵਾ।
-ਲੈ ਹੋਂ ਪਾਗ ਸਭਿਨਿ ਤੇ ਇਹਾਂ-।
ਯਾਂ ਤੇ ਰਹਤਿ ਭਯੋ ਦੁਖਿ ਮਹਾਂ ॥੧੮॥
ਇਸ ਬਿਧਿ ਬਸਿ ਕੈ ਗੋਇੰਦਵਾਲ।
ਦ੍ਵਾਦਸ਼ ਦਿਵਸਨ ਕੋ ਤਹਿਂ ਟਾਲਿ।
ਤ੍ਰੌਦਸਮੇਂ ਮਹਿਂ ਕ੍ਰਿਤ ਸਭਿ ਕੀਨਿ।
ਜਥਾ ਜੋਗ ਜੈਸੇ ਕਹਿ ਦੀਨਿ ॥੧੯॥
ਤਬੈ ਮੋਹਰੀ ਮਿਲਿ ਸਭਿ ਸੰਗ।
ਕਹ੍ਯੋ ਬੰਧਾਵਨ ਪਾਗ ਪ੍ਰਸੰਗ।
'ਸ੍ਰੀ ਗੁਰ ਰਾਮਦਾਸ ਜਿਮ ਭਾਖਾ।
ਹਮ ਤੋ ਕਰਹਿਂ ਤਥਾ ਅਭਿਲਾਖਾ' ॥੨੦॥
ਬ੍ਰਿਧ ਨੇ ਭਨ੍ਯੋ 'ਗੁਰੂ ਜਿਸ[2] ਆਇਸੁ।
ਤੁਮਹਿ ਉਚਿਤ ਪਿਤ ਥਾਨ ਬਿਠਾਇਸੁ।
ਸ੍ਰੀ ਗੁਰ ਅਮਰ ਅੰਸੁ ਤੁਮ ਅਹੋ।
ਜਥਾ ਜੋਗ ਕੀਜੈ ਜਿਮ ਲਹੋ' ॥੨੧॥
ਬਹੁਰ ਮੋਹਰੀ ਸੁਨਿ ਕੈ ਕਹ੍ਯੋ।

---

[1]ਮੁਨਾਸਬ ਵਾਕ ਬੋਲਣੇ (ਇਸ ਵੇਲੇ) ਤੈਨੂੰ ਬਣ ਆਉਂਦੇ ਹਨ।
[2]ਜਿਸਨੂੰ।

'ਨੀਕੇ ਤਥਾ, ਜਥਾ ਤੁਮ ਲਹਜੋ।
ਤਊ ਸੁ ਪ੍ਰਿਥੀਆ ਬਡ ਹੰਕਾਰੀ।
ਦਰਬ ਅਧਿਕ ਤੇ ਗਰਬਤਿ ਭਾਰੀ ॥੨੨॥
ਬੁਰੋ ਪਰਹਿ ਸਭਿਹਿਨਿ ਕੇ ਸੰਗ।
ਕਹਿਨ ਕਠੋਰ ਸੁਭਾਇ ਕੁਢੰਗ।
ਦ੍ਵੈਸ਼ ਰਚਹਿਗੋ ਸੰਗ ਹਮਾਰੇ।
ਇਹੀ ਲਹੈਗੋ, ਇਨਹਿਂ ਬਿਗਾਰੇ[1] ॥੨੩॥
ਯਾਂ ਤੇ ਬੈਠੋ ਸਭਾ ਲਗਾਇ।
ਪੂਰਬ ਲਖੀਅਹਿ ਤਾਂਹਿ ਸੁਭਾਇ।
ਕਿਮ ਬੋਲਹਿ ਪਾਰਖੁ[2] ਕਰਿ ਲੀਜਹਿ।
ਬਹੁਰੋ ਪਾਗ ਬੰਧਾਇ ਥਪੀਜਹਿ ॥੨੪॥
ਦ੍ਵੈਸ਼ੀ ਮਹਾਂ, ਨ ਮ੍ਰਿਦੁਲ ਸੁਭਾਊ।
ਪਰ ਜਸ ਤੇ ਅਤਿਸ਼ੈ ਤਪਤਾਊ।'
ਇਮ ਬਿਚਾਰਿ ਬਾਪੀ ਦਰਬਾਰ।
ਬੈਠੇ ਲਘੁ ਬਡ ਸਭਾ ਮਝਾਰ ॥੨੫॥
ਸ਼੍ਰੀ ਅਰਜਨ ਪ੍ਰਿਥੀਆ ਤਬਿ ਆਇਵ।
ਮਹਾਂਦੇਵ ਤਹਿਂ ਆਨ ਥਿਰਾਇਵ।
ਬ੍ਰਿਧ ਆਦਿਕ ਸਿਖ ਜੇ ਸਮੁਦਾਏ।
ਸਕਲ ਹਕਾਰੇ ਤਹਿਂ ਚਲਿ ਆਏ ॥੨੬॥
ਕਹਜੋ ਮੋਹਰੀ 'ਬਡ ਬਚ ਲੀਕਾ।
ਚਹੀਅਹਿ ਸਭਿਨਿ ਲਖਹਿਂ ਤਿਹ ਨੀਕਾ[3]।
ਅਬਿ ਜਿਮ ਮਤਿ ਹੋਵਹਿ ਸਭਿਹੀ ਕਾ।
ਉਚਿਤ ਜਾਨ ਕਰੀਅਹਿ ਸ਼ੁਭ ਟੀਕਾ ॥੨੭॥
ਸਿਖ ਸੇਵਕ ਸਨਬੰਧੀ ਸਾਰੇ।
ਜਿਮ ਆਛੋ ਤਿਮ ਕਰਹੁ ਉਚਾਰੇ।'
ਸੁਨਿ ਪ੍ਰਿਥੀਆ ਨਹਿਂ ਸਕਜੋ ਸਹਾਰਾ।
ਖੁਨਸਜੋ ਮੁਖ ਤੇ ਕਰਤਿ ਉਚਾਰਾ ॥੨੮॥
'ਸੁਮਤਿਵੰਤ[4]! ਤੁਮ ਕਜੋਂ ਨ ਬਿਚਾਰੋ।

---

[1]ਇਹੀ ਸਮਝੇਗਾ ਕਿ ਇਨ੍ਹਾਂ ਨੇ ਵਿਗਾੜ ਕੀਤਾ ਹੈ (ਭਾਵ ਸਾਡੇ ਸਿਰ ਦੋਸ਼ ਥੱਪੇਗਾ)।
[2]ਪ੍ਰੀਖਿਆ।
[3](ਗੁਰ ਕੇ) ਬਚਨ ਦੀ ਲੀਕ ਵਡੀ ਹੈ, ਸਭ ਨੂੰ ਚਾਹੀਦਾ ਹੈ ਕਿ ਉਸਨੂੰ ਚੰਗਾ ਸਮਝਣ।
[4]ਹੇ ਸਿਆਣਿਓ!

ਅਧਿਕਾਰੀ ਕੋ ਹੇਰਿ ਉਚਾਰੋ।
ਕਰੇ ਕ੍ਰੋਧ ਜੇ ਪਿਤ ਕਹਿ ਦੀਨੋ।
ਬਡੋ ਅਲਪ ਕਿਮ ਹ੍ਵੈ ਚਿਤ ਚੀਨੋ ॥੨੯॥
ਜੇ ਕਰਿ ਤੁਮ ਮਿਰਜਾਦ ਬਿਗਾਰੋ।
ਅਪਨੀ ਸੰਤਤਿ ਓਰ ਨਿਹਾਰੋ।
ਸਭਿ ਕੈ ਬਿਗਰ ਜਾਇ ਕੁਲ ਰੀਤਿ।
ਹੋਹਿ ਸੁਛੰਦ ਚਲਹਿਂ ਬਿੱਪ੍ਰੀਤ' ॥੩੦॥
ਪੁਨ ਬ੍ਰਿਧ ਅਪਰ ਮੋਹਰੀ ਭਨਜੋ।
'ਸ਼੍ਰੀ ਗੁਰ ਵਾਕ ਭਲੋ ਤੁਮ ਸੁਨਜੋ।
ਹਮ ਤੋ ਨਹਿਂ ਉਲੰਘ ਤਿਹ ਸਕਿ ਹੈਂ।
ਅਪਰ ਕਰਨ ਤਕਿ ਕੈ ਸਭਿ ਜਕ ਹੈਂ[1]' ॥੩੧॥
ਇਮ ਕਹਿ ਪਾਗ ਹਾਥ ਮਹਿਂ ਲੀਨਿ।
ਸ਼੍ਰੀ ਅਰਜਨ ਕੋ ਦੋਨਹੁਂ ਦੀਨ।
ਮ੍ਰਿਦੁਲ ਸੁਭਾਉ ਪਿਤਾ ਅਨੁਕੂਲਾ।
ਹਰਖ ਸ਼ੋਕ ਕੋ ਨਾਸਜੋ ਮੂਲਾ ॥੩੨॥
ਕਰਜੋ ਬਿਚਾਰ -ਪਾਗ ਮਹਿਂ ਕਜਾ ਹੈ।
ਮਿਟਤ ਨ ਕਿਮੁ ਜੋ ਪਿਤਾ ਕਿਯਾ ਹੈ।
ਤਿਨ ਕੀ ਬਖਸ਼ਿਸ਼ ਸਦਾ ਸਥਿਰ ਹੈ।
ਛੀਨੀ ਜਾਇ ਨ ਲਗਿ ਤਸਕਰ ਹੈ ॥੩੩॥
ਕੋਟਿ ਉਪਾਇ ਕਰੇ ਨਹਿਂ ਜਾਇ।
ਜੋ ਕਰ ਤੇ ਦੀਨਸਿ ਰੰਗ ਲਾਇ।
ਨਾਹਕ ਕਲਹ ਉਠਾਵਹਿਂ ਕਾਹਿ-।
ਇਮ ਬਿਚਾਰ ਕਰਿ ਕੈ ਚਿਤ ਮਾਂਹਿ ॥੩੪॥
ਪਾਗ ਗਹੇ ਬੰਦੈ ਜੁਗ ਹਾਥ।
ਮਮ ਚਿਤ ਨਿਤ ਸ਼੍ਰੀ ਅਰਜਨ ਨਾਥ।
ਕਹਤਿ ਭਏ 'ਬਡ ਭ੍ਰਾਤ ਹਮਾਰੇ।
ਹਮ ਅਲੰਬ ਰਹਿਂ ਸਦਾ ਤੁਮਾਰੇ ॥੩੫॥
ਛਿਮਹੁ ਕ੍ਰੋਧ, ਅਰੁ ਬੈਰ ਤਿਆਗਹੁ।
ਹਿਤੂ ਜਾਨਿ ਅਪਨੇ, ਅਨੁਰਾਗਹੁ[2]।
ਪਿਤ ਸੰਮਤ ਸਭਿ ਨੇ ਇਹੁ ਪਾਗ।

---

[1]ਡਰਦੇ ਹਾਂ, ਜਕਦੇ ਹਾਂ।
[2]ਪਿਆਰ ਕਰੋ।

ਮੋ ਕਹੁ ਅਬਹਿ ਬੰਧਾਵਨ ਲਾਗ ॥੩੬॥
ਜੇ ਕਰਿ ਅਪਨੋ ਰੋਸ ਨਿਵਾਰਹੁ।
ਲੇਹੁ ਪਾਗ ਸਿਰ ਊਪਰ ਧਾਰਹੁ।
ਬੈਰ ਨ ਕੀਜਿਹਿ ਬਹੁਰ ਕਦਾਈ।
ਪ੍ਰਤਿਪਾਰਹੁ ਲਖਿ ਕੈ ਲਘੁ ਭਾਈ' ॥੩੭॥
ਇਮ ਸੁਨਿ[1] ਸਭ ਕੋ ਦੇਖਤਿ, ਲੈ ਕੈ।
ਸਿਰ ਪਰ ਪਾਗ ਬੰਧੀ ਹਰਖੈ ਕੈ।
ਮਾਨਜੋ ਮਨ ਮਹਿਂ -ਮੈਂ ਗੁਰ ਭਇਊ।
ਨਿਜ ਅਧਿਕਾਰ ਬਿਚਾਰਤਿ ਲਇਊ- ॥੩੮॥
ਤੂਸ਼ਨਿ ਰਹੇ[2] ਦੇਖ ਕ੍ਰਿਤ ਤਾਂਹੀ।
-ਅਰਜਨ ਗੁਰੂ- ਲਖਹਿਂ ਮਨ ਮਾਂਹੀ।
ਪੁਨ ਅਪਨੇ ਅਪਨੇ ਸਭਿ ਥਾਨ।
ਕਰਹਿਂ ਸਰਾਹਨ ਗੁਨਨਿ[3] ਮਹਾਂਨ ॥੩੯॥
'ਨਿਰਹੰਕਾਰ ਸ਼ਾਂਤਿ ਚਿਤ ਧੀਰ।
ਹਰਖ ਸ਼ੋਕ ਨਹਿਂ ਲੇਸ਼, ਗੰਭੀਰ।
ਸਕਲ ਗੁਨਨ ਤੇ ਜਾਨਜੋ ਨੀਕਾ।
ਪਿਤ ਨੇ ਪਰਖ ਕੀਨ ਤਬਿ ਟੀਕਾ' ॥੪੦॥
ਅਗਲੇ ਦਿਵਸ ਸੰਗਤਾਂ ਆਈ।
ਰੀਤਿ ਅਨੇਕ ਉਪਾਇਨ ਲਜਾਈ।
ਸਭਿ ਬ੍ਰਿਤੰਤ ਸੁਨਿ ਨਿਰਨੇ ਕੀਨਿ।
ਸ੍ਰੀ ਅਰਜਨ ਕਉ ਸਤਿਗੁਰ ਚੀਨਿ ॥੪੧॥
ਬ੍ਰਿੰਦ ਅਕੋਰਨ ਅਰਪਿ ਅਗਾਰੀ।
ਸਭਿ ਸੰਗਤਿ ਨੇ ਬੰਦਨ ਧਾਰੀ।
ਮਨੋ ਕਾਮਨਾ ਪਾਵਨ ਕਰਿਹੀਂ।
-ਰਾਮਦਾਸ ਗੁਰ ਇਹੀ- ਨਿਹਰਿਹੀਂ ॥੪੨॥
ਹੇਰਿ ਹਜ਼ਾਰਨ ਧਨ ਕੋ* ਆਇਵ।
ਜਰਜੋ ਨ ਪ੍ਰਿਥੀਆ ਜਰਜੋ ਰਿਸਾਇਵ[4]।
ਰਹਜੋ ਉਪਾਇ ਕਰਤਿ ਬਹੁਤੇਰੇ।

---

[1]ਇਉਂ ਸੁਣਕੇ (ਪ੍ਰਿਥੀਏ ਨੇ।)
[2](ਸੰਗਤ ਦੇ ਲੋਕ) ਚੁਪ ਰਹੇ।
[3](ਗੁਰੂ ਅਰਜਨ ਦੇਵ ਜੀ ਦੇ) ਮਹਾਨ ਗੁਣਾਂ ਨੂੰ।
*ਪਾ:-ਜੋ।
[4]ਸਹਿ ਨ ਸਕਿਆ ਸੜ ਗਿਆ ਗੁੱਸੇ ਨਾਲ।

ਕੋ ਸਿਖ ਸੇਵਕ ਗਯੋ ਨ ਨੇਰੇ ॥੪੩॥
ਦਿਵਸ ਆਗਲੇ ਪੁਨ ਸਿਖ ਆਏ।
ਦੇਖਿ ਪ੍ਰਿਥਮ ਜਿਉਂ, ਤਿਨ ਅਰਪਾਏ।
ਦੂਰ ਦੂਰ ਕੀ ਸੰਗਤਿ ਆਵਹਿ।
ਸ਼੍ਰੀ ਅਰਜਨ ਕੋ ਸੀਸ ਨਿਵਾਵਹਿ ॥੪੪॥
ਕਿਤਿਕ ਦਿਵਸ ਦੇਖਤਿ ਦੁਖ ਹੋਵਤਿ।
ਅਪਨੋ ਮਹਾਂ ਅਨਾਦਰ ਜੋਵਤਿ।
-ਦੋਸ਼ ਮੋਹਰੀ ਆਦਿਕ ਕੇਰਾ।
ਬ੍ਰਿਧ ਆਦਿਕ ਸਿਖ ਕੇਰ ਘਨੇਰਾ- ॥੪੫॥
ਜਰਤਿ ਰਿਦੈ ਨਹਿਂ ਚਲਤਿ ਉਪਾਈ।
-ਮੋ ਢਿਗ ਭੇਟ ਏਕ ਨਹਿਂ ਆਈ।
ਸਿੱਖ ਸੰਗਤਿ ਕੋ ਇਹੁ ਭਰਮਾਵੈਂ।
ਸ਼੍ਰੀ ਅਰਜਨ ਕੋ ਕਹਿ ਪੁਜਵਾਵੈਂ ॥੪੬॥
ਮੁਝ ਆਛੋ ਨਹਿਂ ਇਹਾਂ ਬਸਾਵੌਂ।
ਜਾਉਂ ਸੁਧਾਸਰ ਬਿਖੈ ਪੁਜਾਵੌਂ-।
ਇਮ ਬਿਚਾਰਿ ਦੁਖ ਪਾਇ ਘਨੇਰਾ।
ਸ਼੍ਰੀ ਅੰਮ੍ਰਿਤਸਰ ਗਮਨਜੋ ਫੇਰਾ ॥੪੭॥
ਜਹਾਂਗੀਰ ਪਤਿਸ਼ਾਹ ਭਯੋ ਹੈ।
ਸੁਲਹੀ ਤਿਹ ਉਮਰਾਵ ਕਿਯੋ ਹੈ।
ਸੋ ਮਾਝੇ ਮਹਿਂ ਚਲਿ ਕਰਿ ਆਯੋ।
ਲਸ਼ਕਰ ਮਹਾਂ ਸੰਗ ਮਹਿਂ ਲਜਾਯੋ ॥੪੮॥
ਪ੍ਰਿਥੀਆ ਬਿਨ ਪੂਜਨ ਦੁਚਿਤਾਈ[1]।
ਸੁਲਹੀ ਆਵਨ ਕੀ ਸੁਧਿ ਪਾਈ।
ਬਡ ਸਮਾਜ ਕਰਿ ਮਿਲਜੋ ਸੁ ਤਾਂਹਿ।
ਵਸਤੁ ਅਮੋਲਕ ਦੈ ਕਰਿ ਵਾਹਿ[2] ॥੪੯॥
'ਸ਼੍ਰੀ ਨਾਨਕ ਗਾਦੀ ਪਰ ਹਮ ਹੈਂ।
ਸਕਲ ਮੁਲਖ ਕੇ ਮਾਲਿਕ ਤੁਮ ਹੈਂ।'
ਮੁਲਾਕਤ ਕੀਨਸਿ ਚਿਤ ਚਹਿ ਕੈ।
-ਬਨਹਿ ਸਹਾਇਕ ਕਬਿ- ਇਮ ਲਹਿ ਕੈ ॥੫੦॥
ਸੁਨਿ ਸੁਲਹੀ ਨੇ ਬਹੁ ਸਨਮਾਨਾ।

[1]ਪੂਜਾ ਦੀ ਆਪ੍ਰਾਪਤੀ ਦੀ ਚਿੰਤਾ ਵਿਚ।
[2]ਉਸ ਨੂੰ।

'ਸ੍ਰੀ ਨਾਨਕ ਜਗ ਪੀਰ ਮਹਾਂਨਾ।
ਨਿਜ ਮੁਰਾਦ ਹਮ ਤੁਮ ਤੇ ਪਾਵਹਿਂ।
ਕਰਹਿਂ ਬੰਦਗੀ ਸੇਵ ਰਿਝਾਵਹਿਂ' ॥੫੧॥
ਇਮਿ ਕਹਿ ਤਿਨ ਤੁਰੰਗ ਇਕ ਦੀਨਾ।
ਰਜਤ[1] ਸ਼ਿੰਗਾਰਤਿ ਸੁੰਦਰ ਜ਼ੀਨਾ।
ਅਪਰ ਦਰਬ ਅਰਪਯੋ ਕੁਛ ਆਗੇ।
ਹਿਤ ਕਰਿ ਮਿਲੇ ਅੰਗ ਸੰਗ ਲਾਗੇ ॥੫੨॥
ਪੁਨ ਪ੍ਰਿਥੀਏ ਨੇ ਕਹਿ ਮ੍ਰਿਦੁ ਬੋਲਾ।
ਸਿਰੇਪਾਉ ਦੀਨਸ ਬਹੁ ਮੋਲਾ।
ਕਹਿ ਕਰਿ ਕੀਨ ਸਥਾਪਨ[2] ਦੋਊ।
ਦੇਨ ਲੇਨ ਕਰਿ ਹਿਤ ਮੈਂ ਸੋਊ ॥੫੩॥
ਸੁਲਹੀ ਸੰਗ ਤੁਰਕ ਜੇ ਔਰ[3]।
ਜਿਨ ਸੋਂ ਪਰਚ ਰਹਤਿ ਸਭਿ ਠੌਰ।
ਹਿਤੂ, ਹੁਤੇ, ਤਿਨ ਕੋ ਤਿਸ ਕਾਲਾ।
ਸਿਰੇਪਾਉ ਅਰੁ ਦਰਬ ਬਿਸਾਲਾ ॥੫੪॥
ਦੇ ਕਰਿ ਪ੍ਰਿਥੀਏ ਨੇ ਅਪਨਾਏ[4]।
ਲੇ ਕਰਿ ਸਰਬ ਰਿਦੇ ਹਰਖਾਏ।
ਕਰਹਿਂ ਸਿਫਤ ਸੁਲਹੀ ਕੇ ਤੀਰ।
'ਪ੍ਰਿਥੀ ਚੰਦ ਆਛੋ ਗੁਰ ਪੀਰ' ॥੫੫॥
ਤੀਨ ਦਿਵਸ ਲਗ ਮਿਲਿਤੇ ਰਹੇ।
ਤਬਿ ਸੁਲਹੀ ਆਦਰ ਕਰਿ ਚਹੇ।
'ਜੋ ਤੁਵ ਕਾਰਜ ਹੋਇ ਸੁ ਕਰਹੂੰ[*]।
ਸੁਧਿ ਜਬਿ[+] ਦੇਉ ਸਦਾ ਅਨੁਸਰਿ ਹੂੰ[*] ॥੫੬॥
ਮਿੱਤ੍ਰ ਕਾਜ ਮੈ ਅਪਨੋ ਜਾਨੌਂ।
ਜਹਾਂਗੀਰ ਤੇ ਤੁਵ ਸਨਮਾਨੌਂ।'
ਕਹਿ ਪ੍ਰਿਥੀਆ 'ਬਖਸ਼ੇ ਗੁਰ ਪੀਰ।
ਤੁਮ ਪਰ ਮਮ ਬਿਸਵਾਸ ਗਹੀਰ ॥੫੭॥

---

[1]ਚਾਂਦੀ ਨਾਲ।
[2]ਮਿੱਤ੍ਰਤਾਈ।
[3]ਭਾਵ ਸੁਲਹੀ ਦੇ ਮੁਸਾਹਿਬ।
[4]ਆਪਣੇ ਕੀਤੇ।
[*]ਪਾ:-ਕਰਊਂ। ਅਨੁਸਰਊਂ।
[+]ਪਾ:-ਸ਼ੁਧ ਕਹਿ। ਮੁਝ ਕਹਿ।

ਸਭਿ ਕਾਰਜ ਕੇ ਲਾਇਕ ਆਪ।
ਅਪਰ ਨਹੀਂ ਮੁਝ ਕੋ ਸੰਤਾਪ।
ਅਰਜਨ ਅਨੁਜ ਲੀਨ ਅਧਿਕਾਰਾ।
ਅਰਪਹਿ ਧਨ ਸੰਗਤਿ ਤਿਸ ਸਾਰਾ ॥੫੮॥
ਤਿਹ ਕੇ ਸੰਗ ਬਾਦ ਹੈ ਮੇਰਾ।
ਹੋਇ ਪਰਹਿ ਕਬਹੂੰ ਬਡ ਝੇਰਾ[++]।
ਤਬਿ ਮੈਂ ਤੁਮਰੀ ਚਹਹੁਂ ਸਹਾਇ।
ਅਪਰ ਨਹੀਂ ਕੋ ਮੁਝ ਦੁਖਦਾਇ' ॥੫੯॥
ਸੁਲਹੀ ਕਹ੍ਯੋ 'ਨਚਿੰਤ ਰਹੀਜਹਿ।
ਜਿਮ ਤੁਮ ਚਹੋ ਤਥਾ ਕਹਿ ਦੀਜਹਿ।
ਪਰਹਿ ਕਾਜ ਕੁਛ ਤੇਰੋ ਆਇ।
ਸਰਬ ਸਵਾਰੌਂ ਮੈਂ ਬਲ ਲਾਇ' ॥੬੦॥
ਇਮਿ ਆਪਸ ਮਹਿਂ ਕਹਿ ਸੁਨਿ ਕਰਿ ਕੈ।
ਸੁਲਹੀ ਬਿਦਾ ਭਯੋ ਤਬਿ ਚਰਿ ਕੈ।
ਬਹੁ ਧਨ ਖਰਚ ਤੁਰਕ ਅਪਨਾਯੋ।
-ਨਹਿਂ ਮੋ ਸਮੁ ਕੋ- ਉਰ ਗਰਬਾਯੋ ॥੬੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪ੍ਰਿਥੀਆ ਸੁਲਹੀ ਮੇਲ ਕੋ ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

[++]ਪਾ:-ਹੋਇ ਸਰਹਿ ਕਬਹੂੰ ਬਡ ਝੇਰਾ।

੨੬. [ਸ਼੍ਰੀ ਗੁਰੂ ਅਰਜਨਦੇਵ ਜੀ ਅੰਮ੍ਰਿਤਸਰ ਪੁੱਜੇ। ਭਾਈ ਗੁਰਦਾਸ ਜੀ ਆਗਰਿਓਂ ਆਏ]

੨੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੭

ਦੋਹਰਾ: ਸ਼੍ਰੀ ਅਰਜਨ ਗੁਰਤਾ ਲਏ,
ਹੋਈ ਸ਼ਕਤਿ ਬਿਸਾਲ।
ਨੌ ਨਿਧਿ ਰਿਧਿ, ਸਿਧਿ ਅਸ਼ਟ ਦਸ**,
ਆਗੈ ਥਿਤਿ ਸਭਿ ਕਾਲ ॥੧॥
ਚੌਪਈ: ਤੀਨ ਲੋਕ ਮਹਿਂ ਅਸ ਨਹਿਂ ਕੋਈ।
ਚਹੈਂ ਸੁ ਕਰੈਂ ਹਟਾਵੈ ਜੋਈ।
ਇੰਦ੍ਰ ਸਮੇਤ ਦੇਵਤਾ ਸਾਰੇ।
ਰਹਹਿਂ ਸਦਾ ਆਇਸੁ ਅਨੁਸਾਰੇ ॥੨॥
ਜਿਸ ਕੋ ਚਹਹਿਂ ਨਰਕ ਮਹਿਂ ਪਾਵਹਿਂ।
ਨਰਕ ਬਿਖੈ ਤੇ ਸੁਰਗ ਪੁਚਾਵਹਿਂ।
ਮਹਾਰਾਜ ਪਦ ਬਖਸ਼ਹਿਂ ਰੰਕ[1]।
ਰੰਕ ਕਰਹਿਂ ਰਾਜਾ ਭ੍ਰਬੰਕ[2] ॥੩॥
ਕਹਹਿਂ ਬਚਨ ਜੀਵਤਿ ਕੋ ਮਾਰਹਿਂ।
ਮਰਤੇ ਕੌ ਤਤਕਾਲ ਉਬਾਰਹਿਂ।
ਰਿਸ ਪ੍ਰਸੰਨਤਾ ਸਫਲ ਬਿਸਾਲਾ।
ਨਾਸ਼ਨਿ ਬਖ਼ਸ਼ਨਿ ਹੈ ਤਤਕਾਲਾ ॥੪॥
ਇਮ ਸਮਰਥਤਾ ਕਹਾਂ ਛੁਪਾਈ।
ਅਨਿਕ ਹੇਤ ਤੇ ਹ੍ਵੈ ਬਿਦਤਾਈ।
ਸਿਖ ਸੇਵਕ ਪਰਖਹਿਂ ਬਹੁ ਭਾਂਤੀ।
ਸਭਿ ਘਟ ਘਟ ਕੀ ਜਾਨਹਿਂ ਬਾਤੀ ॥੫॥
ਅਜ਼ਮਤ ਜੁਤਿ ਸਿਖ ਕੇਤਿਕ ਅਹੈਂ।
ਗੁਰੂ ਸਰੂਪ ਰਿਦੈ ਸਭਿ ਲਹੈਂ।
ਕਰਹਿਂ ਬੰਦਨਾ ਸੇਵਹਿਂ ਪਾਸ।
ਖਰੇ ਹੋਇ ਬੋਲੈਂ ਅਰਦਾਸ ॥੬॥
ਰਾਮਦਾਸ ਗੁਰ ਸੁਨਹਿਂ ਚਲਾਨਾ।
ਸੰਗਤਿ ਆਇ ਭੇਟ ਲੇ ਨਾਨਾ।

**ਪਾ:-ਨੌ ਨਿਧ, ਸਿੱਧਾਂ ਅਸ਼ਟ ਦਸ।

[1]ਕੰਗਾਲ ਨੂੰ।

[2]ਭਰਵੱਟੇ ਦੇ ਟੇਢੇ ਕਰਨ ਨਾਲ ਭਾਵ ਇਸ਼ਾਰੇ ਮਾਤ੍ਰ ਨਾਲ ਰਾਜੇ ਨੂੰ ਰੰਕ ਕਰ ਸਕਦੇ ਹਨ।

ਦਰਸ਼ਨ ਕਰਹਿਂ ਭਾਵਨਾ ਪਾਵਹਿਂ।
ਗੁਨ ਗਨ ਗਾਵਤਿ ਸਦਨ ਸਿਧਾਵਹਿਂ ॥੭॥
ਦੇਸ਼ ਬਿਦੇਸ਼ਨ ਭੇ ਬੱਖਜਾਤ।
'ਗਾਦੀ ਪਰ ਬੈਠੇ ਲਘੁ ਤਾਤ।
ਸ਼੍ਰੀ ਨਾਨਕ ਕੀ ਜੋਤਿ ਬਿਲੰਦ।
ਮਹਿਦ ਬਿਰਾਜਤਿ ਅਰਜਨਚੰਦ' ॥੮॥
ਸ਼੍ਰੀ ਅੰਮ੍ਰਿਤਸਰ ਪ੍ਰਿਥੀਆ ਰਹਜੋ।
'ਮੈਂ ਗੁਰ ਬਨਜੋ' ਬਹੁਤ ਹੀ ਕਹਜੋ।
ਤਊ ਨ ਪੂਜਾ ਕੋਇ ਚਢਾਵਹਿ।
ਨਹੀਂ ਜਾਇ ਕਰਿ ਸੀਸ ਨਿਵਾਵਹਿ ॥੯॥
ਬਹੁਤ ਬਿਸੂਰਤਿ ਕਰਤਿ ਉਪਾਇ।
ਸੰਗਤ ਪਰ ਕੁਛ ਬਸ ਨ ਬਸਾਇ[1]।
ਸ਼੍ਰੀ ਅਰਜਨ ਜੀ ਗੋਇੰਦਵਾਲ।
ਕੇਤਿਕ ਮਾਸ ਬਸੇ ਸੁਖ ਨਾਲ ॥੧੦॥

ਸ਼੍ਰੀ ਗੁਰ ਰਾਮਦਾਸ ਗੁਰਦਾਸ।
ਪਠਜੋ[2] ਆਗਰੇ ਸੰਗਤਿ ਪਾਸ।
ਸੋ ਭੀ ਤਜਾਰ ਹੋਇ ਚਲਿ ਪਰਯੋ।
ਸੁਨਿ -ਪਰਲੋਕ ਪਿਆਨਾ ਕਰਿਯੋ[3]- ॥੧੧॥

ਗੁਰ[4] ਦੇ ਦਿਜਨ ਦਾਨ ਬਹੁਤੇਰਾ।
ਜਾਚਕ ਤ੍ਰਿਪਤ ਕਰੇ ਤਿਸ ਬੇਰਾ।
ਕਲਪ ਤਰੂ ਅਨੁਮਾਨਤਿ ਕੋਈ।
ਕੈ ਚਿੰਤਾਮਨਿ ਕੋ ਬਪੂ[5] ਹੋਈ ॥੧੨॥
ਗੋਇੰਦਵਾਲ ਨਿਕਟ ਜੇ ਗ੍ਰਾਮ।
ਸੁਨਿ ਜਾਚਕ ਆਏ ਤਜਿ ਧਾਮ।
ਮਨ ਬਾਂਛਤ ਸਭਿ ਲੇ ਕਰਿ ਗਮਨੇ।
ਸਰਬ ਕਰਤਿ ਜਸੁ ਨਿਜ ਨਿਜ ਭਵਨੇ ॥੧੩॥
ਹੇਤ ਪਿਤਾ ਬਹੁ ਦੀਨਸਿ ਦਾਨ।
ਕੀਰਤਿ ਪਸਰੀ ਬਿਦਤ ਜਹਾਨ।

---

[1]ਵੱਸ ਨਹੀਂ ਚਲਦਾ।
[2]ਭੇਜਿਆ ਹੋਇਆ ਸੀ।
[3](ਸ਼੍ਰੀ ਗੁਰੂ ਰਾਮਦਾਸ ਜੀ ਨੇ) ਪਰਲੋਕ ਜਾਣਾ ਕੀਤਾ ਸੁਣਕੇ।
[4]ਗੁਰੂ (ਅਰਜਨ ਦੇਵ ਜੀ) ਨੇ। ਭਾਵ ਅਧਿਕਾਰੀਆਂ ਨੂੰ ਦੇਣ ਤੋਂ ਹੈ।
[5]ਸਰੀਰ, ਸਰੂਪ।

ਪੁਨ ਸ਼੍ਰੀ ਅਰਜਨ ਰਿਦੇ ਬਿਚਾਰਾ।
ਪਿਤਾ ਨਗਰ ਬਸਿਬੇ ਹਿਤ ਧਾਰਾ[1] ॥੧੪॥
-ਨਾਨੇ ਕੋ ਇਸ ਥਲ ਪਰਵਾਰ।
ਬਸਹੁ ਸੁਖੀ ਨਿਤ ਬਧਹੁ ਉਦਾਰ।
ਬਸਿਬੋ ਇਹਾਂ ਅਜੋਗ ਹਮਾਰੋ।
ਸੰਗਤਿ ਦਿਨਪ੍ਰਤਿ ਆਇ ਹਜ਼ਾਰੋਂ ॥੧੫॥
ਖੇਦ ਹੋਤਿ ਸਭਿ ਹੀ ਬਿਧਿ-, ਜਾਨਜੋ।
ਚਲਨ ਸੁਧਾਸਰ ਕੋ ਹਿਤ ਠਾਨਜੋ।
ਮੋਹਨ ਅਪਰ ਮੋਹਰੀ ਸਾਥ।
ਨਮੋ ਠਾਨਿ ਸ਼੍ਰੀ ਅਰਜਨ ਨਾਥ ॥੧੬॥
ਕਹਜੋ 'ਪਿਤਾ ਕੀ ਆਇਸੁ ਮੋਹਿ।
ਕਾਰ ਸੁਧਾਸਰ ਕਰਿਬੇ ਜੋਹਿ।
ਤਹਾਂ ਪਹੁੰਚਿ ਹਮ ਚਹਤਿ ਕਰਾਈ।'
ਇਮ ਕਹਿ ਮਾਤੁਲੁ[2] ਆਗਜਾ ਪਾਈ ॥੧੭॥
ਤਜਾਰੀ ਕਰੀ ਸਗਲ ਸੰਗ ਮਿਲੇ।
ਚਢਿ ਵਾਹਨਿ ਪਰ ਮਾਰਗ ਚਲੇ।
ਨਿਸ ਇਕ ਬਸਿ ਕੈ ਪੰਥ ਮਝਾਰਾ।
ਪਹੁੰਚਤਿ ਭੇ ਸਤਿਗੁਰੂ ਉਦਾਰਾ ॥੧੮॥
ਪਿਤਾ ਸਥਾਨ ਮਾਥ ਕੋ ਟੇਕਾ।
ਨਿਜ ਗ੍ਰਿਹ ਪ੍ਰਵਿਸ਼ੇ ਜਲਧਿ ਬਿਬੇਕਾ।
ਬਸਨ ਲਗੇ ਸ਼੍ਰੀ ਅੰਮ੍ਰਿਤਸਰ ਮੈਂ।
ਸਿਮਰਹਿਂ ਸਤਿਗੁਰ ਆਗਜਾ ਉਰ ਮੈਂ ॥੧੯॥
ਸੰਗਤਿ ਸਕਲ ਆਇ ਕਰਿ ਪਾਸ।
ਅਰਪਹਿ ਭੇਟ ਕਰਹਿ ਅਰਦਾਸ।
ਨਗਰ ਆਗਰੇ ਤੇ ਕਰਿ ਬਾਸ।
ਸੰਗਤਿ ਬ੍ਰਿੰਦ ਸੰਗ ਗੁਰਦਾਸ ॥੨੦॥
ਗੁਰ ਦਰਸ਼ਨ ਕੇ ਕਾਰਨ ਆਵਤਿ।
ਪ੍ਰੇਮ ਸਹਤ ਸ਼ਬਦਨਿ ਕੋ ਗਾਵਤਿ।
ਸੰਗਤ ਮਿਲਹਿ ਕੀਰਤਨ ਕਰੇ।
ਸ਼੍ਰਮਤ ਹੋਇ ਟਿਕ ਹੈਂ ਨਿਸ ਪਰੇ ॥੨੧॥

---

[1]ਭਾਵ ਪਿਤਾ ਜੀ ਦੇ ਨਗਰ (ਰਾਮਦਾਸ ਪੁਰੇ) ਵਿਚ ਵੱਸਣੇ ਨੂੰ ਜੀ ਕੀਤਾ।
[2]ਮਾਮੇ ਦੀ।

ਪ੍ਰਿਥਮ ਜਾਮ ਅਰੁ ਪਾਛਲ ਜਾਮੂ।
ਗਾਵਤਿ ਸੰਗਤਿ ਕੀਰਤਿ ਨਾਮੂ[੧]।
ਪੰਥ ਚਲਤਿ ਮਿਲਿ ਕਿਰਤਨ ਕਰੈਂ।
ਸਤਿਗੁਰ ਪ੍ਰੇਮ ਮਹਾਂ ਉਰ ਧਰੈਂ ॥੨੨॥
ਇਮ ਦਿਨ ਪ੍ਰਤਿ ਸੰਗਤ ਚਲਿ[*] ਆਵਤਿ।
ਮੁਖਿ ਗੁਰਦਾਸ ਸਭਿਨਿ ਹਰਖਾਵਤ।
ਤੀਰ ਬਿਪਾਸਾ ਕੇ ਤਬਿ ਆਏ।
ਜਲ ਗੰਭੀਰ ਥਾਹ ਨਹਿਂ ਪਾਏ ॥੨੩॥
ਨਿਕਟ ਤਰੀ[੨] ਨਹਿਂ, ਉਤਰਹਿਂ ਪਾਰ।
ਠਾਂਢੇ ਹੇਰਹਿਂ ਨਦੀ ਕਿਨਾਰ।
-ਬਸਹਿਂ ਜਾਮਨੀ ਜੇ ਇਸ ਥਾਨ।
ਆਵਹਿਂ ਨੌਕਾ ਪ੍ਰਾਤੀ ਜਾਨ ॥੨੪॥
ਸਕਲ ਵਸਤੁ ਤੇ ਰਹਿ ਔਖਾਈ।
ਸੰਗਤਿ ਸਗਰੀ ਸ਼੍ਰਮ ਕੋ ਪਾਈ-।
ਏਵ ਬਿਚਾਰਤਿ ਉਰ ਗੁਰਦਾਸ।
ਇਕ ਸਿਖ ਪਠਤਿ ਹੁਤੋ ਥਿਤ ਪਾਸ ॥੨੫॥

ਸ੍ਰੀ ਮੁਖਵਾਕ:
ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥

ਚੌਪਈ: ਸੁਨਿ ਗੁਰਦਾਸ ਬਿਚਾਰਤਿ ਰਿਦੈ।
-ਗੁਰ ਸਮੁਝਾਇ ਨ ਡੂਬਹਿ ਕਦੈ।
ਸ਼ਬਦ ਆਸਰੇ ਹੋਵਹੁ ਪਾਰ-।
ਇਮ ਨਿਸ਼ਚਾ ਸਤਿਗੁਰ ਕੋ ਧਾਰਿ ॥੨੬॥
ਸਭਿ ਸੰਗਤ ਕੋ ਕਹਾ ਬੁਝਾਈ।
'ਹਮ ਹੈਂ ਮੁਗਧ ਬੂਝ ਨਹਿਂ ਪਾਈ।
ਭਵਜਲ ਗੁਰ ਕੋ ਸ਼ਬਦ ਉਧਾਰੈ।
ਇਹ ਬਪੁਰੀ ਕਜਾ ਨਦੀ ਨ ਤਾਰੈ? ॥੨੭॥
ਧਰਿ ਸ਼ਰਧਾ ਗੁਰ ਕੋ ਬਚੁ ਮਾਨੋ।
ਉਤਰਹੁ ਪਾਰ ਬਿਲਮੁ ਨਹਿਂ ਠਾਨੋ।'
'ਸੱਤਿਨਾਮ' ਗੁਰਦਾਸ ਉਚਾਰਾ।

---
[1]ਨਾਮ ਦੀ ਕੀਰਤੀ। ।
[*]ਪਾ:-ਮਿਲ। ਨਿਤ
[2]ਬੇੜੀ।

ਪ੍ਰਥਮ ਪ੍ਰਵੇਸ਼ਜੋ ਨਦੀ ਮਝਾਰਾ ॥੨੮॥
ਜਾਨੂ ਲਗ[1] ਜਲ ਭਾ ਸਲਿਤਾ ਕੋ।
ਸੰਗਤਿ ਸਗਲ ਦੇਖਿ ਕਰਿ ਤਾਂ ਕੋ।
'ਸੱਤਿਨਾਮ' ਕੋ ਉਚਰਜੋ ਆਛੇ।
ਗਮਨ ਕੀਨ ਗੁਰਦਾਸਹਿਂ ਪਾਛੇ ॥੨੯॥
ਕਟ ਲਗ[2] ਜਲ ਕਿਸ ਕੇ ਨਹਿਂ ਆਯੋ।
ਸੰਗਤਿ ਸਕਲ ਪਾਰ ਉਤਰਾਯੋ।
ਗੁਰ ਕੌ ਸ਼ਬਦ ਕਰਜੋ ਬਡ ਬੇਰਾ[3]।
ਭਏ ਪਾਰ ਸਗਰੇ ਬਿਨ ਬੇਰਾ[4] ॥੩੦॥
ਸਭਿ ਕੇ ਅਤਿ ਨਿਸ਼ਚਾ ਉਰ ਭਯੋ।
ਸ਼ਬਦ ਆਸਰਾ ਦ੍ਰਿਢ ਮਨ ਕਯੋ।
ਗੋਇੰਦਵਾਲ ਪੁਰੀ ਮਹਿਂ ਆਏ।
ਸਿਸ ਸ਼੍ਰੀ ਅਮਰ ਅੰਸ ਸਮੁਦਾਏ[5] ॥੩੧॥
ਖੇਲਤਿ ਮਿਲੇ ਪਰਸਪਰ ਸੋਊ।
ਬਾਲਿਕ ਖੇਲ ਹੋਤਿ ਹੈ ਜੋਊ।
ਕਿਸੀ ਬਾਤ ਪਰ ਬਾਕ ਅਲਾਵੈਂ।
'ਹੁਇ ਹੈ ਇਮ ਜੇ ਸਤਿਗੁਰ ਭਾਵੈ' ॥੩੨॥
ਸੁਨਿ ਕੈ ਮਨ ਗੁਰਦਾਸੁ ਬਿਚਾਰਾ।
ਗੁਰ ਭਾਣਾ ਉਰ ਇਨ ਨੇ ਧਾਰਾ।
ਯਾਂ ਤੇ ਇਹ ਬਾਲਕ ਗੁਰ ਰੂਪ।
ਬੋਲਤਿ ਨਿਸ਼ਚੈ ਬਾਕ ਅਨੂਪ- ॥੩੩॥
ਦ੍ਵੈ ਕਰ ਬੰਦਿ ਬੰਦਨਾ ਠਾਨੀ।
'ਧੰਨ ਧੰਨ ਇਨ ਗੁਰਮਤਿ ਜਾਨੀ।'
ਕੀਨਸਿ ਨਿਸ ਬਿੱਸ੍ਰਾਮ ਸੁ ਨਗਰੀ।
ਸਿਮਰਿ ਸਤਿਗੁਰੂ ਸੰਗਤਿ ਸਗਰੀ ॥੩੪॥
ਪ੍ਰਾਤਿ ਉਠੇ ਬਾਪੀ ਇਸ਼ਨਾਨੇ।
ਅਮਰ ਅੰਸ ਕੋ[6] ਬੰਦਨ ਠਾਨੇ।

---

[1]ਗੋਡੇ ਤੱਕ।
[2]ਲੱਕ ਤੱਕ।
[3]ਵੱਡਾ ਬੇੜਾ, ਭਾਵ ਜਹਾਜ਼।
[4]ਦੇਰੀ ਦੇ ਬਿਨਾਂ।
[5]ਸ਼੍ਰੀ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਬਾਲਕੇ।
[6]ਬਾਬੇ ਮੋਹਨ ਤੇ ਮੋਹਰੀ ਜੀ ਨੂੰ।

ਸੁਨੀ ਕੁਮਤਿ ਪ੍ਰਿਥੀਏ ਕੀ ਕਾਨ।
ਕੀਨਿ ਸੁਧਾਸਰ ਕੋ ਪ੍ਰਸਥਾਨ ॥੩੫॥
ਇਕ ਨਿਸ ਬਸਿ ਪਹੁੰਚੇ ਤਹਿਂ ਜਾਈ।
ਤਬਿ ਗੁਰਦਾਸੁ ਰਿਦੈ ਠਹਿਰਾਈ।
-ਨਿਸ਼ਚੈ ਸ੍ਰੀ ਅਰਜਨ ਗੁਰ ਭਯੋ।
ਤਊ ਮਨੋਰਥ ਐਸੇ ਕਯੋ ॥੩੬॥
ਗੁਰ ਭਾਨਾ ਜਾਨਜੋ ਜਿਨ ਬਾਲਿਕ।
ਮੈਂ ਤਿਨ ਕੋ ਬੰਦਜੋ ਤਤਕਾਲਕ।
ਬਿਨਾ ਭਨੇ ਇਹੁ ਸਕਲ ਪ੍ਰਸੰਗ।
ਜੇ ਕਰਿ ਬੂਝਹਿੰਗੇ ਮੁਝ ਸੰਗ ॥੩੭॥
ਤੌਂ ਜਾਨਹੁਂ ਮੈਂ ਗੁਰ ਇਹੁ ਭਏ।
ਸ੍ਰੀ ਨਾਨਕ ਪੰਚਮੁ ਤਨ ਲਏ-।
ਏਵ ਮਨੋਰਥ ਕਰਿ ਉਰ ਮਾਂਹੀ।
ਡੇਰਾ ਕੀਨ ਸੁਧਾਸਰ ਪਾਹੀ ॥੩੮॥
ਨਿਸ ਬਤਾਇ ਕੀਨਸਿ ਇਸ਼ਨਾਨਾ।
ਸਭਿ ਸੰਗਤਿ ਲੇ ਵਸਤੂ ਨਾਨਾ।
ਸ੍ਰੀ ਅਰਜਨ ਸੋਹਤਿ ਜਿਸ ਥਾਇਂ।
ਜਾਇ ਸਭਿਨਿ ਬੰਦੇ ਤਿਨ ਪਾਇ ॥੩੯॥
ਅਰਪੀ ਪੁੰਜ ਅਕੋਰ ਅਗਾਰੀ[1]।
ਦਰਸ਼ਨ ਤੇ ਪ੍ਰਾਪਤਿ ਸੁਖ ਭਾਰੀ।
ਪ੍ਰੇਮਾਨੰਦ ਰਿਦੇ ਭਰਿ ਆਏ।
ਗੁਰ ਰਵਿ ਪਿਖਿ ਦ੍ਰਿਗ ਕੰਜ[2] ਖਿਰਾਏ ॥੪੦॥
ਗੁਰਮੁਖ ਸਸਿ, ਚਕੋਰ ਚਖ ਕਰੇ[3]।
ਇਕ ਟਕ ਅਵਲੋਕਤਿ ਸਭਿ ਖਰੇ।
ਗੁਰ ਕ੍ਰਿਪਾਲ ਲਖਿ ਪ੍ਰੇਮੁ ਬਿਸਾਲਾ।
ਖੁਸ਼ੀ ਕਰੀ ਸਭਿ ਪਰ ਤਿਸ ਕਾਲਾ ॥੪੧॥
ਆਇਸੁ ਦੇ ਕਰਿ ਸਭਿ ਬੈਠਾਏ।
ਮਨ ਬਾਂਛਤ ਸੰਗਤਿ ਬਰੁ ਪਾਏ।
ਸਹਿਜ ਸੁਭਾਇਕ ਬਾਕ ਬਿਲਾਸ।

---
[1]ਸਾਰੀ ਭੇਟ।
[2]ਨੇਤਰ ਰੂਪੀ ਕਵਲ।
[3]ਗੁਰਾਂ ਦਾ ਮੁਖ ਚੰਦ੍ਰਮਾਂ ਤੇ ਨੇਤ੍ਰ ਚਕੋਰ ਵਾਂਙ ਕਰਕੇ।

ਬੂਝਜੋ ਗੁਰ 'ਸਚ ਕਹੁ ਗੁਰਦਾਸ!' ॥੪੨॥
ਬਾਲਿਕ ਬ੍ਰਿੰਦ ਖੇਲਤੇ ਜਹਾਂ।
ਤੈਂ ਆਵਤਿ ਦੇਖੇ ਜਬਿ ਤਹਾਂ।
ਸਭਿ ਕੋ ਤਬਿ ਪ੍ਰਨਾਮ ਜੋ ਕਰਜੋ।
ਕੌਨ ਗਜਾਨ ਮਨ ਮੈਂ ਸ਼ੁਭ ਧਰਜੋ?' ॥੪੩॥
ਸੁਨਤਿ ਪ੍ਰਸੰਨ ਭਯੋ ਗੁਰਦਾਸ।
ਬਹੁਤ ਭਾਂਤਿ ਕੀ ਸਤੁਤਿ ਪ੍ਰਕਾਸ਼।
'ਗੁਰ ਚਾਰਨ ਮਹਿਂ[1] ਜੋਤਿ ਬਿਸਾਲਾ।
ਸੋ ਅਬਿ ਰਾਵਰਿ ਬਿਖੈ ਕ੍ਰਿਪਾਲਾ! ॥੪੪॥
ਸ੍ਵਾਮੀ ਸਰਬ ਘਟਨ ਕੇ ਮਾਲਕ।
ਕਜਾ ਮੈਂ ਕਹੋਂ ਬ੍ਰਿਤਾਂਤ ਸੁ ਬਾਲਿਕ।
ਆਪਸ ਮਹਿਂ ਬੋਲਤਿ ਇਸ ਭਾਇ।
-ਗੁਰ ਭਾਵੈ ਤੌ ਇਮੁ ਹੁਇ ਜਾਇ- ॥੪੫॥
ਸੁਨਿ ਤਿਨ ਤੇ ਮੈਂ ਰਿਦੈ ਬਿਚਾਰਾ।
-ਗੁਰ ਭਾਣਾ ਇਨ ਮਨ ਮਹੁਂ ਧਾਰਾ।
ਇਹੀ ਸੰਤ ਗੁਰ ਮੁਖ ਗੁਰ ਰੂਪ-।
ਪਰਜੋ ਚਰਨ ਮਹਿਂ ਜਾਨਿ ਅਨੂਪ' ॥੪੬॥
ਪੁਨ ਸ਼੍ਰੀ ਅਰਜਨ ਭਏ ਪ੍ਰਸੰਨ।
'ਧੰਨ ਗੁਰਦਾਸ ਸਿੱਖ ਤੂੰ ਧੰਨ।
ਗੁਰਮਤਿ ਗੁਰ ਕਰੁਨਾ ਤੇ ਪ੍ਰਾਪਤਿ।
ਪ੍ਰੇਮ ਸਹਤ ਮੇਰੋ ਜਪੁ ਜਾਪਤਿ ॥੪੭॥
ਕਰਿ ਨਿਸ਼ਚਾ ਗੁਰ ਸ਼ਬਦ ਘਨੇਰਾ।
ਨਦੀ ਪਾਰ ਪ੍ਰਾਪਤਿ ਬਿਨ ਬੇਰਾ[2]।
ਕਰਨ ਕਰਾਵਨ ਜਾਨਹਿ ਮੋਹਿ।
ਤਿਸ ਕੋ ਬਿਘਨ ਕਹੋ ਕਿਮ ਹੋਹਿ ॥੪੮॥
ਤੁਮ ਅਭੇਦ ਕਰਿ ਮੋ ਕਹੁ ਜਾਨਜੋ।
ਸ਼ਰਧਾ ਤੇ ਨਿਸ਼ਚਾ ਦ੍ਰਿੜ ਠਾਨਜੋ।
ਰਹੁ ਹਮ ਪਾਸ ਸਦਾ ਮਮ ਪਜਾਰੇ!
ਬਡੇ ਭਾਗ ਅਬਿ ਉਦੇ ਤਿਹਾਰੇ ॥੪੯॥
ਪਠਨ ਲਿਖਨਿ ਕੀ ਕਾਰ ਸੰਭਾਰਹੁ।

---
[1](ਪਿਛਲੇ) ਚਹੁੰਆਂ ਗੁਰਾਂ ਵਿਚ।
[2]ਬਿਨਾਂ ਨੌਕਾ ਤੋਂ।

ਗੁਰ ਘਰ ਕੀ ਸੇਵਾ ਹਿਤ ਧਾਰਹੁ।
ਸੰਗਤ ਮਹਿਂ ਮਸੰਦ ਹੁਇਂ ਔਰ।
ਤੁਮ ਨਿਤ ਰਹਹੁ ਹਮਾਰੀ ਠੌਰ' ॥੫੦॥
ਸੁਨਿ ਗੁਰਦਾਸ ਬੰਦਨਾ ਕੀਨਿ।
'ਜਿਉਂ ਆਗਜ਼ਾ ਤਿਉਂ ਕਰੌਂ ਪ੍ਰਬੀਨ!
ਅਬਿ ਤੁਮ ਮੋ ਕਹੁ ਆਗਜ਼ਾ ਦੀਜੈ।
ਗੋਇੰਦਵਾਲ ਹੋਇ ਆਵੀਜੈ[1]' ॥੫੧॥
ਸੁਨਿ ਕੈ ਸਤਿਗੁਰ ਭਏ ਦਯਾਲੂ।
'ਜਾਵਉ, ਫਿਰ ਆਵਉ ਤਤਕਾਲੂ[*]।'
ਐਸੇ ਸੁਨਤਿ ਗਯੋ ਤਤਕਾਲ।
ਰਹਯੋ ਸਮਾ ਤਿਹ ਠਾਂ ਕੁਛ ਕਾਲ[+] ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਗੁਰਦਾਸ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

---

[1]ਹੋਇ ਆਵਾਂ।
[*]ਪਾ:-ਵੰਞ ਗੁਰਦਾਸ ਆਉ ਤਤਕਾਲੂ।
[+]ਪਾ:-ਤਿਹਂ ਬਹੁਤ ਬਿਸਾਲ।

੨੭. [ਗੁਰਦਾਸ ਜੀ ਗੋਇੰਦਵਾਲੋਂ ਹੋ ਕੇ ਸੁਧਾਸਰ ਆਏ। ਛੋਲਿਆਂ ਦੀ ਰੋਟੀ ਮਿਲੀ]

੨੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੮

ਦੋਹਰਾ: ਇਕ ਦਿਨ ਗੋਇੰਦਵਾਲ ਤੇ, ਭੱਲੇ ਕੁਲ ਗੁਰਦਾਸ।
ਚਲ੍ਯੋ ਹੇਤ ਦਰਸ਼ਨ ਗੁਰੂ, ਉਰ ਮਹਿਂ ਧਰੇ ਹੁਲਾਸ ॥੧॥

ਚੌਪਈ: -ਸ਼੍ਰੀ ਗੁਰ ਰਾਮਦਾਸ ਕੇ ਨੰਦੁ।
ਅਹੈ ਤੀਨ, ਬਡ ਪ੍ਰਿਥੀਆ ਚੰਦੁ।
ਮਹਾਂਦੇਵ ਮੱਧਮ[1] ਸੁਤ ਵਹੈ।
ਦੁਹਨ ਅਨੁਜ[2] ਸ਼੍ਰੀ ਅਰਜਨ ਅਹੈਂ ॥੨॥
ਕਿਸ ਬਿਧਿ ਬਰਤੈਂ ਆਪਸ ਮਾਂਹੀ।
ਪ੍ਰਿਥਮ ਦ੍ਵੈਸ਼ ਸਮ, ਕੈ ਅਬਿ ਨਾਂਹੀ[3]।
ਜਬਿ ਕੇ ਬੈਠੇ ਗੁਰਤਾ ਗਾਦੀ।
ਨਹਿਂ ਮੈਂ ਕੀਨਹੁਂ ਕੁਛ ਸੰਬਾਦੀ[4] ॥੩॥
ਕੈਸੇ ਅਬਿ ਨਿਬਹੈ ਬਿਵਹਾਰ।
ਭਈ ਨਵੀਨ ਜਿਨਹੁਂ ਕੀ ਕਾਰ।
ਪ੍ਰਿਥਮ ਇਕੱਤ੍ਰ ਹੁਤੋ ਪਰਵਾਰੁ।
ਅਬਿ ਭੇ ਪ੍ਰਿਥਕ ਭ੍ਰਾਤ ਰਿਸ ਧਾਰੁ- ॥੪॥
ਇੱਤ੍ਯਾਦਿਕ ਗਿਨਤੀ ਕਰਿ ਚਲਿਯੋ।
ਰਾਮਦਾਸ ਪੁਰਿ ਆਇ ਸੁ ਮਿਲਿਯੋ।
ਪੂਰਬ ਸ਼੍ਰੀ ਅਰਜਨ ਢਿਗੁ ਆਯੋ।
ਜਾਨਿ ਗੁਰੂ ਪਦ ਸੀਸ ਨਿਵਾਯੋ ॥੫॥
ਬੈਠ੍ਯੋ ਨਿਕਟ ਕੁਸ਼ਲ ਸ਼ੁਭ ਪੂਛਾ।
ਕਹ੍ਯੋ ਦੁਹਨ ਦ੍ਰਿਸ਼ ਤੇ ਹਿਤ ਸੂਛਾ[5]।
'ਸ਼੍ਰੀ ਗੁਰ ਅਮਰਦਾਸ ਪਰਵਾਰੂ।
ਕੁਸ਼ਲ ਸਹਤ ਸਭਿ' ਕੀਨ ਉਚਾਰੂ ॥੬॥
'ਮੋਹਨ ਦੁਤਿਯ ਮੋਹਰੀ ਚੰਦ।
ਸੰਸਰਾਮ ਤਿਨ ਪੁੱਤ੍ਰ ਅਨੰਦ।
ਪਤਨੀ ਸਹਤ ਰਹਤਿ ਹਰਖਾਏ।
ਕੁਸ਼ਲ ਤੁਮਾਰੀ ਚਹਿਂ ਸਮੁਦਾਏ' ॥੭॥

---

[1]ਵਿਚਕਾਰਲਾ।
[2]ਦੁਹਾਂ ਤੋਂ ਛੋਟੇ।
[3]ਪ੍ਰਿਥਮ ਸਮ ਦ੍ਵੈਸ਼ ਹੈ ਕਿ ਹੁਣ ਨਹੀਂ।
[4]ਗੱਲ ਬਾਤ।
[5]ਪਵਿੱਤ੍ਰ।

ਬੈਠਜੋ ਕਿਤਿਕ ਕਾਲ ਜਬਿ ਬੀਤਾ।
ਕਰਤਿ ਬਾਰਤਾ ਕੋ ਇਸੁ ਰੀਤਾ।
ਤਿਸ ਹੀ ਥਲ ਭੋਜਨ ਲੈ ਆਏ।
ਜਹਿਂ ਸ਼੍ਰੀ ਅਰਜਨ ਨਰ ਸਮੁਦਾਏ ॥੮॥
ਦੁਇ ਦੁਇ ਚਨਕ ਰੋਟਿਕਾ[੧] ਦੀਨਸਿ।
ਬਰਤਤਿ ਗੁਰੂ ਦਾਸ[੨] ਸੋ ਲੀਨਸਿ।
ਅਪਰ ਨ ਕੁਛ ਭਾ ਖੈਬੇ ਕਾਰਨ[੩]।
ਖਾਇ ਸੁ ਕੀਨਸ ਬਾਕ ਉਚਾਰਨ ॥੯॥
ਦੋਹਰਾ: 'ਸੰਸਾਰੀ ਸਨਬੰਧ ਕੋ, ਜੇ ਕਰਿ ਕਰੋ ਬਿਚਾਰ।
ਬਡੇ ਥਾਨ ਤੁਮ ਤੇ ਅਹੌਂ, -ਮਾਤੁਲ[੪]- ਕਰਹੁ ਉਚਾਰ ॥੧੦॥
ਦੁਤਿਯ ਸਬੰਧ ਸੁਨੀਜੀਏ, ਜਬਿ ਕੀ ਗਾਦੀ ਲੀਨ।
ਭਏ ਪ੍ਰਮੇਸ਼ੁਰ ਰੂਪ ਤੁਮ, ਸਭਿ ਜਗੁ ਗੁਰੂ ਪ੍ਰਬੀਨ ॥੧੧॥
ਚੌਪਈ: ਇਸੁ ਬਿਧ ਮੈਂ ਹੋਂ ਸਿੱਖਯ ਤੁਮਾਰੋ।
ਬੰਦਨੀਯ ਸਭਿ ਕੇ ਹਿਤ ਧਾਰੋ।
ਚਿਰੰਕਾਲ ਬੀਤੇ ਮੈਂ ਅਯੋ।
ਪੂਰਬ ਹੀ ਮਿਲਿਬੋ ਇਹੁ ਭਯੋ ॥੧੨॥
ਭਗਨੀ ਸੁਤ[੫] ਅਰੁ ਗੁਰੂ ਉਦਾਰਾ।
ਮੈਂ ਮਾਤੁਲ ਅਰੁ ਸਿੱਖਯ ਤੁਮਾਰਾ।
ਕਾਰਨ ਇਤੇ ਹੁਤੇ ਮਨ ਚੀਨੋ।
ਤਊ ਨ ਸਾਦਰ[੬] ਭੋਜਨ ਦੀਨੋ' ॥੧੩॥
ਸ਼੍ਰੀ ਅਰਜਨ ਸੁਨਿ ਕੈ ਮੁਸਕਾਏ।
ਕਹਜੋ ਕਿ 'ਪਰਾਰਬਧ ਜਸੁ ਖਾਏ।
ਤੋਰ ਹਦੂਰ ਸਭਿਨਿ ਇਹ ਲਯੋ।
ਕਿਸੂ ਨ ਛਪਿ ਕੈ ਭੋਜਨ ਕਯੋ ॥੧੪॥
ਜੇ ਕਰਿ ਚਹਤਿ ਅਧਿਕ ਪਹੁਨਾਈ[੭]।
ਅੰਤਰ ਸਥਿਤ ਪਠਾਵਤਿ ਮਾਈ।

1ਛੋਲਿਆਂ ਦੀਆਂ ਰੋਟੀਆਂ।
2ਭਾਈ ਗੁਰਦਾਸ।
3ਖਾਣ ਵਾਸਤੇ।
4ਮਾਮਾ।
5ਭੈਣ ਜੀ ਦੇ ਪੁੱਤ੍ਰ।
6ਆਦਰ ਨਾਲ।
7ਪ੍ਰਾਹੁਣਚਾਰੀ।

ਨਿਜ ਕਰ ਦੇਗ ਸਕਲ ਵਰਤਾਵਹਿ।
ਪਾਹੁਨ ਹਿਤ ਸੋ ਅਸਨ ਪੁਚਾਵਹਿ ॥੧੫॥
ਹਮਰੀ ਮਾਤਾ ਭਗਨਿ ਤੁਮਾਰੀ।
ਮਿਲਹੁ ਜਾਇ ਕਰਿ ਕਰਹੁ ਉਚਾਰੀ।'
ਇਮ ਸੁਨਿ ਸ਼੍ਰੀ ਅਰਜਨ ਕੇ ਪਾਸ।
ਹਾਥ ਪਖਾਰੇ ਤਬਿ ਗੁਰਦਾਸ ॥੧੬॥
ਚੁਰਾ ਕਰਯੋ[1] ਉਠਿ ਅੰਤਰ ਗਯੋ।
ਦੇਖੀ ਸੁਸਾ[2] ਪ੍ਰਣਾਮ ਸੁਕਯੋ।
ਬੈਠੀ ਭਾਨੀ ਦੇਗ ਸਥਾਨਾ।
'ਆਵਹੁ ਭ੍ਰਾਤਾ! ਥਿਰਹੁ' ਬਖਾਨਾ ॥੧੭॥
'ਮੋਹਨ ਅਪਰ ਮੋਹਰੀ ਜੋਈ।
ਸਹਤ ਕੁਟੰਬ ਕੁਸ਼ਲ ਹੈਂ ਦੋਈ?
ਤੁਮ ਚਿਰ ਮਹਿਂ ਚਲਿ ਕਰਿ ਇਤ ਆਏ।
ਸੁਧਿ ਨਹਿਂ ਲਈ ਨ ਅਪਨਿ ਸੁਨਾਏ ॥੧੮॥
ਸ਼੍ਰੀ ਅਰਜਨ ਪਿਤ ਬੈਕੁੰਠ ਬਾਸੇ।
ਤਬਿ ਕੇ ਹਮ ਇਸ ਪੁਰੀ ਨਿਵਾਸੇ।
ਨਿਤਾਪ੍ਰਤੀ ਮਿਲਿਬੋ ਜਿਨ ਕੇਰਾ।
ਹੋਤਿ ਅਨੰਦ ਸਦੀਵ ਬਡੇਰਾ ॥੧੯॥
ਅਬਿ ਕਬਿ ਕਬਿ ਤਿਨ ਕੀ ਸੁਧ ਹੋਇ।
ਈਸ਼ੁਰ ਰਚੀ ਹੋਤਿ ਹੈ ਸੋਇ।'
ਸੁਨਿ ਕੈ 'ਕੁਸ਼ਲ' ਕਹੀ ਗੁਰਦਾਸ।
'ਸਭਿ ਅਨੰਦ ਜੁਤਿ ਅਪਨ ਅਵਾਸ ॥੨੦॥
ਮੋਹਿ ਮਿਲੇ ਕੋ ਭਾ ਚਿਰਕਾਲ।
ਸ਼੍ਰੀ ਗੁਰ ਪੀਛੇ ਜਿਮ ਅਹਿਵਾਲ।
ਹੇਰਨ ਹੇਤ ਆਵਨੋ ਭਯੋ।
ਮਿਲਯੋ ਆਇ ਕਰਿ ਉਰ ਬਿਸਮਯੋ ॥੨੧॥
ਭੱਲਜਨ ਕੀ ਕੁਲ ਮਹਿਂ ਉਪਜਾਈ।
ਯਾਂ ਤੇ ਹਮਰੀ ਭਗਨ ਲਗਾਈ[3]।
ਸ਼੍ਰੀ ਗੁਰ ਰਾਮਦਾਸ ਸੰਗਿ ਨਾਤਾ।

---
[1]ਚੁਲਾ ਕੀਤਾ।
[2]ਭੈਣ।
[3]ਭੈਣ ਲਗਦੇ ਹੋ।

ਬਜਾਹੀ ਤੇ ਹੋਈ ਜਗ ਮਾਤਾ ॥੨੨॥
ਮਾਨਨੀਯ ਹਮ ਕੋ ਸਭਿ ਭਾਂਤੀ।
ਬਡਿ ਭਾਗਨ ਜਗ ਮਹਿਂ ਬੱਖਜਾਤੀ।
ਪਾਹੁਨਚਾਰੀ ਮੈਂ ਚਲਿ ਆਯੋ।
ਚਣਿਕ ਰੋਟਿਕਾ ਭੋਜਨ ਖ੍ਵਾਯੋ ॥੨੩॥
ਤੁਮਰੇ ਘਰਿ ਮਹਿਂ ਬਡਿ ਬਡਿਆਈ।
ਗਾਦੀ ਮਿਲੀ ਜਗਤ ਗੁਰਿਆਈ।
ਤਊ ਨ ਬਨਹਿ ਅਹਾਰ ਚੰਗੇਰਾ।
ਕਹਾਂ ਹਾਲ ਹੋਯਹੁ ਘਰ ਕੇਰਾ? ॥੨੪॥
ਜਹਿਂ ਭੋਜਨ ਕੀ ਚਿੰਤਾ ਰਹੈ।
ਧਨੁ ਸੰਗ੍ਰਹਿ ਕੌ ਕਿਸ ਬਿਧਿ ਲਹੈ।
ਕਜਾ ਕਾਰਨ ਇਸ ਬਿਖੈ ਬਤਾਵਹੁ?
ਦਾਰਿਦ ਮਹਿਦ ਕਸ਼ਟ ਕੋ ਪਾਵਹੁ ॥੨੫॥
ਆਵਤਿ* ਸੰਗਤਿ ਜਗਤ ਮਝਾਰੀ।
ਚਾਰਹੁਂ ਦਿਸ਼ ਮਹਿਂ ਬਡੀ ਤੁਮਾਰੀ।
ਤਿਹ ਕੀ ਆਮਦਨੀ ਕਿਤ ਜਾਤ?
ਸੰਗ੍ਰਹਿ ਕਰੋ, ਕਿ ਨਹਿਂ ਤੁਮ ਖਾਤ[1]? ॥੨੬॥
ਤਊ ਪਰਾਹੁਨਚਾਰੀ ਆਇ।
ਤਿਸ ਕੋ ਤੌਂ ਦਿਹੁ ਨੀਕੇ ਖ੍ਵਾਇ।
ਕੈ ਮਮ ਸਮ ਸਭਿ ਕੇ ਸੰਗ ਕਰੋ।
ਅਸੁ ਅਹਾਰ ਕੋ ਆਗੈ ਧਰੋ' ॥੨੭॥
ਸ਼੍ਰੀ ਗੁਰ ਅਮਰਦਾਸ ਕੀ ਤਨੀਯਾ।
ਸੁਨਿ ਕਰਿ ਭਾਨੀ ਬਾਨੀ ਭਨੀਯਾ।
'ਸੁਨਹੁ ਭ੍ਰਾਤ! ਭੋਜਨ ਅਸ ਖਾਵਤਿ।
ਕਹੂੰ ਸਮੈ ਇਹੁ ਭੀ ਨਹਿਂ ਪਾਵਤਿ ॥੨੮॥
ਸਦਨ ਪਿਤਾ ਕੇ ਪੂਜਾ ਆਇ।
ਜੋ ਇਕ ਦਿਨ ਮਹਿਂ ਲੀਜਹਿ ਖਾਇ।
ਸੰਜਮ ਭੂਖਨ ਬਸਤ੍ਰਨ ਕੇਰਾ।
ਜਿਉਂ ਤਬਿ ਹੋਤਿ ਸਰਬ ਤੈਂ ਹੇਰਾ ॥੨੯॥
ਤਊ ਦੇਗ ਮਹਿਂ ਘਾਟੋ ਨਾਂਹਿ।

---

*ਪਾ:-ਨਾਂਹਿ ਤ।

[1]ਤੁਸੀ ਜੋ ਨਹੀਂ ਖਾਂਦੇ ਹੋ ਕੀ ਜਮਾਂ ਕਰਦੇ ਹੋ?

ਆਵਹਿ ਤਿਤੋ ਜਿਤਿਕ ਸਭਿ ਖਾਂਹਿ।
ਬਚਜੋ ਰਹਤਿ ਸੋ ਪਸੁਨ ਖੁਵਾਵੈਂ।
ਤਿਸ ਤੇ ਬਚਹਿ ਸੁ ਨਦੀ ਬਹਾਵੈਂ ॥੩੦॥
ਪੁਨ ਸ਼੍ਰੀ ਅਰਜਨ ਕੇ ਪਿਤ ਹੋਏ।
ਪੂਜਤਿ ਚਹੁਂ ਦਿਸ਼ ਤੇ ਸਭਿ ਕੋਏ।
ਹੁਤੋ ਇਕੱਤ੍ਰ ਸਕਲ ਪਰਵਾਰੂ।
ਚਲਜੋ ਜਾਤ ਆਛੋ ਬਿਵਹਾਰੂ ॥੩੧॥
ਤਿਨ ਪਾਛੇ ਇਹੁ ਭ੍ਰਾਤਾ ਤੀਨ।
ਭਏ ਬਿਰੋਧੀ ਮਨ ਰਿਸਿ ਲੀਨ।
ਸ਼੍ਰੀ ਅਰਜਨ ਕੋ ਲਘੁ ਇਹੁ ਜਾਨੈਂ।
ਬਿਘਨ ਅਨੇਕ ਭਾਂਤਿ ਕੇ ਠਾਨੈਂ ॥੩੨॥
-ਸੋਢੀ ਕੁਲ ਮਹਿਂ ਗੁਰਤਾ ਰਾਖੀ-।
ਨਹਿਂ ਜਾਨੈਂ ਇਮ ਧਨ ਅਭਿਲਾਖੀ।
ਆਗਜਾ ਮਹਿਂ ਦੋਨੋ ਨਹਿਂ ਰਹੈਂ।
ਪਿਤਾ ਜਾਨ ਉਚਿਤਾ ਕੋ ਚਹੈਂ[1] ॥੩੩॥
ਤਿਨ ਕੇ ਸਮ ਸ਼੍ਰੀ ਅਰਜਨ ਕਰਤਾ[2]।
ਲੇ ਕਰਿ ਜਾਤ ਅਪਰ ਕੋ ਗੁਰਤਾ[3]।
ਸੇਵਕ ਕੀ ਇਹੁ ਵਸਤੁ ਸਦੀਵਾ।
ਕਰਿ ਦਾਵਾ ਕੋ ਗੁਰੂ ਨ ਥੀਵਾ ॥੩੪॥
ਯਾਂ ਤੇ ਸ਼੍ਰੀ ਅਰਜਨ ਹਿਤ ਸਾਜਾ[4]।
ਰਾਖਿ ਲਈ ਸੋਢੀ ਕੁਲ ਲਾਜਾ।
ਮੋਰ ਮਨੋਰਥ ਪੂਰਨ ਕੀਨਿ।
ਮਮ ਪਿਤ ਬਚਨ ਸਾਚ ਕਰਿ ਦੀਨ ॥੩੫॥
ਯਾਂ ਤੇ ਧੰਨ ਧੰਨ ਲਘੁ ਸੁਤ ਕੋ।
ਕਿਯੋ ਪ੍ਰਸੰਨ ਸੇਵ ਕਰਿ ਪਿਤ ਕੋ।
ਜਾਨਿ ਨ ਦਈ ਕਹੂੰ ਗੁਰਿਆਈ।
ਰਾਖੀ ਅਪਨੇ ਸਦਨ ਟਿਕਾਈ ॥੩੬॥
ਅਬਿ ਚਿਤ ਸ਼ਾਂਤਿ ਬੈਠਿ ਇਹ ਰਹੈਂ।

---

[1](ਦੁਨਜਾਵੀ ਪਿਤਾ ਵਾਂਙੂ) ਪਿਤਾ (ਗੁਰੂ ਨੂੰ) ਸਮਝਕੇ (ਅਪਣੀ) ਵਡਿਆਈ ਨੂੰ ਲੋਚਦੇ ਹਨ।
[2](ਜੇਕਰ) ਸ੍ਰੀ ਅਰਜਨ ਜੀ ਕਰਦੇ।
[3]ਤਾਂ ਕੋਈ ਹੋਰ ਗੁਰਿਆਈ ਲੈ ਜਾਂਦਾ।
[4]ਸ਼੍ਰੀ ਅਰਜਨ ਜੀ ਨੇ ਸ਼੍ਰੀ ਗੁਰ ਰਾਮਦਾਸ ਜੀ ਨਾਲ ਪ੍ਰੇਮ ਕੀਤਾ।

ਉੱਦਮ ਕਰਹਿਂ ਨ, ਸੁਨਹਿਂ ਨ ਕਹੈਂ।
ਸੋ ਮਮ ਸੁਤ ਦੋਨਹੁਂ ਬਹੁ ਫਿਰਿ ਕੈ।
ਸੰਗਤਿ ਤੇ ਲੇਵਹਿਂ ਧਨ ਹਿਰ ਕੈ ॥੩੭॥
ਨਿਜ ਨਰ ਪਠਹਿਂ ਸੰਗਤਾਂ ਘੇਰਹਿਂ।
ਕਰਹਿਂ ਜਤਨ ਜਬਿ ਆਵਤਿ ਹੇਰਹਿਂ।
-ਬਡੇ ਪੁੱਤ੍ਰ ਹਮ, ਗੁਰ ਅਬਿ ਭਏ-।
ਇਮ ਕਹਿ ਸਰਬ ਦਰਬ ਨਿਤਿ ਲਏ ॥੩੮॥
ਪਹੁਂਚਨ ਦੇਤਿ ਨਹੀਂ ਢਿਗ ਅਰਜਨ।
ਲੇਤਿ ਵਹਿਰ ਤੇ ਹਿਤ ਕੈ ਤਰਜਨ[1]।
ਸਦਨ ਰਹੈਂ ਬੈਠ੍ਯੋ ਹਰਿ ਭਜੈਂ।
ਕੋ ਇਕ ਸਿਖ ਆਨ ਕਰਿ ਜਜੈ[2] ॥੩੯॥
ਕਯੋਂਹੂ ਦੇਤਿ ਨ ਦੋਨਹੁਂ ਭਾਈ।
ਬਲ ਛਲ ਤੇ ਰੋਕਹਿਂ ਚਹੁਂ ਘਾਈ[3]।
ਅਪਨੇ ਸਮ ਭੀ ਨਹਿਂ ਇਸ ਜਾਨਹਿਂ।
ਨਹੀ ਬਾਂਟ ਧਨ ਦੇਂ ਹਿਤ ਖਾਨਹਿਂ[4] ॥੪੦॥
ਯਾਂ ਤੇ ਅਸਨ ਬਸਨ ਕੀ ਚਾਹੂ।
ਰਹਤਿ ਸਦਾ ਹਮਰੇ ਘਰ ਮਾਂਹੂ।
ਤੁਝ ਤੇ ਪਯਾਰੋ ਹਮ ਕੋ ਕੌਨ।
ਬਹੁ ਦਿਨ ਤੇ ਚਲਿ ਆਯਹੁ ਭੌਨ ॥੪੧॥
ਘਰ ਮਹਿਂ ਹੋਇ ਤ ਬਨਹਿ ਅਹਾਰਾ।
ਅਹੈ ਖਰਚ ਬਹੁ ਭਾਂਤਿ ਉਦਾਰਾ[*]।
ਭ੍ਰਾਤਾ! ਹਿਤੂ ਜਾਨ ਕਰਿ ਤੋਹੀ।
ਬਾਤ ਸੁਨਾਇ ਕਹੀ ਜਿਮ ਹੋਹੀ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਗੁਰਦਾਸ ਆਵਨ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

---

[1]ਹਿਤ ਨਾਲ, ਚਾਹੋ ਤਾੜਨਾ ਨਾਲ।
[2]ਪੂਜਦਾ ਹੈ।
[3]ਚਾਰੋਂ ਪਾਸਿਆਂ ਤੋਂ।
[4]ਖਾਣ ਜੋਗਾ ਵੀ।
[*]ਪਾ:-ਭਾਂਤਿਨਿ ਸਾਰਾ।

੨੮. [ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ]

੨੭<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੨੯

ਦੋਹਰਾ: ਭਾਨੀ ਭਗਨੀ ਤੇ ਸੁਨੀ,
ਸਰਬ ਬਾਰਤਾ ਜੋਇ।
ਚਿਤ ਮਹਿਂ ਤਰਕਤਿ[1] ਬਹੁਤ ਹੀ,
-ਅਤਿ ਅਜੋਗ ਇਹੁ ਹੋਇ ॥੧॥
ਚੌਪਈ: ਸ਼ਾਂਤਿ ਰੂਪ ਸ਼੍ਰੀ ਅਰਜਨ ਅਹੈਂ।
ਕਾਹੂ ਸੰਗ ਨ ਕੈਸੇ ਕਹੈਂ।
ਸੋ ਬਲ ਛਲ ਤੇ ਦਰਬ ਹਿਰਤਿ ਹੈਂ।
ਗੁਰ ਬਨ, ਸੰਗਤਿ ਅਪਨਿ ਕਰਤਿ ਹੈਂ ॥੨॥
ਜਬਿ ਗੁਰਤਾ ਕੋ ਕਾਰਜ ਹੋਇ।
ਸਿੱਖਜਨ ਕੀ ਸਹਾਇਤਾ ਜੋਇ।
ਪੂਰਬ ਤੋਂ ਇਸ ਲੋਕ ਮਝਾਰੀ।
ਸੰਕਟ ਪਰਹਿਂ ਆਨ ਕਿਤ ਭਾਰੀ ॥੩॥
ਸੁਤ ਬਿਤ ਕੋ ਬਾਂਛਤਿ ਹੈ ਕੋਈ।
ਤਬਿ ਇਨ ਤੇ ਬਨ ਸਕਹਿ ਨ ਸੋਈ।
ਸਿੱਖਨ ਬਿਖੈ ਅਸ਼ਰਧਾ ਹੋਇ।
ਪੂਜਨਿ ਤੇ ਹਟਿ ਹੈ ਸਭਿ ਕੋਇ ॥੪॥
ਇਮ ਗੁਰਤਾ ਸਿੱਖੀ ਮਹਿਂ ਘਾਟਾ।
ਨਿਬਹਿ ਨ ਇਹੁ ਪ੍ਰਪੰਚ ਜੋ ਠਾਟਾ।
ਗੁਰੂ ਗੁਪਤ ਰਹਿਂ, ਲਖਹਿ ਨ ਕੋਈ।
ਬਿਨਾ ਮਿਲੇ ਤੇ ਕਯੋਂ ਸੁਧਿ ਹੋਈ- ॥੫॥
ਏਵ ਬਿਚਾਰਤਿ ਚਿਤ ਗੁਰਦਾਸ।
ਗੁਰ ਕੇ ਚੱਕ ਰਹਯੋ ਗੁਰ ਪਾਸ।
ਦੋਨਹੁਂ ਭ੍ਰਾਤਨ ਕੀ ਖੁਟਿਆਈ।
ਦੇਖਤਿ ਭਯੋ -ਕਰਤਿ ਅਧਿਕਾਈ[2] ॥੬॥
ਜਰੀ ਨ ਜਾਇ ਰਿਦੈ ਮਹਿਂ ਸੋਈ।
ਦਰਬ ਹਿਰਹਿਂ ਸੰਗਤਿ ਤੇ ਦੋਈ-।
ਸ਼੍ਰੀ ਅਰਜਨ ਸੋਂ ਇਕ ਦਿਨ ਕਹਯੋ।
'ਗੁਰਿਆਈ ਪਦ ਤੁਮ ਨੈ ਲਹਯੋ ॥੭॥

---
[1]ਵਿਚਾਰਦਾ ਹੈ। [ਸੰਸ:] ਤਰ੍ਕ = ਦਲੀਲ਼।
[2]ਵਧੀਕੀ।

ਪੂਜਾ ਸੋ ਕਰਿਵਾਵਤਿ ਰਹੈਂ।
ਨਿਬਹੈ ਕਿਮ, ਤੁਮ ਕਛੁ ਨਹਿਂ* ਕਹੈਂ।
ਜਾਗਤਿ ਜੋਤਿ ਗੁਰੂ ਜਿਮ ਪਾਂਛੇ।
ਤੁਮ ਭੀ ਬਿਦਤਹੁ ਤਿਨ ਸਮੁ ਆਛੇ ॥੮॥
ਛਪਨਿ ਉਚਿਤ ਇਹੁ ਪਦਵੀ ਨਾਂਹੀ।
ਸਿੱਖੀ ਬਿਸਤਾਰਹੁ ਜਗ ਮਾਂਹੀ।
ਅਜ਼ਮਤਿ ਕੇ ਬਲ ਲੇਹੁ ਅਕੋਰੁ।
ਗੁਰ ਸੰਗਤਿ ਅਨਗਨ ਚਹੁਂ ਓਰ ॥੯॥
ਮੁਝ ਮਨ ਮਹਿਂ ਸੰਸਾ ਇਕ ਔਰ।
ਰਹੈਂ ਭ੍ਰਾਤ ਤ੍ਰੈ ਇਮ ਇਸ ਠੌਰ।
ਨਹੀਂ ਦਰਬ ਢਿਗ ਆਇ ਤੁਮਾਰੇ।
ਦਾਰਿਦ ਬਰਤਹਿ ਸਦਨ ਮਝਾਰੇ ॥੧੦॥
ਸ਼੍ਰੀ ਗੁਰ ਰਾਮਦਾਸ ਭਗਵੰਤ।
ਤੁਮ ਕੋ ਕਹਜੋ ਸਮੈਂ ਜਬਿ ਅੰਤ।
-ਸ਼੍ਰੀ ਅੰਮ੍ਰਿਤਸਰ ਕਾਰ ਕਰਾਵਹੁ।
ਖਨਿ ਕੈ ਪੌੜੀ+ ਪੱਕ੍ਰ[1] ਬਨਾਵਹੁ- ॥੧੧॥
ਇਮ ਜੇ ਬ੍ਰਿੱਤਿ ਆਪਨੀ ਰਾਖੋ।
ਤਾਲ ਬਨਾਵਨ ਕਿਮ ਅਭਿਲਾਖੋ?
ਦਰਬ ਹਜ਼ਾਰੋਂ ਲਾਗਹਿ ਜਹਾਂ।
ਕੈਸੇ ਹੋਇ ਸਕਹਿਗੋ ਮਹਾਂ ॥੧੨॥
ਉੱਦਮ ਕਰਿ ਬਿਦਤਹੁ ਜਗ ਮਾਂਹੀ।
ਜਿਸ ਤੇ ਸਮ ਭ੍ਰਾਤਾ ਹੁਇਂ ਨਾਂਹੀ।'
ਸ਼੍ਰੀ ਅਰਜਨ ਸੁਨਿ ਬੋਲੇ ਬਾਨੀ।
'ਤ੍ਰਿਸ਼ਨਾ ਅਧਿਕ ਦੁਹਨ[2] ਮਨ ਠਾਨੀ ॥੧੩॥
ਦੌਰਿ ਦੌਰਿ ਰੋਕਤਿ ਧਨ ਜਾਇ।
ਕਿਮ ਸੰਤੋਖ ਤਿਨਹੁਂ ਕੇ ਆਇ।
ਭਨਹਿਂ ਕੂਰ ਛਲ ਬਲ ਕੋ ਠਾਨੈਂ।
ਨਿਸ ਬਾਸੁਰ ਦ੍ਵੈਸ਼ਨਿ ਲਪਟਾਨੈ ॥੧੪॥

---

*ਪਾ:-ਕਜੋਹੁਂ ਨ।
+ਪਾ:-ਪਵਰੀ।
[1]ਦੋਵੇਂ (ਪ੍ਰਿਥੀਚੰਦ ਅਤੇ ਮਹਾਂਦੇਵ)।
[2]ਅਸਾਂ ਨਹੀਂ ਲੀਤੀ।

ਗੁਰਤਾ ਕਛੁ ਧਨ ਹਿਤ ਨਹਿਂ ਲੀਨੀ[1]।
ਤ੍ਰਿਸ਼ਨਾ ਕਰੀ ਚਹਿਯ ਮਨੁ ਹੀਨੀ।
ਸਰਬ ਬਿਕਾਰਨ ਕੇਰਿ ਬਿਨਾਸ਼[2]।
ਕ੍ਯੋਂ ਹਮ ਕਰਹਿਂ ਦਰਬ ਕੀ ਆਸ ॥੧੫॥
ਸਿੱਖਨ ਕੇ ਬਿਕਾਰ ਉਰ ਹਰਨੇ।
ਹੁਇ ਬਿੱਪ੍ਰੀਤ ਜੁ ਹਮ ਸੋਂ ਧਰਨੇ[3]।
ਤਾਲ ਆਦਿ ਜੇ ਕਾਰਜ ਸਾਰੇ।
ਸ਼੍ਰੀ ਨਾਨਕ ਸੋ ਨਿਸੁ ਦਿਨੁ ਸਾਰੇ[4] ॥੧੬॥
ਜੇਤੂੰ ਚਹਤਿ ਕਰਨਿ ਉਪਕਾਰ।
ਸਰ ਲਗਬੇ ਤੇ ਨਰਨ ਉਧਾਰ।
ਤੌਂ ਉੱਦਮ ਕਰਿ ਹੁਇ ਸਵਧਾਨ।
ਬਨਹਿਂ ਸਹਾਇਕ ਗੁਰੁ ਭਗਵਾਨ' ॥੧੭॥
ਸੁਨਿ ਸਗਰੀ ਗੁਰੁਦਾਸ ਬਿਚਾਰੀ।
-ਗਿਰਾ ਜਥਾਰਥ ਇਨਹੁਂ ਉਚਾਰੀ।
ਤਿਨ ਕੇ ਸਮ ਕ੍ਰਿਤ ਇਨਹੁ ਨ ਬਨਹਿ[5]।
ਸਿੱਖਨ ਕੇ ਬਿਕਾਰ ਗਨ ਹਨਹਿਂ ॥੧੮॥
ਤ੍ਰਿਸ਼ਨਕ ਜਿਮ[6] ਇਹੁ ਕੈਸੇ ਧਾਵਹਿਂ।
ਸਿੱਖਨ ਕੋ ਗੁਰ ਹਿਤ ਬਨਿ ਆਵਹਿ[7]।
ਯਾਂ ਤੇ ਮੈਂ ਉੱਦਮੁ ਅਬਿ ਧਰੌਂ।
ਇਹ ਉਪਕਾਰ ਜਗਤ ਪਰ ਕਰੌਂ ॥੧੯॥
ਸਭਿਹਿਨਿ ਕਹੁ ਉਪਦੇਸ਼ ਬਤਾਵੌਂ।
ਨੀਕੀ ਰੀਤਿ ਗੁਰੂ ਬਿਦਤਾਵੌਂ-।
ਚਿਤਵਤਿ ਇਮ ਚਿਤ ਮਹਿਂ ਗੁਰਦਾਸ।
ਕਰ੍ਯੋ ਬਾਸ ਸ੍ਰੀ ਅਰਜਨੁ ਪਾਸ ॥੨੦॥
ਕੇਤਿਕ ਦਿਵਸ ਬਿਤੀਤੇ ਜਬੈ।

---

[1]ਅਸਾਂ ਨਹੀਂ ਲੀਤੀ।
[2]ਨਾਸ਼ ਕਰਨਾ (ਚਾਹੀਏ)।
[3]ਸਿੱਖਾਂ ਦੇ ਦਿਲੀ ਵਿਕਾਰ ਅਸਾਂ ਦੂਰ ਕਰਨੇ ਹਨ, ਜੇ ਅਸਾਂ ਓਹ ਧਾਰਨੇ ਹਨ ਤਾਂ ਪੁੱਠੀ ਗੱਲ ਹੋ ਗਈ।
[4]ਸਵਾਰਨੇ ਹਨ।
[5]ਭਾਵ ਪ੍ਰਿਥੀਏ ਆਦਿ ਵਾਂਙੂੰ ਕਰਨਾ ਇਨ੍ਹਾਂ ਨੂੰ ਨਹੀਂ ਬਣਦਾ।
[6]ਤ੍ਰਿਸ਼ਨਾ ਵਾਲੇ ਵਾਂਗ।
[7]ਸਿੱਖਾਂ ਨੂੰ ਗੁਰੂ ਨਾਲ ਪ੍ਰੇਮ (ਕਰਨਾ) ਬਣਦਾ ਹੈ।
(ਅ) ਸਿੱਖਾਂ ਦਾ ਹਿਤ ਹੀ ਗੁਰੂ ਜੀ ਨੂੰ ਬਣਦਾ ਹੈ।

ਪਿਖਤ ਲੇਤਿ ਦੋਨਹੁੰ ਧਨ ਸਬੈ[1]।
ਇਕ ਦਿਨ ਸੁਨਜੋ ਸਿੱਖ ਤੇ ਕਾਨ।
'ਸੰਗਤਿ ਆਵਤਿ ਚਲੀ ਮਹਾਨ' ॥੨੧॥
ਰਿਦੈ ਬਿਚਾਰ ਕੀਨ ਇਮ ਸੋਈ।
-ਬੈਠੇ ਬਨੈ ਨ ਆਵੈ ਕੋਈ।
ਦ੍ਵੈ ਤੀਨਕ ਲੇ ਕਰਿ ਗੁਰ ਦਾਸ[2]।
ਤੂਸ਼ਨ ਹੀ ਗਮਨਜੋ ਗੁਰਦਾਸ[3] ॥੨੨॥
ਰਾਮਦਾਸ ਚਕ ਤੇ ਚਲਿ ਗਯੋ।
ਪੰਚ ਕੋਸ ਪਰ ਇਸਥਿਤ ਭਯੋ।
ਤਹਾਂ ਚੌਤਰਾ ਕੀਨਿ ਬਨਾਇ।
ਸੇਤ ਬਸਤ੍ਰ ਕੋ ਭਲੇ ਬਿਛਾਇ ॥੨੩॥
ਪੂਜਨ ਥਾਨ ਬਨਾਯਹੁ ਐਸਾ।
ਤਿਸ ਤੇ ਤੀਰ ਤਰੇ ਹੁਇ ਬੈਸਾ।
ਮੋਰ ਪੰਖ ਕੋ ਮੁੱਠਾ ਧਰਜੋ।
ਗੁਰੁਤਾ ਚਿੰਨ੍ਹ ਅਪਰ ਕੁਛ ਕਰਜੋ ॥੨੪॥
ਇਤਨੇ ਮਹਿੰ ਸੰਗਤਿ ਗਨ ਆਈ।
ਬੂਝਨ ਲਗੇ 'ਕਹਾਂ ਇਸਥਾਈਂ?'
ਸੁਨਿ ਕੇ ਤਿਨਿ ਤੇ ਤਬਿ ਗੁਰੁਦਾਸ।
ਸਾਦਰ ਕਰੇ ਬਿਠਾਵਨਿ ਪਾਸ ॥੨੫॥
'ਬਿਸਰਾਮਹੁ ਸੰਗਤਿ ਇਸ ਥਾਈਂ।'
ਜਬਿ ਇਕਠੀ ਹੋਈ ਸਮੁਦਾਈ।
ਸਭਿ ਸੋਂ ਮਧੁਰ ਗਿਰਾ ਕੇ ਸਾਥ।
ਕਹਤਿ ਭਯੋ ਆਇਸੁ ਗੁਰੁ ਨਾਥ[4] ॥੨੬॥
'ਜੋ ਗੁਰੂ ਹੇਤਿ ਉਪਾਇਨ ਲ੍ਯਾਯੋ।
ਉਰ ਸ਼ਰਧਾ ਧਰਿ ਦਰਸ਼ਨਿ ਆਯੋ।
ਸੋ ਇਸ ਥਲ ਅਰਪਹੁ ਸਮੁਦਾਇ।
ਪੁਨ ਗੁਰ ਢਿਗ ਚਲੀਐ ਹਰਖਾਇ ॥੨੭॥
ਇਸ ਮਹਿੰ ਕਾਰਣ ਸੋ ਸੁਨ ਲੀਜਹਿ।

---

[1]ਦੋਹਾਂ ਨੂੰ ਸਭਨਾਂ ਤੋਂ ਧਨ ਲੈਂਦਿਆਂ ਦੇਖਦਿਆਂ ਜਦ ਕਈ ਦਿਨ ਬੀਤੇ।
[2]ਗੁਰੂ ਜੀ ਦੇ ਸੇਵਕ।
[3]ਭਾਈ ਗੁਰਦਾਸ।
[4]ਗੁਰੂ ਰਾਮਦਾਸ ਜੀ ਦੀ ਆਗਜਾ (ਕਿ ਗੁਰੂ ਗਦੀ ਤੇ ਗੁਰੂ ਅਰਜਨ ਦੇਵ ਜੀ ਹਨ) ਇਹ ਅਰਥ ਅੰਕ ੨੮ ਤੋਂ ਸਪੱਸ਼ਟ ਹੋ ਜਾਂਦਾ ਹੈ।

ਪੁਨ ਮਨ ਬਾਂਛਤਿ ਪੂਰਨ ਕੀਜਹਿ।
ਸ੍ਰੀ ਗੁਰ ਰਾਮਦਾਸ ਸੁਤ ਤੀਨ।
ਗੁਰਤਾ ਗਾਦੀ ਲਘੁ ਅਸੀਨ[1] ॥੨੮॥
ਸ਼ਾਂਤਿ ਰੂਪਿ ਸੋ ਬੈਠੇ ਰਹੈਂ।
ਨਹਿਂ ਕਿਹ ਸੋਂ ਕੈਸੇ ਬਚ ਕਹੈਂ।
ਬਡੇ ਭ੍ਰਾਤ ਦ੍ਵੈ ਬਲ ਛਲ ਕਰੈਂ।
ਸੰਗਤਿ ਤੇ ਸਗਰੋ ਧਨ ਹਿਰੈਂ ॥੨੯॥
ਤਹਾਂ ਪਹੁੰਚਿ ਜੇ ਤਿਨ ਨਹਿਂ ਦੇਵਹੁ।
ਗਾਰੀ ਬਕੈਂ ਸ੍ਰਾਪ ਕੋ ਲੇਵਹੁ।
ਕੈ ਤੁਮ ਤੇ ਸੋ ਲੈ ਹੈਂ ਛੀਨ।
ਕਰਹਿਂ ਰਾਰ ਲੋਭੀ ਦੁਖ ਭੀਨ ॥੩੦॥
ਗੁਰ ਕੇ ਨਿਕਟ ਨ ਪਹੁੰਚਨ ਦੈ ਹੈਂ।
ਘਾਤ ਅਨੇਕਨਿ ਬਾਤ ਬਨੈ ਹੈਂ।
ਯਾ ਤੇ ਮੈਂ ਤੁਮ ਕੋ ਸ਼ੁਭ ਕਹੌਂ।
ਪਰਉਪਕਾਰ ਹੇਤ ਮੈਂ ਚਹੌਂ' ॥੩੧॥
ਸੁਨਿ ਸੰਗਤਿ ਕੇ ਨਿਸ਼ਚੈ ਭਯੋ।
-ਬਾਕ ਜਥਾਰਥ ਇਨ ਕਹਿ ਦਯੋ-।
ਸਭਿਹਿਨਿ ਮਿਲਿ ਕੈ ਆਛੋ ਮਾਨਾ।
ਦਯੋ ਦਰਬ ਜੇਤਿਕ ਜਿਨ ਆਨਾ ॥੩੨॥
ਸਗਰੀ ਸੰਗਤਿ ਦਈ ਉਪਾਇਨ।
ਪੁਨ ਦੇਖਜੋ ਚਹਿਂ ਸਤਿਗੁਰ ਪਾਇਨ।
ਸਭਿ ਕੋ ਧੀਰਜ ਦੇ ਗੁਰਦਾਸ।
ਦਰਬ ਬਟੋਰ ਲੀਨ ਨਿਜ ਪਾਸ ॥੩੩॥
ਸਭਿ ਤੇ ਆਗੂ ਹੁਇ ਚਲਿ ਪਰਿਯੋ।
ਸੰਗਤਿ ਸੰਗ ਲੀਨ ਹਿਤ ਧਰਿਯੋ।
ਸਨੈ ਸਨੈ ਚਲਿ ਕੈ ਪੁਰਿ ਆਯੋ।
ਸ੍ਰੀ ਅਰਜਨਿ ਢਿਗ ਦਰਸ਼ਨ ਪਾਯੋ ॥੩੪॥
ਧਰਜੋ ਪੰਚ ਸੈ ਦਰਬ ਅਗਾਰੀ।
'ਇਹੁ ਲੀਜਹਿ ਸਭਿ ਆਪਨਿ ਕਾਰੀ[2]।'
ਸੰਗਤਿ ਹੇਰਿ ਪ੍ਰਿਥੀਮਲ ਦਾਸ।

---

[1]ਛੋਟੇ ਇਸਥਿਤ ਹੋਏ ਹਨ।
[2]ਅਪਨੀ ਭੇਟਾ।

ਭੇਜੇ 'ਘੇਰਿ ਆਨੀਅਹਿ ਪਾਸ ॥੩੫॥
ਸਿਖ ਅਨਜਾਨ ਮੋਰ[1] ਸਭਿ ਲੀਜੈ।
-ਗੁਰੁ ਸੁਤ ਬਡ ਕੋ ਚਲਿ ਦਰਸੀਜੈ-।'
ਉਤ ਤੇ ਮਹਾਂਦੇਵ ਨੇ ਪਠੇ।
'ਮੁਝ ਢਿਗ ਆਨਹੁਂ ਕਰਿ ਏਕਠੇ' ॥੩੬॥
ਸੰਗਤਿ ਘੇਰਿ ਖਰੀ ਕਰਿ ਲੀਨਿ।
ਨਹਿਂ ਆਗੇ ਕੋ ਚਲਨਿਨਿ* ਦੀਨ।
ਦੁਹ ਦਿਸ਼ ਕੇ ਦਾਸਨਿ ਤੇ ਸੁਨਿ ਕੈ।
ਗਨ ਸਿੱਖਨ ਸਮੁਝਾਏ ਭਨਿ ਕੈ ॥੩੭॥
'ਜਿਤਿਕ ਕਾਰ ਗੁਰ ਕੀ ਹਮ ਪਾਸ।
ਲੇ ਸਭਿ ਗਯੋ ਅਬਹਿ ਗੁਰਦਾਸ।
ਦਰਸ਼ਨ ਮਾਤ੍ਰ ਕਰਨ ਅਬਿ ਰਹਜੋ।
ਸੋ ਹਮ ਕਰਹਿਂ ਗੁਰੂ ਜਿਮੁ ਲਹਜੋ' ॥੩੮॥
ਸੁਨਿ ਸੰਗਤਿ ਕੋ ਤਾੜਤਿ ਭਏ।
'ਗੁਰੁ ਕੀ ਕਾਰ ਕੁਤੋ ਤਿਸ ਦਏ।
ਗੁਰ ਗਾਦੀ ਪਰ ਪੁੱਤ੍ਰ ਬਡੇਰੋ।
ਪੂਜਨੀਯ ਸੋ ਸੰਗਤਿ ਕੇਰੋ ॥੩੯॥
ਨਹਿਂ ਪਰਹੈ ਗੁਰੁ ਕੇ ਪਰਵਾਨ।
ਤਜਿ ਕਰਿ ਬਡੋ ਦਈ ਲਘੁ ਥਾਨ*।
ਅਬਿ ਜੋ ਭਈ ਬੀਤ ਸੋ ਗਈ।
ਨਹਿਂ ਆਗੇ ਕਰੀਅਹਿ ਮਤਿ ਨਈ ॥੪੦॥
ਪ੍ਰਿਥੀਚੰਦ ਕੇ ਘਰ ਚਲਿ ਆਈਏ।
ਕਹਜੋ ਕਿਸੂ ਕੋ ਮਨ ਨਹਿਂ ਲਜਾਈਏ।'
ਇੱਤਜਾਦਿਕ ਸਮੁਝਾਇ ਘਨੇਰੇ।
ਅਪਨੀ ਉਸਤਤਿ ਕਰਤਿ ਬਡੇਰੇ ॥੪੧॥
ਛੂਛੇ[2] ਸਿੱਖਜ ਜਾਨਿ ਜਬਿ ਲਏ।
ਘੇਰੋ ਕਰਜੋ ਛੋਰਿ ਸਭਿ ਦਏ।

---

[1]ਮੋੜ।
*ਪਾ:-ਚਲਨੇ। ਚਲਨ ਸੁ।
*ਲਿਖਤ ਦੇ ਚਾਰ ਨੁਸਖਿਆਂ ਵਿਚ ਇਥੋਂ ਅੱਗੇ ਦੋ ਸਤਰਾਂ ਹੋਰ ਵਾਧੂ ਹਨ, ਜਿਨ੍ਹਾਂ ਦਾ ਪਾਠ ਇਹ ਹੈ- 'ਛਲਿ ਬਲਿ ਕਰ ਗੁਰਤਾ ਕੋ ਚਹਿ ਹੈ। ਸ਼੍ਰੀ ਗੁਰੁ ਅਰਜਨ ਕੋ ਲਘੁ ਕਹਿ ਹੈ। 'ਤੇ ਇਸ ਅੰਸੂ ਦੀਆਂ ਅੰਤਲੀਆਂ ਦੋ ਤੁਕਾਂ ਉਨ੍ਹਾਂ ਹੀ ਨੁਸਖਿਆਂ ਵਿਚ ਨਹੀਂ ਹਨ ਤੇ ਇਉਂ ਚੌਪਈਆਂ ਦੇ ਚਾਰ ਚਾਰ ਚਰਣ ਪੂਰੇ ਕੀਤੇ ਹੋਏ ਹਨ।
[2]ਸੱਖਣੇ।

ਸ੍ਰੀ ਅਰਜਨ ਕੇ ਢਿਗ ਪੁਨ ਆਏ।
ਕਰਿ ਦਰਸ਼ਨ ਮਨ ਆਨੰਦ ਪਾਏ ॥੪੨॥
ਭਈ ਕਾਮਨਾ ਪੂਰਨ ਉਰ ਕੀ।
ਮਹਿਮਾ ਜਾਨੀ ਸ਼੍ਰੀ ਸਤਿਗੁਰ ਕੀ।
ਨਿਰਬਿਕਾਰ ਮਨ ਸ਼ਾਂਤਿ ਸਰੂਪ।
ਦੀਪਤਿ ਮਸਤਕ ਜੋਤਿ ਅਨੂਪ ॥੪੩॥
ਬਦਨ ਅਦੀਨ[1] ਦੀਨ ਗਨ ਦਾਨੀ।
ਸੁੰਦਰ ਮਧੁਰ ਸੁਧਾ ਸਮ ਬਾਨੀ।
ਤ੍ਰਿਸ਼ਨਾ ਆਦਿ ਨ ਲੇਸ਼ ਕਲੇਸ਼ੂ।
ਸ਼੍ਰੇਯ ਦੇਤਿ ਜਿਨ ਕੋ ਉਪਦੇਸ਼ੁ ॥੪੪॥
ਨਿਸ਼ਚੈ ਕਰਜੋ -ਗੁਰੂ ਇਹੁ ਅਹੈਂ।
ਲੋਭੀ ਅਪਰ ਦਰਬ ਕੋ ਚਹੈਂ।
ਸਤਿਗੁਰ ਰਾਮਦਾਸ ਨਿਜ ਥਾਨ।
ਇਹੀ ਬਠਾਏ ਕ੍ਰਿਪਾ ਨਿਧਾਨ ॥੪੫॥
ਭੋਲੇ ਸਿੱਖਨ ਸੋ ਬਿਰਮਾਵੈਂ[2]।
ਧਨ ਹਿਤ ਲੈ ਲੈ ਨਿਜ ਘਰ ਜਾਵੈਂ।
ਕੋਇ ਨ ਗੁਨ, ਕਿਮ ਕਰਿ ਹੈਂ ਸ਼੍ਰੇਯ।
ਜਜੋਂ ਕਜੋਂ ਸਿੱਖਨ ਤੇ ਧਨ ਲੇਯ ॥੪੬॥
ਇਨ ਮਹਿਂ ਤਿਨ ਸਮ ਨਹੀ ਬਿਕਾਰ।
ਮੂਰਤਿ ਸ਼੍ਰੀ ਸਤਿਗੁਰੁ ਉਦਾਰ-।
ਜਥਾ ਜੋਗ ਸ੍ਰੀ ਅਰਜਨ ਤਬੈ।
ਸਾਦਰ ਕੀਨ ਮਿਲੇ ਸਿਖ ਸਬੈ ॥੪੭॥
ਮੋਲ ਅੰਨ ਸਮੁਦਾਇ ਅਨਾਇ[3]।
ਕਰਿ ਲੰਗਰ ਦੀਨਸਿ ਬਰਤਾਇ।
ਕਰੀ ਸਕਲ ਗੁਰਤਾ ਕੀ ਰੀਤਿ।
ਸਿਰੋਪਾਉ ਲੇ ਸਿਖ ਸਹਿ ਪ੍ਰੀਤ ॥੪੮॥
ਦਰਸ਼ਨ ਕਰਿ ਗਮਨੇ ਨਿਜ ਦੇਸ਼।
ਕੀਰਤਿ ਕਰਤਿ ਸੁਨਾਇ ਅਸ਼ੇਸ਼[4]।

---

[1]ਮੁਖੜਾ ਉਦਾਰ।
[2]ਓਹ ਭੁਲਾਉਂਦੇ ਹਨ।
[3]ਮੰਗਵਾਕੇ।
[4]ਬਹੁਤੀ (ਅ) ਸਾਰਿਆਂ ਨੂੰ।

ਸਿਖ ਸੰਗਤਿ ਜਹਿਂ ਕਹਿਂ ਮਿਲ ਜਾਇਂ।
'ਗੁਰ ਸ਼੍ਰੀ ਅਰਜਨ' ਕਹੈਂ ਸੁਨਾਇ ॥੪੯॥
ਕਿਤਿਕ ਦੇਸ਼ ਪੁਰਿ ਗ੍ਰਾਮਨਿ ਬ੍ਰਿੰਦ।
ਬਿਦਤਿ ਭਏ ਇਮ ਗੁਰ ਜਸੁ ਚੰਦ।
ਸਭਿ ਸੰਗਤਿ ਆਵਤਿ ਗੁਰ ਪਾਸ।
ਹਾਥ ਜੋੜਿ ਠਾਨਤਿ ਅਰਦਾਸ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸੰਗਤਿ ਕੋ ਗੁਰ ਨਿਸਚੈ ਕਰਨਿ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

੨੯. [ਪ੍ਰਿਥੀਆ, ਮਹਾਂਦੇਵ, ਸ਼੍ਰੀ ਗੁਰ ਅਰਜਨਦੇਵ ਜੀ ਦਾ ਮੇਲ। ਮਿਹਰਵਾਨ ਜਨਮ]

੨੮<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੦

ਦੋਹਰਾ: ਇਮ ਆਨਜੋ ਧਨ ਕੋ ਜਬੈ,
ਕਰਿ ਉੱਦਮੁ ਗੁਰਦਾਸ।
ਅਸਨ ਬਸਨ ਸਭਿ ਖਰਚ ਜੁਤਿ,
ਭਯੋ ਅਨੰਦ ਪ੍ਰਕਾਸ਼ ॥੧॥
ਚੌਪਈ: ਬਹੁਰੋ ਦੇਗ ਚਲਨ ਨਿਤ ਲਾਗੀ।
ਸਿਖ ਢਿਗ ਰਹਿਨ ਲਗੇ ਅਨੁਰਾਗੀ।
ਤਿਸ ਹੀ ਬਿਧਿ ਭਾਈ ਗੁਰਦਾਸ।
ਰਹਤਿ ਭਯੋ ਸ਼੍ਰੀ ਅਰਜਨ ਪਾਸ ॥੨॥
ਜਬਿ ਸੰਗਤਿ ਕਿਤਹੂੰ ਤੇ ਆਵਹਿ।
ਕਿਸਹੂੰ ਸਿਖ ਤੇ ਇਹ ਸੁਨਿ ਪਾਵਹਿ।
ਜਾਇ ਵਹਿਰ ਸਮਝਾਵਨੁ ਕਰੈ।
'ਗੁਰ ਅਰਜਨ' ਇਹੁ ਨਿਸ਼ਚੈ ਧਰੈਂ ॥੩॥
ਲੇਵਹਿ ਦਰਬ ਸਰਬ ਹੀ ਬਾਹਰ।
ਕਹਿ ਕਹਿ ਕਰਹਿ ਗੁਰੂ ਕਉ ਜ਼ਾਹਰ।
ਲੇ ਲੇ ਆਇੰ ਅਰਪਨਾ ਕਰਿਹੀ।
ਸਰਬ ਰੀਤਿ ਕੇ ਬਯੋਂਤ ਸਵਰਹੀ[1] ॥੪॥
ਜਹਿਂ ਕਹਿਂ ਕੀ ਸੰਗਤਿ ਸਮੁਝਾਈ।
ਸਗਰੀ ਸ਼੍ਰੀ ਅਰਜਨ ਢਿਗੁ ਆਈ।
ਆਵਨ ਲਗੀ ਸਕਲ ਗੁਰ ਕਾਰ।
ਲਗਨ ਲਗਯੋ ਸਤਿਗੁਰ ਦਰਬਾਰ ॥੫॥
ਦੋਨਹੁੰ ਭ੍ਰਾਤਾ ਹ੍ਵੈ ਕਰਿ ਹੀਨੁ[*]।
ਪਛੁਤਾਵਹਿ ਸਿਖ ਦਰਬ ਨ ਦੀਨ।
ਗਾਰੀ ਸ੍ਰਾਪ ਦੇਤਿ ਗੁਰਦਾਸ।
ਗੁਰ ਮਾਰਯੋ ਇਹੁ ਹੋਇ ਬਿਨਾਸ਼ ॥੬॥
ਸ਼੍ਰੀ ਅਰਜਨ ਕੋ ਮਾਤੁਲ ਜੈਸੇ।
ਹਮਰੋ ਭੀ ਇਹੁ ਲਾਗਹਿ ਤੈਸੇ।
ਜੇ ਕਰਿ ਗੁਰ ਕੋ ਸਿੱਖ ਕਹਾਵੈ।
ਸੇਵਕ ਹ੍ਵੈ ਕਰਿ ਸੇਵ ਕਮਾਵੈ ॥੭॥

---

[1]ਸਰਬ ਰੀਤੀ ਦੇ ਵਿਉਂਤ ਸੰਵਾਰਦਾ ਹੈ।
[*]ਪਾ:-ਦੀਨ।

ਹਮ ਤੀਨਹੁੰ ਸਤਿਗੁਰ ਕੇ ਨੰਦ।
ਦੋਨਹੁ ਤੇ ਮੈ ਅਹੌਂ ਬਿਲੰਦ।
ਜੇ ਕਰਿ ਬਡੋ ਨ ਜਾਨਹਿ ਮੋਹੀ।
ਸਭਿ ਸੋਂ ਸਮੁ ਬਰਤਹਿਂ ਸ਼ੁਭ ਹੋਹੀ ॥੮॥
ਗੁਰ ਕਾ ਮਾਰਜੋ ਹਮ ਤੇ ਛੀਨ।
ਲਘੁ ਭ੍ਰਾਤਾ ਕੋ ਸਭਿ ਦੇ ਦੀਨ।
ਗਾਰੀ ਦੇਹਿ ਸੁਨਾਵਹਿ ਕਾਨ।
ਕਹਾਂ ਮੰਦ ਇਹੁ ਪਸਰਜੋ ਆਨ ॥੯॥
ਸੁਨਿ ਕੈ ਕੋਪੁ ਸਹਤ[1] ਗੁਰਦਾਸ।
ਹਾਥ ਜੋਰਿ ਕਹਿ ਤਿਨ ਕੇ ਪਾਸ।
ਜੇ ਅਜੋਗ ਮੈਂ ਕਰਮ ਕਮਾਵੌਂ।
ਤੁਮਰੇ ਕਹੇ ਕਸ਼ਟ ਕੋ ਪਾਵੌਂ ॥੧੦॥
ਪੁਨ ਅਪਨੇ ਹਿਤ ਲੋਭ ਜਿ ਕਰੌਂ।
ਤੌ ਭੀ ਮੈਂ ਬਿਪਦਾ ਮੇ ਪਰੌਂ।
ਜਥਾ ਜੋਗ ਜੇ ਕਰਿ ਮੈਂ ਕੀਨ।
ਤੌ ਤੁਮਰੋ ਕਹਿਬੋ ਸਭਿ ਹੀਨ[2] ॥੧੧॥
ਜਿਸ ਕੀ ਵਸਤੁ ਜਿ ਤਿਸੁ ਕੋ ਦੇਇ।
ਕਰਹਿ ਹਟਾਵਨ ਅਪਰ ਜੁ ਲੇਯ[3]।
ਤੌ ਅਤੋਟ ਤਿਸ ਕੋ ਹੁਇ ਪੁੰਨ।
ਰਹੈਂ ਸਦਾ ਸਤਿਗੁਰੂ ਪ੍ਰਸੰਨ ॥੧੨॥
ਤੁਮਰੋ ਕਹਜੋ ਨਿਫਲ ਸਭਿ ਹੋਇ।
ਮੋਹਿ ਬਿਖੈ ਅਵਗੁਨ ਨਹਿਂ ਕੋਇ।'
ਇਕ ਦਿਨ ਇਸ ਬਿਧਿ ਦੁਹਨ ਸੁਨਾਯੋ।
ਪੁਨਹਿਂ ਨਹੀਂ ਤਿਨ ਸਾਥ ਅਲਾਯੋ ॥੧੩॥
ਚਹੁੰ ਦਿਸ਼ ਤੇ ਗੁਰ ਕਾਰ ਸੁ ਰੋਕੀ।
ਦੁਹੂੰ ਬਿਸੂਰਤਿ ਏਵ ਬਿਲੋਕੀ।
-ਭੇ ਧਨੁ ਹੀਨ ਆਮਦਨ ਬਿਨਾ।
ਨਹਿਂ ਪਾਵਤਿ ਕਰਿ ਜਤਨੈ ਘਨਾ ॥੧੪॥
ਸੰਗਤਿ ਭੇਤ ਜਾਨ ਸਭਿ ਗਈ।

---

[1]ਪ੍ਰਿਥੀਏ ਦੀ ਗੁੱਸੇ ਵਾਲੀ ਗੱਲ ਸੁਣਕੇ।
[2]ਬ੍ਰਿਥਾ ਜਾਵੇਗਾ।
[3]ਹੋਰ ਕਿਸੇ ਨੂੰ ਲੈਣ ਤੋਂ ਹਟਾਵੇ।

ਨਹੀਂ ਉਪਾਇਨ ਕਰ੍ਯੋਹੂੰ ਦਈ।
ਸ਼੍ਰੀ ਅਰਜਨ ਕੇ ਪਾਇਨ[1] ਪੂਜਹਿਂ।
ਕਹਿ ਬਹੁ ਰਹੇ ਨ ਜਾਨਹਿਂ ਦੂਜਹਿ[2]- ॥੧੫॥
ਭਏ ਨਿਫਲ ਜਦ ਕਰੇ ਉਪਾਇ।
ਧਨ ਬਿਨ ਸੋਚਤਿ ਹੈਂ ਪਛੁਤਾਇ।
ਪੁਨਹ ਜਤਨ ਮਨ ਔਰ ਬਿਚਾਰਾ।
-ਇਸ ਥਲ ਚਲਹਿ ਨਹੀਂ ਹਮੁ ਚਾਰਾ ॥੧੬॥
ਜਾਇਂ ਵਿਲਾਇਤ ਕੋ ਬਿਨੁ ਕਹੇ[3]।
ਤਹਿਂ ਕੀ ਸੰਗਤਿ ਜੇਤਿਕ ਅਹੇ।
ਸਭਿ ਅਪਨਾਇ ਲੇਹਿਂ ਧਨ ਕਾਰ[4]।
ਸੰਮਤ ਬਿਖੈ ਪਿਖਹਿਂ ਇਕ ਬਾਰ[5] ॥੧੭॥
ਅਹੈਂ ਦੂਰ ਸੋ ਭੇਤ ਨ ਜਾਨਹਿਂ।
ਗੁਰ ਸੁਤ ਲਖਿ ਹਮ ਕੋ ਗੁਰ ਮਾਨਹਿਂ-।
ਇਮ ਬਿਚਾਰ ਕਰਿ ਕੀਨਸਿ ਤਯਾਰੀ।
ਨਹਿ ਪੁਰਿ ਮਹਿਂ ਕਿਸ ਪਾਸ ਬਿਥਾਰੀ ॥੧੮॥
ਮੌਨ ਕਰੇ ਬਾਹਰ ਚਢਿ ਚਾਲੇ।
ਹੋਯਹੁ ਧਨ ਕੋ ਲੋਭ ਬਿਸਾਲੇ।
ਕਿਤਿਕ ਦਿਵਸ ਮਹਿਂ ਲਖਿ ਗੁਰਦਾਸ।
-ਗਏ ਵਲਾਇਤ ਸੰਗਤਿ ਪਾਸ- ॥੧੯॥
ਲਿਖੇ ਹੁਕਮੁ ਨਾਮੇ ਇਨ ਸਾਰੇ।
ਦਾਸ ਦੂਰ ਗਾਮੀ ਸੁ ਹਕਾਰੇ[6]।
ਪਠੇ ਵਲਾਇਤ ਸੰਗਤਿ ਪਾਸ।
ਪਾਛੇ ਆਪ ਚਢ੍ਯੋ ਗੁਰਦਾਸ ॥੨੦॥
'ਗੁਰ ਕੀ ਕਾਰ ਨ ਦੇਵਹਿ ਕੋਈ।
ਗੁਰਤਾ ਤੇ ਖਾਰਜ ਹੈਂ ਦੋਈ।
ਜੋ ਸਤਿਗੁਰ ਕੋ ਸਿੱਖ ਕਹਾਵੈ।
ਸ਼੍ਰੀ ਅਰਜਨ ਕੇ ਨਿਕਟ ਪੁਚਾਵੈ' ॥੨੧॥

---

[1]ਚਰਨ।
[2](ਪ੍ਰਿਥੀਆ ਕਹਿੰਦਾ ਹੈ ਕਿ ਸਾਡੇ ਦਾਸ) ਕਹਿ ਰਹੇ (ਪਰ ਸੰਗਤ) ਨਹੀਂ ਜਾਣਦੀ ਦੂਸਰੇ ਨੂੰ।
[3]ਦਰ ਦੇਸਾਂ ਨੂੰ ਚੁਪ ਚਾਪ।
[4]ਸਭਨਾਂ ਨੂੰ ਆਪਨਾ ਬਣਾ ਕੇ ਧਨ ਦੀ ਭੇਟਾ ਲਈਏ।
[5]ਸਾਲ ਵਿਚ ਇਕ ਵਾਰ ਵੇਖ (ਮਿਲ) ਆਇਆ ਕਰੀਏ।
[6]ਦੂਸਰੇ ਦੇਸ਼ਾਂ ਦੇ ਵਾਸੀ ਬੁਲਾਏ।

ਕੁਛਕ ਕਾਰ ਦੋਇਨ ਉਗਰਾਹੀ।
ਦਰਬ ਬਟੋਰਤਿ ਹੈਂ ਨਿਜ ਪਾਹੀ।
ਤਬਿ ਲੌ ਗਏ ਹੁਕਮ ਪਰਵਾਨੇ।
ਪਠਿ ਸੰਗਤਿ ਨੇ ਸਭਿ ਪਹਿਚਾਨੇ ॥੨੨॥
ਇਕ ਬਿਰਾਟਿਕਾ[੧] ਕਿਨਹੁੰ ਨ ਦੀਨਿ।
ਭਏ ਸਭਿਨਿ ਤੇ ਆਸ਼ਾ ਹੀਨਿ।
ਬਹੁਰ ਜਾਇ ਭਾਈ ਗੁਰਦਾਸ।
ਗੁਰ ਕੀ ਕਾਰ ਲਈ ਸਭਿ ਪਾਸਿ ॥੨੩॥
ਅਰੁ ਸੰਗਤਿ ਕੋ ਲੈ ਕਰਿ ਸਾਥ।
ਆਨਿ ਪਹੂਚਯੋ ਢਿਗ ਗੁਰ ਨਾਥ।
ਪ੍ਰਿਥੀਆ ਮਹਾਂਦੇਵ ਭੀ ਆਏ।
ਅਨਿਕ ਬਾਤ ਕਹਿ ਰਾਰ ਉਠਾਏ ॥੨੪॥
ਝਗਰਾ ਕਰਯੋ ਮਿਲੇ ਦੁਇ ਭ੍ਰਾਤ।
ਹਮ ਗੁਜ਼ਰਾਨ ਹੇਤ ਕਿਤ ਜਾਤ[੨] ?
ਗੁਰ ਕੋ ਮਾਰਯੋ ਇਹੁ ਗੁਰਦਾਸ।
ਲੇਤਿ ਨ ਦੇਤਿ ਕਿਤਹੁੰ ਧਨ ਪਾਸ[੩] ॥੨੫॥
ਬਿਖੈ ਆਗਰੇ ਨਿਕਸਤਿ ਪ੍ਰਾਨ[੪]।
ਇਹੁ ਨਹੀ ਚਹੀਏ ਗੁਰ ਅਸਥਾਨ।
ਤਬਿ ਹਮ ਧਨ ਕੇ ਸਦ ਹੀ ਪਾਵਤਿ।
ਲੇਤਿ ਦੇਤਿ ਖਰਚਤਿ ਨਿਤਿ ਖਾਵਤਿ ॥੨੬॥
ਕਯੋਂ ਕਰਿ ਹਮ ਕਰਿਹੈਂ ਗੁਜ਼ਰਾਨ।
ਤੁਮ ਹੀ ਕੋ ਧਨ ਦੇਤਿ ਜਹਾਨ।
ਹਮ ਭੀ ਪੁੱਤ੍ਰ ਪਿਤਾ ਕੇ ਅਹੈਂ।
ਤਿਮ ਤੁਮ ਕਰਹੁ ਗੁਜਾਰੋ ਲਹੈਂ[੫] ॥੨੭॥
ਨਾਤੁਰ ਭਲੀ ਬਾਤ ਇਹੁ ਨਾਂਹੀ।
ਜਾਇਂ ਪੁਕਾਰੂ ਛਿਤਪਤਿ ਪਾਹੀਂ[੬]।
ਸ਼੍ਰੀ ਅਰਜਨ ਢਿਗ ਨਰ ਬਹੁ ਆਏ।

---

[੧]ਕੌਡੀ।
[੨]ਕਿਤੇ ਬੀ ਜਾਈਏ।
[੩]ਕਿਸੇ ਪਾਸੋਂ।
[੪]ਇਹ ਆਗਰੇ ਵਿਚ ਹੀ ਮਰ ਜਾਂਦਾ।
[੫]ਉਸ ਤਰ੍ਹਾਂ ਕਰੋਂ ਜਿਵੇ (ਅਸੀਂ ਵੀ) ਗੁਜ਼ਾਰਾ ਲਈਏ।
[੬]ਬਾਦਸ਼ਾਹ ਪਾਸ।

ਕਹਯੋ ਦੁਹਨਿ ਕੋ ਸਕਲ ਸੁਨਾਏ ॥੨੮॥
ਤਬਿ ਗੁਰਦਾਸ ਆਦਿ ਹੈਂ ਜੇਈ।
'ਕਛੁ ਇਨ ਦਿਹੁ' ਸਮਝਾਵਹਿਂ ਤੇਈ।
ਦੁਇ ਦਿਸ਼ ਮਹਿਂ ਫਿਰ ਕਰਿ ਬਹੁ ਬਾਰ।
ਚਾਹਤਿ ਭਏ ਮਿਟਾਵਨ ਗਾਰ ॥੨੯॥
ਕਛੁਕ ਦੁਕਾਨਨ ਕੋ ਤਹਿਂ ਭਾਰਾ[੧]।
ਅਰੁ ਜਗਾਤ ਜੋ ਆਇ ਬਜਾਰਾ[੨]।
ਸੋ ਸਭਿ ਪ੍ਰਿਥੀਏ ਕੋ ਤਬਿ ਦੀਨ।
ਚੌਂਕ ਪਾਸੀਆਂ[*] ਕੋ ਜਹਿਂ ਚੀਨ ॥੩੦॥
ਮਹਾਂਦੇਵ ਕੋ ਸੋ ਥਲ ਦਯੋ।
ਧਨ ਜਗਾਤ[੪] ਕੋ ਤਿਸ ਨੇ ਲਯੋ।
ਇਮ ਦੋਨਹੁ ਕੋ ਹਿਤ ਗੁਜ਼ਰਾਨ।
ਲੇ ਕਰਿ ਕਰਹਿਂ ਨਿਬਾਹਨ ਖਾਨ ॥੩੧॥
ਪੂਜਾ ਸੰਗਤਿ ਕੀ ਸਭਿ ਜੋਇ।
ਸ਼੍ਰੀ ਸਤਿਗੁਰ ਅਰਜਨ ਕੀ ਸੋਇ।
ਚਲਨ ਲਗਯੋ ਐਸੇ ਬਿਵਹਾਰ।
ਤੀਨਹੁ ਭ੍ਰਾਤ ਮੇਲ ਕੋ ਧਾਰਿ ॥੩੨॥
ਰਾਮਦਾਸ ਪੁਰਿ ਬਾਸ ਕਰੰਤੇ।
ਦੁਰਯੋ ਸ਼ਰੀਕਾ ਕਰਿ ਬਰਤੰਤੇ[੩]।
ਸ਼੍ਰੀ ਗੁਰ ਅਰਜਨ ਸਰਲ ਸਧੀਰ।
ਸਮਚਿਤ[੪] ਬਿਨਾ ਬਿਕਾਰ ਸਰੀਰ ॥੩੩॥
ਪ੍ਰਿਥੀਆ ਕੁਟਲਿਪਨੋ[੫] ਨਿਤ ਕਰੈ।
ਤਊ ਨ ਕੁਛ ਕੈਸੇ ਉਰ ਧਰੈ[੬]।
ਸਭਿ ਸੋਂ ਬਰਤਤਿ ਹੈਂ ਮਨ ਨੀਕੇ।
ਨਹਿਂ ਜਾਨਹਿਂ ਕੁਛ ਧਰਨ ਸ਼ਰੀਕੇ[੭] ॥੩੪॥

---

[੧]ਕਿਰਾਇਆ।
[੨]ਬਜ਼ਾਰ ਦਾ ਮਸੂਲ।
[*] ਇਹ ਬਾਜ਼ਾਰ ਹੁਣ ਤੱਕ ਸ਼੍ਰੀ ਅੰਮ੍ਰਿਤਸਰ ਵਿਚ ਇਸੇ ਨਾਮ ਤੇ ਹੈ।
[੩](ਪਰ ਦੋਵੇਂ) ਲੁਕ ਕੇ ਸ਼ਰੀਕਾ ਭਾਵ ਦਾ ਵਰਤਾਉ ਵਰਤ ਲੈਂਦੇ ਹਨ।
[੪]ਸ਼ਾਂਤ ਚਿਤ।
[੫]ਖੁਟਿਆਈ।
[੬]ਭਾਵ ਸ਼੍ਰੀ ਗੁਰੂ ਅਰਜਨ ਜੀ ਦਿਲ ਤੇ ਕੁਛ ਨਹੀਂ ਲਿਆਉਂਦੇ।
[੭]ਸ਼ਰੀਕਾ ਕਰਨਾ।

ਕੇਤਿਕ ਸਮਾ ਬਿਤੀਤਯੋ ਜबै।
ਪ੍ਰਿਥੀਏ ਕੇ ਸੁਤ ਉਪਜਯੋ ਤਬੈ।
ਮਿਹਰਵਾਨ ਤਿਹ ਨਾਮ ਬਖਾਨਾ।
ਭਈ ਬਧਾਈ ਅਨੰਦ ਮਹਾਂਨਾ ॥੩੫॥
ਕਿਤਿਕ ਮਾਸ ਕੋ ਪਿਖਿ ਸੁਖ ਪਾਵਹਿ।
ਸ੍ਰੀ ਗੁਰ ਅਰਜੁਨ ਢਿਗ ਲੇ ਆਵਹਿ।
ਕਰਹਿਂ ਪ੍ਰੇਮ ਇਵ ਲੇਵਹਿਂ ਗੋਦ।
ਅਧਿਕ ਦੁਲਾਰਹਿਂ ਵਧਹਿ ਪ੍ਰਮੋਦ[1] ॥੩੬॥
ਸਰਲ ਸੁਭਾਉ ਜਾਨਿ ਕਰਿ ਆਛੇ।
ਸਭਿ ਕੋ ਭਲੋ ਹੋਨਿ ਉਰ ਬਾਂਛੇ।
ਅਧਿਕ ਸਨੇਹ ਸਨੇ ਸਿਸ ਸਾਥਾ।
ਆਨਹਿ ਨਿਤਿ ਪ੍ਰਤਿ ਢਿਗ ਗੁਰ ਨਾਥਾ ॥੩੭॥
ਸੰਮਤ ਬੀਤਯੋ ਵਧਯੋ ਸਰੀਰ।
ਖੇਲਹਿ ਆਨਿ ਗੁਰੂ ਕੇ ਤੀਰ।
ਨਿਤ ਸਨੇਹ ਕਰਿ ਬਹੁਤ ਦੁਲਾਰਹਿਂ।
ਗਹੈਂ ਭੁਜਾ ਨਿਜ ਅੰਕ[2] ਬਿਠਾਰਹਿਂ ॥੩੮॥
ਨਿਜ ਢਿਗ ਤੇ ਭੂਖਨ ਘਰਿਵਾਏ।
ਸੁੰਦਰ ਕੰਚਨ ਕੇ ਪਹਿਰਾਏ।
ਤਥਾ ਬਸਤ੍ਰ ਆਛੇ ਪਹਿਰਾਏ।
ਗੋਟਾ ਊਪਰ ਤਿਨਹੁਂ ਲਗਾਏ ॥੩੯॥
ਜਿਮ ਨਿਜ ਸੁਤ ਕੋ ਜਾਨਹਿ ਤੈਸੇ।
ਪ੍ਰਿਥੀਆ ਕਰਹਿ ਬਿਲੋਕਨ ਐਸੇ।
ਨਿਜ ਤ੍ਰਿਯ ਸਾਥ ਬਖਾਨਹਿ ਕਬੈ।
'ਹਮ ਹੀ ਮਾਲਿਕ ਵਸਤੂ ਸਬੈ ॥੪੦॥
ਸ੍ਰੀ ਅਰਜਨ ਕੇ ਹੁਇ ਸੁਤ ਨਾਂਹੀ।
ਲਖਿਯਤਿ ਗੁਰਤਾ ਹ੍ਵੈ ਹਮ ਪਾਹੀ।
ਹਮਰੇ ਸੁਤ ਕੋ ਲਾਡ ਲਡਾਵਹਿ।
ਬਸਨ ਬਿਭੂਖਨ ਸਭਿ ਪਹਿਰਾਵਹਿਂ ॥੪੧॥
ਇਨ ਕੋ ਦੇਹਿ ਅੰਤ ਜਬਿ ਹੋਇ।
ਹਮ ਕੋ ਹੀ ਪੂਜਹਿ ਸਭਿ ਕੋਇ।

---
[1]ਅਨੰਦ।
[2]ਗੋਦ।

ਗੁਰਤਾ ਗਈ ਬਹੁਰ ਕਰ ਪਾਵੈਂ।
ਬੰਸ ਹਮਾਰੋ ਜਗ ਬਿਰਧਾਵੈ' ॥੪੨॥
ਧਰਹਿ ਕੁਟਿਲਤਾ ਇਸ ਤੇ ਆਦਿ।
ਨਿਜ ਨੰਦਨ ਤੇ ਹੁਇ ਅਹਿਲਾਦਿ।
ਪ੍ਰਭੁ ਕੀ ਗਤਿ ਕੋ ਜਾਨਤਿ ਨਾਂਹੀ।
ਰਚਹਿ ਅਪਰ ਅਪਰੈ ਬਨ ਜਾਹੀ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਮਿਹਰਵਾਨ ਜਨਮ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

੩੦. [ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ]

੨੯<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੧

ਦੋਹਰਾ: ਰਾਮਦਾਸ ਗੁਰ ਪਿਤਾ ਕੋ,
ਸਿਮਰਤਿ ਬਾਕ ਹਮੇਸ਼।
-ਸ਼੍ਰੀ ਅੰਮ੍ਰਿਤ ਸਰ ਬਨਹਿ ਜਿਮ,
ਹੋਹਿ ਜਿ ਦਰਬ ਵਿਸ਼ੇਸ਼- ॥੧॥
ਚੌਪਈ: ਇਕ ਦਿਨ ਬੈਠੇ ਸਭਾ ਮਝਾਰੀ।
ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਸਰਬ ਸਿੱਖ ਹੁਇਂ[1] ਪਰ ਉਪਕਾਰੀ।
ਇਸ ਸਮ ਅਪਰ ਨ ਪੁੰਨ ਉਦਾਰੀ ॥੨॥
ਜੇ ਉਪਕਾਰ ਕਰਤਿ ਨਿਤ ਰਹੈਂ।
ਤਿਨਹੁਂ ਨਿਰੰਤਰ ਆਨੰਦ ਲਹੈਂ।
ਅਨਿਕ ਰੀਤਿ ਕੇ ਪਰ ਉਪਕਾਰ।
ਪੁੰਨੀ ਕਰਤੇ ਜਗਤਿ ਮਝਾਰ ॥੩॥
ਸਭਿ ਤੇ ਉੱਤਮ ਕੂਪ ਲਗਾਵਨਿ।
ਪ੍ਰਾਨੀ ਅਨਿਕ ਕਰਹਿ ਸੁਖ ਪਾਵਨਿ।
ਇਸ ਤੇ ਉੱਤਮ ਸਿਰਜਨ ਤਾਲਾ।
ਨਰ ਪਸੁ ਪੰਛੀ ਸੁਖ ਲਹਿਂ ਜਾਲਾ ॥੪॥
ਇਸ ਤੇ ਉੱਤਮ ਤੀਰਥ ਹੇਤ।
ਚਹੁਂ ਦਿਸ਼ ਤੇ ਸੁਪਾਨ ਕਰਿ ਦੇਤਿ।
ਕਰਹਿਂ ਸ਼ਨਾਨ ਦਾਨ ਤਹਿ ਆਇ।
ਤਿਸ ਕੋ ਫਲ ਬਡ ਆਨੰਦ ਪਾਇ ॥੫॥
ਤੀਰਥ ਮਹਿਂ ਤੀਰਥ ਗੁਰ ਕੇਰਾ।
ਮਹਾਂ ਮਹਾਤਮ ਸਭਿਨਿ ਉਚੇਰਾ।
ਗੁਰੁਨਿ ਬਿਖੈ ਸ਼੍ਰੀ ਨਾਨਕ ਗੁਰੂ।
ਬਚਨ ਸਿੰਘ ਅੱਗਯਾਨਹਿ ਰੁਰੂ[2] ॥੬॥
ਤਿਨ ਗਾਦੀ ਪਰ ਪਿਤਾ ਹਮਾਰੇ।
ਸੁਨਹੁ ਬਾਕ ਤਿਨ ਜਥਾ ਉਚਾਰੇ।
ਚਿਰੰਕਾਲ ਕੋ ਤੀਰਥ ਏਹੀ।
ਸ਼੍ਰੀ ਪਤਿ ਆਨਿ ਬਾਸ ਕੋ ਲੇਹੀ ॥੭ ॥ {ਵਿਸ਼ੇਸ਼ ਟੂਕ}

---

[1]ਹੋਣ।
[2]ਹਰਨ [ਸੰਸ: ਰੁਰੁ: = ਕਾਲਾ ਹਰਨ] ਜਿਨ੍ਹਾਂ ਦੇ ਬਚਨ ਸ਼ੇਰ ਹਨ ਅਗਯਾਨ ਰੂਪੀ ਹਰਨ ਨੂੰ (ਮਾਰਨ ਵਾਸਤੇ)।

ਸਰਬ ਦੇਵਤਾ ਕੋ ਹੁਇ ਬਾਸ।
ਜਹਿਂ ਸਤਿਸੰਗਤਿ ਕਰਹਿ ਬਿਲਾਸ।
ਮਹਾਂ ਮਹਾਤਮ ਇਸ ਥਲ ਕੇਰਾ।
ਅਪਰ ਨ ਜਿਸ ਕੇ ਸਮ ਕਿਤ ਹੇਰਾ ॥੮॥
ਰਚਜੋ ਚਹੈਂ ਤੀਰਥ ਅਬਿ ਸੋਈ।
ਸਰੈ ਕਾਰ ਜੇ ਧਨ ਗਨ ਹੋਈ।
ਸੋ ਧਨ ਭੂਪਨਿ ਕੇ ਹੁਇ ਪਾਸ।
ਯਾਂ ਤੇ ਸੁਨਹੁਂ ਸਿੱਖ ਤੁਮ ਰਾਸ ॥੯॥
ਨ੍ਰਿਪ ਹਿੰਦੂ ਹੈਂ ਪਰਬਤ ਬਾਸੀ।
ਅਪਰ ਨਹੀਂ ਕੋ ਹਮਰੇ ਪਾਸੀ।
ਐਸੋ ਸਿੱਖਜ ਹੋਹਿ ਤੁਮ ਮਾਂਹੀ।
ਗਮਨੈ ਕਿਤ ਅਚਲੇਸੁਰ ਪਾਹੀ[1] ॥੧੦॥
ਤਹਿਂ ਤੇ ਦਰਬ ਜਾਇ ਕਰਿ ਲ੍ਯਾਵੈ[*]।
ਪੁਨ ਗੁਰੁ ਬਚ ਤੇ ਸਰ ਬਨਿਵਾਵੈ।'
ਸੁਨਿ ਸਿੱਖਨ ਕਰ ਜੋਰ ਉਚਾਰਾ।
'ਗੁਰਸਿੱਖੀ ਮਗ ਤਿਨਹੁਂ ਨ ਧਾਰਾ ॥੧੧॥
ਕੈਸੇ ਦੇਹਿਂ ਤੇ ਦਰਬ ਕੋ ਸੋਈ?
ਅਜ਼ਮਤਿ ਜਿਨਹੁਂ ਨ ਦੇਖੀ ਕੋਈ।
ਹੋਹਿ ਨੰਮ੍ਰਿ ਕਿਮ ਪੂਜਾ ਕਰੈਂ।
ਜਾਵਤ[2] ਗੁਰੁ ਜਸ ਰਿਦੇ ਨ ਧਰੈਂ ॥੧੨॥
ਪਾਹਨ ਕੀ ਪੂਜਾ ਮਹਿਂ ਲਾਗੇ।
ਕਹੇ ਦਿਜਨ[3] ਕੇ ਤਿਹ ਅਨੁਰਾਗੇ।'
ਸ੍ਰੀ ਅਰਜਨ ਪੁਨ ਭਨਜੋ ਸਭਿਨਿ ਮੈਂ।
'ਉੱਦਮ ਕਰਹਿਂ ਜੁ ਤਾਲ ਲਗਨ ਮੈਂ ॥੧੩॥
ਤਿਨ ਕੇ ਗੁਰੂ ਹੁਇੰ ਸਦਾ ਸਹਾਈ।

---

[1]ਪਹਾੜੀ ਰਾਜੇ ਪਾਸ।

[*]ਭਾਈ ਕੱਲਜਾਨੇ ਦੀ ਕਥਾ ਮਹਿਮਾਂ ਪ੍ਰਕਾਸ਼ ਵਿਚ ਨਹੀਂ ਤੇ ਨਾਂ ਹੀ ਤਵਾਰੀਖ ਖਾ: ਵਿਚ ਹੈ। ਸਾਖੀ ਤਾਂ ਪਰੰਪਰਾ ਵਿਚ ਹੈਸੀ, ਪਰੰਤੂ ਏਹ ਕਾਰਣ ਕਿ ਕੇਵਲ ਦਰਬ ਲੈਣ ਦੀ ਖਾਤਰ ਸਤਿਗੁਰਾਂ ਨੇ ਘੱਲਿਆ ਠੀਕ ਨਹੀਂ ਹੈ। ਸਰਬ ਰਿੱਧੀਆਂ ਸਿੱਧੀਆਂ ਦੇ ਮਾਲਕਾਂ ਨੂੰ ਦਰਬ ਦੀ ਕੀ ਪਰਵਾਹ ਸੀ? ਹਾਂ ਲਕੜੀ ਆਦਿ ਘਰਾਂ ਵਾਸਤੇ ਲੈਣ ਗਏ ਯਾ ਉਂਵ ਪ੍ਰਚਾਰ ਹਿਤ ਪਹਾੜ ਗਏ, ਭਾਈ ਕੱਲਜਾਨੇ ਦੇ ਵਾਕ ਪ੍ਰਤਾਪ ਨਾਲ ਰਾਜਾ ਸਿਖ ਹੋਕੇ ਆਇਆ ਤੇ ਸੇਵਾ ਕਰਕੇ ਸੁਭਾਗੀ ਹੋਇਆ, ਇਉਂ ਸਾਖੀ ਹੋਈ ਸਹੀ ਹੁੰਦੀ ਹੈ।

[2]ਜਦ ਤੀਕ।

[3]ਪੰਡਤਾਂ।

ਦੁਹਿਂ ਲੋਕਨ ਮਹਿਂ ਦੇਂ ਵਡਿਆਈ।
ਜਹਾਂ ਕਾਰ ਪਰਿ ਹੈ ਅਸ ਆਇ।
ਗੁਰੂ ਹਿਤ ਧਰਿ ਕਰਿ ਦੇ ਪੁਰਵਾਇ' ॥੧੪॥
ਸਭਾ ਬੀਚ ਇਮ ਬਾਕ ਬਖਾਨਾ।
ਹਾਥ ਜੋਰਿ ਕਰਿ ਸਿਖ ਕੱਲਜਾਨਾ।
'ਪ੍ਰਭੁ ਜੀ! ਰਾਵਰਿ ਆਇਸੁ ਹੋਇ।
ਗਮਨਹਿ ਦਾਸ ਕਰਹਿ ਕ੍ਰਿਤ ਸੋਇ ॥੧੫॥
ਰਹਹੁ ਸਹਾਇਕ ਤੁਮ ਸਭਿ ਕਾਲਾ।
ਪੁਰਹੁ ਆਪ ਹੂੰ ਕਾਜ ਬਿਸਾਲਾ।
ਬਨੌਂ ਬਹਾਨਾ ਮੈਂ ਚਲਿ ਜਾਊਂ।
ਤੁਮਹਿ ਭਰੋਸੇ ਕਰਿ ਕ੍ਰਿਤ ਆਊਂ' ॥੧੬॥
ਇਮ ਕਹਿ ਕਰਿ ਭਾਈ ਕੱਲਜਾਨਾ*।
ਉੱਦਮ ਕਰਨ ਭਯੋ ਸਵਧਾਨਾ।
ਸ਼੍ਰੀ ਅਰਜਨ ਕੀ ਆਗਜਾ ਲੈ ਕੇ।
ਗਮਨ ਕੀਨ ਪਗ ਬੰਦਨ ਕੈ ਕੇ ॥੧੭॥
ਉੱਤਰ ਦਿਸ਼ ਕੋ ਸਨਮੁਖ ਕਰਿ ਕੈ।
ਜਾਤਿ ਭਯੋ ਸਤਿਗੁਰੂ ਸਿਮਰਿ ਕੈ।
ਸਨੇ ਸਨੇ ਮੰਡੀ ਚਲਿ ਆਯੋ।
ਪੁਰੀ ਪ੍ਰਵੇਸ਼ ਹੇਰਿ ਮਨ ਭਾਯੋ[1] ॥੧੮॥
ਨਿਜ ਸੁਖ ਪਿਖਿ ਥਲ ਡੇਰਾ ਕੀਨ।
ਨਿਸ ਮਹਿਂ ਕਰਿ ਬਿਸਰਾਮੁ ਪ੍ਰਬੀਨ।
ਚਿਤਵਹਿ ਚਿਤ ਮਹਿਂ ਅਨਿਕ ਉਪਾਇ।
-ਕਿਮ ਗੁਰੁ ਕੋ ਮਾਨਹਿ ਨਰਰਾਇ ॥੧੯॥
ਜਿਸ ਤੇ ਅਰਪਹਿ ਦਰਬ ਬਿਸਾਲ।
ਸੁੰਦਰ ਬਨਹਿ ਸੰਪੂਰਨ ਤਾਲ।
ਕਾਰਜ ਮਹਾਂ ਹੋਇ ਉਪਕਾਰੂ।
ਮਮ ਆਵਨਿ ਹੁਇ ਸਫਲੁ ਉਦਾਰੂ- ॥੨੦॥
ਕਿਤਿਕ ਦਿਵਸ ਤਹਿਂ ਬਸਤਿ ਬਿਤਾਏ।
ਮਿਲਿਨ ਭੂਪ ਕੋ ਘਾਤਿ[2] ਨ ਪਾਏ।
ਜਨਮ ਅਸ਼ਟਮੀ ਕੋ ਦਿਨ ਆਵਾ।

---

[1]ਪ੍ਰਵੇਸ਼ ਕੀਤਾ ਤੇ ਦੇਖ ਕੇ ਮਨ ਨੂੰ ਚੰਗੀ ਲਗੀ।
[2]ਮੌਕਾ, ਸਮਾਂ।

ਨਗਰ ਸਗਰ ਨਰ ਬਰਤ ਰਖਾਵਾ ॥੨੧॥
ਨ੍ਰਿਪ ਕੀ ਆਗਜਾ ਪੁਰਿ ਮਹਿਂ ਹੋਈ।
'ਠਾਕਰ ਬਰਤ ਰਖਹਿ ਸਭਿ ਕੋਈ।
ਪ੍ਰਾਤ ਭਈ ਤੇ ਸਭਿ ਚਲਿ ਜਾਵਹੁ।
ਸਾਲਗਰਾਮ ਦਰਸ ਕੋ ਪਾਵਹੁ ॥੨੨॥
ਚਰਣਾਮ੍ਰਿਤ ਤੇ ਬਰਤ ਉਪਾਰਹੁ।
-ਕ੍ਰਿਸ਼ਨ ਕ੍ਰਿਸ਼ਨ- ਮੁਖ ਨਾਮ ਸੰਭਾਰਹੁ।'
ਪੁਰਿ ਨਰ ਸਭਿਨਿ ਕਰੀ ਕ੍ਰਿਤ ਸੋਈ।
ਭੋਜਨ ਕਰਤਿ ਭਯੋ ਨਹਿਂ ਕੋਈ ॥੨੩॥
ਜਾਗ੍ਰਨ ਕੀਨਿ ਜਾਮਨੀ ਸਾਰੀ।
ਉਤਸਵ ਹੋਯਸਿ ਪੁਰੀ ਮਝਾਰੀ।
ਪ੍ਰਾਤਿ ਭਈ ਸਭਿ ਠਾਕੁਰ ਦ੍ਵਾਰੇ।
ਚਰਣਾਂਮ੍ਰਿਤ ਲੇ ਮੁਖ ਮਹੁਂ ਧਾਰੇ ॥੨੪॥
ਜਥਾ ਜੋਗ ਕੀਨਸਿ ਨਰ ਸਭਿਹੂੰ।
ਗੁਰੁ ਕੋ ਸਿੱਖ ਨ ਮਾਨੀ ਤਬਿਹੂੰ।
ਨਹਿਂ ਬ੍ਰਤ ਕੀਨ ਨ ਮੰਦਰ ਗਯੋ।
ਨਹਿਂ ਚਰਣਾਂਮ੍ਰਿਤ ਧਾਰਨ ਕਯੋ ॥੨੫॥
ਜਾਮ ਜਾਮਨੀ ਕਰਹਿ ਸ਼ਨਾਨ।
ਪਠਹਿ ਗੁਰੁ ਕੇ ਸ਼ਬਦ ਮਹਾਨ।
ਭੋਜਨ ਅਲਪ ਅਚਹਿ ਇਕ ਕਾਲੁ।
ਸਤਿਗੁਰ ਸਿਮਰਹਿ ਸ਼ਰਧਾ ਨਾਲੁ ॥੨੬॥
ਨਿਕਟ ਜਿ ਨਰ ਪਿਖਿ ਕਰਿ ਤਿਸ ਚਾਲੀ।
ਬੂਝਯੋ 'ਬਰਤ ਨ ਕੀਨਸਿ ਕਾਲੀ[1]?
ਆਜ ਨ ਗਮਨਯੋ ਠਾਕੁਰ ਦ੍ਵਾਰੇ?
ਨਹਿਂ ਚਰਣਾਂਮ੍ਰਿਤ ਲੀਨ ਸਕਾਰੇ[2]?' ॥੨੭॥
ਸੁਨਿ ਸਭਿ ਤੇ ਭਾਈ ਕੱਲਜਾਨਾ।
ਮਧੁਰ ਬਾਕ ਤਿਨ ਸੰਗ ਬਖਾਨਾ।
'ਪੁਰਖ ਜਾਗਤੋ ਠਾਕੁਰ ਮੇਰੋ।
ਜੋ ਬੋਲੇ ਸੁਖ ਦੇਤਿ ਘਨੇਰੋ ॥੨੮॥
ਪਾਹਨ ਜੜ੍ਹ ਕੀ ਸੇਵਾ ਬਾਦਿ।

---

[1]ਬਰਤ ਕਲ੍ਹ ਨਹੀਂ ਕੀਤਾ ਤੂੰ।
[2]ਸਵੇਰੇ।

ਖਾਇ ਨ ਬੋਲਹਿ ਨਹਿਂ ਅਹਿਲਾਦਿ।
ਤੁਮ ਕਬਿ ਕਬਿ ਬ੍ਰਤ ਧਾਰਨ ਕਰੋ।
ਮਹਾਂ ਬਿਕਾਰਨ ਕੋ ਪਰਹਰੋ ॥੨੯॥
ਹਮਰੇ ਗੁਰੁ ਕੇ ਸਿਖ ਹੈਂ ਜੇਈ।
ਅਲਪ ਅਹਾਰ ਬਰਤਿ ਨਿਤ ਸੇਈ।
ਕਾਮ ਕ੍ਰੋਧ ਕੋ ਸੰਜਮੁ ਸਦਾ।
ਪ੍ਰਭੁ ਸਿਮਰਨ ਮੈਂ ਲਾਗ੍ਯੋ ਰਿਦਾ' ॥੩੦॥
ਇੱਤ੍ਯਾਦਿਕ ਸੁਨਿ ਕੈ ਨਰ ਸਾਰੇ।
ਹਸਹਿਂ ਪਰਸਪਰ ਤਰਕ ਉਚਾਰੇਂ।
'ਇਹ ਮੂਰਖ ਕਛੁ ਜਾਨੈ ਨਾਂਹੀ।
ਸਾਲਗਰਾਮ ਨਿੰਦ ਕੋ ਪ੍ਰਾਹੀ ॥੩੧॥
ਪਾਹਨ ਕੇਰ ਸਮਾਨ ਬਖਾਨਹਿ।
ਨਹਿਂ ਮਹਿਮਾ ਕੋ ਮਨ ਮਹਿਂ ਮਾਨਹਿ*।'
ਬਿਦਤ ਬਾਤ ਪੁਰਿ ਮੈਂ ਭਈ ਸਾਰੇ।
ਮਹਿਪਾਲਕ ਢਿਗ ਜਾਇ ਉਚਾਰੇ ॥੩੨॥
'ਇਕ ਬਿਦੇਸ਼ੀ ਨਰ ਪੁਰਿ ਆਯੋ।
ਹਿੰਦੁ ਜਨਮ ਉਰ ਧਰਮ ਨ ਭਾਯੋ।
ਸਾਲਗਰਾਮਹਿਂ ਤਰਕ ਕਰੰਤਾ।
ਕਹਿ -ਪਾਥਰ, ਬ੍ਰਤ ਨਹੀਂ ਧਰੰਤਾ- ॥੩੩॥
ਗੁਰੁ ਗੁਰੁ ਜਪਹਿ, ਨ ਮਾਨਹਿਂ ਆਨ।
ਤੁਮਰੀ ਆਗ੍ਯਾ ਧਰੀ ਨ ਕਾਨਿ।
ਨਿਰਭੈ ਬੋਲਤਿ ਸਭਿ ਕੇ ਸਾਥ।
ਮਨਹੁਂ ਮੁਕਤਿ ਪਾਈ ਇਨ ਹਾਥ' ॥੩੪॥
ਇੱਤ੍ਯਾਦਿਕ ਨ੍ਰਿਪ ਸੁਨਿ ਕੈ ਕ੍ਰੋਧਾ।
ਕਹ੍ਯੋ 'ਬੁਲਾਵਹੁ ਕ੍ਯਾ ਤਿਸ ਬੋਧਾ?
ਕਿਮ ਦੁਰਮਤਿ ਕੋ ਧਰਿ ਕਰਿ ਕਹੈ।
ਬਿਨ ਠਾਕੁਰ ਤਿਹਿਂ ਕੋ ਗੁਰੁ ਅਹੈ?' ॥੩੫॥
ਇਕ ਨਰ ਆਇ ਹਕਾਰ੍ਯੋ ਤਾਂਹੀ।
ਲੇ ਕਰਿ ਸੰਗ ਗਯੋ ਨ੍ਰਿਪ ਪਾਹੀ।
ਕਰਿ ਬੰਦਨ ਬੈਠ੍ਯੋ ਢਿਗ ਜਾਇ।
ਜਿਸ ਥਲ ਸਭਾ ਲੋਕ ਸਮੁਦਾਇ ॥੩੬॥

* ਪਾ:-ਆਨਹਿ।

ਪਿਖਿ ਮਹਿਪਾਲਕ ਰਿਸ ਕਰਿ ਕਹੈ।
'ਭੋ ਨਰ! ਕੌਨ ਦੇਸ਼ ਤੂੰ ਰਹੈਂ?
ਕਿਸ ਗੁਰ ਨੇ ਤੋ ਕਹੁ ਉਪਦੇਸ਼ਾ?
ਕੌਨ ਧਰਮ ਕੋ ਧਾਰਜੋ ਬੇਸਾ?' ॥੩੭॥
ਸੁਨਿ ਕੈ ਤਬਿ ਕੱਲਜਾਨਾ ਭਾਈ।
ਕਹੀ ਗਾਥ ਨ੍ਰਿਪ ਕੇ ਅਗੁਵਾਈ।
'ਸ਼੍ਰੀ ਨਾਨਕ ਜਗ ਬਿਦਤਿ ਬਿਸਾਲਾ।
ਤਿਨ ਗਾਦੀ ਊਪਰ ਇਸ ਕਾਲਾ ॥੩੮॥
ਸ਼੍ਰੀ ਗੁਰ ਅਰਜਨ ਪੂਰਨ ਅਹੈਂ।
ਤਿਨ ਕੇ ਸਿਖ ਹਮੁ ਬਾਂਛਤਿ ਲਹੈਂ।
ਦੁਹਿ ਲੋਕਨ ਸੁਖ ਦੇਂ ਉਪਦੇਸ਼।
ਤਿਨ ਕੀ ਬਾਨੀ ਪਠਹਿਂ ਹਮੇਸ਼ ॥੩੯॥
ਯਾਂ ਤੇ ਹਮ ਪਾਹਨ ਨਹਿਂ ਮਾਨਹਿਂ।
ਦੇਖਹਿ[1], ਸੁਨਹਿ, ਨ ਖਾਇ, ਬਖਾਨਹਿ।
ਕਜਾ ਪ੍ਰਸੰਨ ਹੁਇ ਤਿਸ ਨੇ ਦੇਨਾ।
ਤਾਂ ਕੀ ਸੇਵ ਕਰੇ ਕਜਾ ਲੇਨਾ ॥੪੦॥
ਜੋ ਸਭਿ ਜੀਵਨ ਕੋ ਹੈ ਜੀਵ।
ਜਿਸ ਅਲੰਬ ਚੇਤਨਤਾ ਥੀਵ।
ਸਗਰੇ ਜਗ ਕੋ ਜੋ ਨਿਜ ਦਾਤਾ।
ਸੋ ਤੁਮ ਨੇ ਪਾਹਨ ਕਰਿ ਜਾਤਾ ॥੪੧॥
ਜਿਮ ਅਵਨੀ ਸਭਿ ਕੋ ਸੁਲਤਾਨ।
ਤਿਸ ਕੋ ਮੂਢ ਕਰਹਿ ਸਨਮਾਨ।
ਘਾਸ ਡਸਾਇ ਬਸਾਵਨਿ ਕੀਆ।
-ਆਵਹੁ ਇਹਾਂ ਬੈਠੀਅਹਿ ਮੀਆਂ- ॥੪੨॥
ਤਿਮ ਤੁਮਰੋ ਮਤਿ, ਕਰਹੁ ਵਿਚਾਰਨ[2]।
ਪ੍ਰਭੁ ਕੋ ਪਾਹਨ ਕਰਹੁ ਉਚਾਰਨ।
ਰਹਜੋ ਜੁ ਰਮ[3] ਜਲ ਥਲ ਮਹਿਂ ਰਾਮ।
ਇਤ ਉਤ ਦੁਹਿ ਲੋਕਨ ਵਿੱਸ਼੍ਰਾਮ[4] ॥੪੩॥

---

[1](ਜੋ ਪੱਥਰ ਕਿ) ਨਾ ਦੇਖਦਾ ਨਾ.....।
[2]ਤਿਵੇਂ ਤੁਹਾਡੀ ਬੁੱਧੀ (ਯਾ ਮਤ) ਹੈ ਵਿਚਾਰ ਕਰੋ।
[3]ਵਿਆਪ।
[4]ਟਿਕਾਣਾ ਕਰਕੇ।

ਸਰਬ ਚਰਾਚਰ ਮਹਿਂ ਰਹਿ ਬਜਾਪੇ।
ਤੀਨਹੁਂ ਕਾਲ ਬਿਖੇ ਥਿਰ ਆਪੇ।
ਤੀਨ ਲੋਕ ਪਤਿ ਮਹਿਦ ਮਹਾਂਨਾ[1]।
ਅਪਰ ਨ ਪੱਜਤਿ ਜਾਸੁ ਸਮਾਨਾ ॥੪੪॥
ਲਘੁ ਪਾਹਨ ਮਹਿਂ ਕਲਪਹੁ ਸੋਈ।
ਪ੍ਰਭੁ ਪ੍ਰਸੰਨ ਤੁਮ ਪਹਿ ਕਿਮ ਹੋਈ?
ਜਾਗਤਿ ਪੁਰਖੁ ਸੁ ਗੁਰੂ ਹਮਾਰੋ।
ਸਦਾ ਸਹਾਇਕ ਤਾਂਹਿ ਬਿਚਾਰੋ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਨ੍ਰਿਪ ਕੋ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

ਵਿਸ਼ੇਸ਼ ਟੂਕ: ਸ਼੍ਰੀ ਪਤਿ = ਮਾਯਾ ਦਾ ਪਤੀ ਪਰਮੇਸ਼ੁਰ, ਕੁਦਰਤ ਦਾ ਕਾਦਿਰ ਵਾਹਿਗੁਰੂ। ਇਸਦਾ ਅਰਥ ਵਿਸ਼ਨੂੰ ਨਹੀਂ ਕਿਉਂਕਿ ਅੱਗੇ ਚੱਲਕੇ ਇਸੇ ਰਾਸ ਦੇ ਅੰਸੂ ੫੨ ਅੰਕ ੭ ਵਿਚ ਸ਼੍ਰੀ ਪਤੀ ਜੀ ਨੂੰ ਏਕੰਕਾਰ ਦੱਸਿਆ ਹੈ। ਵਿਸ਼ਨੂੰ ਤ੍ਰਿਧਾ ਮੂਰਤੀ ਵਿਚੋਂ ਹੈ, ਏਕੰਕਾਰ ਤ੍ਰੈਆਂ ਤੋਂ ਉਪਰ ਹੈ। ੧. ਇਹ 'ਹਰਿਮੰਦਰ' ਨਾ ਵਿਸ਼ਨੂੰ ਦੇ ਵਾਸਤੇ ਰਚਿਆ ਤੇ ਨਾ ਤੀਰਥਾਂ ਵਾਂਗੂੰ ਤੀਰਥ ਮਾਤ੍ਰ ਰਚਿਆ। ਪ੍ਰੰਤੂ ਆਪ ਹਰੀ (ਨਿਰੰਤਰ ਤੇ ਏਕੰਕਾਰ) ਜੀ ਦੇ ਅਖੰਡ ਕੀਰਤਨ ਦਾ ਮੰਦਰ ਰਚਿਆ, ਜਿਥੇ ਗੁਰੂ ਨਾਨਕ ਜੀ ਦੇ ਸ਼ਬਦ ਸੋਹਲੇ ਦੀ ਵਾਰਤਾ ਵਰਤੀ ਤੇ ਗੁਰੂ ਅੰਗਦ ਦੇਵ ਜੀ ਨਾਲ ਆਉਂਦੇ ਰਹੇ। ਜਿਸ ਬਾਬਤ ਗੁਰੂ ਅਮਰ ਦਾਸ ਜੀ ਨੇ 'ਅੰਮ੍ਰਿਤਸਰੁ ਸਿਫਤੀ ਦਾ ਘਰੁ' ਆਖਿਆ, ਉਨ੍ਹਾਂ ਦੇ ਸਰੀਰ ਵਿਚ ਹੁੰਦਿਆਂ ਚੌਥੇ ਗੁਰਾਂ ਆਰੰਭ ਕਰ ਦਿੱਤਾ, ਤੇ ਫੇਰ ਪੰਜਵੇਂ ਸਤਿਗੁਰਾਂ ਸਿਰੇ ਚਾੜ੍ਹਿਆ। ਗੁਰੂ ਅਰਜਨ ਦੇਵ ਜੀ ਆਪ ਫੁਰਮਾਉਂਦੇ ਹਨ:- 'ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮੁ॥' ੨. ਇਹ ਮੰਦਰ ਵਾਹਿਗੁਰੂ ਦੇ ਹੁਕਮ ਵਿਚ ਸਾਜਿਆ ਗਿਆ ਸੀ। ਯਥਾ:- 'ਬਧੋਹੁ ਪੁਰਖਿ ਬਿਧਾਤੈ ਤਾਂਤੁ ਸੋਹਿਆ॥' ੩. ਇਸ ਦੀ ਸੇਵਾ ਵੇਲੇ ਵਾਹਿਗੁਰੂ ਵਿਚ ਵਰਤਦਾ ਸੀ। ਯਥਾ:- 'ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ' ॥ ੪. ਇਸ ਵਿਚ ਵਾਹਿਗੁਰੂ ਜੀ ਦਾ ਤੇ ਸ਼ਬਦ, ਨਾਮ, ਕੀਰਤਨ ਦਾ ਨਿਵਾਸ ਹੈ:- 'ਗਿਆਨ ਧਿਆਨ ਪੂਰਨ ਪਰਮੇਸਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ॥' ਅਸਲ ਵਿਚ ਜਾਪਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਹਿਲਾਂ ਸੁਲਤਾਨ ਪੁਰੋਂ ਟੁਰਕੇ ਇਥੇ ਟਿਕੇ ਤੇ ਤਪ ਕੀਤਾ, ਫੇਰ ਕਰਤਾਰ ਪੁਰੋਂ ਆਕੇ ਇਸ ਬਨ ਦੀ ਸੁਹਾਵਣੀ ਛਾਵੇਂ ਤੇ ਜਲ ਦੇ ਕਿਨਾਰੇ ਸ਼੍ਰੀ ਲਹਿਣਾ ਜੀ ਸਣੇਂ ਕਦੇ ਕਦੇ ਟਿਕਿਆ ਕਰਦੇ ਸਨ। ਇਥੋਂ ਦੇ ਛੰਭ ਨੂੰ ਉੱਤੋਂ ਰੋਹੀ ਆਕੇ ਭਰਦੀ ਹੁੰਦੀ ਸੀ ਜੋ ਹੁਣ ਰੇਲ ਤੇ ਨਹਿਰ ਕਰਕੇ ਤੇ ਸ਼ਹਿਰ ਬਨ ਜਾਣ ਕਰਕੇ ਸਰੋਵਰ ਵਿਚ ਅੱਪੜਦੀ ਨਹੀਂ। ਗੁਰੂ ਅੰਗਦ ਦੇਵ ਜੀ ਇਸ ਗੁਰ ਨਾਨਕ ਸ਼ਬਦ ਸੋਹਿਲੇ ਨਾਲ ਪਵਿੱਤ੍ਰ ਹੋਏ ਅਸਥਾਨ ਦਾ ਨਾਮ ਤੇ ਮਹਿਮਾਂ ਗੁਰੂ ਅਮਰਦਾਸ ਜੀ ਪਾਸ ਕਰਦੇ ਹੈਸਨ ਤਾਂ ਹੀ ਉਨ੍ਹਾਂ ਨੇ ਇਸਦੀ ਮਹਿਮਾਂ ਵਿਚ ਵਾਕ ਕਿਹਾ ਹੈ। ਉਨ੍ਹਾਂ ਦੀ ਆਗਜ਼ਾ ਗੁਰੂ ਰਾਮਦਾਸ ਜੀ ਨੂੰ ਸਪੱਸ਼ਟ ਹੀ ਹੈ। ਤਵਾਰੀਖ ਖਾਲਸਾ ਪੰਨਾ ੬੪੪ ਤੇ ਲਿਖਿਆ ਹੈ ਕਿ ਸੰਮਤ ੧੫੫੯ ਬਿ: ਨੂੰ ਗੁਰੂ ਨਾਨਕ ਜੀ ਅੰਮ੍ਰਤਸਰ ਵਾਲੇ ਟਿਕਾਣੇ ਦੋ ਵਾਰ ਠਹਿਰੇ ਸੇ ਤੇ ਵਰ ਦੇ ਗਏ ਸੇ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਅਮਰਦਾਸ ਜੀ ਨੇ ਆਪ ਅੰਮ੍ਰਤਸਰ ਦਾ ਤਾਲ ਪੁਟਵਾਕੇ ਜਲ ਪੂਰਤ ਕੀਤਾ ਸੀ। ਤਵਾਰੀਖ ਖਾ: ਲਿਖਦੀ ਹੈ ਕਿ ੧੬੨੭ ਹਾੜ ਦੀ ਪੰਜ ਨੂੰ ਗੁਰੂ ਅਮਰ ਦਾਸ ਜੀ ਨੇ ਪੁਰੀ ਦੀ ਨੀਂਹ ਰਖਵਾਕੇ ਘਰ ਬਣਵਾਏ ਤੇ ਨਾਮ ਰਾਮਦਾਸ

---

[1]ਬੜਿਆਂ ਤੇ ਬੜਾ ਹੈ।

ਪੁਰਾ ਰੱਖਿਆ। ਚੌਥੀ ਪੰਜਵੀਂ ਪਾਤਸ਼ਾਹੀ ਦੇ ਪ੍ਰਸੰਗ ਉੱਤੇ ਆ ਚੁੱਕੇ ਹਨ। ਹਰ ਤਰ੍ਹਾਂ ਇਹੀ ਗੱਲ ਸਿੱਧ ਹੁੰਦੀ ਹੈ ਕਿ ਅੰਮ੍ਰਿਤਸਰ ਆਦਿ ਸਤਿਗੁਰਾਂ ਤੋਂ ਅਰੰਭ ਹੋਇਆ ਅਤੇ ਪੰਜਵੇਂ ਸਤਿਗੁਰਾਂ ਵੇਲੇ ਪੂਰਨ ਸਮਾਪਤ ਹੋਇਆ। ਵਿਸ਼ੇਸ਼ ਲਈ ਦੇਖੋ 'ਅੰਸ਼ੂ ਗੁਰ ਚਮਤਕਾਰ।'

੩੧. [ਰਾਜੇ ਨੂੰ ਨਾਲ ਲੈ ਕੇ ਭਾਈ ਕਲਯਾਣਾ ਸ਼੍ਰੀ ਅੰਮ੍ਰਿਤਸਰ ਆਇਆ]

੩੦<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੨

ਦੋਹਰਾ: ਕਹੀ ਜਥਾਰਥ ਬਾਰਤਾ,
ਸੁਨਿ ਕੈ ਨ੍ਰਿਪ ਅੱਗਜਾਨਿ[1]।
ਰਿਸਜੋ, ਕਹਿਨ ਲਾਗਜੋ ਤਬੈ,
'ਉਚਿਤ ਸਜਾਇ ਮਹਾਂਨ ॥੧॥

ਚੌਪਈ: ਕਰਹੁ ਕੈਦ ਇਸ ਤੇ ਮਨਵਾਵਹੁ।
ਠਾਕੁਰ ਆਗੈ ਸੀਸ ਨਿਵਾਵਹੁ।
ਨਾਂਹਿ ਤ ਹੋਵਹਿਗੀ ਜਬਿ ਭੋਰ।
ਇਸੇ ਸਜ਼ਾਇ ਦੇਯ ਹੈਂ ਘੋਰ' ॥੨॥
ਬੰਦੀ ਖਾਨੇ ਮਹਿਂ ਪਹੁੰਚਾਯੋ।
ਤਹਿਂ ਗੁਰੁ ਸਿਮਰਤਿ ਸਮਾ ਬਿਤਾਯੋ।
ਭਈ ਭੋਰ ਰਾਜਾ ਉਠਿ ਚਲਾ।
ਜਹਿਂ ਠਾਕਰ ਕੋ ਮੰਦਿਰ ਭਲਾ ॥੩॥
ਕਰਿ ਪੂਜਾ ਚੰਦਨ ਚਰਚਾਯੋ।
ਚਰਣਾਂਮ੍ਰਿਤਿ ਲੇ ਸੀਸ ਨਿਵਾਯੋ।
ਕਹਜੋ 'ਬਿਦੇਸ਼ੀ ਕੋ ਲੇ ਆਵਹੁ।
ਮਮ ਹਦੂਰ ਕਰਿ ਤਿਸਹਿ ਡਰਾਵਹੁ' ॥੪॥
ਸੁਨਿ ਚਾਕਰ ਲੇ ਕਰਿ ਤਿਹ ਆਏ।
ਬੋਲਜੋ ਨ੍ਰਿਪ 'ਤੈਂ ਹਿੰਦੁ ਕਹਾਏ।
ਠਾਕੁਰ ਕੋ ਪਾਹਿਨ ਕਹਿ ਜੈਸੇ।
ਅਬਹਿ ਸਜ਼ਾਇ ਲੀਜੀਅਹਿ ਤੈਸੇ ॥੫॥
ਨਾਂਹਿ ਤ ਕਹੁ -ਮੈਂ ਭੂਲਜੋ ਭਾਰੀ-।
ਜਬਿ ਹੂਜੈ ਸਭਿ ਕੈ ਅਨੁਸਾਰੀ।'
ਸੁਨਿ ਕਰਿ ਸਿਖ ਬੋਲਜੋ ਕੱਲਜਾਨਾ।
'ਸ਼੍ਰੀ ਗੁਰੁ ਅਰਜਨ ਮੋਰ[2] ਮਹਾਂਨਾ ॥੬॥
ਤਿਨ ਕੋ ਦਿਯੋ ਸੀਸ ਹੈ ਮੇਰਾ।
ਨੰਮ੍ਰਿ ਨ ਕਿਹ ਆਗੈ ਕਿਸ ਬੇਰਾ।
ਤਿਨਹੂੰ ਕੇ ਮੈਂ ਨਿਤ ਅਨੁਸਾਰੀ।
ਕਿਮ ਪਾਹਨ ਕੋ ਪ੍ਰਭੂ ਉਚਾਰੀ' ॥੭॥

---

[1]ਅੱਗਜਾਨੀ।
[2]ਮੇਰੇ।

ਰਿਸਜੋ ਭੂਪ 'ਇਹੁ ਡਰਤਿ ਨ ਥੋਰਾ।
ਦਿਹੁ ਸਜਾਇ ਮਮ ਨਿਕਟ ਸੁ ਘੋਰਾ[1]।
ਜੰਘ ਏਕ ਇਸ ਕੀ ਟੁਕ ਦੀਜਹਿ।
ਅਪਨ ਰਾਜ ਤੇ ਬਾਹਰ ਕੀਜਹਿ' ॥੮॥
ਇਮ ਸੁਨਿ ਕੈ ਆਏ ਚੰਡਾਲਾ।
ਮਨ ਕੱਲਜਾਨੇ ਗੁਰੂ ਸੰਭਾਲਾ।
'ਅਬਿ ਸਹਾਇ ਕੋ ਸਮੋਂ ਤੁਮਾਰਾ।
ਚਲਤਿ ਸਮੈ ਮੁਖਬਾਕ ਉਚਾਰਾ ॥੯॥
-ਗੁਰੂ ਸਹਾਇ ਹੋਹਿਂ, ਚਲਿ ਜਾਵਹੁ-।
ਆਪ ਹਾਥ ਦੈ ਨਾਥ! ਬਚਾਵਹੁ।'
ਜੰਘ ਕਾਟਿਬੇ ਲਗਿ ਜੰਦਾਲ[2]।
ਤਤਛਿਨ ਬਿਹਬਲ ਭਯੋ ਨ੍ਰਿਪਾਲ ॥੧੦॥
ਖਰੋ ਹੁਤੋ ਮੂਰਛ ਗਿਰ ਪਰਯੋ।
ਮੁਖ ਬਿਬਰਨ[3] ਕੰਪਤ ਤਰਫਰਯੋ[4]।
ਗਹਿ ਅੰਗਨਿ ਕੋ ਨਰਨ ਉਠਾਵਾ।
ਨਹਿਂ ਸਰੀਰ ਕੀ ਸੁਧਿ ਬਿਕੁਲਾਵਾ ॥੧੧॥
ਇਮ ਦੇਖਤਿ ਤਜਾਗਜੋ ਕੱਲਜਾਨਾ।
ਨ੍ਰਿਪ ਉਪਚਾਰ[5] ਕਰਹਿਂ ਮਿਲਿ ਨਾਨਾ।
ਸੀਤਲ ਜਲ ਸੁਗੰਧਿ ਬਹੁ ਲਜਾਏ।
ਮੰਦ ਮੰਦ ਕਰਿ ਪੌਨ ਝੁਲਾਏ ॥੧੨॥
ਤਊ ਨ ਸੁਧਿ ਨ੍ਰਿਪ ਕੇ ਤਨ ਆਈ।
ਬਿਹਬਲ ਹੁਇ ਪਰਿਓ ਤਿਸ ਥਾਈਂ।
ਸੁਮਤਿਵੰਤ ਜੇ ਮਾਨਵ ਤਹਾਂ।
ਕਰਹਿਂ ਬਿਚਾਰਨ 'ਹੋਯਹੁ ਕਹਾਂ ॥੧੩॥
ਹੁਕਮ ਬਿਦੇਸ਼ੀ ਨਰ ਪਰ ਕੀਨ।
-ਏਕ ਜੰਘ ਕੋ ਕੀਜਹਿ ਹੀਨ-।
ਜਬਿ ਜੰਦਾਲ ਗਯੋ ਤਿਸ ਤੀਰ।
ਗਿਰਜੋ ਨ੍ਰਿਪਤ ਸੁਧਿ ਨਹੀਂ ਸਰੀਰ ॥੧੪॥

---

[1]ਡਾਢੀ ਸਜ਼ਾ।
[2]ਚੰਡਾਲ, ਜਲਾਦ।
[3]ਮੁੱਖ ਦਾ ਰੰਗ ਫਿਰ ਗਿਆ।
[4]ਤੜਫਿਆ।
[5]ਰਾਜੇ ਦਾ ਇਲਾਜ।

ਯਾਂ ਤੇ ਤਿਸ ਕੋ ਕਰਹੁ ਪ੍ਰਸੰਨ।
ਜਿਮ ਸੋ ਕਹੈ ਲੀਜੀਅਹਿ ਮੰਨਿ।'
ਸੁਨਿ ਕੈ ਸਭਿ ਨੇ ਨਿਸ਼ਚੈ ਧਰਿਯੋ।
'ਇਮ ਹੀ ਭਈ ਤਾਂਹਿ[1] ਕੁਛ ਕਰਜੋ' ॥੧੫॥
ਤਬਿ ਮੰਤ੍ਰੀ ਜੋਰੇ ਜੁਗ ਪਾਨਾ[2]।
ਗਯੋ ਤੁਰਤ ਜਹਿਂ ਥਿਤਿ ਕੱਲਜਾਨਾ।
'ਤੁਮ ਹੋ ਸੰਤ ਰੂਪ ਨਹਿਂ ਜਾਨੇ।
ਕਰੀ ਅਵੱਗਜਾ ਤੇ ਪਛੁਤਾਨੇ ॥੧੬॥
ਅਬਿ ਬਖਸ਼ਹੁ ਕਰਿ ਛਿਮਾ ਘਨੇਰੀ।
ਮਹਿਮਾ ਤੁਮਰੀ ਲਖੀ ਬਡੇਰੀ।
ਕ੍ਰਿਪਾ ਕਰਹੁ ਨ੍ਰਿਪ ਨਿਕਟ ਸਿਧਾਰਹੁ।
ਬਿਹਬਲ ਹੋਵਤਿ ਮਰਤਿ ਜਿਵਾਰਹੁ ॥੧੭॥
ਨਾਂਹਿ ਤ ਮ੍ਰਿਤਕ ਨ੍ਰਿਪਤ ਹੁਇ ਜਾਈ।
ਉਠਹੁ ਆਪ ਰੱਛਹੁ ਸੁਖਦਾਈ!'
ਇਮ ਕਹਿ ਨ੍ਰਿਪ ਕੇ ਢਿਗ ਲੇ ਗਏ।
ਪਰਜੋ ਬੀਚ ਮਿਲਿ ਨਰ ਗਨ ਭਏ ॥੧੮॥
ਅਵਲੋਕਤਿ ਕੱਲਜਾਨ ਬਖਾਨਾ।
'ਸ੍ਰੀ ਅਰਜਨ ਸਤਿਗੁਰੂ ਮਹਾਂਨਾ।
ਤਿਨ ਕੀ ਸਿੱਖੀ ਧਾਰਨ ਕਰੀਅਹਿ।
ਗੁਰ ਸ਼ਰਧਾ ਕੋ ਉਰ ਮਹਿਂ ਧਰੀਅਹਿ ॥੧੯॥
ਕਾਰਨ ਕਰਨ ਤ੍ਰਿਲੋਕੀ ਨਾਥ।
ਤਿਨ ਢਿਗ ਚਲਹੁ ਧਰਹੁ ਪਗ ਮਾਥ।
ਸਭਿ ਇਕੱਤ੍ਰ ਹੁਇ ਲਿਹੁ ਸਤਿਨਾਮ।
ਤਿਸ ਦਿਸ਼ ਕੋ ਕੀਜਹਿ ਪਰਨਾਮ ॥੨੦॥
-ਦਰਸ਼ਨ ਕਰਹਿਂ ਤੁਮਾਰੋ ਆਇ।
ਅਬਿ ਨ੍ਰਿਪ ਕੋ ਦਿਹੁ ਕੁਸ਼ਲ ਬਿਠਾਇ[3]-।'
ਇਮ ਭਾਈ ਕੱਲਜਾਨੁ ਸਿਖਾਏ।
ਹਾਥ ਜੋਰਿ ਸਭਿ ਬਿਨੈ ਅਲਾਏ ॥੨੧॥
ਸ੍ਰੀ ਅਰਜਨ ਕੋ ਲੇ ਕਰਿ ਨਾਮ।

---

[1]ਭਾਵ ਇਸ ਸਿੱਖ ਨੇ।
[2]ਦੋਵੇਂ ਹੱਥ।
[3]ਭਾਵ ਸੁੱਖਣਾ ਸੁੱਖੋ ਕਿ ਤੁਹਾਡਾ ਦਰਸ਼ਨ ਕਰਾਂਗੇ ਹੁਣ ਰਾਜੇ ਨੂੰ ਰਾਜ਼ੀ (ਕਰਕੇ ਉਠਾਕੇ) ਬਿਠਾ ਦਿਓ।

ਹਾਥ ਜੋਰਿ ਸਭਿ ਕੀਨਿ ਪ੍ਰਨਾਮ।
ਪਰਸੇ ਚਰਨ ਸਿੱਖ ਕੱਲਜਾਨਾ[1]।
'ਤੁਮ ਭੀ ਬਿਨਤੀ ਕਰਹੁ ਬਖਾਨਾ' ॥੨੨॥
ਲੇ ਕਰਿ ਜਲ ਕਰ ਚਰਨ ਪਖਾਰੇ।
ਖਰੋ ਭਯੋ ਅਰਦਾਸ ਉਚਾਰੇ।
'ਸ਼੍ਰੀ ਗੁਰੁ ! ਨ੍ਰਿਪ ਕੀ ਰੱਛਾ ਧਾਰੋ।
ਦੁਖ ਤੇ ਅਪਨੋ ਜਾਨਿ ਉਧਾਰੋ ॥੨੩॥
ਅਬਿ ਹੋਯੋ ਇਹ ਸ਼ਰਨਿ ਤਿਹਾਰੀ।
ਛਿਮਹੁ ਅਵੱਗਜਾ ਕਰੁਨਾ ਧਾਰੀ।'
ਕਰਿ ਅਰਦਾਸ ਨਿਵਾਯੋ ਸੀਸ।
ਕੁਛ ਚੇਤਨਤਾ ਭਈ ਮਹੀਸ਼ ॥੨੪॥
ਖੁਲੇ ਬਿਲੋਚਨ ਗਹਿ ਬੈਠਾਰਜੋ।
'ਚਲਹੁ ਸਦਨ ਲੇ' ਬਾਕ ਉਚਾਰਜੋ।
'ਨਰ ਪਰਦੇਸੀ ਆਦਰ ਕਰੋ।
ਅਸਨ ਬਸਨ ਤਿਸੁ ਆਗੇ ਧਰੋ' ॥੨੫॥
ਸੁਨਿ ਮੰਤ੍ਰੀ ਜੁਤਿ ਘਰ ਲੇ ਗਏ।
ਸਨੇ ਸਨੇ ਉਪਚਾਰਨ[2] ਕਏ।
ਚਿਰੰਕਾਲ ਕੋ ਰੋਗੀ ਜਥਾ।
ਖਾਨ ਪਾਨ ਦੀਨਸਿ ਨ੍ਰਿਪ ਤਥਾ ॥੨੬॥
ਕੇਤਿਕ ਦਿਨ ਮਹਿਂ ਕੁਸ਼ਲ ਸਮੇਤ।
ਹੋਤਿ ਭਯੋ ਮਹੀਪਾਲ ਸੁਚੇਤ।
ਸਾਦਰ ਤਬਿ ਕੱਲਜਾਨ ਬੁਲਾਯੋ।
ਬਿਨੈ ਭਨੀ ਬਹੁ ਉਰ ਹਰਖਾਯੋ ॥੨੭॥
'ਅਬਿ ਕਿਸ ਥਾਨ ਸਤਿਗੁਰੂ ਰਹੈਂ?
ਤਿਨ ਕੇ ਦਰਸ ਕਰਨ ਚਿਤ* ਚਹੈਂ।
ਲੇ ਕਰਿ ਹਮ ਕੋ ਅਪਨੇ ਸਾਥ।
ਕਰਹੁ ਮਿਲਾਵਨ ਸ਼੍ਰੀ ਗੁਰ ਨਾਥ' ॥੨੮॥
ਸੁਨਿ ਭਾਈ ਕੱਲਜਾਨ ਬਖਾਨਾ।
'ਮੱਦ੍ਰ ਦੇਸ -ਗੁਰੁ ਕੋ ਚਕ- ਥਾਨਾ।

---
[1]ਕਲਜਾਨੇ ਦੇ ਚਰਨ ਪਰਸੇ।
[2]ਯਤਨ, ਇਲਾਜ।
*ਪਾ:-ਕੋ।

ਸ੍ਰੀ ਗੁਰ ਅਮਰਦਾਸ ਢਿग ਐਕੈ।
ਅਕਬਰ ਸ਼ਾਹੁ ਦਿਯੋ[1] ਹਿਤ ਕੈ ਕੈ ॥੨੯॥
ਚਹੁੰਦਿਸ਼ ਕੇ ਨਰ ਪੂਜਹਿਂ ਜਾਇ।
ਸਰਬ ਕਾਮਨਾ ਗੁਰੁ ਤੇ ਪਾਇਂ।
ਭੁਗਤ ਮੁਕਤਿ ਕੇ ਦਾਤਾ ਗੁਰੂ।
ਧਰਹਿਂ ਭਾਵਨਾ ਕਾਰਜ ਪੂਰੂ ॥੩੦॥
ਬਡੇ ਭਾਗ ਜਾਗੇ ਅਬਿ ਤੇਰੇ।
ਜਿਸ ਤੇ ਚਹਿਤ ਦਰਸ ਗੁਰ ਹੇਰੇ।
ਦੋਨਹੁਂ ਲੋਕਨ ਕੇ ਸੁਖ ਪਾਵਹੁ।
ਚਲਹੁ ਬਨਹੁ ਸਿਖ ਸੀਸ ਨਿਵਾਵਹੁ' ॥੩੧॥
ਇਮ ਸੁਨਿ ਮਹਿਪਾਲਕ ਵਡਭਾਗਾ।
ਗੁਰੂ ਬਿਲੋਕਨ ਕੋ ਅਨੁਰਾਗਾ।
ਸਹਤ ਸੈਨ ਕੇ ਹੋਯਹੁ ਤਜਾਰ।
ਚਲਤਿ ਭਯੋ ਮਗ ਮਹਿਂ ਪਗ ਡਾਰਿ ॥੩੨॥
ਸਨੈ ਸਨੈ ਸੰਗ ਲੇ ਕੱਲਜਾਨਾ।
ਆਵਤਿ ਭੇ ਸ੍ਰੀ ਸਤਿਗੁਰ ਥਾਨਾ।
ਵਹਿਰ ਪੁਰੀ ਤੇ ਕੀਨਸ ਡੇਰਾ।
ਗਜ ਬਾਜੀ ਨਰ ਬ੍ਰਿੰਦ ਬਡੇਰਾ ॥੩੩॥
ਆਛੀ ਵਸਤੂ ਹੇਤ ਉਪਾਇਨ।
ਅਰਪਨ ਕੋ ਸਤਿਗੁਰ ਕੇ ਪਾਇਨ।
ਦਾਸੀ ਦਾਸ ਸੰਗ ਰਣਵਾਸ।
ਸਭਿ ਸਮੇਤ ਉਤਰਜੋ ਪੁਰਿ ਪਾਸ ॥੩੪॥
ਇਮ ਨੀਕੇ ਡੇਰਾ ਕਰਿਵਾਇ।
ਮਧੁਰ ਬਾਕ ਤੇ ਨ੍ਰਿਪਤ ਟਿਕਾਇ।
ਪੁਰਿ ਮਹਿਂ ਗਮਨਜੋ ਤਬ ਕੱਲਜਾਨਾ।
ਸ੍ਰੀ ਅਰਜਨ ਬੈਠੇ ਜਿਸ ਥਾਨਾ ॥੩੫॥
ਦੋਨਹੁਂ ਹਾਥ ਜੋਰਿ ਪਗ ਪਰਜੋ।
ਦਰਸ਼ਨ ਕਰਜੋ ਮੋਦ ਉਰ ਭਰਜੋ।
ਸ੍ਰੀ ਗੁਰੁ ਕਹਜੋ 'ਆਉ ਕਲਜਾਨਾ!
ਕਰਜੋ ਕਿ ਨਹਿਂ ਉਪਕਾਰ ਮਹਾਂਨਾ?' ॥੩੬॥
ਕਰ ਜੋਰੇ ਤਿਨ ਸਕਲ ਸੁਨਾਈ।

---

[1]ਭਾਵ 'ਚੱਕ' ਦਿੱਤਾ ਸੀ।

'ਮਹਾਂਰਾਜ! ਲਜਾਯੋ ਨਰਰਾਈ।
ਆਪ ਸਹਾਇਕ ਹੋਏ ਜਬੈ।
ਉਤਕੰਠਤਿ ਹ੍ਵੈ[1] ਆਯਹੁ ਤਬੈ ॥੩੭॥
ਬਨਹਿ ਸਿੱਖਜ ਰਾਵਰ ਕੋ ਏਹੀ।
ਸਰ ਕੀ ਕਾਰ ਸੰਭਾਰਿ ਸੁ ਲੇਹੀ।
ਕ੍ਰਿਪਾ ਕਟਾਛ ਆਪ ਕੋ ਪਾਇ।
ਲਖਮੀ ਬਾਸ ਕਰਹਿ ਸਤਿ ਭਾਇ[2] ॥੩੮॥
ਅਪਰਨਿ ਕੋ ਇਕ ਕਰਹੁ ਬਹਾਨਾ[3]।
ਸਰ ਹਿਤ ਚਾਹਹੁ ਦਰਬ ਮਹਾਨਾ।
ਤੀਨਹੁੰ ਲੋਕਨ ਕੇ ਤੁਮ ਦਾਨੀ।
ਸਾਰ[4] ਸਮਾਰਹੁ ਚਾਰਹੁ ਖਾਨੀ ॥੩੯॥
ਜਿਮ ਰਾਵਰ ਕੋ ਉਰ ਮਹਿ ਭਾਵਹਿ।
ਤਿਮ ਤੁਮ ਕਰਹੁ, ਨ ਕੋ ਉਲਟਾਵਹਿ।
ਸਤਿ ਸੰਕਲਪ ਚਹੋ ਤਿਮ ਹੋਇ।
ਆਇਸੁ ਮਹਿਂ ਸੁਰ ਨਰ ਸਭਿ ਕੋਇ ॥੪੦॥

ਦੋਹਰਾ: ਅਬਿ ਡੇਰੋ ਭੂਪਤਿ ਕਰਜੋ, ਸਗਰੀ ਨਿਸਾ ਬਤਾਇ।
ਮਿਲਹਿ ਹੋਤਿ ਭੁਨਸਾਰ ਕੇ ਪਗ ਪੰਕਜ ਸਿਰ ਲਾਇ[*]' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਕੱਲਜਾਨਾ ਨਿਰਪ ਕੋ ਲਜਾਵਨ' ਪ੍ਰਸੰਗ ਬਰਨਨੰ ਨਾਮ ਏਕਤ੍ਰਿਸਤੀ ਅੰਸੂ ॥੩੧॥

---

[1]ਬੜੇ ਚਾਉ ਨਾਲ।
[2]ਸੁਭਾਵਕ, ਚੰਗੀ ਤਰ੍ਹਾਂ। (ਅ) ਸਤਿਕਾਰ ਸਹਿਤ। (ੲ) ਸੱਚਾ ਪ੍ਰੇਮ ਕਰਕੇ।
[3]ਹੋਰਨਾਂ ਨੂੰ ਤਾਂ ਇਕ ਬਹਾਨਾ ਬਣਾਉਂਦੇ ਹੋ।
[4]ਸੁਧ।
[*] ਪਾ:-ਨਜਾਇ।

੩੨. [ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ]

੩੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੩

ਦੋਹਰਾ: ਭਈ ਭੋਰ ਸ਼੍ਰੀ ਗੁਰੁ ਉਠੇ,
ਕਰਿ ਸ਼ਨਾਨ ਤੇ ਆਦਿ।
ਗੁਰੁਤਾ ਗਾਦੀ ਪਰ ਥਿਰੇ,
ਦਰਸਹਿਂ ਸਿਖ ਅਹਿਲਾਦ ॥੧॥
ਚੌਪਈ: ਗਮਨਜੋ ਨ੍ਰਿਪ ਢਿਗ ਤਬ ਕੱਲਜਾਨਾ।
ਮਿਲਨਿ ਹੇਤ ਬਿਰਤੰਤ ਬਖਾਨਾ।
ਤਤਛਿਨ ਕੀਨਸਿ ਸਗਰੀ ਤਜਾਰੀ।
ਲੇ ਕਰਿ ਸਾਥ ਉਪਾਇਨ ਸਾਰੀ ॥੨॥
ਕੰਚਨ ਰਜਤਿ ਦੰਡ[1] ਨਰ ਗਹੈਂ।
ਮਹਿਪਾਲਕ ਕੇ ਆਗੇ ਰਹੈਂ।
ਸਚਿਵ[2] ਸੁਭਟ ਕੋ ਲੇ ਸਮੁਦਾਏ।
ਬਸਨ ਬਿਭੂਖਨ ਜਿਨਹੁਂ ਸੁਹਾਏ ॥੩॥
ਪਾਇਨ ਤੇ ਚਲਿ ਕਰਿ ਮਹੀਪਾਲਾ।
ਗਮਨਜੋ ਸ਼ਰਧਾ ਧਰੇ ਬਿਸਾਲਾ।
ਪਹੁਂਚਜੋ ਸਤਿਗੁਰ ਕੇ ਢਿਗ ਜਾਇ।
ਪਗ ਪੰਕਜ ਪਰ ਸੀਸ ਨਿਵਾਇ ॥੪॥
ਹਾਥ ਜੋਰਿ ਬਹੁ ਬਿਨੈ ਬਖਾਨੀ।
'ਸੁਨਿ ਕਰਿ ਮਹਿਮਾ ਮੈਂ ਗੁਨਖਾਨੀ!
ਰਾਵਰਿ ਸ਼ਰਨਿ ਪਰਜੋ ਅਬਿ ਆਈ।'
ਇਮ ਕਹਿ ਬੈਠਿ ਗਯੋ ਸਮੁਹਾਈ ॥੫॥
ਤਿਸ ਛਿਨ ਮਹਿਂ ਸ਼੍ਰੀ ਅਰਜਨ ਨਾਥ।
ਪੋਥੀ ਪਠਤਿ ਹੁਤੇ ਗਹਿ ਹਾਥ।
ਓਅੰਕਾਰ ਕੀ ਤੁਕ ਮੁਖ ਇਹੀ।
'ਲਿਖਿਆ ਮੇਟ ਨ ਸਕੀਅਹਿ ਕਹੀ[3] ॥੬॥
ਜਿਉਂ ਭਾਵੀ ਤਿਉਂ ਸਾਰ ਸਦੀਵਾ[4]।
ਪ੍ਰਭੁ ਕੀ ਨਦਰ ਕਰੇ ਸੁਖ ਥੀਵਾ[*]।'

---

[1]ਸੋਨੇ ਚਾਂਦੀ ਦੀਆਂ ਚੋਬਾਂ।
[2]ਮੰਤ੍ਰੀ।
[3]ਕਿਸੇ ਤਰ੍ਹਾਂ।
[4]ਜਿਸ ਤਰ੍ਹਾਂ ਭਾਵੀ ਹੋਏ (ਤੇਰੀ ਹੇ ਹਰੀ) ਉਸ ਤਰ੍ਹਾਂ ਸੰਭਾਲ (ਰੱਖਯਾ ਕਰ) (ਅ) ਜਿਵੇਂ (ਰੱਬ ਦੀ) ਭਾਵੀ ਹੋਵੇ (ਜੀਉ) ਸੰਭਾਲ ਲੈਂਦਾ ਹੈ।

ਸੁਨਿ ਮਹਿਪਾਲਕ ਰਿਦੈ ਬਿਚਾਰੀ।
-ਇਹੀ ਰੀਤਿ ਜੇ ਸਾਚ ਉਚਾਰੀ ॥੭॥
ਇਨ ਸੰਗਿ ਮਿਲਨਿ ਨਿਫਲ ਭਾ ਐਸੇ।
ਲਿਖਿਆ ਮੇਟ ਨ ਸਕੀਏ ਕੈਸੇ।
ਜਿਸ ਪਰ ਨਹਿਂ ਉਪਾਇ ਕਿਮ ਹੋਇ।
ਤਿਸ ਹਿਤ ਉੱਦਮ ਕਰਿਹੈ ਕੋਇ- ॥੮॥
ਹਾਥ ਜੋਰਿ ਗੁਰੁ ਕੇ ਸੰਗ ਕਹਜੋ।
'ਆਸ਼ੈ ਸਕਲ ਆਪ ਕੋ ਲਹਜੋ।
ਕਜੋਂ ਅਬਿ ਸਿੱਖ ਬਨੌਂ ਗੁਰ ਧਾਰੋਂ।
ਲਿਖਜੋ ਭਾਗ ਭੋਗੌਂ ਨਿਰਧਾਰੋਂ' ॥੯॥
ਸਤਿਗੁਰ ਭਨਜੋ 'ਮਿਟੈ ਜੇ ਨਾਹੀ।
ਤਊ ਕਰਤਿ ਗੁਰੁ ਆਛੋ ਤਾਂਹੀ।
ਸੰਕਟ ਕਾਟਹਿਂ ਸੁਖ ਕੋ ਦੇਯ।
ਅਪਨੋ ਜਾਨਿ ਬਚਾਇ ਸੁ ਲੇਯ+ ॥੧੦॥
ਲਿਖਜੋ ਪ੍ਰਭੂ ਕੋ ਸੋ ਭੀ ਰਹੈ।
ਭੋਗਤਿ ਹੀ ਕੱਲਜਾਨ ਸੁ ਲਹੈ।
ਗੁਰੁ ਕਰੁਨਾ ਤੇ ਪ੍ਰਾਪਤ ਛੇਮ।
ਦੋਨਹੁਂ ਬਿਧਿ ਕੋ ਹੈ ਇਹੁ ਨੇਮ' ॥੧੧॥
ਸੁਨਿ ਨਰਿੰਦ ਕੇ ਮਨ ਨਹਿਂ ਆਈ।
ਕਹਤਿ ਕਿ 'ਦੋਨਹੁਂ ਕਿਮ ਬਨਿ ਆਈ?
ਲਿਖਜੋ ਭਾਗ ਜੇ ਭੋਗਹਿ ਪ੍ਰਾਨੀ।
ਕਹਾਂ ਕਰੈ ਤਬਿ ਸ਼੍ਰੀ ਗੁਰੁ ਗਜਾਨੀ? ॥੧੨॥
ਜੇ ਕਰਿ ਗੁਰੁ ਸਹਾਇਤਾ ਕੀਨਿ।
ਲਿਖਜੋ ਭਾਗ ਮਿਟਿ ਕਰਿ ਹੁਇ ਛੀਨ[੧]।
ਯਾਂ ਤੇ ਮਮ ਮਨ ਮਹਿਂ ਨਹਿਂ ਆਵੈ।
ਦੋਨਹੁਂ ਬਿਧਿ ਕੈਸੇ ਬਨਿ ਆਵੈ?' ॥੧੩॥
ਸ਼੍ਰੀ ਗੁਰ ਕਹਜੋ 'ਰਹਹੁ ਦਿਨ ਤੀਨ।
ਜਿਮ ਹੁਇੰ ਦੋਨਹੁ ਤਿਮ ਲਿਹੁ* ਚੀਨ।

---

*ਦੱਖਣੀ ਓਅੰਕਾਰ ਵਿਚ ਤੁਕਾਂ ਦਾ ਸ਼ੁੱਧ ਪਾਠ ਐਉਂ ਹੈ:-ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥ ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ॥ ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ॥ ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ॥

+ਪਾ:-ਅਪਨੇ ਜਨ ਬਚਾਇ ਸੁ ਲੇਯ।

[੧](ਤਾਂ ਫਿਰ) ਲਿਖਿਆ ਹੋਇਆ ਭਾਗ ਮਿਟਕੇ ਨਾਸ਼ ਹੋ ਗਿਆ, ਭਾਵ ਭੋਗੇ ਤੋਂ ਬਿਨਾਂ ਮਿਟ ਗਿਆ।

ਬਹੁਰ ਸਿੱਖ ਗੁਰੁ ਘਰ ਕੇ ਬਨਹੁ।
ਸੰਸੈ ਜਿਤਿਕ ਸਕਲ ਹੀ ਹਨਹੁ’ ॥੧੪॥
ਮਾਨਿ ਬਚਨ ਸਤਿਗੁਰ ਕੋ ਲੀਨ।
ਲਜਾਯੋ ਭੇਟ ਸੁ ਅਰਪਨ ਕੀਨ।
ਮਸਤਕ ਟੇਕਿ ਆਇ ਗੋ[1] ਡੇਰੇ।
ਖਾਨ ਪਾਨ ਕਰਿ ਕੈ ਹਿਤ ਕੇਰੇ ॥੧੫॥
ਦੇਗ਼ ਪ੍ਰਸਾਦਿ ਅਚਜੋ ਸੁਖ ਪਾਯੋ।
ਥਿਰਜੋ ਤਹਾਂ ਸੋ ਦਿਵਸ ਬਿਤਾਯੋ।
ਭਈ ਜਾਮਨੀ ਜਬਿਹੂੰ ਆਇ।
ਸਿਹਜਾ ਪਰ ਥਿਰ ਹ੍ਵੈ ਨਰ ਰਾਇ ॥੧੬॥
ਸੁਖ ਸੋਂ ਸੁਪਤਜੋ ਨ੍ਰਿਪ ਬੁਧਿਵਾਨ।
ਚੌਕੀਦਾਰ ਖਰੇ ਸਵਧਾਨ।
ਸੋਵਤਿ ਜਬਿ ਜੁਗ ਜਾਮ ਬਿਤਾਏ।
ਅਧਭੁਤ ਸੁਪਨੋ ਤਿਹ ਛਿਨ ਆਏ ॥੧੭॥
ਅਪਨੋ ਰਾਜ ਭੋਗਿ ਬ੍ਰਿਧ ਹੋਵਾ[2]।
ਬਧਜੋ ਕੁਟੰਬ ਸਗਲ ਹੀ ਜੋਵਾ।
ਪੁਨ ਮ੍ਰਿਤੁ ਹੋਇ ਗਯੋ ਇਸ ਕਾਲ।
ਰਜਧਾਨੀ ਭਾ ਸ਼ੋਕ ਬਿਸਾਲ ॥੧੮॥
ਸਭਿ ਕੋ ਰੁਦਤਿ ਤਜਾਗ ਕਰਿ ਗਯੋ।
ਘਰ ਚੰਡਾਲ ਜਨਮ ਪੁਨ ਲਯੋ।
ਕਰਹਿਂ ਦੁਲਾਰਨ ‘ਸੁਤ’ ਕਹਿ ਸੋਇ[3]।
ਖਾਨ ਪਾਨ ਕਰਿ ਬ੍ਰਿਧ[4] ਤਹਿਂ ਹੋਇ ॥੧੯॥
ਜਬਿ ਸੰਮਤ ਦਸ ਕੋ ਹੁਇ ਗਯੋ।
ਉਤਸਵ ਤੇ ਬਿਆਹਿ ਤਹਿਂ ਭਯੋ।
ਬੰਧਪ ਸੰਗ ਬ੍ਰਿੰਦ ਚੰਡਾਲ।
ਗਾਇਨ ਬਾਦਤ[5] ਕੀਨ ਬਿਸਾਲ ॥੨੦॥
ਬਹੁ ਪ੍ਰਸੰਨਤਾ ਤਿਨ ਮਹਿਂ ਹੋਈ।

---

[*] ਪਾ:-ਲਿਹੁ ਤੁਮ।
[1] ਆ ਗਿਆ (ਰਾਜਾ)।
[2] (ਸੁਪਨੇ ਵਿਚ) ਆਪਣਾ ਰਾਜ ਭੋਗ ਕੇ ਬੁੱਢਾ ਹੋ ਗਿਆ।
[3] ਓਹ ਚੰਡਾਲ ‘ਪੁੱਤ੍ਰ’ ਕਹਿਕੇ ਲਡਿਆਉਂਦੇ ਹਨ।
[4] ਵਡਾ।
[5] ਗਾਉਣਾ ਵਜਾਉਣਾ।

ਕਰਿ ਕੈ ਬਜਾਹੁ ਮੇਲਿ ਸਭਿ ਕੋਈ।
ਆਇ ਸਦਨ ਮਹਿਂ ਬਸਨੇ ਲਾਗਯੋ।
ਨਿਜ ਪਰਵਾਰ ਸੰਗ ਅਨੁਰਾਗਯੋ ॥੨੧॥
ਇਸੀ ਰੀਤਿ ਬੀਤਯੋ ਚਿਰ ਕਾਲ।
ਭਯੋ ਤਰੁਨ ਬਲਵਾਨੁ ਬਿਸਾਲ।
ਪੁੱਤ੍ਰ ਸੁਤਾ ਉਤਪਤ ਗਨ ਕਰੇ[1]।
ਤਿਨ ਕੋ ਬਜਾਹਯੋ ਉਤਸਵ ਧਰੇ ॥੨੨॥
ਕੋ ਬਿਸਾਲ ਕੋ ਲਘੁ ਹੈ ਨੰਦ।
ਕੇਤਿਕ ਤਨੀਯਾ ਭਈ ਬਿਲੰਦ।
ਸਭਿ ਕੋ ਬਜਾਹ ਬਧਯੋ ਪਰਵਾਰਾ।
ਪੁੱਤ੍ਰ ਪੌਤ੍ਰ ਹੇਰਤਿ ਹਿਤ ਭਾਰਾ ॥੨੩॥
ਹਰਖ ਸ਼ੋਕ ਧਾਰਤਿ ਤਿਨ ਮਾਂਹੀ।
ਦੁਖ ਸੁਖ ਦੇਖਤਿ ਔਧ ਨਿਬਾਹੀ[2]।
ਜਨਮ ਚੰਡਾਲ ਪਾਇ ਕਰਿ ਭੋਗਾ।
ਭਯੋ ਮ੍ਰਿਤਕ ਤਹਿਂ ਤੇ ਵਧਿ ਸੋਗਾ ॥੨੪॥
ਰੁਦਤਿ ਸੁਨਤਿ ਬਿਰਲਾਪਤਿ ਦਾਰਾ।
'ਹੇ ਪਤਿ! ਤੋਰ ਅਧਿਕ ਪਰਵਾਰਾ।
ਗਨ ਸ਼ੂਕਰ ਤੈਂ ਪਾਰਨ[3] ਕੀਨੇ।
ਕੂਕਰ ਖਰੇ ਅਹੈਂ ਤਨ ਪੀਨੇ ॥੨੫॥
ਸਭਿ ਪ੍ਰਤੀਖਨਾ[4] ਤੇਰੀ ਧਰੈਂ।
ਕਿਤ ਚਲਿ ਗਯੋ ਦ੍ਰਿਸ਼ਟਿ ਨਹਿਂ ਪਰੈ।'
ਇਮ ਕੁਟੰਬ ਰੋਦਤਿ ਦੁਖਿ ਛਾਡੋ।
ਲੇ ਕਰਿ ਵਹਿਰ ਗਏ ਧਰ ਗਾਡੋ[5] ॥੨੬॥
ਇਹੁ ਸਭਿ ਸੁਪਨੋ ਪਾਇ ਨਰਿੰਦ।
ਜਾਗ ਉਠਯੋ ਬਿਸਮਾਇ ਬਿਲੰਦ।
ਕਿਤਿਕ ਕਾਲ ਸੋਚਤਿ ਹੀ ਰਹਯੋ।
-ਇਹੁ ਦੁਰਸੁਪਨ[6] ਕਹਾਂ ਮੈਂ ਲਹਯੋ? - ॥੨੭॥

---

[1]ਬਹੁਤੇ ਪੈਦਾ ਕੀਤੇ।
[2]ਆਯੂ ਬਿਤੀਤ ਕੀਤੀ।
[3]ਪਾਲਣੇ।
[4]ਉਡੀਕ।
[5]ਕੁਟੰਬ ਨੂੰ ਰੋਂਦਿਆਂ ਦੁਖੀ ਛਡਕੇ (ਲੋਕੀਂ ਮੁਰਦੇ ਨੂੰ) ਲੈ ਕੇ ਬਾਹਰ ਗਏ ਤੇ ਧਰਤੀ ਵਿਚ ਦਬਿਆ।
[6]ਖੋਟਾ ਸੁਪਨਾ।

ਭਈ ਪ੍ਰਭਾਤਿ ਸਿੱਖ ਇਕ ਗਯੋ।
ਗੁਰ ਕੋ ਹੁਕਮ ਸੁਨਾਵਤਿ ਭਯੋ।
'ਹੇਤ ਅਖੇਰ[1] ਖੇਲਿਬੇ ਚਹਯੋ।
ਚਲਹਿਂ ਸੰਗ, ਗੁਰ ਐਸੇ ਕਹਯੋ' ॥੨੮॥
ਸੁਨਿ ਕੈ ਕਰਿ ਸ਼ਨਾਨ ਨ੍ਰਿਪ ਤਬੈ।
ਤੁਰੰਗ ਅਰੂਢਯੋ ਲੇ ਦਲ ਸਬੈ।
ਚਢਿ ਕੈ ਪੁਰਿ ਅੰਤਰ ਕੋ ਆਏ।
ਤਹਿਂ ਤੇ ਸਤਿਗੁਰੁ ਸੰਗ ਮਿਲਾਏ ॥੨੯॥
ਚਿਤਵਤਿ ਚਿਤ ਦੁਰਸੁਪਨ ਬਿਸਾਲਾ।
ਕਹਿ ਨ ਸਕਹਿ ਮੁਖ ਤੇ ਤਿਸ ਕਾਲਾ।
ਬਦਨ ਮਲੀਨ ਹੁਕਮ ਕੋ ਮਾਨਾ।
ਲੇ ਸਤਿਗੁਰੁ ਕੋ ਸੰਗ ਪਯਾਨਾ ॥੩੦॥
'ਖੇਲਨ ਕਰੌਂ ਅਖੇਰ ਘਨੇਰਾ।
ਗੁਰੁ ਜੀ! ਹਤੌਂ ਮ੍ਰਿਗਨ ਕਰਿ ਘੇਰਾ।
ਅਸੁ ਧਵਾਇ ਕਰਿ ਕਰੌਂ ਸੰਘਾਰਿ।
ਬਾਜਨ ਤੇ[2] ਪੰਛੀ ਲਿਉਂ ਮਾਰ' ॥੩੧॥
ਮਗ ਮਹਿਂ ਗਮਨਤਿ ਜਾਤਿ ਸੁਨਾਵਤਿ।
'ਦੇਖਹੁ ਆਜ ਜਥਾ ਮੈਂ ਘਾਵਤਿ।'
ਗਏ ਦੂਰ ਕੇਤਿਕ ਉਦਿਆਨਾ।
ਨਿਕਸਯੋ ਹਰਨ ਨ੍ਰਿਪਤ ਅਗੁਵਾਨਾ[3] ॥੩੨॥
ਸਭਿ ਕੋ ਬਰਜਿ ਆਪ ਹੀ ਧਾਯੋ।
ਬਡੇ ਬੇਗ ਤੇ ਤੁਰੰਗ ਉਠਾਯੋ।
ਲਗਯੋ ਗੈਲ[4], ਦੌਰਹਿਂ ਜੁਗ ਐਸੇ।
ਪੌਨ ਗੌਨ ਪੀਛੇ ਕਿਯ ਜੈਸੇ ॥੩੩॥
ਪੁਰਿ ਕੇ ਕੋਸ ਦਸ ਕੁ ਲੌ ਗਯੋ।
ਮ੍ਰਿਗ ਦੌਰਤਿ ਕੋ ਹਤਿ ਕਰਿ ਲਯੋ।
ਭਯੋ ਤ੍ਰਿਖਾਤੁਰ ਮੁਖ ਕੁਮਲਾਵਾ।
ਪਾਛੇ ਤੇ ਭਟ ਕੋਇ ਨ ਆਵਾ ॥੩੪॥

---

[1]ਸ਼ਿਕਾਰ।
[2]ਬਾਜ਼ਾਂ ਨਾਲ।
[3]ਰਾਜੇ ਦੇ ਅੱਗੋਂ।
[4]ਪਿਛੇ।

ਇਤ ਉਤ ਫਿਰਿ ਕੈ ਹੇਰਨ ਕਰਜੋ।
ਦੂਰ ਜਾਇ ਇਕ ਗ੍ਰਾਮ ਨਿਹਰਜੋ।
ਤਿਸ ਕੇ ਨਿਕਟ ਬ੍ਰਿੱਛ ਕੋ ਦੇਖਾ।
ਉਤਰ ਪਰਜੋ ਭਾ ਸ਼੍ਰਮਤ ਵਿਸ਼ੇਖ਼ਾ ॥੩੫॥
ਤਰੁ ਕੇ ਸੰਗ ਬਾਂਧਿ ਕਰਿ ਘੋਰਾ।
ਤਹਿਂ ਤੇ ਨਿਕਟ ਨੀਰ ਕੋ ਟੋਰਾ[1]।
ਪਿਖਿ ਜਲ ਕੋ ਕਰ ਚਰਨ ਪਖਾਰੇ।
ਪੁਨ ਪੀ ਕਰਿ ਨਿਜ ਤ੍ਰਿਖਾ ਨਿਵਾਰੇ ॥੩੬॥
ਤਰੁ ਕੇ ਤਰੇ ਸੰਘਨੀ ਛਾਯਾ।
ਸ਼੍ਰਮਤਿ ਨ੍ਰਿਪਤ ਕੋ ਮਨ ਬਿਰਮਾਯਾ[2]।
ਬਸਤ੍ਰ ਬਿਛਾਇ ਬੈਠਿ ਕਰਿ ਤਹਾਂ।
ਸ਼੍ਰਮਤ ਘਾਮ ਤੇ ਸੁਖ ਲਹਿ ਮਹਾਂ ॥੩੭॥
-ਜਬਹਿ ਤਪਤ ਥੋਰੀ ਹੁਇ ਜਾਇ।
ਪੁਨ ਚਢਿਹੌਂ-, ਅਸ ਮਨ ਠਹਿਰਾਇ।
-ਸੰਗੀ ਆਇ ਮਿਲਹਿੰਗੇ ਮੋਹੀ।
ਤਬਿ ਲੌਂ ਛਾਯਾ ਮਹਿਂ ਸੁਖ ਹੋਹੀ- ॥੩੮॥
ਪੀਛੇ ਸ਼੍ਰੀ ਅਰਜਨ ਭਟ ਸੰਗ।
ਜਾਤਿ ਅਰੂਢੇ ਸਕਲ ਤੁਰੰਗ[3]।
ਨ੍ਰਿਪ ਕੋ ਖੋਜ ਪਾਰਖਾ ਧਰਿ ਤੇ[4]।
ਸਨੈ ਸਨੈ ਸਭਿ ਗਮਨਜੋ ਕਰਿਤੇ ॥੩੯॥
ਦੋਹਰਾ: ਘਾਮ[5] ਤੇਜ ਅਤਿਸ਼ੈ ਭਯੋ, ਖੋਜਤਿ ਨ੍ਰਿਪ ਕੋ ਜਾਤਿ।
ਸੇਵਕ ਸੇਵਾ ਹੇਤ ਕੋ, ਇਤ ਉਤ ਫਿਰ ਉਤਲਾਤਿ ॥੪੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭੂਪਤ ਕੋ ਪ੍ਰਸੰਗ' ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ[*] ॥੩੨॥

---

[1]ਟੋਲਿਆ।
[2]ਲਲਚਾਯਾ।
[3]ਸਾਰੇ ਸਵਾਰ ਹੋਏ ਘੋੜਿਆਂ ਪਰ।
[4]ਧਰਤੀ ਤੇ ਰਾਜੇ ਦਾ ਖੋਜ ਪਰਖਦੇ ਪਰਖਦੇ।
[5]ਧੁੱਪ।
[*]ਪਾ:-ਬੱਤੀਸਮੋਂ।

੩੩. [ਸੁਪਨੇ ਵਿਚ ਪ੍ਰਤੱਖ, ਸਤਿਗੁਰ ਜੀ ਪਰ ਰਾਜੇ ਦੀ ਸ਼ਰਧਾ]

੩੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੪

ਦੋਹਰਾ: ਕਿਤਿਕ ਕਾਲ ਮਹਿਪਾਲ ਕੌ, ਬੈਠ੍ਯੋ ਬਿਤ੍ਯੋ ਸੁ ਥਾਨ।
ਤਿਸ ਚੰਡਾਲ[1] ਕੌ ਪੁਤ੍ਰ ਇਕ, ਨ੍ਰਿਪ ਕੋ ਦੇਖ੍ਯੋ ਆਨਿ ॥੧॥

ਚੌਪਈ: ਦੂਰ ਖਰੋ ਹੇਰਤਿ ਲਲਚਾਵੈ।
ਕਰਤਿ ਤ੍ਰਾਸ, ਪਰ ਨਿਕਟ ਨ ਆਵੈ।
-ਇਹ ਤੋ ਪਿਤਾ ਹਮਾਰੋ ਅਹੈ।
ਜੋ ਮਰਿ ਗਯੋ ਸੁ ਛਲ ਹੀ ਲਹੈ- ॥੨॥
ਦੌਰ੍ਯੋ ਸਦਨ ਬਤਾਯੋ ਜਾਇ।
'ਕ੍ਯੋਂ ਰੋਵਹੁ? ਪਿਤ ਬੈਠ੍ਯੋ ਆਇ।
ਕਰ੍ਯੋ ਸੁ ਛਲ ਪਿਤ ਮਰ੍ਯੋ ਨ ਜਾਨੋ।
ਚਲਿ ਦੇਖਹੁ, ਜੇ ਕਹ੍ਯੋ ਨ ਮਾਨੋ' ॥੩॥
ਸੁਨਤਿ ਭਾਰਜਾ ਚਲਿ ਕਰਿ ਆਈ।
ਅਪਰ ਕੁਟੰਬ ਸੰਗ ਹੀ ਲ੍ਯਾਈ।
ਹੜਬੜਾਇ[2] ਪਹੁੰਚੀ ਦੁਖਿਆਰੀ।
ਦੇਖਤਿ ਊਚੀ ਕੂਕ ਪੁਕਾਰੀ ॥੪॥
'ਇਹਾ ਕ੍ਯਾ ਕੀਨ ਕੁਟੰਬ ਕੋ ਛੋਰਾ।
ਹਮ ਸਭਿ ਕੋ ਦੀਨਸਿ ਦੁਖ ਘੋਰਾ।
ਰੁਦਿਤਿ ਭਈ ਬ੍ਯਾਕੁਲ ਨਿਸ ਮਾਂਹੀ।
ਆਇ ਸਮੀਪ ਲੀਨਿ ਸੁਧਿ ਨਾਂਹੀ' ॥੫॥
ਇਮ ਭਾਖਤਿ ਸਗਰੇ ਚਲਿ ਆਏ।
ਦੇਖਿ ਨ੍ਰਿਪਤ ਨੇ ਸਕਲ ਹਟਾਏ।
ਸੁਪਨੇ ਬਿਖੈ ਪਿਖੇ ਥੇ ਜੈਸੇ।
ਦੇਖਤਿ ਭਯੋ ਕੁਟੰਬੀ ਤੈਸੇ** ॥੬॥
ਸੋ ਇਸਤ੍ਰੀ, ਸੁਤ ਤਨੀਯਾ ਸੋਈ।
ਸੁਪਨੇ ਜਨਮ ਬਨੇ ਥੇ ਜੋਈ।
ਸਨੈ ਸਨੈ ਜਬਿ ਦੇਖ੍ਯੋ ਥਾਨ।
ਨਿਸ ਮਹਿਂ ਬਸ੍ਯੋ ਸੁ ਪਰਤਿ ਪਛਾਨ[3] ॥੭॥
ਸੁਪਨਾ ਅਰੁ ਤਿਨ ਪਿਖਤਿ ਬਿਚਾਰਤਿ।

---

[1]ਭਾਵ ਸੁਫਨੇ ਵਿਚ ਜੋ ਰਾਜਾ ਨੇ ਚੰਡਾਲ ਦਾ ਜਨਮ ਡਿੱਠਾ ਸੀ।
[2]ਛੇਤੀ ਨਾਲ।
**ਪਾ:-ਕੁਟੰਬ ਸਭਿ ਤੈਸੇ।
[3]ਪਛਾਣ ਪੈਂਦਾ ਹੈ।

-ਕਹਾਂ ਭਈ- ਅਚਰਜ ਕੋ ਧਾਰਤਿ।
ਸੋ ਨੇਰੇ ਹੁਇੰ, ਨ੍ਰਿਪਤ ਹਟਾਵੈ।
ਬਚਹਿ ਆਪ, ਜਿਨ[1] ਛੁਹਨ ਨ ਪਾਵੈ ॥੮॥
ਕਹਿ ਚੰਡਾਲਨੀ 'ਤੂੰ ਪਤਿ ਮੇਰੋ।
ਭੋਗਤਿ ਭੋਗ ਰਹਜੋ ਬਹੁਤੇਰੋ।
ਪੁੱਤ੍ਰ ਸੁਤਾ ਇਹੁ ਸਭਿ ਉਪਜਾਏ।
ਅਬਿ ਕਜਾ ਤੋਹਿ ਰਿਦੇ ਮਹਿਂ ਆਏ ॥੯॥
ਬਸਤ੍ਰ ਸ਼ਸਤ੍ਰ ਧਰਿ ਕਰਿ ਤਨੁ ਆਛੇ।
ਹਮ ਸੋਂ ਮਿਲਿਨਿ ਬਿਦਾਰਜੋ[2*] ਪਾਛੇ।
ਮਰਿਬੇ ਕੋ ਛਲ ਕਰਿ ਤਜਿ ਗਯੋ।
ਕਹਿਂ ਤੇ ਜਾਇ ਪਦਾਰਥ ਲਯੋ? ॥੧੦॥
ਕਜੋਂ ਨ ਲੇਤਿ ਸੁਤ ਕੋ ਨਿਜ ਗੋਦ।
ਕਜੋਂ ਨ ਲੇਤਿ ਅਬਿ ਸਦਨ ਬਿਨੋਦ[3]।
ਕਜੋਂ ਨ ਮਿਲਤਿ ਸਗਰੇ ਪਰਵਾਰ।
ਜਿਨ ਸੋਂ ਕਰਤਿ ਸਦਾ ਤੂੰ ਪਜਾਰ' ॥੧੧॥
ਸੁਨਿ ਸੁਨਿ ਸਭਿ ਚੰਡਾਲ ਚਲਿ ਆਏ।
ਨ੍ਰਿਪ ਕੋ ਘੇਰਿ ਖਰੇ ਸਮੁਦਾਏ।
ਜੇ ਜਾਮਨਿ ਕੋ ਸੁਪਨ ਬਿਚਾਰੈ।
ਤੌ ਜਾਨਤਿ ਅਪਨੋ ਪਰਵਾਰੈ ॥੧੨॥
ਜਬਿ ਜਾਗ੍ਰਤ ਅਪੁਨੀ ਪਹਿਚਾਨੈ।
ਕਰਤਿ ਹਟਾਵਨ ਬਾਕ ਬਖਾਨੈ।
'ਮੈਂ ਸਨਬੰਧੀ ਨਹੀਂ ਤੁਮਾਰੋ।
ਅਮਕ ਗਿਰਨਿ ਕੋ ਈਸ਼ ਉਦਾਰੋ[4] ॥੧੩॥
ਠਾਂਢੇ ਰਹੋ ਦੂਰ ਹਟਿ ਕਰਿ ਕੈ।
ਛੁਵਹੁਂ ਨ ਤੁਮ ਕੋ ਨੀਚ ਬਿਚਰਿ ਕੈ[5]।
ਅਪਨੋ ਕੋ ਤੁਮ ਕਜੋਂ ਨ ਪਛਾਨੋ।
ਅਪਨ ਸਬੰਧੀ ਮੋਹਿ ਬਖਾਨੋ' ॥੧੪॥

---
[1]ਮਤਾਂ।
[2]ਸਾਨੂੰ ਮਿਲਨ ਤੋਂ ਪਿਛੇ ਹਟਦਾ ਹੈਂ। ਮਿਲ+ਨ = ਸਾਨੂੰ ਮਿਲਦਾ ਨਹੀਂ, (ਸਗੋਂ) ਪਿੱਛੇ ਹਟਾਉਂਦਾ ਹੈਂ।
[*]ਪਾ:-ਵਿਚਾਰਜੋਂ।
[3]ਘਰ ਦਾ ਸੁਖ।
[4]ਫਲਾਨੇ ਪਹਾੜਾਂ ਦਾ ਸ਼੍ਰੇਸ਼ਟ ਰਾਜਾ ਹਾਂ।
[5]ਵਿਚਾਰ ਕੇ।

ਇਮ ਝਗਰਤਿ ਬੀਤਯੋ ਚਿਰਕਾਲ।
ਇਤਨੇ ਮਹਿਂ ਸਤਿਗੁਰੂ ਬਿਸਾਲ।
ਚਮੂ ਸੰਗਿ[1] ਆਏ ਤਿਸ ਬੇਰਾ।
ਗਨ ਚੰਡਾਲਨ ਨ੍ਰਿਪ ਜਹਿਂ ਘੇਰਾ ॥੧੫॥
ਸਗਰੇ ਕਹਿ ਕੈ ਦੂਰ ਹਟਾਏ।
ਬੂਝਯੋ ਤਿਨ ਸੋਂ ਤਹਾਂ ਬਿਠਾਏ।
ਸ੍ਰੀ ਅਰਜਨ ਅਰੁ ਮਾਨਵ ਸਾਰੇ।
ਬੈਠਿ ਗਏ ਸੁਨਿਬੇ ਹਿਤਧਾਰੇ ॥੧੬॥
'ਹਮਰੋ ਬੰਧੁ ਬੈਠਯੋ ਏਹੁ।
ਸਗਲ ਕੁਟੰਬ ਇਸੀ ਕੇ ਲੇਹੁ[2¶]।
ਬਸਤ੍ਰ ਸ਼ਸਤ੍ਰ ਅਰੁ ਭੂਖਨ ਘੋਰਾ।
ਕਰਿ ਛਲ ਮਰਿਬੇ ਲਜਾਇਸੁ ਔਰਾ ॥੧੭॥
ਸਰਬ ਸਰੀਰ ਅਹੈ ਇਹੁ ਸੋਈ।
ਬਸਤਿ ਹੁਤੋ ਹਮਰੇ ਮਹਿਂ ਜੋਈ।
ਨੀਕੇ ਸਭਿ ਨੇ ਕੀਨਿ ਚਿਨਾਰੀ।
ਲਖਯੋ ਜੁ ਬਰਤਹਿ ਸੰਗ ਹਮਾਰੀ ॥੧੮॥
ਅਬਿ ਹਮ ਇਸ ਕੋ ਜਾਨ ਨ ਦੇਈਂ।
ਜਾਇ ਜਿ, ਨਿਜ ਕੁਟੰਬ ਸੰਗ ਲੇਈ।
ਸਕਲ ਬੈਸ ਜਿਨ ਸੰਗ ਬਿਤਾਈ।
ਅਬਿ ਏ ਕਿਤ ਜੈ ਹੈਂ ਦੁਖ ਪਾਈ[3]' ॥੧੯॥
ਸ੍ਰੀ ਅਰਜਨ ਸਰਬੱਗਜ ਸੁਜਾਨਾ।
ਤਿਨ ਬਰਜਨ ਕੋ ਬਾਕ ਬਖਾਨਾ।
'ਜੋ ਮਰਿ ਗਯੋ ਸੁ ਬੰਧੁ ਤਿਹਾਰੋ।
ਜਹਿਂ ਗਾਡਯੋ ਸੋ ਕਬਰ ਨਿਹਾਰੋ ॥੨੦॥
ਤਿਸ ਮਹਿਂ ਮੁਰਦਾ ਹੋਇ ਜਿ ਆਨੋ।
ਤੌ ਤੁਮਰੋ ਇਹੁ ਨਹੀਂ, ਪਛਾਨੋ।
ਜੇ ਨਹਿਂ ਤਹਾਂ ਨਿਹਾਰੋ ਸੋਇ।
ਤੌ ਕਹਿਬੋ ਤੁਮਰੋ ਸਚ ਹੋਇ' ॥੨੧॥

---

[1]ਫੌਜਾਂ ਨਾਲ।
[2]ਸਮਝੋ।
[¶]ਪਾ:-ਏਹ, ਨੇਹੁ।
[3]ਹੁਣ ਇਹ (ਸਬੰਧੀ) ਦੁਖ ਪਾ ਰਹੇ ਕਿੱਥੇ ਜਾਣ।

ਸੁਨਿ ਕੈ ਬਾਕ ਸਭਿਨਿ ਹੀ ਮਾਨੇ।
'ਇਹੁ ਤੁਮ ਆਛੀ ਰੀਤਿ ਬਖਾਨੇ।
ਗਨ ਚੰਡਾਲ ਖੋਦ ਤਿਸ ਬੇਰਾ।
ਦਫਨਜੋ[1] ਮੁਰਦਾ ਤਹਾਂ ਸੁ ਹੇਰਾ ॥੨੨॥
ਤਬਿ ਚੰਡਾਲ ਸਕਲ ਬਿਸਮਾਏ।
ਬਹੁਰ ਕਹਨਿ ਕਿਛੁ ਨਿਕਟਿ ਨ ਆਏ।
ਭੂਪਤਿ ਕੌ ਚਢਾਇ ਕਰਿ ਚਾਲੇ।
ਅਪਨ ਪੁਰੀ ਕੌ ਪੰਥ ਸਮਾਲੇ ॥੨੩॥
ਸੰਧਯਾ ਲੌ ਚਲਿ ਕਰਿ ਤਹਿਂ ਆਏ।
ਮਹਿਪਾਲਕ ਸੋਚਤਿ ਬਿਸਮਾਏ।
ਕਹਿ ਨ ਸਕੈ ਅਚਰਜ ਹੀ ਗਾਥਾ।
-ਕਯਾ ਏ ਭਯੋ ਆਜ ਮਮ ਸਾਥਾ-? ॥੨੪॥
ਚਿਤਵਤਿ ਕੇ ਚਿਤ ਮਹਿਂ ਇਮ ਆਈ।
-ਸਕਲ ਬਤਾਵਹਿਂ ਗੁਰੁ ਗੋਸਾਈਂ।
ਮਮ ਮਤ ਮਹਿਂ ਇਹੁ ਕਛੂ ਨ ਆਵੈ।
ਸੁਪਨ ਬਾਤ ਜਾਗ੍ਰਤ ਦ੍ਰਿਸ਼ਟਾਵੈ- ॥੨੫॥
ਨਿਜ ਥਲੁ ਖਾਨ ਪਾਨ ਕੋ ਕਰਿ ਕੈ।
ਸੁਪਤੇ ਸਭਿ ਸ਼੍ਰਮ ਕੋ ਪਰਿਹਰਿ ਕੈ।
ਭਈ ਪ੍ਰਾਤਿ ਕਰਿ ਤਨ ਇਸ਼ਨਾਨ।
ਸੋਚਤਿ ਚਿਤ ਮਹਿਂ ਨ੍ਰਿਪਤਿ ਮਹਾਂਨ ॥੨੬॥
-ਬੂਝਨਿ ਕਰਿਹੌਂ ਗੁਰ ਕੇ ਸਾਥਿ-।
ਇਸ ਬਿਧਿਦੀਨ ਹੋਤਿ ਨਰ ਨਾਥ।
ਬਸਤ੍ਰ ਸ਼ਸਤ੍ਰ ਤਨ ਪਹਿਰੇ ਸਾਰੇ।
ਸਚਿਵ ਸੁਭਟ ਅਪੁਨੇ ਸੰਗ ਧਾਰੇ ॥੨੭॥
ਸਨੈ ਸਨੈ ਪਾਇਨ ਸੋਂ ਗਯੋ।
ਜਾਇ ਦਰਸ ਸ਼੍ਰੀ ਗੁਰ ਕੋ ਕਯੋ।
ਪਦ ਅਰਬਿੰਦ ਬੰਦਨਾ ਧਾਰੀ।
ਬੈਠਯੋ ਨੰਮ੍ਰ ਸੁ ਹੋਇ ਅਗਾਰੀ ॥੨੮॥
ਸਾਦਰ ਸ਼੍ਰੀ ਅਰਜਨ ਕਹਿ ਕਰਿ ਕੈ।
ਬੂਝਯੋ 'ਹੇ ਨ੍ਰਿਪ! ਚਿੰਤਾ ਧਰਿ ਕੈ।
ਕਯੋਂ ਮਨ ਭੰਗ ਹੋਇ ਕਰਿ ਰਹਯੋ?

[1] ਦੱਬਿਆ ਹੋਯਾ

ਕੋ ਕਾਰਣ ਐਸੋ ਕਿਤ ਲਹਜੋ[1]?' ॥੨੯॥
ਸੁਨਿ ਨ੍ਰਿਪ ਸ਼ਰਧਾ ਕਰਿ ਅਧਿਕਾਈ।
-ਬੂਝਜੋ ਗੁਰੂ ਜੁ ਮੋ ਮਨ ਭਾਈ[2]-।
ਹਾਥ ਜੋਰਿ ਬਿਰਤਾਂਤ ਬਖਾਨਾ।
'ਤੁਮ ਸਮਰਥ, ਸਰਬੱਗਜ, ਮਹਾਨਾ! ॥੩੦॥
ਗੁਪਤ ਬਿਦਤ ਬਿਰਤੰਤ ਪਛਾਨਹੁ।
ਤੀਨ ਕਾਲ ਮਹਿਂ ਹੋਇ, ਸੁ ਜਾਨਹੁਂ।
ਭਯੋ ਮੋਹਿ ਮਨ ਅਧਿਕ ਸੰਦੇਹੂ।
ਤੁਮ ਬਿਨ ਅਪਰ ਮਿਟਾਇ ਨ ਕੇਹੂ ॥੩੧॥
ਭਯੋ ਜਾਮਨੀ ਮਹਿਂ ਇਮ ਸੁਪਨਾ।
ਤਜਜੋ ਸਰੀਰ ਮ੍ਰਿਤਕ ਹੁਇ ਅਪੁਨਾ।
ਸਭਿ ਰਣਵਾਸ ਰਾਜ ਕੇ ਲੋਕ।
ਰੁਦਤਿ ਪੀਟਤੇ ਧਰਿ ਉਰ ਸ਼ੋਕ ॥੩੨॥
ਮੈਂ ਤਬਿ ਜਨਮਜੋ ਘਰ ਚੰਡਾਲ।
ਤਹਿਂ ਹੋਯੋ ਪਰਵਾਰ ਬਿਸਾਲ।
ਭੋਗੁ ਆਰਬਲ ਤਨ ਕੀ ਤਹਾਂ।
ਭਯੋ ਮ੍ਰਿਤਕ ਮੈਂ ਸੰਕਟ ਮਹਾਂ ॥੩੩॥
ਭੋਰ ਹੋਤਿ ਜਬਿ ਗਏ ਅਖੇਰ।
ਤਹਿਂ ਚੰਡਾਲਨਿ ਲੀਨ ਸੁ ਘੇਰ।
ਜੋ ਸੁਪਨੇ ਮਹਿਂ ਭਾ ਪਰਵਾਰੇ।
ਤੈਸੇ ਰੂਪ ਸਮੂਹ ਨਿਹਾਰੇ[3] ॥੩੪॥
ਦਾਰਾ, ਸੁਤ, ਪੁੱਤ੍ਰੀ[*] ਜੇ ਭਈ।
ਕਰਿ ਚਿਨਾਰ ਮੈਂ ਦੇਖਿ ਸੁ ਲਈ।
ਤਿਨਹੁਂ ਪਛਾਨ ਮੋਹਿ ਕੋ ਲੀਨਾ।
ਦੇਖਜੋ ਤੁਮ ਝਗਰਾ ਜੋ ਕੀਨਾ ॥੩੫॥
ਇਹ ਸਗਰੋ ਬਿਰਤੰਤ ਜੁ ਹੋਵਾ।
ਅਹੈ ਸਾਚ ਕੈ ਝੂਠੋ ਜੋਵਾ?
ਮਮ ਮਨ ਨਿਸ਼ਚੈ ਆਇ ਨ ਕੋਈ।

---

[1]ਐਸਾ ਕੀਹ ਕਾਰਣ ਹੈ, ਕਿਤੇ ਕੁਝ ਡਿੱਠਾ ਹੈ?
[2](ਦਿਲ ਵਿਚ ਸਮਝਿਆ ਕਿ) ਗੁਰੂ ਜੀ ਨੇ ਉਹ ਗੱਲ ਪੁੱਛੀ ਹੈ ਜੋ ਮੇਰੇ ਮਨ ਵਿਚ (ਪੁੱਛਣੀ) ਚੰਗੀ ਲੱਗ ਰਹੀ ਸੀ, (ਅ) ਮਨ ਭਾਈ = ਮਨ ਵਿਚ ਬੀਤ ਰਹੀ ਸੀ।
[3](ਜਾਗ੍ਰਤ ਵਿੱਚ) ਵੇਖੇ।
[*]ਪਾ:-ਇਸਤ੍ਰੀ।

ਯਾਂ ਤੇ ਚਿੰਤਾ ਚਿਤ ਬਡ ਹੋਈ ॥੩੬॥
ਕ੍ਰਿਪਾ ਕਰਹੁ ਇਹੁ ਸਰਬ ਬਤਾਵਹੁ।
ਕਹਾ ਅਚਰਜੁ ਹੋਯੋ? ਸਮੁਝਾਵਹੁ।'
ਇਮ ਨ੍ਰਿਪ ਕੇ ਸੁਨਿ ਕੈ ਸਭਿ ਗਾਥ।
ਕਹਤਿ ਭਏ ਸ਼੍ਰੀ ਅਰਜਨ ਨਾਥ ॥੩੭॥
-'ਲਿਖਿਆ ਪ੍ਰਭ ਕੋ, ਕੋ ਨਹਿਂ ਖੋਵਤਿ।
ਤਊ ਸਹਾਇਕ ਸਤਿਗੁਰ ਹੋਵਤਿ-।
ਇਹ ਗਤਿ ਬੀਤੀ ਹੈ ਤੁਵ ਸੰਗ।
ਕਰਹੁ ਨਹੀਂ ਅਪਨੋ ਮਨ ਭੰਗ[1] ॥੩੮॥
ਸਤਿਗੁਰ ਭਏ ਸਹਾਇਕ ਤੇਰੀ।
ਰਿਦੈ ਬਿਚਾਰਤਿ ਬਾਤ ਜੁ ਹੇਰੀ।
ਜਨਮ ਪਾਵਨੋ ਘਰ ਚੰਡਾਲ।
ਤੋਹਿ ਭਾਗ ਮਹਿਂ ਲਿਖ੍ਯੋ ਅਟਾਲ[2] ॥੩੯॥
ਸਦਨੁ ਤ੍ਯਾਗ ਕੈ ਤੂੰ ਚਲਿ ਆਯੋ।
ਸਤਿਗੁਰ ਆਗੈ ਸੀਸ ਨਿਵਾਯੋ।
ਧਰੇ ਪਦਾਰਥ ਆਨ ਉਪਾਇਨ।
ਕਰਿ ਸ਼ਰਧਾ ਪਰਸੇ ਕਰ ਪਾਇਨ[3] ॥੪੦॥
ਯਾਂ ਤੇ ਸਤਿਗੁਰ ਭਏ ਸਹਾਇ।
ਸੁਪਨੇ ਮਹਿਂ ਸੋ ਦੀਨ ਬਿਤਾਇ।
ਜਨਮ ਚੰਡਾਲ ਜੁ ਧਰਨੋ ਹੁਤੋ।
ਸੋ ਇਕ ਜਾਮਨਿ ਮਹਿਂ ਧਰਿ ਬਿਤੋ ॥੪੧॥
ਭਰਮ ਹੁਤੋ ਤੇਰੋ ਮਨ ਮਾਂਹੀ।
-ਲਿੱਖ੍ਯਾ ਮੇਟ ਸਕਹਿਂ ਕੋ ਨਾਂਹੀ।
ਤੌ ਸਹਾਇਤਾ ਗੁਰ ਕਹਾ ਕਰੈ।
ਨਿਫਲਹਿ-, ਇਮ ਸੰਸੋ ਤੂੰ ਧਰੈਂ ॥੪੨॥
ਸੋ ਬਿਧਿ ਤੁਝ ਕੋ ਕਰਿ ਦਿਖਰਾਈ।
ਇਮ ਸ਼੍ਰੀ ਸਤਿਗੁਰ ਹੋਇਂ ਸਹਾਈ।
ਮਹਾਂ ਕਸ਼ਟ ਤੇ ਲੇਤਿ ਬਚਾਇ।
ਜੋ ਸਿਖ ਬਨਿ ਹੈ ਸ਼ਰਧਾ ਲ੍ਯਾਇ' ॥੪੩॥

---

[1]ਭਾਵ ਉਦਾਸ ਨਾ ਹੋਵੋ।
[2]ਅਟੱਲ।
[3]ਭਾਵ ਛੋਹੇ ਹਨ ਹੱਥਾਂ ਨਾਲ ਚਰਨ ਗੁਰੂ ਕੇ।

ਸੁਨਿ ਕੈ ਨ੍ਰਿਪ ਗਦਿ ਗਦਿ ਹੁਇ ਗਯੋ।
ਬੈਠੇ ਮਹਿਦ ਪ੍ਰੇਮ ਉਪਜ੍ਯੋ।
ਬਹ੍ਯੋ ਨਯਨ ਤੇ ਅੱਸ਼੍ਰੂ ਪ੍ਰਵਾਹੂ।
ਧਰ੍ਯੋ ਸੀਸ ਪਗ ਪੰਕਜ ਮਾਂਹੂ ॥੪੪॥
'ਧੰਨੁ ਧੰਨੁ ਸ੍ਰੀ ਸਤਿਗੁਰ ਅਰਜਨ।
ਸਿੱਖਜਨ ਰੱਖਕ ਸੁਨਿ ਜਿਨ ਅਰਜ਼ਨਿ।
ਮੈਂ ਅਤਿ ਦੀਨ ਪਰ੍ਯੋ ਦਰਬਾਰ।
ਗਹੋ ਬਾਂਹੁ ਕੀਜਹਿ ਭਵ ਪਾਰ ॥੪੫॥
ਤੁਮ ਸਮ ਗੁਰੂ ਪਾਇ ਹੌਂ ਕਹਾਂ।
ਜਨਮ ਮਰਨ ਕਾਟੋ ਦੁਖ ਮਹਾਂ।
ਨਿਜ ਚਰਣਾਂਮ੍ਰਿਤ ਮੁਝ ਕੋ ਦੇਹੁ।
ਸੁੱਧ[1] ਆਪਨੋ ਸਿਖ ਕਰਿ ਲੇਹੁ' ॥੪੬॥
ਸ਼ਰਧਾ ਅਚਲ ਦੇਖਿ ਸ਼੍ਰੀ ਅਰਜਨ।
-ਸੰਸੇ ਮਿਟੇ, ਭਯੋ ਅਬਿ ਸੁਧ ਮਨ-।
ਤਬਿ ਜਲ ਕੋ ਮੰਗਵਾਇ ਸੁ ਲੀਨਿ।
ਪਦੁ ਅਰਬਿੰਦ ਪਖਾਰਨ ਕੀਨ ॥੪੭॥
ਸਹਤ ਭਾਰਜਾ ਭੂਪਤਿ ਪੀਵਾ।
ਸਤਿਗੁਰ ਕੋ ਸਿਖ ਮਨ ਤੇ ਥੀਵਾ।
ਤਬਿ ਭਾਈ ਕੱਲਜਾਨ ਬੁਲਾਯੋ।
'ਇਹ ਉਪਕਾਰੀ ਤੁਝ ਕੋ ਲ੍ਯਾਯੋ ॥੪੮॥
ਇਸਕੋ ਪੂਜਨ ਕਰਹੁ ਵਿਸ਼ੇਸ਼ੁ।'
ਸੁਨਿ ਸ਼੍ਰੀ ਗੁਰ ਕੇ ਬਾਕ ਨਰੇਸ਼।
ਕਹਤਿ ਭਯੋ 'ਇਹ ਮੇਰੋ ਈਸ਼।
ਉਰ ਸਿਮਰੌਂ ਮੈਂ ਧਰਿ ਪਦ ਸੀਸ ॥੪੯॥
ਇਸ ਕੋ ਮੈਂ ਅਪੁਨੇ ਸੰਗ ਕਰਿ ਕੈ।
ਗਮਨੋਂ ਸਦਨ ਜਬਹਿ ਹਿਤ ਧਰਿ ਕੈ।
ਲੇ ਜਾਵੌਂ, ਉਪਹਾਰ[2] ਪਠਾਵੌਂ।
ਭਾਉ ਬਿਸਾਲ ਕਰੌਂ ਹਰਖਾਵੌਂ' ॥੫੦॥
ਕੇਤਿਕ ਦਿਨ ਸਤਿਗੁਰ ਕੇ ਤੀਰ।
ਰਹਤਿ ਭਯੋ ਭੂਪਤਿ ਮਤਿ ਧੀਰ।

---
[1]ਨਿਰੋਲ।
[2]ਭੇਟਾ।

ਬਹੁਤ ਭਾਂਤਿ ਕੇ ਸੁਨਿ ਉਪਦੇਸ਼ੁ।
ਪ੍ਰਭੁ ਕਾ ਸਿਮਰਨਿ ਕਰਹਿ ਹਮੇਸ਼ ॥੫੧॥
ਅੰਮ੍ਰਿਤਸਰ ਕਰਬੇ ਅਭਿਲਾਖਾ[1]।
ਨਿਤਪ੍ਰਤਿ ਧਰਹਿਂ ਪਿਤਾ ਜਿਮ ਭਾਖਾ।
ਬਹੁ ਦਿਨ ਰਹਿ ਨ੍ਰਿਪ ਰੁਖਸਦ ਚਹੈ।
ਹਾਥ ਜੋਰਿ ਸਤਿਗੁਰ ਸੋਂ ਕਹੈ ॥੫੨॥
'ਮੋਹਿ ਦਰਬ ਲੇ ਕਰਿ ਨਿਜ ਹਾਥ।
ਕਰਹੁ ਸਕਾਰਥ ਸ੍ਰੀ ਗੁਰ ਨਾਥ।
ਕੋ ਸੁੰਦਰ ਥਲ ਕੋ ਅਵਲੋਕ।
ਰਚਹੁ ਤਾਲ ਨਿਰਮਲ ਜਲ ਰੋਕ[2] ॥੫੩॥
ਮੋਹਿ ਭਾਵਨੀ ਐਸੇ ਅਹੈ।
ਰਾਵਰਿ[*] ਕੀ ਮਰਜ਼ੀ ਹਮ ਚਹੈਂ।'
ਸੁਨਿ ਸ੍ਰੀ ਅਰਜਨ ਕਹਿ ਤਿਸੁ ਬੇਰਾ।
'ਇਮ ਸ੍ਰੀ ਨਾਨਕ ਤੁਵ ਮਨੁ ਫੇਰਾ ॥੫੪॥
ਸ੍ਰੀ ਅੰਮ੍ਰਿਤਸਰ ਤੀਰਥ ਭਾਰੀ।
ਤਿਸ ਕਰਿਬੇ ਕੋ ਇੱਛ ਹਮਾਰੀ।
ਜੇਤਿਕ ਦਰਬ ਪਠਹਿ ਗੋ ਇਹਾਂ।
ਤਿਹ ਸਰ ਪਰ ਹਮ ਲਾਵਹਿਂ ਮਹਾਂ ॥੫੫॥
ਦਰਬ ਸਕਾਰਥ ਹੋਹਿ ਤੁਮਾਰਾ।
ਲੋਕਨਿ ਪਰ ਅਤਿਸ਼ੈ ਉਪਕਾਰਾ।'
ਉਰ ਅਨੰਦ ਭਾ ਸੁਨਿ ਕਰਿ ਬੈਨ।
ਬ੍ਰਿਹੁ ਤੇ ਭਰਯੋ ਨੀਰ ਬਹੁ ਨੈਨ ॥੫੬॥
ਮਸਤਕ ਟੇਕਿ ਬਿਦਾ ਹੁਇ ਗਯੋ।
ਅਪਨੇ ਸੰਗ ਕੱਲਜਾਨ ਸੁ ਲਯੋ।
ਨਿਜ ਰਜਧਾਨੀ ਪ੍ਰਾਪਤਿ ਹੋਵਾ।
ਰਾਜ ਸ਼੍ਰੇਯ ਜੁਤਿ ਸਗਰੋ ਜੋਵਾ[3] ॥੫੭॥
ਕੋ ਦਿਨ ਢਿਗ ਰਾਖਯੋ ਕੱਲਜਾਨਾ।
ਪੁਨ ਥਾਤੀ ਦੇ ਦਰਬ ਮਹਾਂਨਾ[4]।

---

[1]ਭਾਵ ਗੁਰੂ ਜੀ ਅੰਮ੍ਰਿਤਸਰ ਰਚਨ ਦੀ ਚਾਹ ਕਰਦੇ ਹਨ।
[2]ਕੱਠਾ ਹੋਵੇ।
[*]ਪਾ:-ਸਤਿਗੁਰ।
[3]ਸਾਰਾ ਰਾਜ ਸੁਖ ਸਮੇਤ ਡਿੱਠਾ।
[4]ਬਹੁਤੇ ਧਨ ਦੀਆਂ ਥੈਲੀਆਂ।

ਨਿਜ ਨਰ ਸੰਗ ਮਿਲਾਇ ਪੁਚਾਯੋ।
ਸ਼੍ਰੀ ਅਰਜਨ ਕੇ ਢਿਗ ਚਲਿ ਆਯੋ ॥੫੮॥
ਆਯੋ ਦਰਬ ਦੇਖਿ ਨਿਜ ਪਾਸ।
ਚਾਹਤਿ ਸਰ[੧] ਕੋ ਕਰਯੋ ਪ੍ਰਕਾਸ਼।
ਬੂਝ ਬ੍ਰਿਧ ਭਾਈ ਗੁਰਦਾਸ।
'ਪਿਖਹੁ ਸਥਾਨ ਕਰਹੁ ਨਿਰਜਾਸ[੨]' ॥੫੯॥
ਉੱਦਮ ਤੀਰਥ ਰਚਿਬੇ ਕਰਿਓ।
ਜਿਸ ਤੇ ਸਿੱਖਨ ਕੋ ਗਨ ਤਰਿਓ।
ਸੁਨਹੁ ਕਥਾ ਆਗਲਿ ਜਿਮ ਭਈ।
ਕਵਿ ਸੰਤੋਖ ਸਿੰਘ ਸ਼ੁਭ ਨਿਰਮਈ[੩] ॥੬੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਨ੍ਰਿਪਤਿ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ ॥੩੩॥

---

[੧]ਸ੍ਰੋਵਰ।
[੨]ਨਿਰਨੈ।
[੩]ਰਚੀ।

੩੪. [ਸੰਤੋਖਸਰ ਵਿਚੋਂ ਜੋਗੀ ਨਿਕਲਿਆ]

੩੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੫

ਦੋਹਰਾ: ਸ੍ਰੀ ਅਰਜਨ ਜੀ ਗੁਰ ਭਏ,
ਪਰਉਪਕਾਰੀ ਪੀਨ[1]।
ਕਰਹਿਂ ਉਧਾਰਨ ਅਨਿਕ ਹੀ,
ਦੇ ਉਪਦੇਸ਼ ਪ੍ਰਬੀਨ ॥੧॥
ਚੌਪਈ: ਬਚਨ ਪਿਤਾ ਕੇ ਸਿਮਰਨ ਕਰੇ।
ਤੀਰਥ ਸਿਰਜਨ ਇੱਛਾ ਧਰੇ।
ਕਰਯੋ ਪ੍ਰਿਥਮ[2] ਬੀਤਯੋ ਚਿਰਕਾਲ।
ਪੁਨ ਇਕੱਤ੍ਰ ਹੁਇ ਨੀਰ ਬਿਸਾਲ ॥੨॥
ਮ੍ਰਿਤਕਾ ਸੰਗ ਸੁ ਪੂਰਯੋ ਗਯੋ।
ਖਨਨ[3] ਚਿੰਨ੍ਹ ਸਭਿ ਮਿਟਤੋ ਭਯੋ।
ਟੋਵਾ ਹੁਤੋ ਅਲਪ[4] ਹੀ ਕਰਿਯੋ।
ਸਨੈ ਸਨੈ ਜਲੁ ਸਗਲੋ ਭਰਿਯੋ ॥੩॥
ਚਹੁਂ ਦਿਸ਼ ਤੇ ਢਰਿ ਮ੍ਰਿਤਕਾ ਪਰੀ।
ਜਿਸ ਤੇ ਨਾਂਹਿ ਚਿਨਾਰੀ[5] ਕਰੀ।
ਇਤਿ ਉਤਿ ਫਿਰੇ ਬ੍ਰਿੰਦ ਤਰੁ ਖਰੇ।
ਬਦਰੀ ਆਦਿ ਨ ਜਾਨਿਯ ਪਰੇ ॥੪॥
ਬ੍ਰਿੱਛ ਸਿੰਸਪਾ[6] ਜਾਇ ਸੁ ਹੇਰਾ।
ਖਰੇ ਭਏ ਸਤਿਗੁਰ ਤਿਸ ਬੇਰਾ।
ਤੀਨ ਕਾਲ ਸਰਬੱਗਜ ਮਹਾਂਨਾ।
ਖੋਜਤਿ ਜਿਮ ਅਲਪੱਗਜ ਅਜਾਨਾ ॥੫॥
ਮਿਟ ਗਯੋ ਚਿੰਨ੍ਹ ਰਹਯੋ ਕੁਛ ਟੋਵਾ।
ਨਿਸ਼ਚੈ ਭਯੋ ਨ, ਫਿਰ ਫਿਰ ਜੋਵਾ।
ਝਾਰ ਕਰੀਰ ਬੇਲੁ ਬਿਸਤਾਰਾ।
ਨਹਿਂ ਨਿਰਨੈ ਕਿਯ ਸਕਲ ਨਿਹਾਰਾ ॥੬॥
ਫਲ ਦਿਖਾਇ ਚਾਹਤਿ ਬਿਦਤਾਵਾ।

---

[1]ਬੜੇ।
[2]ਭਾਵ ਸ਼੍ਰੀ ਗੁਰੂ ਰਾਮਦਾਸ ਜੀ ਦਾ ਪਹਿਲੋਂ ਦਾ ਪੁਟਵਾਇਆ।
[3]ਖੋਦਣ ਦੇ।
[4]ਥੋਹੜਾ।
[5]ਪਛਾਣ।
[6]ਟਾਹਲੀ।

ਯਾਂ ਤੇ ਨਹਿਂ ਤਿਹ ਛਿਨ ਬਿਦਤਾਵਾ।
ਬ੍ਰਿੱਛ ਸਿੰਸਪਾ ਤੇ ਥਲ ਜਾਨਾ*।
ਤਹਾਂ ਜਾਇ ਕਰਿ ਉੱਦਮੁ ਠਾਨਾ ॥੭॥
ਨਿਸ਼ਚੈ ਤਿਸ ਤੀਰਥ ਕੋ ਕਰਿਯੋ।
ਸਭਿਨਿ ਸੰਗ ਸਤਿਗੁਰੂ ਉਚਰਿਯੋ।
'ਗੁਰ ਆਗਯਾ ਤੇ ਪਿਤਾ ਹਮਾਰੇ।
ਆਇ ਸੁ ਸਰ ਕਰਿਵਾਇਸੁ ਕਾਰੇ ॥੮॥
ਇਹ ਤੌਂ ਬਿਦਤ ਚਿੰਨ੍ਹ ਲਖਿ ਪੱਯਤਿ।
ਖਨਜੋ ਕਿਤਿਕ ਅਰੁ ਤਰੁ ਦ੍ਰਿਸ਼ਟੱਯਤਿ।'
ਇਮ ਸੁਨਿ ਸਭਿ ਨੈ ਕੀਨਸਿ ਨਿਰਨੇ।
'ਆਪ ਜਥਾਰਥ ਕਰਿਹੋ ਬਰਨੇ ॥੯॥
ਟੋਵਾ ਖਨਜੋ ਸੋ ਪਰਹਿ ਦਿਸਾਈ।
ਤੁਮੁ ਤੇ ਕੌਨ ਲਖਹਿ ਅਧਿਕਾਈ।'
ਇਮ ਨਿਸ਼ਚੈ ਕਰਿ ਲਗੇ ਖਨਾਵਨਿ।
ਗਨ ਮਜੂਰ, ਸਿਖ ਕਰੇ ਲਗਾਵਨਿ ॥੧੦॥
ਬ੍ਰਿੰਦ ਖਨਹਿਂ ਸਿਰ ਮ੍ਰਿਤਕਾ ਧਾਰਹਿਂ।
ਲੇ ਕਰਿ ਵਹਿਰ ਜਾਇ ਤਟ[1] ਡਾਰਹਿਂ।
ਅਨਗਨ ਮਾਨਵ ਆਵਨਿ ਲਾਗੇ।
ਕਿਤੇ ਮਜੂਰ ਸਿੱਖਜ ਬਡਿਭਾਗੇ ॥੧੧॥
ਇਮ ਦਿਨਪ੍ਰਤਿ ਸ਼੍ਰੀ ਅਰਜਨ ਨਾਥੁ।
ਲੇ ਕਰਿ ਸਿਖ ਸੰਗਤਿ ਕੋ ਸਾਥ।
ਜਹਿਂ ਕਹਿਂ ਤੇ ਬਹੁ ਕਰੇ ਬੁਲਾਵਨਿ।
ਗਨ ਮਜੂਰ ਜੁਤਿ ਕਰਤਿ ਖਨਾਵਨਿ ॥੧੨॥
ਬੈਠਹਿਂ ਜਾਇ ਤਾਂਹਿ ਕੇ ਤੀਰ।
ਖੋਦਹਿਂ ਬਹੁ ਮਾਨਵ ਕੀ ਭੀਰ।
ਇਕ ਖਨਨੀ ਗਹਿ[2] ਖਨਹਿਂ ਸਬਲ ਥਲ[¶]।
ਏਕ ਨਿਕਾਸਹਿਂ, ਭਾਖਹਿਂ 'ਚਲਿ ਚਲਿ' ॥੧੩॥
ਧਰਹਿਂ ਭਾਵਨਾ ਕੇਤਿਕ ਆਵਹਿਂ।

---

*ਇਸ ਥਾਵੇਂ ਹੁਣ ਤਕ ਗੁਰਦੁਆਰਾ ਹੈ, ਨਾਮ ਟਾਹਲੀ ਸਾਹਿਬ ਸੱਦੀਦਾ ਹੈ, ਕਰਮੋ ਦੀ ਡਿਉਡੀ ਦੇ ਨੇੜੇ ਵਾਰ ਸੰਤੋਖਸਰ ਦੇ ਕਿਨਾਰੇ ਤੇ ਹੈ ਤੇ ਟਾਹਲੀ ਬੀ ਹੈ।

[1]ਕੰਢੇ ਤੇ।

[2]ਕਹੀ ਫੜ ਫੜ ਕੇ।

[¶]ਪਾ:-ਹਨਹਿਂ ਸੁ ਥਲ ਥਲ।

ਤੀਰਥ ਖਨਹਿਂ ਤਥਾ ਫਲ ਪਾਵਹਿਂ।
ਕੇਤਿਕ ਸਿੱਖਜ ਆਪ ਚਲਿ ਆਏ।
ਕੇਤਿਕ ਸ਼੍ਰੀ ਅਰਜਨ ਬੁਲਵਾਏ ॥੧੪॥
ਭਈ ਜਹਾਂ ਕਹਿਂ ਪਸਰੀ ਗਾਥਾ।
ਸੁਨਿ ਸੁਨਿ ਆਇ, ਨਾਇਂ ਪਦ ਮਾਥਾ।
ਮਹਾਂ ਚੌਪ ਤੇ ਕਾਰ[1] ਨਿਕਾਰਹਿਂ।
ਸਿਮਰਹਿਂ ਨਾਮ ਬਿਘਨ ਕੋ ਟਾਰਹਿਂ ॥੧੫॥
ਕੋ ਆਵਤਿ ਕੋ ਜਾਤਿ ਅਨੇਕ।
ਕੋ ਸੇਵਾ ਕਰਿ ਲਹਹਿ ਬਿਬੇਕ।
ਕੋ ਜਗ ਸੁਖ ਕੋ ਬਾਂਛਤਿ ਆਵਹਿ।
ਸੁਤ ਬਿਤ ਆਦਿਕ ਸੋ ਤਹਿਂ ਪਾਵਹਿ ॥੧੬॥
ਪ੍ਰਾਤਿ ਹੋਤਿ ਲੇ ਸੰਗ ਸਭਿਨਿ ਕੋ।
ਸਗਰੇ ਦਿਨ ਮਹਿਂ ਕਰਹਿਂ ਖਨਨ ਕੋ।
ਸੰਧਜਾ ਹੋਤਿ ਜਾਤਿ ਬਿਚ ਗ੍ਰਾਮ।
ਬਨਹਿ ਦੇਗ ਬਡ ਗੁਰ ਕੇ ਧਾਮ ॥੧੭॥
ਸਗਰੀ ਸੰਗਤਿ ਪਾਇ ਅਹਾਰੇ।
ਤਹਾਂ ਜਾਮਨੀ ਬਸਹਹਿਂ ਸਾਰੇ।
ਹੋਤਿ ਭੋਰ ਸਭਿ ਕ੍ਰਿਯਾ ਸੁਧਾਰਿ।
ਕਰਹਿਂ ਜਾਇ ਤੀਰਥ ਕੀ ਕਾਰ ॥੧੮॥
ਇਸ ਪ੍ਰਕਾਰ ਕੇਤਿਕ ਦਿਨ ਕਰੇ।
ਖਨਹਿਂ ਮ੍ਰਿੱਤਕਾ ਵਾਹਰਿ ਗਿਰੇ।
ਬਹੁ ਗੰਭੀਰ[2] ਕਰਜੋ ਬਰ ਤਾਲ।
ਕਹਿ ਕਰਿਵਾਵੈਂ ਗੁਰੂ ਬਿਸਾਲ ॥੧੯॥
ਬਹੁ ਸਿੱਖਜਨ ਕੀ ਹੋਈ ਭੀਰ।
ਸੁਨਿ ਸੁਨਿ ਮਹਿਮਾ ਆਵਹਿਂ ਤੀਰ।
ਕੇਤਿਕ ਅੰਨੁ ਪੁੰਜ ਕੋ ਆਨਹਿਂ।
ਪਾਇ ਦੇਗ ਮਹਿਂ ਸ਼ਰਧਾ ਠਾਨਹਿਂ ॥੨੦॥
ਕੇਤਿਕ ਧਨੁ ਕੋ ਆਨਿ ਚਢਾਵਹਿਂ।
ਦੇਤਿ ਮਜੂਰਨਿ ਤਾਲ ਖਨਾਵਹਿਂ।
ਕੇਤਿਕ ਆਪ ਆਇ ਤਹਿਂ ਰਹੈਂ।

---

[1]ਗਾਰ।
[2]ਡੂੰਘਾ।

ਕਰਹਿਂ ਕਾਰ ਸਤਿਗੁਰ ਜਿਮੁ ਚਹैਂ ॥੨੧॥
ਕੇਤਿਕ ਘਰ ਤੇ ਅੰਨ ਸੁ ਆਨਹਿਂ।
ਅਪਨੋ ਖਾਇ ਕਾਰ ਸੋ ਠਾਨਹਿਂ।
ਕੇਤਿਕ ਦੇਗ ਤੇ ਭੋਜਨੁ ਖਾਇਂ।
ਸਭਿ ਦਿਨ ਸਰ ਕੀ ਕਾਰ ਕਮਾਇਂ ॥੨੨॥
ਕੋ ਨਿਸ਼ਕਾਮੁ ਰਹਹਿਂ ਗੁਰ ਪਾਸ।
ਕੋ ਸਕਾਮ ਠਾਨਹਿਂ ਅਰਦਾਸ।
ਮਹਿਦ ਕਾਜ ਸਰ ਕਰਿਬੇ ਕੇਰਾ।
ਸ਼੍ਰੀ ਅਰਜਨ ਮਨ ਲਖਹਿਂ ਬਡੇਰਾ ॥੨੩॥
-ਕਿਤੇ ਬਰਖ ਮਹਿਂ ਹੋਵਨ ਹਾਰਾ।
ਪਾਕਹਿਂ ਈਟਾਂ ਚਲਿ ਹੈ ਕਾਰਾ।
ਅਨਿਕ ਪਜਾਵੈ[1] ਲਾਗਹਿਂ ਜਬੈ।
ਤਬਿ ਕਾਰਜ ਬਨਿ ਸਕਹੈ ਸਬੈ ॥੨੪॥
ਬ੍ਰਿੰਦੁ ਕੁਲਾਲ[2] ਬਸਹਿਂ ਜਬਿ ਆਈ।
ਲਾਇਂ ਪਜਾਵੇ ਲੇਹਿਂ ਪਕਾਈ-।
ਸਰਬ ਪ੍ਰਕਾਰ ਚਿਤਹਿਂ ਚਿਤੁ ਮਾਂਹੀ।
-ਜਿਮ ਤੜਾਗ[3] ਤੂਰਨ ਹੁਇ ਜਾਹੀ ॥੨੫॥
ਸ਼੍ਰੀ ਗੁਰ ਅਮਰਦਾਸ ਕੀ ਆਇਸੁ।
ਪਿਤਾ ਹਮਾਰੇ ਕੋ ਫੁਰਮਾਇਸ।
'ਤਾਲ ਕਰਹੁ ਚਹੁ ਕੋਨ ਬਿਸਾਲ।
ਹੁਇ ਪਾਕੋ ਈਟਨ ਲਗ ਜਾਲ[4]' ॥੨੬॥
ਤਥਾ ਪਿਤਾ ਨੇ ਮੋ ਕਹੁ ਕਹਿਯੋ।
ਟਹਿਲ ਤਾਲ ਕੀ ਮਹਿਂ ਚਿਤ ਚਹਿਯੋ।
ਸਰਬ ਪ੍ਰਕਾਰ ਜਿ ਇਹੁ ਬਨ ਜਾਇ।
ਗੁਰ ਦੋਨਹੁਂ ਕੀ ਪੁਰਹਿ ਰਜਾਇ- ॥੨੭॥
ਸਿਮਰਿ ਸਿਮਰਿ ਬਚ ਪੂਰਬ ਗੁਰ ਕੇ।
ਸਭਿ ਕਾਰਜ ਕਰਿਵਾਵਹਿਂ ਸਰ ਕੇ।
ਬੈਠੇ ਤਟ ਪਰ ਕਹਹਿਂ, ਖਨਾਵਹਿਂ।

---
[1] ਆਵੇ ਇੱਟਾਂ ਦੇ।
[2] ਘੁਮਿਆਰ।
[3] ਤਾਲਾਬ, ਸਰੋਵਰ।
[4] ਸਾਰਾ, (ਅ) ਬਹੁਤੀਆਂ ਇੱਟਾਂ ਲੱਗ ਕੇ।

ਸਿੱਖਨ ਕੋ ਉਪਦੇਸ਼ ਦ੍ਰਿੜਾਵਹਿਂ ॥੨੮॥
'ਸਭਿ ਗੁਰ ਕਰਹਿਂ ਕਾਮਨਾ ਪੂਰੀ।
ਬਿਚ ਪਰਲੋਕ ਲਹਹੁ ਗਤਿ ਰੂਰੀ।'
ਬੀਤੇ ਕੇਤਿਕ ਮਾਸ ਖਨਾਵਤਿ।
ਸਰ ਸੇਵਾ ਕੋ ਅਧਿਕ ਜਨਾਵਤਿ ॥੨੯॥
ਨਿਤਪ੍ਰਤਿ ਕਾਰ ਅਧਿਕ ਹੀ ਹੋਇ।
ਕਰਿ ਚਿਤ ਚੌਂਪ ਖਨਹਿ ਸਭਿ ਕੋਇ।
ਬਡ ਗੰਭੀਰ ਭਯੋ ਤਬਿ ਖਨਤੇ।
ਬ੍ਰਿੰਦ ਗਿਰਾਵਹਿਂ ਮ੍ਰਿੱਤਕਾ ਅਨਤੇ[1] ॥੩੦॥
ਜਬਿ ਖਨਿਕੇ ਨੰਮ੍ਰੀ ਬਹੁ ਕਰਿਯੋ।
ਬ੍ਰਤਲਾਕ੍ਰਿਤ[2] ਮਠ ਜਾਨਯੋ ਪਰਯੋ[3]।
ਦੌਰਿ ਦੌਰਿ ਗੁਰ ਪਾਸ ਉਚਾਰੈਂ।
'ਇਕ ਮਠ ਨਿਕਸਯੋ ਲੋਕ ਨਿਹਾਰੈਂ' ॥੩੧॥
ਸੁਨਿ ਕਰਿ ਉਠੇ ਆਪਿ ਜਗ ਸ੍ਵਾਮੀ।
ਗਏ ਨਿਕਟ ਤਿਸ ਅੰਤਰਜਾਮੀ।
ਸਭਿ ਲੋਕਨ ਕੋ ਤਹਾਂ ਲਗਾਇ।
ਕਰਯੋ ਨਿਰਾਲਮ ਚਹੁੰ ਦਿਸ਼ ਥਾਇਂ[4] ॥੩੨॥
ਦਰਪਰ ਸਿਲਾ ਲਗੀ ਖੁਲ੍ਹਵਾਈ।
ਦੇਖਯੋ ਮੁਨੀ ਸਮਾਧਿ ਲਗਾਈ।
ਕਸਤੂਰੀ ਸ਼੍ਰੀ ਗੁਰ ਮੰਗਵਾਈ।
ਲੇ ਨਵਨੀਤਹਿ ਸਾਥ[5] ਮਿਲਾਈ ॥੩੩॥
ਚਰਣ ਸਾਥ ਦ੍ਵੈ ਸਿੱਖ ਲਗਾਏ।
ਸਨੈ ਸਨੈ ਤਿਨ ਤੇ ਮਲਵਾਏ।
ਦਸਮ ਦ੍ਵਾਰ ਕੋ ਪੁਨਹਿਂ ਘਸਾਵਾ।
ਜਿਸੁ ਤੇ ਤਨ ਮਹਿਂ ਉਸ਼ਨ[6] ਉਪਾਵਾ ॥੩੪॥
ਰੋਕ ਪੌਨੁ ਲਗ ਰਹੀ ਸਮਾਧਿ।
ਸਰਬ ਭਾਂਤਿ ਕੇ ਸਾਧਨ ਸਾਧ।

---

[1]ਹੋਰ ਥਾਵੇਂ।
[2]ਗੋਲਾਕਾਰ।
[3]ਮਲੂਮ ਹੋਇਆ ਇਕ ਮੱਠ।
[4]ਚਾਰੇ ਪਾਸਿਆਂ ਤੋਂ ਵੇਹਲਾ, ਨੰਗਾ।
[5]ਮੱਖਣ ਦੇ ਨਾਲ।
[6]ਗਰਮੀ।

ਚੇਤਨਤਾ ਤਨ ਮਹਿਂ ਹੁਇ ਆਈ।
ਬੈਠੇ ਬਰਖ ਬਿਤੇ ਸਮੁਦਾਈ ॥੩੫॥
ਰਾਖਯੋ ਰੋਕ ਜੁ ਦਸਮੈ ਦ੍ਵਾਰਾ।
ਸਨੈ ਸਨੈ ਸੋ ਪੌਨ[੧] ਉਤਾਰਾ।
ਤੂਲ[੨] ਆਦਿ ਤੇ ਅਨਿਕ ਉਪਾਇ।
ਤਿਹ ਸਰੀਰ ਕੋ ਭਲੇ ਬਚਾਇ ॥੩੬॥
ਹੁਤੀ ਜੋਗਤਾ[੩] ਸਭਿ ਹੀ ਕਰਿ ਕੈ।
ਸਨੈ ਸਨੈ ਤਨ ਕੀ ਸੁਧਿ ਧਰਿ ਕੈ।
ਦੋਨਹੁਂ ਲੋਚਨ ਜਬੈ ਉਘਾਰੇ।
ਸ੍ਰੀ ਗੁਰ ਅਰਜਨ ਸਮੁਖ ਨਿਹਾਰੇ ॥੩੭॥
ਸਨੈ ਸਨੈ ਮੁਖ ਜੀਹ੍ਵ[੪] ਚਲਾਇਵ।
ਸ਼ੁੱਧ ਆਤਮਾ ਮ੍ਰਿਦੁਲ ਅਲਾਇਵ[੫]।
'ਕੌਨ ਨਾਮ ਇਹ ਦੇਹੁ ਸੁਨਾਈ?
ਕਿਹ ਤੇ ਪ੍ਰਾਪਤਿ ਭਈ ਬਡਾਈ? ॥੩੮॥
ਕਿਸ ਕੇ ਇਹੁ ਨੰਦਨ? ਸਭਿ ਕਹੋ।
ਸਮਾਂ ਕੌਨ ਅਬਿ ਜਗ ਮੈਂ ਅਹੋ?
ਜਬਿ ਮੁਹਿ ਸਭਿ ਹੁਇ ਹੈ ਸੱਖਜਾਤਿ।
ਔਰ ਬੂਝ ਹੌਂ ਪੁਨ ਬੱਖਜਾਤਿ' ॥੩੯॥
ਤਬਿ ਬੁੱਢੇ ਕਰ ਜੋਰ ਬਖਾਨਾ।
'ਸੋਢਿਬੰਸ ਸ਼ੁਭ ਸਿੰਧੁ ਸਮਾਨਾ[੬]।
ਸ੍ਰੀ ਗੁਰ ਰਾਮਦਾਸ ਸੁਖਰਾਸਿ।
ਉਪਜੇ ਚੰਦ ਸੁਜਸੁ ਪਰਕਾਸ਼ ॥੪੦॥
ਤਿਨ ਕੇ ਸੁਤ ਬੁਧ[੭] ਸਮ ਬੁਧਿਵਾਨ।

---

[੧]ਸ੍ਵਾਸ।
[੨]ਰੂਈ।
[੩]ਮੁਨਾਸਿਬ ਤਰਕੀਬ।
[੪]ਜਿਹਬਾ।
[੫]ਸ਼ੁੱਧ ਮਨ ਵਾਲਾ ਕੋਮਲ (ਵਾਕ) ਬੋਲਿਆ।
[੬]ਸਮੁੰਦ੍ਰ ਵਤ।
[੭]ਬੁਧਿ ਨਾਮ ਹੈ ਗਜ਼ਾਨ ਦਾ, ਜੋ ਗਜ਼ਾਨ ਸਮ ਗਜ਼ਾਨਵਾਨ ਹੈ। (ਅ) [ਸੰਸ: ਬੁਦਿ] ਗੋਤਮ ਬੁਧ ਜੀ ਦੀ ਬੁਧੀਮਤਾ ਦਾ ਅੰਗ ਲੈ ਕੇ ਇਹ ਦ੍ਰਿਸ਼ਟਾਂਤ ਦਿੱਤਾ ਹੈ। (ੲ) ਬੁਧ ਇਕ ਗ੍ਰੈਹ ਦਾ ਨਾਮ ਹੈ, [ਸੰਸ: ਬੁਧ] ਜੋ ਤਾਰਾ ਦਾ ਪੁੱਤ੍ਰ ਸੀ; ਉਹ ਅਰ੍ਥ ਏਥੇ ਕਰਨਾ ਅਸ਼ੁੱਧ ਹੈ, ਕਿਉਂਕਿ ਕਵਿ ਜੀ ਉਪਮਾਂ ਦੀ ਤੁੱਲਤਾ ਬੁਧੀਮਤਾ ਦੀ ਦੇ ਰਹੇ ਹਨ ਤੇ ਇਹ ਬੁੱਧ ਗਜ਼ਾਨ ਵਿਚ ਪ੍ਰਸਿੱਧ ਨਹੀਂ ਹੈ। (ਸ) ਬੁਧ+ਸਮ = ਸਮਬੁਧ ਤੋਂ ਭਾਵ ਬ੍ਰਹਮਨੇਸ਼੍ਰੀ ਤੇ ਬੁਧਿਵਾਨ ਤੋਂ ਬ੍ਰਹਮ ਸ਼੍ਰੋਤ੍ਰੀ ਭਾਵ ਵੀ ਲੈਂਦੇ ਹਨ।

ਧਰਮ ਆਤਮਾ ਗੁਨ ਗਨ ਖਾਨਿ।
ਪਾਪ ਸਮੁੰਦ੍ਰ ਬਿਖੈ ਜਗੁ ਸਾਰਾ।
ਸਮ ਜਹਾਜ ਭਾ ਡੂਬਣਿਹਾਰਾ ॥੪੧॥
ਭਏ ਦੀਪ ਸਮ ਨਰ ਤਨੁ ਧਰਿਯੋ।
ਭਵ ਸਗਰੇ ਜਿਨ ਚਾਂਦਨ[1] ਕਰਿਯੋ।
ਸ਼੍ਰੀ ਗੁਰ ਨਾਨਕ ਨਾਮ ਅਨੂਪਾ।
ਸਰਬ ਜੋਤਿ ਕੀ ਜੋਤਿ ਸਰੂਪਾ ॥੪੨॥
ਸੱਤਿਨਾਮ ਸਿੱਖਨ ਉਪਦੇਸ਼ਾ।
ਲਾਖਹੁਂ ਮੋਖ ਦੀਨ ਅਕਲੇਸ਼ਾ[2]।
ਸਰਬ ਜਗਤ ਮਹਿਂ ਜਸੁ ਬਿਸਤਾਰਾ।
ਪ੍ਰਿਥੀ ਡੁਲਤਿ[3] ਕੋ ਭਾਰ ਨਿਵਾਰਾ ॥੪੩॥
ਤਿਨ ਤੇ ਲਈ ਗਰੁਵ[4] ਬਡਿਆਈ।
ਗੁਰ ਅੰਗਦ ਬੈਠੇ ਗੁਰਿਆਈ।
ਅਜਰ ਜਰਨ ਜਿਨ ਕੇ ਨ ਸਮਾਨਾ।
ਸਿੱਖਜ ਉਧਾਰੇ ਬਿਦਤ ਜਹਾਨਾ ॥੪੪॥
ਸ਼੍ਰੀ ਗੁਰ ਅਮਰਦਾਸ ਤਿਨ ਪਾਛੇ।
ਬੈਠੇ ਗੁਰ ਗਾਦੀ ਪਰ ਆਛੇ।
ਸਕਲ ਜਗਤ ਮਹਿਂ ਭਗਤਿ ਦ੍ਰਿੜਾਈ।
ਅਨਿਕ ਨਰਨਿ ਕਹੁ ਦਈ ਬਡਾਈ ॥੪੫॥
ਸ਼੍ਰੀ ਗੁਰ ਨਾਨਕ ਮਹਾਂ ਮਸਾਲ[5]।
ਕਲੀ ਕਾਲ ਹਤਿ ਤਿਮਰ ਬਿਸਾਲ।
ਲਾਖੋਂ ਦੀਪਕ ਜਿਨ ਤੇ ਜਾਗੇ।
ਨਰ ਬਡਭਾਗ ਪਗਨ ਜੋ ਲਾਗੇ ॥੪੬॥
ਤਿਸ ਮਸਾਲ ਤੇ ਜਗੀ ਮਸਾਲ।
ਸ਼੍ਰੀ ਅੰਗਦ ਜੀ ਭਏ ਕ੍ਰਿਪਾਲ।
ਇਨ ਤੇ ਦੀਪਕ ਜਗੇ ਅਨੇਕ।
ਹੋਏ ਗਜਾਨੀ ਸਹਤ ਬਿਬੇਕ ॥੪੭॥

---

[1]ਚਾਨਣਾਂ।
[2]ਕਲੇਸ਼ਾਂ ਤੋਂ ਰਹਿਤ ਕਰ ਦਿੱਤੇ।
(ਅ) ਅਕਲ ਦੇ ਈਸ਼੍ਵਰ = ਬੁਧਿਵਾਨ ਜੀ ਨੇ।
[3]ਡੋਲ ਰਹੀ ਪ੍ਰਿਥਵੀ ਦਾ।
[4]ਵੱਡੀ, ਭਾਰੀ।
[5]ਜੋਤ [ਅ਼: ਮਸ਼ਅਲ]

ਤਿਨਹੁ ਤੀਸਰੀ ਦਿਪੀ[1] ਮਸਾਲ।
ਕਰਜੋ ਚਾਦਨਾ ਤਮ ਗਨ ਟਾਲਿ[2]।
ਅਨਗਨ ਦੀਪਕ ਜਾਗੇ ਜਗ ਮੈਂ।
ਪਰੇ ਆਨਿ ਸ਼ਰਨੀ ਜੇ ਪਗ ਮੈਂ ॥੪੮॥
ਤਿਸ ਮਸਾਲ ਤੇ ਜਗੀ ਮਸਾਲ।
ਸ਼੍ਰੀ ਗੁਰ ਰਾਮਦਾਸ ਤਮ ਟਾਲਿ[3]।
ਤਿਨ ਕੇ ਸੁਤ ਸ਼੍ਰੀ ਅਰਜਨ ਦੇਹੁ।
ਤਿਸੀ ਜੋਤਿ ਕੀ ਪੰਚਮ ਦੇਹਿ ॥੪੯॥
ਅਬਿ ਕਲਜੁਗ ਕੋ ਕਾਲ ਕਰਾਰਾ[4]।
ਬਰਖ ਪੰਚਮੋ ਲਖਹੁ ਹਜਾਰਾ।
ਬਿਨਾ ਕਾਲ ਤੇ ਜੋਰ ਕਲੀ ਸੋ[5]।
ਤਿਹ ਮਿਟਾਵਨੇ ਭਾਂਤਿ ਭਲੀ ਸੋ ॥੫੦॥
ਇਹ ਤੀਰਥ ਕੋ ਥਾਨੁ ਖਨਾਵਾ।
ਜਿਸ ਤੇ ਤੁਮਰੋ ਦਰਸ਼ਨੁ ਪਾਵਾ।
ਅਪਨ ਪ੍ਰਸੰਗ ਸੁਨਾਵਹੁ ਅਬੈ।
ਬਸਮੇ ਚਾਹਤਿ ਸੁਨਿਬੋ ਸਬੈ' ॥੫੧॥
ਜੋਗੀ ਭਯੋ ਅਨੰਦ ਬਿਲੰਦ।
ਸੁਨਿ ਕੈ ਪਤੇ ਸਿਮਰਿ ਸੁਖਕੰਦੁ।
ਕਹਿਨ ਲਗਜੋ 'ਮੈਂ ਜੋਗ ਕਮਾਯੋ।
ਆਜੁ ਸਫਲ ਭਾ ਦਰਸ਼ਨ ਪਾਯੋ ॥੫੨॥
ਭੂਤ ਭਵਿੱਖਜਤ ਕੋ ਬਡ ਗਜਾਤਾ।
ਮਮ ਗੁਰ ਹੁਤੋ ਗਜਾਨ ਕੋ ਦਾਤਾ।
ਤਿਸ ਕੀ ਸ਼ਰਨਿ ਪਰਜੋ ਮੈਂ ਜਾਈ।
ਨਾਨਾ ਭਾਂਤਿਨਿ ਸੇਵ ਕਮਾਈ ॥੫੩॥
ਮੁਕਤਿ ਕਰਨਿ ਹਿਤ ਮੋ ਕਹੁ ਭਾਖਾ।
-ਅਧਿਕ ਬਿਲਕ ਪੂਰਹਿਂ ਅਭਿਲਾਖਾ।
ਅਬਿ ਤੇ ਤੁਝ ਮੇਰਾ ਬਰ ਹੋਵਾ।
ਮੋਖ ਪਾਇ ਅੱਗਜਾਨਹਿ ਖੋਵਾ ॥੫੪॥

---

[1]ਤਿੰਨ੍ਹਾਂ ਤੋਂ ਪ੍ਰਕਾਸ਼ੀ ਤੀਜੀ।
[2]ਅੰਧਕਾਰ ਸਾਰਾ ਦੂਰ ਕਰਕੇ।
[3]ਅੰਧੇਰਾ ਦੂਰ ਕਰਨ ਵਾਲੇ।
[4]ਭਯਾਨਕ।
[5]ਤਿਸ ਕਲਜੁਗ ਦਾ ਜੋਰ ਹੈ ਸਮੇਂ ਤੋਂ ਅਗੋਂ ਹੀ।

ਚਿਰੰਜੀਵ ਤਵ ਹੋਇ ਸਰੀਰ।
ਬੈਠਹੁ ਲਾਇ ਸਮਾਧਿ ਸੁ ਧੀਰ*।
ਮਠ ਕੋ ਸਾਜਿ ਇਸੀ ਥਲ ਰਹੌ।
ਤਬਿ ਹੀ ਸਮਾਂ ਗਜਾਨ ਕੋ ਲਹੌ ॥੫੫॥
ਸ੍ਰੀ ਗੁਰੁ ਅਰਜਨ ਹੁਇੰ ਅਵਿਤਾਰ।
ਤੀਰਥ ਬਿਦਤਾਵਹਿਂ ਸ਼ੁਭ ਬਾਰਿ[1]।
ਜਬਿ ਖਨਿਹੈਂ ਇਸ ਥਲ ਕੋ ਆਇ।
ਤੋਹਿ ਨਿਕਾਸਹਿਂ ਨਿਜ ਦਰਸਾਇ ॥੫੬॥
ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ।
ਸੁਨਿਹੋ ਬਾਕ ਗਜਾਨ[2] ਜਿਨ ਮਾਂਹੀ।
ਤਬਿ ਤੇਰੋ ਹੁਇ ਹੈ ਕੱਲਜਾਨੁ-।
ਇਮ ਭਾਖਜੋ ਗੁਰੁ ਕਰੁਣਾ ਠਾਨਿ ॥੫੭॥
ਤਬਿ ਕੋ ਮੈਂ ਇਹੁ ਮਠ ਚਿਨਵਾਇ।
ਨਿਸ਼ਚੈ ਰਹਜੋ ਸਮਾਧਿ ਲਗਾਇ।
ਮ੍ਰਿੱਤਕਾ ਊਪਰ ਪਰੀ ਨ ਲਹਿਯੋ।
ਨਿਜ ਗੁਰੁ ਬਰ ਤੇ ਜੀਵਤਿ ਰਹਿਯੋ ॥੫੮॥
ਮੁਕਤਿ ਹੋਨਿ ਕੋ ਅਬਿ ਭਾ ਕਾਲ।'
ਇਮੁ ਕਹਿ ਜੋਗੀ ਸ਼ੁੱਧ ਬਿਸਾਲ।
ਸ੍ਰੀ ਅਰਜਨ ਕੇ ਚਰਨਨ ਪਰਿਯੋ।
ਬਿਨੈ ਕਰਤਿ ਭਾ ਸ਼ਾਂਤੀ ਢਰਿਯੋ¶ ॥੫੯॥
'ਤੁਮਰੇ ਬਚਨਨ ਤੇ ਕੱਲਜਾਨ।
ਕਰਹੁ ਸੁਨਵਾਨ ਕ੍ਰਿਪਾ ਨਿਧਾਨ!
ਜੇ ਕਰਿ ਜਗਤਿ ਝੂਠਿ ਇਹੁ ਹੋਇ।
ਭਾਸਤਿ ਕਜੋਂ ਆਛੇ[3] ਸਭਿ ਕੋਇ? ॥੬੦॥
ਜੇ ਕਰਿ ਸਾਚ ਕਹੋ ਜਗ ਅਹੈ।
ਗਜਾਨਵਾਨ ਕਿਉਂ ਝੂਠੋ ਲਹੈ?
ਆਤਮ ਕੋ ਸਰੂਪ ਜਿਮੁ ਲਹੀਏ।

---

* ਪਾ:-ਸਰੀਰ
[1]ਸ੍ਰੇਸ਼ਟਤਾ ਵਾਲਾ।
(ਅ) ਸ਼ੁਭ ਸਮੇਂ। (ੲ) ਸ਼ੁਭ ਬਾਰ = ਅੰਮ੍ਰਿਤ।
[2]ਗਜਾਨ ਵਾਲੇ ਵਾਕ।
¶ਪਾ:-ਭਰਜੋ।
[3]ਸਭ ਕਿਸੇ ਨੂੰ 'ਹੈ' ਯਾ 'ਸਤਿ' ਕਿਉਂ ਭਾਸਦਾ ਹੈ?

ਇਕ ਹੀ, ਬਹੁਤ ਭਾਂਤਿ ਕਿਮ ਕਹੀਏ?[1] ॥੬੧॥
ਚਲਹਿਂ ਜੀਵ ਜੰਗਮ ਇਹੁ ਸਾਰੇ।
ਕਿਮ ਕੂਟੱਸਥ ਰਹੈਂ ਨਿਰਧਾਰੇ[2]?
ਜਗਤ ਰੂਪ ਇਹੁ ਆਪੇ ਬਨਿ ਕੈ।
ਕਿਮ ਨਿਰਲੇਪ ਰਹਤਿ ਸਭਿ ਜਨ ਕੈ[3] ॥੬੨॥
ਬ੍ਰਹਮ ਆਤਮਾ ਨਾਮ ਜਿਸੀ ਕੋ।
ਕਿਮ ਸਰੂਪ ਮੈਂ ਲਖੌਂ ਤਿਸੀ ਕੋ?
ਜੁਗ ਅਨੇਕ ਗਨ ਮੁਨੀ ਬਿਤਾਏ।
ਭਨਤਜੋ ਥਕੇ ਪਾਰ ਨਹਿਂ ਪਾਏ ॥੬੩॥
ਜਿਸ ਕੇ ਬ੍ਰਹਮ ਹੋਵੈ ਸੱਖਜਾਤਿ।
ਚਿਤ ਸ਼ਾਂਤੀ ਤਿਸ ਕੇ ਬਖਜਾਤ।
ਪਰੇ ਅਪਰ ਪਦ ਜਿਸ ਕੇ ਨਾਂਹਿ।
ਸੱਤਜ ਅਨੰਦ ਅਨਾਦੀ ਆਹਿ ॥੬੪॥
ਬ੍ਰਹਮ ਸਰੂਪ ਰਿਦੈ ਬਿਦਤਾਵਉ।
ਮੁਰ[4] ਗੁਰ ਕੇ ਬਰ ਤੁਮ ਸਫਲਾਵਉ।'
ਦੀਰਘ ਮਹਿਦ ਬੈਸ ਜਿਸ ਤਨੁ ਕੀ।
ਜਤਨ ਸਾਥ ਰੋਕੀ ਗਤਿ ਮਨ ਕੀ ॥੬੫॥
ਸ਼੍ਰੀ ਅਰਜਨ ਕੋ ਪਾਇ ਬਹਾਨਾ।
ਚਾਹਤਿ ਚਿਤ ਅਤਿਸ਼ੈ ਕੱਲਜਾਨਾ।
ਸਭਿਹਿਨਿ ਮਹਿਂ ਜੋਗੀ ਅਸ[5] ਕਹੇ।
ਦੇਖਤਿ ਨਰ ਗਨ ਬਿਸਮੈ ਰਹੇ ॥੬੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ ਨਿਕਸਨਿ' ਪ੍ਰਸੰਗ ਬਰਨਨੰ ਨਾਮ ਚਤਰਤਿੰਸਤੀ ਅੰਸੂ ॥੩੪॥

---

[1]ਭਾਵ, ਜੇ ਆਤਮਾ ਦਾ ਸਰੂਪ ਹੈ 'ਇਕ' ਤਾਂ ਇਸ ਵਿਚ ਬਹੁਤਾ ਪਨ (ਨਾਨੱਤ੍ਵ) ਕਿਵੇਂ ਹੈ?
[2]ਕੀਕੂੰ ਅਚਲ (ਇਕ ਸਮਾਨ) ਰਹਿੰਦਾ ਹੈ ਨਿਸ਼ਚੇ ਕਰਕੇ (ਯਾ ਸਮਝਾਓ)।
[3]ਸਭ ਜੀਵਾਂ ਤੋਂ।
[4]ਮੇਰੇ।
[5]ਐਸਾ।

੩੫. [ਜੋਗੀ ਪ੍ਰਤਿ ਉਪਦੇਸ਼। ਵੇਦਾਂਤ]

੩੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੬

ਦੋਹਰਾ: ਸ਼੍ਰੀ ਗੁਰ ਕ੍ਰਿਪਾ ਨਿਧਾਨ ਸੁਨਿ,
ਲਖਿ ਕੈ ਸੁਧਿ ਅਧਿਕਾਰ।
ਨਿਰਨੈ ਕੀਨਸਿ ਬ੍ਰਹਮ ਕੋ, ਤਿਸ ਪ੍ਰਤਿ ਬਾਕ ਉਚਾਰ ॥੧॥
ਚੌਪਈ: ਭੋ ਜੋਗੇਸ੍ਵਰ! ਅਚਰਜ ਅਹੈ।
ਅਕਹਿ[1] ਬ੍ਰਹਮ ਕੋ ਕਿਮੁ ਕੋ ਕਹੈ।
ਨਾਮ ਅਗੋਚਰ[2] ਭਾਖਤਿ ਤਾਂਹਿ।
ਕਿਸੀ ਰਿਖੀਕ ਬਿਸ਼ੈ ਕਬਿ ਨਾਂਹਿ[3] ॥੨॥
ਤਊ ਜਨਾਵਨ ਸਿੱਖਨਿ ਕਾਰਨ।
ਕਰੁਨਾ ਕਰਿ ਗੁਰੁ ਕਰਹਿਂ ਉਚਾਰਨ।
ਰਚਹਿਂ ਸਮਿੱਗ੍ਰੀ ਜੋ ਮਨ ਅਪਨੇ।
ਸੱਤਜ ਪ੍ਰਤੀਤਿ ਹੋਤਿ ਸਭਿ ਸੁਪਨੇ ॥੩॥
ਭੈ ਕੋ ਪਾਇ ਉਠੇ ਬਰੜਾਇ।
ਤ੍ਰਿਯ ਸੰਗਮ ਤੇ ਰੇਤ ਮੁਚਾਇ[4]।
ਹਸਹਿ ਕਹੂੰ, ਕਬਿ ਰੁਦਨ ਪੁਕਾਰੈ।
ਕਬਹੁਂ ਬਿਖਾਦ ਅਧਿਕ ਉਰ ਧਾਰੈ ॥੪॥
ਜੋ ਸੁਪਨੇ ਮਹਿਂ ਜਾਨੇ ਸਾਚੇ।
ਸੋਗ ਹਰਖ ਤੌਂ ਤਿਹ ਛਿਨ ਰਾਚੇ।
ਜੇ ਕਰਿ ਕੂਰ ਲਖਹਿ ਇਹੁ ਤਬੈ।
ਸੁਪਨ ਕ੍ਰਿਯਾ ਇਹ ਹੋਇ ਨ ਸਬੈ ॥੫॥
ਜਿਮ ਬਾਜੀਗਰ ਅਪਨੀ ਮਾਯਾ।
ਮਿੱਥਜਾ ਲਖਿ ਸੋਗ ਨ ਹਰਖਾਯਾ[5]।
ਜਬਿ ਸੁਪਨਾ ਇਸ ਕੋ ਮਿਟਿ ਜਾਵੈ।
ਝੂਠੋ ਲਖਹਿ ਨ ਪੁਨ ਬਿਰਮਾਵੈ[6] ॥੬॥
ਪਿਖਯੋ ਕੇਹਰੀ ਸੁਪਨੇ ਮਾਂਹੀ।
ਜਾਗੇ ਤੇ ਭਾਗੈ ਕਿਤ ਨਾਹੀ।

---

[1]ਜੋ ਕਿਹਾ ਨਹੀਂ ਜਾ ਸਕਦਾ।
[2]ਇੰਦ੍ਰਯਾਂ ਤੋਂ ਪਰੇ।
[3]ਇੰਦ੍ਰੀਆਂ ਦਾ (ਉਹ) ਵਿਸ਼ਾ ਨਹੀਂ।
[4]ਬੀਰਜ ਪਾਤ ਹੁੰਦਾ ਹੈ।
[5]ਬਾਜੀਗਰ ਅਪਨੀ ਮਾਯਾ ਨੂੰ ਝੂਠੀ ਲਖਕੇ ਨਾ ਸੋਗ ਤੇ ਨਾਂ ਹੀ ਹਰਖ ਕਰਦਾ ਹੈ।
[6]ਭੁੱਲਦਾ ਨਹੀਂ ਫਿਰ।

ਸੁਪਨ ਸਮਿੱਗ੍ਰੀ ਸਕਲੀ ਲਖਿ ਇਮ।
ਹਰਖ ਸ਼ੋਕ ਕੋ ਕਰਹਿ ਨ ਉਰ ਕਿਮ[੧] ॥੭॥
ਤਿਸੀ ਰੀਤਿ ਜਾਵਦ[੨] ਅੱਗਜਾਨਾ।
ਜਗਤ ਸਾਚ ਜਨਿਯਤਿ[੩] ਬਿਧਿ ਨਾਨਾ।
ਪ੍ਰਾਪਤਿ ਇਸ਼ਟ ਹਰਖ ਉਰ ਭਾਰੈ।
ਹੋਤਿ ਅਨਿਸ਼ਟ[੪] ਸ਼ੋਕ ਕਰਿ ਭਾਰੈ[੫] ॥੮॥
ਰਾਗ ਦ੍ਵੈਸ਼ ਭੈ ਆਦਿਕ ਜੇਈ।
ਇਨ ਕੋ ਧਰਤਿ ਅਨਿਕ ਦੁਖ ਖੇਈਂ[੬]।
ਬਡੇ ਭਾਗ ਤੇ ਸਤਿਗੁਰ ਪਾਇ।
ਮਿਟਹਿ ਕਲੇਸ਼ ਸੁ ਲੇਤਿ ਬਚਾਇ ॥੯॥
ਜਿਮ ਸੁਪਨੇ ਮਹਿਂ ਸ਼ੇਰ ਕਰਾਲ।
ਦੇਖਤਿ ਉਪਜਜੋ ਤ੍ਰਾਸ ਬਿਸਾਲ।
ਭਾਗਜੋ ਜਾਇ ਨ, ਗਿਰ ਗਿਰ ਜਾਵੈ।
ਹੋਤਿ ਅਸ਼ੱਕਤ[੭][*], ਡਰੇ, ਬਰੜਾਵੈ ॥੧੦॥
ਇਤਨੇ ਮਹਿਂ ਜਾਗ੍ਰਤ ਨਰ ਆਯੋ।
ਦੁਖਤਿ ਜਾਨ ਕੈ ਪਕਰਿ ਜਗਾਯੋ।
ਤ੍ਰਸਤਿ ਜਾਨਿ, ਤਿਮ ਸਤਿਗੁਰ ਦੇਖਹਿਂ।
ਉਪਦੇਸ਼ਹਿਂ ਸੁਖ ਦੇਤਿ ਬਿਸ਼ੇਖ਼ਹਿਂ ॥੧੧॥
ਜਨਮ ਮਰਣ ਦ੍ਵੈ ਤੁਝ ਮਹਿਂ ਨਾਂਹੀ।
ਭੂਖ ਨ ਤ੍ਰਿਖਾ ਨ ਹ੍ਵੈ ਤੁਹਿ ਮਾਂਹੀ।
ਹਰਖ ਸ਼ੋਕ ਕੋ ਲੇਸ਼ ਨ ਤੋ ਮੈਂ।
ਇਨ ਤੇ ਪਰੇ ਰੂਪ ਲਖਿ ਸੋ -ਮੈਂ- ॥੧੨॥
ਇੱਤਯਾਦਿਕ ਜਬਿ ਦੈ ਉਪਦੇਸ਼।
ਰਿਦੈ ਹਾਨ ਅੱਗਜਾਨ ਅਸ਼ੇਸ਼।
ਤਬਿ ਇਹੁ ਜਗਤ ਝੂਠਿ ਇਮ ਮਾਨੈ।'

---

[੧]ਹਰਖ ਸ਼ੋਕ ਨੂੰ ਦਿਲ ਵਿਚ ਕਿਸੇ ਤਰ੍ਹਾਂ ਨਹੀਂ ਕਰਦਾ।
[੨]ਜਿਤਨਾਂ ਚਿਰ।
[੩]ਭਾਸਦਾ ਹੈ।
[੪](ਮਨ ਨੂੰ) ਪਿਆਰੀ ਵਸਤੂ ਦੇ ਮਿਲਿਆਂ ਰਿਦੇ ਵਿਚ ਪ੍ਰਸੰਨ ਹੁੰਦਾ ਹੈ।
[੫]ਨਾ ਪਿਆਰੀ (ਭਾਵ ਦੁਖਦਾਈ) ਵਸਤੂ ਦੇ ਮਿਲਿਆਂ।
[੬]ਸਹਾਰਦਾ ਹੈ।
[੭]ਕਮਜ਼ੋਰ।
[*]ਪਾ:-ਅਸ਼ਕਤਿ।

ਤਿਸ ਪਰ ਸ਼੍ਰੀ ਗੁਰੁ ਸ਼ਬਦ ਬਖਾਨੈ ॥੧੩॥

ਸ੍ਰੀ ਮੁਖਵਾਕ:

ਰਾਗੁ ਸੂਹੀ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥
ਜਲ ਤੇ ਉਠਹਿ ਅਨਿਕ ਤਰੰਗਾ ॥ ਕਨਿਕ ਭੂਖਨ[1] ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥ ਘਟ[2] ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥

ਚੌਪਈ: 'ਬਾਜੀਗਰ ਜਿਮ ਬਾਜੀ ਪਾਵਹਿ।
ਅਨਿਕ ਰੂਪ ਕਹਿ ਸ੍ਵਾਂਗ ਦਿਖਾਵਹਿ।
ਕ੍ਰਿਯਾ ਕਰਾਵਤਿ ਅਨਿਕ ਪ੍ਰਕਾਰਾ।
ਫਿਰਹਿ, ਲਰਹਿ ਬਡ ਬਾਂਧਿ ਅਖਾਰਾ ॥੧੪॥
ਇਕ ਬਾਜੀਗਰ ਤਿਨ ਮਹਿਂ ਸਾਚਾ।
ਬਾਜੀ ਸਭਿ ਮਿੱਥਯਾ ਕਚ ਪਾਚਾ।
ਸਗਰੀ ਪੁਤਰੀ ਪੁਰਖ ਅਧੀਨੁ[3]।
ਨਾਚਹਿਂ ਜਥਾ ਨਚਾਵਨ ਕੀਨੁ ॥੧੫॥
ਕਿਸਹਿ ਪਲਾਵਹਿ, ਕਿਸੇ ਜਿਤਾਵਹਿ।
ਕੋ ਸੋਗੀ ਕੋ ਹਰਖ ਉਪਾਵਹਿ।
ਜਬਹਿ ਸੰਕੋਚਹਿ ਸਕਲ ਪਸਾਰਾ।
ਰਹੈ ਇਕਾਕੀ ਕਰਨੈਹਾਰਾ[4] ॥੧੬॥
ਤਿਮ ਜਾਨਹੁਂ ਪਰਮੇਸ਼ੁਰ ਰੂਪ।
ਨਿਜ ਇੱਛਾ ਤੇ ਕਰਹਿ ਅਨੂਪ।
ਅਖਿਲ ਚਰਾਚਰ ਕੋ ਉਪਜਾਯੋ।
ਅਪਨ ਸ਼ਕਤਿ ਤੇ ਮਧਿ ਪ੍ਰਵਿਸ਼ਾਯੋ[5] ॥੧੭॥
ਚੇਤਨਤਾ ਜੀਵਨੁ ਕਹੁ ਹੋਈ।

---

[1]ਸੋਨਾ।
[2]ਘੜਾ।
[3]ਸਾਰੀਆਂ ਪੁਤਲੀਆਂ ਪੁਰਖ (ਬਾਜੀਗਰ) ਦੇ ਅਧੀਨ ਹਨ।
[4]ਭਾਵ ਬਾਜੀਗਰ।
[5]ਵਿੱਚ (ਆਪ) ਪ੍ਰਵੇਸ਼ਿਆ ਹੈ।

ਕ੍ਰਿਆ ਕਰਤਿ ਜਿਸ ਤੇ ਸਭਿ ਕੋਈ।
ਦੁਖ ਸੁਖ ਤੇ ਹ੍ਵੈ ਬਿਖਮ ਮਹਾਨੇ[1]।
ਇਸ ਮਹਿਂ ਕਰਮ ਹੇਤਤਾ[2] ਜਾਨੇ ॥੧੮॥
ਜਬਿ ਚਾਹਤਿ ਇਨ ਲੈ ਕਹੁ ਕਰਿਬੇ[3]।
ਅਖਿਲ ਬਿਨਾਸਹਿ ਏਕਹੁ ਥਿਰਬੇ[4]।'
'[5]ਉਤਪਤਿ ਕੌਨ ਰੂਪ ਇਹੁ ਹੋਇ?
ਕਹ ਬਿਨਾਸ਼ਮਾਨ ਹੈ ਕੋਇ?' ॥੧੯॥
ਇਸ ਪਰ ਸੁਨਹੁਂ ਅਪਰ ਦ੍ਰਿਸ਼ਟਾਂਤ।
ਜਿਸੁ ਬਿਧਿ ਹੋਇ ਸੁਨਹੁਂ ਸਭਿ ਭਾਂਤਿ।
ਜਲ ਤੇ ਅਧਿਕ ਤਰੰਗ ਉਠੰਤੇ।
ਲਘੁ ਦੀਰਘ ਹ੍ਵੈ ਪੁਨ ਬਿਨਸੰਤੇ ॥੨੦॥
ਭਏ ਤਰੰਗ ਅਹ ਜਲ ਸੋਈ।
ਨਾਮ ਮਾਤ੍ਰ ਇਕ ਤਿਨ ਕਹੁ ਹੋਈ।
ਜੇ ਨਹਿਂ ਜਾਨਤਿ ਸੋ ਇਮੁ ਕਹੀ।
-ਭਯੋ ਤਰੰਗ ਸੁ ਜਲ ਹ੍ਵੈ ਨਹੀਂ- ॥੨੧॥
ਜੋ ਜਲ ਜਾਨਹਿਂ ਅਖਿਲ ਤਰੰਗੁ।
ਸਿੱਧ ਕਰਹਿ ਕਾਰਜ ਸਰਬੰਗ।
ਪਾਨ ਸ਼ਨਾਨ ਕਰਹਿ ਸਬਿ ਰੀਤਿ।
ਤ੍ਰਿਖਾ ਮਲਿਨਤਾ ਬਿਨ ਹ੍ਵੈ ਨੀਤ ॥੨੨॥
ਅਪਰ ਤੀਸਰੋ ਜੋਗੀ ਸੁਨੋ।
ਸ਼ੁਭ ਦ੍ਰਿਸ਼ਟਾਂਤ ਰਿਦੈ ਇਮੁ ਗੁਨੋ।
ਕੰਚਨ ਏਕ ਬਨਜੋ ਬਹੁ ਭਾਂਤਿ।
ਕੁੰਡਲ, ਕਟਿਕ[6] ਆਦਿ ਦਰਸਾਤ ॥੨੩॥
ਕੰਚਨ ਨਾਮ ਛੋਰਿ ਕਰਿ ਕਹੈਂ।
ਇਹੀ ਕਟਿਕ, ਇਹ ਕੁੰਡਲ ਅਹੈ-।

---

[1]ਦੁਖ ਸੁਖ ਤੋਂ (ਜੀਵਾਂ ਨੂੰ) ਬਹੁਤ ਔਖਿਆਈ ਹੁੰਦੀ ਹੈ।
[2]ਕਾਰਨ।
[3]ਜਦ (ਪਰਮੇਸੁਰ) ਚਾਹੁੰਦਾ ਹੈ ਇਨ੍ਹਾਂ (ਜੀਵਾਂ ਨੂੰ) ਲੈ ਕਰ ਲੈਣਾ।
[4]ਤਦ ਸਾਰੇ ਨਾਸ਼ ਕਰ ਦਿੰਦਾ ਹੈ ਤੇ ਇਕੋ ਰਹਿ ਜਾਂਦਾ ਹੈ।
[5]ਜੋਗੀ ਪ੍ਰਸ਼ਨ ਕਰਦਾ ਹੈ, ਅਥਵਾ ਗੁਰੂ ਜੀ ਆਪ ਹੀ ਪ੍ਰਸ਼ਨ ਕਰਕੇ ਉੱਤਰ ਦੀ ਲੜੀ ਤੋਰੀ ਜਾਂਦੇ ਹਨ।
[6]ਵਾਲੇ, ਕੜੇ।

ਜੇ ਸਰਾਫ ਪਰਖਨ ਤਿਹ ਕਰੈ।
ਕੰਚਨ ਬਿਨਾ ਨ ਕੁਛ ਮਨੁ ਧਰੈ ॥੨੪॥
ਨਾਮ ਅਕਾਰ ਗਿਨਹਿ ਨਹਿਂ ਕੋਇ।
ਕਨਕ ਵਾਸਤਵ ਪਰਖਹਿ ਸੋਇ।
ਤਿਮ ਗਯਾਨੀ ਕੋ ਨਾਨਾ ਨਾਂਹਿ।
ਸਭਿ ਮਹਿਂ ਬ੍ਰਹਮ ਰੂਪ ਦਰਸਾਹਿ ॥੨੫॥
ਭੂਖਨ ਤੇ ਪੂਰਬ ਸ਼ੁਭ ਕੰਚਨ।
ਭੂਖਨ ਬਨੇ ਭੇਦ ਤਊ ਰੰਚ ਨ।
ਬਿਨਸੇ ਤੇ ਬਿਨ ਕਨਕ ਨ ਆਨੁ[1]।
ਇਮ ਜਾਨਤਿ ਹੈਂ ਜੇ ਬੁਧਿਵਾਨੁ ॥੨੬॥
ਪ੍ਰਿਥਮ ਜਗਤ ਤੇ ਬ੍ਰਹਮ ਸਰੂਪ।
ਬਨਯੋ ਅਨਿਕ ਆਤਮਾ ਅਨੂਪ।
ਨਸ਼ਟ ਹੋਹਿ ਨਾਨਾ ਬਿਧਿ ਜੋਇ।
ਬਿਨਾਂ ਬ੍ਰਹਮ ਤੇ ਦੁਤੀ ਨ ਹੋਇ ॥੨੭॥
ਆਦਿ ਨਹੀਂ ਜੋ ਅੰਤ ਨ ਰਹੈ।
ਮੱਧਯ ਕੁਤੋ ਸਾਚੋ ਤਿਹ ਕਹੈਂ।
ਯਾਂ ਤੇ ਬ੍ਰਹਮ ਰੂਪ ਸਭਿ ਜਾਨ।
ਅਪਰ ਅਕਾਰ[2] ਭਰਮ ਹੀ ਮਾਨ ॥੨੮॥
ਅਪਰ ਰੀਤਿ ਹੇਰਹੁ ਤਿਸ ਕਰਨੀ[3]।
ਜਥਿਹੀ ਬੀਜ ਬੀਜਿਓ ਧਰਨੀ।
ਅੰਕੁਰ ਹੋਇ ਪਾਤ[4] ਦਰਸਾਵਹਿ।
ਸ਼ਾਖਾ ਅਨਿਕ ਫੂਲ ਬਿਗਸਾਵਹਿਂ ॥੨੯॥
ਸੋ ਇਕ ਬੀਜ ਬਹੁਤ ਬਿਧਿ ਭਯੋ।
ਨਾਨਾ ਰੰਗ ਰੂਪ ਨਿਰਮਯੋ[5]।
ਫਲ ਲਗ ਕੈ ਪੁਨਿ ਪਾਕਨ ਹੋਵਾ।
ਬੀਜ ਇਕਾਕੀ ਬਾਕੀ ਜੋਵਾ ॥੩੦॥
ਪ੍ਰਿਥਮ ਪਿਛਾਰੀ ਬੀਜਹਿ ਰਹਯੋ।

---

[1]ਸੋਨੇ ਤੋਂ ਬਿਨਾਂ ਹੋਰ (ਕੁਛ ਨਹੀਂ)।
[2]ਰੂਪ।
[3]ਇਸ ਕ੍ਰਿਆ ਦੀ, ਭਾਵ ਹੋਰ ਦ੍ਰਿਸ਼ਟਾਂਤ ਸੁਣੋਂ।

[4]ਪੱਤੇ।
[5]ਉਤਪਤ ਹੋਯਾ।

ਮੱਧਜ ਕਾਲ ਜਗ ਕੇ ਸਮ ਲਹਜੋ[1]।
ਏਕ ਬ੍ਰਹਮ ਬਹੁ ਬਿਧਿ ਲਖਿ ਜਾਤਿ।
ਜੋਗੀ! ਸੁਨਹੁ ਔਰ ਦ੍ਰਿਸ਼ਟਾਂਤ ॥੩੧॥
ਲਾਖਹੁੰ ਘਟ ਮਹਿਂ ਏਕ ਗਗਨ ਲਹਿ।
ਰਹਹਿ ਅਲੇਪ ਲੇਪ ਜਿਸ ਕੋ ਨਹਿਂ।
ਜਬਿਹੀ ਫੂਟ ਜਾਹਿਂ ਘਟ ਸਾਰੇ।
ਸੋ ਨਭ ਇਕ ਹੀ ਪਰਹਿ ਨਿਹਾਰੇ ॥੩੨॥
ਘਟ ਲੇ ਗਮਨਹਿਂ ਇਤ ਉਤ ਮਾਂਹਿ।
ਨਭ ਰਸ ਏਕ[2] ਨ ਆਵਹਿ ਜਾਹਿ।
ਜੋ ਹੋਵਹਿ ਪੂਰਨ ਸਭਿ ਥਾਨ।
ਤਿਸ ਕੋ ਬਨਹਿ ਨ ਆਵਨਿ ਜਾਨੁ ॥੩੩॥
ਤਥਾ ਬ੍ਰਹਮ ਇਕ ਰਸ ਸਭਿ ਮਾਂਹਿ।
ਸਭਿਹਿ ਪ੍ਰਕਾਸ਼ਹਿ ਲੇਪਹਿ ਨਾਹਿ।
ਸਤ ਚੇਤਨ ਆਨੰਦ ਸਰੂਪ।
ਜੀਵ ਜੀਵ ਪ੍ਰਤਿ ਅਹੈ ਅਨੂਪ[3] ॥੩੪॥
ਭੂਤ ਭਵਿੱਖਜ ਸਦਾ ਹੀ ਰਹੈ।
ਸਭਿ ਜੀਵਨ ਮਹਿਂ ਸਤਿ[4] ਇਹੁ ਅਹੈ।
ਕ੍ਰਿਯਾ ਕਰਤਿ ਚੇਤਨਤਾ ਜਾਨਿ[5]।
ਇਹੁ ਭੀ ਬ੍ਰਹਮ ਰੂਪ ਪਹਿਚਾਨ ॥੩੫॥
ਬਿਸ਼ਿਯਨ ਮਹਿਂ ਆਨੰਦ ਅੱਗਜਾਨੀ।
ਨਿਜਾਨੰਦ ਪ੍ਰਾਪਤਿ ਹੈ ਗਜਾਨੀ।
ਸਭਿ ਕੋ ਭੂਲ ਦੇਹਿ ਧਰਿ ਹੰਤਾ[6]।
ਪੁਨਹਿ ਪਦਾਰਥ ਮਮਤਾਵੰਤਾ[7] ॥੩੬॥
ਏ ਸਭਿ ਮਾਯਾ ਕੇਰਿ ਵਿਕਾਰ।
ਜੋ ਭਾਸਤਿ ਹੈਂ ਨਾਨਾਕਾਰ[8]।

---

[1]ਬੀਜ ਦੇ ਮੱਧ ਕਾਲ (= ਬ੍ਰਿੱਛ) ਵਾਂਙੂ ਜਗਤ ਨੂੰ ਦੇਖੋ।
[2]ਅਕਾਸ਼ ਇਕ ਰਸ ਹੈ।
[3]ਭਾਵ ਸਤਚੇਤਨ ਆਨੰਦ, ਜੀਵ ਜੀਵ ਵਿਚ (ਵਜਾਪਕ) ਹੈ।
[4]ਭਾਵ ਬ੍ਰਹਮ ਦੀ 'ਸੱਤ' ਰੂਪਤਾ।
[5]ਜੀਵ ਜੋ ਕ੍ਰਿਯਾ ਕਰਦੇ ਹਨ ਚੇਤਨਤਾ ਜਾਣਕੇ।
[6]ਸਭ ਕੋਈ ਭੁੱਲਕੇ ਦੇਹ ਦੀ ਹੰਗਤਾ ਨੂੰ ਧਾਰਨ ਕਰਦਾ ਹੈ।
[7]ਫੇਰ ਪਦਾਰਥਾਂ ਵਿਚ ਸਮਤਾਵਾਨ ਹੁੰਦਾ ਹੈ।
[8]ਨਾਨਾਪਨ।

ਨਹੀਂ ਵਾਸਤਵ[1] ਜਾਨਯੋ ਜਾਇ।
ਇਹ ਮਾਯਾ ਕੋ ਰੂਪ ਕਹਾਇ ॥੩੭॥
-ਮੈਂ ਨਹਿਂ ਜਾਨੌਂ- ਕਰਨ ਬਖਾਨ।
ਇਸੈ ਨਾਮ ਮਾਯਾ, ਅਗਜਾਨ।
ਉਭੈ ਸ਼ਕਤਿ ਕੇ ਧਾਰਨਿਹਾਰੀ।
ਇਕ ਆਵਰਨ ਵਿਖੇਪ ਉਚਾਰੀ ॥੩੮॥
ਕਰਹਿ ਸਰੂਪ ਅਛਾਦਨਿ[2] ਜੋਇ।
ਗਜਾਨੀ ਭਨਹਿਂ -ਆਵਰਣ- ਸੋਇ।
ਜਿਹ ਨਾਨੱਤ੍ਵ ਪ੍ਰਤੀਤ ਕਰਾਈ।
ਸੋ ਵਿਸੇਖ, ਜਹਿਂ ਕਹਿਂ ਦ੍ਰਿਸ਼ਟਾਈ ॥੩੯॥
ਉਪਾਦਾਨ[3] ਇਹ ਸਭਿ ਜਗ ਕੇਰੀ।
ਹੈ ਅਘਟਨ ਘਟਨਾ ਸੁ ਘਨੇਰੀ[4]।
ਜਥਾ ਰਜੁ ਹੁਇ ਬੱਕ੍ਰ[5] ਪਰੀ ਹੈ।
ਕਿਹ ਨਰ ਨਿਸ਼ਚੈ ਸੋ ਨ ਕਰੀ ਹੈ ॥੪੦॥
ਬਿਨ ਜਾਨੇ ਰਜੁ ਤਿਸ ਕਾਲ।
ਲਖਯੋ -ਸਰਪ ਇਹ ਪਰਯੋ ਕਰਾਲ-।
ਰਜੁ ਧਿਸ਼ਟਾਨ ਪਾਇ ਅੱਗਜਾਨ।
ਕਾਰਜ ਕੀਨੋ ਸਰਪੁ ਮਹਾਂਨ[6] ॥੪੧॥
ਤਿਮਿ ਮਾਯਾ ਧਿਸ਼ਟਾਨ ਧਰੰਤਿ।
ਬ੍ਰਹਮ ਆਸਰੇ ਬਿਸ਼ੈ ਕਰੰਤਿ[7]।
ਜਥਾ ਤਿਮਰ ਹੁਇ ਕੋਸ਼ਠ[8] ਅੰਤਰ।
ਕੋਠਾ ਆਸ਼੍ਰੈ ਤਾਂਹਿ ਨਿਰੰਤਰ ॥੪੨॥
ਬਿਨ ਕੋਸ਼ਠ ਅੰਧਕਾਰ ਨਹੀਂ ਹੈ।
ਯਾਂ ਤੇ ਆਸ਼੍ਰੈ ਤਾਂਹਿ ਉਹੀ ਹੈ।
ਪੁਨ ਸੋ ਤਿਮਰ ਫੈਲ ਤਹਿਂ ਹੀ ਕੋ।

---

[1]ਭਾਵ ਬ੍ਰਹਮ।
[2]ਢੱਕ ਲਵੇ।
[3]ਕਾਰਣ, ਜਿਵੇਂ ਘੜੇ ਦਾ ਉਪਾਦਾਨ ਕਾਰਨ ਮਿੱਟੀ ਹੈ, ਭਾਵ ਮਾਯਾ।
[4]ਮਾਯਾ ਅਣਬਣਤ ਨੂੰ ਬਨਾਉਣ ਵਾਲੀ ਹੈ। (ਅਗਲੇ ਅੰਸੂ ਦੇ ੧੧ ਛੰਦ ਵਿਚ ਅਰਥ ਸਪਸ਼ਟ ਹੈ)।
[5]ਵਿੰਗੀ।
[6]ਅਗਜਾਨ ਨੇ ਰੱਸੀ ਦੇ ਆਸਰੇ ਨੂੰ ਪਾ ਕੇ ਸਰਪ ਰੂਪੀ ਮਹਾਂਨ ਕਾਰਜ ਕਰ ਦਿੱਤਾ ਹੈ।
[7]ਭਾਵ ਅਗਜਾਨ ਬ੍ਰਹਮ ਦੇ ਹੀ ਆਸਰੇ ਹੈ ਤੇ ਬ੍ਰਹਮ ਨੂੰ ਹੀ ਵਿਸ਼ਾ ਕਰਦਾ ਹੈ।
[8]ਕੋਠੇ।

ਬਿਸ਼ੈ ਕਰਤਿ ਤਿਸ ਕੋਸ਼ਠ ਹੀ ਕੋ ॥੪੩॥
ਛਾਦਿ ਲੇਤਿ ਚਹੂੰ ਓਰਨ ਮਾਂਹਿ।
ਜਿਸ ਤੇ ਦ੍ਰਿਸ਼ਟਿ ਪਰਤਿ ਹੈ ਨਾਂਹਿ।
ਤਥਾ ਬ੍ਰਹਮ ਕੋ ਮਾਯਾ ਜਾਨਿ।
ਆਸ਼੍ਰੈ ਬਿਸ਼ੈ ਕਰਤਿ ਬੁਧਿਵਾਨ ॥੪੪॥
ਜਬਿ ਅੱਗਜਾਨ ਸਕਾਰਜ ਸਾਰੇ*।
ਭ੍ਰਮ ਛੁਟ ਜਾਇ ਸਰੂਪ ਨਿਹਾਰੇ।
ਪਰਮ ਤੱਤ ਕੋ ਮਤਿ ਕਰਿ ਜਾਨਾ[੧]।
ਏਕੰਕਾਰ ਮਹਤ ਮਹੀਯਾਨਾ[੨] ॥੪੫॥
ਏਕ ਆਤਮਾ ਬ੍ਰਹਮ ਅਨਸ਼੍ਵ[੩] ਹੈ।
ਸਦਾ ਅਨਾਦੀ ਜੋ ਇਕ ਰਸੁ ਹੈ।
ਆਇ ਨ ਜਾਇ ਕਿਤਹੁੰ ਤੇ ਕੋਈ।
ਬਯਾਪਕ ਸਰਬ ਗਗਨ ਸਮ ਸੋਈ ॥੪੬॥
ਅੱਦ੍ਵੈ ਅਨੰਦਾਤਮ ਸਭਿ ਥਾਨ।
ਨਿਹਕਲ, ਅੱਕ੍ਰੈ, ਅਜੈ[੪] ਮਹਾਂਨ।
ਗੁਰ ਪੂਰਨ ਸੋਂ ਮਿਲਿ ਹੈ ਜਬੈ।
ਹਉਮੈ ਮਲ ਨਿਰਵਾਰਹਿ ਸਬੈ ॥੪੭॥
ਸਭਿਹਿਨਿ ਤੇ ਉਤਕ੍ਰਿਸ਼ਟ[੫] ਜੁ ਗਤਿ ਹੈ।
ਸੋ ਪ੍ਰਾਪਤਿ ਹੁਇ ਆਨੰਦ ਸਤਿ ਹੈ।
ਪੁਨਰਾਵਰਤਿ[੬] ਨਹੀਂ ਜਿਤ ਹੋਇ।
ਅੰਮ੍ਰਿਤ ਰੂਪ ਏਕ ਰਸੁ ਸੋਇ' ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿੰਸਤੀ ਅੰਸੁ ॥੩੫॥

---

*ਭਾਵ ਇਹ ਹੈ ਕਿ ਅਗਜਾਨ ਦਾ ਕਾਰਯ ਪ੍ਰਪੰਚ ਹੈ ਸੋ ਅੱਗਜਾਨ ਤੇ ਉਸਦਾ ਕਾਰਯ ਪ੍ਰਪੰਚ ਭਰਮ ਕਰਕੇ ਹੈ। ਜਦੋਂ ਸ੍ਵੈ ਸ੍ਵਰੂਪ ਦੇ ਤੱਕਿਆਂ ਭ੍ਰਮ ਦੂਰ ਹੋ ਗਿਆ ਤਾਂ ਅਗਜਾਨ ਤੇ ਉਸਦਾ ਕਾਰਯ ਪ੍ਰਪੰਚ ਕਲਪਤਿ ਸੀ ਉਹ ਅਧਿਸ਼ਟਾਨ ਰੂਪ ਹੀ ਹੋ ਗਿਆ, ਪਿੱਛੇ ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਹੈ ਕਿ ਕਲਪਤਿ ਵਸਤੂ ਆਪਣੇ ਅਧਿਸ਼੍ਟਾਨ ਤੋਂ ਜੁਦਾ ਨਹੀਂ ਹੈ ਅਗੇ ਹੋਰ ਸਪਸ਼ਟ ਕਰਨਗੇ।

[੧]ਬੁੱਧੀ ਕਰਕੇ ਜਾਣਿਆਂ।

[੨]ਬੜਿਆਂ ਤੋਂ ਬੜਾ।

[੩]ਨਾਸ਼ ਰਹਤ ਹੈ।

[੪]ਕਲਪਨਾ ਰਹਤ, ਕ੍ਰਿਆ ਰਹਤ ਤੇ ਅਜਨਮਾ।

[੫]ਉਚੀ।

[੬]ਪੁਨਰ+ਆਵਰਤ = ਮੁੜਕੇ ਆਉਣਾ (ਸੰਸਾਰ ਵਿਚ)।

੩੬. [ਜੋਗੀ ਨੂੰ ਉਪਦੇਸ਼ ਦੇ ਮੁਕਤ ਕੀਤਾ]

੩੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੭

ਦੋਹਰਾ: ਸੁਨਿ ਜੋਗੀ ਬਿਸਮੈ ਭਯੋ, ਬਾਨੀ ਸੁਧਾ ਸਮਾਨ।
ਪੁਨਹਿ ਪ੍ਰਸ਼ਨ ਕੀਨਸਿ[1] ਭਲੇ, ਨਿਰਨੈ ਕਰਨ ਮਹਾਂਨ ॥੧॥

ਚੌਪਈ: 'ਕੌਨ ਬਾਦ ਕਰਿ ਬ੍ਰਹਮ ਸਿੱਧ ਕਿਯ?
ਜਿਸ ਤੇ ਸਰਬ ਪ੍ਰਪੰਚ ਦ੍ਰਿਸ਼ਟਿ ਥਿਯ।
ਕੰਚਨ ਭੂਖਨ ਕੋ ਦ੍ਰਿਸ਼ਟਾਂਤਿ।
ਵਾਦ ਪ੍ਰਣਾਮ[2] ਭਯੋ ਵੱਖਜਾਤ ॥੨॥
ਹੇਮੁ ਪ੍ਰਣਾਮਜੋ ਨਿਜ ਅਕਾਰ[3]।
ਕੰਕਨ ਕੁੰਡਲਾਦਿ ਲੰਕਾਰ[4]।
ਬ੍ਰਹਮ ਪ੍ਰਣੰਮ[5*] ਹੋਤਿ ਭਾ ਤੈਸੇ[**]।
ਜਗਤ ਚਰਾਚਰ ਉਪਜੋ ਐਸੇ ॥੩॥
ਜਿਸ ਮਾਯਾ ਕੇ ਅਪੁ ਬਤਾਵੌਂ।
ਸੋ ਝੂਠੀ ਕੈ ਸਾਚ ਜਨਾਵੌਂ।
ਬ੍ਰਹਮ ਸਰੂਪ ਬਿਲੋਕਯੋ ਕੈਸੇ।
-ਸੂਖਮ ਤੇ ਸੂਖਮ- ਕਹਿ ਐਸੇ[6]' ॥੪॥
ਮਹਾਂ ਪੁਰਖ ਜੋਗੀ ਤੇ ਸੁਨਿ ਕੈ।
ਉੱਤਰ ਦੀਨਸਿ ਸਤਿਗੁਰੁ ਗੁਨਿ ਕੈ[7]।
'ਵਿਵਰਤ ਵਾਦਿ[8] ਇਹੁ ਹਮ ਨੇ ਕਹਯੋ।
ਦ੍ਰਿਸ਼ਜ ਪ੍ਰਪੰਚ[9] ਬ੍ਰਹਮੁ ਤੇ ਲਹਯੋ ॥੫॥
ਜਥਾ ਰਜੁ ਤੇ ਸ੍ਰਪ[¶] ਉਪਜੰਤਾ।
ਭੈ ਆਦਿਕ ਤੇ ਕੰਪ ਉਠੰਤਾ।

---

[1]ਉਸਨੇ ਪ੍ਰਸ਼ਨ ਕੀਤਾ।
[2]ਪ੍ਰਣਾਮਵਾਦ = ਰੂਪ ਬਦਲਨ ਵਾਲਾ।
[3]ਸੋਨੇ ਨੇ ਬਦਲਿਆ ਆਪਣਾ ਰੂਪ।
[4]ਗਹਿਣਿਆਂ ਵਿਚ।
[5]ਬਦਲਣ ਵਾਲਾ।
[*]ਪਾ:-ਪ੍ਰਣਾਮ।
[**]ਪਾ:-ਜੈਸੇ। ਐਸੇ।
[6]ਐਸੇ ਕਹਿੰਦੇ ਹਨ ਕਿ ਸੂਖਮ ਤੇ ਸੂਖਮ ਹੈ ਬ੍ਰਹਮ।
[7]ਵਿਚਾਰਕੇ।
[8]ਅਸਾਂ ਇਹ ਵਿਵਰਤ ਵਾਦ ਕਿਹਾ ਹੈ, ਅਰਥਾਤ ਬ੍ਰਹਮ ਸੱਤ ਹੈ, ਉਸ ਤੋਂ ਜਗਤ ਮਾਯਾ ਕਰਕੇ ਭਾਸਦਾ ਹੈ ਤੇ ਗਜਾਨ ਨਾਲ ਬ੍ਰਹਮ ਬਿਨਾਂ ਹੋਰ ਕੁਛ ਨਹੀਂ ਭਾਸਦਾ, ਜੈਸੇ ਰਸੀ ਤੋਂ ਸੱਪ।
[9]ਭਾਵ-ਦਿੱਸਦਾ ਜਗਤ।
[¶]ਪਾ:-ਅਹਿ।

ਤੈਸੇ ਬ੍ਰਹਮ ਤੇ ਜਗ ਇਹੁ ਦੀਖਾ।
ਹਰਖ ਸ਼ੋਕ ਦੇ ਤਿਸੇ ਸਰੀਖ਼ਾ ॥੬॥
ਬਿਨਾਂ ਗ੍ਯਾਨ ਤੇ ਮਿਟੇ ਜੁ ਨਾਂਹੀ।
ਸਦਾ ਸਸ਼ੰਕਤਿ[1] ਦੁਖ ਸੁਖ ਮਾਂਹੀ।
ਜਨਮ ਅਨੇਕਨ ਮਹਿਂ ਬਿਰਮਾਵਤਿ[2]।
ਊਚੈ ਨੀਚੈ ਬਹੁਤ[¥] ਭ੍ਰਮਾਵਤਿ ॥੭॥
ਵਾਦ ਪ੍ਰਣਾਮ ਅਪਰ ਬਿਧਿ ਮਾਨੋ।
ਰੂਪ ਦੂਧ ਤੇ ਦਧਿ ਹੁਇ ਜਾਨੋ[3]।
ਦਧਿ ਤੇ ਬਹੁਰ ਦੁਗਧ ਹੁਇ ਨਾਂਹਿ।
ਪੂਰਬ ਰੂਪ ਨਾਸ ਭਾ ਤਾਂਹਿ ॥੮॥
ਹਾਟਕ[4] ਹੋਇ ਨ ਐਸੀ ਭਾਂਤਿ।
ਭੂਖਨ ਮਹਿਂ ਸਰੂਪ ਦਰਸਾਤ[5]।
ਬਿਨਸੇ ਅਲੰਕਾਰ ਆਕਾਰ।
ਪੂਰਬ ਰੂਪ ਹੇਮ ਲੇ ਧਾਰਿ[6] ॥੯॥
ਮਾਯਾ ਕਰਿ ਬ੍ਰਹਮ ਤੇ ਜਗ ਭਾਸਾ।
ਜਿਮ ਬਾਜੀਗਰ ਕੇਰ ਤਮਾਸ਼ਾ।
ਹੋਹਿ ਬਿਨਾਸ਼ ਜਬੈ ਅੱਗ੍ਯਾਨ।
ਨਹਿਂ ਪੁਨ ਰਹੈ ਬ੍ਰਹਮ ਬਿਨੁ ਆਨ ॥੧੦॥
ਨਹਿਂ ਅਸੱਤ੍ਯ ਨਹਿਂ ਸੱਤ੍ਯ ਸੁ ਮਾਯਾ।
ਸੱਤ੍ਯਾਸੱਤ੍ਯ ਭੀ ਨਹਿਂ ਬਨਿ ਆਯਾ।
ਲਖਹੁ ਅਨਰ ਬਚਨੀ ਇਹੁ ਯਾਂ ਤੇ।
ਕਿਹ ਬਿਧਿ ਕਹਿਬੇ ਜਾਹਿ ਨ[7] ਕਾ ਤੇ ॥੧੧॥
ਹੈ ਅਨਾਦਿ ਜਿਸੁ ਆਦਿ ਨ ਮਾਨ[8]।
ਅੰਤ ਪਾਇ ਉਪਜੇ ਜਬਿ ਗ੍ਯਾਨ।
ਸਤਿਗੁਰ ਕੇ ਸੁਨਿਬੈ ਉਪਦੇਸ਼ੁ।

---

[1]ਸਹਤ ਸ਼ੰਕਾ ਦੇ।
[2]ਭਰਮਦਾ ਹੈ।
[¥]ਪਾ:-ਜੋਨਿ, ਬਹੁਰ।
[3]ਦੁੱਧ ਤੋਂ ਦਹੀਂ ਹੋ ਜਾਣਾ ਪ੍ਰਣਾਮਵਾਦ ਹੈ।
[4]ਸੋਨਾ।
[5]ਦੇਖੀਦਾ ਹੈ, ਦਿਸਦਾ ਹੈ।
[6]ਸੋਨਾ ਧਾਰ ਲੈਂਦਾ ਹੈ।
[7]ਕਹੀ ਨਹੀਂ ਜਾਂਦੀ।
[8]ਉਤਪਤੀ ਨਹੀਂ ਜਾਣੀ ਜਾਂਦੀ।

ਹਤਹਿ ਅਬਿੱਦਜਾ[1] ਸਹਤ ਕਲੇਸ਼ ॥੧੨॥
ਬ੍ਰਹਮ ਆਤਮਾ ਪੂਰਨ ਜੋਇ।
ਬਿਸ਼ੈ ਨ ਕਿਸੁ ਇੰਦ੍ਰੈ ਕਬਿ ਹੋਇ[2]।
ਦਿਖਿਯ ਨ ਆਂਖਨਿ, ਸੁਨਿਯ ਨ ਕਾਨੀ।
ਰਿਦੈ ਲਖਹਿ ਪ੍ਰੱਗਜਾ ਤੇ[3] ਗਜਾਨੀ ॥੧੩॥
ਇੰਦ੍ਰੈ ਬਿਸ਼ੈ ਨ ਕਰਿ ਜਿਨ ਮਨ ਕੋ।
ਬਿਸ਼ੈ ਕਰਤਿ ਮਨ ਇਨ ਸਭਿਹਿਨਿ ਕੋ।
ਤਿਮ ਮਨੁ ਬਿਸ਼ੈ ਬ੍ਰਹਮ ਨਹਿਂ ਹੋਇ[4]।
ਸਭਿਹਿਨਿ ਕੋ ਸੱਤਾ ਦੇ ਸੋਇ ॥੧੪॥
ਸਭਿਨਿ ਅਧਾਰ ਭੂਤ[5] ਇਕ ਅਹੈ।
ਨਾਨਾ ਨਸਹਿ ਨੀਕ ਜੇ ਲਹੈ[6]।
ਸੂਖਮ ਤੇ ਅਤਿ ਸੂਖਮ ਜਾਨ।
ਕਹਿਯਤਿ ਮਹਾਂ ਮਹਿਦ ਮਹੀਆਨ ॥੧੫॥
ਸੂਰਜ ਆਦਿ ਪ੍ਰਕਾਸ਼ਤਿ ਜੇਈ[7]।
ਤਿਸ ਕੀ ਜੋਤਿ ਪ੍ਰਕਾਸ਼ਹਿ ਏਈ।
ਕਾਰਣ ਭੂਤ[8] ਸਕਲ ਕੋ ਏਕ।
ਹੁਇ ਪ੍ਰਾਪਤਿ ਉਰ ਕਰਤਿ ਬਿਬੇਕ ॥੨੬॥
ਗਗਨ ਰੂਪ ਪਸਰਯੋ ਸਭਿ ਮਾਂਹਿ।
ਨਿਤ ਕੂਟੱਸਥ[9] ਨ ਆਵਹਿ ਜਾਹਿ।
ਤਿਸ ਮਹਿਂ ਥਿਰਤਾ ਮਨ ਕੀ ਪਾਵੈ।
ਸੋ ਜਨੁ ਅੰਮ੍ਰਿਤਮਯ ਹੁਇ ਜਾਵੈ ॥੧੭॥
ਜਿਨਹੁ ਬ੍ਰਹਮ ਮਯ[10] ਜਗਤ ਪਛਾਤਾ।
ਤਜਿ ਨਾਨੱਤ੍ਵ ਅਨੰਦ ਇਕ ਮਾਤਾ।
ਕਹੀਅਤਿ ਜੀਵਨ ਮੁਕਤ ਸੁ ਪ੍ਰਾਨੀ।

---

[1]ਮਰ ਜਾਂਦੀ ਹੈ ਅਵਿੱਦਯਾ।
[2]ਕਦੇ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ ਹੁੰਦਾ।
[3]ਬੁੱਧੀ ਨਾਲ।
[4]ਤਿਵੇਂ ਮਨ ਦਾ ਵਿਸ਼ਾ ਬ੍ਰਹਮ ਨਹੀਂ ਹੈ।
[5]ਆਸ਼੍ਰਾ ਰੂਪ।
[6]ਦ੍ਵੈਤ ਨਾਸ਼ ਹੁੰਦੀ ਹੈ ਜੇ ਚੰਗੀ ਤਰ੍ਹਾਂ ਜਾਚ ਲਵੇ (ਬ੍ਰਹਮ ਨੂੰ)।
[7]ਭਾਵ ਸੂਰਜ ਆਦਿ ਨੂੰ ਬ੍ਰਹਮ ਜੋਤ ਪ੍ਰਕਾਸ਼ਦੀ ਹੈ।
[8]ਕਾਰਣ ਰੂਪ।
[9]ਸਦਾ ਸਥਿਰ ਇਕ ਰੂਪ।
[10]ਬ੍ਰਹਮ ਰੂਪ।

ਮੂਲ ਕਲੇਸ਼ ਅਵਿੱਦਜਾ ਹਾਨੀ[੧] ॥੧੮॥
ਜਹਾਂ ਹੋਹਿ ਤਹਿਂ ਦੇਹ ਬਿਨਾਸਾ।
ਥਲ ਅਪਵਿੱਤ੍ਰ ਕਿ ਤੀਰਥਿ ਪਾਸਾ।
ਤਹਾਂ ਅਨੰਦ ਮੈਂ ਲਯਤਾ[*] ਪਾਇ।
ਜਨਮੁ ਮਰਨ ਨਹਿਂ ਆਇ ਨ ਜਾਇ ॥੧੯॥
ਰਹਹੁ ਦੇਹ ਕੈਧੋਂ ਬਿਨਸਾਇ[੨]।
ਨਹਿਂ ਸੋਚਹਿ ਉਰ ਇਕਰਸੁ ਭਾਇ।
ਅਗਨਿ ਸਿੰਧੁ ਕੇ ਤਟ ਪਰ ਹੋਇ।
ਸਗਲੀ ਦ੍ਵੈਤ ਜਿਨਹੁਂ ਨੇ ਖੋਇ[੩]' ॥੨੦॥
ਇਮੁ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ[¶]।
ਕਰੀ ਬਿਨਾਸ਼ ਮੋਹੁ ਕੀ ਬੇਰੀ।
ਸੁੱਧ ਗਜਾਨ ਜੋਗੀ ਉਰ ਜਾਗਾ।
ਜਨਮਾਦਿਕ ਮਦ ਪੀਵਤਿ ਤਜਾਗਾ[੪] ॥੨੧॥
ਗੁਰੂ ਬਾਕ ਕੋ ਲਖਜੋ ਪ੍ਰਤਾਪਾ।
ਜਿਸ ਕੇ ਸੁਨਤਿ ਮੋਹੁ ਸਭਿ ਖਾਪਾ।
ਨੰਮ੍ਰ ਭਯੋ ਚਰਨਨ ਸਿਰ ਧਰਜੋ।
ਅਪਨੋ ਗਜਾਨ ਨਿਵੇਦਨ ਕਰਜੋ ॥੨੨॥
'ਅਬਿ ਮੋ ਕਹੁ ਨਿਸ਼ਚਾ ਦ੍ਰਿੜ੍ਹ ਭਯੋ।
ਹੁਤੋ ਜਾਨਿਬੋ[੫] ਜਾਨਿ ਸੁ ਲਯੋ।
ਤੁਮ ਕਰੁਨਾ ਤੇ ਸੰਸੈ ਨਾਸ਼ੇ।
ਪ੍ਰਾਪਤਿ ਚੇਤਨ ਆਨੰਦ ਰਾਸੇ ॥੨੩॥
ਅਬਿ ਸ਼ਰੀਰ ਮੈਂ ਤਜਾਗਨ ਕਰਿ ਹੌਂ[੬]।

---

[੧]ਕਲੇਸ਼ਾਂ ਦੀ ਮੂਲ ਅਵਿੱਦਜਾ ਨਾਸ਼ ਕੀਤੀ।
[*]ਪਾ:-ਲੈਤਾ।
[੨]ਯਾ ਨਾਸ਼ ਹੋ ਜਾਵੇ।
[੩]ਅਗਨ ਸਾਗਰ ਦੇ ਕਿਨਾਰੇ ਭਾਵ ਸੰਸਾਰ ਵਿਚ ਹੋਕੇ ਜਿਨ੍ਹਾਂ ਨੇ ਸਾਰੀ ਦ੍ਵੈਤ ਖੋ ਦਿੱਤੀ ਹੈ।
[¶]ਜੋਗੀ ਪ੍ਰਾਣਾਯਾਮੀ ਤੇ ਵਿਦਵਾਨ ਹੈਸੀ, ਪ੍ਰੰਤੂ 'ਜੀਅਦਾਨ' ਨੂੰ ਪ੍ਰਾਪਤ ਨਹੀਂ ਸੀ, ਜੀਅਦਾਨ 'ਪ੍ਰਸਾਦਿ' ਦੀ ਵਸਤੂ ਹੈ। ਇਸੇ ਪ੍ਰਸਾਦਿ ਦੀ ਭਾਲ ਸੀ ਜੋ ਉਸਦੇ ਗੁਰੂ ਨੇ ਦਸਿਆ ਸੀ ਕਿ ਕਲਜੁਗ ਦੇ ਅਵਿਤਾਰ ਸ਼੍ਰੀ ਗੁਰੂ ਅਰਜਨ ਦੇਵ ਤੋਂ ਤੈਨੂੰ ਪ੍ਰਾਪਤ ਹੋ ਸਕਦਾ ਹੈ। ਇਸ ਮਨੋਰਥ ਲਈ ਓਹ ਸ੍ਵਾਸ ਚੜ੍ਹਾਕੇ ਬੈਠ ਗਿਆ ਸੀ। ਜੋਗੀ ਦੀ ਕੱਲਜਾਨ ਉਪਰਲੇ ਕਹੇ ਉਪਦੇਸ਼ ਮਾਤ੍ਰ ਨੇ ਨਹੀਂ ਕੀਤੀ, ਪਰੰਤੂ ਜਦ 'ਪ੍ਰਸਾਦਿ' ਹੋਇਆ, ਜੋ ਇਸ ਤੁਕ ਵਿਚ ਨਿਰੂਪਣ ਹੋਯਾ ਹੈ, ਤਦ ਉਸਦੀ ਕੱਲਜਾਣ ਹੋਈ। ਚੁੜਾਲਾ ਦੇ ਪ੍ਰਸੰਗ ਯੋਗ ਵਸ਼ਿਸ਼ਟ ਵਿਚ ਵੀ 'ਪ੍ਰਸਾਦਿ' ਦਾ ਇਸ਼ਾਰਾ ਹੈ।
[੪]ਜਨਮ ਆਦਿਕ ਦੇ ਹੰਕਾਰ (ਰੂਪੀ ਨਸ਼ੇ ਦਾ) ਪੀਣਾ ਛੱਡ ਦਿੱਤਾ।
[੫]ਜੋ ਜਾਨਣੇ ਯੋਗ ਸੀ।
[੬](ਮੈਂ) ਵਿਚਾਰਦਾ ਹਾਂ ਕਿ (ਹੁਣ) ਜੀਉਂਦੇ ਰਹਿਣ ਦਾ ਕੋਈ ਕਾਜ (ਬਾਕੀ) ਨਹੀਂ (ਮੇਰਾ)।

ਜਿਯਤਿ ਰਹੌਂ ਨਹਿਂ ਕਾਜ ਬਿਚਰਿ ਹੌਂ।
ਜੋ ਤਰਤੱਬ ਸੁ ਮੈਂ ਕਰਿ ਲੀਨਸਿ।
ਤੁਮਨੇ ਪੂਰ ਕਾਮਨਾ ਕੀਨਸਿ' ॥੨੪॥
ਸੁਨਿ ਸ਼੍ਰੀ ਗੁਰ ਨੇ ਬਹੁ ਸਨਮਾਨਾ।
'ਧੰਨ ਧੰਨ ਤੁਮ ਬਡ ਬੁਧਿਵਾਨਾ।
ਦਰਸ਼ਨ ਦੇਹੁ ਰਹਹੁ ਹਿਤ ਕਰੀਏ।
ਨਾਨਾ ਜਗ ਮਹਿਂ ਏਕ ਨਿਹਰੀਏ ॥੨੫॥
ਲੋਕਨ ਪਰ ਉਪਕਾਰ ਤੁਮਾਰਾ।
ਦੇਖਤਿ ਪਾਪਨਿ ਹਰਹਿਂ ਬਿਕਾਰਾ।
ਪਰਹਿਂ ਸੁਮਗ ਪ੍ਰਾਪਤਿ ਕੱਲਜਾਨਾ।
ਜੀਵ ਮਲੀਨ ਪੂਤ[1] ਹੁਇ ਨਾਨਾ' ॥੨੬॥
ਸੁਨਿ ਸਤਿਗੁਰ ਤੇ ਮ੍ਰਿਦੁਲ ਸੁਹਾਏ।
ਪੁਨ ਜੋਗੀ ਨੇ ਬਾਕ ਸੁਣਾਏ।
'ਨਰਨਿ ਉਧਾਰਨ ਤੁਮਰੇ ਹੱਥ।
ਅਪਰ ਕਿਸੂ ਮਹਿਂ ਨਹਿਂ ਸਮਰੱਥ ॥੨੭॥
ਇਸ ਹਿਤ ਰਾਵਰ ਨੇ ਤਨ ਧਾਰਜੋ।
ਸੱਤਜ ਨਾਮ ਸਿਮਰਨ ਬਿਸਤਾਰਜੋ।
ਇਮੁ ਸਭਿ ਜਗ ਕੋ ਭਾਰ ਜਿ ਧਰਨੋ[2]।
ਤੁਮ ਬਿਨ ਅਪਰ ਕੌਨ ਇਮੁ ਕਰਨੋ ॥੨੮॥
ਮੁਝ ਕੋ ਆਇਸੁ ਦੇਹੁ ਸਮਾਵੌਂ।
ਰਹਿਬੇ ਕੋ ਨ ਸੰਕਲਪ ਉਠਾਵੌਂ।
ਅਬਹਿ ਕ੍ਰਿਪਾ ਇਸ ਬਿਧਿ ਕੀ ਕਰੋ।
ਜਿਸੁ ਤੇ ਆਪਨਿ ਤਨ ਪਰਹਰੋਂ' ॥੨੯॥
ਦ੍ਰਿਢ ਨਿਸ਼ਚਾ ਜੋਗੀ ਕੋ ਜਾਨਾ।
ਸ਼੍ਰੀ ਅਰਜਨੁ ਬਿਗਸੰਤਿ ਬਖਾਨਾ।
'ਕਰੋ ਜਥਾ ਅਭਿਲਾਖ ਤੁਮਾਰੀ।
ਜਿਮੁ ਉਚਰਹੁ ਤਿਮ ਹਮ ਅਨੁਸਾਰੀ' ॥੩੦॥
ਪੁਨ ਬੁੱਢੇ ਸੋਂ ਗੁਰੂ ਬਖਾਨੀ।
'ਜਿਮ ਇਹੁ ਜੋਗੀ ਭਾਖੈ ਬਾਨੀ।
ਤਿਮ ਤੁਮ ਸੰਗ ਹੋਇ ਕਰਿ ਕਰੀਏ।

---

[1] ਪਵਿੱਤ੍ਰ।
[2] ਧਾਰਨ ਕਰਨਾ।

ਪੁਰਸ਼ੋਤਮ[1] ਆਇਸੁ ਅਨੁਸਰੀਏ' ॥੩੧॥
ਹੁਕਮ ਪਾਇ ਸਤਿਗੁਰ ਕੋ ਖਲੇ।
ਅਵਲੋਕਹਿਂ ਲਖਿ ਪਾਵਨ ਭਲੇ।
ਹੁਤੇ ਜਿ ਲੋਕ ਫਿਰਤਿ ਚਹੁਂ ਪਾਸੇ।
ਗਮਨਤਿ ਭਏ ਮਿਲੇ ਨਰ ਰਾਸੇ ॥੩੨॥
'ਨਿਕਸਜੋ ਜੋਗੀ' ਸੁਨਿ ਸੁਨਿ ਧਾਏ।
ਕਰਜੋ ਬਿਲੋਕਨ ਮਨ ਬਿਸਮਾਏ[2]।
ਚਿਰੰਕਾਲ ਕੀ ਆਰਬਲਾ ਜਿਹ।
ਅਚਰਜ ਇਸ ਜੁਗ ਮਹਿਂ ਦੇਖਹਿਂ ਤਿਹ ॥੩੩॥
ਧਾਇ ਧਾਇ ਹਰਖਹਿਂ ਬਿਸਮਾਵਹਿਂ।
ਅਪਰ ਅਪਰ ਸੋ ਕਰਹਿਂ ਬੁਝਾਵਹਿਂ[3]।
'ਪੂਰਬਲੇ ਜੁਗੁ ਕੋ ਤਨੁ ਇਹੁ ਹੈ।
ਦੀਰਘਤਾ ਸਭਿ ਅੰਗਨਿ ਲਹਿ ਹੈ ॥੩੪॥
ਪਰਮ ਬ੍ਰਿੱਧ ਮੁਖ ਬਰਨ ਦਿਪਾਵਤਿ।
ਸੇਤ ਸਮੱਸ੍ਰੂ[4] ਕੇਸ ਸੁਹਾਵਤਿ[*]।'
ਨਿਕਸ ਵਹਿਰ ਸਭਿ ਮੈਂ ਥਿਰ ਹੋਵਾ।
ਦੇਖਜੋ ਜੋਗੀ ਸਭਿਨਿ ਖਰੋਵਾ ॥੩੫॥
ਕਹਿਂ 'ਇਹੁ ਥਾਨ ਪੁਨੀਤ ਮਹਾਂਨਾ।
ਜੋ ਸੇਵੈਂ ਨਰ ਆਨ ਸੁਜਾਨਾ।
ਸ਼ਰਧਾ ਧਰੈਂ ਬੰਦਨਾ ਠਾਨਿ।
ਸੱਤਜਨਾਮ ਸਿਮਰਹਿਂ ਗੁਨ ਗਾਨ ॥੩੬॥
ਇਸ ਥਲ ਕੀਜਹਿ ਤਾਲ ਬਿਸਾਲਾ[**]।
ਮੱਜਤਿ ਤਜਾਗਹਿਂ ਪਾਪ ਕਰਾਲਾ।

---

[1]ਭਾਵ ਜੋਗੀ ਦੀ।
[2]ਅਚਰਜ ਹੋਕੇ।
[3]ਭਾਵ ਹੋਰ ਹੋਰ ਨੂੰ (ਖਬਰ) ਕਰਦੇ ਹਨ।
[4]ਚਿੱਟਾ ਦਾੜ੍ਹਾ।
[*]ਸਿੱਧ ਹੋਇਆ ਕਿ ਪੁਰਾਣੇ ਜੁਗਾਂ ਦੇ ਲੋਕੀਂ ਕੇਸਾਂ ਦਾੜ੍ਹੇ ਸਮੇਤ ਹੁੰਦੇ ਸਨ, ਦੂਸਰੇ ਪ੍ਰਾਣ ਚੜ੍ਹਾਕੇ ਦਸਮ ਦੁਆਰ ਵਿਚ ਕਿਤੇ ਪਏ ਰਹਿਣਾ ਯਾ ਮੱਠ ਵਿਚ ਦੱਬੇ ਰਹਿਣਾ ਅਚਰਜ ਬਾਤ ਨਹੀਂ ਹੈ, ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਇਕ ਐਸਾ ਜੋਗੀ ਆਯਾ ਸੀ, ਜੋ ਇਕ ਵੱਡੇ ਮੱਟ ਵਿਚ ਬੰਦ ਕਰਕੇ ੪੦ ਦਿਨ ਜ਼ਿਮੀਂ ਵਿਚ ਦਬਿਆ ਰਿਹਾ ਸੀ, ਉੱਪਰ ਪਹਿਰੇ ਲੱਗੇ ਰਹੇ ਸਨ। ਯੂਰਪੀਨ ਤੇ ਦੇਸੀ ਦੇਖਣਹਾਰ ਮੌਜੂਦ ਸਨ। ੪੦ ਦਿਨਾਂ ਬਾਦ ਕੱਢਿਆ ਤੇ ਮਾਲਸ਼ਾਂ ਆਦਿਕ ਨਾਲ ਹੋਸ਼ ਵਿਚ ਆ ਗਿਆ। ਅੱਜਕਲ ਵੀ ਐਸੇ ਕਰਤਬ ਕਰਕੇ ਕਿਤੇ ਕਿਤੇ ਕੋਈ ਦੱਸਦਾ ਹੈ।
[**]ਸੰਤੋਖਸਰ ਇਸੇ ਤਾਲ ਦਾ ਨਾਮ ਹੈ।

ਨਾਸਤਿ ਹ੍ਵੈਂ ਸਭਿ ਮਨ ਕੇ ਦੋਸ਼।
ਪ੍ਰਾਪਤ ਹੋਵੈ ਤਿਹ ਸੰਤੋਸ਼' ॥੩੭॥
ਨੰਮ੍ਰ ਥਾਨ ਪੁਨ ਕਹਿ ਖਨਵਾਯੋ।
ਬੈਠਿ ਬੀਚ ਸਭਿ ਪੌਨ ਚੜ੍ਹਾਯੋ।
ਦਸਮੇ ਦ੍ਵਾਰ ਜੋਰ ਕੇ ਪਾਵਾ।
ਬ੍ਰਹਮ ਰੰਧਰ[1] ਕੋ ਫੋਰਿ ਕਰਾਵਾ ॥੩੮॥
ਤਬਿ ਸਭਿ ਲੋਕਨ ਫਲ ਬਸਾਏ[2]।
'ਜੈ ਜੈ' ਮੁਖ ਤੇ ਬਾਕ ਸੁਨਾਏ।
ਸਰਬ ਪ੍ਰਕਾਰ ਬੰਦਨਾ ਕਰੈਂ।
ਹੇਰਿ ਹੇਰਿ ਅਚਰਜ ਕੋ ਧਰੈਂ ॥੩੯॥
ਬਹੁਰੋ ਸਭਿਨਿ ਮ੍ਰਿੱਤਕਾ ਪਾਈ।
ਜੋਗੀ ਕਰਜੋ ਅਲੋਪ ਤਿਥਾਈਂ।
ਬਿਸਮਤਿ ਹੋਇ ਸਕਲ ਹਟਿ ਆਏ।
ਮਿਲਹਿਂ ਪਰਸਪਰ ਕਹਤਿ ਸੁਨਾਏ ॥੪੦॥
'ਚਿਰੰਕਾਲ ਆਰਬਲਾ ਜਾਂਹੀ।
ਮੁਖ ਪਰ ਦਿਪਤਿ ਜੋਤਿ ਬਹੁ ਤਾਂਹੀ।
ਧੰਨ ਪੁਰਖ ਐਸੇ ਜਗ ਮਾਂਹੀ।
ਮਨੁ ਬਿਕਾਰ ਜਿਨ ਪਰਸਜੋ ਨਾਂਹੀ' ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਜੋਗੀ ਕੋ ਪ੍ਰਸੰਗ' ਬਰਨਨੰ ਨਾਮ ਖਸ਼ਟਤ੍ਰਿੰਸਤੀ ਅੰਸੂ ॥੩੬॥

---

[1]ਦਸਮ ਦੁਆਰ ਯਾ ਸਿਰ ਦੀ ਚੋਟੀ ਵਿਚ ਇਕ ਗੁਪਤ ਜੇਹਾ ਰਾਹ ਜਿਸਨੂੰ ਫੋੜਕੇ ਯੋਗੀ ਅਪਨੀ ਰੂਹ ਕਢਦੇ ਹਨ।
[2]ਵਰਖਾਏ।

੩੭. [ਪਿੰਗਲੇ ਦਾ ਪ੍ਰਸੰਗ]

੩੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੮

ਦੋਹਰਾ: ਇਮ ਜੋਗੀ ਤਪਸੀ ਮਹਦ, ਭਯੋ ਬ੍ਰਿਤੰਤ ਬਿਸਾਲ।
ਸੁਨਿ ਪਿਖਿ ਨਰ ਨਾਰੀ ਤਹਾਂ, ਅਚਰਜ ਭੇ ਤਿਸੁ ਕਾਲ ॥੧॥

ਚੌਪਈ: ਇਤਨੇ ਬਿਖੈ ਝਗਰਤੇ ਤਹਾਂ[¶]।
ਦੰਪਤਿ ਚਲਿ ਆਏ ਗੁਰ ਜਹਾਂ।
ਸੋਇ ਪ੍ਰਸੰਗ ਛੋਰਤੇ[1] ਬਰਨੌਂ।
ਜਥਾ ਸੁਧਾਸਰ ਬਿਦਤੈ ਕਰਨੋ ॥੨॥
ਮਾਝੇ ਦੇਸ਼ ਪੁਰੀ ਇਕ ਅਹੈ।
'ਪੱਟੀ' ਨਾਮ ਜਿਸੀ ਕੋ ਕਹੈਂ।
ਤਹਿਂ ਕੋ ਨ੍ਰਿਪ ਲਘੁ ਰਾਜ ਕਰੰਤਾ।
ਤੁਰਕਨ ਕੇ ਅਨੁਸਾਰਿ ਰਹੰਤਾ ॥੩॥
ਤਿਸ ਗ੍ਰਿਹ ਸੁਤਾ ਪੰਚ ਜਨਮਾਈ।
ਬਧਤਿ ਆਰਬਲ ਰੂਪ ਸੁਹਾਈ।
ਸੁੰਦਰ ਅੰਗੁ ਰੰਗ ਤਨੁ ਗੋਰਾ।
ਕਮਲ ਲੋਚਨੀ ਉਰਜ ਕਠੋਰਾ ॥੪॥
ਤਿਨਿ ਮਹਿਂ ਏਕ ਹੁਤੀ ਸਤਿਸੰਗਨਿ।
ਅਲਪ ਆਰਬਲ ਕੋਮਲ ਅੰਗਨਿ[2]।
ਪ੍ਰਭੁ ਕੇ ਗੁਨ ਸੰਤਨ ਤੇ ਸੁਨੇ।
ਬੈਠਹਿ ਨਿਕਟ[3] ਜਬਹਿਂ ਮਿਲਿ ਭਨੇਂ ॥੫॥
'ਜੀਵ ਜੀਵ ਪ੍ਰਤਿ ਤੀਨਹੁਂ ਲੋਕ।
ਨਿਤਿ ਪਾਲਤ ਸਭਿ, ਪ੍ਰਭੁ ਅਰੋਕ[4]।
ਜੋ ਜਿਸ ਜੂਨਿ ਜਹਾਂ ਹੁਇ ਪ੍ਰਾਨੀ।
ਤਹਾਂ ਦੇਤਿ ਭੋਜਨ ਗੁਨਖਾਨੀ' ॥੬॥
ਸ੍ਰੀ ਗੁਰ ਨਾਨਕ ਕਰਜੋ ਸ਼ਲੋਕ।
ਪਠਤਿ ਬਿਚਾਰਤਿ ਸੋ ਪ੍ਰਭੁ ਲੋਕ[5]।
ਤਿਸੁ ਤੇ ਸੁਨਿ ਕੰਨਜਾਂ ਦਿਢ ਕੀਨੋ।

[¶]ਪਾ:-ਮਹਾਂ।
[1]ਮੁਢ ਤੋਂ, ਖੋਹਲਕੇ।
[2]ਨਰਮ ਅੰਗਾਂ ਵਾਲੀ।
[3]ਭਾਵ ਸੰਤਾਂ ਦੇ ਪਾਸ।
[4]ਖੁੱਲ੍ਹਾ।
[5]ਸੋ ਸੰਤ।

ਸੋ ਅਬਿ ਇਸ ਥਲ ਲਿਖਿ ਕਰਿ ਦੀਨੋ ॥੭॥

ਸ੍ਰੀ ਮੁਖਵਾਕ:
ਸਲੋਕ ਮਃ ੧ ॥
ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥
ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥

ਦੋਹਰਾ: ਸੁਨਿ ਸੁ ਅਰਥ ਗੁਰ ਸ਼ਬਦ ਕੋ, ਕੰਨਜਾ ਨਿਸ਼ਚੈ ਕੀਨੁ।
'ਤੀਨ ਲੋਕ ਪਤਿ ਪਰਮ ਗੁਰ, ਰਿਜਕ ਸਭਿਨਿ ਕਹੁ ਦੀਨ[1]' ॥੮॥

ਚੌਪਈ: ਇਕ ਦਿਨ ਸਭਿ ਕੰਨਜਾ ਮਿਲ ਕਰਿ ਕੈ।
ਕਥਾ ਅਨੇਕ ਸੁਨਾਇੰ ਬਿਚਰਿ ਕੈ।
ਨਿਜ ਪਿਤ ਕੀ ਭਾਖਨਿ ਬਡਿਆਈ।
'ਹਮਹਿਂ ਪਦਾਰਥ ਅਧਿਕ ਭੁਗਾਈ ॥੯॥
ਖਾਨ ਪਾਨ ਪਹਿਰਨ ਕੋ ਦਾਤਾ।
ਬਸਤ੍ਰ ਬਿਭੂਖਨ ਦੇ ਬੱਖਜਾਤਾ।'
ਸਭਿ ਤੇ ਸੁਨਿ ਤਿਸ ਕੰਨਜਾਂ ਕਹ੍ਯੋ।
'ਪਾਲਤਿ ਪ੍ਰਭੁ ਸਭਿਨਿ ਕੋ ਲਹ੍ਯੋ ॥੧੦॥
ਦਾਤਨਿ ਕੋ ਦਾਤਾ ਇਕ ਰਾਮ।
ਕਰਹਿ ਜਗਤ ਕੇ ਪੂਰਣ ਕਾਮ।
ਸਭਿ ਦਿਨੁ ਸਭਿ ਕੋ ਭੋਗ ਭੁਗਾਵੈ।
ਕਰਿ ਅਹਾਰ ਕੋ ਜੀਵਤਿ ਪਾਵੈ ॥੧੧॥
ਸੋ ਨ ਦੇਯ ਸਭਿ ਲਹੈਂ ਬਿਨਾਸ।
ਤਿਸ ਬਿਨ ਕਹਾਂ ਜਿਯਨ ਕੀ ਆਸ।
ਰਾਉ, ਰੰਕ, ਗਜ, ਚੀਟੀ* ਜੋਈ।
ਸਭਿ ਕੋ ਦਾਤਾ ਤ੍ਰਾਤਾ[2] ਸੋਈ ॥੧੨॥
ਅਪਰ ਬਿਖੈ ਸਮਰਥ ਹੈ ਕਹਾਂ।

---

[1]ਤਿੰਨਾਂ ਲੋਕਾਂ ਦੇ ਪਤੀ, ਪਰਮ ਪੂਜਯ ਨੇ ਉਪਜੀਵਕਾ ਸਾਰਿਆਂ ਨੂੰ ਦਿੱਤੀ ਹੈ।
*ਪਾ:-ਕੀਟੀ।
[2]ਰੱਖਯਕ।

ਜੀਵਨਿ ਜੋ ਪਾਲਹਿ ਜਹਿਂ ਕਹਾਂ।'
ਇਮ ਸੁਨਿ ਕੰਨਜਾਂ ਸਭਿ ਹੀ ਕਹੈਂ।
'ਹਮ ਕੋ ਪਿਤ ਪ੍ਰਤਿਪਾਲਤਿ ਰਹੈ ॥੧੩॥
ਨਹਿਂ ਦੇਖਯੋ ਦੇਤੋ ਕਿਤ ਰਾਮ।
ਦਿਯੋ ਜਾਇ ਕਿਸੁ ਕੇ ਕਬਿ ਧਾਮ।
ਅੰਨ ਬਸਤ੍ਰ ਸਭਿ ਕਰਿਕੇ ਤਯਾਰ।
ਕਿਸ ਕੋ ਕੌਨ ਦੇਤਿ ਕਿਸ ਬਾਰਿ[1]' ॥੧੪॥
ਇਮ ਸੁਨਿ ਕੈ ਕੰਨਜਾਂ ਲਰ ਪਰੀ।
ਜਾਇ ਪਿਤਾ ਕੇ ਢਿਗਿ ਸੁਧਿ ਕਰੀ।
'ਹਮ ਸਭਿ ਕਹਹਿਂ -ਪਿਤਾ ਤੇ ਖਾਵਤਿ-।
ਇਹ ਕੁਛ ਬਾਤ ਅਪਰ ਬਿਦਤਾਵਤਿ[2] ॥੧੫॥
ਜੋ ਪ੍ਰਤਿਪਾਰਹਿ ਦੇਤਿ ਹਮੇਸ਼।
ਲਘੁ ਤਨ ਤੇ ਜਿਨ ਕੀਨ ਬਿਸ਼ੇਸ਼ੁ[3]।
ਸੁਖ ਸੋਂ ਸ਼ੁਭ ਅਹਾਰ ਹਮ ਕਰਿਹੀਂ।
ਕਿਸੂ ਬਾਤ ਕੀ ਚਿੰਤ ਨ ਧਰਿਹੀਂ ॥੧੬॥
ਇਹ ਨਹਿਂ ਮਾਨੈ ਮਤ ਕਿਯ ਨਯਾਰੋ।
ਹਮ ਸਭਿ ਕਹਿ ਕੀਨਸਿ ਨਿਰਧਾਰੋ[4]।'
ਸੁਨਤਿ ਨ੍ਰਿਪਤ ਪਿਤ ਮੂਰਖ ਰੋਸਾ।
ਨਹਿਂ ਈਸ਼ੁਰ ਕੋ ਲਖਯੋ ਭਰੋਸਾ ॥੧੭॥
ਅਪਨੇ ਰਾਜ ਮਾਨ ਮਹਿਂ ਫੂਲਾ।
ਪ੍ਰਭੁ ਪ੍ਰਤਿਕੂਲ[5] ਭਏ ਤੇ ਭੂਲਾ।
ਸਭਿ ਕੰਨਜਾਂ ਨਿਜ ਨਿਕਟਿ ਹਕਾਰੀ।
ਆਸ਼ੈ ਸਮਝਨ ਇੱਛਾ ਧਾਰੀ ॥੧੮॥
ਪ੍ਰਿਥਕ ਪ੍ਰਿਥਕ ਤਿਨ ਬੂਝਨ ਲਾਗਾ।
'ਕਹੁ ਤੂੰ ਕਿਸ ਕੌ ਭੁਗਤਹਿਂ ਭਾਗਾ[6]?'
ਸਭਿ ਨੇ ਕਹਯੋ 'ਪਿਤਾ! ਹਮ ਤੇਰਾ।
ਖਾਵਹਿਂ ਪਹਿਰਹਿਂ ਦਰਬ ਘਨੇਰਾ ॥੧੯॥

---

[1]ਕਿਸ ਵੇਲੇ।
[2]ਹੋਰ ਕਹਿੰਦੀ ਹੈ।
[3]ਛੋਟੇ ਤਨ ਤੋਂ ਵੱਡਿਆਂ ਕੀਤਾ।
[4]ਸਮਝਾਯਾ ਹੈ।
[5]ਉਲਟ।
[6]ਭਾਗ ਖਾਂਦੀ ਹੈ।

ਪ੍ਰਤਿਪਾਰਤਿ ਨਿਤ ਦੇਤਿ ਅਹਾਰਾ।
ਹਮ ਸਭਿ ਭੁਗਤਹਿਂ ਭਾਗ ਤੁਹਾਰਾ।'
ਨਿਜ ਭਗਨੀ ਸਭਿ ਤੇ ਪਸਚਾਤੀ।
ਰਾਜ ਕੁਇਰ ਬੋਲੀ ਇਸ ਭਾਂਤੀ[੧] ॥੨੦॥
'ਹੇ ਪਿਤ! ਭਾਗ ਏਕ ਕੋ ਦੂਵਾ।
ਭੁਗਤਹਿ, ਏਹ ਨਹੀਂ ਕਬਿ ਹੂਆ।
ਨਿਜ ਨਿਜ ਭਾਗ ਅਧਿਕ ਅਰੁ ਘਾਟ।
ਭੋਗਤਿ ਜਗ ਮਹਿਂ ਰੰਕ ਸੁ ਰਾਟ[੨]' ॥੨੧॥
ਸੁਨਿ ਪਿਤ ਕ੍ਰੋਧ ਕਰਯੋ ਉਰ ਭਾਰੀ।
ਸਭਿ ਕੇ ਸੁਨਿ ਤੇ ਗਿਰਾ ਉਚਾਰੀ।
'ਅਮੁਕ[੩] ਰੰਕ ਹਮ ਜਾਤਿ ਮਝਾਰੀ।
ਤਿਸ ਕੇ ਪੁੱਤ੍ਰ ਕਸ਼ਟ ਤਨ ਭਾਰੀ ॥੨੨॥
ਹਾਥ ਪਾਵ ਅੰਗੁਰੀ ਝਰਿ ਗਈ।
ਅਸ ਕੋ ਮੈਂ ਜਬਿ ਤੁਹਿ ਦੇ ਦਈ।
ਅਪਨ ਭਾਗ ਤਬਿ ਭੁੰਚਨਿ ਕਰੀਅਹਿ।
ਨਰਕ ਸਮਾਨ ਕਸ਼ਟ ਕੋ ਭਰੀਅਹਿ' ॥੨੩॥
ਸੁਨਿ ਕੰਨਜਾਂ ਨੇ ਪਿਤ ਕੀ ਬਾਨੀ।
ਸੋਈ ਸੀਸ ਧਰੀ ਮਨ ਮਾਨੀ।
ਤਿਸ ਕੀ ਮਾਤ ਸੁ ਬਰਜਤਿ ਰਹੀ।
ਤਊ ਪਿਤਾ ਨੇ ਰਿਸ ਕਰਿ ਕਹੀ[੪] ॥੨੪॥
'ਕਰਯੋ ਕੰਤ ਸੋ' ਨਿਸ਼ਚੈ ਠਾਨਾ[੫]।
ਅਪਰ ਥਾਨ ਕੋ ਬਜਾਹੁ ਨ ਮਾਨਾ।
ਕਹਯੋ 'ਪ੍ਰਥਮ ਸੋਈ ਪਤਿ ਮੇਰਾ।
ਤਥਾ ਭਾਗ ਮੈਂ ਅਪਨੋ ਹੇਰਾ' ॥੨੫॥
ਰਹੇ ਹਟਾਇ ਲੋਕ ਮਿਲਿ ਘਨੇ।
'ਕੁਸ਼ਟੀ ਸੰਗ ਕੁਸ਼ਟ ਬਹੁ' ਭਨੇ।
ਰਹੇ ਫੇਰ, ਸੋ ਫਿਰੀ ਨ ਫੇਰੇ[੬]।

---

[੧]ਆਪਣੀਆਂ ਸਾਰੀਆਂ ਭੈਣਾਂ ਤੋਂ ਪਿੱਛੋਂ (ਛੋਟੀ) ਰਾਜ ਕੁਇਰ ਇਸ ਭਾਂਤ ਬੋਲੀ।
[੨]ਰਾਜਾ।
[੩]ਫਲਾਣਾ।
[੪](ਉਹੋ ਗੱਲ) ਕਹੀ।
[੫]ਭਾਵ ਲੜਕੀ ਨੇ ਨਿਸ਼ਚਾ ਬਿਠਾਇ ਲਿਆ ਕਿ ਮੈਂ ਉਹ ਕੰਤ ਕਰ ਲਿਆ (ਮੰਨ ਲਿਆ ਹੈ)।
[੬]ਹਟਾ ਰਹੇ ਪਰ ਓਹ ਹਟਾਈ ਹੋਈ ਨਾ ਹਟੀ।

ਫੇਰੇ ਫਿਰੀ ਸਾਥ ਤਿਸੁ ਕੇਰੇ[1] ॥੨੬॥
ਨਹਿਂ ਦਾਇਜ ਕੋ ਨ੍ਰਿਪ ਨੈ ਦੀਨਾ।
ਮਨ ਮੂਰਖ ਨੇ ਹਠ ਦਿਢ ਕੀਨਾ।
ਕੰਨਜਾਂ ਮਨ ਪ੍ਰਭੁ ਭਾਵੀ ਮਾਨਿ।
ਸਮ ਈਸ਼ੁਰ ਕੇ ਸੋ ਪਤਿ ਜਾਨਿ ॥੨੭॥
ਸਦਨ ਸਾਸੁਰੇ ਦਾਰਿਦ[2] ਮਹਾਂ।
ਪਹਿਰਨਿ ਖਾਨ ਨ ਪ੍ਰਾਪਤਿ ਜਹਾਂ।
ਕੇਤਿਕ ਦਿਨ ਦੁਖ ਭੁਖ ਕੋ ਸਹ੍ਯੋ।
ਬਹੁਰ ਅਨਤ ਕਿਤ ਚਲਿਬੇ ਚਹ੍ਯੋ ॥੨੮॥
ਤਿਸ ਪੁਰਿ ਰਹੀ ਨ ਬਹੁ ਦੁਖਿਆਰੀ।
ਪਤਿਬ੍ਰਤ ਧਰਮ ਮਹਾਂ ਦ੍ਰਿਢ ਧਾਰੀ।
ਪਤਿ ਕੁਸ਼ਟੀ ਕੋ ਧਰਿ ਬਿਚ ਖਾਰੀ।
ਅਪਰ ਗ੍ਰਾਮ ਤੇ ਮਾਂਗਿ ਅਹਾਰੀ ॥੨੯॥
-ਪਿਤ ਕੇ ਪੁਰਿ ਨ ਜਾਚਨਾ ਕਰਿਹੌਂ।
ਅਪਰ ਪੁਰਨਿ ਤੇ ਉਦਰ ਸੁ ਭਰਿਹੌਂ-।
ਜਾਚਤਿ ਅੰਨ ਆਨਤੀ ਤੇਤੋ।
ਪਤਿ ਅਰੁ ਆਪ ਖਾਇ ਲੇ ਜੇਤੋ ॥੩੦॥
ਮਹਾਂ ਸੁਧਰਮਾ ਧਾਰਤਿ ਧਰਮੁ।
ਨਿਜ ਪਤਿ ਤੇ ਨਹਿਂ ਧਾਰ੍ਯੋ ਭਰਮੁ।
ਸੀਸ ਉਠਾਯੋ ਫਿਰੈ ਸੁ ਜਹਿਂ ਕਹਿਂ*।
ਜਾਚਹਿ ਅੰਨ ਪੋਖਿਬੇ[3] ਹਿਤ ਤਹਿਂ ॥੩੧॥
ਨਿਕਟ ਗ੍ਰਾਮ ਕੇ ਦੇਤਿ ਉਤਾਰ।
ਫਿਰਹਿ ਸਦਨ ਤੇ ਲ੍ਯਾਇ ਅਹਾਰ।
ਬਿਚਰਤਿ ਗ੍ਰਾਮਨਿ ਇਸੀ ਪ੍ਰਕਾਰੀ।
ਆਈ ਗੁਰ ਕੇ ਚਕ ਇਕ ਬਾਰੀ ॥੩੨॥
ਦੇਗ ਗੁਰੂ ਕੀ ਲੀਨਿ ਅਹਾਰਾ।
ਪਤਿ ਜੁਤਿ ਖਾਇ ਰਿਦੈ ਸੁਖ ਧਾਰਾ।
ਪੁਨ ਅਗਲੇ ਦਿਨ ਬਦਰੀ ਬਨ ਮੈਂ[4]।

---

[1]ਤਿਸੇ ਸਾਥ ਹੀ ਫੇਰੇ ਫਿਰੀ (ਲਾਂਵਾਂ ਲੈ ਲਈਆਂ ਭਾਵ ਵਿਆਹ ਕਰਵਾ ਲਿਆ)।
[2]ਸਹੁਰੇ ਘਰ ਗ੍ਰੀਬੀ।
*ਪਾ:-ਫਿਰੈ ਜਹਾਂ ਕਹਿਂ।
[3]ਰੱਜਣ ਵਾਸਤੇ।
[4]ਬੇਰੀਆਂ ਦੇ ਬਨ ਵਿਚ।

ਖਾਰੀ ਜਾਇ ਧਰੀ ਤਬਿ ਤਿਨ ਮੈਂ ॥੩੩॥
ਗ੍ਰਾਮ ਬਿਖੈ ਨਰ ਹਰਤਿ ਜੋਈ।
ਕਰਤਿ ਗਿਲਾਨ ਤਰਕਤੇ ਸੋਈ।
ਇਸ ਹਿਤ ਤੇ ਪਤਿ ਦੂਰ ਬਿਠਾਯੋ।
ਖਾਰੀ ਸਹਤ ਸੁ ਛਾਇ[੧] ਟਿਕਾਯੋ ॥੩੪॥
ਗ੍ਰਾਮ ਤੁੰਗ ਕੋ[੨] ਆਪਿ ਸਿਧਾਰੀ।
ਭਿੱਖਯਾ ਹਿਤ ਲੈਬੇ ਇਛ ਧਾਰੀ।
ਜੋ[੩] ਸ਼੍ਰੀ ਰਾਮਦਾਸ ਖਨਿਵਾਯੋ।
ਦੁਖਭੰਜਨਿ ਬਦਰੀ ਤਰ[੪] ਭਾਯੋ ॥੩੫॥
ਤਹਿਂ ਕੁਛ ਟੋਵਾ ਬਿਨਾਂ ਚਿਨਾਰੀ।
ਰਹਯੋ ਹੁਤੋ ਨਹਿਂ ਕਿਸੁ ਨਿਰਧਾਰੀ।
ਤਿਸ ਮਹਿਂ ਪਰਯੋ ਨੀਰ ਕੁਛ ਥਿਰਿਯੋ।
ਬਦਰੀ ਤਰ ਕੇ ਤਰ[੫] ਸੋ ਢਰਿਯੋ ॥੩੬॥
ਹੁਤੀ ਮੇਖ ਕੀ[੬] ਤਬਿ ਸੰਕ੍ਰਾਂਤਿ।
ਸਮੋ ਪੁਰਬ ਕੋ ਤਬਿ ਬਿਰਤਾਂਤ।
ਸਹਿਜ ਸੁਭਾਇਕ ਬਾਇਸੁ[੭] ਆਯੋ।
ਬੈਠਿ ਤਰੂ ਪਰ ਜਲ ਦ੍ਰਿਸ਼ਟਾਯੋ ॥੩੭॥
ਹੁਤੋ ਤ੍ਰਿਖਾਤੁਰ ਉਤਰਯੋ ਤਰੇ।
ਪੰਚ ਬੇਰ ਚੂੰਚਨ ਕੋ ਭਰੇ।
ਜਬਿ ਅੰਤਰ ਜਲ ਪ੍ਰਵਿਸ਼ਯੋ ਜਾਇ।
ਰਿਦਾ ਸ਼ੁੱਧ ਹੁਇ ਬੁਧਿ ਬਿਦੁਤਾਇ ॥੩੮॥
ਕਰਯੋ ਸ਼ਨਾਨ ਪੁਰਬ ਕੇ ਕਾਲ।
ਭਯੋ ਸ੍ਵੇਤ ਤਨ ਰੁਚਿਰੁ ਮਰਾਲ[੮]।
ਸੋ ਪਿੰਗਲ[੯] ਦੇਖਤਿ ਸਭਿ ਰਹਯੋ।

---

[੧]ਛਾਯਾ ਵਿਚ।
[੨]ਅੰਮ੍ਰਿਤਸਰ ਤੋਂ ਦੋ ਕੁ ਮੀਲ ਦੀ ਵਿੱਥ ਤੇ ਇਕ ਪਿੰਡ ਉੱਤਰ ਨੂੰ ਹੈ।
[੩]ਭਾਵ ਜੇਹੜਾ ਥਾਂ।
[੪]ਉਹ ਥਾਂ ਬੇਰੀ ਹੇਠ ਸੀ,
(ਜਿਸਨੂੰ) ਦੁਖਭੰਜਨੀ (ਕਹਿੰਦੇ ਹਨ ਹੁਣ)।
[੫]ਬੇਰੀ ਦੇ ਬ੍ਰਿੱਛ ਦੇ ਹੇਠ।
[੬]ਵਿਸਾਖ ਦੀ।
[੭]ਕਾਂ।
[੮]ਸੁਹਾਣਾ ਚਿੱਟੇ ਸਰੀਰ ਵਾਲਾ ਹੰਸ ਹੋ ਗਿਆ।
[੯]ਲੂਹਲਾ, ਭਾਵ ਉਹ ਕੁਸ਼ਟੀ।

ਜਥਾ ਕਾਕ ਨੇ ਸ਼ੁਭ ਫਲ ਲਹਯੋ[1] ॥੩੯॥
ਉਦੈ ਭਾਗ ਤੇ ਉਰ ਫੁਰਿਆਈ।
-ਇਸੁ ਜਲ ਕੀ ਮਹਿਮਾਂ ਅਧਿਕਾਈ।
ਮਨਹੁਂ ਪੁੰਨ ਮਮ ਬਾਇਸ ਆਯੋ[2]।
ਨੀਰ ਮਹਾਤਮ ਕੋ ਦਰਸਾਯੋ[3]- ॥੪੦॥
ਬਿਨਾਂ ਬਿਲਮ ਤੇ ਇਤ ਉਤ ਹਾਲਾ।
ਜੋ ਨਿਜ ਬਲ ਤੇ ਸਕਹਿ ਨ ਚਾਲਾ।
ਖਾਰੀ ਤੇ ਨਿਕਸਯੋ ਗਿਰ ਪਰਯੋ।
ਰਿੜ੍ਹਤ ਰਿੜ੍ਹਤ ਪਹੁਂਚਨ ਤਹਿਂ ਕਰਯੋ ॥੪੧॥
ਤੂਰਨ ਤੀਰ ਨੀਰ ਕੋ ਛੁਹਯੋ।
ਕਰਯੋ ਸ਼ਨਾਨ ਅਧਿਕ ਫਲ ਲਹਯੋ।
ਪੰਕ ਸਮੇਤ ਸੁ ਮਰਦਨ ਕਰਿ[4] ਕਰਿ।
ਮੱਜਤਿ ਮਹਾਂ ਚੌਂਪ ਕੋ ਧਰਿ ਧਰਿ ॥੪੨॥
ਕਰ ਪਗ ਜੁਗ ਗਰ ਗਰ ਗਿਰ ਪਰੇ[5]।
ਤਤਛਿਨ ਭਏ ਅਰੁਜ[6] ਸਮਸਰੇ।
ਸਕਲ ਅੰਗ ਤੇ ਰੋਗ ਨਸਾਯੋ।
ਕੰਚਨ ਬਰਨ ਰੰਗੁ ਮਨ ਭਯੋ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪਿੰਗਲ' ਪ੍ਰਸੰਗ ਬਰਨਨੰ ਸਪਤ ਤ੍ਰਿੰਸਤੀ ਅੰਸੂ ॥੩੭॥

---

[1]ਲੀਤਾ।
[2]ਮਾਨੋਂ ਕਾਂ ਮੇਰੇ ਪੁੰਨਾਂ ਕਰਕੇ ਆਯਾ ਹੈ।
[3]ਜਲ ਦਾ ਮਹਾਤਮ ਦਿਖਾ ਦਿੱਤਾ ਹੈ।
[4]ਮਲ ਕਰਕੇ।
[5](ਜੋ) ਹੱਥ ਪੈਰ ਦੋਵੇਂ ਗਲ ਗਲ ਕੇ ਡਿਗ ਪਏ ਹੋਏ ਸਨ।
[6]ਅਰੋਗ।

੩੮. [ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ]

੩੭<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੩੯

ਦੋਹਰਾ: ਪਿੰਗਲ ਮੱਜਨ ਜਬਿ ਕਰਜੋ, ਭਯੋ ਸਰੀਰ ਅਰੋਗ।
ਬਿਸਮਤ ਬੁਧਿ ਮਹਿਂ ਦੇਖਿ ਫਲ, ਕਰਿ ਅਨੰਦੁ ਹਰਿ ਸੋਗ[1] ॥੧॥

ਚੌਪਈ: ਮਨਹੁਂ ਪਾਨ ਅੰਮ੍ਰਿਤ ਕੋ ਕਰਜੋ।
ਜਰਾ ਆਦਿ ਰੁਜ ਸਭਿ ਪਰਹਰਜੋ।
ਜਨੁ ਸਮਰਥ ਸੁਰ ਹੋਇ ਪ੍ਰਸੰਨ[2]।
ਕਰਜੋ ਸ਼ਕਤਿ ਨਿਜ ਤੇ ਤਨ ਅੰਨ[3] ॥੨॥
ਸੁੰਦਰਤਾ ਮੰਦਿਰ ਤਨੁ ਹੋਵਾ।
ਅਖਿਲ ਬਿਕਾਰਨ ਕੋ ਤਬਿ ਖੋਵਾ।
ਪ੍ਰਭੁ ਕ੍ਰਿਪਾ ਅਸੁ ਕਾਇਆਂ ਧਾਰੀ।
ਜਿਸ ਤੇ ਹੋਇ ਨ ਸਕਹਿ ਚਿਨਾਰੀ ॥੩॥
ਨਖ ਸ਼ਿਖ ਤੇ ਬੋਰਜੋ ਨਿਜ ਗਾਤ[4]।
ਬਾਰ ਬਾਰ ਮੱਜਤਿ ਹਰਖਾਤਿ।
ਜਥਾ ਅਚਾਨਕ ਨਰਕੀ ਜੀਵ।
ਸੁਰਗੀ ਬਨਹਿਂ ਮਹਾਂ ਸੁਖਿ ਥੀਵ ॥੪॥
ਜਨਮੁ ਰੰਕ ਚਿੰਤਾਮਣਿ ਪਾਈ।
ਹਰਖਜੋ ਜਿਮੁ ਨਵਨਿਧਿ ਘਰ ਆਈ।
ਬਸਤ੍ਰ ਬਿਭੂਖਨ ਸੁੰਦਰ ਜੋਗ।
ਇਮੁ ਸੁੰਦਰ ਬਨ ਗਯੋ ਅਰੋਗ ॥੫॥
ਤਿਸ ਬੱਦਰੀ ਤਰੁ ਕੇ ਤਰ ਥਿਰਜੋ।
ਖਾਰੀ ਉਲਟ ਸੁ ਆਸਨੁ ਕਰਜੋ।
ਬੈਠਿ ਰਹਜੋ ਮਨੁ ਮੋਦ ਬਢਾਇ।
ਪ੍ਰਿਯਾ ਪ੍ਰਤੀਖਤਿ[5] ਦ੍ਰਿਗ ਤਿਤ ਲਾਇ ॥੬॥
ਭਿੱਖਜਾ ਤੁੰਗੁ ਗ੍ਰਾਮ ਤੇ ਲੀਨ।
ਰਾਜੁ ਕੁਇਰ ਪਤਿਬ੍ਰਤਾ ਪ੍ਰਬੀਨ।
ਅਪੁਨੋ ਧਰਮੁ ਬਿਖੈ ਸਵਧਾਨਾ।
ਨਿਜ ਪਤਿ ਬਿਨੁ ਕਬਿ ਚਹੈ ਨ ਆਨਾ ॥੭॥

---

[1]ਸ਼ੋਕ ਦੂਰ ਕੀਤਾ।
[2]ਮਾਨੋਂ ਸਮਰੱਥ ਦੇਵਤਾ ਨੇ ਪ੍ਰਸੰਨ ਹੋਕੇ।
[3]ਹੋਰ ਸ਼ਰੀਰ।
[4]ਨਹੁੰ ਤੋਂ ਸਿਰ ਤਕ ਡੋਬ ਦਿੱਤਾ ਅਪਣਾ ਸਰੀਰ।
[5]ਇਸਤ੍ਰੀ ਨੂੰ ਉਡੀਕਦਾ ਹੈ।

ਖੇਦ ਬਿਸਾਲ ਸਹੈ ਸਭਿ ਤਨੁ ਮੈਂ।
ਤਊ ਨ ਡੋਲਤਿ ਹੈ ਕਬਿ ਮਨ ਮੈਂ।
ਨ੍ਰਿਪ ਦੁਹਿਤਾ ਅਪਦਾ ਅਸ ਝਾਲੀ।
ਤਊ ਧਰਮ ਤੇ ਭਈ ਨ ਖਾਲੀ ॥੮॥
ਜਬਿ ਤਿਸ ਥਾਨੁ ਆਨ ਕਰਿ ਦੇਖਾ।
ਬੈਠਯੋ ਸੁੰਦਰ ਪੁਰਖ ਵਿਸ਼ੇਖ਼ਾ।
-ਇਹੁ ਕਸਾ ਭਯੋ ਨ ਜਾਨਯੋ ਜਾਇ।
ਮਮ ਪਤਿ ਨਹਿਂ ਦੀਸਤਿ ਇਸ ਥਾਇਂ ॥੯॥
ਇਹੁ ਕੋ ਬੈਠਯੋ ਅਘ ਗਨ ਕਰਤਾ[1]।
ਲਖੀਅਤਿ ਮਮ ਭਰਤਾ ਕੋ ਹਰਤਾ-।
ਸੁਕਚਿ ਦੂਰ ਤੇ ਊਚ ਉਚਾਰੀ।
'ਕੋ ਤੂੰ ਅਹੈਂ? ਇਹਾਂ ਦੁਰਚਾਰੀ[2]! ॥੧੦॥
ਮਮ ਪਤਿ ਕਹਾਂ? ਇਹਾਂ ਤਜਿ ਗਈ।
ਤੁੰਗ ਗ੍ਰਾਮ ਤੇ ਤੂਰਨ ਅਈ।
ਅਬਿ ਮੈਂ ਕਰੌਂ ਪੁਕਾਰ ਉਦਾਰਾ।
ਗਹਿ ਲੈਹੌਂ ਜੇ ਕੀਨ ਸੰਘਾਰਾ[3] ॥੧੧॥
ਨਾਂਹਿ ਤ ਮੋਹਿ ਬਤਾਵਹੁ ਪਤਿ ਕੋ।
ਰਹਯੋ ਜਿਯਤਿ ਜੇ ਕਿਯ ਇਤ ਉਤ ਕੋ।
ਤੂਰਨ ਕਰਿ ਨਹਿਂ ਬਿਲਮ ਲਗਾਵਹੁ।
ਮਮ ਭਰਤਾ ਕੋ ਆਂਖ ਦਿਖਾਵਹੁ[4]' ॥੧੨॥
ਸੁਨਤਿ ਪੀਆ ਨੇ[*] ਕੀਨੁ ਬਖਾਨੁ।
'ਮੈਂ ਤੇਰੋ ਪਤਿ ਲੇਹੁ ਪਛਾਨੁ।
ਹੇ ਧਰਮੱਗੇ! ਭਰਮੁ ਨ ਕੀਜਹਿ।
ਹੇ ਪਤਿਬ੍ਰਤੇ! ਬ੍ਰਿਤੰਤ ਸੁਨੀਜਹਿ ॥੧੩॥
ਪੂਰਬ ਭਾਗੁ ਜਗੇ ਅਬਿ ਮੇਰੇ।
ਫਲ ਪ੍ਰਾਪਤਿ ਔਚਕ[5] ਇਸੁ ਬੇਰੇ।
ਕਰਤਿ ਸ਼ਨਾਨ ਕਾਕ ਮੈਂ ਹੇਰਾ।

---

[1]ਪਾਪ ਸਮੂਹ ਕਰਨ ਵਾਲਾ।
[2]ਹੇ ਮੰਦ ਕਰਮੀ!
[3]ਮੈ ਫੜ ਲਵਾਂਗੀ ਜੇ ਤੂੰ ਮਾਰ ਦਿੱਤਾ ਹੈ।
[4]ਮੈਨੂੰ ਅੱਖੀਂ ਮੇਰਾ ਪਤੀ ਦਿਖਾ ਦੇਹ।
[*]ਪਾ:-ਪ੍ਰਿਯਾ ਤੇ।
[5]ਅਚਾਨਕ।

ਭਯੋ ਹੰਸ ਸ਼ਿਤ ਬਰਨੁ ਬਡੇਰਾ ॥੧੪॥
ਇਸੁ ਜਲੁ ਕੋ ਫਲੁ ਮੈਂ ਤਬਿ ਜਾਨਾ।
ਨੀਠਿ ਨੀਠ ਦ੍ਰੁਤ ਆਨਿ ਸ਼ਨਾਨਾ[1]।
ਭਯੋ ਅਰੋਗ ਅੰਗ ਤਨ ਸੁੰਦਰ।
ਮੈਂ ਪਤਿ ਸੋ, ਨ ਭਰਮ ਉਰ ਅੰਦਰ ॥੧੫॥
ਮਿਲਹੁ ਆਨ ਮੋ ਕਹੁ ਅਬ ਪਜਾਰੀ!
ਤੁਵ ਪ੍ਰਤਾਪ ਮੁਝ ਭਾ ਸੁਖ ਭਾਰੀ।'
ਸੁਨਤਿ ਰਿਸੀ ਬਚ ਊਚ ਉਚਾਰਾ।
'ਮੁਝ ਹਿਤ ਤੈਂ ਮੇਰੋ ਪਤਿ ਮਾਰਾ ॥੧੬॥
ਕੈਸੇ ਕੁਸ਼ਟ ਯੁਕਤਿ ਅਸ ਹੋਵਤਿ?
ਕਰ ਪਗ ਬਿਨ ਕੇ, ਕਰ ਪਗ ਜੋਵਤਿ।
ਨਹਿਂ ਨਿਸ਼ਚੇ ਚਿਤ ਆਵਤਿ ਮੋਹੀ।
ਅਘ ਕੀ ਸ਼ੰਕਾ ਹ੍ਵੈ ਬਿਚ ਤੋਹੀ ॥੧੭॥
ਜੇ ਕਰਿ ਮੇਰੋ ਪਤਿ ਮਰਿ ਗਇਊ।
ਨਹਿਂ ਜੀਵੋਂ ਨਿਜ ਪ੍ਰਾਨਨ ਹਇਊਂ।
ਤੋਹਿ ਗਹਾਇ ਆਪ ਮਰਿ ਜਾਊਂ।
ਨਹਿਂ ਪਰ ਪੁਰਖ ਅੰਗ ਸੰਗ ਲਾਊਂ' ॥੧੮॥
ਇੱਤਯਾਦਿਕ ਊਚੇ ਬਚ ਟੇਰਤਿ।
ਸੁਨਿ ਗਨ ਲੋਕ ਮਿਲੇ ਤਿਨ ਹੇਰਤਿ।
ਦੋਨਹੁਂ ਨਿਜ ਨਿਜ ਬ੍ਰਿਥਾ ਸੁਨਾਈ।
ਸੁਨਿ ਕਰਿ ਕਿਹ ਨ ਸਮਝ ਨਰ ਆਈ ॥੧੯॥
ਤਬਿ ਸਭਿਹਿਨਿ ਤਿਨ ਕੋ ਸਮੁਝਾਵਾ।
'ਕਯੋਂ ਤੁਮ ਝਗਰਹੁ ਬਾਦ ਉਠਾਵਾ?
ਅਪਰ ਨ ਕਰਿ ਹੈਂ ਨਯਾਉਂ ਤੁਮਾਰਾ।
ਸ਼੍ਰੀ ਗੁਰ ਅਰਜਨ ਇਹਾਂ ਉਦਾਰਾ ॥੨੦॥
ਅੰਤਰਜਾਮੀ ਸੋ ਸਭਿ ਜਾਨਹਿਂ।
ਕਹਿ ਨਿਰਨੈ ਸਚੁ ਬਾਕ ਬਖਾਨਹਿਂ।
ਤਿਨ ਕੋ ਕਹਯੋ ਸਾਚ ਹੀ ਜਨੀਅਹਿ।
ਨਿਹਸੰਸਹਿ ਦੋਨਹੁ ਬਚ ਮਨੀਅਹਿ' ॥੨੧॥
ਇਮ ਸੁਨਿ ਕੈ ਤ੍ਰਿਯ ਉਰ ਹੁਲਸਾਈ।
-ਸਤਿਗੁਰ ਤੇ ਮਮ ਸੰਸੈ ਜਾਈ-।

---
[1]ਭਾਵ ਰਿੜ੍ਹ ਰਿੜ੍ਹ ਕੇ ਛੇਤੀ ਆਣ ਇਸ਼ਨਾਨ ਕੀਤਾ।

ਤਬਿ ਦੋਨਹੁਂ ਕੁਛ ਨਰ ਲੈ ਸਾਥ।
ਗਏ ਜਹਾਂ ਗੁਰੁ ਅਰਜਨ ਨਾਥ ॥੨੨॥
ਜੋਗੀ ਕੋ ਬ੍ਰਿਤੰਤ ਹ੍ਵੈ ਰਹਯੋ।
ਮਹਾਂ ਅਚੰਭਾ ਸਭਿ ਉਰ ਲਹਯੋ।
ਦੁਤਿਯ ਅਚੰਭਾ ਇਹੁ ਲੈ ਗਈ।
ਹਾਥ ਜੋਰਿ ਪਦ ਬੰਦਤਿ ਭਈ ॥੨੩॥
ਤਿਸ ਕੇ ਪਤਿ ਨੇ ਮਸਤਕ ਟੇਕਾ।
ਬੈਠੇ ਸਰ ਤਟ ਜਲਧਿ ਬਿਬੇਕਾ।
ਨਿਕਟ ਭੀਰ ਹ੍ਵੈ ਨਰ ਸਮੁਦਾਇ।
ਕਰਹਿਂ ਕਾਰ ਕੋ ਥਿਰ ਢਿਗ ਥਾਇਂ ॥੨੪॥
ਖਰੇ ਭਏ ਦੋਨਹੁ ਕਰ ਜੋਰਿ।
ਸ਼੍ਰੀ ਅਰਜਨ ਪਿਖਿ ਕਰਿ ਇਨ ਓਰ।
ਬੂਝਯੋ 'ਕਾਰਜ ਕੌਨ ਤੁਮਾਰਾ?
ਕਿਮ ਥਿਰ ਰਹੇ? ਕਰਹੁ ਬਿਸਥਾਰਾ' ॥੨੫॥

ਦੋਹਰਾ: ਕਹਤਿ ਭਈ ਕਰ ਜੋਰਿ ਕੈ,
ਸ਼੍ਰੀ ਗੁਰ ਅਰਜੁਨ ਨਾਥ!
ਸੁਜਸ ਆਪ ਕੋ ਬਿਦਿਤਿ ਹੈ,
ਕਰਾਮਾਤ ਅਤਿ ਸਾਥ ॥੨੬॥

ਚੌਪਈ: ਸ਼੍ਰੀ ਨਾਨਕ ਸੁਨਿਯਤਿ ਜਗ ਭਏ।
ਸਿੱਧ ਪੀਰ ਆਦਿਕ ਜੈ ਕਏ।
ਮਹਾਂ ਪੁਰਖ ਗੰਭੀਰ ਉਦਾਰਾ।
ਜਿਨ ਕੋ ਜਸ ਗਾਵਤਿ ਜਗ ਸਾਰਾ ॥੨੭॥
ਦਾਸਨ ਕੋ ਦੇ ਗਯਾਨ ਬਡਾਈ।
ਸੋ ਅਬਿ ਲਗ ਜਗ ਮਹਿਂ ਦਿਪਤਾਈ।
ਦੁਰੇ ਬ੍ਰਿੰਦ ਦੰਭੀ ਜਹਿਂ ਕਹਾਂ।
ਤੇਜ ਪ੍ਰਕਾਸ਼ ਦਸਹੁਂ ਦਿਸ਼ ਮਹਾਂ ॥੨੮॥
ਤਿਨ ਸਥਾਨ ਰਾਵਰਿ ਅਬਿ ਅਹੋ।
ਰਿਦੇ ਬਿਖੈ ਸਭਿ ਗਯਾਤਾ ਲਹੋ।
ਸੰਸੈ ਕਰਦਮ[1] ਧਸਿ ਮਨ ਮੋਰਾ।
ਧਰਮ ਛਿਦਨ ਤੇ ਡਰ ਉਰ ਘੋਰਾ ॥੨੯॥
ਬਾਕ ਤੁਮਾਰੋ ਹੋਇ ਸਹਾਈ।

---
[1]ਸੰਸੇ ਰੂਪੀ ਚਿੱਕੜ ਵਿੱਚ।

ਇਸੀ ਹੇਤ ਮੈਂ ਚਲਿ ਕਰਿ ਆਈ।
ਪਾਂਚ ਸੁਤਾ ਹਮ ਪਿਤ ਕੇ ਹੁਤੀ।
ਇਕ ਸਮਾਨ ਹੀ ਤਨ ਮੈਂ ਦੁਤੀ ॥੩੦॥
ਪਿਤ ਰਿਸ ਕਰਿ ਕੁਸ਼ਟੀ ਪਤਿ ਦੀਨਾ।
ਧਰਮ ਆਪਨੋ ਮੈਂ ਦ੍ਰਿਢ ਕੀਨਾ।
ਤਿਸ ਕੋ ਖਾਰੀ ਮਹਿਂ ਧਰਿ ਲੀਨਾ।
ਨਿਕਸੀ ਵਹਿਰ ਫਿਰਨ ਸ਼ੁਭ ਚੀਨਾ ॥੩੧॥
ਜਾਚਤਿ ਫਿਰੀ ਸੁ ਭਰਤਾ ਲੈ ਕੈ।
ਭੋਜਨ ਆਨਿ ਜਾਚਨਾ ਕੈ ਕੈ।
ਪਤਿ ਕੋ ਦੇਯ ਪਿਛਾਰੀ ਖਾਵੋਂ।
ਨਿਸ ਬਾਸੁਰ ਮੈਂ ਸੇਵ ਕਮਾਵੋਂ ॥੩੨॥
ਮਮ ਪਤਿ ਕੋ ਪਿਖਿ ਕਰੈਂ ਗਿਲਾਨ।
ਐਂਠਹਿ ਨਾਕ[1] ਸੁ -ਦੂਰ- ਬਖਾਨ।
ਤੁਮਰੇ ਚੱਕ ਤੇ ਹੈ ਦਿਸ਼ ਪੁਰਾ[2]।
ਤਹਿਂ ਬਦਰੀ[3] ਤਰੁ ਹੈ ਇਕ ਖਰਾ ॥੩੩॥
ਕੁਛਕ ਨਿੰਮ੍ਰ[4] ਥਲ ਨੀਰ ਖਰਯੋ ਹੈ।
ਸਿਰ ਤੇ ਤਹਾਂ ਉਤਾਰ ਧਰਯੋ ਹੈ।
ਪਤਿ ਸਮੇਤ ਖਾਰੀ ਲਿ[5] ਟਿਕਾਈ।
ਜਾਚਨ ਆਨ ਗ੍ਰਾਮ ਮਹਿਂ ਧਾਈ ॥੩੪॥
ਉੱਤਰ ਦਿਸ਼ਾ ਬਸਤਿ ਹੈ ਤੁੰਗ।
ਤਹਾਂ ਜਾਇ ਮੈਂ ਅੰਨ ਸੁ ਮੰਗਿ।
ਬਿਤੇ ਜਾਮ ਜੁਗ ਚਲਿ ਕਰਿ ਆਈ।
ਪਤਿ ਪਿੰਗਲ ਨਹਿਂ ਪਿਖਯੋ ਤਿਥਾਈਂ ॥੩੫॥
ਬਿਨਾ ਕੁਸ਼ਟ ਕਰ ਪਗ ਜੁਤਿ ਸਾਰਯੋ[6]।
ਆਇ ਤਹਾਂ ਇਹੁ ਪੁਰਖ ਨਿਹਾਰਯੋ।
ਮੁਝ ਮਨ ਮਹਿਂ ਨਹਿਂ ਨਿਸ਼ਚੈ ਹੋਵਾ।
ਕਿਸ ਪ੍ਰਕਾਰ ਭਾ ਨਵਾ ਨਿਰੋਵਾ' ॥੩੬॥

---

[1]ਨੱਕ ਅਕੜੌਂਦੇ ਹਨ।
[2]ਪੂਰਬ ਦਿਸ਼ਾ ਵੱਲ।
[3]ਬੇਰੀ।
[4]ਨੀਵਾਂ।
[5]ਲੈ।
[6]ਸੑਾਰਿਆ ਹੋਇਆ (ਅ) ਸਾਰੇ।

ਸਕਲ ਬਾਤ ਸੁਨਿ ਕੈ ਤਿਯ ਕੇਰੀ।
ਮਾਨਵ ਸਾਥ[1] ਭਨਯੋ ਤਿਸੁ ਬੇਰੀ।
'ਪਿੰਗਲ ਦੇਹਿ ਬਿਖੈ ਬਡਿ ਰੋਗ।
ਤੂੰ ਕਹੁ ਕੈਸੇ ਭਯੋ ਅਰੋਗ? ॥੩੭॥
ਸਕਲ ਜਥਾਰਥ ਬਾਤ ਸੁਨਾਵਹੁ।
ਨਾਂਹਿ ਤ ਬਡ ਸਜਾਇ ਕੋ, ਪਾਵਹੁ।
ਕਪਟ ਜਿ ਕਰਯੋ ਭਾਰਜਾ ਹੇਤਿ।
ਬਸਹਿ ਨਹੀਂ ਇਹੁ ਤੋਹਿ ਨਿਕੇਤ' ॥੩੮॥
ਸੁਨਿ ਗੁਰ ਤੇ ਤਿਹ ਮਾਨਵ ਕਹਯੋ।
'ਸਰਬ ਬ੍ਰਿਤਾਂਤ ਸੁਨਹੁਂ ਜਿਮਿ ਲਹਯੋ।
ਬਦਰੀ ਸੋਂ ਧਰਿ ਕਰਿ ਮਮ ਖਾਰੀ।
ਜਬਿ ਇਹ ਮਾਂਗਨ ਹੇਤ ਸਿਧਾਰੀ ॥੩੯॥
ਤਬਿ ਇਕ ਬਾਇਸ ਚਲਿ ਢਿਗ ਆਵਾ।
ਕਰੇ ਪਾਨ ਅਰੁ ਪੰਖ ਭਿਗਾਵਾ।
ਭਯੋ ਸੁਪੇਦ ਰੰਗ ਤਿਸ ਕੇਰਾ।
ਧਰੀ ਮਰਾਲ ਪ੍ਰਭਾ[2] ਤਿਸ ਬੇਰਾ ॥੪੦॥
ਸ਼ਯਾਮ ਬਰਨ ਸਗਰੋ ਮਿਟ ਗਯੋ।
ਜਨ ਸਬੂਣ ਸੰਗ ਉੱਜਲ ਭਯੋ।
ਤਬਿਹੂੰ ਮੈਂ ਜਾਨਯੋ ਨਿਜ ਆਤਮ[3]।
-ਇਸ ਜਲ ਕੋ ਹੈ ਮਹਾਂ ਮਹਾਤਮ- ॥੪੧॥
ਹਾਲ ਚਾਲ ਮੈਂ[4] ਤਜਿ ਕਰਿ ਖਾਰੀ।
ਜਾਇ ਸਪਰਸ਼ਯੋ ਸੁੰਦਰ ਬਾਰੀ।
ਜਬਿ ਪੂਰਬਿ ਮੈਂ ਹਾਥ ਭਿਗੋਏ।
ਤਾਤਕਾਲ ਅੰਗੁਰੀ ਜੁਤਿ ਹੋਏ ॥੪੨॥
ਸਾਰੋ ਪਰਯੋ ਬੀਚ ਮੈਂ ਜਾਈ।
ਅਸੁ ਕਾਇਆਂ ਅਪਨੀ ਦ੍ਰਿਸ਼ਟਾਈ।
ਨਿਜ ਤਿਯ ਕੋ ਕਹਿ ਰਹਯੋ ਬਥੇਰਾ[*]।
ਮਾਨਯੋ ਬਾਕ ਨਹੀਂ ਕੋ ਮੇਰਾ ॥੪੩॥

---

[1]ਭਾਵ ਉਸਦੇ ਪਤੀ ਨਾਲ।
[2]ਹੰਸ ਵਰਗੀ ਸੁਹਣੱਪ।
[3]ਆਪਨੇ ਮਨ ਵਿਚ।
[4]ਹਿੱਲ ਜੁੱਲ ਕੇ।
[*]ਪਾ:-ਬਧੇਰਾ।

ਕਹਿਨ ਲਗੀ -ਸ਼੍ਰੀ ਗੁਰ ਇਸ ਕਾਲ।
ਸਭਿ ਗਜਾਤਾ ਤਿਨ ਰਿਦੈ ਬਿਸਾਲ।
ਅੰਤਰਜਾਮੀ ਸਭਿ ਕੀ ਜਾਨਹਿਂ।
ਬਾਕ ਬਖਾਨਹਿਂ ਸੋ ਹਮ ਮਾਨਹਿਂ- ॥੪੪॥
ਮੋਹਿ ਭਾਰਜਾ ਝਗਰਤਿ ਆਈ।
ਯਾਂ ਕੋ ਦੀਜਹਿ ਸਾਚ ਜਨਾਈ।'
ਬਹੁ ਨਰ ਮਿਲੇ ਸਕਲ ਨੇ ਕਹਜੋ।
'ਰਾਵਰ ਕੋ ਸਰਬਗ ਸਭਿ ਲਹਜੋ' ॥੪੫॥
ਸਤਿਗੁਰ ਸਭਾ ਬਿਸਮ ਭਈ ਐਸੀ।
ਸੁਨਤਿ ਮੌਨ ਧਰਿਯੋ ਸਭਿ ਬੈਸੀ।
ਸ਼੍ਰੀ ਅਰਜਨ ਜੀ ਬਾਕ ਬਖਾਨਾ।
'ਬੈਠਹੁ ਸ਼ਬਦ ਸੁਨਹੁ ਨਿਜ ਕਾਨਾ ॥੪੬॥
ਹਮ ਕਹਿ ਹੈਂ ਕੋ ਘਟੀ ਪਿਛਾਰੀ[1]।
ਸਾਚ ਝੂਠ ਕਰਿ ਦੇਹਿਂ ਨਿਰਾਰੀ[2]।'
ਇਮ ਕਹਿ ਨੈਨ ਮੂੰਦ ਕਿਯ ਧਜਾਨਾ।
ਮਨ ਠਹਿਰਾਯੋ ਗੁਰੂ ਸੁਜਾਨਾ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਪਿੰਗਲ' ਪ੍ਰਸੰਗ ਬਰਨਨੰ ਨਾਮ ਅਸ਼ਟਤ੍ਰਿੰਸਤੀ ਅੰਸੂ ॥੩੮॥

---

[1]ਘੜੀ ਕੁ ਪਿੱਛੋਂ।
[2]ਵੱਖੋ ਵੱਖ।

੩੯. [ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ]

੩੮<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੦

ਦੋਹਰਾ: ਸ੍ਰੀ ਅਰਜਨ ਸਰਬੱਗ ਗੁਰ,
ਨੇਤ੍ਰ ਮੂੰਦਿ ਕਿਯ ਧ੍ਯਾਨੁ।
ਤਿਸ ਛਿਨ ਸ੍ਰੀ ਗੁਰ ਅਮਰ ਜੀ,
ਦਈ ਦਿਖਾਈ ਆਨ ॥੧॥
ਚੌਪਈ: ਧ੍ਯਾਨ ਥਿਰੇ ਉਰ ਮਹਿਂ ਗੁਰ ਆਏ।
ਸਕਲ ਬਾਤ ਕੋ ਭੇਵ ਜਨਾਏ।
'ਇਹ ਨਰ ਸਾਚੀ ਭਾਖਤਿ ਬਾਤ।
ਜਬਿ ਸੁ ਨ੍ਹਾਤ ਤਹਿਂ, ਤਬਿ ਸੰਕ੍ਰਾਂਤ[1] ॥੨॥
ਹਮ ਨੇ ਪਿਤਾ ਤੁਮਾਰੋ ਪ੍ਰੇਰਾ[2]।
-ਜਾਇ ਤੜਾਗ ਲਗਾਇ ਬਡੇਰਾ-।
ਤਬਿ ਇਕ ਤਾਲ ਤਹਾਂ ਖੁਨਵਾਯੋ।
ਜਹਿਂ ਇਹ ਕੁਸ਼ਟੀ ਨੀਰ ਨਹਾਯੋ ॥੩॥
ਤੁਮ ਕੋ ਉਚਿਤ ਅਹੈ ਇਸ ਕਾਲ।
ਕਰਹੁ ਲਗਾਵਨ[*] ਤਾਲੁ ਬਿਸਾਲ।
ਬਹੁਤ ਕਾਲ ਭਾ ਲਘੁ ਖੁਨਵਾਯੋ[3]।
ਚਹੁੰ ਦਿਸ਼ ਤੇ ਜਲ ਢਰਿ ਤਹਿਂ ਆਯੋ ॥੪॥
ਮ੍ਰਿਤਕਾ ਪਰੀ ਗਯੋ ਭਰਿ ਸੋਇ।
ਚਿੰਨ੍ਹ ਪਛਾਨ ਮਾਤ੍ਰ ਤਹਿਂ ਹੋਇ।
ਹੇਤ ਮਹਾਤਮ ਕੇ ਬਿਦਤਾਵਨ।
ਨਹਿਂ ਕੀਨਸ ਸਭਿ ਬਿਖੈ ਜਨਾਵਨ ॥੫॥
ਅਬਿ ਮਹਿਮਾ ਕੇ ਸਹਤ ਬਿਸਾਲਾ।
ਬਿਦਤਾਵਹੁ ਸਿਰਜਹੁ ਸ਼ੁਭ ਤਾਲਾ।
ਸ੍ਰੀ ਅੰਮ੍ਰਿਤਸਰ ਧਰੀਅਹਿ ਨਾਮੂ।
ਚਹੁੰ ਦਿਸ਼ ਮਹਿਂ ਸੁਪਾਨ[4] ਅਭਿਰਾਮੂ ॥੬॥
ਰਾਮਦਾਸੁ ਪੁਰਿ ਰਾਮਦਾਸੁ ਸਰੁ।
ਇਹੁ ਭੀ ਨਾਮ ਕਹਹਿਂ ਨਾਰੀ ਨਰ।'

---

[1](ਵਿਸਾਖੀ ਦੀ) ਸੰਗਰਾਂਦ ਸੀ।
[2]ਤੁਸਾਡੇ ਪਿਤਾ ਜੀ ਨੂੰ ਅਸਾਂ ਨੇ (ਕਦੇ) ਆਖਿਆ ਸੀ।
[*]ਪਾ:-ਖੁਨਾਵਨ।
[3]ਥੋੜਾ ਖੋਦਿਆ ਸੀ।
[4]ਪੌੜੀਆਂ।

ਜਨਨੀ ਪਿਤ ਗੁਰ[1] ਕੌ ਉਰ ਹੇਰਾ।
ਨਮੋ ਕਰਤਿ ਭੇ ਹਰਖ ਬਡੇਰਾ ॥੭॥
ਸ਼੍ਰੀ ਅਰਜਨ ਗੁਰੁ ਅੰਤਰਜਾਮੀ।
ਮਿਸ ਕਰਿ ਬਿਦਤਾਵਤਿ ਥਲ ਸੁਾਮੀ[2]।
ਵਹਿਰ ਮੁਖੀ ਬ੍ਰਿਤਿ ਨਯਨ ਉਘਾਰੇ।
ਮਨਹੁਂ ਕਮਲ ਦਲ ਭੇ ਭੁਨਸਾਰੇ ॥੮॥
ਪਰਮ ਪ੍ਰਸੀਦ ਬਖਾਨਯੋ ਤਿਯ ਸੋਂ।
'ਸਰਬ ਸੰਦੇਹ ਦੂਰ ਕਰਿ ਹਿਯ ਸੋਂ।
ਨਿਸ਼ਚੈ ਇਹੀ ਤੋਰ ਭਰਤਾਰਾ।
ਤੈਂ ਕੀਨਸ ਹਮ ਪਰ ਉਪਕਾਰਾ ॥੯॥
ਚਿਰੰਕਾਲ ਕੇ ਚਾਹਤਿ ਐਸੇ।
ਤੀਰਥ ਪਰਖਨਿ ਹੋਵਹਿ ਕੈਸੇ।
ਸ਼੍ਰੀ ਗੁਰੂ ਰਾਮਦਾਸ ਬਚ ਕਹਿਓ।
-ਕਊਆ ਨਾਇ ਹੰਸ ਜਹਿਂ ਲਹਿਓ ॥੧੦॥
ਸੋ ਸ਼੍ਰੀ ਅੰਮ੍ਰਿਤਸਰ ਜੀ ਜਾਨਹੁਂ।
ਇਮ ਪਰਖਨ ਤਿਸ ਥਲ ਕੋ ਮਾਨਹੁਂ[¶]-।
ਤੁਮ ਬ੍ਰਿਤਾਂਤ ਤੇ ਨਿਸ਼ਚੈ ਭਇਊ।
ਜਗਤ ਨਰਨ ਕੋ ਸੰਸੈ ਗਇਊ ॥੧੧॥

ਸ੍ਰੀ ਮੁਖਵਾਕ[*] :
ਮਹਲਾ ੪ ॥
ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥

ਅਬਿ ਤੁਮ ਨਿਸਾ ਗ੍ਰਾਮ ਮਹਿਂ ਚਲੋ[¶]।
ਭੋਰ ਭਏ ਹਮ ਸੰਗ ਲੇ ਚਲੋ।
ਪਾਵਨਿ ਥਾਨ ਜਨਾਵਨਿ ਕਰੀਅਹਿ।
ਤਰਵਰੁ ਬਦਰੀ ਤਰ ਵਰ ਤਰੀਅਹਿ[3] ॥੧੨॥
ਸਿਮਰਹੁ ਸੱਤਿਨਾਮੁ ਲਿਵ ਲਾਇ।
ਜਨਮ ਮਰਨ ਦੁਖ ਤੇ ਛੁਟਿ ਜਾਇ।'

---

[1]ਮਾਤਾ ਦੇ ਪਿਤਾ ਸ਼੍ਰੀ ਗੁਰੂ (ਅਮਰ ਦੇਵ) ਜੀ ਨੂੰ।
[2](ਆਪਣੀ ਅੰਤਰਯਾਮਤਾ ਛਿਪਾਈ ਰੱਖਕੇ ਇਸ ਵਾਕਿਆ ਦੇ) ਵਸੀਲੇ ਥਲ ਨੂੰ ਪ੍ਰਗਟ ਕਰਦੇ ਹਨ।
[¶]ਇਹ ਚਾਰੇ ਸਤਰਾਂ- 'ਸ਼੍ਰੀ ਗੁਰੂ ਰਾਮਦਾਸ-ਤੋਂ...ਮਾਨਹੁਂ' ਤੱਕ ਸਾਡੇ ਪਾਸ ਦੇ ਲਿਖਤੀ ਨੁਸਖਿਆਂ ਵਿਚ ਨਹੀਂ ਸਨ, ਇਕ ਵਿਚ ਹਾਸ਼ੀਏ ਪਰ ਲਿਖੀਆਂ ਹੈਸਨ, ਪਰੰਤੂ ਛਾਪੇ ਦੇ ਨੁਸਖੇ ਵਿਚ ਹੈਨ।
[*]ਇਹ ਸ੍ਰੀ ਮੁਖਵਾਕ ਬੀ ਲਿਖਤੀ ਨੁਸਖਿਆਂ ਵਿਚ ਨਹੀਂ ਮਿਲਿਆ।
[¶]ਪਾ:-ਮਿਲੋ।
[3]ਸ੍ਰੇਸ਼ਟ ਬ੍ਰਿੱਛਾਂ ਵਿਚੋਂ ਬੇਰੀ ਦੇ ਬ੍ਰਿੱਛ ਹੇਠਾਂ।

ਲੇ ਕਰਿ ਗਏ ਜਾਮਨੀ ਬਸੇ।
ਜਿਨ ਦਰਸ਼ਨ ਤੇ ਬਡ ਅਘ ਨਸੇ ॥੧੩॥
ਦੋਹਰਾ: ਪ੍ਰਾਤਿ ਭਈ ਉਠਿ ਕੈ ਗੁਰੂ, ਕ੍ਰਿਯਾ ਸੌਚ ਕੀ ਕੀਨ।
ਪਿਖਿ ਪ੍ਰਕਾਸ਼ ਚਿਤਵਤਿ ਰਿਦੈ, -ਸਰ ਸਿਰਜਨ ਹਿਤ ਦੀਨ[1]- ॥੧੪॥
ਚੌਪਈ: ਸਿੱਖਯ ਪਠਜੋ ਦੰਪਤਿ[2] ਬੁਲਵਾਏ।
ਤਿਨ ਕੋ ਅਪਨੇ ਕਰਿ ਅਗੁਵਾਏ।
ਲੇ ਕਰਿ ਸੰਗ ਨਰਨਿ ਕੀ ਭੀਰ।
ਗਮਨ ਕੀਨਿ ਸ਼੍ਰੀ ਅਰਜਨ ਧੀਰ ॥੧੫॥
ਕਹਤਿ ਪਰਸਪਰ ਨਰ ਸਮੁਦਾਇ।
'ਭਾ ਅਦਭੁਤ ਦੋਨਹੁਂ ਦ੍ਰਿਸ਼ਟਾਇ[3]।
ਲਾਖਹੁਂ ਬਰਖਨ ਕੋ ਜੁ ਪ੍ਰਬੀਨ।
ਉੱਤਮੁ ਜੋਗੀ ਦਰਸ਼ਨੁ ਕੀਨ ॥੧੬॥
ਅਵਨੀ ਅੰਤਰ ਮਠ ਮਹਿਂ ਬੈਸਾ।
ਅਚਲ ਥਿਰਜੋ ਹੁਇ ਕਾਸ਼ਟ ਜੈਸਾ।
ਲਗੀ ਸਮਾਧਿ ਚਢਾਏ ਪੌਨ।
ਸਮੋਂ ਨ ਜਾਨਹਿ ਬਰਤੈ ਕੌਨ ॥੧੭॥
ਐਸੇ ਪੁਰਖ ਪਿਖੇ ਨਿਸ਼ਪਾਪ।
ਇਹ ਸਭਿ ਸ਼੍ਰੀ ਸਤਿਗੁਰੂ ਪ੍ਰਤਾਪ।
ਅਬਿ ਦੂਸਰ ਅਦਭੁਤ ਕੋ ਦੇਖੋ।
ਜਿਸ ਤੇ ਤਨ ਮਹਿਂ ਕੁਸ਼ਟ ਬਿਸ਼ੇਖੋ ॥੧੮॥
ਕਰਿ ਸ਼ਾਖ਼ਾ[4] ਜਿਸ ਕੀ ਝਰ ਪਰੀ।
ਜਲ ਸ਼ਨਾਨ ਤੇ ਤੈਸੀ ਕਰੀ।
ਤਿਸ ਥਲ ਕੋ ਚਲਿ ਕੈ ਪਿਖਿ ਲੇਹੁ।
ਜਿਹ ਕੋ ਮਹਾਂ ਮਹਾਤਮ ਏਹੁ' ॥੧੯॥
ਇਮ ਕਹਿ ਚਿਤਮਹਿਂ ਚੌਪ ਧਰੰਤੇ।
ਅਦਭੁਤ ਅਵਲੋਕਤਿ[5] ਬਿਸਮੰਤੇ।
ਦੰਪਤਿ ਸਭਿ ਤੇ ਚਲਤਿ ਅਗਾਰੀ।

---

[1]ਕਿ ਤਲਾ ਰਚਣ ਦਾ ਪ੍ਰੇਮ (ਸਾਨੂੰ ਗੁਰੂ ਜੀ ਨੇ) ਦਿੱਤਾ ਹੈ। (ਅ) ਸਰ ਸਿਰਜਣ ਵਾਸਤੇ (ਗੁਰੂ ਜੀ ਨੇ ਆਗਜਾ) ਦਿੱਤੀ ਹੈ।
[2]ਇਸਤ੍ਰੀ ਭਰਤਾ।
[3]ਦੋਵੇਂ (ਗੱਲਾਂ) ਦੇਖਕੇ, (ਜੋਗੀ ਵਾਲੀ ਤੇ ਪਿੰਗਲੇ ਵਾਲੀ)।
[4]ਹੱਥ ਦੀਆਂ ਉਂਗਲੀਆਂ।
[5]ਦੇਖਕੇ।

ਸ਼੍ਰੀ ਅਰਜਨ ਗਮਨੇ ਉਪਕਾਰੀ ॥੨੦॥
ਸੰਗ ਭੀਰ ਨਰ ਕੀ ਸਭਿ ਆਵੈ।
ਸਨੈ ਸਨੈ ਸਗਲੇ ਚਲਿ ਜਾਵੈਂ।
ਅਧਿਕ ਅਨੰਦਤਿ ਉਤਪਲ ਲੋਚਨ।
ਮਹਿਦ ਪ੍ਰਫੁੱਲਤਿ ਸੰਕਟ ਮੋਚਨ ॥੨੧॥
ਨਰ ਨਾਰੀ ਪਰਖਯੋ ਤਬਿ ਥਾਨਿ।
ਦੁਖਭੰਜਨ ਬਦਰੀ ਤਰੁ ਆਨਿ[1]।
ਖਰੇ ਹੋਇ ਕਰਿ ਸੋ ਦਿਖਰਾਈ।
'ਸ਼੍ਰੀ ਗੁਰ! ਜਲ ਜੁਤਿ ਇਹ ਸ਼ੁਭ ਥਾਈਂ ॥੨੨॥
ਇਹਾਂ ਗਈ ਧਰਿ, ਮੱਜਯੋ ਜਲ ਮੈਂ।
ਫਲ ਬਿਸਾਲ ਪ੍ਰਾਪਤਿ ਇਸ ਥਲ ਮੈਂ।'
ਸ਼੍ਰੀ ਗੁਰ ਭਨਯੋ 'ਇਹੀ ਦੁਖਭੰਜਨਿ।
ਜਿਸ ਤੇ ਤੁਮ ਹੋਏ ਮਨ ਰੰਜਨੁ[2] ॥੨੩॥
ਇਸ ਅੰਮ੍ਰਿਤ ਮਹਿਂ ਮੱਜਨੁ ਕੀਨਾ।
ਜਸ ਤੇ ਭਈ ਦੇਹ ਰੁਜ ਹੀਨਾ।
ਦੰਪਤਿ[*] ਭਨਤਿ ਜੋਰ ਕਰ ਦੋਊ।
'ਸ਼੍ਰੀ ਸਤਿਗੁਰ ਜੀ! ਹੈ ਇਹ ਸੋਊ' ॥੨੪॥
ਤਿਨ ਤੇ ਸੁਨਤਿ ਸਥਾਨ ਪ੍ਰਤਾਪ।
ਨਮੋ ਕੀਨ ਕਰ ਜੋਰੇ ਆਪਿ।
ਇਮੁ ਨਿਸ਼ਚੇ ਕਰਿ ਤੀਰਥ ਨੀਕੇ।
ਪੂਰਨ ਭਏ ਮਨੋਰਥ ਜੀ ਕੇ ॥੨੫॥
ਨਰ ਪ੍ਰਾਕ੍ਰਿਤ[3] ਸਮ ਭਏ ਪ੍ਰਸੰਨ।
ਸਦਾ ਸ੍ਰਬੱਗ ਗੁਰੂ ਧੰਨੁ ਧੰਨੁ।
ਨਰ ਸਮੁਦਾਇਨ ਮਹਿਂ ਤਬਿ ਭਨਯੋ।
ਧਰੇ ਚੌਪ ਚਿਤ ਮਹਿਂ ਸਭਿ ਸੁਨਯੋ ॥੨੬॥
'ਸਤਿਗੁਰ ਅਮਰਦਾਸ ਕੀ ਆਇਸੁ[4]।

---

[1]ਆਕੇ।
[2]ਪ੍ਰਸੰਨ।
[*]ਪਾ:-ਇਸ ਦੰਪਤੀ ਨੂੰ ਸਤਿਗੁਰੂ ਜੀ ਨੇ ਮਿਹਰਾਂ ਨਾਲ ਵਰੋਸਾਯਾ ਤੇ ਪੱਟੀ ਦਾ ਰਾਜ ਉਸ ਇਸਤ੍ਰੀ ਦੇ ਪਿਤਾ ਪਾਸੋਂ ਇਨ੍ਹਾਂ ਨੂੰ ਦਿਵਾ ਦਿੱਤਾ ਸੀ, ਜਿਸ ਦਾ ਜ਼ਿਕਰ ਕਵੀ ਜੀ ਅੱਗੇ ਰਾਸ ੭ ਅੰਸੂ ੧੧ ਅੰਕ ੯ ਤੋਂ ੧੨ ਵਿਚ ਆਪ ਕਰਦੇ ਹਨ।
[3]ਮਾਯਾਵੀ ਭਾਵ ਸਧਾਰਨ ਮਨੁੱਖ ਵਾਂਙੂ।
[4]ਆਕੇ।

ਲੇ ਪਿਤ ਹਮਰੇ ਇਹਠਾਂ ਆਇ ਸੁ[3]।
ਪਾਵਨ ਤੀਰਥ ਕੋ ਬਿਦਤਾਵਨਿ।
ਲਾਇ ਬ੍ਰਿੰਦ ਨਰ ਕੀਨਿ ਖਨਾਵਨਿ ॥੨੭॥
ਨਹੀਂ ਸੰਪੂਰਨ ਕਾਰਜਿ ਹੋਵਾ।
ਗੋਇੰਦਵਾਲ ਜਾਇ ਗੁਰ ਜੋਵਾ।
ਪੁਨ ਜਲ ਸੋਂ ਬਹਿ[1] ਮ੍ਰਿਤਕਾ ਪਰੀ।
ਖਨੀ ਥਾਇ ਸੋ ਪੂਰਨ ਕਰੀ[2] ॥੨੮॥
ਚਿੰਨ੍ਹ ਮਾਤ੍ਰ ਇਹੁ ਜਾਨਜੋ ਜਾਇ।
ਰਹੇ ਚਾਹਿ ਇਹੁ ਥਲ ਨਹਿੰ ਪਾਇ[3]।
ਅਬਿ ਸਤਿਗੁਰ ਸਭਿ ਕਾਜ[*] ਸਵਾਰੇ।
ਉੱਦਮ ਕਰਿਹੁ ਸਿੱਖ ਅਨੁਸਾਰੇ[4**] ॥੨੯॥
ਧਨ ਤੇ ਤਨ ਤੇ ਮਨ ਤੇ ਬਚ ਤੇ।
ਤੀਰਥ ਕਾਰ ਕਰਹਿ ਲਹਿੰ ਸਚੁ ਤੇ[5]।
ਜਹਿੰ ਕਹਿੰ ਤੇ ਮਜੂਰ ਚਲਿ ਆਵੈਂ।
ਕਰਹਿੰ ਕਾਰ ਮਿਹਨਤ ਨਿਤ ਪਾਵੈਂ' ॥੩੦॥
ਪੰਚਾਂਮ੍ਰਿਤ ਕਰਿਵਾਇ ਸੁ ਘਨੋ।
ਕਰਿ ਅਰਦਾਸ ਨਾਮ ਗੁਰ ਭਨੋ।
ਨਰ ਸਮੁਦਾਇਨ[6] ਮਹਿੰ ਬਰਤਾਯੋ।
ਕਰਜੋ ਮਹੂਰਤਿ ਬਿਘਨ ਨਸਾਯੋ ॥੩੧॥
ਤੀਖਨ[¶] ਖਨਨੀ ਲੈ ਕਰਿ ਹਾਥ।
ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ।
ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ।
ਲਗੇ ਸੇਵ ਕੋ ਚੌਂਪ ਉਪਾਏ ॥੩੨॥

---

[1]ਰੁੜ੍ਹ ਰੁੜ੍ਹ ਕੇ।
[2]ਪੂਰੀ ਗਈ।
[3]ਲੱਭਾ ਨਹੀਂ ਸੀ।
[*]ਪਾ:-ਕਾਰ।
[4]ਅਨਕੂਲ ਹੋਕੇ।
[**]ਪਾ:-ਗੁਰੂ ਪਿਆਰੇ।
[5]ਉਹ।
[6]ਸਾਰਿਆ।
[¶]ਪਾ:-ਨਿਜਕਰ।

ਕਿਨਹੁਂ ਗਹੀ ਖਨਨੀ ਕਰ ਮਾਂਹੀ।
ਖਨਹਿ ਕਰਹਿਂ ਬਲ ਪ੍ਰੇਮ ਉਮਾਹੀ[¶]।
ਕਿਨਹੁਂ ਟੋਕਰੀ ਸਿਰ ਪਰ ਧਰੀ।
ਬਹੁਤ ਭਾਰਿ ਹਾਥਨਿ ਸੋਂ ਭਰੀ ॥੩੩॥
ਕੇਤਿਕ ਲੈ ਕਰਿ ਵਹਿਰ ਗਿਰਾਵਹਿਂ।
ਕੋ ਕਹਿ ਕਰਿ ਉਤਸਾਹੁ ਵਧਾਵਹਿਂ।
ਅਤਿ ਅਨੰਦਤਾ ਉਰ ਮੈਂ ਹੋਈ।
ਕਾਰ ਤਲਾਵ ਲਗੇ ਸਭਿ ਕੋਈ ॥੩੪॥
ਆਪ ਖਰੇ ਹੁਇ ਸਭਿਨਿ ਮਝਾਰੀ।
ਕਾਰ ਕਰਾਵਹਿਂ ਗੁਰ ਉਪਕਾਰੀ।
ਦੇਖਤਿ ਕਾਰ ਚੌਗੁਨੀ ਹੋਇ।
ਉੱਦਮ ਕਰਹਿਂ ਅਧਿਕ ਸਭਿ ਕੋਇ ॥੩੫॥
ਸਗਰੇ ਦਿਨ ਮਹਿਂ ਕਾਰ ਕਰਾਵਹਿਂ।
ਸੰਧਜਾ ਗ੍ਰਾਮ ਬਿਖੈ ਚਲਿ ਜਾਵਹਿਂ।
ਦੇਗ ਹੋਇ ਗੁਰ ਕੇ ਦਰਬਾਰਾ।
ਛੁਧਿਤਿ ਸਰਬ ਤਹਿਂ ਖਾਇਂ ਅਹਾਰਾ ॥੩੬॥

ਇਕ ਦਿਨ ਗੁਰੁ ਸੰਤੋਖਸਰ ਗਏ।
ਸਿਖ ਗਨ ਸੰਗ ਪਿਖਤਿ ਬਿਗਸਏ।
ਤਟ ਪਰ ਖਰੇ ਹੋਇ ਕਹਿ ਬਾਨੀ।
'ਇਸ ਕੀ ਮਹਿਮਾ ਹੋਇ ਮਹਾਂਨੀ ॥੩੭॥

ਹੁਇ ਸੰਤੋਖਸਰ ਸਾਰਥ[੧] ਨਾਮੂ।
ਸਮਾਂ ਪਾਇ ਬਨਿ ਹੈ ਅਭਿਰਾਮੂ।
ਹੁਇਂ ਚਹੁਂ ਦਿਸ਼ ਪਾਕੋ ਚਹੁਂਕੌਨ।
ਇਸ ਮਹਿਂ ਮੱਜਹਿਂਗੇ ਨਰ ਜੌਨ ॥੩੮॥
ਸੱਤਿਨਾਮੁ ਸਿਮਰਹਿਂ ਗੁਰੁ ਬਾਨੀ।
ਕਿਤਿਕ ਸਮੋਂ ਸੇਵਹਿਂ ਜੇ ਪ੍ਰਾਨੀ।
ਤਿਨ ਕੇ ਉਰ ਉਪਜਹਿ ਸੰਤੋਖ।
ਸਗਰੇ ਤਜਹਿਂ ਕਲੇਸ਼ ਰੁ ਦੋਖ ॥੩੯॥
ਜਥਾ ਲਾਭ ਸੰਤੋਖ ਬਿਸਾਲਾ।
ਅਹੈ ਮੁੱਖ ਜੇ ਸਦ ਗੁਨ ਜਾਲਾ[੧]।

[¶]ਪਾ:-ਉਪਾਹੀ।
[੧]ਸਫਲ।

ਪਾਇਂ ਸਿੱਖ ਸੁਖ ਲਹੈਂ ਸਦੀਵਾ।
ਮਹਾਂ ਮਹਾਂਤਮ ਤੀਰਥ ਥੀਵਾ ॥੪੦॥
ਅਬਿ ਸ੍ਰੀ ਅੰਮ੍ਰਿਤਸਰ ਕੀ ਕਾਰ।
ਗੁਰੁ ਆਗਜਾ ਕੋ ਸਰਿ ਪਰ ਧਾਰਿ।
ਕਰਿਵਾਵਹਿਂ ਪੂਰਬ ਖਨਵਾਇ।
ਪਾਕ ਈਂਟਕਾ ਸੋਂ ਚਿਨਵਾਇ ॥੪੧॥
ਹਰਿਮੰਦਰ ਸੁੰਦਰ ਸਿਰਜੈ ਹੈਂ।
ਗੁਰੁ ਦਰਬਾਰ ਸਦਾ ਜਹਿਂ ਹ੍ਵੈ ਹੈ।'
ਇਮ ਕਹਿ ਸ਼੍ਰੀ ਗੁਰੁ ਕ੍ਰਿਪਾ ਨਿਧਾਨ।
ਚਿਤ ਮਹਿਂ ਚਹਹਿਂ -ਬਨਹਿਂ ਸੌਪਾਨ- ॥੪੨॥
ਨਿਤਿਪ੍ਰਤਿ ਬੈਠਹਿਂ ਤਟ ਪਰ ਜਾਇ।
ਸੰਗਤ ਸਗਰੀ ਸੇਵ ਕਮਾਇ।
ਖਨਿ ਖਨਿ ਮ੍ਰਿਤਕਾ ਵਹਿਰ ਨਿਕਾਰਹਿਂ।
ਧਰਿ ਸ਼ਰਧਾ 'ਗੁਰ ਧੰਨ' ਉਚਾਰਹਿਂ ॥੪੩॥
ਕਵਿਯੋ ਵਾਚ ॥
ਚੌਪਈ: ਕੇਤਿਕ ਸਿਖ ਸਾਖੀ ਇਹੁ ਕਹੈਂ।
ਸ਼੍ਰੀ ਗੁਰ ਰਾਮੁਦਾਸੁ ਤੇ ਲਹੈਂ।
'ਨਿਕਸਜੋ ਜੋਗੀ ਤਿਨਹੁਂ ਹਦੂਰਿ।
ਪਿੰਗਲ ਕੌ ਦੁਖ ਹੋਯਹੁ ਦੂਰ' ॥੪੪॥
ਪ੍ਰਸ਼ਨੋਤਰ ਇਸ ਕੇ ਹਿਤ ਕਰਨੋਂ।
ਸੋ ਮੈਂ ਨਹੀਂ ਗ੍ਰੰਥ ਮਹਿਂ ਬਰਨੋਂ।
ਬਿਨਾ ਖਨੇ ਜਲ ਕੈਸੇ ਤਹਾਂ।
ਇੱਤਜਾਦਿਕ ਤਰਕਨ ਗਨ ਮਹਾਂ ॥੪੫॥
ਜੇ ਗੁਰ ਰਾਮਦਾਸ ਤੇ ਹੋਵਾ।
ਤੌ ਭੀ ਇਸ਼ਟਾਪਤਿ ਹਮ ਜੋਵਾ[2]।
ਮਹਿਮਾ ਸਤਿਗੁਰ ਕੀ ਇਸ ਭਾਂਤਿ।
ਪਠਤਿ ਸੁਨਤਿ ਚਿਤ ਉਪਜਤਿ ਸ਼ਾਂਤਿ ॥੪੬॥
ਗੁਰ ਜਸੁ ਕਰਨਿ ਹਮਾਰੋ ਆਸ਼ੈ।

---

[1]ਸਾਰੇ ਸ਼ੁਭ ਗੁਣਾਂ ਵਿਚੋਂ ਇਹ (ਸੰਤੋਖ) ਮੁੱਖ ਗੁਣ ਹੈ।

[2]ਤਦ ਬੀ ਏਸ ਵਿਚ ਅਸੀਂ 'ਇਸ਼੍ਰ+ਆਪਤੀ' ਦੇਖਦੇ ਹਾਂ, ਭਾਵ ਵਾਦੀ ਦੀ ਸ਼ੰਕਾ ਸਾਡੇ ਅਨਕੂਲ ਹੈ। [ਇਸ਼੍ਰ = ਵਾਂਛਿਤ+ਆਪਤਿ = ਪ੍ਰਾਪਤੀ]

(ਅ) ਭਾਵ, ਤਦ ਬੀ ਸਾਡੀ ਇਖ੍ਯਾ ਪਤੀ ਹੀ ਪ੍ਰਗਟ ਹੈ। ਭਾਵ ਦੁਇ ਗੁਰੂ ਇਕ ਰੂਪ ਹਨ ਸਾਡੇ ਪੂਜਜ ਹਨ।

(ੲ) ਇਸ਼੍ਰਾਪਤੀ = ਅੰਗੀਕਾਰਤਾ।

ਸੂਰਜ ਸਮ ਜਗ* ਮਹਾਂ ਪ੍ਰਕਾਸ਼ੈ।
ਸੰਸੈ ਉਡਗਨ ਭ੍ਰਮ ਤਮ ਨਾਸੀ।
ਬਿਗਸਾਵਤਿ ਸਿਖ ਪੰਕਜ ਰਾਸੀ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਅੰਮ੍ਰਿਤਸਰ ਬਿਦਤਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸੂ ॥੩੯॥

*ਪਾ:-ਜਸੁ।

੪੦. [ਸ੍ਰੋਤਿਆਂ ਨੇ ਪੁਰਾਤਨ ਨਾਮੀ ਸਿੱਖਾਂ ਦੇ ਪ੍ਰਸੰਗ ਪੁੱਛੇ]

੩੯<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੧

ਦੋਹਰਾ: ਸ਼੍ਰੀ ਅੰਮ੍ਰਿਤਸਰ ਕਾਰ ਕੋ,
ਲਗੇ ਮਨੁਖ ਸਮੁਦਾਇ।
ਸਦਾਬਰਤ[੧] ਸ਼੍ਰੀ ਗੁਰ ਕਰਯੋ,
ਕਰਹਿਂ ਕਾਮਨਾ ਪਾਇ[੨] ॥੧॥

ਚੌਪਈ: ਕੋ ਨਿਜ ਢਿਗ ਤੇ ਕਰਹਿ ਅਹਾਰਾ।
ਨਿਸ ਦਿਨ ਕਰਹਿ ਤਾਲ ਕੀ ਕਾਰਾ।
ਜਿਤ ਦਿਸ਼ੁ ਅਧਿਕ ਖੁਨਾਵਨਿ ਚਾਹੈਂ।
ਤਿਤ ਸ਼੍ਰੀ ਅਰਜਨ ਪਦ ਕਰਿ ਜਾਹੈਂ[੩] ॥੨॥
ਫਰਸ਼ ਹੋਹਿ ਬੈਠਹਿਂ ਗੁਰ ਗਾਦੀ।
ਕਰਹਿਂ ਦਾਸ ਕ੍ਰਿਤ ਹੀਨ ਪ੍ਰਮਾਦੀ[੪]।
ਗੁਰ ਦਰਸ਼ਨ ਦਰਸਹਿਂ ਦਿਨੁ ਸਾਰੇ।
ਧਰਹਿਂ ਅਨੰਦ ਹੁਇ ਦੁਗਨੀ ਕਾਰੇ ॥੩॥
ਦੁਖਭੰਜਨਿ ਢਿਗ ਥਰਾ[*] ਕਰਾਵਹਿਂ।
ਤਹਿਂ ਗੁਰ ਬੈਠਹਿਂ ਕਾਰ ਕਰਾਵਹਿਂ।
ਜਬਿ ਇਸ ਦਿਸ਼ ਤੇ ਖਨਯੋ ਮਹਾਂਨਾ।
ਅਪਰ ਥਾਨ ਬੈਠਨ ਕੋ ਠਾਨਾ ॥੪॥
ਦ੍ਵਾਰ ਦਰਸ਼ਨੀ ਜਿਸ ਥਲ ਕਰਯੋ।
ਦੱਖਨ ਦਿਸ਼ ਬੱਦਰੀ ਤਰੁ ਖਰਯੋ[+]।
ਤਹਾਂ ਜਾਇ ਬੈਠਹਿਂ ਗੁਰ ਪੂਰਨ।
ਮ੍ਰਿਤਕਾ ਖਨਹਿਂ ਨਿਕਾਸਹਿਂ ਤੂਰਨਿ ॥੫॥
ਜਿਨਹੁਂ ਨਰਹੁਂ ਬਰ ਬਡਿਭਾਗੇ।
ਰਹਿ ਹਜ਼ੂਰ ਸਰ ਸੇਵਾ ਲਾਗੇ।
ਸੱਤਿਨਾਮ ਕੋ ਸਿਮਰਨਿ ਕਰੈਂ।

---

[੧]ਲੰਗਰ।

[੨](ਜੋ ਮਨੁੱਖ ਸੇਵਾ) ਕਰਦੇ ਹਨ, ਸੋ (ਆਪਣੀ) ਕਾਮਨਾ ਪ੍ਰਾਪਤ ਕਰਦੇ ਹਨ।

[੩]ਚਰਣੀ ਤੁਰਕੇ (ਅ) ਨਿਸ਼ਾਨੀ ਕਰਦੇ ਜਾਣ।

[੪]ਕਾਰ ਕਰਨ ਸਾਵਧਾਨਤਾ ਨਾਲ।

[*]ਇਹ ਥੜ੍ਹਾ ਅਠਸਠ ਤੀਰਥ ਤੇ ਦੁਖਭੰਜਨੀ ਦੇ ਵਿਚਕਾਰ ਹੈਸੀ, ਜੋ ਅਕਾਲੀ ਅੰਦੋਲਨ ਵਿਚ ਢਾਹਕੇ ਪੌਣਾ ਬਣਾਇਆ ਗਿਆ, ਪਰ ਨਿਸ਼ਾਨ ਵਾਲੀ ਬੁਰਜੀ ਖੜੀ ਰਹੀ। ਸੰਗਤਾਂ ਦੀ ਸਖਤ ਨਾਰਾਜ਼ਗੀ ਕਰਕੇ ਸੰਃ ੪੫੯-੬੦ ਨਾਃ ਸਾਃ ਵਿਚ ਪੌਣਾ ਪੂਰਕੇ ਫੇਰ ਥੜ੍ਹਾ ਸਾਹਿਬ ਬਣਾਯਾ ਗਿਆ ਹੈ ਤੇ ਉਤੇ ਸੰਗਮਰਮਰ ਦੀ ਮੰਜੀ ਸਾਹਿਬ ਨਿਸ਼ਾਨ ਵਾਲੇ ਥਾਂ ਰਚੀ ਗਈ ਹੈ।

[+]ਇਸ ਨੂੰ ਲਾਚੀ ਬੇਰ ਕਹਿੰਦੇ ਹਨ। ਇਥੇ ਗੁਰਦੁਆਰਾ ਹੈ।

ਖਨਹਿਂ ਟੋਕਰੀ ਸਿਰ ਪਰ ਧਰੈਂ ॥੬॥
ਉੱਤਰ ਦਿਸ਼ ਤਲਾਵ ਕੋ ਤੀਰ[¶]।
ਭਾਈ ਸਾਹਿਬ ਬੁੱਢਾ ਧੀਰ।
ਕਰਹਿਂ ਕਰਾਵਹਿਂ ਕਾਰ ਬਿਸਾਲਾ।
ਖਨਹਿਂ ਨਿਕਾਸਹਿਂ ਫਿਰਹਿਂ ਉਤਾਲਾ ॥੭॥
ਦੇਸ਼ ਬਿਦੇਸ਼ਨ ਕਿਤਿਕ ਮਸੰਦ।
ਜਹਿਂ ਧਰਮਸਾਲ ਮਿਲਹਿਂ ਸਿਖ ਬ੍ਰਿੰਦ।
ਦੂਰ ਦੇਸ਼, ਕੈ ਨੇਰੇ ਹੋਇ।
ਤੀਰਥ ਕਾਰ ਕਰਹਿ ਸਭਿ ਕੋਇ[1] ॥੮॥
ਸਤਿਗੁਰ ਕੀ ਪ੍ਰਸੰਨਤਾ ਅਤਿ ਹ੍ਵੈ।
ਚਾਰ ਪਦਾਰਥ ਤਿਸੁ ਕਰ ਗਤਿ ਹ੍ਵੈ[2]।
ਗੁਰੁ ਸ਼ਰਧਾ ਉਰ ਧਾਰਹਿ ਜੋਇ।
ਸੋ ਸਭਿ ਆਇ ਪ੍ਰਾਪਤੀ ਹੋਇ[3] ॥੯॥
ਇਮ ਸੁਨਿ ਕੈ ਸਤਿਗੁਰ ਕੀ ਬਾਨੀ।
ਲਿਖੇ ਹੁਕਮਨਾਮੇ ਸਭਿ ਥਾਨੀ।
ਜਹਿਂ ਕਹਿਂ ਸਿੱਖ ਸ਼ੀਘ੍ਰ ਹੀ ਧਾਏ।
ਸ਼੍ਰੀ ਗੁਰ ਕੋ ਫੁਰਮਾਨ ਸੁਨਾਏ ॥੧੦॥
ਅਧਿਕ ਖੁਸ਼ੀ ਗੁਰੁ ਹ੍ਵੈ ਸੁਨਿ ਬਾਤ।
ਸਿੱਖਜ ਭਏ ਸਭਿ ਹਰਖਤਿ ਗਾਤ[4]।
ਬਸਤ੍ਰ ਦਰਬ ਲੇ ਲੇ ਉਪਹਾਰੋ।
ਆਏ ਜਿਤ ਕਿਤ ਤੇ ਸੁ ਹਜ਼ਾਰੋਂ ॥੧੧॥
ਹੋਇ ਤ੍ਰਿਹਾਵਲ ਸਭਿ ਕੋ ਦੇਤਿ।
ਭਾਉ ਭੂਰ ਕਰਿ ਸਿਖ ਗਨ ਲੇਤਿ।
ਸੰਗਤਿ ਕੋ ਦਰਸ਼ਨ ਸਭਿ ਕਾਲ।
ਦੇਤਿ ਰਹੈਂ ਬਹੁ ਕਰੈਂ ਨਿਹਾਲ ॥੧੨॥
ਕਿਹ ਸੁਤਿ ਦੇਤਿ, ਦਰਬੁ ਕਿਸਿ ਦੇਤਿ।
ਕਿਸ ਕੇ ਹ੍ਵੈਂ ਗਨ ਪਸੂ ਨਿਕੇਤਿ।
ਕਿਹ ਕੋ ਦੁਖ ਕਾਟਹਿਂ ਤਨ ਰੋਗ।

[¶]ਹੁਣ ਤਕ ਭਾਈ ਬੁੱਢੇ ਜੀ ਦੀ ਬੇਰ ਕਹਿਲਾਂਦੀ ਹੈ ਘੰਟੇ ਘਰ ਦੀਆਂ ਪੌੜੀਆਂ ਦੇ ਮੁਹਰੇ ਹੈ।
[1]ਸਭ ਕੋਈ ਆਕੇ ਕਰੇ।
[2]ਹੱਥ ਵਿਚ ਪ੍ਰਾਪਤ ਹੋਣਗੇ।
[3]ਹੋਵੇਗੀ।
[4]ਭਾਵ, ਪ੍ਰਸੰਨ ਚਿੱਤ।

ਦੇਂ ਕਿਸ ਕੋ ਸਭਿ ਜਗ ਕੇ ਭੋਗ ॥੧੩॥
ਕਿਹ ਵੈਰਾਗ, ਨਾਮ ਕਿਸ ਦੇਈਂ।
ਕਿਸਿ ਕੇ ਉਰ ਬਿਕਾਰ ਹਰਿ ਲੇਈਂ।
ਸ਼ਾਂਤਿ ਦਾਤਿ[1], ਕਿਸਿ ਧੀਰਜ ਖਿਮਾ।
ਦਯਾ ਸੰਤੋਸ਼ ਦਯੋ ਕਿਸ ਜਮਾਂ[2] ॥੧੪॥
ਭਾਉ ਭਗਤਿ ਸਿਮਰਨਿ ਸਤਿਨਾਮੂ।
ਨ੍ਹਾਨ, ਦਾਨ, ਸੁਚਿ, ਸੰਜਮ[3] ਸਾਮੂ[4]।
ਬ੍ਰਹਮ ਗਜ਼ਾਨ, ਕਿਸਿ ਕੇ ਉਰ ਦੇਤਿ।
ਕਿਸ ਹੰਤਾ ਮਮਤਾ ਹਰਿ ਲੇਤਿ ॥੧੫॥
ਦੋਨਹੁਂ ਲੋਕਨ ਕੋ ਸੁਖ ਕਾਹੂੰ।
ਪ੍ਰੇਮਾਭਗਤਿ ਦੇਤਿ ਮਨ ਮਾਂਹੂ।
ਮਹਾ ਪ੍ਰੀਤਿ ਜਾਗੀ ਸਿਖ ਗਨ ਮੈਂ।
ਕਰਹਿਂ ਕਾਰ ਲਾਹਾ ਲਖਿ ਮਨ ਮੈਂ ॥੧੬॥
ਦੋਹਰਾ: ਇਮ ਉਦਾਰ ਤਰ ਆਤਮਾ[5][*], ਨਰ ਗਨ ਕੀਨਿ ਨਿਹਾਲ।
ਫੂਲੀ ਕੀਰਤਿ ਮਾਲਤੀ[6], ਘਰਿ ਘਰਿ ਬਿਖੈ ਬਿਸਾਲ ॥੧੭॥
ਚੌਪਈ: ਜਿਸ ਕੇ ਹੋਇ ਕਾਮਨਾ ਆਵੈ।
ਤੀਰਥ ਕਾਰ ਕਰਹਿ ਚਿਤ ਲਾਵੈ।
ਕੇਤਿਕ ਸਿੱਖਜਨ ਕੇ ਇਹੁ ਨਾਮੂ।
ਬਰਨਨ ਕਰੌਂ ਸੁਨਹੁਂ ਅਭਿਰਾਮੂ ॥੧੮॥
ਭਾਈ ਬੁੱਢਾ ਜੁਤਿ ਪਰਵਾਰੁ।
ਸੁਤ ਪੌਤ੍ਰਾਦਿ ਸਹਤ ਕਰਿ ਕਾਰ।
ਸਿਖ ਭਾਈ ਭਗਤੂ ਗੁਨ ਧਾਮੂ।
ਕਰਹਿ ਕਾਰ ਸਿਮਰਹਿਂ ਸਤਿਨਾਮੂ ॥੧੯॥
ਮੰਞ, ਪਿਰਾਣਾ ਸਿੱਖੀ ਪੋਤਾ[7]।
ਕਰਹਿ ਕਾਰ ਉਰ ਅਨੰਦ ਉਦੋਤਾ।

---

[1]ਸ਼ਾਂਤੀ ਦੀ ਦਾਤ।
[2]ਯਮ (ਯੋਗ ਦਾ ਇਕ ਅੰਗ ਹੈ, ਭਾਵ) ਇਖਲਾਕੀ (ਅ) ਬਹੁਤਾ [ਮਾਲਵੇ ਦਾ ਮੁਹਾਵਰਾ ਹੈ]
[3]ਇੰਦ੍ਰੀਆਂ ਦਾ ਰੋਕਣਾ।
[4]ਸਾਮਤਾ, ਸਮਤਾ, ਸ਼ਰਣ।
[5]ਤਰ ਉਦਾਰਾਤਮਾ = ਵਡੇ ਭਾਰੇ ਸਖੀ।
[*]ਪਾ:-ਇਮ ਉਦਾਰ ਆਤਮ ਗੁਰੂ।
[6]ਮਾਲਤੀ (ਦੇ ਫੁੱਲ ਵਰਗੀ ਉੱਜਲ) ਕੀਰਤੀ।
[7]ਸਿੱਖੀ ਦਾ ਜਹਾਜ।

ਭਾਉ ਭਗਤਿ ਕੋ ਭੌਨ ਹੁਲਾਸ[੧]।
ਕਰਹਿ ਕਾਰ ਭਾਈ ਗੁਰਦਾਸ ॥੨੦॥
ਦੋਹਰਾ: ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਨਾਮੁ।
ਬਾਲਾ, ਸੁਘੜ[+] ਤਿਲੋਕ ਹੈ, ਸਾਮੁੰਦਾ ਗੁਨ ਧਾਮ ॥੨੧॥
ਬੂਲਾ ਚੰਡੀ, ਤੁਲਸੀਆ, ਭਾਗੀਰਥ, ਕੱਲਜਾਨੁ।
ਲਾਲੂ, ਬਾਲੂ, ਹਰੀਜਨ, ਗੋਖੂ, ਟੋਡ, ਮਹਾਂਨ ॥੨੨॥
ਝੰਝ[੧] ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਜਾਨੁ।
ਬਾਲਾ ਮਰਵਾਹਾ ਅਪਰ ਜੋਧਾ ਧੁੱਟਾ ਆਨ ॥੨੩॥
ਇਤਯਾਦਿਕ ਕੇਤੇ ਗਿਨਹਿਂ ਸਿੱਖਯ ਲਗੇ ਸਭਿ ਕਾਰ।
ਗਨ ਮਸੰਦ ਸਭਿ ਦੇਸ਼ ਤੇ ਸੰਗਤਿ ਲਯਾਇਂ ਹਜ਼ਾਰ ॥੨੪॥
ਚੌਪਈ: ਦਿਨ ਪ੍ਰਤਿ ਗਨ ਮਸੰਦ ਹਰਿਖਾਵੈਂ।
ਨਈ ਨਈ ਸੰਗਤ ਨਿਤ ਆਵੈ।
ਪਰਬ ਬਿਸਾਖੀ ਆਦਿਕ ਜੇਯ।
ਮੇਲਾ ਮਹਾਂ ਉਪਾਇਨ ਦੇਯ ॥੨੫॥
ਸੋ ਸਗਰੇ ਸਰ ਕੀ ਕਰਿ ਕਾਰ।
ਬਹੁਰ ਜਾਇਂ ਨਿਜ ਗ੍ਰੇਹ ਮਝਾਰ।
ਕੋ ਇਕ ਦਿਨ, ਕੋ ਦ੍ਵੈ ਦਿਨ ਕਰੈ।
ਕੋ ਤ੍ਰੈ ਦਿਨ ਰਹਿ ਕੈ ਹਿਤ ਧਰੈ ॥੨੬॥
ਕੋ ਦਸ ਦਿਨ, ਕੋ ਪੱਖਯ[੨] ਰਹਤਿ ਹੈ।
ਕਾਰ ਕਰਹਿ ਬਡ ਲਾਭ ਲਹਤਿ ਹੈ।
ਕੋ ਇਕ ਮਾਸ, ਮਾਸ ਦੁਇ ਰਹੈ।
ਕੋ ਤ੍ਰੈ ਮਾਸ, ਖਸ਼ਟ[੩] ਫਲ ਲਹੈ ॥੨੭॥
ਜਿਸ ਕੋ ਹੋਹਿ ਕਾਮਨਾ ਆਵੈ।
ਤੀਰਥ ਕਾਰ ਕਰੈ ਚਿਤ ਲਾਵੈ।
ਸੋ ਅਪਨੀ ਪੂਰਨ ਕਰ ਲੇਤਿ।
ਸਦਾ ਬਰਤ ਕੀਨਸਿ[੪], ਗੁਰ ਦੇਤਿ ॥੨੮॥
ਖਨਹਿਂ ਮ੍ਰਿੱਤਕਾ ਵਹਿਰ ਗਿਰੰਤੇ।

---

[੧]ਪ੍ਰੇਮਾਭਗਤੀ ਤੇ ਆਨੰਦ ਦਾ ਘਰ (ਯਾ ਹੁਲਾਸ ਨਾਲ)।
[+]ਭਾਈ ਮਨੀ ਸਿੰਘ ਜੀ ਨੇ ਗਿਆਰ੍ਹਵੀਂ ਵਾਰ ਦੀ ਟੀਕਾ ਵਿਚ ਤਿਲੋਕੇ ਦੀ ਜਾਤ ਸੁਹੜ ਲਿਖੀ ਹੈ।
[੧]ਭਾਵ ਝਾਙੂ।
[੨]੧੫ ਦਿਨ।
[੩]ਛੇ (ਮਹੀਨੇ)।
[੪]ਭਾਵ ਕਾਮਨਾ ਪੂਰਨ ਕਰਨ ਦਾ ਸਦਾ ਵਰਤ ਲਾ ਦਿੱਤਾ ਸੀ।

ਕਰਾਮਾਤ ਤੇ ਆਦਿ ਲਹੰਤੇ।
ਨਿਧਿ ਸਿਧਿ ਜੇ, ਸਮੂਹ ਰਿਧਿ ਜੇਤੀ।
ਪ੍ਰਾਪਤਿ ਹੋਤਿ ਕਾਮਨਾ ਤੇਤੀ* ॥੨੯॥
ਕੇਤਿਕ ਸਿੱਖ ਆਪ ਤੇ ਆਏ।
ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਯੋਂ ਜਯੋਂ।
ਸੁਨਿ ਸੁਨਿ ਜਸੁ ਆਵਤਿ ਨਰ ਤਯੋਂ ਤਯੋਂ ॥੩੦॥
'ਹੋਤਿ ਹਜ਼ਾਰਨਿ ਕੋ ਕੱਲਜਾਨ।
ਸਤਿਗੁਰ ਬਡ ਉਦਾਰ ਦੇਂ ਦਾਨ।'
ਪਾਇ ਕਾਮਨਾ ਇਕ ਨਰ ਜਾਵੈ।
ਜਹਿਂ ਕਹਿਂ ਕੀਰਤਿ ਕਰਤਿ ਸੁਨਾਵੈ ॥੩੧॥
ਸੁਨਿ ਕੈ ਅਪਰ ਚੌਂਪ ਬਡ ਧਰੈਂ।
ਪਹੁੰਚਿ ਗੁਰੂ ਢਿਗ ਸੇਵਾ ਕਰੈਂ।
ਅਪਨੀ ਆਇ ਪੁਰਹਿਂ ਅਭਿਲਾਖਾ।
ਸਿਮਰਨ ਕਰੈਂ ਪ੍ਰੇਮ ਉਰ ਰਾਖਾ ॥੩੨॥
ਸ਼੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸੁ।
ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼।
ਸਿੱਖਜਨ ਗਨ ਕੇ ਸੁਨਿ ਕਰਿ ਨਾਮੁ।
ਜਿਨ ਕਉ ਪ੍ਰਾਪਤਿ ਉੱਤਮ ਧਾਮੁ ॥੩੩॥
'ਗਜਾਨਵਾਨ ਪੂਰਨ ਪਦੁ ਪਾਯੋ।
ਜਿਨ ਸਿੱਖਨ ਸਤਿਗੁਰੂ ਰਿਝਾਯੋ।
ਤਿਨ ਕੀ ਕਰਹੁ ਬਾਰਤਾ ਸਾਰੀ।
ਜੇ ਜੇ ਭਏ ਪਰਮ ਉਪਕਾਰੀ ॥੩੪॥
ਜੇ ਜੇ ਨਾਮੀ ਸਿੱਖਜ ਸੁਜਾਨੇ।
ਤਿਨ ਕੇ ਕਹੋ ਪ੍ਰਸੰਗ ਮਹਾਂਨੇ।
ਜਿਸ ਪ੍ਰਕਾਰ ਸੇਵਾ ਗੁਰ ਕੀਨਸਿ।
ਮਿਲਿ ਕਰਿ ਜਥਾ ਪਰਮ ਪਦੁ ਲੀਨਸਿ ॥੩੫॥
ਸੋ ਸਭਿ ਕਹੌ ਕਥਾ ਰਮਣੀਕਾ।
ਸੁਨਤਿ ਪ੍ਰੀਤ ਤੇ ਜਿਮ ਹੁਇੰ ਨੀਕਾ[1]।'
ਸ਼੍ਰੋਤਨਿ ਕੇ ਸੁਨਿ ਕੈ ਸਭਿ ਬੈਨ।

*ਪਾ:-ਜੇਤੀ। ਜੇਤੀ।
[1]ਜਿਸ ਦੇ ਪ੍ਰੀਤ ਨਾਲ ਸੁਣਨ ਕਰਕੇ (ਸਾਡਾ) ਭਲਾ ਹੋਵੇ।

ਬਕਤਾ ਭਯੋ ਪ੍ਰਫੁੱਲਜਤਿ ਨੈਨ ॥੩੬॥
'ਨਿਸ਼ਚੈ ਪ੍ਰੇਮ ਲਖਜੋ ਤੁਮ ਸਾਚੋ।
ਚਿਤ ਰਾਚੋਹਿਤ ਸੁਨਨਿ ਉਬਾਚੋ[1]।
ਯਾਂ ਤੇ ਮੈਂ ਬਰਨੌਂ ਸਭਿ ਕਥਾ।
ਸਿੱਖਜਨ ਗਨ ਪ੍ਰਸੰਗ ਹੈਂ ਜਥਾ ॥੩੭॥
ਜਿਸ ਕੇ ਸੁਨਤਿ ਪਾਪ ਬਿਨਸਾਵੈਂ।
ਸ੍ਰੋਤਾ ਮਹਾਂ ਪੁੰਨ ਕੋ ਪਾਵੈਂ।
ਸੋ ਸਭਿ ਸੁਨਹੁਂ ਰੁਚਿਰ, ਬਡਿ ਭਾਗੋ।
ਜਿਸ ਤੇ ਗੁਰੁ ਪਗ ਸੋਂ ਅਨੁਰਾਗੋ ॥੩੮॥
ਕਰਿ ਕਰਿ ਪ੍ਰੇਮ ਸੇਵ ਜਿਨ ਕੀਨੀ।
ਮਹਿਮਾ ਸਤਿਗੁਰੁ ਕੀ ਬਡਿ ਚੀਨੀ।
ਬ੍ਰਹਮ ਗਜਾਨ ਕੋ ਪਾਇ ਬਿਸਾਲਾ।
ਜਨਮ ਮਰਨ ਹਤਿ ਕਸ਼ਟ ਕਰਾਲਾ ॥੩੯॥
ਬ੍ਰਿੱਧ ਮਿਲਜੋ ਸ੍ਰੀ ਨਾਨਕ ਸਾਥ।
ਪੂਰਬ ਕਹਿ ਆਏ ਇਹੁ ਗਾਥ।
ਅਬਿ ਭਗਤੂ ਜਿਮਿ ਘਾਲੀ ਘਾਲਿ।
ਭਯੋ ਜਨਮ ਜਿਮ ਗੁਰ ਬਚ ਨਾਲ ॥੪੦॥
ਸੋ ਮੈਂ ਕਹੌਂ ਸੁਨੋ ਬਿਰਤੰਤ।
ਜਿਸ ਮਹਿਂ ਮਹਿਮਾ ਗੁਰ ਭਗਵੰਤ।
ਪੁਨਾ ਅਪਰ ਸਿੱਖਨ ਕੀ ਕਹੌਂ।
ਜਿਸ ਪ੍ਰਕਾਰ ਸੁਨਿ ਕਰਿ ਉਰ ਲਹੌਂ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰਾਸੇ 'ਸ਼੍ਰੀ ਅੰਮ੍ਰਿਤਸਰ' ਪ੍ਰਸੰਗ ਬਰਨਨੰ ਨਾਮ ਚੱਤ੍ਵਾਤ੍ਰਿੰਸਤੀ ਅੰਸੂ ॥੪੦॥

[1]ਚਿਤ ਦੀ ਰੁਚੀ ਨਾਲ ਸੁਣਨ ਵਾਸਤੇ ਤੁਸਾਂ ਕਿਹਾ ਹੈ।

੪੧. [ਭਾਈ ਭਗਤੂ ਜੀ ਦੀ ਜਨਮ ਕਥਾ]

੪੦<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੨

ਦੋਹਰਾ: ਸਿੱਧੂ ਕੁਲ ਮਹਿਂ ਜਾਟ ਇਕ, ਭੁੱਲਰੀਏ ਸ਼ੁਭ ਗੋਤਿ।
 'ਆਦਮ' ਜਿਸ ਕੋ ਨਾਮ ਹੈ, ਘਰ ਸੰਤਤਿ ਨਹਿਂ ਹੋਤਿ ॥੧॥

ਸੈਯਾ: *ਆਦਮ ਨਾਮ ਭਯੋ ਤਿਸਿ ਬੰਸ ਮੈਂ,
ਕਾਰ ਕਰੈ ਕ੍ਰਿਸ਼ਿ[1] ਭਾਗ ਬਿਲੰਦਾ[2]।
ਨੰਦਨ ਹੋਵਨਿ ਕੋ ਬਿਤਵੈ ਬਹੁ,
ਕਾਲ ਬਿਤਾਵਹਿ ਚਿੰਤ ਅਮੰਦਾ[3]।
ਬੀਤ ਗਏ ਬਹੁ ਸੰਮਤ ਯਾ ਬਿਧਿ,
ਸੰਤਤਿ ਨਾਂਹਿ ਭਈ ਸੁਖਕੰਦਾ।
ਪੀਰ ਬਿਸਾਲ ਫਕੀਰਨ ਜਾਲ,
ਰਹਯੋ ਸਭਿ ਸੇਵਤਿ ਭਾਵ ਸੁਂ[4] ਬ੍ਰਿੰਦਾ ॥੨॥

ਚੌਪਈ: ਸੇਵਾ ਕਰਤਿ ਰਹਯੋ ਚਿਰਕਾਲਾ।
ਸੰਤਤਿ ਕੀ ਅਭਿਲਾਖ ਬਿਸਾਲਾ।
ਕਿਹ ਤੇ ਪ੍ਰਾਪਤਿ ਭਈ ਸੁ ਨਾਂਹੀ।
ਚਿੰਤਾ ਚਿਤਵਤਿ ਬਹੁ ਚਿਤ ਮਾਂਹੀ ॥੩॥
ਕੋ ਇਕ ਮਿਲਯੋ ਸਿੱਖ ਜਬਿ ਗੁਰੁ ਕੋ।
ਤਿਹ ਸੋਂ ਕਹਯੋ ਮਨੋਰਥ ਉਰ ਕੋ।
'ਨੀਕੇ ਕੀਨੇ ਅਨਿਕ ਉਪਾਇ।
ਪ੍ਰਾਪਤਿ ਪੁੱਤ੍ਰ ਨ ਮੁਝ ਕਿਸ ਥਾਇਂ' ॥੪॥
ਸੁਨਿ ਕੈ ਸਿੱਖ ਕੀਨਿ ਉਪਦੇਸ਼।
'ਮਾਨਹੁਂ ਮੇਰੋ ਕਹਯੋ ਅਸ਼ੇਸ਼[5]।
ਸ਼੍ਰੀ ਨਾਨਕ ਭੇ ਜਗ ਅਵਤਾਰ।
ਨਿਰੰਕਾਰ ਕੇ ਬਨੇ ਅਕਾਰ ॥੫॥
ਤਿਨਿ ਪੀਛੈ ਗੁਰੁ ਅੰਗਦ ਭਯੋ।
ਅਮਰਦਾਸ ਪੁਨ ਤਿਸਿ ਥਲ ਥਿਯੋ।

---

* ਇਹ ਕੈਂਥਲ ਕੁਲ ਦਾ ਪ੍ਰਸੰਗ ਹੈ। ਇਹੋ ਪ੍ਰਸੰਗ ਕਵਿ ਉਲਥਿਤ ਰਾਸੈਣ ਦੇ ਲੰਕਾਂ ਕਾਂਡ ਸਰਗ ੧੩੦-੩੧ ਵਿਚ ਹੈ। ਥੋੜੇ ਪਾਠ ਭੇਦ ਤੋਂ ਛੁਟ ਇਹ ਉਥੋਂ ਦਾ ਉਤਾਰਾ ਹੈ। ਉਹ ਰਚਨਾ ੧੮੯੧ ਦੀ ਹੈ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ ਸਿਰਲੇਖ ਬਾ: ਰਾਸੈਣ।

[1]ਖੇਤੀ ਦੀ।

[2]ਬੜੇ ਭਾਗਾਂ ਵਾਲਾ।

[3]ਅਮੰਦ = ਨਾ+ਮੰਦ = ਭਾਵ ਤੀਬਰ ਚਿੰਤਾ ਵਿਚ।

[4]ਪਿਆਰ ਨਾਲ।

[5]ਪੂਰੀ ਤਰ੍ਹਾਂ।

ਤੀਨੋ ਪਾਤਿਸ਼ਾਹੁ ਤੇ ਪਾਛੇ।
ਚਤੁਰਥ ਗੁਰੂ ਭਏ ਅਬਿ ਆਛੇ ॥੬॥
ਸਤਿਗੁਰੁ ਰਾਮਦਾਸ ਜਿਨ ਨਾਮ।
ਪੂਰਨ ਕਰਹਿਂ ਸੰਪੂਰਨ ਕਾਮ।
ਕਰਿ ਸੇਵਾ ਤਿਨ ਕੀ ਅਬਿ ਜਾਇ।
ਪੁੱਤ੍ਰ ਕਾਮਨਾ ਤਹਿਂ ਤੇ ਪਾਇਂ' ॥੭॥
ਆਦਮ ਜਾਟ ਬਾਤ ਸਿਖ ਸੁਨਿ ਕੈ।
ਬ੍ਰਿੱਧ ਅਵਸਥਾ ਅਪਨੀ ਗੁਨਿ ਕੈ।
-ਸ਼ੁਸ਼ਕ[1] ਬ੍ਰਿੱਖ ਕੇ ਫਲ ਹੁਇ ਕੈਸੇ-।
ਸੰਸੈ ਹੋਤਿ ਬਿਚਾਰਤਿ ਐਸੇ ॥੮॥
ਚਿਤਵਤਿ ਚਿੰਤ[*] ਪੁਨਹਿ ਚਿਤ ਠਾਨੀ।
-ਜੇ ਕਰਿਹੌਂ ਗੁਰ ਸੇਵ ਮਹਾਂਨੀ।
ਹੋਇ ਜਿ ਨਹੀਂ ਪੁੱਤ੍ਰ ਅਬਿ ਮੇਰੇ।
ਪਾਵੌਂ ਗਤਿ ਪਰਲੋਕ ਅਛੇਰੇ- ॥੯॥
ਇਮਿ ਮਨ ਠਾਨਿ ਸੰਗ ਲੈ ਦਾਰਾ।
ਗੁਰ ਕੀ ਸੇਵਾ ਹੇਤ ਪਧਾਰਾ।
ਕਰੀ ਦੂਰਿ ਤੇ ਬੰਦਨ ਜਾਇ।
ਸੰਗਤਿ ਬਿਖੈ ਰਹਯੋ ਕਰਿ ਥਾਇਂ[2] ॥੧੦॥
ਕਾਸ਼ਟ ਸ਼ੁਸ਼ਕ ਭਾਰ ਦੁਇ ਆਨੈ।
ਇਕ ਤੋ ਰਾਖੇ ਅਪਨਿ ਠਿਕਾਨੈ।
ਦੇਗ ਗੁਰੂ ਕੀ ਹੋਵਤਿ ਜਹਿਂਵਾ।
ਦੂਸਰਿ ਭਾਰ ਦੇਤਿ ਭਾ ਤਹਿਂਵਾ ॥੧੧॥
ਅਪਨਿ ਪਾਸ ਤੇ ਕਰਤਿ ਅਹਾਰੁ।
ਇਸ ਪ੍ਰਕਾਰ ਗੁਰੁ ਕੀ ਕਰਿ ਕਾਰ।
ਖਸ਼ਟ ਮਾਸ ਤਹਿਂ ਰਹਤਿ ਬਿਤਾਏ।
ਸੇਵਹਿ ਸਤਿਗੁਰੁ ਹਿਤ ਚਿਤ ਲਾਏ ॥੧੨॥
ਏਕ ਸਮੈ ਗੁਰੁ ਵਹਿਰ ਸਿਧਾਏ।
ਕਿਤਿਕ ਦਯੋਸ ਬੀਤੇ ਪੁਨਿ ਆਏ।
ਤਬਿ ਹੀ ਹੁਤੋ ਸੀਤ ਕੋ ਕਾਲ।

---

[1]ਸੁੱਕੇ।
[*]ਪਾ:-ਦਿੱਤ।
[2]ਟਿਕਾਣਾ ਕਰਕੇ।

ਅਰੁ ਬਰਖਾ ਭਈ ਤਹਾਂ ਬਿਸਾਲ ॥੧੩॥
ਦੋਹਰਾ: ਸੰਗਤਿ ਗੁਰੁ ਕੇ ਸੰਗਿ ਤਬਿ, ਹੁਤੀ ਬਹੁਤ ਤਹਿਂ ਆਇ।
ਭਯੋ ਸੀਤ ਸਭਿਹੂੰਨ ਕੋ, ਸਿੱਖ ਮਿਲੇ ਸਮੁਦਾਇ ॥੧੪॥
ਚੌਪਈ: ਆਦਮ ਜਾਟ ਤਬਹਿ ਕਟ ਕਸਿ ਕੈ[1]।
ਈਂਧਨ ਅਧਿਕ ਹੁਤੋ ਢਿਗ ਜਿਸ ਕੈ।
ਇਕ ਇਕ ਭਾਰ ਸਕੇਲ੍ਯੋ ਜੋਇ।
ਸੰਗਤਿ ਬਿਖੈ ਦੇਤਿ ਭਾ ਸੋਇ ॥੧੫॥
ਲਗੇ ਅੰਗੀਠੇ ਸਭਿ ਕੇ ਡੇਰੇ।
ਮਿਟ੍ਯੋ ਸੀਤ ਭਾ ਅਨੰਦ ਘਨੇਰੇ।
ਊਚੇ ਥਲ ਹ੍ਵੈ ਕਰਿ ਤਿਸ ਬਾਰੀ।
ਗੁਰ ਨੇ ਸੰਗਤਿ ਸਕਲ ਨਿਹਾਰੀ ॥੧੬॥
ਡੇਰੇ ਸਭਿਨਿ ਅੰਗੀਠੇ ਲਾਗੇ।
ਬਡੋ ਪ੍ਰਕਾਸ਼ ਹੁਤਾਸਨ ਜਾਗੇ।
ਰਿਦੇ ਬਿਚਾਰ ਕਰਤਿ ਗੁਰੁ ਐਸੇ।
-ਈਂਧਨ ਇਤੋ[+] ਮਿਲ੍ਯੋ ਇਨ ਕੈਸੇ? ॥੧੭॥
ਨਹੀਂ ਸਮੀਪ ਇਹਾਂ ਕਿਸਿ ਥਾਨ।
ਕਿਸਿ ਨੇ ਦੀਨਸ ਇਨ ਕੋ ਆਨਿ? -।
ਭਈ ਪ੍ਰਭਾਤਿ ਸਭਾ ਜਬਿ ਹੋਈ।
ਦੇਖਨਿ ਦਰਸ ਆਇ ਸਭਿ ਕੋਈ ॥੧੮॥
ਸ਼੍ਰੀ ਗੁਰੁ ਰਾਮਦਾਸ ਸਭਿ ਸੰਗ।
ਬੂਝ੍ਯੋ ਈਂਧਨ ਕੇਰਿ ਪ੍ਰਸੰਗ।
ਸਭਿ ਨੇ ਕਹ੍ਯੋ 'ਸਿੱਖ ਹੈ ਕੋਇ।
ਦੇਤਿ ਫਿਰ੍ਯੋ ਡੇਰਨ ਮਹਿਂ ਸੋਇ' ॥੧੯॥
ਹੁਤੋ ਰਸੋਈਆ ਗੁਰੁ ਕੋ ਪਾਸ।
ਤਿਨ ਭੀ ਕਰੀ ਤਬਹਿ ਅਰਦਾਸ।
'ਦੇਗ ਬਿਖੈ ਇਕ ਭਾਰ ਬਿਸਾਲ।
ਦੇਤਿ ਰਹ੍ਯੋ ਨਿਤ ਕੇਤਿਕ ਕਾਲ' ॥੨੦॥
ਅੰਤਰਜਾਮੀ ਸਭਿ ਕੁਛ ਜਾਨੀ।
ਤਊ ਕਹੇ ਪਰ ਘਾਲ ਪਛਾਨੀ।
ਸ਼੍ਰੀ ਗੁਰ ਰਾਮਦਾਸ ਸੁਖਦਾਨੀ।

---

[1]ਲੱਕ ਕੱਸਕੇ।
[+]ਪਾ:-ਅਧਿਕ।

ਸਭਿ ਸਿੱਖਜਨ ਮਹਿਂ ਤਬਹਿ ਬਖਾਨੀ ॥੨੧॥
'ਖੋਜਹੁ ਸਿੱਖਜ ਸੁ ਲਜਾਵਹਿ ਜਾਇ।
ਜਿਸ ਨੇ ਘਾਲੀ ਘਾਲਿ ਸੁ ਥਾਇਂ[1]।
ਕੌਨ ਮਨੋਰਥ ਹੈ ਤਿਸ ਕੇਰਾ।
ਸੋ ਪੂਰਨ ਕਰਿਹੈਂ ਬਿਨ ਬੇਰਾ' ॥੨੨॥
ਦੋਹਰਾ: ਸੁਨਤਿ ਸਿੱਖਜ ਤਿਸ ਥਾਨ ਕੋ ਖੋਜਜੋ ਜਹਾਂ ਰਹੰਤਿ।
ਲੇ ਗਮਨੇ ਤਤਕਾਲ ਹੀ ਸੰਗ ਚਲਜੋ ਹੁਲਸੰਤਿ ॥੨੩॥
ਚੌਪਈ: ਜਾਇ ਕਰੀ ਬੰਦਨ ਕਰ ਜੋਰਿ।
ਠਾਂਢੋ ਭਯੋ ਬਦਨ ਕੀ ਓਰ।
ਦੇਖਿ ਗੁਰੂ ਨੇ ਬਾਕ ਉਚਾਰਾ।
'ਕੌਨ ਮਨੋਰਥ ਤੈਂ ਉਰ ਧਾਰਾ ॥੨੪॥
ਤੇਰੀ ਘਾਲਿ ਪਰੀ ਸਭਿ* ਥਾਇਂ।
ਮਾਂਗ ਲੇਹੁ ਬਰ ਸੋ ਅਬਿ ਪਾਇ।'
ਆਦਮ ਜਾਟ ਬਾਕ ਸੁਨਿ ਗੁਰੁ ਕੋ।
ਕਹਿ ਨਹਿਂ ਸਕਹਿ ਮਨੋਰਥ ਉਰ ਕੋ ॥੨੫॥
-ਮੈਂ ਬਹੁ ਬ੍ਰਿੱਧ ਕਹਾਂ ਸੁਤ ਹੋਇ-।
ਯਾਂ ਤੇ ਮਾਂਗਤਿ ਭਾ ਨਹਿਂ ਸੋਇ।
-ਬਿਰਧਾ ਬਹੁਰੁ ਭਾਰਯਾ ਮੇਰੀ।
ਉਚਿਤ ਨ ਕਹਨਿ ਬਾਤ ਸੁਤ ਕੇਰੀ- ॥੨੬॥
ਇਮ ਬਿਚਾਰਿ ਕੈ ਬਾਕ ਬਖਾਨਾ।
'ਹੇ ਗੁਰ! ਨਿਜ ਦਰਸ਼ਨੁ ਦਿਹੁ ਦਾਨਾ।
ਅਪਰ ਨਹੀਂ ਮੋ ਕਹੁ ਅਭਿਲਾਖਾ।'
ਐਸੋ ਜਬਿ ਆਦਮ ਨੇ ਭਾਖਾ ॥੨੭॥
ਮਨ ਕੀ ਗਤਿ ਲਖਿ ਅੰਤਰਜਾਮੀ।
ਬੋਲੇ ਰਾਮਦਾਸ ਪ੍ਰਭੁ ਸ੍ਵਾਮੀ।
'ਕਜੋਂ ਨਹਿਂ ਲੇਤਿ ਮਨੋਰਥ ਉਰ ਕੋ?'
ਗੁਰੁ ਪ੍ਰਸੰਨ ਲਖਿ ਦਾਤਾ ਬਰ ਕੋ[2] ॥੨੮॥
ਸੁਕਚਤਿ ਪੁਨਹਿ, ਨ ਜਾਇ ਬਖਾਨਾ।
ਕਹਤਿ ਭਯੋ 'ਦਿਹੁ ਦਰਸ਼ਨ ਦਾਨਾ।'

---

[1]ਸੁਹਣੇ ਥਾਂ, ਸਫਲ।
*ਪਾ:-ਅਬਿ।
[2]ਗੁਰੂ ਜੀ ਨੂੰ ਬਰ ਦੇਣ ਲਈ ਪ੍ਰਸੰਨ ਦੇਖਕੇ।

ਤਿਸ ਕੇ ਮਨ ਕੀ ਗਤਿ ਕੋ ਜਾਨਿ।
ਕਹ੍ਯੋ ਗੁਰੂ 'ਜਾਵਹੁ ਨਿਜ ਥਾਨ ॥੨੯॥
ਦੋਹਰਾ: ਜਾਚ੍ਯੋ ਜਾਇ ਨ ਤੋਹਿ ਤੇ ਪੁਨ ਆਵਹੁ ਭੁਨਸਾਰ।
ਸੇਵਾ ਤੇਰੀ ਸਫਲ ਹੁਇ ਬਾਂਛਤਿ ਦੇ ਕਰਤਾਰ' ॥੩੦॥
ਚੌਪਈ: ਆਦਮ ਜਾਟ ਗਯੋ ਨਿਜ ਡੇਰੇ।
ਸੋਚਤਿ ਚਿਤ ਮਹਿਂ ਚਿੰਤ ਘਨੇਰੇ।
ਬੂਝ੍ਯੋ ਤਬਹਿ ਭਾਰਜਾ ਆਨਿ।
'ਲੇ ਭੀ ਆਯਵ ਗੁਰ ਤੇ ਦਾਨ[1]? ॥੩੧॥
ਕਹਤਿ ਭਯੋ 'ਸੁਤ ਕੀ ਅਭਿਲਾਖਾ।
ਸੁਕਚਤਿ ਗੁਰੁ ਢਿਗ ਜਾਇ ਨ ਭਾਖਾ।
ਆਰਬਲਾ ਮੇਰੀ ਅਰੁ ਤੇਰੀ।
ਸੰਤਤਿ ਸਮੈ ਨ, ਬਿਤੀ ਬਡੇਰੀ ॥੩੨॥
ਭਏ ਬ੍ਰਿੱਧ, ਸੁਤ ਹੋਹਿ ਨ ਕੈਸੇ।
-ਦਿਹੁ ਦਰਸ਼ਨ ਅਪਨੋ- ਬਰ ਐਸੇ[2]।
ਚਲਤ੍ਯੋ ਪੁਨ ਮੁਝ ਸੋਂ ਗੁਰ ਭਾਖਾ।
-ਭੋਰ ਆਇ ਜਾਚਹੁ ਜੋ ਕਾਂਖਾ'- ॥੩੩॥
ਸੁਨਤਿ ਭਾਰਜਾ ਭਈ ਉਦਾਸ।
ਪਤਿ ਸੋਂ ਕਹਿ, 'ਪੂਰੇ ਗੁਰੁ ਪਾਸਿ।
ਸੁਤਿ ਕੀ ਕਰਹੁ ਜਾਇ ਅਰਦਾਸਿ।
ਹਮਰੀ ਪੂਰਨ ਕਰਿਹੈਂ ਆਸ ॥੩੪॥
ਸ਼ੁਸ਼ਕ ਬ੍ਰਿੱਛ ਕੋ ਹਰੇ ਕਰੰਤਾ।
ਸ਼ੁਸ਼ਕ ਤਾਲ ਕੇ ਸੁਭਰ ਭਰੰਤਾ।
ਸਮਰਥ ਹੈਂ, ਅਨਹੋਨੀ ਕਰੈਂ।
ਸ਼੍ਰੀ ਮੁਖ ਬਾਕ ਨ ਕਬਹੂੰ ਫਿਰੈ' ॥੩੫॥
ਪਤਿ ਕੋ ਸਮੁਝਾਵਤਿ ਤਿਸ ਭਾਂਤੀ।
ਕਰੀ ਬਿਤੀਤਨ ਦੰਪਤਿ ਰਾਤੀ।
ਭਈ ਭੋਰ ਗੁਰ ਨੇ ਸਿਖ ਭੇਜਾ।
'ਫਲ ਸੇਵਾ ਕੋ ਸ਼ੁਭ ਬਰ ਲੇਜਾ' ॥੩੬॥
ਤਬਿ ਦੰਪਤਿ ਗਮਨੇ ਗੁਰ ਪਾਸਿ।
ਕਰੀ ਬੰਦਨਾ ਧਰੇ ਹੁਲਾਸ।

---

[1]ਭਾਵ ਵਰ ਦਾਨ।
[2]ਐਸਾ ਵਰ (ਮੈਂ ਮੰਗਿਆ ਹੈ)।

ਸ੍ਰੀ ਗੁਰੁ ਰਾਮਦਾਸ ਜੀ ਕਹਾ।
'ਜਾਚਹੁ ਬਰ ਬਾਂਛਤਿ ਜੋ ਅਹਾ' ॥੩੭॥
ਹਾਥ ਜੋਰਿ ਦੰਪਤਿ ਨੇ ਭਾਖਾ।
'ਸ੍ਰੀ ਸਤਿਗੁਰ! ਹਮ ਅਸ ਅਭਿਲਾਖਾ।
ਦੇਹੁ ਬਚਨ ਤੇ ਪੁੱਤ੍ਰ ਹਮਾਰੇ।
ਸਰਬ ਬੰਸ ਹ੍ਵੈਂ ਸਿੱਖਜ ਤੁਮਾਰੇ' ॥੩੮॥
ਸੁਨਤਿ ਸਤਿਗੁਰੂ ਧਜਾਨ ਲਗਾਇਵ।
ਦੇਖਿ ਰਹੇ ਕੁਛ ਨਹਿਂ ਦਰਸਾਇਵ।
ਕਿਤਿਕ ਦੇਰ ਤੇ ਸ੍ਰੀ ਗੁਰੁ ਪ੍ਰਾਹੀ।
'ਤੋਹਿ ਭਾਗ ਮਹਿਂ ਸੰਤਤਿ ਨਾਂਹੀ' ॥੩੯॥
ਇਮ ਕਹਿ ਨੈਨ ਮੂੰਦ ਪੁਨ ਲੀਨੇ।
ਨੀਕੀ ਰੀਤਿ ਖੋਜਿਬੋ ਕੀਨੇ।
ਦੇਖਿ ਰਹੇ ਸਭਿ ਹੀ ਬਿਧਿ ਤਾਂਹਿ।
ਆਦਮ ਭਾਗ ਬਿਖੇ ਸੁਤ ਨਾਂਹਿ ॥੪੦॥
ਬਹੁਤ ਕਾਲ ਲਗ ਗੁਰੂ ਬਿਚਾਰਾ।
ਪੁਨਹਿਂ ਸਿੱਖਜ ਸੋਂ ਬਾਕ ਉਚਾਰਾ।
'ਭਲੀ ਭਾਂਤਿ ਹਮ ਖੋਜਨ ਕੀਨਾ।
ਤੋਹਿ ਭਾਗ ਹੈਂ ਸੰਤਤਿ ਹੀਨਾ ॥੪੧॥
ਗੁਰ ਕੀ ਸੇਵਾ ਕੀਨਿ ਮਹਾਂਨਾ।
ਜਿਸ ਤੇ ਹਮ ਨੇ ਬਾਕ ਬਖਾਨਾ।
ਇਹ ਕਾਰਨ ਤੇ ਮੈਂ ਨਿਜ ਅੰਸ਼ੁ[1]।
ਜਨਮੋਂ ਤਵ ਗ੍ਰਿਹ, ਬਿਰਧਹਿ ਬੰਸੁ[2] ॥੪੨॥
ਭਗਤਿ ਸਰੂਪ ਹੋਹਿ ਲਖਿ ਲੀਜਹਿ।
ਯਾਂ ਤੇ ਭਗਤੂ ਨਾਮ ਰਖੀਜਹਿ।
ਮੇਰੇ ਅੰਤ* ਹੋਨ ਤੇ ਸੋਇ।
ਦੇਸ਼ ਅਨੇਕਨ ਕੋ ਗੁਰ ਹੋਇ ॥੪੩॥
ਤਿਸ ਕੋ ਪਸਰਹਿ ਬੰਸ ਬਿਸਾਲਾ।
ਬਿਦਤਹਿ ਨਾਮ ਲਖਹਿਂ ਨਰ ਜਾਲਾ।'

---

[1]ਆਤਮ ਸਰੂਪ ਦੀ ਰਿਸ਼ਮ, ਭਾਵ ਇਹ ਹੈ ਕਿ ਸਾਡਾ ਜੋ ਆਤਮ ਸਰੂਪ ਇਕ ਪ੍ਰਕਾਸ਼ ਰੂਪ ਹੈ ਉਸ ਦੀ ਕੋਈ ਰਿਸ਼ਮ ਤੇਰੇ ਘਰ ਵਿਚ ਪ੍ਰਗਟ ਹੋਵੇਗੀ।
[2](ਜਿਸਤੇ) ਵਧੇਗੀ (ਤੇਰੀ) ਵੰਸ਼।
*ਪਾ:-ਅੰਸ਼ੁ = ਆਤਮ ਸਰੂਪ ਦੀ ਰਿਸ਼ਮ।

ਸੁਨਿ ਬਾਂਛਤਿ ਦਾਨੀ ਬਚ ਗੁਰੁ ਕੇ।
ਦੰਪਤਿ ਬੰਦਹਿਂ ਸਿਰ ਧਰ ਧਰਿਕੇ ॥੪੪॥
ਆਗਜਾ ਲੈ ਗੁਰ ਕੀ ਬਰ ਪਾਇ।
ਬਸੇ ਜਾਇ ਕਰਿ ਅਪਨੇ ਥਾਇਂ।
ਬ੍ਰਿੱਧ ਬੈਸ ਤਨੁ ਜਰ ਸੋਂ[1] ਗ੍ਰਾਸੇ।
ਦੰਪਤਿ ਬਾਸੇ ਆਨਿ[+] ਅਵਾਸੇ ॥੪੫॥
ਏਕ ਬਰਖ ਜਬਿ ਬੀਤਯੋ ਕਾਲ।
ਜਨਮ ਲੀਨਿ ਬਡਿਭਾਗ ਸੁ ਬਾਲ।
ਦੰਪਤਿ ਭਏ ਪ੍ਰਸੰਨ ਬਿਸਾਲ।
ਗੁਰ ਕੋ ਸਿਮਰਹਿਂ ਸ਼ਰਧਾ ਨਾਲ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਭਗਤੂ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥੪੧॥

---

[1]ਬੁਢੇਪੇ ਨਾਲ।
[+]ਪਾ:-ਅਪਨਿ।

੪੨. [ਭਾਈ ਭਗਤੂ-ਜਾਰੀ]

੪੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੩

ਦੋਹਰਾ: ਜਨਮਜੋ ਪੁੱਤ੍ਰ ਅਨੰਦ ਭਾ, ਸਭਿ ਗਜਾਤਨਿ ਕੇ ਮਾਂਹਿ[੧]।
ਬਧੀ ਬਧਾਈ ਬਿਬਿਧਿ ਬਿਧਿ, ਗਾਇ ਕਰਤਿ ਉਤਸਾਹਿ ॥੧॥
ਚੌਪਈ: ਸਭਿ ਗਜਾਤੀ ਮਿਲਿ ਕੈ ਤਬਿ ਆਏ।
ਭਾਂਤਿ ਭਾਂਤਿ ਕੇ ਭਨਤਿ ਬਧਾਏ।
ਘਰ ਮਹਿਂ ਅੰਨ ਸਰ ਇਕ ਨਾਂਹੀ।
ਘ੍ਰਿੱਤਿ ਕਹਾਂ ਹੋਵਹਿ ਤਿਨ ਪਾਹੀ ॥੨॥
ਸਭਿ ਗਜਾਤੀ ਲਖਿ ਕੈ ਤਿਸੁ ਹਾਲੇ।
ਜਿਸ ਕੇ ਨਹੀਂ ਮੋਲ ਕਿਛੁ ਪਾਲੇ।
ਨਿਜ ਨਿਜ ਘਰ ਤੇ[*] ਕਰਿ ਉਗਰਾਹੀ।
ਘ੍ਰਿੱਤਿ ਅਨਾਜ ਆਨਤੇ ਪਾਹੀ[੨] ॥੩॥
ਬਹੁ ਦਿਨ ਖਾਇ ਅਧਿਕ ਹੀ ਆਯੋ[੩]।
ਬਾਲਕ ਜਨਮੁ ਸਭਿਨਿ ਮਨ ਭਾਯੋ।
ਮਾਤਾ ਪਿਤਾ ਅਧਿਕ ਹੁਲਸਾਏ।
-ਜਨਮਤਿ ਸਾਥ ਪਦਾਰਥ ਆਏ- ॥੪॥
ਗਜਾਤੀ ਅਖਿਲ ਮਿਲੇ ਇਕ ਥਾਇਂ।
ਹੁਤੋ ਬ੍ਰਿੱਧ ਇਕ ਬਾਕ ਅਲਾਇ।
'ਸ਼ੁਭ ਲੱਛਨ ਬਾਲਕ ਜਨਮਯੋ।
ਭਾਗਨ ਭੂਰ[੪] ਭਲੇ ਲਖਿ ਲਯੋ ॥੫॥
ਜਿਸ ਨੇ ਜਨਮਤਿ ਸਭਿ ਉਗਰਾਹੇ।
ਮਨਹੁਂ ਭੇਟ ਆਨੀ ਇਸ ਪਾਹੇ।
ਇਸ ਕੋ ਬੰਸ ਜੁ ਹੋਹਿ ਅਗਾਰੇ।
ਕਰਿ ਹੈ ਊਪਰ ਹੁਕਮੁ ਹਮਾਰੇ' ॥੬॥
ਹੁਤੇ ਸੁਜਾਨ ਸੁ ਜਾਨਜੋ ਤਬੈ।
'ਭਗਤੂ' ਨਾਮ ਕਹਤਿ ਭੇ ਸਬੈ।
ਕੁਛਕ ਬਡੇਰੀ ਬੈਸ ਭਈ ਜਬਿ।
ਆਦਮੁ ਪਿਤ ਪਰਲੋਕ ਭਯੋ ਤਬਿ ॥੭॥

---

[੧]ਸ਼ਰੀਕਾਂ ਵਿਚ।
[*]ਪਾ:-ਮੇ, ਕਰ।
[੨]ਲਿਆਂਵਦੇ ਹਨ (ਆਪਣੇ) ਪਾਸੋਂ।
[੩]ਭਾਵ ਘਿਉ ਅੰਨ।
[੪]ਬੜੇ ਭਾਗਾਂ ਵਾਲਾ।

ਕਰਾਮਾਤ ਕੋ ਪੁੰਜ ਬਿਸਾਲਾ।
ਜ਼ਾਹਰ ਕਰੀ ਨਹੀਂ ਕਿਸਿ ਕਾਲਾ।
ਅੰਤਰ ਮਹਾਂ ਨਿਰੰਤਰ ਗੋਈ[1]।
ਲਖਿ ਨਹਿਂ ਸਕਹਿ ਸਮੀਪੀ ਕੋਈ ॥੮॥
ਏਕ ਸਮੇਂ ਜਨਨੀ ਲੇ ਸਾਥ।
ਆਇਵ ਗੁਰੁ ਪਗ ਟੇਕਨ ਮਾਥ।
ਮਿਲਿ ਦਰਸ਼ਨ ਪਰਸਜੋ ਸੁਖਦਾਨੀ[2]।
ਸੇਵਕ ਸਦਾ ਕਰਮ ਮਨੁ ਬਾਨੀ[3] ॥੯॥
ਸ਼੍ਰੀ ਸਤਿਗੁਰ ਅਰਜੁਨ ਤਿਸ ਕਾਲ।
ਪਿਖਿ ਭਗਤੂ ਪਰ ਖੁਸ਼ੀ ਬਿਸਾਲ।
ਕੇਤਿਕ ਦਿਵਸੁ ਰਹਿਤ ਭਾ ਪਾਸ।
ਸਿਮਰਹਿ ਸੱਤਿਨਾਮ ਸੁਖਰਾਸ ॥੧੦॥
ਲੇ ਕਰਿ ਖੁਸ਼ੀ ਗੁਰੂ ਪਗ ਹੇਰਿ।
ਆਵਨ ਲਗਜੋ ਅਪਨਿ ਘਰਿ ਫੇਰਿ।
ਗਮਨਹਿ ਮੰਦ ਮੰਦ ਮਗ ਮਾਂਹੀ।
ਬ੍ਰਿੱਧਾ ਮਾਤ ਸਾਥ ਹੈ ਜਾਂਹੀ ॥੧੧॥
ਜੇਸ਼ਟ ਮਾਸੁ ਤਪਤ ਕੋ ਪਾਇ।
ਜੰਗਲ ਦੇਸ਼ ਦਿਸ਼ਾ ਕੋ ਜਾਇ[4]।
ਦਿਨ ਬਹੁ ਚਢਜੋ ਤ੍ਰਿਖਾ ਅਤਿ ਜਾਗੀ।
ਸੁਤ ਸੋਂ ਮਾਤ ਕਹਨਿ ਤਬਿ ਲਾਗੀ ॥੧੨॥
'ਸੁਨਿ ਹੇ ਪੁੱਤ੍ਰ! ਸ਼੍ਰਮਤ ਮੈਂ ਭਾਰੀ।
ਅਬਿ ਨਹਿਂ ਗਮਨਜੋ ਜਾਹਿ ਅਗਾਰੀ।
ਬਜਾਕੁਲ ਕਰੀ ਤ੍ਰਿਖਾ ਨੇ ਮੋਹੀ।
ਜਲ ਬਿਹੀਨ ਬਡ ਸੰਕਟ ਹੋਹੀ' ॥੧੩॥
ਸੁਨਿ ਭਗਤੂ ਨੇ ਬਾਕ ਬਖਾਨਾ।
'ਹੇ ਜਨਨੀ! ਜਲ ਨਹਿਂ ਇਸ ਥਾਨਾ।
ਤੀਨ ਕਿ ਚਾਰ ਕੋਸ ਹੈ ਗਾਉਂ।
ਤਹਾਂ ਪਹੁੰਚਿ ਮੈਂ ਨੀਰ ਪਿਆਉਂ' ॥੧੪॥

---

[1]ਲਗਾਤਾਰ (ਆਪਣੇ) ਅੰਦਰ ਲੁਕਾਈ ਰੱਖੀ।
[2]ਦਰਸ਼ਨ ਕੀਤਾ ਗੁਰੂ ਜੀ ਦਾ।
[3](ਜੋ ਭਗਤੂ ਕਿ) ਕਰਮ ਮਨ ਬਾਣੀ ਕਰਕੇ ਸਦਾ ਸੇਵਕ ਸੀ।
[4]ਭਾਵ ਮਾਲਵੇ ਵੱਲ ਜਾ ਰਹੇ ਸਨ।

ਕਹਜੋ ਮਾਤ 'ਸਾਮਰਥ ਨ ਮੇਰੀ।
ਅਰਧ ਕੋਸ ਭੀ ਚਲਿਬੇ ਕੇਰੀ।
ਮਿਲਹਿ ਤ ਜਲ, ਬਚ ਹੈਂ ਅਬਿ ਪ੍ਰਾਨਾ।
ਨਾਂਹਿ ਤ ਮ੍ਰਿੱਤੂ ਭਈ ਇਸ ਥਾਨਾ' ॥੧੫॥
ਸੁਨਿ ਭਗਤੂ ਨੇ ਕੀਨਸਿ ਤ੍ਰਾਸਾ।
-ਹੋਇ ਨ ਜਾਇ ਮਾਤ ਕੋ ਨਾਸਾ-।
ਕਹਜੋ ਤਬਹਿ 'ਬੈਠਹੁ ਤਰੁ ਤਰੇ।
ਮੈਂ ਅਬਿ ਜਾਉਂ ਉਤਾਇਲ ਕਰੇ ॥੧੬॥
ਗ੍ਰਾਮ ਬਿਖੈ ਤੇ ਆਨਵ[1] ਨੀਰ।
ਤਾਵਤ ਟਿਕਹੁ ਧਾਰਿ ਉਰ ਧੀਰ।
ਜੇ ਮਮ ਪੀਛੇ ਤ੍ਰਿਖਾ ਮਹਾਂਨਾ।
ਲਖਹਿਂ, ਕਿ ਹੋਤਿ ਪ੍ਰਾਨ ਕੀ ਹਾਨਾ ॥੧੭॥
ਤੌ ਇਸ ਥਲ ਮਹਿਂ ਸੂਕੋ ਤਾਲ।
ਲੋਸ਼ਟ[2] ਕੋ ਉਠਾਇ ਤਤਕਾਲ।
ਤਹਿਂ ਤੇ ਜਲ ਕੋ ਪੀਵਨ ਕੀਜੈ।
ਪ੍ਰਾਨ ਬਚਾਇ ਆਪਨੇ ਲੀਜੈ' ॥੧੮॥
ਪੁਨ ਸੋ ਲੋਸ਼ਟ[2] ਤਹਾਂ ਟਿਕਾਵਹੁ।
ਨਹਿਂ ਦੂਸਰ ਕੇ ਨਿਕਟ ਜਨਾਵਹੁ।'
ਅਪਨਿ ਮਾਤ ਕੋ ਇਮ ਸਮੁਝਾਇ।
ਚਲਜੋ ਗ੍ਰਾਮ ਕੋ ਜਲ ਹਿਤ ਧਾਇ ॥੧੯॥
ਜਬਿ ਭਗਤੂ ਕਰਿ ਬੇਗ ਪਧਾਰਾ।
ਭਈ ਤ੍ਰਿਖਾਤੁਰ ਖੇਦ ਮਝਾਰਾ।
ਰਹਜੋ ਗਯੋ ਨਹਿਂ, ਚਲਿ ਤਿਸ ਥਾਨ।
ਏਕ ਉਖਾਰਜੋ ਲੁਸ਼ਟ ਮਹਾਂਨ ॥੨੦॥

ਸ੍ਵੈਯਾ: ਢੀਮ ਉਖਾਰ ਕੈ ਬਾਰ ਪਿਖਜੋ
ਬਿਨ ਮੈਲ ਕੇ ਸੀਤਲ ਹੈ ਸਮੁਦਾਈ।
ਹੋਇ ਗਈ ਸੁ ਪ੍ਰਸੰਨ ਤਬੈ
ਨਿਜ ਹਾਥ ਮਿਲਾਇ[3] ਪਿਯੋ ਜਲ ਮਾਈ।
ਮਾਰਗ ਕੇ ਸ਼੍ਰਮ ਕੋ ਨਿਰਵਾਰਨਿ

---
[1]ਲਿਆਂਵਦਾ ਹਾਂ।
[2]ਮਿੱਟੀ ਦੀ ਢੀਮ।
[3]ਭਾਵ ਬੁੱਕ ਨਾਲ।

ਯੌਂ ਜਬਿ ਕੀਨਿ ਮਿਟੀ ਤਪਤਾਈ।
ਚੀਰ ਪਖਾਰਤਿ ਨਾਦਿ ਉਠਾਇ,
ਨਿਚੋਰ ਕੈ, ਹੋਇ ਰਹੀ ਸਿਤਲਾਈ ॥੨੧॥
ਭੇਡ ਅਜਾਨ[੧] ਚਰਾਵਤਿ ਬ੍ਰਿੰਦਤਿ
ਆਇ ਗਯੋ ਤਹਿਂ ਏਕ ਅਯਾਲੀ।
ਨੀਰ ਅਛਾਦਨ[੨] ਕੀਨ ਨਹੀਂ
ਨਿਜ ਤਾਤ ਕੀ ਬਾਤ ਨ ਚੀਤ ਸਮਾਲੀ।
ਭੂਲ ਗਈ ਤਹਿਂ ਬੈਠਿ ਰਹੀ
ਨਹਿਂ ਰੀਤਿ ਲਹੀ ਬਿਦਤਾਵਨ ਵਾਲੀ[੩]।
ਪਾਦਮ ਛਾਇ[੪] ਮੈਂ ਪੂਤ ਉਡੀਕਤਿ
ਪੂਤਮਤੀ ਗੁਨ ਗਜਾਨ ਕੇ ਨਾਲੀ[੫] ॥੨੨॥
ਸ੍ਰੈਯਾ: *ਬ੍ਰਿੰਦ ਅਜਾ ਜਲ ਤੋ ਪਹਿਚਾਨੁ ਕੈ
ਪੀਵਨਿ ਹੇਤੁ ਤਬੈ ਉਤਲਾਈ।
ਦੇਖਿ ਅਯਾਲਿ ਬਿਸਾਲ ਰਿਦੈ
ਬਿਸਮਾਦ ਭਯੋ -ਕੁਛ ਜਾਨੀ ਨ ਜਾਈ।
ਦੂਰਿ ਲਗੇ ਨ ਇਹਾਂ ਕਿਤ ਗ੍ਰਾਮ
ਉਜਾਰ ਮਹਾਂ ਜਿਸ ਕੇ ਚਹੁੰ ਘਾਈ।
ਆਵਤਿ ਨੀਤਿ ਬਿਲੋਕਤਿ ਮੈਂ ਸਭਿ
ਸੂਕਯੋ ਪਰਯੋ ਜਲੁ ਨਾ ਕਿਸੁ ਥਾਈ ॥੨੩॥
ਸ੍ਰੈਯਾ: ਜੇਠ ਹੈ ਮਾਸ ਮਹਾਂ ਰੁਤ ਗ੍ਰੀਖਮ
ਸੂਕ ਗਏ ਜਲੁ ਕੇ ਥਲ ਸਾਰੇ।
ਮੇਘ ਨਹੀਂ ਬਰਖਯੋ ਇਤ ਦੇਸ਼,
ਕਹੂੰ ਬਿਨ ਕੂਪ ਤੇ ਨਾਂਹਿ ਨਿਹਾਰੈ[੬]।
ਕਾਰਨ ਕੌਨ ਤੇ ਸੁੰਦਰ ਨੀਰ
ਇਹਾਂ ਪ੍ਰਗਟਯੋ ਮਲੁ ਹੀਨ ਬਿਥਾਰੇ।
ਜਯੋਂ ਸਲਿਤਾ ਚਲਿਤਾ ਸ ਪ੍ਰਵਾਹ

---

[੧]ਭੇਡਾਂ ਬੱਕਰੀਆਂ ਨੂੰ।
[੨]ਢਕਿਆ।
[੩]ਨਾ+ਬਿਦਤਾਵ = ਨਾ ਪ੍ਰਗਟ ਕਰਨ ਵਾਲੀ ਰੀਤ ਨਾਂ ਯਾਦ ਰੱਖੀ।
[੪]ਬ੍ਰਿੱਛ ਦੀ ਛਾਵੇਂ।
[੫]ਜਿਸ (ਪੁੱਤ੍ਰ ਦੀ) ਬੁੱਧੀ ਪਵਿੱਤ੍ਰ ਹੈ ਤੇ ਗਜਾਨ ਵਾਲੀ ਹੈ।
*ਕਈ ਨੁਸਖਿਆਂ ਵਿਚ ਇਨ੍ਹਾਂ ਥਾਵਾਂ ਤੇ-ਸ੍ਰੈਯਾ-ਪਾਠ ਨਹੀਂ ਹੈ।
[੬](ਪਾਣੀ) ਨਹੀਂ ਦੇਖੀਦਾ।

ਤਥਾ ਇਸੁ ਥਾਇੰ ਪਿਖ੍ਯੋ ਸੁਖਕਾਰੇ- ॥੨੪॥
ਸੂਕਤਿ ਚੀਰ ਨਿਹਾਰਨ ਕੀਨ
ਪਿਖੀ ਬਿਰਧਾ ਇਕ ਪਾਸ ਹੈ ਮਾਈ।
ਜਾਇ ਸਮੀਪ ਅਯਾਲਿ ਤਬੈ
ਤਿਹ ਪੂਛਤਿ ਭਾ ਮਤਿ ਮੋ ਬਿਸਮਾਈ।
ਨੀਰ ਕਹੂੰ ਨਹਿਂ ਤੀਰ ਹੁਤੋ
ਇਸ ਰੀਤ ਇਹਾਂ ਇਤਨੋ ਬਿਦਤਾਈ।
ਕੀਨ ਸ਼ਨਾਨੁ ਤੈਂ ਪਾਨ ਕਰ੍ਯੋ
ਕੁਛ ਜਾਨਤਿ ਹੈ ਮੁਝ ਦੇਹੁ ਬਤਾਈ' ॥੨੫॥

ਕਬਿੱਤ: ਆਪੁਨੇ ਬ੍ਰਿਤਾਂਤ ਕੋ ਬਤਾਇ ਦੀਨੋ ਤਿਸੀ ਪਾਸ
'ਮੇਰੋ ਪੁੱਤ੍ਰ ਭਗਤੂ ਹੈ ਆਏ ਪੰਥ ਚਾਲਿਤੇ।
ਭਈ ਮੈਂ ਤ੍ਰਿਖਾਤੁਰ ਬਿਠਾਇ ਕਰਿ ਗਯੋ ਗ੍ਰਾਮੁ
ਐਸੇ ਕਹ੍ਯੋ ਮੋ ਕੋ -ਪ੍ਰਾਨ ਹਾਨਿ ਹ੍ਵੈਂ ਬਿਹਾਲਤੇ।
ਲੋਸ਼ਟ ਉਠਾਇ ਜਲ ਲੀਜੈ ਨਿਜ ਪਾਨਿ ਕਰਿ-,
ਪੀਛੇ ਤੇ ਪਿਪਾਸਾ[1] ਬਹੁ ਤਪਤ ਬਿਸਾਲਤੇ।
ਹੋਇ ਕੈ ਅਧੀਰ[2] ਮੈਂ ਨਿਕਾਸ ਲੀਨੋ ਨੀਰ ਅਬਿ
ਪਾਨ ਕਰਿ ਸੀਰ ਭਈ ਦੇਖ੍ਯੋ ਸਮੁ ਤਾਲ ਤੇ' ॥੨੬ ॥

ਚੌਪਈ: ਇਸ ਪ੍ਰਕਾਰ ਸੁਨਿ ਗਿਰਾ ਅਯਾਲੀ।
ਜਾਨੀ ਅਜ਼ਮਤਿ ਰਿਦੈ ਬਿਸਾਲੀ।
ਪੀਯਹੁ ਅਜਾ ਨੀਰ ਤਹਿਂ ਸਬੈ।
ਪਾਨ ਸ਼ਨਾਨ ਕੀਨ ਤਿਨ ਤਬੈ ॥੨੭॥
ਭਗਤੂ ਆਇ ਗਯੋ ਤਿਸ ਕਾਲਾ।
ਜਲ ਕੀ ਰਚਨਾ ਪਿਖੀ ਬਿਸਾਲਾ।
ਮਾਤਾ ਸਾਥ ਕਹ੍ਯੋ 'ਕ੍ਯਾ ਕੀਨਾ?
ਪੀ ਕਰਿ ਕ੍ਯੋਂ ਨ ਅਛਾਦ ਸੁ ਦੀਨਾ[3]?' ॥੨੮॥
ਕਹਨਿ ਲਗੀ 'ਮੁਝ ਅਧਿਕ ਪਿਪਾਸਾ।
ਹੇ ਸੁਤ! ਤਉ ਮੈਂ ਨੀਰ ਨਿਕਾਸਾ।
ਕਰਤਿ ਸ਼ਨਾਨ ਅਜਾ ਬਹੁ ਆਈ।
ਪਾਨੀ ਪਾਨ ਕਿਯੋ ਤ੍ਰਿਪਤਾਈ ॥੨੯॥

---

[1](ਪੁੱਤ੍ਰ ਗਏ ਦੇ) ਪਿਛੋਂ ਤ੍ਰੇਹ।
[2]ਬੜੀ ਗਰਮੀ ਤੋਂ ਅਧੀਰਜ ਹੋਕੇ।
[3]ਢੱਕ ਕਿਉਂ ਨਾ ਦਿੱਤਾ?

ਨਹੀਂ ਯਾਦ ਮੇਰੇ ਪੁਨ ਰਹਜੋ।
ਨੀਰ ਛਪਾਵਨ ਜੋ ਤੈਂ ਕਹਜੋ।'
ਤਬਿ ਹੀ ਆਯੋ ਨਿਕਟ ਅਯਾਲੀ।
ਕੀਨ ਬੰਦਨਾ ਬਿਨੈ ਬਿਸਾਲੀ ॥੩੦॥
ਸੱਤਜਨਾਮ ਤਿਹ ਦੈ ਉਪਦੇਸ਼ਾਂ।
ਆਇ ਆਪ ਨੇ ਸਦਨ ਪ੍ਰਵੇਸਾ।
ਜ਼ਾਹਰ ਭਯੋ ਜਗਤ ਮਹਿਂ ਤਬੈ।
ਕਰਹਿਂ ਭਗਤਿ ਭਗਤੂ ਕੀ ਸਬੈ ॥੩੧॥
ਜੰਗਲ[1] ਕੇ ਜੁ ਗ੍ਰਾਮ ਹੈਂ ਸਾਰੇ।
ਆਵਹਿਂ ਚਰਨ ਕਮਲ ਸਿਰ ਧਾਰੇ।
ਦੇਹਿਂ ਅਮੰਤੁ[2], ਅਚਾਇੰ ਅਹਾਰਾ।
ਪੂਜਾ ਕਰਹਿਂ ਅਨੇਕ ਪ੍ਰਕਾਰਾ ॥੩੨॥
ਸ਼੍ਰੀ ਗੁਰ ਅਰਜਨ ਜੀ ਜਿਸਿ ਕਾਲ।
ਰਚਨ ਲਗੇ ਸ਼੍ਰੀ ਅੰਮ੍ਰਿਤ ਤਾਲ।
ਕਰਤਿ ਭਯੋ ਤਨ ਮਨ ਤੇ ਕਾਰ।
ਸੱਤਿਨਾਮ ਮਹਿਂ ਲਿਵ ਇਕਤਾਰ ॥੩੩॥
ਮ੍ਰਿਤਕਾ ਖਨਹਿਂ ਸੁ ਸੀਸ ਉਠਾਵਹਿ।
ਵਹਿਰ ਤਾਲ ਤੇ ਦੂਰ ਗਿਰਾਵਹਿ।
ਬਡੀ ਪ੍ਰਾਤਿ ਤੇ ਲਾਗਹਿ ਕਰਿਬੇ।
ਸੰਧਜਾ ਲੌਂ ਠਾਨਹਿ ਹਿਤ ਧਰਿਬੇ ॥੩੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਭਗਤੂ' ਕੇ ਪ੍ਰਸੰਗ ਬਰਨਨੰ ਨਾਮ ਦੋਇਚਤਾਰਿੰਸਤੀ ਅੰਸੂ ॥੪੨॥

---

[1] ਮਾਲਵੇ।
[2] ਨਿਉਂਦਾ।

੪੩. [ਭਾਈ ਮੰਞ]

੪੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੪

ਦੋਹਰਾ: ਰਜਪੂਤ ਮੰਞ ਇਕ ਚੌਧਰੀ,
ਪ੍ਰਥਮ ਜਨਮ ਕੇ ਮਾਂਹਿ।
ਸੰਸਕਾਰ ਉਰ ਭਗਤਿ ਕੇ,
ਸੁਨਹੁਂ ਕਥਾ ਅਬਿ ਤਾਂਹਿ ॥੧॥

ਚੌਪਈ: ਮਾਲ[1] ਸਰਬ ਘਰ ਦਰਬ ਬਿਸਾਲਾ।
ਸਰਵਰ ਪੀਰ ਸੇਵ ਸਭਿ ਕਾਲਾ।
ਸੋ ਮਹਿਮਾ ਸਤਿਗੁਰ ਕੀ ਸੁਨਿ ਕੈ।
ਸ਼ਬਦ ਸੁਨੇ ਅਰਥਨਿ ਕੋ ਗੁਨਿ ਕੈ ॥੨॥
ਉਦੈ ਭਗਤਿ ਪੂਰਬ ਕੀ ਭਈ।
ਗੁਰ ਦਰਸ਼ਨ ਕੀ ਰੁਚਿ ਉਪਜਈ।
ਜਨਮ ਸਫਲ ਕਰਿਬੇ ਕਹੁ ਬਾਂਛੇ।
ਕਿਤਿਕ ਦਿਵਸ ਇੱਛਾ ਚਿਤ ਆਛੇ ॥੩॥
ਹੇਰਿ ਹੇਰਿ ਸਿੱਖਨ ਕਹੁ ਨੀਕੇ।
-ਸਿੱਖੀ ਗਹੋਂ- ਮਨੋਰਥ ਜੀ ਕੇ।
ਦਿਨ ਪ੍ਰਤਿ ਪ੍ਰੇਮ ਵਧਯੋ ਅਧਿਕਾਈ।
ਆਯਹੁ ਗੁਰ ਦਰਸ਼ਨ ਹਿਤ ਲਾਈ ॥੪॥
ਸਦਨ ਤਯਾਗ ਕੈ ਸਭਿ ਪਰਵਾਰ।
ਪੁੱਤ੍ਰਾਦਿਕ ਕੋ ਪ੍ਰੇਮ ਬਿਸਾਰਿ।
ਪੂਰਬਲੇ ਜਾਗੇ ਸ਼ੁਭ ਭਾਗ।
ਕਰਿ ਕੈ ਦ੍ਰਿੜ ਉਰ ਮਹਿਂ ਵੈਰਾਗ ॥੫॥
ਸ਼੍ਰੀ ਅਰਜਨੁ ਕੀ ਸ਼ਰਨੀ ਆਏ।
ਬੰਦੇ ਪਦ ਅਰਬਿੰਦ ਸੁਹਾਏ।
ਸੁੰਦਰ, ਮ੍ਰਿਦੁਲ, ਬਿਮਲ, ਦੁਤਿਵੰਤੇ।
ਰਜ ਪਰਾਗ ਜਿਨ ਕੀ ਸੁਖਵੰਤੇ[2] ॥੬॥
ਬਿਨਤੀ ਕੀਨ 'ਹਰਹੁ ਤ੍ਰੈ ਤਾਪ।
ਗੁਰਸਿੱਖੀ ਕੋ ਬਖਸ਼ਹੁ ਆਪ।
ਜਨਮ ਮਰਨ ਕੋ ਸੰਕਟ ਭਾਰੀ।

---

[1]ਗਊਆਂ ਮਹੀਆਂ ਆਇ।

[2]ਜਿਨ੍ਹਾਂ ਦੇ (ਚਰਨਾਂ) ਦੀ ਪਰਾਗ (ਸਮਾਨ ਰਜ =) ਧੂੜੀ ਸੁਖ ਵਾਲੀ ਹੈ (ਦੇਖੋ ਸ਼੍ਰੀ ਗੁਰ ਨਾ: ਪ੍ਰ: ਪੂ: ਅਧ੍ਯਾ: ੧ ਅੰਕ ੮)।

ਦੀਨ ਜਾਨ ਕਰਿ ਲੇਹੁ ਉਬਾਰੀ' ॥੭॥
ਸੁਨਿ ਕੈ ਸ੍ਰੀ ਅਰਜਨ ਫੁਰਮਾਯਹੁ।
'ਅਪਨ ਪੀਰ ਤੈਂ ਤੁਰਕ ਬਨਾਯਹੁ।
ਸਰਵਰ ਕੇ ਮੁਰੀਦ ਤੁਮ ਰਹੇ।
ਇਤ ਗੁਰਸਿੱਖੀ ਦੁਰਲਭ ਅਹੇ ॥੮॥
ਖੰਡੇਧਾਰ ਚਲਹਿ ਨਹਿਂ ਗਿਰੇ।
ਸੂਖਮ ਅਧਿਕ ਕੇਸ ਤੇ ਪਰੇ[1]।
ਨਹੀਂ ਕਮਾਇ ਸਕਹੁਗੇ ਤਾਂਹੀ।
ਪ੍ਰਾਨਨ ਕੋ ਪਲਟੋ ਜਿਸੁ ਮਾਂਹੀ[2] ॥੯॥
ਆਪਾ ਜਹਾਂ[*] ਜਨਾਵਹੁ ਨਾਂਹੀ।
ਦੇਹਿਂ ਸੀਸ ਪਰ ਸੀ ਨ ਕਰਾਹੀ[3]।
ਅਰੁ ਜਬਿ ਸਿੱਖ ਹਮਾਰੋ ਹੋਵਹਿਂ।
ਅਪਜਸ ਲਹੈਂ ਸਕਲ ਧਨ ਖੋਵਹਿਂ ॥੧੦॥
ਕੁਲ ਕੇ ਲੋਕ ਕਰਹਿਂ ਉਪਹਾਸ।
ਨਹੀਂ ਬੈਠਿਬੇ ਦੇਹਿ ਨਿਜ[+] ਪਾਸ।
ਏਤੀ ਬਾਤ ਸਹੋ ਮਨ ਲਾਇ।
ਤੌ ਹਮਰੋ ਸਿਖ ਹੂਜਹਿ ਆਇ ॥੧੧॥
ਨਾਂਹਿ ਤ ਸੇਵਹੁ ਪੀਰ ਮੁਕਾਮੂ।
ਸਿੱਖੀ ਕੋ ਲੀਜਹਿ ਨਹਿਂ ਨਾਮੂ।
ਰਾਖਹੁ ਧਨੁ ਕੁਲ ਕੀ ਵਡਿਆਈ।
ਸਿੱਖੀ ਧਰਿ ਕਜੋਂ ਲੇ ਦੁਖ ਪਾਈ' ॥੧੨॥
ਸੁਨਿ ਕੈ ਇਮ ਬਾਕਨਿ ਗੁਰ ਪਾਸ।
ਅੰਜੁਲ ਬਾਂਧਿ[4] ਕੀਨਿ ਅਰਦਾਸ।
'ਜਬਿ ਕੋ ਰਾਵਰਿ ਦਰਸ਼ਨ ਜੋਵਾ।
ਸੁਨਿਬੋ ਸ੍ਰੁਤ[5] ਵਾਕਨ ਕੋ ਹੋਵਾ ॥੧੩॥
ਤਬਿ ਕੋ ਮਨ ਹਮਰੋ ਹਟਿ ਗਇਊ।

---

[1]ਵਾਲ ਤੋਂ ਵਧੀਕ ਨਿੱਕੀ ਹੈ।
[2]ਜਿਸ ਸਿੱਖੀ ਵਿਚ ਪ੍ਰਾਣ ਮਾਨੋਂ ਬਦਲਾ ਹਨ।
[*]ਪਾ:-ਜਰਾ।
[3]ਸਿਰ ਦੇਵੇ ਤੇ ਸੀ ਨਾ ਕਰੇ।
[+]ਪਾ:-ਦੇਹਿਨ। ਦੇਹ ਹੈਂ।
[4]ਦੋਵੇਂ ਹੱਥ ਜੋੜਕੇ।
[5]ਕੰਨੀਂ ਸੁਣਨਾ।

ਰਿਦੈ ਬਿਚਾਰਤਿ ਲੱਜਿਤਿ ਭਇਊ।
-ਸਰਵਰ ਤੁਰਕ, ਨ ਅਜ਼ਮਤ ਜਾਂਹੀ।
ਦੇਖਾ ਦੇਖੀ ਨਰ ਜਗ ਮਾਂਹੀ ॥੧੪॥
ਸੀਸ ਨਿਵਾਵਹਿਂ ਤੁਰਕ ਅਗਾਰੀ।
ਖੋਇ ਧਰਮੁ, ਨਰ ਤਨ ਦੇਂ ਹਾਰੀ[1]।
ਹਮ ਹਿੰਦੂ ਉੱਤਮ ਤਨ ਪਾਏ।
ਨੀਚ ਮਲੇਛਹਿਂ ਸੀਸ ਨਿਵਾਏ ॥੧੫॥
ਇਸ ਤੇ ਪਰੇ ਅਧਰਮ ਨ ਔਰੁ।
ਲਹੈਂ ਸਜਾਇ ਨਰਕ ਕੀ ਠੌਰੁ।
ਦੋਖੀ ਗਊ ਅਨਿਕ ਨਿਤ ਜੋਈ।
ਦੇਵੀ ਦੇਵ ਨ ਮਾਨਹਿਂ ਕੋਈ ॥੧੬॥
ਮਹਾਂ ਕੁਚੀਲ, ਨ ਸੁਚਿ ਕੋ ਲੇਸ਼।
ਆਦਿ ਚੰਡਾਲ ਜਿ ਰਲਹਿਂ ਅਸ਼ੇਸ਼[2]।
ਏਕ ਮੇਕ ਹੁਇ ਸਭਿ ਮਿਲ ਖਾਵਹਿਂ।
ਪੁਨ ਅਪੁਨੇ ਕੋ ਅਧਿਕ ਕਹਾਵਹਿਂ ॥੧੭॥
ਨਹਿਂ ਨਪਾਕ ਤੇ ਕਰਹਿਂ ਗਿਲਾਨੇ[3]।
ਹਿੰਦੁ ਧਰਮ ਕਜਾ ਇਨ ਜੋ ਮਾਨੇ[4]-।
ਇਮ ਬਿਚਾਰਿ ਕੈ ਹਮ ਮਨ ਮਾਂਹੀ।
ਮਾਨਤਿ ਰਹੇ ਸੁ ਅਬਿ ਪਛੁਤਾਹੀ ॥੧੮॥
ਦਿਏ ਦਰੂਦ ਸ਼ੀਰਨੀ[5] ਖਾਏ।
ਇਕ ਹਿੰਦੂ ਸੋ ਨਾਮ ਕਹਾਏ[6]।
ਹੋਤਿ ਦੋਸ਼ੁ ਜਿਨ ਬਸਤ੍ਰ ਛੁਹਾਏ।
ਤਿਨਹੁ ਮੂਢ ਨਰ ਸੀਸੁ ਨਿਵਾਏ' ॥੧੯॥
ਨੰਮ੍ਰਿ ਹੋਇ ਇਵ ਬਿਨੈ ਸੁਨਾਇਵ।
ਪ੍ਰੇਮ ਅਧਿਕ ਲੋਚਨ ਜਲ ਛਾਇਵ।
'ਪ੍ਰਭੁ ਜੀ! ਆਏ ਸ਼ਰਣਿ ਤੁਮਾਰੀ।
ਦਿਹੁ ਸਿੱਖੀ ਹਮ ਲਖਿ ਅਧਿਕਾਰੀ' ॥੨੦॥

---

[1]ਮਨੁੱਖਾ ਦੇਹ ਹਾਰ ਦੇਂਦੇ ਹਨ।
[2]ਸਾਰੇ।
[3]ਅਪਵਿੱਤ੍ਰਤਾਈ ਤੋਂ ਨਫਰਤ ਨਹੀਂ ਕਰਦੇ।
[4]ਇਨ੍ਹਾਂ (ਮੁਸਲਮਾਨਾਂ) ਨੂੰ ਜਿਹੜਾ ਮੰਨੇ ਉਨ੍ਹਾਂ ਦਾ ਹਿੰਦੂ ਧਰਮ ਕੀ ਹੈ।
[5]ਚੜ੍ਹਾਵੇ ਦੀ ਪੰਜੀਰੀ।
[6]ਇਕ ਨਾਮ ਮਾਤ੍ਰ ਹੀ ਹਿੰਦੂ ਕਹਾਉਂਦੇ ਰਹੇ।

ਬੋਲੇ ਸ਼੍ਰੀ ਅਰਜਨ ਸੁਖ ਧਾਮੂ।
'ਪੂਰਬ ਸਰਵਰ ਢਾਹੁ ਮੁਕਾਮੂ।
ਪੁਨ ਆਵਹੁ ਸਤਿਗੁਰ ਸ਼ਰਣਾਈ।
ਕਰੇ ਗੁਨਾਹੁ ਲੇਹੁ ਬਖ਼ਸ਼ਾਈ ॥੨੧॥
ਹ੍ਵੈ ਕਰਿ ਸਿੱਖੀ ਕੇ ਅਧਿਕਾਰੀ।
ਸਤਿਗੁਰ ਸੇਵ ਕਰਹੁ ਸੁਖਕਾਰੀ।'
ਸੁਨਿ ਕਰਿ ਬਾਕ ਮੰਞ ਘਰ ਗਯੋ।
ਤੁਰਕ ਮੁਕਾਮ ਸੁ ਢਾਹਤਿ ਭਯੋ ॥੨੨॥
ਸਰਲ ਹੋਇ ਸਤਿਗੁਰ ਸ਼ਰਣਾਈ।
ਆਏ[੧] ਆਸ ਏਕ ਮਨ ਭਾਈ।
ਤਬਿ ਸਤਿਗੁਰ ਦੀਨਸਿ ਉਪਦੇਸ਼।
'ਸੱਤਿਨਾਮ ਭਜਿ ਹਰਹੁ ਕਲੇਸ਼ ॥੨੩॥
ਸਤਿਗੁਰ ਸੋਂ ਸਨਮੁਖ ਨਿਤ ਰਹੋ।
ਸੇਵਹੁ ਸਿੱਖਨ ਕੋ ਸੁਖ ਲਹੋ।
ਅੰਤਹਕਰਣ ਸ਼ੁੱਧ ਹੁਇ ਜਾਇ।
ਆਤਮ ਗਜ਼ਾਨ ਰਿਦੇ ਮਹੁਂ ਪਾਇਂ ॥੨੪॥
ਅੰਤ ਸਮੇਂ ਮਹਿਂ ਬੰਧ ਨਿਕੰਦ[੨]।
ਮੁਕਤਿ ਹੋਇ ਕਰਿ ਮਿਲਹੁ ਅਨੰਦ।'
ਸਿਮਰਨ ਕਰਨ ਲਗੇ ਸਤਿਨਾਮੂ।
ਕਿਤਿਕ ਦਿਵਸ ਮਹਿਂ ਪਹੁੰਚੇ ਧਾਮੂ ॥੨੫॥
ਗੁਰ ਕੋ ਕਹਜੋ ਹੋਨਿ ਪੁਨ ਲਾਗਜੋ।
ਸਰਬ ਸਮਾਜ[੩] ਨਾਸ਼ ਹ੍ਵੈ ਭਾਗਜੋ।
ਤੁਰੰਗ, ਮਹਿਖ[੪], ਧਨ ਭਯੋ ਬਿਨਾਸ਼।
ਲਗੇ ਸ਼ਰੀਕ ਕਰਨ ਉਪਹਾਸ ॥੨੬॥
ਗ੍ਰਾਮ ਨਾਰ ਨਰ ਸਭਿ ਤਬਿ ਕਹਜੋ।
'ਪੀਰ ਮਾਰ ਤੇ ਸਭਿ ਕਿਛ ਦਹਜੋ[੫]।
ਗੁਰ ਕੀ ਸਿੱਖੀ ਜਬਿ ਤੇ ਲੀਨ।
ਤਬਿ ਤੇ ਹੋਯਹੁ ਸਭਿ ਕਿਛੁ ਹੀਨ' ॥੨੭॥

---

[੧](ਮੰਞ ਜੀ) ਆਏ।
[੨]ਫਾਹੀਆਂ ਨੂੰ ਕੱਟਕੇ।
[੩]ਸਾਮਾਨ।
[੪]ਘੋੜੇ ਤੇ ਮੱਝੀਆਂ।
[੫]ਪੀਰ (ਦੇ ਗੁੱਸੇ ਦੀ) ਮਾਰ ਤੋਂ ਤੇਰਾ ਸਭ ਕੁਛ ਸੜ ਗਿਆ ਹੈ।

ਸਭਿ ਨੇ ਮਿਲਿ ਸੁ ਮੰਞ ਸਮਝਾਯੋ।
'ਪੀਰ ਕੋਪ ਕਰਿ ਸਕਲ ਗਵਾਯੋ।
ਗੁਰ ਸਿੱਖੀ ਤਜਿ, ਪੁਨ ਕਰ ਜੋਰਿ।
ਬਖਸ਼ਹਿ ਤੁਝ ਕੋ ਪੀਰ ਨਿਹੋਰ[1]' ॥੨੮॥
ਸੁਨਤਿ ਮੰਞ ਨੇ ਬਾਕ ਉਚਾਰੇ।
'ਮੈਂ ਸਿਖ ਭਾ ਅਬਿ ਸਤਿਗੁਰੁ ਦੁਆਰੇ।
ਕੂਰ ਪਦਾਰਥ ਕਾਮ[*] ਨ ਮੇਰੇ।
ਲੇਉਂ ਮੁਕਤਿ ਹੁਇ ਅਨੰਦ ਘਨੇਰੇ ॥੨੯॥
ਗੁਰ ਤੇ ਹੀ ਅਬਿ ਸਭਿ ਕਿਛ ਹੋਈ।
ਪੀਰ ਮੀਰ ਸੋਂ ਕਾਮ ਨ ਕੋਈ।'
ਪੰਚ ਗ੍ਰਾਮ ਕੇ[2] ਸੁਨਿ ਸਭਿ ਜਾਨੀ।
-ਮੰਞ ਮਹਾਂ ਮੂਰਖ ਅੱਗਜਾਨੀ- ॥੩੦॥
ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ।
ਸਰਬ ਸ਼ਰੀਕਨਿ ਦੀਨ ਨਿਕਾਰੀ।
ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ[3]।
ਰਹਜੋ ਜਾਇ ਕਿਸਿ ਪੁਰੀ ਮਝਾਰਾ ॥੩੧॥
ਘਾਸ ਖੋਦਿ ਤਹਿਂ ਬੇਚਨ ਲਾਗਜੋ।
ਨਿਸੁ ਦਿਨੁ ਰਹੈ ਪ੍ਰੇਮ ਗੁਰੁ ਪਾਗਜੋ।
ਚਾਰ ਭਾਗ ਕਰਿ ਲਜਾਇ ਨਿਕੇਤ।
ਇਕ ਸੋ ਦੇਤਿ ਨੀਤਿ ਗੁਰ ਹੇਤ ॥੩੨॥
ਤੀਨ ਭਾਗ ਤੇ ਕਰਹਿ ਗੁਜ਼ਾਰਾ।
ਖੋਦ ਘਾਸੁ ਕੋ ਬੇਚਿ ਬਜਾਰਾ।
ਕਰਜੋ ਬਿਤੀਤਨ ਕੇਤਿਕ ਕਾਲ।
ਸਿਮਰਜੋ ਤਬਿ ਸ਼੍ਰੀ ਗੁਰੂ ਕ੍ਰਿਪਾਲ ॥੩੩॥
ਏਕ ਮੇਵੜਾ[4] ਗੁਰੂ ਬੁਲਾਯਹੁ।
ਹੁਕਮਨਾਮ ਦੇ ਤਿਹ ਸਮਝਾਯਹੁ।
'ਇਕ ਸਿਖ ਮੰਞ ਸੁ ਅਮਕੇ ਪੁਰਿ ਮੈਂ।
ਬਿਪਦਾ ਪਰੀ ਨਹੀਂ ਕਛੁ ਘਰ ਮੈਂ ॥੩੪॥

---

[1]ਪੀਰ ਨੂੰ ਮਨਾ।
[*]ਪਾ:-ਕਾਜ।
[2]ਪਿੰਡ ਦੇ ਪੈਂਚਾਂ ਨੇ।
[3]ਇਸਤ੍ਰੀ।
[4]ਹਲਕਾਰਾ, ਅਰਦਾਸੀਆ।

ਬੇਚਤਿ ਘਾਸ ਜੀਵਕਾ ਕਰੈ।
ਗਮਨਹੁੰ ਤਿਸੁ ਢਿਗੁ ਜੇ ਮਿਲਿ ਪਰੈ।
ਲੇਹੁ ਰਜਤਪਣ ਇਕ ਬਿੰਸਤ ਤਹਿੰ[1]।
ਦੇਹੁ ਹੁਕਮਨਾਮਾ ਪੁਨ ਕਰ ਮਹਿੰ' ॥੩੫॥
ਹੁਕਮ ਮੇਵੜਾ ਲੇ ਕਰਿ ਗਯੋ।
ਬੇਚਤਿ ਘਾਸ ਬਿਲੋਕਤਿ ਭਯੋ।
'ਪੈਰੀ ਪਵਨਾ' ਮੰਵ ਸੁਨਾਯਹੁ।
'ਤੁਝ ਪਰ ਹੁਕਮ ਗੁਰੂ ਕੋ ਆਯਹੁ' ॥੩੬॥
ਸੁਨਤਿ ਪ੍ਰੇਮ ਤੇ ਗਦ ਗਦ ਹੋਵਾ।
ਭਯੋ ਪ੍ਰਸੰਨ ਗੁਰੂ ਸਿੱਖ ਜੋਵਾ।
ਬਾਰਬਾਰ ਕਰਿ 'ਨਮੋ' ਉਚਾਰੇ।
'ਧੰਨ ਧੰਨ ਬਡ ਭਾਗ ਹਮਾਰੇ ॥੩੭॥
ਜਿਸ ਤੇ ਸਤਿਗੁਰ ਸਿਮਰਯੋ ਮੋਹਿ।
ਹੁਕਮੁ ਦਿਖਾਵਹੁ ਮਮ ਸੁਖ ਹੋਹਿ।
ਹੇਰਿ ਹੇਰਿ ਦ੍ਰਿਗ ਸੀਤਲ ਕਰੌਂ।
ਪੁਨ ਜਿਮ ਲਿਖ੍ਯੋ ਸੀਸ ਤਿਸੁ ਧਰੌਂ' ॥੩੮॥
ਸੁਨਤਿ ਮੇਵੜੇ ਕੀਨ ਬਖਾਨ।
'ਦੇਹੁ ਰਜਤਪਣ ਇਕੀਸੁ ਆਨਿ।
ਲੇਹੁ ਹੁਕਮਨਾਮਾ ਪੁਨ ਪਾਛੇ।
ਗੁਰ ਆਗਯਾ ਇਮ ਹੈ ਸੁਖ ਬਾਂਛੇ' ॥੩੯॥
ਸੁਨਤਿ ਮੰਵ ਅਤਿ ਉਤਸਵ ਠਾਟੇ।
-ਸਤਿਗੁਰ ਮਿਲਿਤਿ ਸੀਸ ਕੇ ਸਾਟੇ[2]।
ਇਹੁ ਤੌ ਅਲਪ ਬਾਤ ਹੈ ਕਹਾਂ।
ਸੌਦਾ ਅਮਿਤ, ਮੋਲ ਲਘੁ ਅਹਾ[3]- ॥੪੦॥
ਸਦਨ ਮੇਵੜੇ ਕੋ ਲੇ ਗਯੋ।
ਨਿਜ ਦਾਰਾ ਸੰਗ ਭਾਖਤਿ ਭਯੋ।
'ਹਮ ਪਰ ਗੁਰੁ ਕੋ ਹੁਕਮ ਸੁ ਆਯੋ।
ਦਰਬ ਬਿਨਾਂ ਸੋ ਹਾਥ ਨ ਪਾਯੋ ॥੪੧॥
ਕਹੁ ਅਬਿ ਕੌਨ ਜਤਨ ਕੋ ਕੀਜਹਿ।

---

[1]ਰੁਪਯੇ ਇਕੀਸ ਤਿਸ ਪਾਸੋਂ।
[2]ਬਦਲੇ।
[3]ਥੋੜਾ ਹੈ।

ਦੇਕਰਿ ਧਨ ਤਿਹ ਹੇਰਿ ਸੁ ਲੀਜਹਿ।'
ਸੁਨਿ ਸਿਖਨੀ ਤਿਹ ਧੀਰਜ ਦੀਨਿ।
'ਸੁਗਮ ਬਾਤ, ਕਸੋਂ ਚਿੰਤਾ ਕੀਨਿ ॥੪੨॥
ਹਮਰੇ ਕੰਨਜਾਂ ਅਹੈ ਕੁਮਾਰੀ।
ਤਿਹ ਚਾਹਤਿ, ਜਿਹ ਘਰ ਸਿਰਦਾਰੀ।
ਜਿਤਿਕ ਮੇਵੜਾ ਜਾਚਹਿ ਦਰਬ।
ਰਾਖਹੁ ਸਿੱਖੀ, ਲੇ ਦਿਹੁ ਸਰਬ ॥੪੩॥
ਇਹੁ ਕੰਨਜਾ ਬਡ ਭਾਗ ਸੁਹਾਈ।
ਗੁਰੂ ਅਰਥ ਜੇ ਹੋਹਿ ਸਗਾਈ।'
ਇਮ ਕਹਿ ਤਿਨਿ ਕੇ ਗ੍ਰਿਹ ਚਲਿ ਗਈ।
ਕਿਯੋ ਸਬੰਧ ਖੁਸ਼ੀ ਬਡ ਭਈ ॥੪੪॥
ਦੈਬੋ ਜਿਤਿਕ ਤਿਤਿਕ ਧਨ ਲਜਾਈ।
ਪਤਿ ਆਗੇ ਧਰਿ ਚਿੰਤ ਮਿਟਾਈ।
ਹੇਰਿ ਦਰਬ ਕੋ ਲੇ ਕਰਿ ਹਾਥ।
ਦਿਏ ਮੇਵੜੇ ਕੋ ਟਿਕ ਮਾਥ[1] ॥੪੫॥
ਲੀਨ ਹੁਕਮ ਨਾਮਾ ਆਨੰਦਯੋ।
ਧਰਿ ਕਰਿ ਮਸਤਕ ਪੁਨ ਪੁਨ ਬੰਦਯੋ।
ਅਤਿ ਪ੍ਰਸੰਨਤਾ ਚਿਤ ਉਪਜਾਈ।
ਜਨੁ ਗੁਰ ਮਿਲੇ ਪ੍ਰੇਮ ਅਧਿਕਾਈ ॥੪੬॥
ਬਹੁਰੋ ਘਾਸ ਬੇਚ ਕਰਿ ਆਯਹੁ।
ਅਨਿਕ ਪ੍ਰਕਾਰ ਅਹਾਰ ਖਵਾਯਹੁ।
ਨਿਸ ਮਹਿਂ ਸੇਵਾ ਕੀਨਿ ਬਨਾਇ।
ਗੁਰੂ ਬਾਰਤਾ ਬੂਝ ਰਹਾਇ[2] ॥੪੭॥
ਭਈ ਪ੍ਰਾਤਿ ਗੁਰ ਸਿਮਰਤਿ ਜਾਗੇ।
ਮਨ ਮਹੁਂ ਪ੍ਰੇਮ ਰੰਗ ਕਰਿ ਪਾਗੇ।
ਕਰਯੋ ਮੇਵੜਾ ਬਿਦਾ ਉਚਾਰੀ*।
'ਨਮਹੁ ਕਰਹੁ ਗੁਰ ਕੇਰ ਅਗਾਰੀ' ॥੪੮॥
ਬਹੁਰ ਘਾਸ ਕੋ ਆਪ ਸਿਧਾਰਾ।
ਸਿਮਰਤਿ ਸਤਿਗੁਰ ਨਾਮ ਸੁਖਾਰਾ।

---
[1]ਟੇਕ ਕੇ ਮੱਥਾ।
[2]ਪੁੱਛਦਾ ਰਿਹਾ।
* ਪਾ:-ਅਗਾਰੀ।

ਬੇਚਹਿ ਘਾਸ ਜੀਵਕਾ ਕਰਿਹੀ।
ਮਨ ਬਿਕਾਰ ਸਗਰੇ ਪਰਿਹਰਹੀ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਮੰਞ ਕੋ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥੪੩॥

੪੪. [ਭਾਈ ਮੰਵ-ਜਾਰੀ]

੪੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੫

ਦੋਹਰਾ: ਘਾਸ ਖੋਦ ਬੇਚਨ ਕਰਹਿ,
ਉਦਰ ਪੂਰਿਬੇ ਹੇਤ।
ਦਿਢ ਸਿੱਖੀ ਜਿਸ ਕੇ ਰਿਦੈ,
ਗੁਰੂ ਕਸੌਟੀ ਦੇਤਿ[੧] ॥੧॥
ਚੌਪਈ: ਪੁਨਿ ਕੇਤਿਕ ਜਬਿ ਕਾਲ ਬਿਤਾਵਾ।
ਮਨ ਅਡੋਲ ਜਿਸਿ ਕੋ ਦ੍ਰਿਸ਼ਟਾਵਾ।
ਸਤਿਗੁਰ ਬਹੁਰ ਮੇਵੜਾ ਭੇਜਾ।
ਕਹ੍ਯੋ 'ਹੁਕਮਨਾਮਾ ਇਹ ਲੇ ਜਾ ॥੨॥
ਪ੍ਰਥਮ ਰਜਤਪਣ ਇਕੀਸੁ ਲੇਹੁ।
ਬਹੁਰ ਹੁਕਮਨਾਮਾ ਤਿਸ ਦੇਹੁ।'
ਸਤਿਗੁਰ ਆਇਸੁ ਤੇ ਮਗ ਚਲ੍ਯੋ।
ਆਇ ਪੁਰੀ ਮਹਿਂ ਮੰਵ ਸੁ ਮਿਲ੍ਯੋ ॥੩॥
ਦੇਖਤਿ ਹੋਯਹੁ ਹਰਖ ਬਿਸਾਲਾ।
'ਸਤਿਗੁਰ ਮੋ ਕਹੁ ਕੀਨਿ ਨਿਹਾਲਾ।
ਚਲਹੁ ਸਦਨ ਮੈਂ ਪਦ ਨਿਜ ਪਾਵਹੁ।
ਗੁਰੂ ਹੁਕਮ ਪੁਨ ਮੋਹਿ ਦਿਖਾਵਹੁ' ॥੪॥
ਸਨਮਾਨਿਤ ਗ੍ਰਿਹ ਮੈਂ ਲੇ ਗਯੋ।
ਮੰਚ ਡਸਾਇ ਬਿਠਾਵਨ[*] ਕਯੋ।
ਕਹ੍ਯੋ ਮੇਵੜੇ 'ਇਮਿ ਸੁਨਿ ਲੇਹੁ।
ਪ੍ਰਥਮ ਇਕੀਸ ਰਜਤਪਣ ਦੇਹੁ ॥੫॥
ਪੀਛੇ ਹੁਕਮ ਗੁਰੂ ਕੋ ਦੇਖਿ।
ਕੀਜਹਿ ਅਪਨੇ ਹਰਖ ਵਿਸ਼ੇਖ।'
ਸੁਨਤਿ ਮੰਵ ਨੇ ਆਨੰਦ ਠਾਨ੍ਯੋ।
-ਮੁਝ ਕੋ ਗੁਰੁ ਅਪਨੋ ਕਰਿ ਜਾਨ੍ਯੋ- ॥੬॥
ਨਿਜ ਦਾਰਾ ਕੋ ਸਕਲ ਸੁਨਾਵਾ।
'ਗੁਰ ਕੋ ਬਹੁਰ ਮੇਵੜਾ ਆਵਾ।
ਭੇਟ ਇਕੀਸ ਰੁਪੱਯਨ[+] ਕਹੈ।

---

[੧]ਭਾਵ ਪ੍ਰੀਖਯਾ ਕਰਦੇ ਹਨ।
[*]ਪਾ:-ਡਾਸ ਬੈਠਾਵਨਿ।
[+]ਪਾ:-ਅਪਨੀ।

ਬਹੁਰ ਹੁਕਮ ਕੋ ਦੈਬੋ ਚਹੈ' ॥੭॥
ਸੁਨਤਿ ਸਿੱਖਨੀ ਭਈ ਪ੍ਰਸੰਨ।
ਕਹਤਿ ਭਈ 'ਮਾਨਹੁਂ ਨਿਜ[1] ਧੰਨ।
ਸਿਮਰਤਿ ਹੈਂ ਸਤਿਗੁਰ ਤੁਝ ਤਾਈਂ।
ਜਾਨ ਆਪਨੋ ਦਯਾ ਕਰਾਈ ॥੮॥
ਸੁਗਮ ਬਾਤ ਤੁਝ ਸੋਂ ਇਕ ਭਾਖੌਂ।
ਅਬਿ ਗਿਰਵੀ[2]** ਮੁਝ ਕੋ ਕਿਤ ਰਾਖੋ।
ਟਹਿਲ ਕਰਹੁਂ ਤਿਸ ਕੀ ਚਿਤ ਲਾਇ।
ਚਹਿਯਤਿ ਧਨੁ ਤਹਿਂ ਤੇ ਲੈ ਆਇ' ॥੯॥
ਮੰਵ ਸੁਨਤਿ ਸੋਈ ਬਿਧਿ ਕੀਨਿ।
ਗਿਰਵੀ ਰਾਖ ਦਰਬ ਸੋ¶ ਲੀਨਿ।
ਦੀਨ ਮੇਵੜੇ ਕੋ ਹਰਖਾਇ।
ਲਯੋ ਹੁਕਮ ਨਾਮਾ ਸੁਖ ਪਾਇ ॥੧੦॥
ਪਢ੍ਯੋ ਸੁ 'ਗੁਰ ਨੇ ਨਿਕਟਿ ਹਕਾਰਾ।'
ਸਰਬ ਸੁਨਾਇ ਆਪਨੀ ਦਾਰਾ।
'ਮੈਂ ਗੁਰ ਕੀ ਸੇਵਾ ਹਿਤ ਜਾਵੌਂ।
ਪਾਸ ਰਹੌਂ ਸਭਿ ਰੀਤ ਰਿਝਾਵੌਂ ॥੧੧॥
ਹੋਹਿਂ ਕ੍ਰਿਪਾਲ ਨਿਹਾਲ ਕਰੈਹੈਂ।
ਤਬਿ ਮੈਂ ਤੁਝ ਸੋਂ ਮੇਲ ਬਨੈ ਹੈ[3]।'
ਯਹਿ ਮਸਲਤ ਕਰਿ ਬੇਚ੍ਯੋ ਘਾਸੁ।
ਭੋਜਨ ਆਨ੍ਯੋ ਅਪਨ ਅਵਾਸ ॥੧੨॥
ਕਰ੍ਯੋ ਮੇਵੜੇ ਤਬਹਿ ਅਹਾਰਾ।

---

[1]ਆਪ ਨੂੰ।
[2]ਗਹਿਣੇ।
**ਇਸ ਸਮੇਂ ਇਕ ਦਸਤੂਰ ਸੀ ਕਿ ਜੇ ਕਿਸੇ ਪਾਸ ਗਹਿਣੇ ਰੱਖਣ ਨੂੰ ਕੁਛ ਨਾ ਹੋਵੇ ਤੇ ਉਧਾਰ ਲੈਣਾ ਹੋਵੇ ਤਾਂ ਕਦੇ ਆਪਣੀ ਇੱਜ਼ਤ, ਕਦੇ ਆਪਣਾ ਕੋਈ ਪਜਾਰਾ ਸੁਭਾਵ, ਕਦੇ ਆਪਣੀ ਸੇਵਾ ਗਹਿਣੇ ਰੱਖਦੇ ਸਨ, ਚੂੰਕਿ ਲੋਕਾਂ ਵਿਚ ਝੂਠ ਅੱਜ ਕਲ ਵਾਂਗੂੰ ਨਹੀਂ ਸੀ ਤੇ ਕਰਜ਼ੇ ਦੀ ਅਦਾਇਗੀ ਪੁੱਤਰ ਪੋਤਿਆਂ ਤੱਕ ਕਰਦੇ ਸਨ, ਇਹ ਰਿਵਾਜ ਕਾਫੀ ਕਾਮਯਾਬ ਸੀ। ਜਿਵੇਂ ਨਰਸੀ ਭਗਤ ਨੇ ਕਦੇ ਲੋੜ ਵੇਲੇ ਕਿਦਾਰਾ ਰਾਗ ਗਹਿਣੇ ਰਖਿਆ ਸੀ, ਤਿਵੇਂ ਮੰਵ ਦੀ ਵਹੁਟੀ ਨੇ ਰੁਪਏ ਹੁਧਾਰੇ ਲਏ ਨੌਕਰੀ ਬਦਲੇ ਰੁਪਏ ਦੇਣ ਵਾਲੇ ਦੇ ਘਰ ਜਾ ਕੇ ਰੋਟੀ ਪਾਣੀ ਦੀ ਸੇਵਾ ਕਰ ਆਉਣੀ, ਜਿੰਨੇ ਚਿਰ ਦਾ ਸੰਕੇਤ ਹੋ ਗਿਆ ਕਿ ਦਿੱਤੇ ਰੁਪਏ ਉਸ ਦੀ ਤਨਖਾਹ ਨਾਲ ਪੂਰੇ ਹੋ ਜਾਣਗੇ ਉੱਨਾਂ ਚਿਰ ਸੇਵਾ ਕਰ ਦੇਣੀ, ਜਿਵੇਂ ਅੱਜ ਕਲ ਬੀ ਕਈ ਕਮਾਮਾਂ ਦੇ ਨੌਕਰ ਤੇ ਮਜ਼ਦੂਰ ਪੇਸ਼ਗੀਆਂ ਲੈ ਕੇ ਕੰਮ ਕਰਦੇ ਹਨ ਤੇ ਪੇਸ਼ਗੀ ਲਈ ਰਕਮ ਤਨਖਾਹ ਵਿਚ ਮੁਜਰੇ ਦੇਂਦੇ ਹਨ।
¶ਪਾ:-ਕੋ।
[3]ਭਾਵ ਫਿਰ ਮੈਂ ਤੈਨੂੰ ਆ ਮਿਲਾਂਗਾ।

ਅਚਜੋ, ਸੁਪਤਿ ਭਾ ਨਿਸਾ ਮਝਾਰਾ।
ਉਠਿ ਪ੍ਰਭਾਤਿ ਤਿਸ ਕੇ ਸੰਗ ਚਾਲਾ।
ਜਹਾਂ ਬਿਰਾਜਹਿਂ ਪ੍ਰਭੁ ਕ੍ਰਿਪਾਲਾ ॥੧੩॥
ਜਾਇ ਗੁਰੂ ਕੋ ਦਰਸੁ ਬਿਲੋਕਜੋ।
ਉਮਗਜੋ ਪ੍ਰੇਮ ਕੰਠ ਜਿਨ ਰੋਕਜੋ।
ਸਤਿਗੁਰ ਨਿਜ ਰੁਖ਼ ਨਹੀਂ ਜਨਾਇਵ।
ਔਰ ਸਾਥ ਕਹਿ ਸੇਵਾ ਲਾਇਵ ॥੧੪॥
ਦੇਗ ਹੇਤੁ ਸਮਧਾ[1] ਨਿਤਿ ਲਜਾਵੈ।
ਭਯੋ ਪ੍ਰਸੰਨ ਗੁਰੂ ਜਿਮ ਭਾਵੈ।
ਵਹਿਰ ਜਾਇ ਨਿਤ ਈਂਧਨ ਆਨੈ।
ਸ਼ੁਸ਼ਕ ਭਾਰ ਭਾਰੀ ਤਿਸ ਥਾਨੈ ॥੧੫॥
ਗੁਰ ਲੰਗਰ ਮਹਿਂ ਦੇਵਹਿ ਆਨਿ।
ਭੋਜਨ ਖਾਇ ਕਰਹਿ ਗੁਜ਼ਰਾਨ।
ਪ੍ਰੇਮ ਲਗਨ ਮਹਿਂ ਰਹੈ ਨਿਮਗਨ।
ਰਿਦੈ ਬਿਕਾਰ ਕਰੇ ਸਭਿ ਭਗਨ ॥੧੬॥
ਕੇਤਿਕ ਦਜੋਸ ਬਿਤੀਤੇ ਤਬੈ।
ਅੰਤਰਯਾਮੀ ਬੂਝਜੋ ਤਬੈ।
'ਮੰਵ ਸਿੱਖ ਇਸ ਥਲ ਜੋ ਆਵਾ।
ਕਜਾ ਸੋ ਕਰਹਿ, ਕਹਾਂ ਸੋ ਖਾਵਾ?' ॥੧੭॥
ਇਕ ਸਿਖ ਨੇ ਬਿਰਤੰਤੁ ਸੁਨਾਯੋ।
'ਜਬਿ ਕੋ ਇਹਾਂ ਸਿੱਖ ਸੋ ਆਯੋ।
ਈਂਧਨ ਕੋ ਸਕੇਲ ਬਹੁ ਲਜਾਵਹਿ।
ਲੰਗਰ ਤੇ ਭੋਜਨ ਕੋ ਖਾਵਹਿ' ॥੧੮॥
ਭਯੋ ਹੁਕਮ 'ਸੇਵਾ ਮਹਿਂ ਖਾਮੀ[2]।
ਕਰਤਿ ਬਿਗਾਰਨ ਅਪਨੋ ਕਾਮੀ[3]।
ਅਚਹਿ ਅਹਾਰ ਮਜੂਰੀ ਸਮ ਹੁਇ।
ਤੁਰਤ ਰਿਦੈ ਕੀ ਮਲ ਕੋ ਨਹਿਂ ਖੁਇ ॥੧੯॥
ਕਹੂੰ ਅਪਰ ਤੇ ਭੋਜਨ ਖਾਇ।
ਗੁਰ ਲੰਗਰ ਕੀ ਸੇਵ ਕਮਾਇ।

---

[1]ਬਾਲਣ।
[2]ਕਚਿਆਈ ਹੈ।
[3]ਕੰਮ।

ਜਿਤੋ ਅਹਾਰ ਕਹੂੰ ਤੇ ਪਾਵਹਿ।
ਦੇਹਿ ਅਪਰ ਕੋ ਲਘੁ ਨਿਜ ਖਾਵਹਿ[੧]' ॥੨੦॥
ਸਿੱਖ ਨੇ ਤਿਸੇ ਹਟਾਯਹੁ ਤੈਸੇ।
ਕਰਨ ਲਗਯੋ ਤਿਮਿ, ਕਹਿਂ ਗੁਰ ਜੈਸੇ।
ਸਿੱਖਜਨ ਤੇ ਜਾਚਹਿ ਅਰੁ ਖਾਇ।
ਸਭਿ ਦਿਨ ਲੰਗਰ ਸੇਵ ਕਮਾਇ ॥੨੧॥
ਅਲਪ ਅਹਾਰ ਖਾਇ, ਦੇ ਆਨ[੨]।
ਮਨ ਅਪਨੇ ਦ੍ਰਿਢ ਨਿਸ਼ਚੈ ਠਾਨਿ।
ਭਯੋ ਸਰੀਰ ਸੁ ਦੁਰਬਲ ਛੀਨ[੩]।
ਗੁਰ ਕੋ ਪ੍ਰੇਮ ਰਿਦੈ ਦ੍ਰਿਢ ਪੀਨ[੪] ॥੨੨॥
ਇਕ ਦਿਨ ਸਤਿਗੁਰ ਨਿਕਟਿ ਬੁਲਾਵਾ।
ਬਹੁ ਪ੍ਰਕਾਰ ਤੇ ਤਿਹ ਸਮਝਾਵਾ।
'ਤੈਂ ਅਪੁਨੀ ਸਭਿ ਵਸਤੁ ਗਵਾਈ।
ਮਹਿਖੀ ਧੇਨ ਲੁਟੀ ਸਮੁਦਾਈ ॥੨੩॥
ਸਰਬ ਸ਼ਰੀਕਨਿ ਨਿੰਦ ਉਚਾਰੀ।
-ਇਨ ਸਰਵਰ ਕੀ ਮਨਤ[੫] ਬਿਸਾਰੀ।
ਢਾਹੁ ਮੁਕਾਮ ਕਾਮ ਕਿਯ ਬੁਰੋ।
ਸੋ ਅਬਿ ਇਸ ਕੇ ਗਰ ਮਹਿਂ ਪਰੋ ॥੨੪॥
ਖੀਨ ਪਦਾਰਥ ਘਰ ਕੇ ਹੋਏ।
ਦੁਖ ਪਾਯੋ ਘਰ ਊਜਰ ਜੋਏ-।
ਜਾਇ ਉਪਾਇ ਕਰੋ ਅਬਿ ਕੋਈ[*]।
ਕੈ ਨਿਜ ਪੀਰ ਮਾਨੀਏ ਸੋਈ' ॥੨੫॥
ਸੁਨਿ ਕੈ ਹਾਥ ਜੋਰਿ ਤਬਿ ਕਹਯੋ[੬]।
'ਸੱਤਜਨਾਮ ਧਨ ਮੈਂ ਸ਼ੁਭਿ ਲਹਯੋ।
ਹਾਕਮ ਲੇਇ ਨ ਚੋਰਯੋ[੭] ਜਾਇ।

---
[੧]ਹੋਰਨਾਂ ਨੂੰ ਦੇਕੇ ਥੋੜਾ ਆਪ ਖਾਵੇ।
[੨]ਬਾਕੀ ਦਾ ਹੋਰ ਨੂੰ ਦੇ ਦੇਵੇ।
[੩]ਕਮਜ਼ੋਰ ਤੇ ਲਿੱਸਾ।
[੪]ਬਹੁਤ ਤਕੜਾ।
[੫]ਮੰਨਤਾ, ਪੂਜਾ।
[*]ਪਾ:-ਕੀਜੀਏ ਕੋਈ।
[੬]ਮੰਝ ਨੇ ਕਿਹਾ।
[੭]ਚੁਰਾਇਆ।

ਜਲ ਮਹਿਂ ਗਲੈ ਨ ਅਗਨਿ ਜਲਾਇ ॥੨੬॥
ਬੰਟੇ[੧] ਬਹੁਤ ਨਿਖੂਟਹਿ ਨਾਂਹੀ।
ਕਰਹਿ ਸਹਾਇ ਮਰਣਿ ਦੁਖ ਮਾਂਹੀ।
ਸੋ ਮੈਂ ਨਿਸ ਦਿਨ ਰਿਦੈ ਸੰਭਾਰ੍ਯੋ।
ਪਛੁਤਾਵਹੁਂ, ਬਯ ਬਹੁਤ ਬਿਸਾਰ੍ਯੋ[੨]' ॥੨੭॥
ਇਮੁ ਕਹਿ ਬੰਦਨ ਕਰਿ ਤਬਿ ਗਯੋ।
ਸੇਵਾ ਬਿਖੈ ਜਾਇ ਮਨ ਦਯੋ।
ਕਾਸ਼ਟ ਸ਼ੁਸ਼ਕ ਭਾਰ ਕੋ ਲ੍ਯਾਵੈ।
ਸਭਿ ਲੰਗਰ ਕੀ ਕਾਰ ਚਲਾਵੈ ॥੨੮॥
ਇਕ ਦਿਨ ਵਹਿਰ ਗਯੋ ਹਿਤ ਦਾਰ[੩]।
ਬੀਨਿ ਬੀਨਿ ਕਰਿ ਬੰਧ੍ਯੋ ਭਾਰ।
ਨਹਿਂ ਪਹੁਂਚ੍ਯੋ ਉਠਵਾਵਨ ਵਾਰੋ।
ਘਟੀ ਚਾਰ ਵਧਿ ਲਗੀ ਅਵਾਰੋ[੪] ॥੨੯॥
ਧਰਿ ਸਿਰ ਪਰ ਜਬਿ ਪੁਰਿ ਕੋ ਗਮਨਾ।
ਉਠੀ ਅੰਧੇਰੀ ਭੀਖਨ ਪਵਨਾ।
ਕੰਕਰ ਸਿਕਤਾ ਖੈਂਚਤਿ ਬਹ੍ਯੋ।
ਅੰਧਕਾਰ ਕਛੁ ਜਾਇ ਨ ਲਹ੍ਯੋ ॥੩੦॥
ਸਨਮੁਖ ਪੌਨ ਹਟਾਇ ਪਿਛਾਰੀ[੫]।
ਭਾਰ ਸਮ੍ਹਾਰਤਿ ਗਮਹਿ ਅਗਾਰੀ[੬]।
ਉਠੀ ਧੂਰ ਆਂਖਨ ਮਹਿਂ ਛਾਈ।
ਚਲਤ੍ਯੋ ਨਹਿਂ ਕੁਛ ਪਰਹਿ ਦਿਸਾਈ ॥੩੧॥
ਪਾਇ ਪੰਥ ਪਾਵਹਿ ਥਿਬਿ ਜਾਹਿ[੭+]।
ਚਲ੍ਯੋ ਆਇ ਬਡ ਸੰਕਟ ਮਾਂਹਿ[++]।
ਹੁਤੋ ਕੂਪ ਥੋਰੋ ਜਹਿਂ ਪਾਨੀ।
ਭਯੋ ਤਿਮਰ ਕੁਛਿ ਪਰਹਿ ਨ ਜਾਨੀ ॥੩੨॥

---

[੧]ਵੰਡਿਆਂ।
[੨](ਮੈਂ) ਭੁਲਾਈ ਰੱਖਿਆ (ਨਾਮ) ਹੈ।
[੩]ਲੱਕੜੀਆਂ ਵਾਸਤੇ।
[੪]ਦੇਰੀ।
[੫]ਸਾਹਮਣੀ ਹਵਾ ਪਿੱਛੋਂ ਨੂੰ ਧੱਕਾ ਮਾਰਦੀ ਹੈ।
[੬]ਸੰਭਾਲ ਕੇ ਤੁਰਦਾ ਹੈ ਅੱਗੇ।
[੭]ਰਸਤੇ ਵਿਚ ਪੈਰ ਧਰਦਾ ਹੈ ਤੇ ਉਹ ਥਿੜਕਦਾ ਜਾਂਦਾ ਹੈ।
[+]ਪਾ:-ਜਾਇ।
[++]ਪਾ:-ਪਾਇ।

ਗਿਰਜੋ ਮੰਞ ਤਿਸ ਕੇ ਬਿਚੁ ਜਾਇ।
ਸਿਰ ਪਰ ਸ਼ੁਸ਼ਕ ਕਾਠ ਸਮੁਦਾਇ।
ਭਾਰ ਸੰਭਾਰਜੋ ਸਿਰ ਪਰ ਰਖਯੋ।
-ਭੀਜ ਨ ਜਾਇ ਨੀਰ ਤੇ- ਲਖਯੋ ॥੩੩॥
-ਅਟਕਹਿ ਲੰਗਰ ਈਂਧਨ ਬਿਨਾਂ।
ਮੋ ਕਹੁ ਦੋਸ਼ ਹੋਇ ਹੈ ਘਨਾ-।
ਖਰੋ ਕੂਪ ਮਹਿਂ ਬਾਰਿ ਮਝਾਰ[1]।
ਸਿਮਰਹਿ -ਕਿਮ ਹੁਇ ਗੁਰੁਨਿ ਅਹਾਰ?- ॥੩੪॥
ਪ੍ਰੇਮ ਰੰਗ ਇਕ ਘੁਮਤਿ ਗੁਰ ਕੈ।
ਲੋਕ ਲਾਜ ਕੁਲ ਕਾਨ ਨਿਵਰਿ ਕੈ।
ਧਨੁ ਤ੍ਰਿਯ ਤਨੁਜਾ ਸੁਤ ਕੋ ਤਜਾਗ।
ਰਾਖਯੋ ਦ੍ਰਿੜ੍ਹ ਕਰਿ ਗੁਰ ਅਨੁਰਾਗ ॥੩੫॥
ਭੋਜਨ ਅਲਪ, ਅੰਗ ਦੁਰਲਭ ਹੈਂ।
ਗੁਰ ਪਗ ਪ੍ਰੇਮ ਧਰਜੋ ਬਡ ਬਲ ਹੈ[2]।
ਕਰੀ ਪ੍ਰੇਮ ਨੇ ਖੈਂਚ ਬਿਸਾਲ।
ਰਹਜੋ ਨ ਗਯੋ ਗੁਰੂ ਤਤਕਾਲ ॥੩੬॥
ਸੰਕਟ ਜਾਨਿ ਸਿੱਖ ਕਹੁ ਹੋਵਾ।
-ਕੂਪ ਬਾਰ ਸਿਰ ਭਾਰ ਖਰੋਵਾ।
ਬੀਤਹਿ ਇਸਹਿ ਜਾਮਨੀ ਸਾਰੀ।
ਖਰੋ ਰਹੈ ਨਹਿਂ ਭਾਰ ਉਤਾਰੀ- ॥੩੭॥
ਉਠੇ ਕ੍ਰਿਪਾਨਿਧਿ ਗਮਨੇ ਐਸੇ।
ਕੁੰਚਰ ਕੇ ਮੋਚਨ ਹਿਤ ਜੈਸੇ।
ਨੰਗੇ ਪਾਇ ਉਤਾਇਲ ਡਾਲਤਿ।
ਹਰਭਰਾਇ[3] ਨਹਿਂ ਵਸਤ੍ਰ ਸੰਭਾਲਤਿ ॥੩੮॥
ਦਾਸ ਉਪਾਨੈ[4] ਲੈ ਕਰਿ ਧਾਏ।
ਕੇਤਿਕ ਧਾਇ ਮਿਲੇ ਸੰਗ ਆਏ।
'ਦਾਮਨਿ ਆਨਹੁ[5]' ਹੁਕਮ ਕਰੰਤੇ।
ਤਹਿਂ ਸਤਿਗੁਰ ਪਹੁੰਚੇ ਉਤਲੰਤੇ ॥੩੯॥

---

[1]ਜਲ ਵਿਖੇ ਖੜਾ ਹੈ।
[2]ਗੁਰੂ ਚਰਨਾਂ ਦਾ ਪ੍ਰੇਮ ਰੂਪ ਵੱਡਾ ਬਲ ਧਾਰਿਆ ਹੈ।
[3]ਕਾਹਲੀ ਨਾਲ।
[4]ਜੋੜਾ।
[5]ਰੱਸੇ ਲਿਆਓ।

ਹੁਤੋ ਸਮੀਪ ਪਹੂੰਚੇ ਜਾਇ।
ਧਾਇ ਧਾਇ ਸਿਖ ਆਨਿ ਮਿਲਾਇ।
ਕੂਪ ਤੀਰ ਥਿਤ ਹੋਇ ਉਚਾਰਾ।
'ਕੌਨ ਅਹੈਂ ਤੂੰ ਕਸ਼ਟ ਮਝਾਰਾ? ॥੪੦॥
ਕਾਸ਼ਟ ਭਾਰੁ ਸੀਸ ਪਰ ਧਰਯੋ।
ਕਯੋਂ ਨਹਿਂ ਗੇਰਤਿ ਜਲ ਮਹਿਂ ਖਰਯੋ?'
ਕਹਯੋ 'ਮੰਞ ਹੈ ਮੇਰੋ ਨਾਮੁ।
ਸੇਵਕ ਸ਼੍ਰੀ ਸਤਿਗੁਰ ਕੇ ਧਾਮ' ॥੪੧॥
ਇਤਨੇ ਮਹਿਂ ਰੱਜੂ ਨਰ ਲਯਾਏ।
ਗੁਰ ਹਿਤ ਅਸੁਵਾਰੀ ਲੈ ਆਏ।
ਜ਼ੀਨ ਤੁਰੰਗ ਪਾਇ ਕਰਿ ਤੂਰਨ।
ਸਿਵਕਾ[1] ਲਯਾਏ ਜਹਿਂ ਗੁਰ ਪੂਰਨ ॥੪੨॥
ਦਾਮਨਿ ਕੂਪ ਬਿਖੈ ਲਟਕਾਈ।
ਕਹਯੋ ਕਿ 'ਗਹਿ ਆਵਹੁ ਉਪਰਾਈ[2]।'
[3]'ਪੂਰਬ ਭਾਰ ਨਿਕਾਸਨ ਕਰੋ।
ਰਹੈਂ ਸ਼ੁਸ਼ਕ ਨਹਿਂ ਜੇ ਅਬਿ ਧਰੌਂ ॥੪੩॥
ਪੁਨ ਪੀਛੇ ਮੁਝ ਲੇਹੁ ਨਿਕਾਸਿ।
ਲੇ ਈਂਧਨ ਚਲਿਹੌਂ ਗੁਰ ਪਾਸ।'
ਰੱਜੂ ਸੰਗਿ ਬੰਧਿ ਕਰਿ ਭਾਰਾ।
ਖੈਂਚ ਵਹਿਰ ਕੋ ਨਰਨਿ ਨਿਕਾਰਾ ॥੪੪॥
ਪੀਛੇ ਤੇ ਦਾਮਨਿ ਗਹਿ ਹਾਥ।
ਨਿਕਸਯੋ ਤਯਾਗ ਕੂਪ, ਬਲ ਸਾਥ।
ਸ਼੍ਰੀ ਅਰਜਨ ਠਾਂਢੇ ਢਿਗ ਦੇਖਿ।
ਪਾਇਨ ਪਰਯੋ ਸੁ ਪ੍ਰੇਮ ਵਿਸ਼ੇਖ ॥੪੫॥
[6]'ਇਹੁ ਕੁਛ ਨਈ ਨ ਰਾਵਰਿ ਬਾਤ।
ਸਿੱਖਨ ਕੇ ਸਹਾਇ ਦਿਨ ਰਾਤਿ।
ਗਜ ਕੌ ਕਸ਼ਟ ਭਯੋ ਜਬ ਭਾਰੀ।
ਕੁਸਮ ਅਰਪ ਕਰਿ ਕਰੀ ਗੁਹਾਰੀ[4] ॥੪੬॥

---

[1]ਪਾਲਕੀ।
[2]ਉੱਪਰ ਨੂੰ।
[3]ਮੰਞ ਬੋਲਿਆ।
[4]ਪੁਕਾਰ।

ਲਛਮੀ ਚਰਨਪਾਦਕਾ[1] ਛੋਰਿ।
ਤਜਿ ਖਗਪਤਿ[2] ਧਾਏ ਗਜ ਓਰ।
ਲੀਨ ਬਚਾਇ ਡੂਬ ਤੇ ਜਲ ਤੇ।
ਬਿਰਦ ਸੰਭਾਰਿ[3] ਸਹਾਇਕ ਬਲ ਤੇ ॥੪੭॥
ਨਹਿਂ ਸੇਵਕ ਦੁਖ ਸਕਹੁ ਸਹਾਰੀ।
ਸ਼ਕਤਿਹੀਨ ਹ੍ਵੈ ਸ਼ਰਨਿ ਤੁਮਾਰੀ।
ਲਾਜ ਦ੍ਰੋਪਤੀ ਕੀ ਰਖਿ ਲੀਨਸਿ।
ਅੰਬਰੀਕ ਕੋ ਨਿਰਭੈ ਦੀਨਸਿ ॥੪੮॥
ਗੁਨ ਰਾਵਰ ਕੇ ਕੌਨ ਗਿਨਾਵੈ।
ਜਿਨ ਕੌ ਸ਼ੇਸ਼ ਸਾਰਦਾ ਗਾਵੈਂ।'

[4]'ਮਾਂਗ ਮਾਂਗ ਭੋ ਮੰਢ! ਸੁਜਾਨਾ!
ਹਮ ਪ੍ਰਸੰਨ ਲਿਹੁ ਬਾਂਛਤਿ ਦਾਨਾ ॥੪੯॥
ਘਾਲ ਪਰੀ ਸਭਿ ਤੇਰੀ ਥਾਇਂ।
ਜਗਤ ਕਲੇਸ਼ ਛੁਟੇ ਸਮੁਦਾਇ।'

ਬੋਲਯੋ ਮੰਢ ਕਰੀ ਅਰਦਾਸ।
'ਇਹੀ ਮਾਂਗਹੌਂ ਰਾਵਰਿ ਪਾਸਿ ॥੫੦॥
ਸਭਿ ਤੈ ਰਹੌਂ ਅਜਾਚੀ[5] ਜੈਸੇ।
ਸੱਤਜਨਾਮ ਬਿਨੁ ਚਹੌਂ ਨ ਕੈਸੇ।
ਤੁਮਰੇ ਪਦ ਅਰਬਿੰਦ ਮਨਿੰਦ।
ਮਮ ਮਾਨਸ ਮਹਿਂ ਦਿਪਹੁ ਮੁਕੰਦ' ॥੫੧॥
ਸ੍ਰੀ ਅਰਜਨ ਸੁਨਿ ਪੁਨਹਿ ਬਖਾਨਾ।
'ਅਪਰ ਮਾਂਗਿ ਭੋ ਸਿੱਖ ਮਹਾਂਨਾ!'
[6]'ਗੁਰ ਜੀ ਦਾਸਨ ਪਰ ਅਸ ਭੀਰ[7]।
ਸਭਿ* ਨ ਸਕਹਿਂ ਸਹਿ ਹੋਇਂ ਅਧੀਰ[8]' ॥੫੨॥

---

[1]ਲਛਮੀ ਤੇ ਪਊਏ।
[2]ਗਰੁੜ।
[3]ਭਾਵ, ਇਹ ਗੱਲ ਯਾਦ ਕਰਕੇ ਕਿ ਤੁਹਾਡਾ ਬਿਰਦ ਭਗਤ ਵਛਲ ਹੈ।
[4] ਗੁਰੂ ਜੀ ਦਾ ਵਚਨ
[5]ਬੇਮੁਹਤਾਜ ਰਹਾਂ।
[6]ਮੰਢ ਬੋਲਿਆ।
[7]ਐਸੀ ਕਠਨਤਾ।
*ਪਾ:-ਸਹਿ।
[8]ਅਧੀਰਜ ਹੋ ਜਾਣਗੇ।
ਇਹ ਮੰਢ ਨੇ ਸਿੱਖਾਂ ਵਾਸਤੇ ਅਰਦਾਸ ਕੀਤੀ ਹੈ।

[1]'ਸੁਨਹੁ ਮੰਞ! ਕੰਚਨ ਮਲ ਮਿਲਿਯੋ।
ਘਟਹਿ[2] ਸੁ ਜਯੋਂ ਜਯੋਂ ਅਗਨੀ ਢਲਿਯੋ।
ਤਾਉਂ ਕਸੌਟੀ ਤੇ ਸੁਧਿ ਹੋਇ।
ਕੋਸ਼ ਬਿਖੈ ਲੇ ਪੱਯਤਿ ਸੋਇ ॥੫੩॥
ਜੋ ਸਤਿਗੁਰ ਕੇ ਸਿੱਖ ਉਦਾਰੇ।
ਮੋਖ ਕੋਸ਼ ਤੇ ਉਚਿਤ ਸੁਧਾਰੇ[3]।
ਕਰਿਯਤਿ ਹੈਂ ਸੋ ਅਪਨ ਸਰੂਪ।
ਜਿਸ ਮੇਂ ਪੱਯਤਿ ਅਨੰਦ ਅਨੂਪ ॥੫੪॥
ਇਹੁ ਭੀ ਦਯੋ ਔਰ ਲਿਹੁ ਜਾਚੇ।'
ਸੁਨਤਿ ਮੰਞ ਕਹਿ 'ਸ਼੍ਰੀ ਗੁਰ ਸਾਚੇ!
ਅਪਨੋ ਸਿਦਕ ਦਾਨ ਦਿਹੁ ਸੋਇ।
ਸਦਾ ਅਜਾਚੀ ਬ੍ਰਿਤਿ ਅਬਿ ਹੋਇ' ॥੫੫॥
ਇਮੁ ਕਹਿ ਚਰਨ ਬੰਦਨਾ ਠਾਨੀ।
ਪ੍ਰੇਮ ਬਿਖੈ ਮਤਿ ਬਹੁ ਮਸਤਾਨੀ।
ਸੁਨਿ ਸ਼੍ਰੀ ਅਰਜਨੁ ਜੀ ਤਿਸ ਕਾਲਾ।
ਸਿਖ ਕੀ ਮਹਿਮਾ ਕੀਨ ਬਿਸਾਲਾ ॥੫੬॥

ਸ੍ਰੀ ਮੁਖਵਾਕ ॥
ਮੰਞ ਪਿਆਰਾ ਗੁਰੂ ਨੂੰ ਗੁਰੁ ਮੰਞ ਪਿਆਰਾ॥
ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ[+]॥੧॥

ਚੌਪਈ: ਅੰਗ ਸੰਗਿ ਕਰਿ ਪ੍ਰੇਮ ਲਗਾਯਹੁ।
ਆਤਮ ਗਯਾਨ ਤੁਰਤ ਹੀ ਪਾਯਹੁ।
ਕਹਯੋ 'ਮੰਞ! ਤੂੰ ਅਬਿ ਗ੍ਰਿਹ ਜਾਇ।
ਹੇਤ ਗੁਰੂ ਕੇ ਦੇਗ ਚਲਾਇ ॥੫੭॥
ਨੌ ਨਿਧਿ ਸਿੱਧਿ ਅਠ ਰਹਿ ਪਾਈ।
ਕਰਹੁ ਸਮਾਜ ਜਿਤਿਕ ਮਨ ਭਾਈ।'
ਇਮੁ ਕਹਿ ਚਢਿ ਡੇਰਨ ਕਹੁ ਆਏ।
ਸਭਿ ਮਹਿਂ ਸੁਜਸੁ ਭਯੋ ਬਿਦਤਾਏ ॥੫੮॥
ਮੰਞ ਗਯੋ ਗ੍ਰਿਹ ਸਭਿ ਕੁਛ ਪਾਯੋ।
ਇਸਤ੍ਰੀ ਪੁਤ੍ਰ ਸੁਤਾ ਗੁਨ ਗਾਯੋ।

---

[1]ਗੁਰੂ ਜੀ ਨੇ ਕਿਹਾ।
[2]ਉਹ ਭਾਵ ਮੈਲ।
[3]ਮੁਕਤ ਰੂਪੀ ਖਜ਼ਾਨੇ ਦੇ ਯੋਗ ਹੋਣ ਲਈ ਸੁਧਾਰੀਦੇ ਹਨ।
[+]ਇਹ ਗੁਰੂ ਜੀ ਦੇ ਵਰ ਵਾਕ ਜਗਤ ਪ੍ਰਸਿੱਧ ਹਨ।

ਮਣ ਅਨੇਕ ਹੀ ਅੰਨ ਪਕਾਵੈ।
ਗੁਰੂ ਅਰਥ ਅਰਥੀਨ ਅਚਾਵੈ[1] ॥੫੯॥
ਸਰਬ ਪ੍ਰਵਾਰ ਸੰਗ ਸੁਖ ਪਾਇ।
ਭਯੋ ਮੁਕਤਿ ਗੁਰ ਕੇ ਗੁਨ ਗਾਇ।
ਸਹਜੋ ਕਸੌਟੀ ਉਤਰਜੋ ਪੂਰਾ।
ਅੰਤਿ ਪਾਇ ਉੱਤਮੁ ਪਦ ਰੂਰਾ ॥੬੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਮੰਞ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੪॥

---

[1]ਲੋੜਵੰਦਾਂ ਨੂੰ ਛਕਾਵੇ।

੪੫. [ਭਾਈ ਬਹੋੜਾ]

੪੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੬

ਦੋਹਰਾ: ਸ਼੍ਰੀ ਅੰਮ੍ਰਿਤਸਰ ਕੋ ਰਚਿਤ, ਗਮਨੇ ਗੋਇੰਦਵਾਲ।
ਖਾਸੇ[1] ਪਰ ਸ਼੍ਰੀ ਪ੍ਰਭੁ ਚਢੇ, ਸੰਗਤਿ ਸੰਗ ਬਿਸਾਲ ॥੧॥
ਚੌਪਈ: ਦੇਸ਼ ਬਿਦੇਸ਼ਨਿ ਸੰਗਤਿ ਆਵੈ।
ਦਰਸ਼ਨ ਕਰਿ ਮਨ ਬਾਂਛਤ ਪਾਵੈ।
ਆਨਹਿ ਅਨਿਕ ਪ੍ਰਕਾਰ ਅਕੋਰ।
ਧਰਿ ਕਰਿ ਬੰਦਤਿ ਹੈਂ ਕਰ ਜੋਰ ॥੨॥
ਜਾਮ ਜਾਮਨੀ ਤੇ ਗੁਰ ਜਾਗੈਂ।
ਸੌਚਾਚਾਰ[2] ਕਰਨਿ ਅਨੁਰਾਗੈਂ।
ਸੀਤਲ ਜਲ ਤੇ ਕਰਹਿਂ ਸ਼ਨਾਨ।
ਲਾਇਂ ਸਮਾਧਿ ਧਰਹਿਂ ਉਰ ਧ੍ਯਾਨ ॥੩॥
ਨਿਜ ਸਰੂਪ ਮਹਿਂ ਥਿਰਤਾ ਗਹੈਂ।
ਪੁੰਨ ਪਾਪ ਜਹਿਂ ਲਿਪਤ ਨ ਅਹੈਂ।
ਚੇਤਨ ਸੁੱਧ ਅਖੰਡ ਅਨੰਦ।
ਇਕ ਰਸ ਆਤਮ ਸਦਾ ਮੁਕੰਦ ॥੪॥
ਆਸਾ ਵਾਰ ਰਬਾਬੀ ਗਾਵਹਿਂ।
ਸੰਗਤਿ ਸੁਨਹਿ ਕਲੂਖ ਨਸਾਵਹਿ।
ਅਨਿਕ ਭਾਂਤ ਕੇ ਸੁੰਦਰ ਰਾਗ।
ਮਿਲਿ ਬੈਠਤਿ ਸਿਖ ਜਿਨ ਬਡਭਾਗ ॥੫॥
ਪ੍ਰਭੁ ਸੋਂ ਰਾਗ[3], ਵਿਸ਼ਯ ਵੈਰਾਗ[4]।
ਉਪਜਹਿ ਚਿਤ ਮਹਿਂ ਭਗਤੀ ਲਾਗ[5]।
ਅੰਮ੍ਰਿਤ ਕੇ ਸਮ ਅੰਮ੍ਰਿਤ ਕਾਲ[6]।
ਸੁਨਿ ਸੁਨਿ ਗੁਰ ਕੇ ਸ਼ਬਦ ਨਿਹਾਲ ॥੬॥
ਭੋਰ ਹੋਤਿ ਸ਼੍ਰੀ ਅਰਜਨ ਨਾਥ।
ਕੁੰਕਮ ਚੰਦਨ ਤਿਲਕ* ਸੁ ਮਾਥ।

---

[1]ਪਾਲਕੀ।
[2]ਇਸ਼ਨਾਨ ਪਾਣੀ।
[3]ਪ੍ਰਭੂ ਨਾਲ ਪ੍ਰੇਮ।
[4]ਵਿਸ਼ਿਆਂ ਤੋਂ ਵਿਰਾਗ।
[5]ਭਗਤੀ ਦੀ ਲਗਨ।
[6]ਅੰਮ੍ਰਿਤ ਵੇਲਾ।
*ਇਹ ਤਿਲਕ ਕੋਈ ਸੰਪ੍ਰਦਾਈ ਚਿੰਨ੍ਹ ਹੋਣ ਲਈ ਨਹੀਂ ਸੀ, ਪਰੰਤੂ ਜਿਵੇਂ ਇਕ ਉਦਾਸੀ ਵਿਚ ਆਦਿ ਗੁਰੂ ਜੀ ਨੇ ਤਿਲਕ ਧਾਰਿਆ ਸੀ ਤਿਵੇਂ ਇਹੋ ਜਿਹੇ ਕੌਤਕ ਆਪਣੀ ਮੌਜ ਦੇ ਸਨ।

ਸੂਖਮ ਸੇਤ ਵਸਤ੍ਰ ਤਨੁ ਧਰੈਂ।
ਬੈਠਿ ਵਹਿਰ ਸਿੱਖਨਿ ਅਘ ਹਰੈਂ ॥੭॥
ਜਥਾ ਉਦੈ ਹੁਇ ਰਵਿ ਭਗਵਾਨ[੧]।
ਕਰਹਿਂ ਪੁਨੀਤ ਸਬੋਧ[੨] ਜਹਾਨ।
ਤਥਾ ਗੁਰੂ ਅਰਜਨ ਹੁਇ ਜਾਹਰਿ[੩+]।
ਦਰਸ਼ਨ ਸ਼ਾਂਤਿ ਦਿਖਾਵਹਿਂ ਬਾਹਰਿ[+] ॥੮॥
ਗਯਾਨ ਸ਼ਬਦ ਕੋ ਮਹਿਦ ਪ੍ਰਕਾਸ਼ੈ[੪]।
ਪਿਖਿ ਪੰਕਜ ਗਨ ਦਾਸ ਬਿਗਾਸੈਂ।
ਕਪਟ ਪਾਪ ਤਮ ਦੂਰ ਬਿਲਾਇ[੫]।
ਸੰਤ ਮਧੁਪ ਅਤਿਸ਼ੈ ਹਰਖਾਇ ॥੯॥
ਜਾਮ ਦਿਵਸੁ ਲਗ ਦੇ ਉਪਦੇਸ਼ੁ।
ਨਿਜ ਸੇਵਕ ਕੇ ਕਟਹਿਂ ਕਲੇਸ਼।
ਬਹੁਰੋ ਦੇਗ ਤਯਾਰ ਹੁਇ ਜਾਵਹਿ।
ਸੂਪਕਾਰ ਤਬਿ ਆਨਿ ਜਨਾਵਹਿਂ ॥੧੦॥
ਲੇ ਸੰਗਤਿ ਸਗਰੀ ਕੋ ਸੰਗ।
ਬੈਠਹਿਂ ਪੰਗਤਿ ਲਾਇ ਅਭੰਗ[੬]।
ਅੰਮ੍ਰਿਤ ਭੋਜਨ ਸਭਿਨਿ ਭੁਗਾਵੈਂ।
ਉਠਹਿਂ ਪ੍ਰਭੂ, ਜਬਿ ਸਭਿ ਤ੍ਰਿਪਤਾਵੈਂ ॥੧੧॥
ਲੇਟਹਿਂ ਪੁਨ ਪ੍ਰਯੰਕ ਪਰ ਜਾਇ।
ਕਿਤਿਕ ਸਮੈ ਸੁਪਤਹਿਂ ਸੁਖ ਪਾਇ।
ਢਰੇ ਦਿਵਸੁ ਜਬਿ ਉਠਿਬੋ ਕਰੈਂ।
ਸਨੈ ਸਨੈ ਪੁਨ ਸੁਚਿਤਾ ਧਰੈਂ ॥੧੨॥
ਕਿਤਿਕ ਘਟੀ ਤਬਿ ਕਥਾ ਸੁਨੰਤੇ।
ਭਗਤਿ ਸੁ ਬ੍ਰਹਮ ਗਯਾਨ ਨਿਰਣੰਤੇ[੭]।
ਪੁਨ ਕਿਰਤਨ ਕੌ ਵੇਲਾ ਹੋਇ।

---

[੧]ਸੂਰਜ ਦੇਉਤਾ।
[੨]ਸਾਵਧਾਨ।
[੩]ਪ੍ਰਸਿੱਧ।
[+]ਕਿਤੇ ਦੋਹੀਂ ਥਾਈਂ ਪਾਠ-ਬਾਹਰਿ-ਹੈ। ਕਿਤੇ ਪਹਿਲੀ ਪੰਕਤੀ ਵਿਚ-ਬਾਹਰਿ-ਤੇ ਦੂਸਰੀ ਵਿਚ-ਜਾਹਰਿ-ਹੈ।
[੪]ਨਾਮ ਦੇ ਗਿਆਨ ਨੂੰ ਬਹੁਤ ਪ੍ਰਗਟ ਕਰਦੇ ਹਨ।
[੫]ਕਪਟ ਤੇ ਪਾਪ (ਸੂਰਜ ਤੋਂ) ਹਨੇਰੇ ਵਾਂਗੂ ਦੂਰ ਹੁੰਦੇ ਹਨ।
[੬]ਬੀੜਵੀਂ। ਨਾਲੋ ਨਾਲ ਬੱਝਵੀਂ।
[੭]ਨਿਰਨਾ ਕਰਦੇ।

ਧਰੇ ਪ੍ਰੇਮ ਸੁਨਿਤੇ ਸਭਿ ਕੋਇ ॥੧੩॥
ਸਤਿ ਸੰਗਤਿ ਕਰਿਤੇ ਬਹੁਕਾਲ।
ਮੇਟਹਿਂ ਦਾਸਨ ਕੇ ਜਮੁ ਜਾਲ[੧]।
ਜਾਮ ਜਾਮਨੀ ਉਠਿ ਉਪਦੇਸ਼ਹਿਂ[੨]।
ਸਿੱਖਨ ਬਖਸ਼ਸ਼ਿ ਹੋਤਿ ਵਿਸ਼ੇਸ਼ਹਿਂ ॥੧੪॥
ਰਿੱਧਿ ਸਿੱਧਿ ਨੌ ਨਿੱਧਿ ਖਰੀ ਹੈਂ।
ਦੇਤਿ ਸੁ ਜਿਸ ਪਰ ਕ੍ਰਿਪਾ ਕਰੀ ਹੈ।
ਭਗਤਿ ਪ੍ਰੇਮ ਕੈ[੩][*] ਆਤਮ ਗਯਾਨ।
ਪਾਵਹਿਂ, ਅਪੁਨੇ ਬੰਧਨ ਹਾਨ[੪] ॥੧੫॥
ਨਾਮ ਬਹੋੜਾ ਜਾਤਿ ਸੁਨਾਰ।
ਆਨਿ ਪਹੂਚਯੋ ਗੁਰੁ ਦਰਬਾਰ।
ਪ੍ਰੇਮ ਸਾਥਿ ਦਰਸ਼ਨ ਕੋ ਕੀਨਾ।
ਮਸਤਕ ਪਗ ਪੰਕਜ ਧਰਿ ਦੀਨਾ ॥੧੬॥
ਖਰੋ ਰਹਯੋ ਦੇਖਤਿ ਚਿਰਕਾਲ।
ਕ੍ਰਿਪਾਧਾਰਿ ਬੂਝਯੋ ਸੁ ਕ੍ਰਿਪਾਲ।
'ਅਹੋ ਬਹੋੜਾ ਸਾਚੀ ਕਹੀਅਹਿ।
ਨਹੀਂ ਦੁਰਾਵਨ ਕੋ ਚਿਤ ਚਹੀਅਹਿ ॥੧੭॥
ਕਾਲ ਬਿਤਾਵਹੁ ਕੌਨ ਪ੍ਰਕਾਰ?
ਕੌਨ ਕ੍ਰਿੱਤ[+] ਕਰਿ ਕਰਹੁ ਅਹਾਰ?'
ਜਬਿ ਸ਼੍ਰੀ ਅਰਜਨੁ ਬੂਝੀ ਬਾਤ।
ਸੁਕਚਤਿ ਭਾਖਤਿ ਕੰਪਤ ਗਾਤ[੫] ॥੧੮॥
ਹਾਥ ਜੋਰਿ ਅਰਦਾਸ ਬਖਾਨੀ।
'ਸ਼੍ਰੀ ਸਤਿਗੁਰ ਸਭਿ ਘਟ ਕੇ ਜਾਨੀ[੬]।
ਕਿਰਤਿ ਸੁਨਾਰੋ ਕੀ ਮੈਂ ਕਰਿਹੌਂ।

---

[੧]ਜਮ ਦੇ ਜਾਲ।
[੨]ਪਹਿਰ ਰਾਤ (ਗਈ) ਉਪਦੇਸ਼ ਆਦਿ ਕਰਕੇ ਉਠਦੇ ਸਨ। ਉਹੀ ਰਿਵਾਜ ਹੁਣ ਤਕ ਹੈ ਕਿ ਸ਼੍ਰੀ ਹਰਿਮੰਦਰ ਵਿਚ ਪਹਿਰ ਰਾਤ ਗਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ ਲੈ ਕੇ ਭਾਵ ਉਪਦੇਸ਼ ਸੁਣਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਹੁੰਦਾ ਹੈ।
[੩]ਅਥਵਾ।
[*] ਪਾ:-ਕੀ
[੪]ਨਾਸ਼ ਕਰਦੇ ਹਨ।
[+]ਪਾ:-ਕਿਰਤਿ।
[੫]ਸਰੀਰ ਕੰਬਦਿਆਂ ਬੋਲਿਆ।
[੬]ਜਾਣਨਹਾਰ।

ਕਾਲ ਬਿਤਾਵੌਂ ਉਦਰ ਸੁ ਭਰਿਹੌਂ' ॥੧੯॥
ਸੁਨਿ ਗੁਰ ਕਹਯੋ 'ਕਿਰਤਿ ਕਰਿ ਕੋਈ।
ਧਰਮ ਸਮੇਤਿ ਨ੍ਰਿਬਾਹਹਿ ਸੋਈ।
ਕਪਟ ਬਿਹੀਨ ਜੀਵਕਾ ਕਰੈ।
ਪਰ ਕੀ ਵਸਤੁ ਛੁਪਾਇ ਨ ਧਰੈ ॥੨੦॥
ਤਿਸ ਮਹਿਂ ਬਾਂਟ ਪ੍ਰਭੁ ਹਿਤ, ਖਾਵੈ।
ਤਿਸਿ ਕੋ ਉਰ ਨਿਰਮਲ ਹੁਇ ਜਾਵੈ।'
ਬਿਨਤੀ ਜੁਗਤਿ ਬਹੋੜੇ ਕਹਯੋ।
ਕੰਪਤਿ ਲੋਚਨ ਤੇ ਜਲ ਬਹਯੋ ॥੨੧॥
'ਹੇ ਸਤਿਗੁਰ! ਮੈਂ ਮਹਾਂ ਅਧਰਮੀ।
ਪਾਪ ਕਿਰਤਿ ਨਿਤ ਕਰੌਂ ਕੁਕਰਮੀ।
ਮਾਤ ਪਿਤਾਦਿ ਘਰਾਵਹਿਂ ਘਾਟ।
ਚੌਥੇ ਭਾਗ ਲੇਉਂ ਮੈਂ ਕਾਟਿ[1] ॥੨੨॥
ਅਵਰ ਨਰਨਿ ਕੀ ਗਿਨਤੀ ਕੋਹੈ[2]।
ਜੋ ਬਨ ਜਾਇ ਸੁ ਲੇਉਂ ਤਿਤੌ ਹੈ।
ਧਰਮ ਅਧਰਮ ਨ ਜਾਨਉਂ ਕੋਈ।
ਪਿਤਾ ਪਿਤਾਮਾ ਕੀ ਕ੍ਰਿਤਿ ਸੋਈ ॥੨੩॥
ਮਹਾਂ ਪਤਿਤ ਮੈਂ ਆਯਹੁ ਸ਼ਰਨੀ।
ਰਹਯੋ ਨ ਗਯੋ ਕ੍ਰਿੱਤਿ ਨਿਜ ਬਰਨੀ।
ਕੂਰ ਹਜ਼ੂਰ ਨਹੀਂ ਮੈਂ ਕਹਯੋ।
ਇਹੁ ਪ੍ਰਤਾਪ ਰਾਵਰ ਕੋ ਲਹਯੋ ॥੨੪॥
ਨਾਮੁ ਗਰੀਬ ਨਿਵਾਜ ਤੁਮਾਰਾ।
ਪਤਿਤ ਉਧਾਰਣ ਬਿਰਦ ਉਦਾਰਾ।'
ਜਬਹੁ ਬਹੋੜੇ ਸਾਚੀ ਕਹੀ।
ਸ੍ਰੀ ਅਰਜਨ ਜੀ ਸਭਿ ਉਰ ਲਹੀ ॥੨੫॥
ਕ੍ਰਿਪਾ ਕਰੀ ਉਪਦੇਸ਼ ਬਤਾਵਾ।
'ਕਹਾਂ ਕੂਰ ਮਹਿਂ ਤੂ ਲਪਟਾਵਾ।
ਕਰਿ ਕਰਿ ਅਘ ਕੋ ਸੰਚਹਿਂ ਬ੍ਰਿੰਧ।
ਅੰਤ ਕਾਲ ਜਮੁ ਫਾਸਿ ਬਿਲੰਦ ॥੨੬॥
ਕੋਟਿ ਜਨਮੁ ਦੁਖ ਸਹੈਂ ਘਨੇਰੇ।

[1]ਜੇ ਮਾਂ ਪਿਉ ਬੀ ਮੈਥੋਂ ਕਿਸੇ ਗਹਿਣੇ ਦੀ ਘਾੜ ਘੜਾਉਣ ਤਦ ਬੀ ਮੈਂ ਵਿਚੋਂ ਚੌਥਾ ਹਿੱਸਾ ਟੁਕ ਲੈਂਦਾ ਹਾਂ।
[2]ਭਾਵ, ਹੋਰ ਗਾਹਕਾਂ ਦੀ ਤਾਂ ਗਿਣਤੀ ਹੀ ਕੀਹ ਹੈ।

ਕੌਨ ਸਹਾਇ ਹੋਇ ਤਿਸ ਬेਰे।
ਆਪਰ ਤਜਾਗ ਕਰਿ ਜਾਵਹਿਂ, ਭੋਰੇ[1]!
ਕਰੇ ਕਰਮ ਹੋਵਹਿਂ ਸੰਗਿ ਤੋਰੇ[2] ॥੨੭॥
ਸੋ ਫਲ ਦਏ ਬਿਨਾਂ ਨ ਬਿਨਾਸਹਿਂ।
ਕਰੇ ਕੁਕਰਮ ਤੋਹਿ ਕੋ ਗ੍ਰਾਸਹਿਂ[3]।
ਰਹੈਂ ਇਕਾਂਕੀ ਸੰਕਟ ਪਾਵੈਂ[4]।
ਪਛੁਤਾਵਹਿਂ ਸਿਰ ਧੁਨ ਬਿਲਪਾਵਹਿਂ[5] ॥੨੮॥
ਯਾਂ ਤੇ ਸੱਤਜਨਾਮ ਕਰਤਾਰੁ।
ਸਿਮਰਹੁ ਨਿਸ ਦਿਨ ਹੋਇ ਉਧਾਰ।
ਤਜਾਗਹੁ ਜਗ ਜੰਜਾਰ ਸੁ ਗ੍ਰਸਯੋ।
ਜਿਮੁ ਝਖ ਤੋਰਹਿ ਜਾਰ ਜੁ ਫਸਯੋ[6] ॥੨੯॥
ਸੁਖਕਾਰੀ ਹਰਿ ਨਾਮ ਸੰਭਾਰਹੁ।
ਕਰਨਿ ਕੁਕਰਮ ਬ੍ਰਿਤੀ ਹਟਕਾਰਹੁ।
ਸਤਿਸੰਗਤਿ ਮਹਿਂ ਬੈਸ ਗੁਜ਼ਾਰਹੁ।
ਧਰਮ ਜੀਵਕਾ[7] ਮਹਿਂ ਚਿਤ ਧਾਰਹੁ' ॥੩੦॥
ਸੁਨਿ ਸਤਿਗੁਰ ਕੇ ਬਾਕ ਰਸੀਲੇ।
ਬ੍ਰਿੰਦ ਬਿਕਾਰਨ ਪਰਮ ਕਟੀਲੇ[8]।
ਭਾਗ ਬਡੇ ਮਸਤਕ ਜਿਸ ਜਾਗੇ।
ਤੀਖਨ ਤੀਰ ਸਮਾਨ ਸੁ ਲਾਗੇ ॥੩੧॥
ਗਦਗਦ ਭਾ ਸੁਧਿ ਸਰਬ ਬਿਸਾਰੀ।
ਪ੍ਰੇਮ ਮਹਾਂ ਅੱਸ਼੍ਰੁਨਿ ਕੋ ਡਾਰੀ।
ਪ੍ਰਥਮ ਕੁਕਰਮਨ ਕੋ ਪਛੁਤਾਵਤਿ।
ਗੁਰ ਕੋ ਬਚਨ ਰਿਦੈ ਪੁਨ ਭਾਵਤਿ ॥੩੨॥
ਲਗਯੋ ਸੇਵ ਕਰਿਬੇ ਸਤਿਗੁਰ ਕੀ।
ਬਧਯੋ ਪ੍ਰੇਮ ਸ਼ਰਧਾ ਧਰਿ ਉਰ ਕੀ।

---

[1]ਹੇ ਭੋਲੇ!
[2]ਕੀਤੇ ਕਰਮ ਤੇਰੇ ਨਾਲ ਹੋਣਗੇ।
[3]ਤੇਰੇ ਕੀਤੇ ਖੋਟੇ ਕਰਮ ਤੈਨੂੰ ਹੀ ਫੜਨਗੇ।
[4]ਭਾਵ ਪਾਪੀ ਦੀ ਰੂਹ ਦਾ ਮਰਕੇ ਇਕੱਲਿਆਂ ਰਹਿਣਾ ਭਾਰੀ ਸਜ਼ਾ ਹੈ।
[5]ਰੋਵੇਂਗਾ।
[6]ਜਿਵੇਂ ਜਾਲ ਵਿਚ ਫਸਿਆ ਮੱਛ ਜਾਲ ਨੂੰ ਤੋੜ ਸੱਟੇ।
[7]ਧਰਮ ਨਾਲ ਕਮਾਈ ਹੋਈ ਰੋਜ਼ੀ।
[8]ਸਾਰੇ ਵਿਕਾਰਾਂ ਨੂੰ ਚੰਗੀ ਤਰ੍ਹਾਂ ਕੱਟਣ ਵਾਲੇ।

ਕਿਤਿਕ ਦਿਵਸ ਮਹਿਂ ਤਿਸ ਕੋ ਹੇਰਾ।
ਕਰॅਜੋ ਨਿਕੰਦਨ ਮੋਹ ਬਡੇਰਾ ॥੩੩॥
ਕ੍ਰਿਪਾ ਦ੍ਰਿਸ਼ਟਿ ਕਰਿ ਬਖਸ਼ਜੋ ਨਾਮੁ।
ਜਿਸ ਤੇ ਭਏ ਸੰਪੂਰਣ ਕਾਮੁ।
ਸਤਿਗੁਰੁ ਸ਼ਬਦ ਪ੍ਰੇਮ ਮੈਂ ਪਾਗਾ।
ਜਨਮ ਜਨਮ ਕੋ ਸੋਯੋ ਜਾਗਾ ॥੩੪॥
ਭਯੋ ਬਹੋੜਾ ਬਹੁਤ ਨਿਹਾਲ।
ਨਿਕਟਿ ਬੁਲਾਯੋ ਗੁਰੂ ਕ੍ਰਿਪਾਲ।
ਕਹਜੋ 'ਅਬਹਿ ਤੂੰ ਗ੍ਰਿਹ ਕੋ ਜਾਵਹੁ।
ਉਰ ਅਨੰਦ ਕਰਿ ਹਰਿ ਗੁਨ ਗਾਵਹੁ ॥੩੫॥
ਕਾਲ ਬਿਤਾਵਹੁ ਮਿਲਿ ਸਤਿਸੰਗ।
ਪ੍ਰੇਮਾ ਭਗਤਿ ਬਿਖੈ ਮਨ ਰੰਗ।'
ਕਰੀ ਬੋਹੜੇ ਪੁਨ ਅਰਦਾਸ।
'ਸ਼੍ਰੀ ਸਤਿਗੁਰ ਮੈਂ ਰਾਵਰਿ ਦਾਸ ॥੩੬॥
ਕੌਨ ਜੀਵਕਾ ਕੋ ਮੈਂ ਕਰੌਂ?
ਜਿਸ ਤੇ ਭਵਜਲ ਦੁਸ਼ਤਰ ਤਰੌਂ।
ਜਿਸ ਮਹਿਂ ਦੋਸ਼ ਨ ਲਾਗੈ ਕੋਈ।
ਅਬ ਰਾਵਰ ਆਗਜਾ ਦਿਹੁ ਸੋਈ' ॥੩੭॥
ਸ਼੍ਰੀ ਅਰਜਨ ਸੁਨਿ ਗਿਰਾ ਉਚਾਰੀ।
'ਤਜਾਗਹੁ ਕੁਲ ਕੀ ਕਿਰਤਿ ਕੁਕਾਰੀ[1]।
ਮਮ ਹਿਤ ਗ੍ਰਿਹ ਮਹਿਂ ਲੰਗਰ ਕੀਜੈ[2]।
ਆਇ ਛੁਧਿਤ ਨਰ ਤਿਨ ਕੋ ਦੀਜੈ ॥੩੮॥
ਮਮ ਸਿੱਖੀ ਕੋ ਸਦਾ ਕਮਾਵਹੁ।
ਤਹੁ ਤਨ ਤੇ ਹੰਤਾ[3] ਬੁੱਧਿ ਉਠਾਵਹੁ।
ਸੁਖ ਦੁਖ ਮਹਿਂ ਮਾਨਹੁਂ ਪ੍ਰਭੁ ਭਾਣਾ।
ਰਹਹੁ ਹਰਖ ਜੁਤਿ ਸਦਾ ਨਿਮਾਣਾ' ॥੩੯॥

---

[1]ਖੋਟੀ ਕਾਰ ਭਾਵ ਚੋਰੀ ਕਰਨ ਵਾਲੀ ਕਿਰਤ ਜਿਸ ਵਿਚ ਉਸ ਨੇ ਪਿਤਾ ਪਿਤਾਮਾਂ ਤੋਂ ਚੋਰੀ ਦੀ ਬਾਣ ਦੱਸੀ ਸੀ, ਛੱਡ ਦੇਹ, ਦਜਾਨਤਦਾਰੀ ਵਾਲੀ ਸੁਨਜਾਰੇ ਦੀ ਕਿਰਤ ਦੇ ਉਲਟ ਉਪਦੇਸ਼ ਨਹੀਂ ਕੀਤਾ, ਕਿਉਂਕਿ ਪਿੱਛੇ ਕਹਿ ਆਏ ਹਨ ਕਿ:- 'ਸੁਨਿ ਗੁਰ ਕਹਜੋ 'ਕਿਰਤਿ ਕਰਿ ਸੋਈ। ਧਰਮ ਸਮੇਤਿ ਨ੍ਰਿਬਾਹਹਿ ਸੋਈ।'

[2]ਭਾਵ ਇਹ ਹੈ ਕਿ ਬਹੋੜਾ ਹੁਣ ਆਤਮ ਅਰੂਢ ਹੋ ਗਿਆ ਸੀ, ਇਸ ਕਰਕੇ ਜਗਤ ਉਧਾਰ ਦਾ ਸ਼੍ਰੇਸ਼ਟ ਕੰਮ ਸੌਂਪ ਕੇ ਉਸ ਨੂੰ ਰੂਹਾਨੀ ਕਾਰੀਗਰ ਬਣਾ ਦਿੱਤਾ ਜਿਵੇਂ ਹੋਰ ਗੁਰਮੁਖ ਹੋ ਗਿਆਂ ਦੀ ਕਿਰਤ ਛੁਡਾ ਕੇ ਮੰਜੀਆਂ ਬਖਸ਼ੀਆਂ ਸਨ।

[3]ਹੰਗਤਾ।

ਸੁਨਿ ਸਤਿਗੁਰ ਕੀ ਸੀਖ ਸੁਖਾਰੀ।
ਗ੍ਰਿਹ ਗਮਨਜੋ ਕੀਨਸਿ ਉਰ ਧਾਰੀ।
ਸਦਾ ਅਨੰਦ ਬਿਲੰਦ ਨਿਮਗਨ।
ਗੁਰ ਚਰਨਨਿ ਕੀ ਲਾਗੀ ਲਗਨ ॥੪੦॥
ਦੋਹਰਾ: ਇਸ ਬਿਧਿ ਜਿਤ ਕੋ ਜਾਤਿ ਹੈਂ, ਮਿਲਹਿ ਸੁ ਹੋਤਿ ਨਿਹਾਲ।
ਆਨਿ ਬਿਰਾਜੇ ਸੁਧਾਸਰ, ਚਹਤਿ ਚਿਨਾਵਨ[1] ਤਾਲ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਬਹੋੜੇ ਕੋ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

---
[1]ਉਸਾਰਨਾ।

੪੬. [ਭਾਈ ਬਹਿਲੋ]

੪੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੭

ਦੋਹਰਾ: ਸ਼੍ਰੀ ਅਰਜਨ ਇਸ ਭਾਂਤਿ ਸਿਖ, ਕਰੇ ਦਯੋ ਉਪਦੇਸ਼।
ਸਿਮਰਤਿ ਹੈਂ ਸਤਿਨਾਮ ਕੇ, ਮੇਟਤਿ ਸਕਲ ਕਲੇਸ਼ ॥੧॥
ਚੌਪਈ: ਸੁਨਿ ਸੁਨਿ ਸ਼੍ਰੀ ਅਰਜਨ ਕੀ ਕੀਰਤਿ।
ਨਿਤਿ ਪ੍ਰਤਿ ਹੋਤਿ ਅਧਿਕ ਬਿਸਤੀਰਤਿ।
ਸ਼੍ਰੀ ਗੁਰ ਅਮਰਦਾਸ ਕੇ ਆਗੇ।
ਭਏ ਜੁ ਸਿੱਖਯ ਮਹਾਂ ਬਡਭਾਗੇ ॥੨॥
ਅਰੁ ਸ਼੍ਰੀ ਰਾਮਦਾਸ ਤੇ ਕੇਈ।
ਪਾਇ ਸੁਮਤਿ ਹੋਏ ਸਿਖ ਜੇਈ।
ਸ਼੍ਰੀ ਅੰਮ੍ਰਿਤਸਰ ਕੀ ਸੁਨਿ ਕਾਰ।
ਜਿਹ ਸੇਵੇ ਫਲ ਪਾਇ ਉਦਾਰ ॥੩॥
ਸੋ ਸਭਿ ਆਵਤਿ ਘਰ ਕੋ ਤਯਾਗੇ।
ਖਨਹਿਂ ਮ੍ਰਿੱਤਕਾ ਸੇਵਾ ਲਾਗੇ।
ਕੇਤਿਕ ਕਰਹਿਂ ਪਜਾਵਨਿ[1] ਕਾਰ।
ਮਾਟੀ ਚੀਕਨਿ[2] ਲੇਹਿਂ ਸੁਧਾਰ ॥੪॥
ਸੰਚੇ ਮਾਂਹਿ ਈਂਟਕਾ ਢਾਰੈਂ।
ਸ਼ੁਸ਼ਕ ਕਰਨ ਕੋ ਇਤ ਉਤ ਧਾਰੈਂ[3]।
ਕੇਤਿਕ ਸਿਰ ਧਰਿ ਢੋਵਨ ਕਰਿਹੀਂ।
ਜਹਾਂ ਪਜਾਵੇ ਤਹਿਂ ਲੇ ਧਰਿਹੀਂ ॥੫॥
ਕੇਤਿਕ ਗਹਿ ਕਰਿ ਨਿਜ ਮਤਿ ਸੰਗ।
ਚਿਨਹਿ ਸੁ ਈਂਧਨ[4] ਕਰਹਿਂ ਉਤੰਗ।
ਕੇਤਿਕ ਕੂਰਾ[5] ਕਰੈਂ ਸਕੇਲਨ।
ਈਂਟ ਪਕਾਵਨ ਹਿਤ ਕਰਿ ਮੇਲਨਿ ॥੬॥
ਕੋ ਭੋਜਨ ਨਿਜ ਘਰ ਤੇ ਖਾਇ।
ਸਭਿ ਦਿਨ ਗੁਰੁ ਕੀ ਸੇਵ ਕਮਾਇਂ।
ਕੇਤਿਕ ਦਰਬ ਅਰਪ ਹੈਂ ਆਇ।
ਬ੍ਰਿੰਦ ਮਿਹਨਤੀ ਦੇਤਿ ਲਗਾਇ ॥੭॥

---

[1] ਆਵਿਆਂ ਦੀ।
[2] ਚੀਕਣੀ ਮਿੱਟੀ।
[3] ਧਰਦੇ ਹਨ।
[4] ਚਿਣਦੇ ਹਨ ਬਾਲਣ।
[5] ਕੂੜਾ।

ਕੇਤਿਕ ਦੇਗ ਅਹਾਰ ਕਰੰਤੇ।
ਸਰ ਕੀ ਸੇਵਾ ਲਗੇ ਰਹੰਤੇ।
ਕੇਤਿਕ ਅਜ਼ਮਤਿ ਕੇ ਜੁਤਿ ਭਾਰੀ।
ਜਾਇਂ ਨਿਸਾ ਨਿਜ ਸਦਨ ਮਝਾਰੀ ॥੮॥
ਹੋਤਿ ਭੋਰ ਕੇ ਆਵਤਿ ਸੋਈ।
ਸਰ ਕੀ ਸੇਵ ਲਗੇ ਸਭਿ ਕੋਈ।
ਸਫਲ ਜਨਮ ਅਪਨੇ ਕੋ ਜਾਨਹਿਂ।
ਸਗਰੇ ਦਿਵਸ ਟਹਿਲ ਕੋ ਠਾਨਹਿਂ ॥੯॥
ਸਤਿਗੁਰ ਅਰਜਨ ਅੰਤਰਜਾਮੀ।
ਜੋ ਸੇਵਹਿਂ ਸੋ ਜਾਨਹਿਂ ਸ੍ਵਾਮੀ।
ਮਹਾਂ ਮਹਾਤਮ ਚਹਤਿ ਬਿਥਾਰਾ।
ਜੋ ਸਿਖ ਹੋਇ ਕਾਮਨਾ ਵਾਰਾ ॥੧੦॥
ਇਸ ਜਗ ਕੇ ਸੁਖ ਸਭਿ ਬਿਧਿ ਦੀਨਿ।
ਪੁਨ ਪ੍ਰਲੋਕ ਮਹਿਂ ਸੁਭ ਗਤਿ ਕੀਨਿ।
ਇਸ ਪ੍ਰਕਾਰ ਸਰ ਕੀ ਨਿਤਿ ਕਾਰ।
ਹੁਯੋ ਜਾਤਿ ਖਨਿ ਵਹਿਰ ਨਿਕਾਰ ॥੧੧॥
ਜੇ ਸਿਖ ਲੰਮੇ ਦੇਸ਼ ਮਝਾਰ।
ਧੰਨੀ, ਘੇਪ ਕਿ ਪੋਠੋਹਾਰ।
ਤਖਤ ਹਜ਼ਾਰਾ, ਛੱਛ ਹਜਾਰਾ।
ਕਾਬਲ ਨਗਰਿ, ਪਿਸ਼ੌਰ, ਕੰਧਾਰਾ ॥੧੨॥
ਬਲਖ ਬੁਖਾਰਾ ਅਰੁ ਮੁਲਤਾਨ।
ਇੱਤਯਾਦਿਕ ਪਸ਼ਚਮ ਦਿਸ਼ਿ ਜਾਨ।
ਛਠੇ ਮਾਸਕੈ ਸੰਮਤ ਮਾਂਹੀ[1]।
ਦਰਸ਼ਨ ਕਰਨ ਆਇਂ ਗੁਰ ਪਾਂਹੀ ॥੧੩॥
ਰਹੈਂ, ਕਿਤਿਕ ਦਿਨ ਸੇਵਾ ਸਰਿ ਕੀ।
ਕਰਹਿਂ, ਪ੍ਰੇਮ ਧਰਿ ਸ਼ਰਧਾ ਉਰ ਕੀ।
ਬਹੁਰੋ ਸਤਿਗੁਰ ਕੇ ਢਿਗ ਆਇ।
ਜਾਚਹਿਂ ਬਿਦਾ ਸਦਨ ਕੋ ਜਾਇਂ ॥੧੪॥
ਸ਼੍ਰੀ ਅਰਜਨ ਤਿਨ ਸੋਂ ਤਬਿ ਕਹੈਂ।
'ਹੇ ਸਿਖ! ਤੁਵ ਨੰਦਨ ਕੈ ਅਹੈਂ?
ਕੈ ਭ੍ਰਾਤਾ ਮਿਲਿ ਬਨਜ ਕਰੰਤੇ?

---

[1] ਛੀਵੇਂ ਮਹੀਨੇ ਯਾ ਸਾਲ ਵਿਚ।

ਕਬਿ ਕੇ ਸਿੱਖੀ ਆਪ ਧਰੰਤੇ?' ॥੧੫॥
ਹਾਥ ਜੋਰਿ ਸੋ ਬਾਕ ਭਨੇ ਹੈਂ।
'ਪਿਤਾ ਪਿਤਾਮਾ ਸਿੱਖਜ ਬਨੇ ਹੈਂ।
ਪੁੱਤ੍ਰ ਚਾਰ ਹੈਂ ਰਾਵਰਿ ਕਰੁਨਾ।
ਬੈਠਿ ਦੁਕਾਨ ਬਨਜ ਕੋ ਕਰਨਾ' ॥੧੬॥
ਸੁਨਿ ਸਤਿਗੁਰ ਤਿਹ ਸੋਂ ਫੁਰਮਾਇੰ।
'ਦ੍ਵੈ ਸੁਤਿ ਦਿਹੁ ਹਮ ਕੋ ਇਸ ਥਾਇੰ।
ਗੁਰਪੁਰਿ ਮਹਿ ਬਸ ਕਰਹਿਂ ਦੁਕਾਨ।
ਲਾਭਹਿਂ ਲਾਭ ਬਨਜ ਕੋ ਠਾਨਿ[1]' ॥੧੭॥
ਬਾਕ ਮਾਨ ਸੋ ਆਨਿ ਬਸਾਵੈਂ।
ਜਿਸ ਕੇ ਜੁਗ ਸੁਤ ਇਕ ਤਹਿਂ ਆਵੈ।
ਇਕ ਦਿਸ਼ਿ ਅਪਨੋ ਸਦਨ ਚਿਨਾਏ[2]।
ਦਿਸਿ ਦੂਸਰਿ ਸਰ ਸੁਧਾ[3] ਬਨਾਏ ॥੧੮॥
ਦੋਨਹੁੰ ਬੀਚ ਬਜ਼ਾਰ ਪਵਾਯੋ।
ਗਨ ਹਾਟਨ ਕੋ ਬਜੋਂਤ ਬਨਾਯੋ।
ਦਿਨ ਪ੍ਰਤਿ ਗੁਰ ਕੀ ਖੁਸ਼ੀ ਬਿਲੋਕਿ।
ਆਵਹਿਂ ਸਿੱਖ ਕਰਹਿਂ ਨਿਜ ਓਕ[4] ॥੧੯॥
ਆਪਨ[5] ਬੀਚ ਬਜਾਰ ਬਨਾਵੈਂ[*]।
ਬਸਨ ਹੇਤ ਨਿਜ ਸਦਨ ਚਿਨਾਵੈਂ।
ਨਰ ਗਨ[6] ਪੁਰਿ ਮਹਿਂ ਹੋਵਨ ਲਾਗੇ।
ਆਨਿ ਆਨਿ ਬਾਸਹਿਂ[7] ਬਡਿਭਾਗੇ ॥੨੦॥
ਕਰਨਿ ਲਗੇ ਬਿਵਹਾਰ ਬਡੇਰੇ।
ਜਹਿਂ ਕਹਿਂ ਅਪਨੇ ਸਿੱਖ ਜੁ[+] ਹੇਰੇ।
ਤਹਿਂ ਤੇ ਆਪ ਬੁਲਾਵੈਂ ਨਾਥ।
ਲਾਗਹਿਂ ਸੇਵ ਜੁ ਸ਼ਰਧਾ ਸਾਥ ॥੨੧॥

---

[1]ਵਿਉਪਾਰ ਕਰਨ।
[2]ਉਸਰਵਾਕੇ।
[3]ਅੰਮ੍ਰਿਤ ਸਰੋਵਰ।
[4]ਘਰ ਪਾਉਂਦੇ ਹਨ।
[5]ਹੱਟੀਆਂ।
[*]ਪਾ:-ਚਿਨਾਵੇਂ।
[6]ਬਹੁਤ ਲੋਕੀਂ।
[7]ਵਸਣਲਗ।
[+]ਪਾ:-ਸੇਵਾ।

ਕੇਤਿਕ ਸਿੱਖਯ ਆਪ ਤੇ ਆਏ।
ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਯੋਂ ਜਯੋਂ।
ਸੁਨਿ ਸੁਨਿ ਜਸੁ ਆਵੈਂ ਸਭਿ ਤਯੋਂ ਤਯੋਂ ॥੨੨॥

ਦੋਹਰਾ: ਫਫਰੇ ਗ੍ਰਾਮ[1] ਬਿਖੈ ਬਸੈ,
ਬਹਿਲੋ ਸ੍ਰੇਸ਼ਟ ਜਾਟ।
ਖੂੰਡੀ ਕਰ ਮਹਿਂ ਧਾਰਿ ਕੈ,
ਕਰਹਿ ਸ਼ੇਖ ਕੋ[2] ਠਾਟ ॥੨੩॥

ਚੌਪਈ: ਬਹੁਤੇ ਮਾਨੁਖ ਸੰਗ ਲਗਾਇ।
ਪਰਸਹਿ ਜਾਇ ਨਿਗਾਹੇ ਥਾਇਂ।
ਸਰਵਰ ਕੋ ਮੁਰੀਦ ਨਿਤ ਰਹੈ।
'ਸੁਲਤਾਨੀ' ਤਿਸ ਕੋ ਸਭਿ ਕਹੈਂ ॥੨੪॥
ਗੁਰੂ ਹੁਕਮਨਾਮਾ ਸੁ ਪਠਾਯੋ।
ਗਯੋ ਸਿੱਖ ਨੇ ਸਕਲ ਸੁਨਾਯੋ।
ਗੁਰੂ ਹੁਕਮ ਕੋ ਸੁਨਿ ਕਰਿ ਤਦਾ।
ਕਹਯੋ 'ਨ ਮੇਲਿ ਤਿਨਹੁਂ ਸੋ ਕਦਾ ॥੨੫॥
ਹਮ ਕਬਿ ਮਿਲੇ, ਨਹੀਂ ਕਬਿ ਗਏ।
ਲਿਖਿਨਿ ਪਢਨਿ ਕੋ[3] ਪ੍ਰਥਮੁ ਨ ਭਏ।
ਤਿਨਿ ਸਮੀਪਿ ਕਿਮ ਜਾਵਨ ਬਨੈ?
ਦੇਖਹੁ ਕਰਿ ਬਿਚਾਰ ਨਿਜ ਮਨੈ ॥੨੬॥
ਭੇਖ ਭਿਰਾਈ[4] ਕੋ ਤਨ ਕਰੌਂ।
ਖੂੰਡੀ ਖਲਰਾ[5] ਗਲ ਮਹਿਂ ਧਰੋਂ।
ਇਸੀ ਦੇਸ਼ ਕੇ ਨਰ ਗਨ ਸਾਰੇ।
ਮੁਝ ਸਨਮਾਨਹਿਂ ਚਲਹਿਂ ਪਿਛਾਰੇ ॥੨੭॥
ਮੁੱਖ ਸਭਿਨਿ ਮਹਿਂ ਮੁਰ ਬਡਿਆਈ।
ਰਹੈਂ ਸੈਂਕਰੇ ਨਰ ਚਹੁੰਘਾਈ।
ਮੈਂ ਆਗੇ ਥਿਤ ਹੁਇ[6] ਸੁਲਤਾਨ।

---

[1]ਮਾਲਵੇਂ ਵਿਚ ਹੈ, ਫਫੜੇ ਭਾਈ ਕੇ।
[2]ਭਾਵ ਸਰਵਰ ਦਾ।
[3]ਕੋਈ ਕਦੇ।
[4]ਢੋਲ ਵਜਾਉਣ ਵਾਲੇ ਦਾ। ਨਗਾਹੇ ਦਾ ਚੇਲਾ।
[5]ਖੱਲ ਦੀ ਝੋਲੀ।
[6]ਅਗੇ ਹੋ ਕੇ (ਮੁਖੀ ਹੋ ਕੇ)।

ਜਾਰਤਿ[1] ਕੋ ਕਰਿਵਾਇ ਮਹਾਂਨ ॥੨੮॥
ਇਸ ਪ੍ਰਕਾਰ ਮੇਰੀ ਅਬਿ ਬਾਤ।
ਤਿਹ ਤਜਿ ਚਲਨਿ ਬਨੈ ਕਿਸ ਭਾਂਤ।
ਬਿਨਾਂ ਲਾਭ ਦੇਖੇ ਕਿਸ ਥਾਨ।
ਮੂਰਖ ਭੀ ਨ ਪ੍ਰਵਿਰਤਹਿ ਜਾਨ' ॥੨੯॥
ਇਮੁ ਸੁਨਿ ਕੈ ਸਿਖ ਚਲ੍ਯੋ ਸੁ ਗਯੋ।
ਗੁਰੁ ਸੋਂ ਸਰਬ ਜਨਾਵਤਿ ਭਯੋ।
'ਸਤਿਗੁਰ ਘਰ ਕੋ ਨਾਂਹਿਨ ਮੇਲੀ[2]।
ਭੇਦ ਨ ਜਾਨਹਿ, ਆਇਸੁ ਪੇਲੀ' ॥੩੦॥
ਸੁਨਿ ਸਿਖ ਤੇ ਸਗਰੀ ਤਿਸਿ ਬਾਤਿ।
ਸ੍ਰੀ ਅਰਜਨ ਬੋਲੇ ਮੁਸਕਾਤਿ।
'ਬਹੁਰ ਜਾਇ ਕਹੁ ਹੁਕਮ ਹਮਾਰਾ।
ਸੁਧਿ ਨ ਰਹੀ ਤੁੰਵ ਰਿਦੇ ਮਝਾਰਾ ॥੩੧॥
ਯਾਂ ਤੇ ਜਾਤ[3] ਤੁਰਕ ਕੀ ਗੋਰ[4]।
ਮਾਨਹਿ ਬਿਨ ਬੁਧਿ ਤੇ ਕਰ ਜੋਰ।
ਭੇਡ ਚਾਲ ਨਰ ਮੰਦਨ ਕੇਰੀ।
ਹੋਤਿ ਪ੍ਰਵਿਰਤਿ ਅਪਰ ਕੋ ਹੇਰੀ[5] ॥੩੨॥
ਬੁਰੀ ਭਲੀ ਨਹਿਂ ਕਰਤਿ ਬਿਚਾਰਿ।
ਮਾਨਹਿ ਤੁਰਕ, ਜਨਮ ਕੋ ਹਾਰਿ।
ਦੁਹਿ ਲੋਕਨ ਮਹਿਂ ਨਹਿਨ ਸਹਾਈ।
ਪੂਜਹਿਂ ਗੋਰ, ਨਰਕ ਪੁਨ ਪਾਈ ॥੩੩॥
ਤੂੰ ਗੁਰੁ ਘਰ ਕੋ ਦਾਸ ਸਦੀਵਾ।
ਸੇਵਾ ਕਰਤਿ ਮਹਾਂ ਮਨ ਨੀਵਾ।
ਜਹਿਂ ਜਹਿਂ ਭਾ ਅਵਤਾਰ ਹਮਾਰਾ।
ਤਹਾਂ ਤਹਾਂ ਤੈਂ ਸਾਥ ਸੰਭਾਰਾ ॥੩੪॥
ਜਨਮ ਮਰਨ ਕੋ ਕਸ਼ਟ ਮਿਟਾਇ[6]।
ਸਮਾਂ ਭਯੋ ਪ੍ਰਾਪਤਿ ਅਬਿ ਆਇ।

---

[1]ਜ਼ਯਾਰਤ, ਯਾਤ੍ਰਾ।
[2]ਸਤਿਗੁਰਾਂ ਦੇ ਘਰ ਦਾ ਮਿਲਣ ਵਾਲਾ ਨਹੀਂ।
[3]ਜਾਂਦਾ ਹੈਂ।
[4]ਕਬਰ ਤੇ।
[5]ਦੂਜੇ ਨੂੰ ਦੇਖ ਕੇ ਲਗ ਪੈਣਾ ਜਿਵੇਂ ਭੇਡ ਨੂੰ ਵੇਖ ਕੇ ਭੇਡ ਮਗਰ ਟੁਰਦੀ ਹੈ।
[6]ਮਿਟਾਣ ਦਾ।

ਅਨਿਕ ਜਨਮ ਮਹਿਂ ਘਾਲੀ ਘਾਲ।
ਤਿਸ ਕੋ ਫਲਿ ਅਬਿ ਮਿਲਹਿ ਬਿਸਾਲ ॥੩੫॥
ਜਿਸਿ ਅੰਮ੍ਰਿਤ ਕੋ ਜਾਚਤਿ ਜਬੈ।
ਸਮਾਂ ਜਾਨ ਪ੍ਰਾਪਤਿ ਸੋ ਅਬੈ।'
ਇਮਿ ਸੁਨਿ ਕੈ ਸਿਖ ਪੁਨਹ ਸਿਧਾਯੋ*।
ਸ਼੍ਰੀ ਗੁਰ ਕੋ ਫੁਰਮਾਨ ਬਤਾਯੋ ॥੩੬॥
'ਅਨਿਕ ਜਨਮ ਕੋ ਮੇਲੀ ਅਹੈ।
ਮੁਕਤਿ ਹੋਨ ਕੋ ਜਾਚਤਿ ਰਹੈ।
ਸੋ ਅਬਿ ਸਮਾਂ ਪਹੁੰਚਜੋ ਆਇ।
ਗੁਰ ਢਿਗ ਚਲਹੁ ਲੇਹੁ ਸੋ ਪਾਇ' ॥੩੭॥
ਸੁਨਿ ਬਹਿਲੋ ਚੱਕ੍ਰਿਤ ਹੁਇ ਰਹਜੋ।
ਕਿਤੀ ਬਾਰ ਸੋਚਤਿ ਪੁਨ ਕਹਜੋ।
'ਮੈਂ ਅੱਗਜਾਨੀ ਜਾਨਤਿ ਨਾਂਹੀ।
ਹੁਤੋ ਜਨਮ ਕਿਤਿ ਜਾਚਤਿ ਆਹੀ[1]? ॥੩੮॥
ਸਤਿਗੁਰੁ ਪਤਾ ਕੋਇ ਦਿਖਰਾਵੈਂ।
ਨਿਜ ਸ਼ਕਤੀ ਕਰਿ ਮੋਹਿ ਬੁਲਾਵੈਂ।'
ਇਮਿ ਕਹਿ ਸਿਖ ਕੀ ਸੇਵਾ ਠਾਨੀ।
ਨਿਮਜੋ ਗੁਰੂ ਦਿਸ਼ ਮਨ ਕ੍ਰਮ ਬਾਨੀ ॥੩੯॥
ਭੋਰਿ ਭਯੋ ਸਿੱਖ ਕਰਜੋ ਬਿਸਰਜਨ।
ਹਾਥ ਬੰਦਿ ਕੈ ਬਹੁ ਬਿਨਤੀ ਭਨਿ[2]।
'ਸਤਿਗੁਰ ਪਤਾ ਦੇਹਿਂ ਜਬਿ ਮੋਹੀ।
ਤਬਿ ਆਵਨ ਨਿਸ਼ਚੈ ਤਿਤ ਹੋਹੀ' ॥੪੦॥
ਯੌਂ ਸੁਨਿ ਗਯੋ ਸਿੱਖਜ ਗੁਰ ਪਾਸਿ।
ਸਰਬ ਭਾਂਤਿ ਕੀਨਸਿ ਅਰਦਾਸਿ।
'ਪਤਾ ਚਹਤਿ ਕਹਿ -ਮੈਂ ਅੱਗਜਾਨੀ-।
ਭਾ ਅਧੀਨ ਕਹਿ ਬਿਨਤੀ ਬਾਨੀ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਬਹਿਲੋ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥੪੬॥

---

*ਪਾ:-ਸੁ ਧਾਯੋ।
[1]ਕਿੰਨੇ ਜਨਮ ਹੋਏ ਹਨ ਮੇਰੇ? ਤੇ ਕੀ ਮੰਗਦਾ ਰਿਹਾ ਹਾਂ?
[2]ਕਹਿਕੇ।

੪੭. [ਭਾਈ ਬਹਿਲੋ-ਜਾਰੀ]

੪੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੮

ਦੋਹਰਾ: ਤਿਸ ਕੇ ਪੂਰਬ ਜਨਮ ਕੋ,
ਪਤਾ ਲਿਖ੍ਯੋ ਗੁਰ ਰਾਇ।
ਕਾਗਦ ਕਰਿ ਕੈ ਖਾਮ ਕੋ[1],
ਦੀਨਹੁ ਸਿੱਖ੍ਯ ਪਠਾਇ ॥੧॥
ਚੌਪਈ: ਬਹਿਲੋ ਨਿਕਟਿ ਸਿੱਖ੍ਯ ਪੁਨ ਆਯੋ।
ਗੁਰੂ ਹੁਕਮਨਾਮੋ ਦਿਖਰਾਯੋ।
ਲੇ ਕਰਿ ਸਿਖ ਤੇ ਸਿਰ ਪਰ ਰਖ੍ਯੋ।
ਖੋਲ੍ਯੋ ਕਾਗਦ ਪਠਿ ਸਭਿ ਲਖ੍ਯੋ ॥੨॥
ਪ੍ਰਥਮ ਜਨਮ ਕੇ ਇਕ ਦੁਇ ਪਤੇ।
ਪਠਿ ਕਰਿ ਅਚਰਜ ਚਿਤ ਮਹਿਂ ਅਤੇ।
ਕਰਿ ਬਿਚਾਰ ਉਰ ਇਮ ਠਹਿਰਾਈ।
-ਜਾਨੌਂ ਬਨਹਿਂ[2] ਗੁਰੂ ਸ਼ਰਣਾਈ ॥੩॥
ਜੇ ਅਬਿ ਭਾਗ ਜਗੇ ਕੁਛ ਮੋਰੇ।
ਮਿਟਹਿ ਜਗਤ ਬੰਧਨ ਦੁਖ ਘੋਰੇ।
ਜਿਸ ਹਿਤ ਮੁਨਿ ਜਨ ਕਰਹਿਂ ਉਪਾਇ।
ਰਾਜ ਬਿਭੂਤਿ ਤਜਹਿਂ ਸਮੁਦਾਇ[3] ॥੪॥
ਅਨਿਕ ਭਾਂਤਿ ਕੇ ਤਪ ਕਹੁ ਤਾਪਤਿ।
ਕਰਹਿਂ ਜੋਗ ਜਿਸ ਹਿਤ ਦੁਹ ਪ੍ਰਾਪਤਿ[4*]।
ਸੁਤਿ ਬਨਿਤਾ ਕੋ ਤਜਾਗਹਿਂ ਮੋਹ।
ਬਿਚਰਹਿਂ ਸਦਾ ਇਕਾਕੀ ਹੋਹਿ ॥੫॥
ਨਿਤਾਪ੍ਰੱਤਿ ਮੈਂ ਪੂਜਕ ਸਰਵਰ[5]।
ਅਨੁਸਾਰੀ ਮੇਰੇ ਹੈਂ ਬਹੁ ਨਰ।
ਅਬਿ ਮੈਂ ਗਮਨੌਂ ਸਤਿਗੁਰੁ ਪਾਸਿ।
ਪਰੌਂ ਸ਼ਰਨਿ ਕਰਿ ਕੈ ਅਰਦਾਸ ॥੬॥
ਤਹਿਂ ਗਮਨੇ ਮਮ ਸ਼੍ਰੇਯ ਜੁ ਅਹੈ।

---

[1]ਬੰਦ ਕਰਕੇ।
[2]ਜਾਣਾ ਬਣਦਾ ਹੈ।
[3]ਕਠਨਤਾ ਨਾਲ ਲੱਭਣ ਵਾਲਾ ਹੈ।
[4]ਸਖੀ ਸਰਵਰ ਦਾ।
[*]ਪਾ:-ਸੁਖ ਪ੍ਰਾਪਤਿ ਦੁਖ ਪ੍ਰਾਪਤਿ।
[5]ਗਜਾਨ ਦਾਤਾ।

ਤੌ ਸਰਵਰ ਮੁਝ ਕੁਛ ਨਹਿਂ ਕਹੈ।
ਪੂਰਬ ਕਰਮਨਿ ਕੋ ਸ਼ੁਭ ਫਲੇ।
ਅਸ ਗਜਨਦ[1] ਸਤਿਗੁਰੁ ਜੇ ਮਿਲੇ ॥੭॥
ਤਹਾਂ ਗਏ ਜੇ ਨਹਿਂ ਕੱਲਜਾਨ।
ਤੌ ਮੁਝ ਕੋ ਨਿਜ ਸੇਵਕ ਜਾਨਿ।
ਗਮਨਤਿ ਕਰੈਂ ਬਿਘਨ ਸਮੁਦਾਇ।
ਕੈ ਸੁਪਨੇ ਮਹਿਂ ਕਛੂ ਜਨਾਇ- ॥੮॥
ਕਹਜੋ ਬਹੁਤ ਗੁਰ ਸਿਖ ਨੇ ਤਾਂਹਿ।
'ਨਿਸ਼ਚੈ ਤੁਰਕ ਕਹਾਂ ਤਜਿ ਨਾਂਹਿ[2] ?'
'ਚਿਰੰਕਾਲ ਕੋ ਸੇਵਕ ਤਾਂ ਕੋ।
ਜਾਨੋ[+] ਪੂਰਬ ਸਮ ਹਿਤ ਤਾਂ ਕੋ' ॥੯॥
ਇਮਿ ਮਨ ਠਾਨਿ ਚਲਜੋ ਘਰ ਤਜਾਗਿ।
ਜਿਸ ਕੇ ਭਾਲ ਜਗੇ ਬਡਿ ਭਾਗਿ।
ਬਾਮ ਦਾਹਿਨੇ ਸਨਮੁਖ ਸਾਰੇ।
ਸੁੰਦਰ ਭਏ ਸ਼ਗੁਨ ਸੁਖ ਵਾਰੇ[++] ॥੧੦॥
ਸ੍ਰੀ ਪਰਮੇਸ਼ਰ ਸਭਿ ਜਗ ਦਾਨੀ[3]।
ਅਪਨੇ ਪਰ ਕਰੁਨਾ ਤਿਸ ਜਾਨੀ।
ਤਊ ਭਿਰਾਈ ਭੇਸ ਧਰਜੋ ਹੈ।
ਉਰ ਬਿਚਾਰ ਇਮਿ ਪ੍ਰਨਹਿ[4] ਕਰਜੋ ਹੈ ॥੧੧॥
-ਸਤੱਦ੍ਰਵ ਸਲਿਤਾ[5] ਲਗ ਅਸ ਭੇਸ।
ਨਿਜ ਸਰੀਰ ਮਹਿਂ ਧਰੋਂ ਅਸ਼ੇਸ਼।
ਤਹਿਂ ਲੌ ਸਰਵਰ ਮੋਹਿ ਹਟਾਇ।
ਤੌ ਹਟਿ ਆਉਂ ਨ ਗੁਰੁ ਢਿਗ ਜਾਇ ॥੧੨॥
ਰਹੌਂ ਅਬਿਘਨ ਅਸੁਪਨ[6] ਜਿ ਚਲਤਾ।
ਤੌ ਨਿਜ ਭੇਸ ਅਰਪਹੌਂ ਸਲਿਤਾ[7]-।

---

[1]ਭਾਵ ਸਰਵਰ ਸਾਰੇ ਵਿਘਨ ਪਾਵੇ।
[2]ਤੁਰਕਾਂ ਤੇ ਨਿਸ਼ਚਾ ਕਿਉਂ ਨਹੀਂ ਛੱਡਦਾ।
[+]ਪਾ:-ਜਾਨੇ।
[++]ਪਾ:-ਗੁਨਵਾਰੇਂ।
[3]ਜਗਤ ਦਾਤੇ ਦੀ
[4]ਪ੍ਰਣ।
[5]ਦਰਯਾ ਸਤਲੁਜ।
[6]ਬਿਨਾਂ ਵਿਘਨ ਬਿਨਾਂ ਕਿਸੇ ਸੁਪਨੇ ਦੇ।
[7]ਨਦੀ ਨੂੰ।

ਇਮਿ ਮਨ ਧਾਰਿ ਚਲ੍ਯੋ ਮਗ ਮਾਂਹਿ।
ਉਰ ਦੁਚਿਤਾ ਮਨ ਕੋ ਥਿਤਿ[1] ਨਾਂਹਿ ॥੧੩॥
ਸਨੈ ਸਨੈ ਸਤੱਦ੍ਰਵ ਤਟ ਆਯੋ।
ਕਰਿ ਇਸ਼ਨਾਨ ਅਸਨ ਕੁਛ ਖਾਯੋ।
ਤਰੀ ਤੀਰ ਥਿਤਿ ਪਿਖਿਕਰਿ ਤਯਾਰ[2]।
ਚਢਿ ਬੈਠ੍ਯੋ ਉਲੰਘਨ ਹਿਤਪਾਰ ॥੧੪॥
ਜਬਿ ਪ੍ਰਵਾਹ ਮੈ ਨੌਕਾ ਆਈ।
ਖੂੰਡੀ ਖਲਰਾ[3] ਦੀਨਿ ਬਹਾਈ।
ਸੰਸੈ ਛੋਰਿ ਏਕ ਦਿਸ਼ ਹੋਵਾ।
ਕੂਕ ਤੁਰਕ ਕੋ ਮਾਨਨਿ ਜੋਵਾ[4] ॥੧੫॥
ਬਡੇ ਪ੍ਰਵਾਹ ਬੀਚ ਸੋ ਗੇਰਾ।
ਦ੍ਵੈ ਕਰ ਬੰਦਿ ਨਿਮ੍ਯੋ ਤਿਸਿ ਬੇਰਾ।
ਚਿਤ ਮਹਿਂ ਨਿਸ਼ਚੈ ਕਰਿ ਧਰਿ ਆਸ।
ਇਕ ਮਨ ਹੁਇ ਗਮਨ੍ਯੋ ਗੁਰੁ ਪਾਸ ॥੧੬॥
ਕ੍ਰਮ ਕ੍ਰਮ ਪੰਥ ਉਲੰਘ੍ਯੋ ਸਾਰਾ।
ਆਇ ਪਹੂਚ੍ਯੋ ਗੁਰ ਦਰਬਾਰਾ।
ਬੈਠੇ ਜਿਹ ਠਾਂ ਪੁਰਖ ਕ੍ਰਿਪਾਲ।
ਕਰਹਿਂ ਖਨਾਵਨਿ ਅੰਮ੍ਰਿਤ ਤਾਲ ॥੧੭॥
ਦੋਨਹੁਂ ਹਾਥ ਜੋਰਿ ਹੁਇ ਦੀਨ।
ਪਰਮ ਪ੍ਰੇਮ ਤੇ ਬੰਦਨ ਕੀਨਿ।
'ਨਿਜ ਸੇਵਕ ਲਖਿ, ਲੀਨਿ ਬੁਲਾਈ।
ਮੈਂ ਅੱਗਜਾਨੀ ਲਖੌਂ ਨ ਕਾਈ ॥੧੮॥
ਬਿਰਦ ਗਰੀਬ ਨਿਵਾਜ ਤੁਮਾਰੇ।
ਸ਼ਰਣਾਗਤਿ ਕੇ ਨਿਤ ਰਖਵਾਰੇ।
ਰਾਵਰਿ ਕੇਰਿ ਆਸਰੇ ਆਏ।
ਕੋਟ ਜਨਮੁ ਨਿਤ ਸੰਕਟ ਪਾਏ ॥੧੯॥
ਲਾਜ ਨਾਮ ਅਪਨੇ ਕੀ ਰਾਖਹੁ।
ਲਖਿ ਸੇਵਕ ਮੁਝ ਸੇਵਾ ਭਾਖਹੁ।

---

[1]ਟਿਕਾਉ।
[2]ਤਯਾਰ ਬੇੜੀ ਕੰਢੇ ਖੜੀ ਦੇਖਕੇ।
[3]ਖੱਲ ਜੋ ਸੁਲਤਾਨੀ ਭਿਰਾਈ ਪਹਿਨਦੇ ਹਨ।
[4]ਤੁਰਕ ਦਾ ਮੰਨਣਾ ਕੂੜਾ ਵੇਖਯਾ।

ਮਹਿਮਾ ਹਮ ਨਹਿਂ ਲਖਹਿਂ ਤੁਮਾਰੀ।
ਰਾਵਰਿ ਰੂਪ ਨਰਨਿ ਉਪਕਾਰੀ' ॥੨੦॥
ਬਿਨੈ ਸੁਨਤਿ ਸ਼੍ਰੀ ਅਰਜਨ ਗੁਰੂ।
'ਹੁਇ ਸ਼ਰਧਾ ਤੇ ਕਾਰਜ ਪੂਰੂ।
ਦੇਵੀ ਦੇਵਨਿ ਤੇ ਫਲ ਪਾਵਨਿ।
ਬ੍ਰਹਮਾ ਬਿਸ਼ਨੁ ਮਹੇਸ਼ੁਰ ਧਜਾਵਨਿ ॥੨੧॥
ਸ਼ਰਧਾ ਧਰਿ ਸਭਿ ਤੇ ਫਲ ਪਾਇ।
ਬਿਨ ਸ਼ਰਧਾ ਕੁਛ ਹਾਥ ਨ ਆਇ।
ਸ਼ਰਧਾ ਮੂਲ, ਭਗਤਿ ਤੁਚ[1] ਸਾਰੇ।
ਗਜਾਨ ਤਰੋਵਰ ਉਦੈ ਉਦਾਰੇ ॥੨੨॥
ਫਲ ਕੈਵਲ ਕੋ ਪ੍ਰਾਪਤਿ ਹੋਇ।
ਜਿਸ ਤੇ ਸੰਕਟ ਹੋਇ ਨ ਕੋਇ।
ਸ਼ਰਧਾ ਬਿਨ ਸਭਿ ਨਿਸ਼ਫਲ ਕਰਮ।
ਸੁਧਰਹਿ ਰਿਦਾ ਨ ਪ੍ਰਾਪਤਿ ਧਰਮੁ ॥੨੩॥
ਸ਼ਰਧਾ ਸਭਿ ਤੇ ਪੂਰਬ ਚਹੀਅਹਿ।
ਜਿਸ ਤੇ ਮਨ ਬਾਂਛਤਿ ਫਲ ਲਹੀਅਹਿ।'
ਇਮ ਕਹਿ ਸਤਿਗੁਰ ਕੀਨ ਦਿਹਾਰੀ[2]।
'ਲਿਹੁ ਗੁਰੁ ਘਰ ਕੇ ਕਰਹੁ ਅਹਾਰੀ ॥੨੪॥
ਅਬਿ ਤੀਰਥ ਕੀ ਕਾਰ ਕਰੀਜੈ।
ਸਭਿ ਸੰਗਤਿ ਕੇ ਸੰਗ ਮਿਲੀਜੈ।
ਜਹਾਂ ਈਂਟ ਕੇ ਲਗੇ ਪਜਾਵੇ।
ਬਹੁ ਈਂਧਨ ਕੇ ਸੰਗ ਪਕਾਵੇ ॥੨੫॥
ਤਹਾਂ ਸਿੱਖ ਸੇਵਾ ਬਹੁ ਕਰਿਹੀ।
ਕਰਦਮ ਤੇ ਈਂਟਨ ਕੋ ਘਰਿਹੀ[3]।
ਸ਼ੁਸ਼ਕ ਹੋਇ ਤਬਿ ਲੇਹਿਂ ਉਠਾਇ।
ਆਵੇ[4] ਬਿਖੈ ਧਰਹਿਂ ਸਮੁਦਾਇ ॥੨੬॥
ਜਿਮ ਨੀਕੇ ਪਾਕਹਿਂ ਗਨ ਆਵੇ।
ਤਿਮ ਈਂਧਨ ਬਿਧਿ ਸੋਂ ਦਿਹੁ ਪਾਵੇ।

---

[1]ਛਿੱਲ।
[2]ਮਜੂਰੀ ਲਾ ਦਿੱਤੀ।
[3]ਘੜਦੇ ਹਨ।
[4]ਸਾਰੇ ਆਵੇ।

ਤਹਿਂ ਥਿਤਿ ਰਹੋ ਸਭਿਨਿ ਸੋਂ ਕਹੋ।
-ਇਹੁ ਤੀਰਥ ਕੀ ਸੇਵਾ ਲਹੋ-' ॥੨੭॥
ਇਮ ਸੁਨਿ ਕੈ ਬਹਿਲੋ ਹਰਖਾਯੋ।
ਕਰਿ ਬੰਦਨ ਸਿੱਖਨ ਮਹਿਂ ਆਯੋ।
ਕਰਿਬੇ ਲਗ੍ਯੋ ਟਹਿਲ ਤਿਨਿ ਸੰਗਿ।
ਸਕਲ ਦਿਵਸ ਜੇਤੋ ਬਲ ਅੰਗ[1]' ॥੨੮॥
ਨਿਸਾ ਭਏ ਜਬਿ ਫਿਰਹਿ ਅੰਧੇਰੇ।
ਜਾਚ ਲੇਤਿ ਸਿੱਖਨ ਕੇ ਡੇਰੇ।
ਅਲਪ ਅਹਾਰ ਤਬਹਿ ਕਰਿ ਰਹੈ।
ਗੁਰੁ ਪਗ ਪ੍ਰੇਮ ਰੈਨ ਦਿਨ ਲਹੈ ॥੨੯॥
ਦਿਵਸ ਬਿਖੈ ਨਿਤ ਸੇਵ ਕਮਾਵੈ।
ਸਿਮਰਨ ਕਰਤੇ ਨਿਸਾ ਬਿਤਾਵੈ।
ਬੂਝੈ[2] ਲੋਕ 'ਈਟਕਾ ਆਵੈ।
ਕਿਸ ਤੇ ਇਕ ਨੀਕੇ ਪਕ ਜਾਵੈਂ?' ॥੩੦॥
ਤਬਹਿ ਕਿਸੂ ਨੇ ਕਹ੍ਯੋ ਸੁਨਾਇ।
ਬਿਸ਼ਟਾ ਜੇਕਰਿ ਇਨ ਮਹਿਂ ਪਾਇ।
ਤੌ ਆਛੀ ਪਾਕਹਿਂ ਹੁਇਂ ਲਾਲ।
ਘਸੈਂ ਨ ਫੂਟਹਿਂ ਸੋ ਤਤਕਾਲ' ॥੩੧॥
ਇਮ ਸੁਨਿ ਪ੍ਰੇਰੇ ਸੁਪਚ[3] ਬਤੇਰੇ।
ਭਰੈ ਸੂਪ[4] ਲਦ ਰਾਸ਼ਭ ਪ੍ਰੇਰੇ[5]*।
ਈਂਟਨ ਕੇ ਚਹੁੰਫੇਰੇ ਪਾਇ।
ਅਪਰ ਬਹੁਰ ਕੂਰਾ ਲੇ ਆਇ ॥੩੨॥
ਬਿਧਿ ਸੋਂ ਕਰਹਿ ਪ੍ਰੇਮ ਉਪਜਾਵੇ।
ਗਨ ਈਂਟਨ ਕੇ ਲਾਇ ਪਜਾਵੇ।
ਪਾਕੀ ਬਹੁ ਸੁੰਦਰ ਭਈ ਲਾਲ।
ਬਹਿਲੋ ਹਰਖ੍ਯੋ ਰਿਦੇ ਬਿਸਾਲ ॥੩੩॥
ਸ਼੍ਰੀ ਅਰਜਨ ਲਖਿ ਅੰਤਰਜਾਮੀ।

---

[1]ਅੰਗਾਂ ਵਿਚ।
[2]ਪੁੱਛਦਾ ਹੈ।
[3]ਚੂੜ੍ਹੇ।
[4]ਛੱਜ।
[5]ਖੋਤੇ ਹੱਕੇ।
*ਪਾ:-ਇਮਿ ਸੁਨ ਲਈ ਫਾਹੁਰੀ ਹਾਥ। ਭਰਹਿ ਸੂਪ ਕੌ ਤਿਸਿ ਕੇ ਸਾਥ।

ਸੇਵਾ ਸਿੱਖਜਨ ਕੀ ਪਿਖਿ ਸ੍ਵਾਮੀ।
ਕੁਛਕ ਈਂਟਕਾ ਨਿਕਟਿ ਮੰਗਾਈ।
ਕੀਨ ਬਿਲੋਕਨ ਨੀਠ[+] ਬਨਾਈ ॥੩੪॥
ਪਰਮ ਪ੍ਰਸੀਦੇ ਬਾਕ ਸੁਨਾਯੋ।
'ਇਹੁ ਆਵਾ ਅਬਿ ਭਲੋ ਪਕਾਯੋ।'
ਅਤਿ ਸੇਵਾ ਬਹਿਲੋ ਕੀ ਦੇਖਿ।
ਕ੍ਰਿਪਾ ਦ੍ਰਿਸ਼ਟਿ ਗੁਰੁ ਕਰਤਿ ਵਿਸ਼ੇਖ਼ ॥੩੫॥
ਅੰਤਹਕਰਣ ਭਯੋ ਨਿਰਮਲੀਆ।
ਬਿਸ਼ੈ ਬਾਸ਼ਨਾਦਿਕ ਸਭਿ ਦਲੀਆ[1]।
ਇਮਿ ਸੇਵਾ ਮਹਿਂ ਲਗਯੋ ਘਨੇਰਾ।
ਕਰਹਿ ਪਜਾਵਨ ਕਾਜ ਬਡੇਰਾ ॥੩੬॥
ਇਕ ਦਿਨ ਸ਼੍ਰੀ ਅਰਜਨ ਗੁਰੁ ਬੈਸੇ।
ਕਹਯੋ ਲਾਂਗਰੀ ਆਇ ਸੁ ਐਸੇ।
'ਚੂਨ[2] ਆਜ ਨਹਿਂ ਭਯੋ ਤਯਾਰੀ।
ਅਟਕੀ ਦੇਗ ਸੁ ਭਈ ਲਚਾਰੀ' ॥੩੭॥
ਸ਼੍ਰੀ ਗੁਰੁ ਸਿੱਖਜਨ ਸਾਥ ਅਲਾਇ।
'ਆਜ ਦੇਗ ਕੋ[3] ਔਰ ਚਲਾਇ।'
ਸੁਨਿ ਬਹਿਲੋ ਹੁਇ ਖਰੇ ਉਚਾਰੀ।
'ਰਾਵਰ ਕਰੀ ਜੁ ਮੋਹਿ ਦਿਹਾਰੀ[4] ॥੩੮॥
ਸਰਬ ਇਕੱਤ੍ਰ ਅਹੈ ਸੋ ਧਰੀ।
ਮੈਂ ਨਿਜ ਗੁਜਰ ਅਪਰ ਬਿਧਿ ਕਰੀ।
ਸੋ ਸਭਿ ਰਸਤ ਦੇਗ ਦਿਹੁ ਪਾਇ।
ਸ਼੍ਰੀ ਪ੍ਰਭੁ ਦਾਨ ਤਿਹਾਰੋ ਖਾਇ' ॥੩੯॥
ਸ਼੍ਰੀ ਅਰਜਨ ਸੁਨਿ ਬੋਲੇ 'ਸਿੱਖਜ!
ਅਬਿ ਨ ਫਿਰੋ ਘਰ ਘਰ ਹਿਤ ਭਿੱਖਜ।
ਮਾਂਗ ਮਾਂਗ ਟੁਕਰੇ ਬਹੁ ਥਾਂਵਨ।
ਸੋ ਸਭਿ ਹਮ ਕੋ ਕਰੋ ਖੁਵਾਵਨ ॥੪੦॥
ਅਬਿ ਲੰਗਰ ਤੇ ਕਰਹੁ ਅਹਾਰਾ।

[+]ਪਾ:-ਨੀਕ।
[1]ਵਿਸ਼ੈ ਬਾਸਨਾ ਆਦਿਕ ਸਭ ਨਾਸ਼ ਹੋ ਗਈਆਂ।
[2]ਆਟਾ।
[3]ਕੋਈ ਹੋਰ।
[4]ਦਿਹਾੜੀਆਂ (ਦੀ ਮਜੂਰੀ)।

ਨਹਿਂ ਜਾਚਹੁ ਤੁਹਿ ਭਾਉ ਉਦਾਰਾ।
ਹਮਰੀ ਕਰਿ ਪ੍ਰਸੰਨਤਾ ਐਸੇ।
ਜਾਚੇ ਟੁਕਰੇ ਦੇਹੁ ਨ ਕੈਸੇ ॥੪੧॥
-ਵਾਹਿਗੁਰੂ- ਕਹਿ ਅਰਪਤਿ ਹਮੈਂ।
ਟੁਕਰੇ ਦੇਤਿ ਜੁ ਖੈਬੇ ਸਮੈ।
ਹਮ ਕੋ ਪ੍ਰਾਪਤ ਹੋਵਤਿ ਆਇ*।
ਲੇ ਗੁਰ ਨਾਮ ਅਪਰ ਦੇ ਖ੍ਵਾਇ[1] ॥੪੨॥
ਆਧੋ ਭੋਜਨ ਆਪ ਅਚੈਂ ਹੈਂ।
ਅਰਧ ਗੁਰੂ ਹਿਤ ਤੂੰ ਅਰਪੈ ਹੈਂ।
ਤਜਹੁ ਸੁ ਅਚਵਹੁ ਦੇਗ ਅਹਾਰਾ।
ਕਰਹੁ ਪ੍ਰੇਮ ਸੋਂ ਤੀਰਥ ਕਾਰਾ' ॥੪੩॥
ਸੁਨਿ ਬਹਿਲੋ ਮਾਨੀ ਗੁਰਬਾਨੀ।
ਕਰਨ ਲਗਯੋ ਤਿਮ ਜਥਾ ਬਖਾਨੀ।
ਬਹੁ ਨਰ ਖਨਹਿਂ ਉਠਾਵਹਿਂ ਭਾਰ।
ਕਰਹਿਂ ਬ੍ਰਿੰਦ ਮ੍ਰਿਤਕਾ ਕੀ ਕਾਰ ॥੪੪॥
ਬਹਿਲੋ ਧਰਹਿ ਟੋਕਰਾ ਆਗੈ।
ਖਨਹਿਂ ਸਿੱਖ ਇਕ ਭਰਿਬੇ ਲਾਗੈ।
ਬਹੁਤ ਮ੍ਰਿੱਤਕਾ ਪਾਵਹਿਂ ਤਾਂਹਿ।
ਇਹੁ ਤਿਨ ਕੋ ਕਿਮ ਬਰਜਤਿ ਨਾਂਹਿ ॥੪੫॥
ਭਰਹਿਂ ਜੁ ਮ੍ਰਿਤਕਾ, ਤਿਨਹੁਂ ਅਗਾਰੀ।
ਧਰਹਿ ਟੋਕਰਾ, ਕਰਹਿਂ ਸੁ ਭਾਰੀ।
ਆਪ ਗੁਰੂ ਦਿਸ਼ ਟਕ ਚਖ ਲਾਵੈ[2]।
ਇਤ ਉਤ ਦ੍ਰਿਸ਼ਟਿ ਨ ਕਬਹੁਂ ਚਲਾਵੈ ॥੪੬॥
ਸਤਿਗੁਰ ਮੁਖ ਕੋ ਦੇਖਤਿ ਰਹੈ।
'ਚੁਕਹੁ ਸੀਸ ਪਰ' ਜਬਿ ਨਰ ਕਹੈਂ।

---

*ਮੁਰਾਦ ਇਹ ਹੈ ਕਿ ਆਤਮ ਅੱਭਯਾਸੀ ਆਪਣੇ ਪੂਜਯ ਦੇ ਧਿਆਨ ਵਿਚ ਹੁੰਦੇ ਹਨ, ਧਯਾਨ ਮਗਨ ਅਰਦਾਸ ਕਰਦੇ ਹਨ। ਇਉਂ ਪੂਜਾ ਤੇ ਪਿਆਰ ਕਰਨ ਵਾਲੇ ਦੀ ਭਾਵਨਾ ਦਾ ਅਸਰ 'ਪੂਜਯ' ਉੱਤੇ ਹੁੰਦਾ ਹੈ। ਬਹਿਲੋ ਜੀ ਦੇ ਧਿਆਨ ਮਗਨ ਰਹਿੰਦਿਆਂ ਮੰਗ ਕੇ ਟੁੱਕਰ ਖਾਧਿਆਂ ਦਾ ਅਨੁਭਵ ਸਤਿਗੁਰਾਂ ਨੂੰ ਹੁੰਦਾ ਸੀ, ਜਿਵੇਂ ਧਿਆਨ ਮਗਨ ਹੋਕੇ ਕੀਰਤਨ ਸੋਹਿਲਾ ਪੜ੍ਹਦਿਆਂ ਪੜ੍ਹਨ ਵਾਲੇ ਅਯਾਲੀ ਦੇ ਪੈਰਾਂ ਵਿਚ ਚੁਭ ਰਹੇ ਕੰਡੇ ਗੁਰ ਨਾਨਕ ਦੇਵ ਜੀ ਦੇ ਚਰਨਾਂ ਵਿਚ ਝਰੀਟਾਂ ਪਾ ਰਹੇ ਸਨ ਤੇ ਸ੍ਰੀ ਪਾਵਨ ਲਹਿਣਾ ਜੀ ਦੇਖ ਕੇ ਅਚੰਭਾ ਹੋ ਰਹੇ ਸਨ। ਦੇਖੋ ਸ੍ਰੀ ਗੁਰ ਨਾਨਕ ਪ੍ਰਕਾਸ਼ ਉਤਰ੍ਾਰਧ ਅਧਯਾਯ ੪੯ ਅੰਕ ੩੩ ਤੋਂ ਅੱਗੇ।

[1]ਹੋਰ ਨੂੰ ਜੋ ਤੂੰ ਖੁਆ ਦਿੰਦਾ ਹੈਂ।

[2]ਨੇਤ੍ਰਾਂ ਦੀ ਟਕ ਲਾਵੇ।

ਦੁਇ ਤ੍ਰੈ ਨਰ ਉਠਵਾਵਨ ਕਰੈਂ।
ਗਿਨਹਿ ਨ ਕਛੂ ਸੁ ਸਿਰ ਪਰ ਧਰੈ ॥੪੭॥
ਵਹਿਰ ਗੇਰ ਪੁਨ ਆਵਹਿ ਦੌਰ।
ਗੁਰੁ ਮੁਖ[1] ਪਿਖਹਿ ਥਿਰੈ ਤਿਸ ਠੌਰ।
ਹਸਨ ਹੇਤੁ ਨਰ ਭਰੈਂ ਬਿਸਾਲ।
ਕੇਤਿਕ ਮਣ ਮ੍ਰਿਤਕਾ ਕੇ ਨਾਲ ॥੪੮॥
ਸਭਿ ਮਿਲਿ ਕਰਹਿਂ ਹਾਸ ਤਿਸ ਕੇਰੇ।
ਕੁਛ ਨਹਿਂ ਗਨਹਿ ਗੁਰੂ ਦਿਸ਼ ਹੇਰੇ।
ਭਾਰ ਉਠਾਵਹਿ ਜੇਤਿਕ ਪਾਵਹਿਂ।
ਵਹਿਰ ਗੇਰਿ ਦੌਰਤਿ ਪੁਨ ਆਵਹਿ ॥੪੯॥
ਮੁਖ ਤੇ ਮੌਨ, ਕਹਹਿ ਨਹਿਂ ਕਾਹੂ।
ਪਿਖਹਿ ਪ੍ਰੇਮ ਰਾਤਾ ਰੰਗ ਮਾਂਹੂ[2]।
ਜਬਿ ਲਗ ਗੁਰ ਬੈਠਹਿਂ ਖਨਵਾਵਹਿਂ।
ਤਬਿ ਲਗ ਤਿਹ ਠਾਂ ਕਾਰ ਕਮਾਵਹਿ ॥੫੦॥
ਜਬਿ ਸ਼੍ਰੀ ਗੁਰੁ ਰਾਜਹਿਂ ਥਲ ਔਰ।
ਕਰਿਹੈ ਕਾਰ ਪਜਾਵਨ ਠੌਰ[3]।
ਸੁਪਤਹਿ ਅਲਪ ਜਾਮਨੀ ਜਾਨਿ।
ਸੇਵਹਿ ਸਰਬ ਸਮੈਂ ਹਿਤ ਠਾਨਿ ॥੫੧॥
ਛੁਧਾ ਪਿਪਾਸਾ ਨੀਂਦ ਨ ਜਾਨਹਿ।
ਆਲਸ ਬਿਨ, ਸੇਵਾ ਸਵਧਾਨਹਿ।
ਜਬਿ ਗੁਰ ਮਿਲੈਂ ਲਾਇ ਟਕ ਰਹੈ।
ਜਥਾ ਚਕੋਰ ਚੰਦ ਕੋ ਚਹੈ ॥੫੨॥
ਕਾਰ ਈਂਟਕਾ ਕਰਹਿ ਪਚਾਵੈ।
ਭਲੀ ਰੀਤਿ ਕਰਿ ਪ੍ਰੇਮ ਪਕਾਵੈ।
ਪੁਨ ਭਾਈ ਭਗਤੂ ਚਲਿ ਆਯੋ।
ਤੀਰਥ ਕਾਰ ਕਰਨਿ ਚਿਤ ਲਾਯੋ ॥੫੩॥
ਸ਼੍ਰੀ ਗੁਰੁ ਰਾਮਦਾਸ ਬਚ ਕਹ੍ਯੋ।
ਜਿਸਨੇ ਜਨਮ ਜਗਤ ਮਹਿਂ ਲਹ੍ਯੋ[4]।

---

[1]ਗੁਰੂ ਜੀ ਦਾ ਮੁਖੜਾ।
[2]ਪ੍ਰੇਮ ਦੇ ਰੰਗ ਵਿਚ ਹੱਤਾ।
[3](ਤਦੋਂ ਬਹਿਲੋ) ਕਰਦਾ ਹੈ ਕਾਰ ਆਵਿਆਂ ਵਾਲੀ ਥਾਵੇਂ ਜਾਕੇ।
[4]ਜਿਸ ਨੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਉਚਰੇ ਬਚਨ (ਅਨੁਸਾਰ) ਜਗਤ ਵਿਚ ਜਨਮ ਲਿਆ ਸੀ (ਸੋ ਭਾਈ ਭਗਤੂ)।

ਮ੍ਰਿਤਕਾ ਵਹਿਰ ਨਿਕਾਸੇ ਜਾਇ।
ਖਨਹਿ ਕਬਹੁਂ ਕਬਿ ਸੀਸ ਉਠਾਇ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਭਾਈ ਬਹਿਲੋ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ ॥੪੭॥

੪੮. [‘ਬੁੱਧੂ ਦਾ ਆਵਾ ਕੱਚਾ।’ ਭਾਈ ਲੱਖੂ]

੪੭<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੪੯

ਦੋਹਰਾ: ਬੁੱਧੂ ਨਾਮ ਕੁਲਾਲ[1] ਇਕ,
ਸਤਿਗੁਰ ਕੋ ਸਿਖ ਧੀਰ।
ਲਵਪੁਰਿ ਮਹਿਂ ਤਿਸ ਕੋ ਸਦਨ,
ਜਾਤਿ ਗੁਰੂ ਕੇ ਤੀਰ ॥੧॥
ਚੌਪਈ: ਸਿੱਖਜਨਿ ਕੀ ਬਹੁ ਸੇਵਾ ਕਰਿਈ।
ਧਰਮ ਕਿਰਤ ਕੀ ਜੀਵਾ ਧਰਿਈ।
ਗੁਰੂ ਭਰੋਸੇ ਕਾਰ ਕਰੰਤਾ।
ਅਪਨੇ ਸਭਿ ਕਾਰਜ ਨਿਬਹੰਤਾ ॥੨॥
ਲਾਇ ਈਂਟਕਾ ਕੇਰ ਪਜਾਵੈ।
ਬੇਚਹਿ ਪੁਰਿ ਮਹਿਂ ਗੁਜ਼ਰ ਚਲਾਵੈ।
ਗੁਰੁ ਸਿੱਖਜਨ ਕੋ ਕਰਹਿ ਅਹਾਰਾ।
ਪੁਰਹਿ ਭਾਵਨਾ ਰਿਦੇ ਮਝਾਰਾ ॥੩॥
ਏਕ ਬਾਰ ਤਿਨ ਕੀਨ ਪਜਾਵਾ।
ਕਈ ਹਜ਼ਾਰ ਦਰਬ ਕੋ ਲਾਵਾ।
ਬ੍ਰਿੰਦ ਮਜੂਰ ਕਾਰ ਕੋ ਕਰਿਤੇ।
ਈਂਧਨ ਅਧਿਕ ਈਂਟਕਾ ਧਰਿਤੇ ॥੪॥
ਗਿਰ ਸਮ ਊਚੇ ਚਿਨਿ ਕੈ ਕੀਨਾ।
ਰਹੇ ਸਕੇਲਤਿ ਬਹੁਤ ਮਹੀਨਾ[2]।
ਲਾਗਤਿ ਲਗਯੋ ਅਧਿਕ ਹੀ ਦਰਬਾ।
ਲੀਨਿ ਬਣਕ ਤੇ ਰਿਣ ਕਰਿ[3] ਸਰਬਾ ॥੫॥
‘ਬਿਕਹਿਂ ਈਂਟਕਾ ਦੈਬੋ ਤੋਹਿ।
ਕਿਤਿਕ ਮਾਸ ਮਹਿਂ ਇਹੁ ਸਿਧ ਹੋਹਿ[4]।
ਦਰਬ ਉਧਾਰੋ ਲੇ ਕਰਿ ਸੋਈ।
ਦੇਤਿ ਮਜੂਰ ਮਜੂਰੀ ਓਈ ॥੬॥
ਨਰ ਸਹੱਸ੍ਰਈ[5] ਕਾਰ ਕਮਾਵੈਂ।
ਸੰਧਜਾ ਹੋਇ ਦਿਹਾੜੀ ਪਾਵੈ।

---

[1]ਘੁਮਿਆਰ।
[2]ਇਕੱਤ੍ਰ ਕਰਦੇ ਰਹੇ ਬਹੁਤੇ ਮਹੀਨੇ।
[3]ਕਰਜ਼ਾ ਕਰਕੇ।
[4]ਪਕ ਜਾਏਗਾ।
[5]ਸੈਂਕੜੇ ਹੀ।

ਕਿਤਿਕ ਮਾਸ ਮਹਿਂ ਕੀਨ ਮਹਾਂਨਾ।
ਅਗਨਿ ਲਾਇਬੇ ਕੋ ਮਨ ਜਾਨਾ ॥੭॥
ਬੁੱਧੂ ਕਰਿ ਬਿਚਾਰ ਉਰ ਨੀਕੇ।
-ਪ੍ਰਥਮ ਪੂਜੀਐ ਪਦ ਗੁਰ ਜੀ ਕੇ।
ਹੁਇ ਨਿਰਬਿਘਨ ਸੁ ਕਾਜ ਸਮਾਪਤਿ।
ਇਹੁ ਮਹਿਮਾ ਸਤਿਸੰਗਤਿ ਭਾਖਤਿ- ॥੮॥
ਇਮਿ ਮਨ ਠਾਨਿ ਕੀਨ ਪ੍ਰਸਥਾਨਾ।
ਰਾਮਦਾਸ ਪੁਰਿ ਦਿਸ਼ਿ ਗੁਰੁ ਜਾਨਾ।
ਮਗ ਮਹਿਂ ਨਿਸ ਬਸਿ ਪਹੁਂਚਯੋ ਆਇ।
ਨੀਰ ਕੂਪ ਸੋਂ ਪ੍ਰਥਮ ਨਹਾਇ ॥੯॥
ਅੰਮ੍ਰਿਤਸਰ ਮਹਿਂ ਕੀਨ ਸ਼ਨਾਨਾ*।
ਜਪੁਜੀ ਪਾਠ ਸੁ ਪ੍ਰੇਮ ਬਖਾਨਾ।
ਨਿਜ ਮੰਦਿਰ ਮਹਿਂ ਸਤਿਗੁਰ ਬੈਸੇ।
ਸਦਨ ਬਿਕੁੰਠ ਬਿਸ਼ਨੁ ਪ੍ਰਭੁ ਜੈਸੇ ॥੧੦॥
ਗਾਇਂ ਰਬਾਬੀ ਰਾਗਨਿ ਚਾਰੂ।
ਜਿਨ ਸੁਨਿਬੇ ਫਲ ਪਾਇ ਉਦਾਰੂ।
ਧਨ ਕੋ ਢੇਰ ਅਗਾਰੀ ਪਰਯੋ।
ਹੋਤਿ ਪ੍ਰਾਤਿ ਤੇ ਜੇਤਿਕ ਚਰਯੋ ॥੧੧॥
ਦਾਸ ਚਮਰ ਲੈ ਸੀਸ ਢੁਰਾਵੈ।
ਆਸਨ ਪਰ ਥਿਤਿ ਗੁਰ ਦੁਤਿ ਪਾਵੈਂ।
ਸਿਖ ਸੰਗਤਿ ਚਾਰਹੁਂ ਦਿਸ਼ ਦਰਸੈਂ।
ਮੁਨਿ ਗਨ ਮਨਹੁਂ ਸੰਭੁ[1] ਬਿਚ ਪਰਸੈਂ ॥੧੨॥
ਬੁੱਧੂ ਜਾਇ ਉਪਾਇਨ ਧਰੀ।
ਤਬਿ ਅਰਦਾਸ ਮੇਵਰੇ[2] ਕਰੀ।
'ਸ਼੍ਰੀ ਗੁਰ ਜੀ! ਇਹੁ ਸਿੱਖਜ ਤੁਮਾਰਾ।
ਜਾਚਤਿ ਰਾਵਰਿ ਸਿਦਕ ਉਦਾਰਾ ॥੧੩॥
ਬਹੁ ਧਨ ਸੰਗ ਪਜਾਵਾ ਲਾਇਵ।
ਤਿਹਂ ਸਿਧਿ ਹੋਤ ਅਬੈ ਚਲਿ ਆਇਵ।

---

*ਅਜੇ ਤਾਲ ਖੁਣਿਆਂ ਜਾ ਰਿਹਾ ਹੈ ਮੰਦਰ ਵੀ ਨਹੀਂ ਬਣਿਆਂ, ਇਸ਼ਨਾਨ ਅੰਮ੍ਰਿਤਸਰ ਸਰੋਵਰ ਵਿਚ ਕਰਨਾ ਅਜੇ ਸੰਭਵ ਨਹੀਂ ਸੀ। ਇਹ ਹੋ ਸਕਦਾ ਹੈ ਕਿ ਕੱਢੇ ਖਣੇ ਥਾਂ ਵਿਚ ਕੁਛ ਜਲ ਨਿਸਰ ਆਯਾ ਹੋਵੇ।

[1]ਮੁਨੀਆਂ ਦੇ ਸਮੂਹ ਮਾਨੋ ਸ਼ਿਵਜੀ ਨੂੰ।

[2]ਅਰਦਾਸੀਏ ਨੇ।

-ਪਾਕਹਿ ਨੀਕੋ- ਬਾਕ ਤੁਮਾਰਾ।
ਚਹਤਿ ਕਹਾਯੋ, ਹ੍ਵੈ ਨ ਬਿਗਾਰਾ' ॥੧੪॥
ਕਰੁਨਾ ਭਰੇ ਰਸੀਲੇ ਨੈਨ।
ਸੁਨਿ ਇਸ ਕੋ ਪਿਖਿ ਕਰਿ ਕਹਿ ਬੈਨ।
'ਕਾਰਜ ਤੋਰਿ ਸਿੱਧ ਹੁਇ ਜਾਇ।
ਸੇਵਹੁ ਸਿੱਖਜਨ ਕੋ ਮਨ ਲਾਇ ॥੧੫॥
ਪਾਕ ਈਂਟਕਾ ਹੋਵਹਿਂ ਨੀਕੇ।
ਕਰਹੁ ਮਨੋਰਥ ਪੂਰਨ ਜੀ ਕੇ।'
ਇਮਿ ਸੁਨਿ ਕੈ ਤਬਿ ਬੰਦਨ ਠਾਨੀ।
ਪੁਨ ਆਯਹੁ ਲਵਪੁਰੀ ਮਹਾਨੀ ॥੧੬॥
ਗੁਰੂ ਵਾਕ ਪਰ ਕਰਿ ਬਿਸਵਾਸ।
ਦਈ ਪਜਾਵੈ ਅਗਨਿ ਪ੍ਰਕਾਸ਼।
ਕਿਤਿਕ ਦਯੋਸ ਮਹਿਂ ਮੂਹਰੀ[1] ਖੋਲੀ।
ਪਾਕੀ ਈਂਟ ਭਈ ਬਹੁ ਮੋਲੀ ॥੧੭॥
-ਸਿੱਖਜਨ ਕੋ ਅਹਾਰ ਅਚਵਾਵੌਂ[2]।
ਸਦਨ ਆਨਿ ਆਛੇ ਤ੍ਰਿਪਤਾਵੌਂ।
ਪੁਨ ਬੇਚੌਂ ਸਭਿ ਈਂਟ ਪਜਾਵੌਂ[3+]।
ਧਨ ਦੈਨੋ ਜਿਸੁ ਤੇ ਨਿਤ ਲਜਾਵੌਂ[¶]- ॥੧੮॥
ਸਦਨ ਜਾਇ ਕੈ ਕੀਨਸਿ ਤਜਾਰੀ।
ਭੋਜਨ ਸ੍ਵਾਦਲ ਅਨਿਕ ਪ੍ਰਕਾਰੀ।
ਸਿਖ ਸੰਗਤਿ ਬਹੁਤੇ ਬੁਲਵਾਏ।
ਪਾਂਤਿਹ ਪਾਂਤਿ[4] ਬਨਾਇ ਬਿਠਾਏ ॥੧੯॥
ਪ੍ਰਥਮ ਕੀਰਤਨ ਕੋ ਕਰਿਵਾਯਹੁ।
ਗਾਇ ਰਬਾਬੀ ਸ਼ਬਦ ਸੁਨਾਯਹੁ।
ਕਰਿ ਅਰਦਾਸ ਬ੍ਰਤਾਇ ਅਹਾਰਾ।
ਅਚਵਨਿ ਕੀਨਿ ਅਨੇਕ ਪ੍ਰਕਾਰਾ ॥੨੦॥
ਤ੍ਰਿਪਤਿ ਭਈ ਸਭਿ ਸੰਗਤਿ ਆਛੈ।

---
[1]ਬਾਰੀ।
[2]ਖੁਲਾਵਾਂ।
[3]ਆਵੇ ਦੀ।
[+]ਪਾ:-ਪਜਾਵੇ।
[¶]ਪਾ:-ਲਜਾਵੇ।
[4]ਪੰਗਤਾਂ ਦੀਆਂ ਪੰਗਤਾਂ।

ਏਕ ਸਿੱਖ ਚਲਿ ਆਯਹੁ ਪਾਛੈ।
ਕਰੀ ਜਾਚਨਾ 'ਦੇਹੁ ਅਹਾਰੇ।
ਗੁਰ ਹਿਤ ਤੇ ਕੀਨਸਿ ਤੈਂ ਤਜਾਰੇ' ॥੨੧॥
ਕਹਤਿ ਭਯੋ 'ਅਬਿ ਬਰਤਜੋ ਸਾਰੋ।
ਪੂਰਬ ਆਵਤਿ ਕਰਤਿ ਅਹਾਰੋ।'
ਸਭਿ ਸੰਗਤਿ ਨੇ ਹਾਥ ਪਖਾਰੇ।
ਖਰੋ ਹੋਇ ਅਰਦਾਸ ਉਚਾਰੇ ॥੨੨॥
'ਸ੍ਰੀ ਸਤਿਗੁਰੂ ! ਬੁੱਧੂ ਸਿਖ ਤੇਰੋ।
ਭੋਜਨ ਸਿੱਖ ਅਚਾਇ ਘਨੇਰੋ।
ਰਾਸ ਪਚਾਵਾ ਆਇ[1] ਇਸੀ ਕੋ।
ਤੁਮ ਕਰੁਨਾ ਤੇ ਪਾਕਹਿ ਨੀਕੋ' ॥੨੩॥
ਸੁਨਿ ਸਿਖ ਲੱਖੂ ਊਚ ਉਬਾਚਾ।
'ਬੁੱਧੂ ਰਹਜੋ ਪਚਾਵਾ ਕਾਚਾ।
ਹੇਰਿ ਛੁਧਾਤੁਰ ਦਿਯ ਨ ਅਹਾਰਾ।
ਨਹਿਂ ਪਾਕਹਿ, ਭਾ ਦੋਸ਼ ਉਦਾਰਾ[2]' ॥੨੪॥
ਸੁਨਿ ਬੁੱਧੂ ਲੱਖੂ ਸੰਗ ਕਹੈ।
'ਬਡਾ ਨਵੀਨ ਸਿੱਖਜ ਤੂੰ ਅਹੈਂ।
ਮਮ ਕਾਰਜ ਹਿਤ ਗੁਰੂ ਉਬਾਚਾ।
-ਪਕਹਿ ਪਜਾਵਾ ਰਹੈ ਨ ਕਾਚਾ- ॥੨੫॥
ਐਸੋ ਕੌਨ ਜੁ ਬਾਕ ਮਿਟਾਵੈ।
ਗੁਰ ਕੋ ਕਹਜੋ ਸਦਾ ਸਫਲਾਵੈ।
ਭੋਜਨ ਸਮੈ ਨ ਪਹੁੰਚਜੋ ਆਪ।
ਕ੍ਰੋਧ ਕਰੇ ਹਮ[3] ਦੇਤੋ ਸ੍ਰਾਪ!' ॥੨੬॥
'ਹਮ ਭੀ ਹੈਂ ਗੁਰ ਸਿੱਖਜ ਮਹਾਂਨੇ।
ਨਹਿਂ ਭੋਜਨ ਦੇ ਕਰਿ ਤ੍ਰਿਪਤਾਨੇ।
ਰਹੈ ਪਚਾਵਾ ਕਾਚਾ ਜਾਨਿ।'
ਇਮ ਕਹਿ ਸਿੱਖਜ ਕੀਨਿ ਪ੍ਰਸਥਾਨ[4] ॥੨੭॥
ਦਿਵਸ ਆਗਲੇ ਬੁੱਧੂ ਗਯੋ।

---

[1]ਸਿਰੇ ਚੜ੍ਹੇ ਆਵਾ।
[2]ਬੜਾ ਦੋਸ਼ ਹੋਯਾ।
[3]ਸਾਨੂੰ।
[4]ਭਾਵ ਚਲਾ ਗਿਆ।

ਜਾਇ ਈਂਟਕਾ ਦੇਖਤਿ ਭਯੋ।
ਜਿਤਿਕ ਨਿਕਾਲੀ ਪੀਲੀ ਆਵਤਿ।
ਪਾਕੀ ਲਾਲ ਨਹੀਂ ਦ੍ਰਿਸ਼ਟਾਵਤਿ ॥੨੮॥
ਚੱਕ੍ਰਿਤ ਚਿਤ ਤੂਸ਼ਨਿ ਕਰਿ ਖਰਯੋ[1]।
ਮੂਲ ਨਫਾ ਸਭਿ ਘਾਟਾ ਪਰਯੋ।
ਬ੍ਰਿੰਦ ਰੁਪੱਯਾ ਲਾਗਤਿ ਭਈ।
ਮਾਟੀ ਸੋਂ ਮਾਟੀ ਮਿਲਿ ਗਈ ॥੨੯॥
ਬਹੁਤ ਬਿਸੂਰਤ ਰਿਣ ਤੇ ਤ੍ਰਾਸਾ।
-ਕਜਾ ਕਰਿ ਹੌਂ, ਮੈਂ ਗਰ[2] ਮਹਿਂ ਫਾਸਾ-।
ਕਰੀ ਧੀਰ ਗੁਰੁ ਬਚਨ ਬਿਚਾਰਾ।
ਤਬਿ ਲਵਪੁਰਿ ਤੇ ਤੁਰਤ ਪਧਾਰਾ ॥੩੦॥
ਆਇ ਸੁਧਾਸਰ ਬੰਦਨ ਠਾਨੀ।
ਬਹੁਰ ਬਾਰਤਾ ਅਪਨਿ ਬਖਾਨੀ।
'ਰਾਵਰਿ ਬਾਕ ਭਰੋਸਾ ਧਾਰਿ।
ਗੁਰ ਸੰਗਤਿ ਕੋ ਦਯੋ ਅਹਾਰ ॥੩੧॥
ਤਊ ਪਚਾਵਾ ਕਾਚਾ ਰਹਯੋ।
ਮੂਲ ਨਫਾ ਕੁਛ ਹਾਥ ਨ ਲਹਯੋ।
ਨਹਿਂ ਅਲੰਬ ਤੁਮਰੇ ਬਿਨ ਮੇਰਾ।
ਮਰੌਂ ਦੇਤਿ ਮੈਂ ਕਰਜ ਘਨੇਰਾ[3]' ॥੩੨॥
ਸਤਿਗੁਰ ਕਹਯੋ 'ਜੁ ਸੰਗਤਿ ਭੋਜਨ।
ਬਿਰਥਾ ਗਯੋ ਤਹਾਂ ਤੇ ਕੋ ਜਨ[4]।
ਭਯੋ ਦੋਸ਼ ਕਛੁ ਲੇਹੁ ਬਿਚਾਰੀ।'
ਸੁਨਿ ਬੁੱਧੂ ਕਰ ਜੋਰਿ ਉਚਾਰੀ ॥੩੩॥
'ਸਭਿ ਪ੍ਰਸੰਨ ਹੋਏ ਜਬਿ ਖਾਇ।
ਏਕ ਸਿੱਖ ਤਬਿ ਜਾਚਯੋ ਆਇ।
ਤਿਸ ਕੋ ਨਹਿਂ ਅਹਾਰ ਮੈਂ ਦੀਨਾ।
-ਕਾਚੋ ਰਹੈ- ਤਾਂਹਿ ਬਚ ਕੀਨਾ ॥੩੪॥
ਮੈਂ ਭਾਖਯੋ- ਐਸੇ ਨਹਿਂ ਕੋਇ।

---
[1]ਖੜੋ ਗਿਆ।
[2]ਗੱਲ।
[3]ਬਹੁਤਾ ਕਰਜ਼ਾ ਲਾਹੁੰਦਾ ਮੈਂ ਮਰ ਰਹਾਂਗਾ।
[4]ਕੋਈ ਪੁਰਖ ਖਾਲੀ ਗਿਆ ਹੋਣਾ ਹੈ।

ਸਤਿਗੁਰ ਬਾਕ ਮਿਟਾਵੈ ਜੋਇ-।
ਤੁਮਰੋ ਵਾਕ ਨਿਫਲ ਕਰਿ ਦਯੋ।
ਤਿਸ ਕੋ ਕਹ੍ਯੋ ਸਾਚ ਸਭਿ ਭਯੋ ॥੩੫॥
ਇਕ ਹੋਈ ਮੁਝ ਤੇ ਯਹਿ ਭੂਲ।
ਜਿਸ ਤੇ ਵਾਕ ਕਹ੍ਯੋ[1] ਪ੍ਰਤਿਕੂਲ।
ਜੋ ਆਵਤਿ ਸੋ ਸਭਿ ਕੇ ਸਾਥ।
ਦੇਤਿ ਅਹਾਰ ਤ੍ਰਿਪਤਿ[2] ਹੇ ਨਾਥ! ॥੩੬॥
ਦੇਤਿ ਸ੍ਰਾਪ ਤਤਛਿਨ ਉਠਿ ਗਯੋ।
ਪੁਨ ਖੋਜ੍ਯੋ ਸੋ ਮਿਲਤਿ ਨ ਭਯੋ।'
ਸੁਨਿ ਸਤਿਗੁਰ ਨੇ ਤੂਸ਼ਨ ਠਾਨੀ।
ਬੁੱਧੂ ਕੇ ਚਿਤ ਚਿੰਤ ਮਹਾਨੀ ॥੩੭॥
ਨੀਚੀ ਗ੍ਰੀਵ, ਬਿਸੂਰਤਿ ਭਾਰੀ।
-ਕਿਹ ਤੇ ਦੇਉਂ ਦਰਬ ਬਿਵਹਾਰੀ[3]।
ਭਯੋ ਅਧੀਰਜ ਪੀਰ ਘਨੇਰੀ।
-ਕਹਾਂ ਹੋਇ ਹੈ ਗਤਿ[4] ਅਬਿ ਮੇਰੀ- ॥੩੮॥
ਕਿਤਿਕ ਕਾਲ ਜਬਿ ਬੈਠ੍ਯੋ ਰਹ੍ਯੋ।
ਕਰੁਨਾ ਕਰੀ ਗੁਰੂ ਪੁਨ ਲਹ੍ਯੋ।
ਕਹਤਿ ਭਏ 'ਤੈਂ ਨੀਕ ਨ ਠਾਨ੍ਯੋ।
ਸਿਖ ਅਤਿਥਿ[5] ਕੋ ਛੁਧਿਤ ਨ ਜਾਨ੍ਯੋ ॥੩੯॥
ਗੁਰ ਸਿੱਖਜਨ ਕੇ ਬਾਕ ਅਚਲ ਹੈਂ।
ਕਰੌਂ ਹਟਾਵਨਿ ਨਹਿਂ ਮਮ ਬਲ ਹੈ।*
ਮੋਹਿ ਕਹੇ ਕੋ ਸਿੱਖਜ ਹਟਾਵੈ।
ਤਿਨ ਕੋ ਕਹਿਬੋ ਕੌਨ ਮਿਟਾਵੈ ॥੪੦॥
ਜੋ ਸੰਗਤਿ ਹਿਤ ਕਰਹਿ ਅਹਾਰੇ।
ਛੁਧਿਤ ਨ ਜਾਨਿ ਦੇਹਿ ਨਿਜ ਦ੍ਵਾਰੇ[6]।
ਤੌ ਪੂਰਨ ਗੁਰ ਪੁਰਬ ਪਛਾਨੋ।

---

[1]ਭਾਵ ਲਖੂ ਨੇ ਕਿਹਾ ਸੀ।
[2]ਰੱਜਵਾਂ, ਰਜਾ ਕੇ।
[3]ਸ਼ਾਹਾਂ ਨੂੰ।
[4]ਹਾਲਤ।
[5]ਜਿਸ ਦੇ ਆਉਣ ਦਾ ਸਮਾਂ ਨੀਯਤ ਨਾ ਹੋਵੇ, ਭਾਵ ਅੱਭਜਾਗਤ।
*ਸਤਿਗੁਰੂ ਜੀ ਦਾ ਕਮਾਲ ਦਾ ਬਿਰਦ।
[6]ਅਪਨੇ ਦ੍ਵਾਰਜੋਂ ਕਿਸੇ ਨੂੰ ਭੁੱਖਾ ਨਾ ਜਾਣ ਦੇਵੇ।

ਨਾਂਹਿ ਤ ਊਨੋ ਰਹਿ ਚਿਤ ਠਾਨੋ* ॥੪੧॥
ਇਹੁ ਮੇਰੀ ਸਿਖ[੧] ਮਾਨਹਿਂ ਜੇਈ।
ਕਾਰਜ ਲਹੈ ਸਪੂਰਨ ਤੇਈ।
ਗੁਰ ਸਿੱਖਨ ਤੇ ਭੈ ਨਿਤ ਕਰਨੋ।
ਕਬਹੁਂ ਅਨਾਦਰ ਨਹਿਂ ਮਨ+ ਧਰਨੋ ॥੪੨॥
ਸਿੱਖ ਬਚਨ ਕੋ ਜਾਨਹਿਂ ਮੀਠੇ।
ਸਨਮੁਖ ਮਿਲਹਿਂ, ਲਹਹਿਂ ਚਿਤ ਈਠੇ।
ਅਬਿ ਨ ਚਿੰਤ ਕਰਿ ਰਿਦੇ ਮਝਾਰ[੨]।
ਕਾਰਜ ਤੇਰੋ ਦੇਹਿਂ ਸਵਾਰ ॥੪੩॥
ਬਹੁਰਿ ਨ ਕਰਹੁ ਕਬਹੁ ਅਸ ਬਾਤਿ।
ਸਿੱਖ ਅਨਾਦਰ ਹੈ ਦੁਖਦਾਤਿ।
ਕਾਚੀ ਈਂਟ ਪਚਾਵੇ ਜੋਇ।
ਬਿਕਹਿਂ ਮੋਲ ਪਾਕੀ ਕੇ ਸੋਇ ॥੪੪॥
ਰਿਣ ਉਤਰਹਿ ਅਰ ਨਫਾ ਸੁ ਪਾਵੈਂ।
ਸਿੱਖਨ ਸੇਵਹੁ ਸੁਖੀ ਰਹਾਵੈਂ।'
ਬਚ ਕਹਾਇ ਬੰਦਨ ਕਰਿ ਗਯੋ।
ਈਂਟਹਿ ਜਾਇ ਨਿਕਾਸਤਿ ਭਯੋ ॥੪੫॥
ਸਭਿ ਪਿਲਰੀ ਹੇਰਤਿ ਪਛੁਤਾਵਤਿ।
ਗੁਰ ਬਚ ਸਿਮਰਤਿ ਧੀਰਜ ਪਾਵਤਿ।
ਲਗੀ ਝਰੀ ਬਰਖਾ ਬਹੁ ਹੋਈ।
ਅਪਰ ਪਚਾਵਾ ਭਯੋ ਨ ਕੋਈ ॥੪੬॥
ਨੀਵ ਦੁਰਗ ਕੀ ਭਰਨੀ ਤਬੈ।
ਨਰ ਪਤਿਸ਼ਾਹੀ ਖੋਜਤਿ ਸਬੈ।
ਨਹੀਂ ਈਟਕਾ ਪ੍ਰਾਪਤਿ ਤਿਨ ਕੋ।
ਕਾਰਜ ਬਨਜੋ ਜ਼ਰੂਰੀ ਜਿਨ ਕੋ ॥੪੭॥
ਸੁਧਿ ਕੋ ਸੁਨਿ ਬੁਧੂ ਬੁਲਵਾਇਵ।
ਮੋਲ ਈਂਟਕਾ ਕੇਰ ਬਨਾਇਵ।
'ਜਿਮ ਪਾਕੀ ਤਿਮ ਕਾਚੀ ਦੇਵੌਂ।

---

*ਪਾ:-ਤਾਂ ਹਾਨੋ = ਤਾਂ ਹਾਨੀ ਹੈ।
[੧]ਸਿੱਖਯਾ।
+ਪਾ:-ਤਿਸ। ਹਿਤ।
[੨]ਚਿੱਤ ਦੇ ਪਿਆਰ ਨਾਲ ਤੱਕਣ।

ਬਾਢ ਘਾਟ[1] ਅਪਰਨ ਕੁਛੁ ਲੇਵੌਂ' ॥੪੮॥
ਦੁਰਗ ਨੀਵ ਬਿਗਰਹਿ ਨਹਿਂ ਕੈਸੇ।
ਦਿਯੋ ਦਰਬ ਬੁੱਧੂ ਕਰ ਜੈਸੇ।
ਮੂਲ ਨਫਾ ਸਭਿ ਪਰਜੋ ਸੁ ਪਾਲੇ[2]।
ਗੁਰ ਮਹਿਮਾ ਕੋ ਲਖਜੋ ਬਿਸਾਲੇ ॥੪੯॥
ਸਿਖ ਕੋ ਬਾਕ ਨ ਗੁਰੂ ਮਿਟਾਯੋ।
ਅਪਨੋ ਕਹਜੋ ਪ੍ਰਥਮ ਨਿਫਲਾਯੋ।
ਪਾਕੀ ਕੇ ਮੁਲ ਕਾਚ ਬਿਕਾਈ।
ਸੁਨਿ ਕੈ ਗੁਰ ਸਿੱਖਜਨਿ ਸਮੁਦਾਈ ॥੫੦॥
ਬਾਸਦੇਵ[3] ਨਿਜ ਬਚ ਨਿਫਲਾਯੋ।
ਭੀਸ਼ਮ ਕੋ ਸਾਚੋ ਦਿਖਲਾਯੋ।
-ਗਹੋਂ ਨ ਸਸਤ੍ਰ ਜੁੱਧ ਮੈਂ- ਕਹਜੋ।
-ਮੈਂ ਗਹਿਵਾਉਂ- ਭਗਤਿ ਨੇ ਚਹਜੋ ॥੫੧॥
ਅਪਨਿ ਪ੍ਰਤੱਗਜਾ ਤਜਿ ਰਣ ਮਾਂਹੀ।
ਗਹੇ ਸ਼ਸਤ੍ਰ ਮਾਰਣ ਹਿਤ ਤਾਂਹੀ*।
ਧੁਰ ਕੀ ਬਾਣ ਇਹੀ ਪ੍ਰਭੁ ਕੇਰੀ।
ਸਿੱਖਨ ਸਭਿ ਬਿਚਾਰਿ ਕਰਿ ਹੇਰੀ ॥੫੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਬੁੱਧੂ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

---

[1]ਵਾਧਾ ਘਾਟਾ।
[2]ਪੱਲੇ ਪਿਆ।
[3]ਕ੍ਰਿਸ਼ਨ ਨੇ।
*ਇਸ ਕਿਸਮ ਦੇ ਵਾਕਜਾਤ ਕਵਿ ਜੀ ਦ੍ਰਿਸ਼ਟਾਂਤ ਮਾਤ੍ਰ ਦੇਂਦੇ ਹਨ।

੪੯. [ਦਿਜ ਗੰਗਾ ਰਾਮ ਬਾਜਰਾ ਵੇਚਣ ਆਇਆ][+]

੪੮<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੦

ਦੋਹਰਾ: ਨਗਰ ਬਠਿੰਡੇ ਮਹਿਂ ਬਸਹਿ, ਇਕ ਦਿਜ ਗੰਗਾ ਰਾਮ।
ਲਾਦਿ ਅੰਨ ਬਹੁ ਬਾਜਰਾ, ਆਇ ਬਨਜ ਕੇ ਕਾਮ ॥੧॥
ਚੌਪਈ: ਚਲਯੋ ਚਲਯੋ ਸਤੱਦ੍ਰਵ ਉਲੰਘਾਇਵ[1]।
ਪਾਰ ਬਿਪਾਸਾ ਤੇ ਉਤਰਾਇਵ।
ਮਾਝੇ ਮਹਿਂ ਬੂਝਯੋ ਤਬਿ ਜਾਇ।
'ਅੰਨ ਬਾਜਰਾ ਕਹਾਂ ਬਿਕਾਈ? ॥੨॥
ਜਿਸ ਥਲ ਛਿੱਪ੍ਰ ਲੇਹਿ ਕੋ ਮੋਲ।
ਦੇ ਕਰਿ ਹਟੌਂ ਸਕਲ ਹੀ ਤੋਲਿ।'
ਤਬਿ ਲੋਕਨ ਤਹਿ ਕਹਯੋ ਸੁਨਾਇ।
ਸ਼੍ਰੀ ਗੁਰ ਅਰਜਨ ਤਾਲ ਲਵਾਇਂ ॥੩॥
ਤਹਾਂ ਅੰਨ ਕੋ ਖਰਚ ਘਨੇਰੋ।
ਸਿਖ ਸੰਗਤਿ ਕੇ ਬ੍ਰਿੰਦ ਬਡੇਰੋ।
ਅਨਿਕ ਮਜੂਰ ਕਾਰ ਕੋ ਕਰੈਂ।
ਨਿਸ ਬਾਸੁਰ ਤਿਸ ਹੀ ਥਲ ਥਿਰੈਂ ॥੪॥
ਤਹਾਂ ਪਹੁੰਚੈਂਗੋ ਜਿਸ ਬਾਰਿ।
ਹੁਇ ਹੈ ਸਕਲ ਤੋਰ ਬਿਵਹਾਰਿ।
ਲੇ ਕਰਿ ਦਰਬ ਤੁਰਤ ਘਰ ਜੈ ਹੈਂ।
ਅਪਰ ਥਾਨ ਇਮ ਨਹੀਂ ਬਿਕੈ ਹੈ' ॥੫॥
ਸੁਨਿ ਲੋਕਨ ਤੇ ਚੌਪ ਬਿਸਾਲਾ।
ਲਾਦਿ ਅੰਨ ਸਭਿ ਗੁਰ ਦਿਸ਼ ਚਾਲਾ।
ਸਨੇ ਸਨੇ ਪਹੁੰਚਯੋ ਤਹਿਂ ਜਾਇ।
ਨਾਮ ਜੁ ਗੁਰ ਕੋ ਚੱਕ ਕਹਾਇ ॥੬॥
ਅਪਨ ਅੰਨ ਸਭਿ ਜਾਇ ਉਤਾਰਾ।
ਡੇਰਾ ਕਰਿ ਹਰਖਯੋ ਉਰ ਭਾਰਾ।
ਜਹਿਂ ਮਾਨਵ ਸਮੁਦਾਇ ਦਿਸੰਤੇ।
ਦੇਸ਼ ਬਿਦੇਸ਼ਨ ਕੇ ਬਿਚਰੰਤੇ[¶] ॥੭॥
ਹੋਤਿ ਤਾਲ ਕੀ ਕਾਰ ਬਿਸਾਲਾ।

[+]ਇਕ ਲਿਖਤੀ ਨੁਸਖੇ ਵਿਚ ਇਸ ਥਾਵੇਂ ਪੈੜੇ ਮੋਖੇ ਦਾ ਪ੍ਰਾਣ ਸੰਗਲੀ ਲਿਆਉਣ ਵਾਲਾ ਅੰਸੂ ਦਿੱਤਾ ਹੈ ਜੋ ਇਥੇ ਤੇ ਹੋਰਨਾਂ ਨੁਸਖਿਆਂ ਵਿੱਚ ਤੀਸਰੀ ਰਾਸ ਦਾ ਬੱਤੀਵਾਂ ਅੰਸੂ ਹੈ।

[1]ਸਤਲੁਜ ਲੰਘਿਆ।

[¶]ਪਾ:-ਫਿਰਯੰਤੇ।

ਕਰਹਿਂ ਈਂਟਕਾ ਕੋ ਨਰ ਜਾਲਾ।
ਕੇਤਿਕ ਚੂਨੇ ਕੀ ਬਡਿ ਕਾਰ।
ਮਿਲ ਕਰਿ ਕਰਹਿਂ ਅਨੇਕ ਪ੍ਰਕਾਰ ॥੮॥
ਕੇਤਿਕ ਈਂਧਨ ਅਧਿਕ ਸਕੇਲੈਂ।
ਸੀਸ ਉਠਾਇ ਪਜਾਵਨਿ ਮੇਲੈਂ।
ਕੇਤਿਕ ਰੋਰ ਬਹੋਰਨ ਕਰੈਂ[1]।
ਭਲੇ ਸੁਧਾਰਿ ਏਕ ਥਲ ਧਰੈ ॥੯॥
ਕੇਤਿਕ ਆਨਹਿਂ[2] ਤਾਲ ਨਜੀਕੇ।
ਕੋ ਘਰ ਘਰਿ[3] ਲਾਵਤਿ ਹੈਂ ਨੀਕੇ।
ਕਰੇ ਈਂਟਕਾ ਕੇ ਬਡਿ ਢੇਰ।
ਕੇਤਿਕ ਕਰਦਮ ਕਰਿ ਕਰਿ ਗੇਰ ॥੧੦॥
ਕੇਤਿਕ ਚੂਨੋ ਪੀਸ ਬਨਾਇ।
ਕੋ ਕਾਰੀਗਰ ਨਿਕਟ ਪੁਚਾਇ।
ਸਿਰ ਪਰ ਧਰਹਿਂ ਟੋਕਰੀ ਢੋਵੈਂ।
ਸਗਰੇ ਦਿਨ ਗੁਰ ਦਰਸ਼ਨ ਜੋਵੈਂ ॥੧੧॥
ਤਿਨ ਮਹੁਂ ਕੇਤਿਕ ਸਿਖ ਸ਼ਰਧਾਲੂ।
ਕਰਹਿਂ ਪ੍ਰੇਮ ਤੇ ਕਾਰ ਬਿਸਾਲੂ।
ਕੇਤਿਕ ਤਹਿਂ ਮਜੂਰ ਕਰਿ ਕਾਰੀ।
ਭਈ ਸੰਝ ਤੇ ਲੇਤਿ ਦਿਹਾਰੀ ॥੧੨॥
ਕੇਤਿਕ ਕਾਰੀਗਰ ਹੈਂ ਲਾਗੇ।
ਸਰਬ ਵਸਤੁ ਆਨਹਿਂ ਤਿਨ ਆਗੇ।
ਸਿੱਖਜਨ ਕੋ ਪਿਖਿ ਦਿਜ ਬਿਸਮਾਯੋ।
ਘਾਲ ਬਡੀ ਘਾਲਨਿ ਚਿਤ ਲਾਯੋ ॥੧੩॥
ਗੰਗਾਰਾਮ ਬਿੱਪ੍ਰ ਚਿਤ ਫਿਰਯੋ[4]।
ਗੁਰ ਪ੍ਰਤਾਪ ਨੀਕੋ ਉਰ ਧਰਯੋ।
ਮਸਤਕ ਟੇਕਿ ਦੂਰ ਕੇ ਗਯੋ।
ਅਪਨਿ ਅੰਨ ਕੇ ਢਿਗ ਥਿਰ ਥਿਯੋ ॥੧੪॥
ਤਿਸ ਦਿਨ ਗੁਰ ਕੇ ਦੇਗ ਨ ਹੋਇ।

---

[1]ਰੋੜ ਰੋਲਨਾ ਕਰਦੇ ਹਨ।
[2](ਇੱਟਾਂ) ਲਯਾਉਂਦੇ।
[3]ਘੜ ਘੜਕੇ।
[4](ਨੇਕੀ ਵਲ) ਪਲਟਿਆ।

ਅੰਨ ਗਯੋ ਥੁਰ[1] ਲਜਾਇ ਨ ਕੋਈ।
ਬਹੁ ਗ੍ਰਾਮਨ ਕੋ ਜੇਤਿਕ ਆਯੋ।
ਸੋ ਸਭਿ ਲੰਗਰ ਬਿਖੈ ਲਗਾਯੋ ॥੧੫॥
ਨਰਨਿ ਹਜ਼ਾਰਨ ਹੋਇ ਅਹਾਰਾ।
ਬਰਤਤਿ ਰਹੈ ਸੰਝ ਲਗ ਸਾਰਾ।
ਨਹੀਂ ਅੰਨ ਪਹੁੰਚਜੋ ਕਿਤਹੀ ਤੇ।
ਬਿਨ ਭੋਜਨ ਸੋ ਦਿਵਸ ਬਿਤੀਤੇ ॥੧੬॥
ਬਹੁਰ ਆਗਲੋ ਦਿਨ ਜਬਿ ਭਯੋ।
ਕਿਤ ਤੇ ਅੰਨ ਨ ਆਵਨਿ ਥਯੋ।
ਸੁਨਿ ਕੈ ਗੰਗਾਰਾਮ ਬਿਚਾਰਾ।
-ਇਨ ਕੋ ਅਰਪਹਿਂ[2] ਦਰਬ ਹਜ਼ਾਰਾ ॥੧੭॥
ਅਪਨਿ ਭਲੋ ਕਰਿਬੇ ਕੇ ਕਾਰਨ।
ਰੈਨ ਦਿਵਸ ਲਾਗੇ ਸਰ ਕਾਰਨ[3]।
ਸਕਲ ਕਾਮਨਾ ਗੁਰ ਤੇ ਚਾਹੈਂ।
ਦਰਬ ਦੇਤਿ ਅਰੁ ਸੇਵ ਉਮਾਹੈਂ ॥੧੮॥
ਯਾ ਤੇ ਮੈਂ ਭੀ ਸੇਵਾ ਕਰੌਂ।
ਸ਼ਰਧਾ ਸਤਿਗੁਰ ਕੀ ਉਰ ਧਰੌਂ।
ਹੋਇ ਸੁਫਲ ਕੁਛ ਸੁਖ ਮੈਂ ਪਾਊਂ।
ਤਬਿ ਮੈਂ ਸਿੱਖੀ ਭਲੇ ਕਮਾਊਂ ॥੧੯॥
ਦਿਵਸ ਦੂਸਰੇ ਦੇਗ ਨ ਹੋਈ।
ਇਹ ਅਵਸਰ ਮੁਝ ਅਪਰ ਨ ਕੋਈ-।
ਇੱਤਜਾਦਿਕ ਉਰ ਚਿਤਵਤਿ ਭਯੋ।
ਜਹਿਂ ਲੰਗਰ ਥਲ ਤਹਿਂ ਕੋ ਗਯੋ ॥੨੦॥
ਬੂਝਨਿ ਕਰਜੋ 'ਦੇਗ਼ ਕਿਮ ਚਲੈ?
ਕਿਹ ਤੇ ਅੰਨ ਰਾਸ ਨਿਤਿ ਮਿਲੈ?'
ਸਿੱਖਨ ਕਹਜੋ 'ਗ੍ਰਾਮ ਤੇ ਆਵੈ।
ਮਾਨਵ ਆਨਿ ਹਜ਼ਾਰੋਂ ਖਾਵੈਂ ॥੨੧॥
ਸਿਖ ਸੇਵਕ ਗੁਰ ਕੇ ਬਹੁ ਆਨਹਿਂ।
ਹਾਥ ਜੋਰਿ ਅਰਪਨ ਗਨ ਠਾਨਹਿਂ।

---

[1]ਥੁੜ ਗਿਆ ਸੀ।
[2]ਇਨ੍ਹਾਂ (ਭਾਵ ਗੁਰੂ ਜੀ) ਨੂੰ (ਲੋਕੀਂ) ਅਰਪਦੇ ਹਨ।
[3]ਤਲਾ ਦੇ ਕੰਮ।

ਨਿਤ ਅਤੋਟ ਸਤਿਗੁਰੂ ਭੰਡਾਰਾ।
ਚਲੜੋ ਜਾਇ ਸਦ ਇਸੀ ਪ੍ਰਕਾਰਾ' ॥੨੨॥
ਸੁਨਿ ਕਰਿ ਗੰਗਾਰਾਮ ਬਖਾਨਾ।
'ਬੇਚਨ ਹੇਤ ਅੰਨ ਮੈਂ ਆਨਾ।
ਨਗਰ ਬਠਿੰਡੇ ਬਾਸ ਹਮਾਰਾ।
ਲੇਨਿ ਲਾਭ ਕੋ ਇਤ ਪਗ ਧਾਰਾ ॥੨੩॥
ਆਜ ਦੇਗ਼ ਲੇ ਮੁਝ ਤੇ ਕੀਜਹਿ।
ਗਨ ਸੰਗਤਿ ਕੋ ਭੋਜਨ ਦੀਜਹਿ।
ਛੁਧਿਤ ਰਹੇ ਸਭਿ ਸੋਲਾ ਜਾਮ[1]।
ਇਸ ਤੇ ਲਾਭ ਨ ਕੋ ਅਭਿਰਾਮ' ॥੨੪॥
ਸਿਖ ਨੇ ਭਨੜੋ 'ਬੂਝਿ ਗੁਰ ਲੇਊਂ।
ਤੋਹਿ ਅੰਨ ਪੁਨ ਦੇਗ ਕਰੇਊ।'
ਇਮ ਕਹਿ ਮਨ ਤੇ ਗਿਨਤੜੋ ਗਿਨਤੀ।
ਜਾਇ ਕੀਨ ਪ੍ਰਭੁ ਆਗੇ ਬਿਨਤੀ ॥੨੫॥
'ਜੰਗਲ ਤੇ ਇਕ ਇਤ ਦਿਜ ਆਯੋ।
ਬੇਚਨ ਹੇਤੁ ਬਾਜਰਾ ਲਯਾਯੋ।
ਸੋ ਅਬਿ ਦੇਗ ਕਰਾਵਨ ਚਹੈ।
ਕਰਹਿਂ ਸੁ ਹੁਕਮ ਜਿ ਰਾਵਰ ਕਹੈਂ' ॥੨੬॥
ਸਤਿਗੁਰ ਸ਼੍ਰੀ ਮੁਖ ਤੇ ਫੁਰਮਾਯੋ।
'ਲੇਹੁ ਤੋਲ ਜੇਤਿਕ ਮਨ ਭਾਯੋ।
ਮੇਲਾ ਜਬਹਿ ਬਿਸਾਖੀ ਹੋਇ।
ਆਇ ਜਿ ਦਰਬ ਦੇਹਿਂ ਤਿਹ ਸੋਇ' ॥੨੭॥
ਸੁਨਿ ਕਰਿ ਲੀਨਿ ਬਾਜਰਾ ਸੋ ਮਨ।
ਕਰਿ ਕੈ ਦੇਗ ਅਚਾਈ ਤਤਛਿਨ।
ਦਿਵਸ ਦੂਸਰੇ ਤੈਸੇ ਭਯੋ।
ਕਿਤ ਤੇ ਅੰਨ ਨ ਆਵਨ ਥਯੋ ॥੨੮॥
ਧਰਿ ਸ਼ਰਧਾ ਉਰ ਗੰਗਾਰਾਮ।
ਕਰਤਿ ਭਯੋ ਤੈਸੇ ਤਬਿ ਕਾਮ।
ਸੌ ਮਨ ਤੋਲ ਦਿਯੋ ਤਿਸ ਤਾਈਂ।
ਭਈ ਦੇਗ ਸੰਗਤਿ ਤ੍ਰਿਪਤਾਈ ॥੨੯॥
ਦਿਵਸ ਤੀਸਰੇ ਦੇਖੜੋ ਤੈਸੇ।

---
[1]ਸੋਲਾਂ ਪਹਿਰ।

ਸੌ ਮਨ ਦੀਨ, ਪ੍ਰਥਮ ਹੀ ਜੈਸੇ।
ਦੇਗ ਬਨਹਿਂ ਸੰਗਤਿ ਤ੍ਰਿਪਤਾਵਹਿ।
ਸਰ ਕੀ ਸਭਿ ਹੀ ਕਾਰ ਕਮਾਵਹਿਂ ॥੩੦॥
ਪੰਚ ਦਿਵਸ ਲਗਿ ਤੈਸੇ ਕੀਨੋ।
ਅੰਨ ਪੰਚ ਸੈ ਮਨ ਤਿਹ ਦੀਨੋ।
ਰਹਯੋ ਪਿਖਤਿ ਪੁਨ ਸਭਿ ਬਿਵਹਾਰੁ।
ਦਿਨ ਪ੍ਰਤਿ ਹੋਤਿ ਤਾਲ ਕੀ ਕਾਰੁ ॥੩੧॥
ਅੰਨ ਹਜ਼ਾਰਹੁਂ ਮਨ ਅਰਪਾਵਹਿਂ।
ਆਨ ਸਿੱਖ ਪੁਨ ਕਾਰ ਕਮਾਵਹਿਂ।
ਧਨੀ ਪੁਰਖ ਧਨ ਦੇਤਿ ਚੜ੍ਹਾਇ।
ਪੁਨ ਨਿਜ ਕਰ ਸੋਂ ਸੇਵ ਕਮਾਇਂ ॥੩੨॥
ਹੇਰਿ ਹੇਰਿ ਸਿੱਖਨ ਕੀ ਰੀਤਿ।
ਦਿਜਬਰ ਕੈ ਉਪਜਤਿ ਚਿਤ ਪ੍ਰੀਤ।
ਮਿਲ ਸਭਿਹਿਨਿ ਮੈਂ ਕਰਿਬੇ ਲਗਯੋ।
ਸੇਵਾ ਸਰ ਕੀ ਪ੍ਰੇਮੈ ਪਗਯੋ[1] ॥੩੩॥
ਦਿਨ ਪ੍ਰਤਿ ਸ਼ਰਧਾ ਅਧਿਕ ਬਧਾਵੈ।
ਭਾਗ ਜਗੇ ਕਹੁ ਕੌਨ ਸਿਖਾਵੈ[2]।
ਘਰ ਕੀ ਚਿੰਤਾ ਦਿਨ ਪ੍ਰਤਿ ਤਜਾਗੇ।
ਕਰਹਿ ਪ੍ਰੇਮ ਅਰੁ ਸੇਵਾ ਲਾਗੇ ॥੩੪॥
ਕੇਤਿਕ ਦਿਨ ਗੁਰ ਨਿਕਟ ਗੁਜ਼ਾਰੇ।
ਕਰਹਿ ਕਾਰ ਉਰ ਸ਼ਰਧਾ ਧਾਰੇ।
ਪੁਨ ਬੈਸਾਖੀ ਕੋ ਬਡ ਮੇਲਾ।
ਚਹੁਂ ਦਿਸ਼ਕੇ ਨਰ ਭਏ ਸਕੇਲਾ ॥੩੫॥
ਅਧਿਕ ਭੀਰ ਸਤਿਗੁਰ ਢਿਗ ਹੋਇ।
ਧਰਹਿਂ ਭੇਟ ਬੰਦਤਿ ਸਭਿ ਕੋਈ।
ਸੁੰਦਰ ਵਸਤੁ[*] ਅਨਕ ਪ੍ਰਕਾਰਾ।
ਕੋ ਆਨਹਿਂ ਧਨ ਕੀ ਉਪਹਾਰਾ ॥੩੬॥
ਜੇਤਿਕ ਨਰ ਮੇਲੇ ਪੁਰ ਆਏ।
ਧਰਹਿਂ ਭਾਉ ਸਰ ਸੇਵ ਕਮਾਏਂ।

---

[1]ਪ੍ਰੇਮ ਵਿਚ ਖਚਿਤ ਹੋ ਕੇ।
[2]ਜਿਸਦੇ ਭਾਗ ਜਾਗ ਪੈਣ (ਦੱਸੋ) ਉਹਨੂੰ ਕੌਣ ਸਿਖਾਵੇ?
[*]ਪਾ:-ਬਸਤ੍ਰ।

ਅਨਿਕ ਕਾਮਨਾ* ਪੂਰਨ ਹੋਇ।
ਨਈ ਕਰਤਿ ਹੈ ਮਨ ਮਹਿਂ ਕੋਇ ॥੩੭॥
ਕਰਹਿ ਮੇਵਰੋ[1] ਸਭਿ ਅਰਦਾਸ।
ਸਕਲ ਨਿਵੇਦਹਿ[2] ਸਿੱਖਜਨ ਆਸ।
ਸੁਨਿ ਸਤਿਗੁਰ ਦੇ ਖੁਸ਼ੀ ਬਿਸਾਲ।
ਦਰਸ਼ਨ ਪਿਖਿ ਪਿਖਿ ਹੋਹਿਂ ਨਿਹਾਲ ॥੩੮॥
ਮੇਲਾ ਬਿਛੁਰ ਗਯੋ[3] ਪੁਨ ਤਹਾਂ।
ਗੰਗਾਰਾਮ ਪ੍ਰੇਮ ਉਰ ਮਹਾਂ।
ਸਦਨ ਜਾਨ ਮਹਿਂ ਚਿਤਵਨਿ ਕਰਤਾ।
ਨਿਜ ਕੱਲਜਾਨ ਆਸ ਉਰ ਧਰਤਾ ॥੩੯॥
ਬੈਸਾਖੀ ਕੇਤਿਕ ਦਿਨ ਪਾਛੇ।
ਸ੍ਰੀ ਅਰਜਨ ਸਿਮਰਨ ਕਰਿ ਆਛੇ।
'ਅੰਨ ਪ੍ਰਥਮ ਦੀਨਸਿ ਦਿਜ ਜਾਂਹੀ।
ਆਨਹੁਂ ਤਿਹ ਬੁਲਾਇ ਹਮ ਪਾਹੀ ॥੪੦॥
ਮੇਲੇ ਮਹਿਂ ਆਯਹੁ ਧਨ ਜੋਇ।
ਤਿਸ ਮਹਿਂ ਤੇ ਦੀਜਹਿ ਪਿਖਿ ਸੋਇ।'
ਹੁਕਮ ਮਸੰਦਨ ਪਰ ਇਮ ਹੋਵਾ।
ਸਿਖ ਨੇ ਜਾਇ ਸੁ ਦਿਜ ਕੋ ਜੋਵਾ[4] ॥੪੧॥
ਕਹ੍ਯੋ 'ਬਿੱਪ੍ਰ ਤੁਮ ਉਠਿ ਚਲਿ ਸਾਥ।
ਸਿਮਰਤਿ ਹੈਂ ਅਬਿ ਸ੍ਰੀ ਗੁਰੁਨਾਥ।'
-ਕ੍ਯਾ ਮੁਝ ਕਹਹਿਂ? -ਬਿਚਾਰਤਿ ਮਨ ਮੈਂ।
ਸਿਖ ਕੇ ਸੰਗ ਆਇ ਤਿਸ ਛਿਨ ਮੈਂ ॥੪੨॥
ਬੰਦਨ ਕਰਿ ਬੈਠ੍ਯੋ ਅਗੁਵਾਈ।
ਜਿਸ ਕੇ ਪ੍ਰੇਮ ਵਧ੍ਯੋ ਅਧਿਕਾਈ।
ਸੇਵਾ ਮਹਿਂ ਨਿਸ ਦਿਨ ਅਨੁਰਾਗਾ।
ਅਪਰ ਮਨੋਰਥ ਸਗਰੋ ਤ੍ਯਾਗਾ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਦਿਜ ਗੰਗਾਰਾਮ' ਪ੍ਰਸੰਗ ਬਰਨਨੰ ਨਾਮ ਊਨਿ ਪੰਚਾਸਮੋਂ ਅੰਸੂ ॥੪੯॥

---

*ਪਾ:-ਭਾਵਨਾ।
[1]ਅਰਦਾਸੀਆ।
[2]ਬੇਨਤੀ ਕਰਦਾ ਹੈ।
[3]ਖਿੰਡ ਗਿਆ।
[4]ਲਭਿਆ।

੫੦. [ਗੰਗਾ ਰਾਮ। ਮੂਲ ਚੰਦ]

੪੯<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੧

ਦੋਹਰਾ: ਬੈਠਜੋ ਬੰਦਨ ਕਰਿ ਨਿਕਟ,
ਪਿਖਿ ਸ਼੍ਰੀ ਅਰਜਨ ਨਾਥ।
ਕ੍ਰਿਪਾ ਬਿਲੋਚਨ ਭਰਿ ਰਹੇ,
ਕਹਜੋ ਬਿੱਪ੍ਰ ਕੇ ਸਾਥ ॥੧॥

ਚੌਪਈ: 'ਦਿਜ ਜੂ ! ਮੋਲ ਅੰਨ+ ਕੋ ਲੀਜੈ।
ਪੁਰਹੁ ਕਾਮਨਾ ਸਦਨ ਸਿਧੀਜੈ।
ਖੁਰਜੋ ਹੁਤੋ ਜਬਿ ਤੁਮ ਨੇ ਦਯੋ।
ਸਤਿਸੰਗਤਿ ਸਭਿ ਅਚਵਨ ਕਯੋ ॥੨॥
ਲੇਹੁ ਮੋਲ ਤੇ ਦਰਬ ਸਵਾਯੋ।
ਜਿਸ ਤੇ ਦੂਰ ਦੇਸ਼ ਤੇ ਲਜਾਯੋ++।
ਪੁਨ ਉਧਾਰ ਪਰ ਬਾਂਛਤ ਕਾਲਾ[੧]।
ਦਯੋ ਅੰਨ ਤੈਂ ਆਨਿ ਬਿਸਾਲਾ' ॥੩॥
ਸੁਨਿ ਦਿਜ ਹਾਥ ਜੋਰਿ ਕੈ ਬੋਲਾ।
'ਪ੍ਰਭੁ ਜੀ ! ਮੈਂ ਨ ਲੇਉਂ ਕਛੁ¶ ਮੋਲਾ।
ਰਾਵਰਿ ਕੀ ਸੇਵਾ ਮੈਂ ਕਰਿਹੌਂ।
ਜਨਮ ਸੁਫਲ ਕੀ ਆਸਾ ਧਰਿਹੌਂ ॥੪॥
ਸਦਨ ਜਾਨ ਕੀ ਨਾਂਹਿਨ ਚਾਹੂ।
ਬੈਸ ਬਿਤਾਵੌਂ ਸੰਗਤਿ ਮਾਂਹੂ।
ਤੁਮ ਤੇ ਪਰੇ ਅਪਰ ਕੋ ਨੀਕਾ?
ਜਹਿਂ ਕੱਲਜਾਨ ਹੋਇ ਹੈ ਜੀ ਕਾ ॥੫॥
ਨਹਿਂ ਤੁਮਰੋ ਦਰ ਛੋਰਨ ਕਰੋਂ।
ਰਾਵਰਿ ਨਾਮ ਧਜਾਨ ਹੀ ਧਰੋਂ।'
ਸੁਨਿ ਬੋਲੇ ਸ਼੍ਰੀ ਸਤਿਗੁਰ ਤਬੈ।
'ਦਰਬ ਸਰਬ ਲਿਹੁ ਦਿਜਬਰ ਅਬੈ ॥੬॥
ਸੋ ਗ੍ਰਿਹ ਅਪਨੇ ਦੇਹੁ ਪੁਚਾਇ।
ਕੈ ਅਬਿ ਆਪ ਸੁ ਲੇਹੁ ਸਿਧਾਇ।
ਬਹੁਰੋ ਆਇ ਕਰਹੁ ਸਰ ਸੇਵਾ।

+ਪਾ:-ਅੰਨ ਮੋਲ।
++ਪਾ:-ਚਲ ਆਯੋ।
[੧]ਉਧਾਰ ਉਤੇ ਅਤੇ ਲੋੜ ਸਮੇਂ।
¶ਪਾ:-ਕਰਿ।

ਬਾਂਛਤਿ ਪਾਇਂ, ਦੇਹਿਂ ਗੁਰਦੇਵਾ ॥੭॥
ਦਿਜ ਕੋ ਦਰਬ ਲੇਤਿ ਸੋ ਨਾਂਹੀ[1]।
ਹਮਰੇ ਸਿੱਖ ਦੇਤਿ ਹਮ ਪਾਹੀ।
ਸਤਿਗੁਰ ਕੇ ਘਰ ਤੋਟ ਨ ਕੋਈ।
ਆਮਦ ਖਰਚ ਸਦਾਇਮਿ ਹੋਈ' ॥੮॥
ਗੰਗਾਰਾਮ ਨੰਮ੍ਰਿ ਹੁਇ ਭਨਜੋ।
'ਮੈਂ ਮਨ ਤੇ ਰਾਵਰਿ ਸਿਖ ਬਨਜੋ।
ਅਰਪਨ ਕਰਜੋ ਅੰਨ ਮੈਂ ਆਨਿ।
ਕਰਿਹੌਂ ਰਾਵਰਿ ਸੇਵ ਮਹਾਂਨ ॥੯॥
ਸਦਨ ਜਾਨਿ ਕੀ ਚਾਹਿ ਨ ਮੋਰੇ।
ਨਹੀਂ ਮਨੋਰਥ ਮਨ ਮਹਿਂ ਔਰੇ।
ਅਪਨੋ ਸਿੱਖਜ ਬਨਾਵਨ ਕਰੀਅਹਿ।
ਉਰ ਤੇ ਭਰਮ ਮੋਹ[*] ਪਰਹਰੀਅਹਿ[2] ॥੧੦॥
ਦੀਨ ਜਾਨਿ ਲਿਹੁ ਅਪਨਿ ਬਨਾਈ।
ਪਰਜੋ ਆਨ ਕਰਿ ਮੈਂ ਸ਼ਰਨਾਈ।
ਦੀਨ ਦਜਾਲ ਸ਼ੁਭ ਨਾਮ ਸੁਨਜੋ ਹੈ।
ਸਿੱਖਨ ਵਤਸ਼ਲ[3] ਬਿਰਦ ਗੁਨਜੋ ਹੈ ॥੧੧॥
ਛੋਰੌਂ ਨਹੀਂ ਆਸਰੋ ਰਾਵਰਿ।
ਤਜਹਿ ਜਿ ਅਪਰ ਗਿਨਯ ਕੋ ਬਾਵਰ[4]।
ਕਰਿ ਨਿਸ਼ਚੈ ਮੈਂ ਗਹਜੋ ਅਲੰਬ।
ਬੈਠਜੋ ਤਜਿ ਕੈ ਸਰਬ ਕੁਟੰਬ ॥੧੨॥
ਨਹੀਂ ਪ੍ਰੀਤ ਅਬਿ ਕਿਸ ਕੇ ਸਾਥ।
ਕਰਜੋ ਖੋਜ ਮੈਂ ਤੁਮ ਕੋ ਨਾਥ!'
ਅਸ ਦ੍ਰਿੜ[5] ਨਿਸ਼ਚਾ ਦਿਜ ਕੋ ਦੇਖਿ।
ਸ਼੍ਰੀ ਅਰਜਨ ਕਰਿ ਕ੍ਰਿਪਾ ਵਿਸ਼ੇਸ਼ ॥੧੩॥
ਨਿਰਮਲ ਜਲ ਤੇ ਚਰਨ ਪਖਾਰੇ।
ਪਾਹੁਲ ਦਈ ਸੰਦੇਹ ਨਿਵਾਰੇ।

---

[1](ਇਹ) ਧਨ ਬ੍ਰਹਮਨ ਦਾ ਹੈ ਉਹ ਅਸੀਂ ਨਹੀਂ ਲੈਂਦੇ।
[*]ਪਾ:-ਮੋਰ।
[2]ਭਰਮ ਤੇ ਮੋਹ ਮੇਰੇ ਦਿਲੋਂ ਦੂਰ ਕਰੋ।
[3]ਸਿੱਖਾਂ ਦੇ ਪਿਆਰੇ।
[4]ਆਪ ਨੂੰ ਛੱਡ ਕੇ ਜੇ ਹੋਰ ਵਿਚ ਲੱਗੀਏ ਤਾਂ ਮੈਨੂੰ ਕੋਈ ਬਾਵਲਾ ਕਹੇਗਾ।
[5]ਪੱਕਾ।

ਅਪਨੀ ਸੇਵਾ ਬਿਖੈ ਲਗਾਯਹੁ।
ਮੋਖ ਕਰਨ ਕੋ ਸਿੱਖ ਬਨਾਯਹੁ ॥੧੪॥
ਉਰ ਅਨੰਦ ਲਹਿ ਸੇਵਾ ਲਾਗਜੋ।
ਪੂਰਬ ਭਾਗ ਭਾਲ ਪਰ ਜਾਗਜੋ।
ਦਿਨ ਪ੍ਰਤਿ ਕਾਰ ਕਰਤਿ ਹੈ ਜਜੋਂ ਜਜੋਂ।
ਉਰ ਨਿਰਮਲ ਦਿਜ ਹੋਵਹਿ ਤਜੋਂ ਤਜੋਂ ॥੧੫॥
ਕੇਤਿਕ ਕਾਲ ਰਹਜੋ ਜਬਿ ਪਾਸ।
ਸ਼੍ਰੀ ਅਰਜਨ ਕਰਿ ਕ੍ਰਿਪਾ ਪ੍ਰਕਾਸ਼।
ਇਕ ਦਿਨ ਸ਼ੁਭ ਉਪਦੇਸ਼ ਬਤਾਯੋ।
ਸੱਤਿਨਾਮ ਸਿਮਰਨ ਲਿਵ ਲਾਗੋ ॥੧੬॥
ਸਿੱਧਾਂ ਆਨਿ[1] ਖਰੀ ਕਰ ਜੋਰਿ।
ਭਯੋ ਸਿੱਧ ਸਤਿਗੁਰ ਕੇ ਜੋਰ[2]।
ਸ਼੍ਰੀ ਅੰਮ੍ਰਿਤਸਰ ਕਾਰ ਕਰੰਤਾ।
ਭਯੋ ਬਿਸਾਲੈ ਸ਼ਕਤਿ ਧਰੰਤਾ ॥੧੭॥
ਪੁਨ ਸ਼੍ਰੀ ਗੁਰੁ ਨੇ ਰੁਖਸਦ ਕਰਜੋ।
ਮਾਨਿ ਹੁਕਮ ਪਦ ਪਰ ਸਿਰ ਧਰਜੋ।
ਨਗਰ ਬਠਿੰਡੇ ਕੋ ਚਲਿ ਆਯੋ।
ਭਯੋ ਮਸਤ ਮਨ ਭਰਮ ਮਿਟਾਯੋ ॥੧੮॥
ਉਤਰਜੋ ਰੰਗ ਹੁਤੋ ਜਗ ਕਾਚੋ[3]।
ਸੱਤਜਨਾਮ ਰਾਚਜੋ ਰੰਗ ਸਾਚੋ।
ਹੇਰਿ ਲੋਕ ਮਨ ਬਿਸਮਤਿ ਹੋਏ।
ਕਰਤਿ ਅਦਾਬ ਅਧਿਕ ਸਭਿ ਕੋਏ ॥੧੯॥
ਵਹਿਰ ਨਗਰ ਤੇ ਬੈਠਜੋ ਰਹੈ।
ਫੁਰਹਿ[4] ਬਚਨ ਜੈਸੋ ਕਿਸਿ ਕਹੈ।
'ਪ੍ਰੋਹਤ ਧਰਮ ਛੋਰ' ਲਿਖਿ ਦੀਨੋ[5]।
ਅਪਰ ਬਿੱਪ੍ਰ ਕੋ ਤਿਸੁ ਮੈਂ ਕੀਨੋ[6] ॥੨੦॥

---

[1]ਸਿੱਧੀਆਂ।
[2]ਬਲ ਨਾਲ।
[3]ਜਗਤ (ਦੇ ਮੋਹ ਦਾ) ਕੱਚਾ ਰੰਗ।
[4]ਪੂਰਾ ਹੁੰਦਾ ਹੈ।
[5]'ਪ੍ਰੋਹਤਤਾਈ ਦਾ ਕੰਮ ਮੈਂ ਛਡਿਆ', ਇਹ ਗੱਲ ਲਿਖ ਦਿੱਤੀ।
[6]ਹੋਰ ਬ੍ਰਹਮਣ ਨੂੰ ਉਸ ਕੰਮ ਵਿਚ ਨੀਯਤ ਕੀਤਾ ਭਾਵ ਆਪਣੇ ਥਾਂ ਬਠਿੰਡੇ ਦਾ ਕੋਈ ਹੋਰ ਪ੍ਰੋਹਿਤ ਬਨਾ ਦਿੱਤਾ।

ਨਿਜ ਪੁੱਤ੍ਰਨ ਤੇ ਦਯੋ ਛੁਟਾਈ[1]।
ਕੇਵਲ ਸੱਤਿਨਾਮ ਲਿਵ ਲਾਈ।
ਤਹਾਂ ਰਹਤਿ ਖੱਤ੍ਰੀ ਜੁਗ ਭ੍ਰਾਤਾ।
ਧਨੀ ਅਧਿਕ ਜਗ ਮਹਿਂ ਬੱਖ੍ਯਾਤਾ ॥੨੧॥
ਜੇਸ਼ਟ ਬਿਧੀਚੰਦ ਹੈ ਨਾਮੂ।
ਸਿਧੀਚੰਦ ਛੋਟੇ ਤਿਹ ਧਾਮੂ।
ਲਘੁ ਨੇ[*] ਸੇਵਾ ਤਿਸ ਕੀ[2] ਠਾਨੀ।
ਖਾਨ ਪਾਨ ਦੇ ਆਇਸੁ ਮਾਨੀ[3] ॥੨੨॥
ਕਰ ਜੋਰਹਿ, ਬੈਠਹਿ ਨਿਤ ਪਾਸ।
ਜਬਿ ਕੁਛ ਬਚਨ ਸੁ ਕਰਹਿ ਪ੍ਰਕਾਸ਼।
ਤਾਤਕਾਲ ਮਾਨਹਿ ਤਿਮ ਕਰੈ।
ਬਿਨ ਆਲਸ ਸੇਵਾ ਤਤਪਰੈ ॥੨੩॥
ਬਸਤ੍ਰ ਰੁਚਿਰ ਅਰਪਹਿ ਢਿਗ ਲ੍ਯਾਇ।
ਸ੍ਵਾਦਲ ਭੋਜਨ ਦੇ ਤ੍ਰਿਪਤਾਇ।
ਨਿਜ ਕਰ ਤੇ ਸੁੰਦਰ ਜਲ ਆਨਹਿ।
ਕਰਨ ਪ੍ਰਸੰਨ ਕਰਾਵਤਿ ਪਾਨਹਿ[4] ॥੨੪॥
ਸਿਧੀਚੰਦ ਸੇਵਾ ਇਮ ਕਰੈ।
ਉਰ ਸ਼ਰਧਾ ਨਿਸ ਬਾਸੁਰ ਧਰੈ।
ਬੀਤ ਗਯੋ ਜਬਿ ਕੇਤਿਕ ਕਾਲ।
ਸਭਿ ਤਜਿ, ਘਾਲੀ ਘਾਲ ਬਿਸਾਲ ॥੨੫॥
ਪਿਖਿ ਕਰਿ ਦਿਜਬਰ ਗੰਗਾਰਾਮ।
ਭਯੋ ਪ੍ਰਸੰਨ ਕ੍ਰਿਪਾ ਅਭਿਰਾਮ।
'ਸਿਧੀਚੰਦ! ਤੂੰ ਸੇਵਾ ਕਰੈ।
ਕੌਨ ਮਨੋਰਥ ਮਨ ਮੈਂ ਧਰੈਂ?' ॥੨੬॥
ਸੋ ਅਬਿ ਹਮਰੇ ਤੀਰ ਕਹੀਜੈ।
ਬਾਂਛਤਿ ਹੋਹਿ[5], ਨਿਸੰਸੈ ਲੀਜੈ।
ਸ਼ਰਧਾ ਸੇਵ ਹੇਰਿ ਕਰਿ ਤੋਹੀ।

---

[1]ਛੁਡਾ ਦਿੱਤਾ (ਪ੍ਰੋਹਤਤਾਈ ਦਾ ਕੰਮ)।
[*]ਪਾ:-ਇਹ।
[2]ਭਾਵ ਗੰਗਾ ਰਾਮ ਦੀ।
[3]ਆਗਿਆ ਮੰਨੇ।
[4]ਪਿਲਾਉਂਦਾ ਹੈ।
[5]ਜੋ (ਮਨ ਦੀ) ਇੱਛਾ ਹੈ।

ਅਨਕੰਪਾ[1] ਉਪਜਤਿ ਹੈ ਮੋਹੀ' ॥੨੭॥
ਇਮ ਸੁਨਿ ਸਿਰੀਚੰਦ ਦਿਜ ਬੈਨ।
ਭਯੋ ਅਨੰਦ ਪ੍ਰਫੁਲਜਤ ਨੈਨ।
ਹਾਥ ਜੋਰਿ ਕਰਿ ਕਹ੍ਯੋ ਅਗਾਰੀ।
'ਜੇ ਅਬਿ ਰਾਵਰ ਕਰੁਨਾ ਧਾਰੀ ॥੨੮॥
ਪੁੱਤ੍ਰ ਨਹੀਂ ਉਪਜਤਿ ਘਰ ਮੇਰੇ।
ਹਾਰੇ ਕਰਿ ਉਪਚਾਰ ਘਨੇਰੇ।
ਸਿੱਧ ਸਪੂਤ[2] ਦੀਜੀਏ ਮੋਹੀ।
ਬਚਨ ਆਪ ਕੇ ਤੇ ਸਭਿ ਹੋਹੀ- ॥੨੯॥
ਸੁਨਿ ਕੈ ਦਿਜਬਰ ਗੰਗਾਰਾਮ।
ਗੁਰ ਕੋ ਸਿੱਖ ਉਰ ਬ੍ਰਿਤਿ ਅਭਿਰਾਮ।
ਪੁੱਤ੍ਰ ਦਾਸ ਕੇ ਲਖ੍ਯੋ ਨ ਧਾਮੁ।
ਸ਼ਰਧਾ ਸਹਤ ਰਹਤਿ ਨਿਤ ਸ਼ਾਮ[3] ॥੩੦॥
'ਸੁਤ ਉਪਜਹਿ ਬੁਧਿ ਜੁਤਿ ਬਡ ਸਿੱਧ।
ਹੋਵਹਿ ਜਗਤਿ ਬਿਸਾਲ ਪ੍ਰਸਿੱਧ[4]।
ਜਨਮਤਿ ਹੀ ਅਚਰਜ ਦਿਖਰਾਵਹਿ।
ਬੰਦਹਿ ਚਰਨ ਜੁ ਹੇਰਨ ਆਵਹਿ ॥੩੧॥

ਦੋਹਰਾ: ਸਵਾ ਗਿਲਸ਼ਤ ਪ੍ਰਮਾਨ ਕੀ, ਚੋਟੀ ਕੇ ਸਿਰ ਕੇਸ[5]।
ਅਤਿ ਸੁਪੈਦ[6] ਜੁਤਿ ਜਨਮ ਹੈ, ਅਸ ਹੁਇ ਸਿੱਧ ਵਿਸ਼ੇਸ਼ ॥੩੨॥
ਬੰਸ ਬਿਭੂਖਨ[7], ਸੰਤ ਸ਼ੁਭ, ਦੀਰਘ ਪਰ ਉਪਕਾਰਿ।
ਸ਼੍ਰੀ ਅਰਜਨ ਕੀ ਕ੍ਰਿਪਾ ਤੇ, ਉਪਜਹਿ ਪੁੱਤ੍ਰ ਤੁਮਾਰ ॥੩੩॥
ਜਿਸ ਕੋ ਮਾਨੈ ਦੇਸ਼ ਬਹੁ, ਰਹੈ ਦਾਸ ਕੇ ਭਾਇ।
ਮਹਾਂ ਸ਼ਕਤਿ ਧਰਿ ਉਪਜ ਹੈ, ਲਿਹੁ ਸੇਵਾ ਫਲ ਪਾਇ' ॥੩੪॥
ਸਿਧੀਚੰਦ ਸੁਨਿ ਬਾਕ ਕੋ, ਸੁਧਾ ਸਮਾਨ ਬਿਲੰਦ।
ਬੰਦਤਿ ਪਦ ਅਰਬਿੰਦ ਤਿਹ, ਧਾਰਤਿ ਰਿਦੈ ਅਨੰਦ ॥੩੫॥
ਪੂਰਬ ਸਮ ਸੇਵਤਿ ਅਧਿਕ, ਜਬਿ ਬੀਤ੍ਯੋ ਕੁਛ ਕਾਲ।

---

[1]ਦਯਾ।
[2]ਸਿੱਧੀ ਵਾਲਾ ਸਪੁੱਤ੍ਰ।
[3]ਸ਼ਰਨ।
[4]ਉਜਾਗਰ।
[5]ਸਵਾ ਗਿੱਠ ਸਿਰ ਦੀ ਚੋਟੀ ਤੇ ਕੇਸ।
[6]ਡਾਢੇ ਚਿੱਟੇ।
[7]ਕੁਲ ਦਾ ਗਹਿਣਾ।

ਗਰਭ ਧਰ੍ਯੋ ਤਿਹ ਭਾਰਜਾ, ਉਪਜੀ ਖੁਸ਼ੀ ਬਿਸਾਲ ॥੩੬॥
ਦਸਮੇ ਮਾਸ ਪ੍ਰਸੂਤ ਭਾ, ਮਹਾਂ ਸਿੱਧ ਬਪੁ ਜੋਇ।
ਜਿਨ ਜਿਨ ਦੇਖ੍ਯੋ ਜਾਇ ਤਬਿ, ਸਭਿ ਕੇ ਅਚਰਜ ਹੋਇ ॥੩੭॥
ਚੋਟੀ ਸਵਾ ਗਿਲਸ਼ਤਿ ਕੀ, ਸੇਤ ਕੇਸ[1] ਇਕ ਸਾਰ।
ਅਭਿਬੰਦਨ ਸਭਿ ਹੀ ਕਰਤਿ, ਸੁਨਿ ਸੁਨਿ ਜਾਇਂ ਨਿਹਾਰ ॥੩੮॥
ਸਿਧੀਚੰਦ ਤਬਿ ਆਇ ਕੈ, ਬੰਦਤਿ ਗੰਗਾਰਾਮ।
ਹਰਖਤਿ ਹੁਇ ਤਬਿ ਹੀ ਧਰ੍ਯੋ,
ਮੂਲਚੰਦ ਤਿਸ ਨਾਮ ॥੩੯॥
ਅਪਰ ਕਥਾ ਕਹਿਂ ਲਗ ਕਥੋਂ, ਭਯੋ ਸਿੱਧ ਜਗ ਮਾਂਹਿ।
ਅਜ਼ਮਤ ਧਰਿ ਜੋ ਜਗਤ ਬਹੁ[2], ਆਨ ਮਾਨਤੇ ਤਾਂਹਿ ॥੪੦॥
ਕਾਰ ਸੁਧਾਸਰ ਕੀ ਕਰੀ, ਦਿਜਬਰ ਗੰਗਾਰਾਮ।
ਭਯੋ ਸ਼ਕਤਿ ਧਰਿ ਅਸ ਬਲੀ, ਸਿਮਰਤਿ ਸ਼੍ਰੀ ਸਤਿਨਾਮ ॥੪੧॥
ਅਬਿ ਲਗ ਜਗ ਮਹਿਂ ਬਿਦਤ ਬਹੁ, ਨਗਰ ਸੁਨਾਮ[*] ਬਿਸਾਲ।
ਤਿਸ ਢਿਗ ਪੂਜਾ ਹੋਤਿ ਹੈ, ਮੂਲਚੰਦ ਕੀ ਜਾਲ ॥੪੨॥
ਸੰਤਤਿ[3] ਗੰਗਾਰਾਮ ਕੀ, ਪੂਜਾ ਧਨ ਸੋ ਲੇਤਿ।
ਸੇਵਤਿ ਜੋ ਕਰਿ ਕਾਮਨਾ, ਸੋ ਪੂਰਨ ਕਰਿ ਦੇਤਿ ॥੪੩॥
ਇੱਤਯਾਦਿਕ ਕੇਤਿਕ ਗਿਨੌਂ, ਕਰਤਿ ਸੁਧਾਸਰ ਕਾਰ।
ਦੁਇ ਲੋਕਨ ਕੇ ਸੁਖ ਲਹੇ, ਸ਼ਕਤੀ ਪਾਇ ਉਦਾਰ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਗੰਗਾਰਾਮ' ਪ੍ਰਸੰਗ ਬਰਨਨੰ ਨਾਮ ਪੰਚਾਸਮੋਂ ਅੰਸੂ ॥੫੦॥

[1](ਸਿਰ ਦੀ) ਚੋਟੀ (ਤੇ) ਸਵਾ ਗਿੱਠ ਚਿੱਟੇ ਕੇਸ।
[2]ਜੋ ਕਰਾਮਾਤ ਧਾਰਨ ਵਾਲੇ ਜਗਤ ਵਿੱਚ ਸਨ ਸੋ (ਬੀ)।
[*]ਸੁਨਾਮ ਪਿੰਡ ਪਟਿਆਲੇ ਰਾਜ ਵਿਚ ਹੈ।
[3]ਉਲਾਦ।

੫੧. [ਮਸੰਦਾਂ ਦੀ ਖੁਟਿਆਈ]

੫੦<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੨

ਦੋਹਰਾ: ਸਿਖ ਅਨਗਨ ਸਮੁਦਾਇ ਹ੍ਵੈ, ਕਰਤਿ ਸੁਧਾਸਰ ਕਾਰ।
ਪਕੇ ਪਜਾਵੇ ਈਂਟਕਾ, ਆਨ ਤਾਲ ਪਰ ਡਾਰ ॥੧॥
ਚੌਪਈ: ਪਾਕੀ ਚਿਨਿਬੇ ਲਗੇ ਸੁਪਾਨ।
ਸੌਂਪੀ ਕਾਰ ਮਸੰਦਨ ਮਾਨ।
ਜੋ ਧਨ ਦੇਸ਼ ਬਿਦੇਸ਼ਨ ਆਵੈ।
ਆਦਿ ਬਿਸਾਖੀ ਜਿਤਿਕ ਚਢਾਵੈਂ ॥੨॥
ਸਰਬ ਮਸੰਦ ਸੰਭਾਰਨ ਕਰੈਂ।
ਖਰਚਹਿਂ ਜਹਾਂ ਕਾਜ ਬਨ ਪਰੈ।
ਸਭਿ ਸੰਗਤਿ ਤੇ ਸਦਨ ਸਿਧਾਰੈਂ।
ਲੇ ਗੁਰ ਕਾਰ ਆਨਿਬੋ ਧਾਰੈਂ[1] ॥੩॥
ਕਾਰੀਗਰਿ ਆਦਿਕ ਸਮੁਦਾਇ।
ਜਹਾਂ ਖਰਚ ਦੇਨੋ ਬਨਿ ਜਾਇ।
ਸਰਬ ਥਾਨ ਸੋ ਦੈਬੋ ਕਰੈਂ।
ਦੇਗ ਆਦਿ ਮਹਿਂ ਖਰਚ ਬਿਚਰੈਂ ॥੪॥
ਆਮਦ ਖਰਚ ਸੰਭਾਰਤਿ ਸਾਰੋ।
ਆਇ ਉਪਾਇਨ ਅਨਿਕ ਪ੍ਰਕਾਰੋ।
ਬ੍ਰਿੰਦ ਚਿਨਹਿਂ ਘਰ[2] ਈਂਟ ਸੁਧਾਰਹਿਂ।
ਚਹਿਤ ਜੁ ਸੰਗਤਿ ਤਿਨ ਢਿਗ ਡਾਰਹਿਂ ॥੫॥
ਬਹਿਲੋ ਆਦਿਕ ਸਿਖ ਸਮੁਦਾਇ।
ਲਗੇ ਪਜਾਵਨ[3] ਈਂਟ ਪਕਾਇ।
ਜੋ ਜੋ ਹਿਤ ਕਰਿ ਕਾਰ ਕਰੰਤਾ।
ਸੋ ਸੋ ਨਿਰਮਲ ਰਿਦਾ ਬਨੰਤਾ ॥੬॥
ਕਰਹਿ ਕਾਮਨਾ ਜਸ ਜਸ ਮਨ ਮਹਿ।
ਪੁਰਹਿ ਸੇਵ ਸਰ[4] ਕੇਤਿਕ ਦਿਨ ਮਹਿਂ।
ਜੋ ਸਕਾਮ ਹੁਇ, ਬਾਂਛਤਿ ਪਾਇ।
ਜੋ ਨਿਸ਼ਕਾਮ ਰਿਦਾ ਬਿਮਲਾਇ[5] ॥੭॥

---

[1]ਭਾਵ ਲਿਆਉਂਦੇ ਹਨ।
[2]ਘੜਕੇ (ਅ) ਘਰ।
[3]ਆਵਿਆਂ ਦੀਆਂ।
[4]ਪੂਰਨ ਕਰਦੀ ਹੈ ਸਰੋਵਰ ਦੀ ਸੇਵਾ।
[5]ਉੱਜਲ ਕਰਦਾ ਹੈ।

ਲੋਕ ਪ੍ਰਲੋਕਨ ਸੁਖ ਸਮੁਦਾਯੋ।
ਸਦਾ ਬ੍ਰਿੱਤ ਗੁਰੁ ਸਭਿਨਿ ਲਗਾਯੋ।
ਕਾਰ ਸੁਧਾਸਰ ਕੇਰ ਬਹਾਨਾ।
ਦਾਸਨ ਦੇਤਿ ਕਾਮਨਾ ਦਾਨਾ ॥੮॥
ਸ੍ਰੀ ਅੰਮ੍ਰਿਤਸਰ ਮਹਿੰਮਾ ਭਾਰੀ।
ਸ਼੍ਰੀ ਅਰਜਨ ਬਹੁ ਭਾਂਤਿ ਉਚਾਰੀ।
'ਮੱਜਨ ਕਰੇ ਕਲੂਖ ਨ ਰਹੈਂ।
ਬਾਂਛਤਿ ਪਾਇ ਭਾਉ ਜੋ ਗਹੈ*' ॥੯॥
ਮਹਾਂ ਮਹਾਤਮ ਸੰਗਤਿ ਜਾਨੇ।
ਸ਼ਰਧਾ ਧਰਿ ਧਰਿ ਸੇਵਾ ਠਾਨੈ।
ਕੇਤਿਕ ਜਬਿ ਚਿਨ ਲੀਨ ਸੁਪਾਨਾ।
ਮਿਲਿ ਸਿੱਖਜਨਿ ਗੁਰ ਸੰਗ ਬਖਾਨਾ ॥੧੦॥
'ਸਰ ਕੋ ਮਹਾਂ ਮਹਾਤਮ ਅਹੋ।
ਥਿਰਹਿ ਹਜ਼ਾਰਨ ਸੰਮਤ[1] ਕਹੋ।
ਚਿਨਨੇ ਮਹਿਂ ਕਾਚੋ ਹੁਇ ਕਾਮ।
ਊਪਰ ਤੇ ਬਨਾਇੰ ਅਭਿਰਾਮ ॥੧੧॥
ਏਕ ਈਂਟ ਚੂਨੇ ਕੀ ਜਰੈਂ।
ਪੁਨ ਕਰਦਮ ਸੋਂ ਭਰਤੀ ਭਰੈਂ।
ਉਖਰੇ ਥਿਰਹਿ ਨਹੀ ਲਘੁ ਕਾਲ।
ਏਵ ਮਸੰਦ ਦੰਭ ਕੇ ਨਾਲ ॥੧੨॥
ਥੋਰੋ ਲਾਗਹਿ ਸਰਫਾ ਚੂਨੇ।
ਇਹੁ ਕਰਤੇ ਲੋਭੀ ਮਤ ਊਨੇ।
ਜਿਮ ਦਿਢਤਾ ਕੇ ਸ਼ਬਦ ਬਨਾਵੋ।
ਥਿਰਹਿ ਸਦਾ ਸ਼੍ਰੀ ਮੁਖ ਤੇ ਗਾਵੋ ॥੧੩॥
ਤਿਮ ਕਰਿਵਾਵਹੁ ਤੁਮ ਸਮਰੱਥ।
ਤੀਨ ਲੋਕ ਧਨ ਰਾਵਰਿ ਹੱਥ।'
ਸੁਨਿ ਸਿੱਖਨ ਕੇ ਸਤਿਗੁਰ ਪਾਵਨ।
ਕਰੇ ਸਮੀਪ ਮਸੰਦ ਅਵਾਹਨਿ[2] ॥੧੪॥

---

*ਇਸ ਥਾਵੇਂ ਇਕ ਲਿਖਤੀ ਨੁਸਖੇ ਵਿਚ ਇਹ ਸ਼ਬਦ ਦਿੱਤਾ ਹੈ:-ਸੋਰਠਿ ਮਹਲਾ ੫॥ ਵਿਚ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥... ...

[1]ਸਾਲ।

[2]ਸੱਦੇ।

ਸਭਿ ਸੋਂ ਕਹਜੋ 'ਕਾਰ ਇਹੁ ਕਾਚੀ।
ਕਯੋਂ ਤੁਮ ਕਰਹੁ ਲੋਭ ਮਤਿ ਰਾਚੀ?
ਚੂਨੇ ਕੋ ਸਰਫਾ ਕਿਮੁ ਧਰੋ?
ਦਰਬ ਅਪਰ ਦਿਹੁ ਸੰਚੈ ਕਰੋ[1] ॥੧੫॥
ਜੇਤਿਕ ਕਾਰੀਗਰ ਮੰਗਵਾਵਤਿ।
ਦਿਹੁ ਪੁਚਾਇ ਲਾਗਹਿ ਮਨ ਭਾਵਤਿ।'
ਸੁਨਤਿ ਮਸੰਦਨ ਬਚਨ ਬਖਾਨਾ।
'ਸ਼੍ਰੀ ਗੁਰ ਜੀ ਧਨ ਲਗੈ ਮਹਾਨਾਂ ॥੧੬॥
ਅਪਰ ਸਰਬ ਘਰ ਕੇ ਬਿਵਹਾਰ।
ਦਿਨ ਪ੍ਰਤਿ ਲੰਗਰ ਬਨਹਿ ਉਦਾਰ।
ਦਰਬ ਬਿਨਾ ਨਿਰਬਾਹ ਨ ਹੋਇ।
ਗ੍ਰਾਮਨਿ ਅੰਨ ਅਨਿਕ ਮਨ ਜੋਇ ॥੧੭॥
ਸੋ ਸਭਿ ਲਗਹਿ ਖਰੀਦਹਿਂ ਔਰ।
ਇਮ ਧਨ ਚਹਿਯਤਿ ਹੈ ਬਹੁ ਠੌਰ।
ਸਿੱਖਜਨ ਕੋ ਦੈਬੋ ਸਿਰੁਪਾਉ।
ਨਿਤਿ ਪ੍ਰਤਿ ਖਰਚ ਇਹੀ ਸਮੁਦਾਉ ॥੧੮॥
ਨੀਠ ਨੀਠ[2] ਕਰਿ ਸਭਿ ਨਿਰਬਾਹੈਂ।
ਦੇਤਿ ਜਹਾਂ ਕਹਿਂ ਤੇ ਜਬਿ ਚਾਹੈਂ[3]।
ਚਹੀਅਹਿ ਦਰਬ ਹਜ਼ਾਰਹੁਂ ਨੀਤ।
ਤਾਲ ਕਰਨ ਭਾਖਹੁ ਜਿਸ ਰੀਤਿ ॥੧੯॥
ਬਡੇ ਜਤਨ ਤੇ ਚੂਨੋ ਹੋਇ।
ਬਹੁਰ ਮਸਾਲੇ ਭਾਖਹਿਂ ਜੋਇ।
ਦਰਬ ਖ਼ਰਚ ਸੋ ਬੀਚ ਮਿਲਾਵੈਂ।
ਬਹੁ ਨਰ ਮਿਲਹਿਂ ਤਬੈ ਬਨਿ ਆਵੈ' ॥੨੦॥
ਰਿਦਾ ਮਸੰਦਨ ਕੋ ਲਘੁ ਜਾਨਜੋ।
ਸ੍ਰੀ ਮੁਖ ਤੇ ਤਬਿ ਬਾਕ ਬਖਾਨਜੋ।
'ਪੂਰਨ ਖੀਸਾ ਨਿਤ ਸਤਿਗੁਰ ਕੌ।
ਕਰਹੁ ਉਦਾਰ ਆਪਨੇ ਉਰ ਕੋ ॥੨੧॥

---

[1]ਹੋਰ ਧਨ ਦੇਕੇ (ਮਸਾਲਾ ਯਾ ਚੂਨਾ) ਇਕੱਠਾ ਕਰੇ।
[2]ਮਸਾਂ ਮਸਾਂ।
[3]ਓਹ (ਕਾਰੀਗਰ ਆਦਿਕ) ਜਦੋਂ ਚਾਹੁੰਦੇ ਹਨ ਜਿਥੇ ਕਿਥੇ (ਖਰਚ ਕਰਨ ਤਾਂ) ਦੇਂਦੇ ਹਾਂ ਅਥਵਾ ਜਿੱਥੋਂ ਕਿੱਥੋਂ ਕਰਕੇ ਉਨ੍ਹਾਂ ਨੂੰ ਦੇਂਦੇ ਹਾਂ।

ਹਾਥ ਤੁਮਾਰੇ ਖਰਚਹੁ ਨੀਤਿ।
ਸ਼ਰਧਾ ਧਰਹੁ ਕਰਹੁ ਥਿਰ ਚੀਤਿ।
ਤੋਟ ਨਹੀਂ ਕਬਿ ਇਸ ਕੋ ਹੋਇ।
ਸ਼ੰਕਾ ਮਨ ਮਹਿਂ ਕਰਹੁ ਨ ਕੋਇ' ॥੨੨॥
ਸਤਿਗੁਰ ਇਮ ਕਹਿ ਬਹੁ ਸਮਝਾਏ।
ਤਊ ਮਸੰਦਨ ਸ਼ਰਧਾ ਲਜਾਏ।
ਕਹਿਨ ਲਗੇ 'ਜਯੋਂ ਜਯੋਂ ਧਨ ਆਵਹਿ।
ਤਯੋਂ ਤਯੋਂ ਸਰ ਕੀ ਕਾਰ ਕਰਾਵਹਿਂ' ॥੨੩॥
ਇਕ ਦੁਇ ਦਿਨ ਚੂਨਾ ਬਹੁ ਲਾਗਯੋ।
ਬਹੁਰ ਬਰਜ ਦੀਨਸ ਲਬ ਜਾਗਯੋ।
ਏਕ ਈਂਟ ਹੀ ਬਹੁਰਿ ਲਗਾਵੈਂ।
ਪੀਛੇ ਕਰਦਮ ਸਗਰੋ ਪਾਵੈਂ ॥੨੪॥
ਖਰੇ ਮਸੰਦ ਕਾਰ ਕਰਿਵਾਵੈਂ।
ਧਨ ਲਘੁ ਲਗਹਿ ਤਥਾ ਸਮੁਝਾਵੈਂ।
ਨਿਕਟ ਤਿਨਹੁਂ ਕੇ ਥਿਤ ਨਿਤ ਰਹੈਂ।
ਕਰਹਿਂ ਕਾਰ ਸਰ ਸੋ ਜਿਮ ਕਹੈਂ ॥੨੫॥
ਦੇਨ ਲੇਨ ਸਗਰੋ ਬਿਵਹਾਰ।
ਕਰਹਿਂ ਮਸੰਦ ਸਦਾ ਅਸ ਕਾਰ।
ਸਿੱਖ ਕਰਹਿਂ ਸੇਵਾ ਢਿਗ ਹੇਰੈਂ।
ਮਨ ਅਨਖਾਇ ਸੁ ਕੁਪਹਿਂ[1] ਘਨੇਰੈ ॥੨੬॥
ਕਹਯੋ ਨ ਮਾਨੈਂ ਕਿਸ ਕੋ ਸੋਈ।
ਕਰਹਿਂ ਆਪਨੇ ਚਿਤ ਹੁਇ ਜੋਈ।
ਪੁਨ ਸਤਿਗੁਰ ਢਿਗ ਸਿੱਖ ਕਹੰਤੇ।
'ਅਬਿ ਮਸੰਦ ਨਿਜ ਮਤਿ ਬਰਤੰਤੇ ॥੨੭॥
ਬਨਹਿਂ ਸੁਪਾਨ ਪੰਕ ਲਗਵਾਇ।
ਏਕ ਈਂਟ ਕੋ ਚੂਨਾ ਲਾਇ।
ਮੁਹਰੀ[2] ਕੋ ਦਿਖਰਾਵਨਿ ਕਾਰਨ।
ਕਹਿ ਕਾਰੀਗਰ ਕਰਹਿਂ ਸੁਧਾਰਨ ॥੨੮॥
ਅੰਤਰ ਬਨਹਿ ਨਿਰੰਤਰ ਕਾਚਾ।
ਨਹਿਂਨ ਮਸੰਦਨ ਕੋ ਮਨ ਸਾਚਾ।'

---

[1]ਖਿਝਕੇ ਕ੍ਰੋਧ ਕਰਦੇ ਹਨ।
[2]ਉਸਾਰੀ ਦਾ ਅਗਲਾ ਭਾਗ, ਇਮਾਰਤ ਦੀ ਮੁਹਰਲੀ ਇਟ ਦਾ ਰਦਾ।

ਸੁਨਿ ਸਿੱਖਜਨ ਤੇ ਪੁਨ ਬੁਲਵਾਏ।
ਨਿਕਟ ਦੇਖਿ ਕਰਿ ਗੁਰ ਫੁਰਮਾਏ ॥੨੯॥
'ਤਾਲ ਰਚਨ ਮਹਿਂ ਦੰਭ ਨ ਕਰੀਅਹਿ।
ਇਹ ਸਤਿਗੁਰੁ ਕੋ ਸਦਨ ਬਿਚਰੀਅਹਿ।
ਕਜੋਂ ਸਰਫਾ ਤੁਮ ਡਰ ਕਰਿ ਧਰੋ।
ਚੂਨੋ ਸਰਬ ਲਗਾਵਨਿ ਕਰੋ ॥੩੦॥
ਧਨ ਕੀ ਕਮੀ ਨ ਕੋਊ ਰਹੈ।
ਸ਼ਰਧਾ ਧਰਹਿ ਸੇਵ ਜੋ ਗਹੈ।'
ਸੁਨਿ ਮਸੰਦ ਸਨ ਬਾਕ ਬਖਾਨਜੋ।
'ਸਿੱਖਨ ਕਛੂ ਭੇਵ ਨਹਿਂ ਜਾਨਜੋ ॥੩੧॥
ਇਕ ਰਾਵਰਿ ਢਿਗ ਆਨ ਬਤਾਵੈਂ।
-ਦਰਬ ਮਸੰਦ ਨਹੀਂ ਸਰ ਲਾਵੈਂ[1]-।
ਧਨ ਕੋ ਆਵਨ ਜਾਵਨ ਜੋਈ।
ਤਿਸ ਗਤਿ ਕੋ ਨਹਿਂ ਜਾਨੈ ਕੋਈ ॥੩੨॥
ਖਰਚ ਹਜ਼ਾਰਹੁਂ ਕੋ ਨਿਤ ਹੋਵੈ।
ਤਿਸ ਕੋ ਕਹੋ ਕੌਨ ਸਿਖ ਜੋਵੈ।
ਹਮ ਰਾਵਰ ਕੀ ਆਗਜਾ ਪਾਇ।
ਕਹਿ ਕਰਿ ਗਾਢੀ[2] ਕਾਰ ਕਰਾਇਂ' ॥੩੩॥
ਇਮ ਕਹਿ ਗਏ ਮਸੰਦ ਮਹਾਂਨੇ।
ਇਕ ਦੁਇ ਦਿਨ ਆਛੀ ਗਤਿ ਠਾਨੇ[3]।
ਚੂਨਾ ਅਧਿਕ ਲਗਾਵਨ ਕੀਨਾ।
ਕੁਛਕ ਤ੍ਰਾਸ ਗੁਰ ਦਿਸ਼ ਕੋ ਚੀਨਾ ॥੩੪॥
ਕੇਤਿਕ ਦਿਨ ਚਿਨਵਾਵਤਿ ਰਹੇ।
ਪੁਨਹ ਆਮਦਨ ਲਘੁ ਧਨ ਲਹੇ।
ਕਰਨ ਲਗੇ ਤੈਸੀ ਬਿਧਿ ਕਾਰੁ।
ਲਗਿ[4] ਚੂਨਾ ਇਕ ਈਂਟ ਮਝਾਰ ॥੩੫॥
ਦੇਖਿ ਸਿੱਖ ਨਹਿਂ ਸਕਹਿਂ ਸਹਾਰੇ।
ਸਤਿਗੁਰ ਬਡ ਬੁਨਿਯਾਦ[5] ਉਚਾਰੇ।

---

[1]ਤਲਾ ਉੱਤੇ ਨਹੀਂ ਲਾਉਂਦੇ।
[2]ਪੱਕੀ।
[3]ਚੰਗੀ ਤਰ੍ਹਾਂ ਕੀਤਾ।
[4]ਲੱਗਣ ਲੱਗਾ।
[5]ਨੀਂਹ।

ਕਾਰ ਮਸੰਦ ਬਨਾਵਹਿਂ ਦੰਭਾ[੧]।
ਦਿਸ਼ ਦੋਨਹੁਂ ਤੇ ਹੋਤਿ ਅਚੰਭਾ ॥੩੬॥
ਰਹਿ ਨ ਸਕਹਿਂ ਮਿਲਿ ਗੁਰ ਢਿਗ ਆਇ[੨]।
ਜਹਿਂ ਬੈਠੇ ਗੁਰ ਸਹਿਜ ਸੁਭਾਇ।
ਕਰ ਜੋਰਤਿ ਕਹਿ ਸਿੱਖ ਸਮੁਦਾਇ।
'ਸਰ ਸੌਪਾਨਨਿ ਪੰਕ ਲਗਾਇਂ[੩]' ॥੩੭॥
ਕਹੇ ਆਪ ਕੇ ਲਾਵੈਂ ਕਬੈ।
ਚੂਨੇ ਸੰਗ ਈਂਟਕਾ ਸਬੈ।
ਨਾਂਹਿ ਤ ਕਰਦਮ ਸੋਂ ਚਿਨਵਾਵਤਿ।
ਮੁਹਰੀ ਮਹਿਂ ਚੂਨਾ ਲਗਵਾਵਤਿ' ॥੩੮॥
ਤ੍ਰਿਤੀ ਬਾਰ ਸੁਨਿ ਕਰਿ ਖੁਟਿਆਈ।
ਕੁਛ ਰਿਸ ਕਰਿ ਗੁਰ ਗਿਰਾ ਅਲਾਈ।
'ਸ਼੍ਰੀ ਅੰਮ੍ਰਿਤਸਰ ਕੀ ਬੁਨਿਯਾਦ[੪]।
ਭਈ ਸਥਿਰ, ਕਬਿ ਹੋਇ ਨ ਬਾਦ ॥੩੯॥
ਏਕ ਬਾਰ ਇਹ ਜਾਇ ਬਿਦਾਰਾ[੫]।
ਬਨਹਿਂ ਨਵੀਨ ਫੇਰ ਸਰ ਸਾਰਾ।
ਇਨਹਿ ਜਿ ਪੋਲ ਬਨਾਵਨ ਕੀਨ।
ਪੋਲੀ ਜਰ[੬] ਅਪਨੀ ਕਰਿ ਲੀਨ ॥੪੦॥
ਜਬਿ ਮਸੰਦ ਬਿਨਸਹਿਂ ਨਹਿਂ ਰਹੈ[*]।

---

[੧]ਪਖੰਡ ਵਾਲੀ।
[੨]ਸਿੱਖ ਆਏ।
[੩]ਸਰੋਵਰ ਦੀਆਂ ਪੌੜੀਆਂ ਨੂੰ ਗਾਰਾ ਲਗਵਾਂਉਂਦੇ ਹਨ (ਮਸੰਦ)।
[੪](ਇਹ ਬਚਨ) ਬਿਰਥਾ ਨਹੀਂ ਜਾਏਗਾ।
[੫]ਢਹੇਗਾ।
[੬]ਜੜ੍ਹ।
[*]ਇਹ ਕਥਾ ਕਵੀ ਜੀ ਤੱਕ ਠੀਕ ਨਹੀਂ ਅੱਪੜੀ ਜਾਪਦੀ। ਮਸੰਦ ਜੋ ਥਾਪੇ ਗਏ ਸਨ ਉਹ ਮੁੱਢ ਵਿਚ ਚੰਗੇ ਲੋਕ ਥਾਪੇ ਗਏ ਸਨ, ਤੇ ਚੌਥੇ ਪੰਜਵੇਂ ਪਾਤਸ਼ਾਹ ਦੇ ਆਪ ਥਾਪੇ ਹੋਏ ਸਨ, ਤੇ ਅਜੇ ਪੁਰਾਣੇ ਨਹੀਂ ਸਨ ਹੋਏ। ਉਨ੍ਹਾਂ ਦੇ ਵਿਗੜਨ ਦਾ ਸਮਾਂ ਬੀ ਨਹੀਂ ਸੀ ਆਇਆ। ਇਨ੍ਹਾਂ ਦਾ ਰੱਖਣਾ ਕੱਢਣਾ ਸਤਿਗੁਰਾਂ ਦੇ ਵੱਸ ਸੀ। ਮਸੰਦਾਂ ਦੇ ਵਿਗੜਨ ਦਾ ਸਮਾਂ ਛੇਵੇਂ ਸਤਗੁਰਾਂ ਦੇ ਸਮੇਂ ਦੇ ਅਖੀਰ ਤੋਂ ਹੋਯਾ ਜਾਪਦਾ ਹੈ। ਸੱਤਵੀਂ ਪਾਤਸ਼ਾਹੀ ਦਾ ਬਹੁਤਾ ਵਕਤ ਕੀਰਤ ਪੁਰ ਬੀਤਿਆ ਤੇ ਅੱਠਵੇਂ ਸਤਿਗੁਰ ਬੀ ਥੋੜ੍ਹੇ ਚਿਰ ਵਿੱਚ ਦਿੱਲੀ ਜਾ ਕੇ ਸੱਚਖੰਡ ਪਯਾਨਾ ਕਰ ਗਏ। ਨਾਵੇਂ ਸਤਿਗੁਰ ਨੇ ਕੀਰਤ ਪੁਰੋਂ ਉਠਕੇ ਅਨੰਦ ਪੁਰ ਬਸਾਯਾ, ਬਾਹਰ ਬੀ ਬਹੁਤ ਚਿਰ ਰਹੇ। ਦਸਮੇਂ ਪਾਤਸ਼ਾਹ ਛੋਟੀ ਉਮਰ ਗੱਦੀ ਤੇ ਬਿਰਾਜੇ ਤੇ ਅਨੰਦ ਪੁਰ ਵੱਲ ਹੀ ਵਿਸ਼ੇਸ਼ ਕਰਕੇ ਰਹੇ। ਇਸ ਸਾਰੇ ਸਮੇਂ ਵਿਚ ਮਸੰਦ ਵਿਗੜੇ। ਪਹਿਲੇ ਚੰਗੇ ਲੋਕ ਮਰ ਚੁੱਕੇ ਸਨ, ਉਨ੍ਹਾਂ ਦੀ ਉਲਾਦ ਦੇ ਲੋਕੀਂ ਪੂਜਾ ਦੇ ਧਾਨ ਨਾਲ ਮਲੀਨ ਮਤ ਵਾਲੇ ਹੋ ਗਏ, ਬੰਦਗੀ ਵਿਚ ਢਿੱਲ ਪੈ ਗਈ ਤੇ ਲੋਭ ਲਹਿਰ ਵਿੱਚ ਰੁੜ੍ਹੇ। ਜਦ ਹੀ ਕਿ ਦਸਮੇ ਪਿਤਾ ਜੀ ਨੇ ਵਿਗੜੇ ਡਿੱਠੇ ਤਦ ਹੀ ਪੰਥ ਵਿਚੋਂ ਕੱਢ ਦਿੱਤੇ।

ਸੰਗਤਿ ਬਿਖੈ ਨ ਢੋਈ ਲਹੈਂ।
ਤਬਿ ਮੇਰੇ ਸਿਖ ਹੋਇੰ ਬਿਸਾਲਾ।
ਕਾਰ ਸਮਾਲਹਿੰਗੇ ਇਸ ਤਾਲਾ ॥੪੧॥
ਈਂਟ ਸੁ ਚੂਨਾ ਅਧਿਕ ਲਗਾਵਹਿਂ।
ਪਵਰੀ ਪਾਕੀ ਪਰਮ ਬਨਾਵਹਿਂ।
ਸਰ ਕੀ ਜਰਾਂ ਸਥਿਰ ਜੋ ਕਰੈਂ।
ਅਪਨ ਸਥਿਰਤਾ ਕੋ ਸੋ ਭਰੈਂ ॥੪੨॥
ਦੰਭ ਮਸੰਦਨ ਕੀਨ ਜੁ ਤਾਲਾ।
ਜੜ੍ਹ ਨ ਰਹੈ ਇਨਿ ਕੀ ਚਿਰਕਾਲਾ।
ਪੂਰਬ ਇਨ ਕੋ ਬ੍ਰਿੰਦ ਬਿਨਾਸੈ।
ਪੁਨ ਸਰ ਢਹਿ ਕਰਿ ਬਨਹਿ ਪ੍ਰਕਾਸ਼ੈ ॥੪੩॥
ਹੋਨਹਾਰ ਇਨ ਤੇ ਕਰਿਵਾਵਹਿ।
ਫਲ ਕੋ ਪਾਵਹਿਂ ਤਬਿ ਪਛੁਤਾਵਹਿਂ।
ਦੇਹਿ ਭਾਵਨੀ ਕੋ ਫਲੁ ਤਾਲ[1]।
ਅਬ ਕਜਾ ਕਹਿਨ ਬਨੈ ਇਨ ਨਾਲ' ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਮਸੰਦਨ ਸ੍ਰਾਪ' ਪ੍ਰਸੰਗ ਬਰਨਨੰ ਨਾਮ ਇਕ ਪੰਚਾਸਮੋਂ ਅੰਸੂ ॥੫੧॥

[1]ਸਮੇਂ ਸਿਰ (ਤਾਲ = ਅਵਸਰ, ਮੌਕਜ਼ਾ)। (ਅ) ਸਰੋਵਰ ਉਨ੍ਹਾਂ ਨੂੰ ਫਲ ਦੇਵੇਗਾ।

੫੨. [ਵਾਹਿਗੁਰੂ ਆਪ ਸ੍ਰੋਵਰ ਕੀ ਕਾਰ ਕਰਨ ਆਯਾ]

੫੧<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੩

ਦੋਹਰਾ: ਮੰਦ ਮਸੰਦਨ ਬ੍ਰਿੰਦ ਕੋ, ਸ੍ਰਾਪ ਭਯੋ ਇਸ ਭਾਇ।
ਤਨ ਧਰਿ ਸ਼੍ਰੀ ਗੁਰ ਦਸਮੁ ਬਰ, ਸਗਰੇ ਦਏ ਖਪਾਇ ॥੧॥
ਬਲੀ ਤੁਰਕਪਤਿ ਕਾਬਲੀ, ਇਸ ਥਲ ਦਲ ਚਲਿ ਆਇ।
ਸਰ ਸੌਪਾਨ ਉਖੇਰ ਕਰਿ, ਪੂਰ ਦਿਯੋ ਸਭਿ ਥਾਇੰ ॥੨॥
ਸਿੰਘ ਬ੍ਰਿੰਦ ਮਹਿਪਤਿ[1] ਭਏ, ਹਤੇ ਜਮਨ[2] ਸਮੁਦਾਇ।
ਨੀਵ ਪੁਰਾਤਨ ਤਾਲ ਕੀ, ਦੇਖਿ ਭਲੋ ਸੋ ਥਾਇੰ ॥੩॥
ਕਰੀ ਸੁਪਾਨ ਚਿਨਾਇ ਪੁਨ, ਚੂਨੋ ਸਰਬ ਲਗਾਇ।
ਤਿਮ ਸ਼੍ਰੀ ਹਰਿਮੰਦਰ ਕਰਜੋ, ਕੰਚਨ ਰਤਨ ਖਚਾਇ[3] ॥੪॥
ਸੁਨੋ ਕਥਾ ਸਰ ਬਨਨ ਕੀ, ਸ਼੍ਰੀ ਅਰਜਨ ਉਪਕਾਰ।
ਕਾਰ ਕਰਾਵਤਿ ਤੀਰ ਥਿਤ, ਸ਼੍ਰੀ ਮੁਖ ਬਾਕ ਉਚਾਰਿ ॥੫॥
ਅਨਗਨ ਨਰ ਕੀ ਭੀਰ ਹ੍ਵੈ, ਚਾਰਹੁਂ ਦਿਸ਼ ਮਹਿਂ ਲਾਗ।
ਚਿਨਹਿਂ ਖਨਹਿਂ 'ਗੁਰੁ ਗੁਰੁ' ਭਨਹਿਂ, ਭਜਨ[4] ਭਗਤਿ ਬਡਭਾਗ ॥੬॥

ਚੌਪਈ: ਸ਼੍ਰੀ ਲਛਮੀਪਤਿ ਏਕੰਕਾਰ[5*]।
ਜਗ ਸਿਰਜਨ ਪਾਲਨ ਸੰਹਾਰ।
ਤੀਨ ਲੋਕ ਸ੍ਵਾਮੀ ਬਡਿ ਚੀਨ।
ਦੀਨ ਦਯਾਲ ਨਿਜ ਭਗਤਿ ਅਧੀਨ ॥੭॥
ਸੱਚ ਖੰਡ ਮਹਿਂ ਸਭਿ ਬਿਧਿ ਜਾਨੀ।
ਅਪਨਿ ਸਮੀਪਨਿ ਸਾਥ ਬਖਾਨੀ।
'ਸ਼੍ਰੀ ਨਾਨਕ ਤਨ ਕੋ ਮੈਂ ਧਾਰਜੋ।
ਨਰਕ ਪਰਨ ਤੇ ਨਰਨ ਉਬਾਰਜੋ ॥੮॥
ਅਬਿ ਸਰੂਪ ਪੰਚਮ ਤਿਨ ਕੇਰਾ।
ਸ਼੍ਰੀ ਅਰਜਨ ਹਿਤ ਜਗਤ ਬਡੇਰਾ[6]।
ਭਗਤੁ ਬੇਸ ਮਹਿਂ ਛਪਹਿ ਬਿਸਾਲੇ।
ਚਾਹਤਿ ਭਗਤਿ ਪੰਥ ਕਹੁ ਪਾਲੇ ॥੯॥

---

[1]ਰਾਜੇ।
[2]ਮਲੇਛ ਭਾਵ ਤੁਰਕ [ਸੰਸ: ਯਵਨ]
[3]ਜੜਵਾਕੇ।
[4]ਸਿਮਰਣ ਕਰਦੇ ਹਨ।
[5]ਆਦਿ ਮਾਯਾ ਦੇ ਪਤੀ ਵਾਹਿਗੁਰੂ ਜੀ। ਕੁਦਰਤ ਦੇ ਕਾਦਰ ਜੀ।
*ਦੇਖੋ ਇਸੇ ਅੰਸੂ ਦੇ ਅੰਕ ੪੭ ਤੇ ਅੰਸੂ ੩੦ ਅੰਕ ੭ ਦੀ ਹੇਠਲੀ ਟੂਕ।
[6]ਸ਼੍ਰੀ ਅਰਜਨ ਜੀ (ਜਿਨ੍ਹਾਂ ਦੇ ਅੰਦਰ) ਜਗਤ ਦਾ ਹਿਤ ਬਹੁਤ ਹੈ।

ਇਸ ਉਪਾਇ ਮਹਿਂ ਲਗਹਿਂ ਮहਾਨਾ।
ਥਿਰਹਿਂ ਸਦੀਵ ਨਰਨ ਕੱਲਜਾਨਾ।
ਸੁਧਾ ਸਰੋਵਰ ਕੋ ਸਿਰਜਾਵਤਿ।
ਮਹਾਂ ਮਹਾਤਮ ਕੋ ਦਿਪਤਾਵਤਿ ॥੧੦॥
ਕਰਜੋ ਚਹਤਿ ਵਿਚ ਸ਼੍ਰੀ ਹਰਿਮੰਦਰ।
ਅਵਨੀਤਲ ਮਹਿਂ ਅਦਭੁਤ ਸੁੰਦਰ।
ਜਿਸ ਮਹਿਂ ਭਜਨ, ਪ੍ਰਵਿਰਤਹਿ ਮਹਾਂ।
ਚਹੁਂ ਦਿਸ਼ ਕੇ ਨਰ ਨੰਮ੍ਰਹਿ ਤਹਾਂ ॥੧੧॥
ਭਗਤਿ ਨਿਰੰਤਰ ਅੰਤਰ[1] ਹੋਇ।
ਮੋ ਕਹੁ ਸਿਮਰਹਿਂਗੇ ਸਭਿ ਕੋਇ।
ਦੰਭ ਬਿਹੀਨੇ ਪ੍ਰੇਮ ਪ੍ਰਬੀਨ।
ਹੋਹਿਂ ਕੀਰਤਨ ਮੈਂ[+] ਲਿਵਲੀਨ ॥੧੨॥
ਮੋ ਕਹੁ ਸਦਾ ਭਗਤਿ ਹੈ ਪਜਾਰੀ।
ਰਹੌਂ ਬਨਜੋ ਜਨ ਕੇ ਅਨੁਸਾਰੀ।
ਭਗਤਿ ਭੇਖ ਧਰਿ ਬਿਦਤਜੋ ਜੈਸੇ।
ਭਗਤਿ ਬਸੀ[2] ਦਿਖਰਾਵੌਂ ਤੈਸੇ ॥੧੩॥
ਅਬਿ ਮੈਂ ਸਰ ਕੀ ਕਾਰ ਕਮਾਵੋਂ।
ਛਪਨ ਹੇਤ ਬਪੁ ਕੋ ਪਲਟਾਵੋਂ।'
ਇਮ ਕਹਿ ਕਰਿ ਮਦਸੂਦਨ ਮਾਧੋ[3]।
ਬਨ ਮਜੂਰ ਤਨ ਕਟ ਪਟ ਬਾਧੋ[4] ॥੧੪॥
ਕਹੀ ਕੰਧ ਖਨਿਬੇ ਹਿਤ ਧਾਰੀ।
ਗਹੀ ਟੋਕਰੀ ਹਾਥ ਮਝਾਰੀ।
ਮਹਿਮਾ ਭਗਤਨਿ ਕੀ ਬਡਕਾਰਨ[5]।
ਬਸੀ ਪ੍ਰੇਮ ਅਪਨਪੌ[6] ਦਿਖਾਰਨ ॥੧੫॥
ਜਗਤ ਕੰਤ ਜਗ ਗੁਰ ਪੁਰਿ[7] ਆਏ।

---

[1]ਸਦਾ ਅੰਦਰ।
[+]ਪਾ:-ਮਨ।
[2]ਭਗਤਾਂ ਦੇ ਅਧੀਨ ਹੋਯਾ ਹੋਯਾ।
[3]ਪਰਮੇਸ਼ੁਰ (ਦੇਖੋ ਗੁਰੂ ਗ੍ਰੰ: ਕੋਸ਼ ਖਾ: ਟ੍ਰੈ: ਸੁਸੈਟੀ ਵਾਲਾ)।
[4]ਲੱਕ ਬਸਤ੍ਰ ਬੰਨ੍ਹਿਆ।
[5]ਭਗਤਾਂ ਦੀ ਮਹਿੰਮਾ ਵਡਿਆਉਣ ਲਈ।
[6]ਆਪਣਾ ਆਪ।
[7]ਜਗਤ ਗੁਰੂ ਦੀ ਪੁਰੀ ਵਿਚ।

ਮਿਲੇ ਮਜੂਰਨਿ[੧] ਕਾਰ ਕਮਾਏ।
ਬ੍ਰਹਮਾਦਿਕ ਸ਼ਿਵ ਕੋ ਸੁਧਿ ਹੋਈ।
ਕੌਤਕ ਪਿਖਨ ਦੇਵ ਸਭਿ ਕੋਈ ॥੧੬॥
'ਜੈ ਜੈ' ਭਨਤਿ ਗਗਨ ਮਹਿਂ ਆਏ।
ਅਦਭੁਤ ਗਤਿ ਦੇਖਤਿ ਸੁਰ ਛਾਏ[੨]।
ਬਿਸਮਤਿ ਚਿਤ ਨਿਜ ਬਿਖੈ ਬਖਾਨੇ।
-ਇਨ ਕੇ ਚਲਤਿ ਇਹੀ ਪ੍ਰਭੁ ਜਾਨੈਂ ॥੧੭॥
ਨਿਜ ਪ੍ਰੀਤਮ ਕੇ ਨਿਤ ਹਿਤਕਾਰੀ।
ਬਿਦਤਾਵਤਿ ਇਮਿ ਜਗਤ ਮਝਾਰੀ।
ਭਗਤ ਸਰੂਪ ਏਕ ਭਵ ਧਾਰਾ[੩]।
ਦੁਤੀਏ ਸੋ ਬਸਿ ਰਹਿਨ ਦਿਖਾਰਾ[੪] ॥੧੮॥
ਭਗਤਿ ਕਬੀਰ ਨਿਕੇਤ ਸਿਧਾਏ।
ਬਨਿ ਬਨਜਾਰਾ ਖੇਪ[੫] ਚਲਾਏ।
ਨਾਮ ਦੇਵ ਕੋ ਛਾਪਰ ਛਾਯੋ[੬]।
ਭਗਤਨਿ ਵਤਸਲ ਬਿਰਦ ਦਿਖਾਯੋ ॥੧੯॥
ਫੇਰਿ ਦੇਹੁਰਾ ਗਊ ਜਿਵਾਈ।
ਮੁਗਲ ਰੂਪ ਧਰਿ ਮਿਲੇ ਗੁਸਾਈਂ।
ਗਏ ਸੈਨ ਕੇ ਤਨ ਧਰਿ ਨਾਈ[੭]।
ਪ੍ਰੀਤਮੁ[੮] ਹਿਤ ਨ੍ਰਿਪ ਸੇਵ ਕਮਾਈ ॥੨੦॥
ਕੌਨ ਕੌਨ ਇਨ ਕਰਮ ਗਿਨੀਜੈ।
ਬਸਿ ਭਗਤਨ ਕੇ ਸਦਾ ਲਖੀਜੈ-।
ਕਹੀ ਗਹੀ ਕਰ ਪ੍ਰਭੁ ਸਮਰੱਥ।
ਧਰੀ ਟੋਕਰੀ ਦੂਸਰ ਹੱਥ ॥੨੧॥
ਹਰਿਮੰਦਰ ਜਿਸ ਥਲ ਚਿਨਵਾਇ।
ਖਨਨ ਲਗੇ ਮ੍ਰਿਤਕਾ ਤਹਿਂ ਜਾਇ।

---

[੧]ਮਜੂਰਾਂ ਵਿਚ ਰਲਕੇ।
[੨](ਅਕਾਸ਼ ਵਿਚ) ਛਾ ਗਏ।
[੩]ਸੰਸਾਰ ਵਿਚ ਤਾਂ ਇਕ ਭਗਤ ਸਰੂਪ ਧਾਰਿਆ।
[੪]ਦੂਸਰਾ (ਰੂਪ) ਭਗਤ ਦੇ ਅਧੀਨ ਰਹਿਣ ਵਾਲਾ ਦਸਿਆ ਹੈ।
[੫]ਵਣਜ।
[੬]ਛਪਰੀ ਛੱਤੀ।
[੭]ਸੈਨ ਦੀ ਖਾਤਰ ਨਾਈ ਦਾ ਰੂਪ ਧਾਰਕੇ।
[੮]ਭਾਵ ਸੈਣ ਵਾਸਤੇ।

ਕਾਰ ਨਿਕਾਸਹਿਂ ਵਹਿਰ ਗਿਰਾਈ।
ਦੇਖਤਿ ਭਏ ਦੇਵ ਸਮੁਦਾਈ ॥੨੨॥
ਪਲਟਿ ਪਲਟਿ ਅਪਨੋ ਤਨ ਸਾਰੇ।
ਆਇ ਲਗੇ ਸਗਰੇ ਸਰ ਕਾਰੇ।
ਤਿਨ ਕੋ ਪ੍ਰੇਰਤਿ ਕਾਰ ਕਰਾਵਹਿਂ।
ਕਹਿ ਸਭਿ ਸੋਂ ਉਤਸਾਹ ਬਧਾਵਹਿਂ ॥੨੩॥
ਛਿਨਿਕ ਮਾਤ੍ਰ ਮਹਿਂ ਮਾਟੀ ਪਾਟੀ[1]।
ਸਭਿ ਨਿਕਾਸ ਕਰਿ ਬਾਹਰ ਸਾਟੀ[2]।
ਸ਼੍ਰੀ ਅਰਜਨ ਕਰ ਨਿਰਨੈ ਹੇਰੈਂ।
-ਆਜ ਕਾਰ ਕੇ[3] ਕਰਹਿ ਘਨੇਰੇ? ॥੨੪॥
ਸੰਗਤਿ ਨਹੀਂ ਕਹੂੰ ਤੇ ਆਈ।
ਜਿਤ ਕਿਤ ਦੀਖਤਿ ਜਨ ਸਮੁਦਾਈ।
ਬੇਸ ਅਨੂਪਮ ਅਦਭੁਤ ਕ੍ਰਾਂਤਿ।
ਕਰਤਿ ਕਾਰ ਕੋ ਸ਼ੋਭਤਿ ਗਾਤਿ- ॥੨੫॥
ਸ੍ਵੈਯਾ: ਸ਼੍ਰੀ ਗੁਰ ਏਵ ਬਿਚਾਰਿ ਨਿਹਾਰਤਿ
-ਹੈ ਸਭਿ ਮਹਿਂ ਇਕ ਸੁੰਦਰ ਡੀਲਾ।
ਚਾਰੁ ਬਿਲੋਚਨ ਸੋਚ ਬਿਮੋਚਤਿ,
ਪ੍ਰੇਰਤਿ ਹੈ ਸਭਿਹੂਨਿ ਛਬੀਲਾ।
ਬ੍ਰਿੰਦ[4] ਅਦਾਇਬ ਰਾਖਹਿ ਹੈਂ,
ਅਭਿਲਾਖਤਿ ਭਾਖਤਿ ਹੈਂ ਗੁਨ ਸ਼ੀਲਾ।
ਔਰ ਨਹੀਂ ਜਗਮੌਰ[5] ਇਹੀ
ਇਸੁ ਠੌਰ ਬਿਖੈ ਦਿਖਰਾਵਤਿ ਲੀਲਾ- ॥੨੬॥
ਲਘੁ ਕਾਲ ਮੈਂ ਕਾਰ ਬਿਸਾਲ ਕਰੀ
ਥਲ ਜਾਂਹਿ ਬਿਖੈ ਚਿਨਿਬੋ ਹਰਿਮੰਦਿਰ।
ਮ੍ਰਿਤਕਾ ਤਹਿਂ ਤੇ ਕਰਿ ਤੂਰਨਤਾ
ਨਿਕਸਾਇ ਲਈ ਸਗਰੀ ਸਰ ਅੰਦਰ।
ਜਸੁ ਭਾਖਿ ਮਹਾਤਮ ਆਨਨ ਤੇ
ਕਰਵਾਵਤਿ ਹੈਂ ਕਰ ਤੇ ਤਨ ਸੁੰਦਰ।

---

[1]ਮਿੱਟੀ ਪੁੱਟੀ।
[2]ਸੁੱਟੀ।
[3]ਕੌਣ।
[4]ਸਾਰੇ ਉਸ ਦਾ।
[5]ਜਗਤ ਦੇ ਸ਼ਿਰੋਮਣ।

ਇਕ ਆਵਤਿ ਹੈਂ, ਇਕ ਜਾਤਿ ਨਿਕਾਸਤਿ
ਸ਼੍ਰੀ ਗੁਰ ਦੇਖਤਿ ਭੇ ਕਰਿ ਨੰਦਰ[1] ॥੨੭॥
-ਚਿਤ ਚੌਂਪ ਧਰੀ ਸੁਰ ਗੋਪ[2] ਅਹੈਂ
ਪਲਟੇ ਤਨ- ਜਾਨਿ ਗੁਰੂ -ਚਲਿ ਆਏ-।
ਜਿਮਿ ਸੂਰਜ ਬਾਲ[3] ਬਿਲੋਕਤਿ ਹੀ
ਅਰਬਿੰਦ ਬਿਲੋਚਨ ਦ੍ਵੈ ਬਿਕਸਾਏ।
ਬਰ ਡੀਠ ਮਿਲੀ ਜੁਗ ਮੂਰਤ ਕੀ
ਇਕ ਜੋਤਿ ਸ੍ਰਬੋਤਮ ਹੀ ਉਮਹਾਏ[4]।
ਅਵਲੋਕਤਿ ਕੀਰਤਿ ਕੋ ਬਰਨੈਂ
ਭੁਨਸਾਰ ਸਮੈਂ ਬਿਚ ਰਾਗ ਸੁਹਾਏ ॥੨੮॥

ਦੋਹਰਾ: ਸੂਹੀ ਰਾਗ ਸੁ ਛੰਤ ਕਰਿ,
ਜੁਕਤਿ ਬਿਲਾਵਲੁ ਗਾਇ।
ਅਪਨ ਅਨੰਦ ਬਿਲੰਦ ਕੋ,
ਦਿਯੋ ਜਨਾਇ ਸੁਨਾਇ ॥੨੯॥

ਸ੍ਰੀ ਮੁਖਵਾਕ:
ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥

---

[1] ਨਿਗਾਹ ਕਰਕੇ।
[2] ਛਿਪੇ ਹੋਏ ਦੇਵਤੇ।
[3] ਚੜ੍ਹਦਾ ਸੂਰਜ।
[4] ਉਮਾਹ ਵਿਚ ਆਏ।

ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥

ਦੋਹਰਾ: ਇਮ ਸਨਮੁਖ ਹੁਇ ਕਰਿ ਖਰੇ, ਗਾਈ ਸਿਫਤਿ ਸੁਨਾਇ।
ਵਧਯੋ ਪ੍ਰੇਮ ਦੋਊ ਦਿਸ਼ਨ, ਜਲ ਅਨੰਦ ਚਖ ਆਇ[1] ॥੩੦॥

ਚੌਪਈ: ਸ੍ਰੀ ਅਰਜੁਨ ਅਰਜ਼ਨਿ ਕਰਿ[2] ਨੀਕੇ।
ਅਰਜਨ[3] ਕੀਰਤਿ ਗੁਨ ਪ੍ਰਭੁ ਹੀ ਕੇ।
ਨਿਕਟਿ ਹੋਇ ਕਰਿ ਦੋਨਹੁੰ ਹਾਥ।
ਪਰਸੇ ਪਦ ਅਰਬਿੰਦਨਿ ਸਾਥ ॥੩੧॥
ਗਹਿ ਤ੍ਰਿਲੋਕਪਤਿ ਅੰਕ ਭਰੇ ਹੈ[4]।
ਪਰਮ ਪ੍ਰੇਮ ਨੇ ਬਿਸੁਧ ਕਰੇ ਹੈਂ।
ਸ਼ੋਭਤਿ ਬਦਨ ਚੰਦ ਮਾਨਿੰਦ।
ਬਾਕ ਸੁਧਾ ਬੋਲੇ ਸੁਖਕੰਦ ॥੩੨॥
'ਜਗਤ ਭਗਤਿ ਮਗ ਸ਼ੁਭ ਬਿਸਤਾਰਾ।
ਸਰ ਕੋ ਰਚਯੋ ਪਰਮ ਉਪਕਾਰਾ।
ਜਿਸ ਤੇ ਸਿੱਖੀ ਥਿਰਹਿ ਸਦੀਵਾ।
ਗਾਇ ਕੀਰਤਨੁ ਕਰਿ ਮਨ ਨੀਵਾਂ ॥੩੩॥
ਸਰ ਅੰਦਰ ਅਬਿ ਸ੍ਰੀ ਹਰਿਮੰਦਰ।
ਸਿਰਜਹੁ ਜਿਸ ਕੀ ਰਚਨਾ ਸੁੰਦਰ।
ਜਰਹਿਂ ਜਵਾਹਰ ਜ਼ੇਬ[5] ਬਿਲੰਦ।
ਸ਼ੋਭਹਿ ਬਹੁ ਜਿਸ ਪੂਰਨ ਚੰਦ ॥੩੪॥
ਚਹੁੰਦਿਸ਼ ਕੋ ਚਹੁੰ ਦਰ ਸਿਰਜਾਵਹੁ।
ਰੁਚਿਰ ਬੰਗਲਾ ਉਰਧ[6] ਕਰਾਵਹੁ।

---

[1]ਅਨੰਦ ਨਾਲ ਨੇਤ੍ਰਾਂ ਵਿਖੇ ਜਲ ਆ ਗਿਆ।
[2]ਬੇਨਤੀਆਂ ਕਰਕੇ।
[3]ਉੱਜਲ।
[4]ਤ੍ਰਿਲੋਕੀ ਪਤੀ ਨੇ ਜੱਫੀ ਪਾਈ।
[5]ਸ਼ੋਭਾ [ਅਰਬੀ-ਜ਼ੇਬ]
[6]ਧੁਰ ਛੱਤ ਦਾ ਵਿਚਕਾਰਲਾ ਵਡਾ ਗੁੰਬਦ ਉਚਾ ਬਣਵਾਉ।

ਪਸ਼ਚਮੁ ਦਿਸ਼ ਕੋ ਸੇਤੁ[1] ਰਚਾਵਹੁ।
ਤੀਰਥ ਤੀਰ ਪੌਰ ਬਨਿਵਾਵਹੁ' ॥੩੫॥
ਸ੍ਰੀ ਅਰਜਨ ਕੀ ਪਕਰੇ ਬਾਹੂ।
ਬਜੋਂਤ ਬਤਾਵਤਿ ਸਭਿ ਜਗ ਨਾਹੂ[2]।
'ਇਹੁ ਮੇਰੋ ਮੰਦਰ ਬਰੁ ਹੋਇ।
ਜਿਸ ਕੀ ਸਮਤਾ ਕਰਹਿ ਨ ਕੋਇ ॥੩੬॥
ਤੀਨ ਲੋਕ ਮਹਿਂ ਹੋਹਿ ਨ ਜੈਸੋ।
ਭਜਨ ਪ੍ਰਤਾਪ ਬਨਹਿ ਨਿਤਿ ਐਸੋ।
ਨਰਕ ਨਿਵਾਰਣ ਕਾਰਣ ਮੋਖ।
ਮੇਰੋ ਸਿਮਰਨ ਹੁਇ ਨਿਰਦੋਖ ॥੩੭॥
ਜੇ ਨਰ ਸ਼ਰਧਾ ਧਰਿ ਉਰ ਪਰਮੁ।
ਗਾਇਂ ਕੀਰਤਨ ਹੁਇ ਨਿਸ਼ਭਰਮ।
ਮੁਹਿ ਕੋ ਮਿਲਹਿਂ ਆਇ ਨਿਹਸੰਸੈ।
ਜਨਮ ਮਰਨ ਕੇ ਬੰਧ ਬਿਧ੍ਰੰਸੈ[3]' ॥੩੮॥
ਇੱਤਜਾਦਿਕ ਸਭਿ ਬਜੋਂਤ ਬਤਾਏ।
ਭਗਤਿ ਪ੍ਰਤਾਪ ਅਧਿਕ ਬਿਰਧਾਏ।
'ਜਜੋਂ ਕਜੋਂ ਕਰਿ ਸਿੱਖੀ ਬਿਸਤਾਰਹੁ।
ਨਰਕ ਪਰਨ ਤੇ ਨਰਨਿ ਉਬਾਰਹੁ ॥੩੯॥
ਫੇਰ ਜੁੱਧ ਤੁਰਕਨ ਸੋਂ ਕਰੀਅਹਿ।
ਅਪਰ ਪੰਚ ਤਨ ਜੋਤਿ ਸੰਚਰੀਅਹਿ[4]।
ਪੰਥ ਖਾਲਸਾ ਰਚਹੁ ਬਿਸਾਲਾ।
ਰੱਖਜਕ ਸਰ ਕੋ ਹੁਇ ਸਭਿ ਕਾਲਾ ॥੪੦॥
ਕਰਹਿ ਨਿਰੰਤਰਿ ਕੀਰਤਿ ਮੇਰੀ।
ਪਰਬਿਰਤਹੁ[5] ਸ਼ੁਭ ਰੀਤਿ ਘਨੇਰੀ।
ਪੁਨ ਮਮ ਤਨ ਮੈਂ ਲੈਤਾ ਪਾਵਹੁ।
ਜਿਸ ਹਿਤ ਤਨ ਧਾਰਹੁ ਸੁਬਨਾਵਹੁ' ॥੪੧॥
ਇਮ ਕਹਿ ਸੁਨਿ ਮਿਲਿ ਅੰਤਰ ਧਜਾਨੇ।
ਪੁਨ ਸੁਰ ਗਨ ਅਤਿ ਪ੍ਰੀਤੀ ਠਾਨੇ।

---

[1]ਪੁਲ।
[2]ਸਾਰੇ ਜਗਤ ਦੇ ਸ੍ਵਾਮੀ ਜੀ।
[3]ਬੰਧਨ ਨਾਸ਼ ਕਰਕੇ।
[4]ਹੋਰ ਪੰਜ ਦੇਹਾਂ ਵਿਚ ਜੋਤ ਦਾ ਪ੍ਰਵੇਸ਼ ਕਰੋ, ਭਾਵ ਗੁਰੂ ਹਰਿਗੋਬਿੰਦ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ।
[5]ਪ੍ਰਚਾਰੋ।

ਸ਼੍ਰੀ ਅਰਜਨ ਕੋ ਬੰਦਨ ਕੀਨਸਿ।
ਨਾਮ ਨਿਵੇਦਨ ਕਰਿ ਹਿਤ ਭੀਨਸ[1] ॥੪੨॥
ਬਿਨਤੀ ਭਨਿ ਭਨਿ ਗੇ ਸੁਰਪੁਰਿ ਕੋ।
ਕਰਤਿ ਪਰਸਪਰ ਜਸ ਸਤਿਗੁਰ ਕੋ।
ਸੰਗਤਿ ਕਾਰ ਕਰਤਿ ਸਰ ਕੇਰੀ।
ਹੇਰਿ ਹੇਰਿ ਮਤਿ ਬਿਸਮ ਬਡੇਰੀ[2] ॥੪੩॥
-ਸ਼੍ਰੀ ਗੁਰ ਅਰਜਨ ਧਰਿ ਅਹਿਲਾਦਾ।
ਇਹੁ ਥੇ ਕੌਨ[*] ਕੀਨ ਸੰਬਾਦਾ[3]?
ਨਏ ਅਨੂਠੇ ਬੇਸ ਬਿਸਾਲੇ।
ਕਿਤ ਤੇ ਆਇ ਕਹਾਂ ਇਹੁ ਚਾਲੇ? ॥੪੪॥
ਸਰ ਕੀ ਕਾਰ ਕਮਾਵਤਿ ਗਏ।
ਇਨ ਕੌਂ ਭੇਤ ਨ ਕਿਨਹੂੰ ਲਏ-[+]।
ਪੁਨ ਸ਼੍ਰੀ ਅਰਜਨ ਥਰੇ ਬਿਰਾਜੇ।
ਕਹਤਿ ਕਰਾਵਤਿ ਸਰ ਕੋ ਕਾਜੇ ॥੪੫॥
ਬ੍ਰਿੰਦ ਸਿੱਖ ਅਰੁ ਲਗੇ ਮਜੂਰ।
ਹੋਇ ਕਾਰ ਬਹੁ ਥਿਰੇ ਹਜੂਰ।

---

[1]ਹਿਤ ਨਾਲ ਭਿੱਜੇ ਨਾਮ ਪ੍ਰਗਟ ਕੀਤੇ।

[2]ਸਿੱਖ ਹੈਰਾਨ ਹੋ ਵਿਚਾਰਦੇ ਹਨ।

[*]ਇਸ ਅੰਸੂ ਵਿੱਚ ਏਕੰਕਾਰ ਅਕਾਲ ਪੁਰਖ ਦਾ ਮੰਦਰ ਦੀ ਸੇਵਾ ਵਿਚ ਆਪ ਸ਼ਾਮਲ ਹੋਣਾ ਕੋਈ ਆਤਮਿਕ ਕੌਤਕ ਹੈ ਜਿਸ ਦਾ ਭਾਵ ਹੈ ਕਿ ਉਨ੍ਹਾਂ ਦਾ ਆਪਣਾ ਹੱਥ ਇਸਦੀ ਰਚਨਾ ਤੇ ਉਸਾਰੀ ਵਿੱਚ ਹੈਸੀ, ਜਿਸਨੂੰ ਅਸੀਂ ਸਮਝ ਨਹੀਂ ਸਕਦੇ ਕਿਉਂਕਿ ਉਹ ਕੋਈ ਸੂਖਮ ਆਤਮ ਖੇਲ ਹੈ। ਸਾਡੀ ਸਮਝ ਗੋਚਰਾ ਕਰਨ ਲਈ ਸਾਡੀ ਬੋਲੀ ਤੇ ਸਮਝ ਦੇ ਤ੍ਰੀਕੇ ਮੂਜਬ ਕਵਿ ਜੀ ਨੇ ਐਉਂ ਵਰਣਨ ਕੀਤਾ ਹੈ ਕਿ ਜਿਵੇਂ ਇਸ ਵਿਚ ਵਾਹਿਗੁਰੂ ਜੀ ਦੇ ਨਿਜ ਹੱਥ ਹੋਣ ਦੀ ਸਾਨੂੰ ਸੋਝੀ ਹੋ ਜਾਵੇ। ਇਸੇ ਭਾਵ ਨੂੰ ਗੁਰੂ ਜੀ ਨੇ ਆਪ ਬਾਣੀ ਵਿਚ ਐਉਂ ਦੱਸਿਆ ਹੈ:-ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਇਸੇ ਅੰਸੂ ਦੇ ਅੰਕ ੭ ਵਿਚ ਆਏ ਲੱਛਮੀ ਪਤ ਤੋਂ ਮੁਰਾਦ ਵਿਸ਼ਨੂੰ ਜੀ ਦੀ ਨਹੀਂ ਜਿਸ ਨੂੰ ਆਪ ਨੇ 'ਏਕੰਕਾਰ' ਕਿਹਾ ਹੈ। ਕਿਉਂਕਿ ਉਨ੍ਹਾਂ ਦਾ ਨਿਵਾਸ ਵੈਕੁੰਠ ਵਿਚ ਹੈ, ਤੇ ਅੰਕ ੮ ਵਿਚ ਏਕੰਕਾਰ ਦਾ ਨਿਵਾਸ ਸਚਖੰਡ ਵਿਚ ਦੱਸਿਆ ਹੈ ਤੇ ਸਚਖੰਡ ਵਿਚ ਅਕਾਲ ਪੁਰਖ ਦਾ ਨਿਵਾਸ ਹੈ ਯਥਾ-ਸਚਖੰਡਿ ਵਸੈ ਨਿਰੰਕਾਰੁ। ਫਿਰ ਏਕੰਕਾਰ ਨਾਮ ਬੀ ਅਕਾਲ ਪੁਰਖ ਦਾ ਹੈ ਵਿਸ਼ਨੂੰ ਦਾ ਨਹੀਂ, ਜੈਸੇ 'ਭ੍ਰਮ ਛੂਟੇ ਤੇ ਏਕੰਕਾਰ।' ਲਛਮੀ ਪਤ ਤੋਂ ਮੁਰਾਦ ਏਥੇ ਹੈ 'ਉਹ ਕਿ ਜਿਸਦੀ ਕੀਤੀ ਹੋਈ ਤੇ ਜਿਸਦੇ ਵੱਸ ਵਿਚ ਹੈ ਮਾਯਾ। ਜੋ ਕੁਦਰਤ ਦਾ ਕਰਤਾ ਤੇ ਕਾਦਰ ਹੈ' ਯਥਾ-ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ। ਦੇਖੋ ਇਸੇ ਰਾਸ ਦੇ ਅੰਸੂ ੩੦ ਦੇ ਅੰਕ ੭ ਦੀ ਹੇਠਲੀ ਟੂਕ।

[3]ਸ਼੍ਰੀ ਗੁਰੂ ਅਰਜਨ ਦੇਵ ਜੀ ਨਾਲ ਇਹ ਕੌਣ ਸਨ ਜੋ ਆਨੰਦ ਨਾਲ ਸੰਬਾਦ ਕਰਦੇ ਰਹੇ ਹਨ।

[+]ਇਕ ਲਿਖਤੀ ਨੁਸਖੇ ਵਿੱਚ-ਸ਼੍ਰੀ ਗੁਰ ਅਰਜਨ...ਕਿਨਹੂੰ ਲਏ-ਛੇ ਤੁਕਾਂ ਦੀ ਥਾਵੇਂ ਦਸ ਤੁਕਾਂ ਦਾ ਪਾਠ ਐਸ ਤਰ੍ਹਾਂ ਹੈ:- 'ਇਹ ਥੇ ਕੌਨ ਕੀਨ ਸੰਬਾਦਾ।' ਸਿੱਖਨ ਬੂਝੇ ਗੁਰੂ ਬਿਸਾਲੇ। 'ਆਗੈ ਨਾਹਿਨ ਕਿਸੇ ਦਿਖਾਲੇ (= ਦੇਖੇ)' ॥੪੪॥ ਸੁਨਿ ਸਿੱਖਨ ਤੇ ਗੁਰੂ ਬਖਾਨਾ। 'ਦੇਵਨ ਸਹਤ ਅਯੋ ਭਗਵਾਨਾ।' (ਸਿੱਖਾਂ ਪੁੱਛਿਆ) 'ਨਏ ਅਨੂਠੇ ਬਸ ਬਿਸਾਲੇ। ਕਿਤ ਤੇ ਆਇ ਕਹਾਂ ਇਹੁ ਚਾਲੇ।' (ਗੁਰੂ ਜੀ ਕਿਹਾ) 'ਸਰ ਕੀ ਕਾਰ ਕਮਾਵਤਿ ਗਏ। ਇਨ ਕੋ ਭੇਤ ਨ ਕਿਨਹੂੰ ਲਏ।'

ਸੰਗਤਿ ਅਨਿਕ ਆਇ ਇਕ ਜਾਇ।
ਰਹੈਂ ਜਿਤਿਕ ਸਰ ਕਾਰ ਕਮਾਇਂ ॥॥ ੪੬॥

ਦੋਹਰਾ: ਸੁਧਾ ਸਰੋਵਰ ਕੀ ਸ਼ੁਭਤਿ, ਚਹੁਂਦਿਸ਼ ਬਨਹਿਂ ਸਪਾਨ।
ਮਹਾਂ ਮਹਾਤਮ ਕੋ ਭਨਤਿ, ਸ਼੍ਰੀ ਅਰਜਨ ਸੁਖਦਾਨ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ਼੍ਰੀ ਪ੍ਰਭੁ ਸਰ ਕੀ ਕਾਰ ਕਰਨ*' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਮੋਂ ਅੰਸੂ ॥੫੨॥

---

*ਪਾ:-ਪ੍ਰਭੁ ਕਰਨ ਕਾਰਨੁ ਕੋ।

੫੩. [ਹਰਿਮੰਦਰ ਜੀ ਦੀ ਉਸਾਰੀ। ਸੰਤੋਖ ਸਰ ਦੀ ਮਿੱਟੀ ਤਲੇ ਵਿਛਾਈ]

੫੨<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੪

ਦੋਹਰਾ: ਪੁਨ ਸਤਿਗੁਰੂ ਬਿਚਾਰਿ ਕੈ,
ਸੰਮਤ ਬ੍ਰਿਧ ਤੇ ਆਦਿ[੧]।
ਚਹਤਿ ਰਚਯੋ ਨਿਜ ਸਦਨ[੨] ਕੋ,
ਜਿਸ ਕੀ ਥਿਰ ਬੁਨਿਯਾਦ ॥੧॥
ਚੌਪਈ: ਸੁਨਿ ਕੈ ਸਿਖ ਆਦਿਕ ਗੁਰੁਦਾਸ।
ਭਗਤੂ ਬਹਿਲੋ ਧਰੇ ਹੁਲਾਸ।
'ਸਰ ਅੰਦਰ ਹਰਿਮੰਦਰ ਸੁੰਦਰ।
ਸਿਰਜਹਿਂ ਸਮਤਾ ਲਹਿ ਨ ਪੁਰੰਦਰ[੩]' ॥੨॥
ਸੁਨਿ ਸਿੱਖਨ ਉਤਸਾਹੁ ਬਡੇਰਾ।
ਪੰਚਾਂਮ੍ਰਿਤ[੪] ਕਰਿਵਾਇ ਘਨੇਰਾ।
ਗਮਨੇ ਗੁਰੂ ਤਾਲ ਕੇ ਮਾਂਹੀ।
ਸੰਗਤਿ ਬ੍ਰਿੰਦ ਸੰਗ ਮੈਂ ਜਾਹੀ ॥੩॥
ਕਾਰੀਗਰਨਿ ਬੁਲਾਵਨ ਠਾਨਾ।
ਸ਼੍ਰੀ ਮੁਖ ਤੇ ਸਭਿ ਬਯੋਂਤ ਬਖਾਨਾ।
'ਹਰਿ ਮੰਦਰ ਇਸ ਰੀਤਿ ਬਨਾਵਹੁ।
ਚਾਰ ਦ੍ਵਾਰ ਚਹੁੰ ਦਿਸ਼ਨ[੫] ਰਖਾਵਹੁ ॥੪॥
ਨਗਰ ਦਿਸ਼ਾ ਸਰ ਸੇਤ ਰਚੀਜਹਿ।
ਦ੍ਵਾਰ ਦਰਸ਼ਨੀ ਸਰ ਤਟ ਕੀਜਹਿ।
ਹਰਿਮੰਦਰ ਕੀ ਕੁਰਸੀ ਸਾਰਹੁ।
ਤਾਲ ਨੀਰ ਤੇ ਉਰਧ ਉਠਾਰਹੁ[੬] ॥੫॥
ਸ੍ਵਰਗ ਦਾਰੀਆਂ[੭] ਤਰੇ ਬਨਾਵਹੁ।
ਪੂਰਬ ਦਿਸ਼ਿ ਹਰਿ ਪੌੜ ਚਿਨਾਵਹੁ।
ਚਹੁਂਦਿਸ਼ਿ ਕੀ ਪਰਕਰਮਾਂ ਕਰੀਅਹਿ[੮]।

---

[੧]ਬੁੱਢੇ ਆਦਿਕਾਂ ਦੀ ਸਲਾਹ ਨਾਲ।
[੨]ਮੁਰਾਦ ਹੈ ਹਰਿਮੰਦਰ।
[੩]ਵਿਸ਼ਨੂੰ (ਅ) ਇੰਦ੍ਰ।
[੪]ਕੜਾਹ ਪ੍ਰਸ਼ਾਦਿ।
[੫]ਦਿਸ਼ਾ ਤੋਂ ਮੁਰਾਦ ਏਥੇ ਕੋਣਾਂ ਦੀ ਹੈ, ਮੰਦਰ ਦੀਆਂ ਨੁਕਰਾਂ ਚਾਰੋਂ ਦਿਸ਼ਾ ਵਲ ਹਨ ਤੇ ਦਰਵਾਜੇ ਚਾਰੋਂ ਕੋਣਾਂ ਵਲ ਹਨ।
[੬]ਹਰਿਮੰਦਰ ਦੀ ਕੁਰਸੀ ਤਾਲ ਦੇ ਨੀਰ ਤੋਂ ਉੱਚੀ ਉਠਾਕੇ ਉਸਾਰੋ।
[੭]ਮਹਿਰਾਬਾਂ।
[੮]ਰਚੋ।

ਗਾਢੀ ਨੀਵ ਤਰੇ ਤੇ ਧਰੀਅਹਿ ॥੬॥
ਦਰਿ ਮੰਦਰ ਕੇ ਚਾਰੋਂ ਜੋਇ।
ਦੁਇ ਦੁਇ ਛਾਤ ਚਉਗਿਰਦੇ ਹੋਇ।
ਮੱਧ ਜਾਇ ਊਚੀ ਇਕ ਛਾਤ।
ਊਪਰ ਮਿਲਿ ਸਮ ਹੁਇ, ਸਭਿ ਭਾਂਤਿ ॥੭॥
ਤਿਸ ਪਰ ਰੁਚਿਰ ਬੰਗਲਾ[1] ਥਪਹਿ।
ਕੰਚਨ ਤੇ ਚਹੁੰਦਿਸ਼ ਮਹਿਂ ਦਿਪਹਿ।'
ਇਮ ਬਤਾਇ ਸ਼੍ਰੀ ਮੁਖ ਬਿਧਿ ਸਾਰੀ।
ਪੁਨ ਬ੍ਰਿਧ ਸੋਂ ਗੁਰ ਗਿਰਾ ਉਚਾਰੀ ॥੮॥
'ਸਿਮਰਹੁ ਸਭਿ ਸਤਿਗੁਰ ਸੁਖਰਾਸ।
ਖਰੇ ਹੋਇ ਕੀਜਹਿ ਅਰਦਾਸ।
ਅਵਿਚਲ ਨੀਵ ਧਰੀ ਗੁਰੁ ਨਾਨਕ।
ਮੰਦਰ ਸੁਭਹਿ ਲਗਹਿ ਮਣਿ ਮਾਣਿਕ[2] ॥੯॥
ਹੁਕਮ ਸੁਨਜੋ ਬ੍ਰਿਧ ਬੰਦੇ ਹਾਥ।
ਸਿਮਰਨਿ ਕਰਿ ਚਾਰਹੁੰ ਗੁਰੁ ਨਾਥ।
'ਸ਼੍ਰੀ ਸਤਿਗੁਰ ਹਰਿਮੰਦਰ ਹੋਇ।
ਜਿਸ ਤੇ ਸੁਖ ਪ੍ਰਾਪਤਿ ਸਭਿ ਕੋਇ ॥੧੦॥
ਕਲਿਜੁਗ ਮਹਿਂ ਨਿਹਚਲ[3] ਇਸ ਨੀਵ।
ਬੁਰਾ ਜਿ ਚਿਤਹਿ ਬਿਨਾਸੀ ਥੀਵ।
ਅੰਗ ਸੰਗ ਸਤਿਗੁਰੂ ਸਹਾਇ।
ਸਿਰ ਸ਼ੱਤ੍ਰਨਿ[4] ਕੇ ਇਹ ਦਿਪਤਾਇ ॥੧੧॥
ਮਾਨਹਿ, ਪੁਰਹਿ ਮਨੋਰਥ ਸੋਇ।
ਸੀਸ ਨਿਵਾਇ ਬਿਘਨ ਗਨ ਖੋਇ।
ਦਿਨ ਪ੍ਰਤਿ ਦਿਪਹਿ ਦੁਗੁਨ ਚਗੂਨੋ।
ਜਿਮ ਪ੍ਰਤਿਪਦ ਤੇ ਹੁਇ ਸਸਿ ਪੂਨੋ[5] ॥੧੨॥
ਬੀਚ ਬਿਰਾਜਹਿਂ ਗੁਰੁ ਸਭਿ ਸਮੈਂ।
ਆਇ ਚਤੁਰ ਦਿਸ਼ ਕੇ ਨਰ ਨਿਮੈਂ।'
ਇਮਿ ਅਰਦਾਸ ਕਰੀ ਬ੍ਰਿਧ ਜਬੈ।

[1]ਵਿਚਕਾਰਲਾ ਵੱਡਾ ਗੁੰਬਦ।
[2]ਮਣੀਆਂ ਤੇ ਮਾਣਿਕ।
[3]ਅਟੱਲ।
[4]ਸ਼ੱਤ੍ਰਨਿ = ਵੈਰੀਆਂ ਦੇ (ਅ) ਸ਼ੱਤਰਨਿ = ਛੱਤਰਨ = ਛਤ੍ਰਧਾਰੀਆਂ ਦੇ। (ੲ) ਸ਼ੱਤ੍ਰਿਨਿ = ਗਜਪੱਤੀਆਂ ਦੇ।
[5]ਜਿਵੇਂ ਏਕਮ ਤੋਂ ਚੰਦ੍ਰਮਾਂ ਪੂਰਨਮਾਸ਼ੀ ਦਾ ਹੁੰਦਾ ਹੈ।

ਸ੍ਰੀ ਅਰਜਨ ਕਰ ਪੰਕਜ ਤਬੈ ॥੧੩॥
ਗਹੀ ਈਂਟ ਤਹਿਂ ਕਰੀ ਟਿਕਾਵਨ।
ਮੰਦਰ ਅਵਿਚਲ ਨੀਵ ਰਖਾਵਨ।
ਤਬਿ ਕਾਰੀਗਰ ਨਿਕਟਿ ਸੁ ਹੇਰਿ।
ਹੇਤ ਜਨਾਵਨ ਮਤੀ ਬਡੇਰ ॥੧੪॥
ਨਿਜ ਕਰ ਤੇ ਉਠਾਇ ਸੋ ਲੀਨਿ।
ਫੇਰ ਘੇਰ ਘਰਿ ਕਰਿ ਧਰਿ ਦੀਨ[1]।
ਸ੍ਰੀ ਅਰਜਨ ਅਵਲੋਕਨ ਕਰਜੋ।
'ਕਹਾਂ ਕੀਨ ਤੈਂ?' ਬਾਕ ਉਚਰਜੋ ॥੧੫॥
'ਹਮ ਗੁਰ ਸਿਮਰਿ, ਸਮੈਂ ਸ਼ੁਭ ਜਾਨਾ[2]।
ਧਰੀ ਈਂਟ ਹਿਤ ਅਚਲ ਸਥਾਨਾ।
ਚਿਨਿਬੇ ਹਾਰ ਆਜ ਤੇ ਪਾਛੇ।
ਈਂਟ ਅਪਰ ਜੋ ਧਰਿਹੈਂ ਆਛੇ ॥੧੬॥
ਤਿਸ ਉਖੇਰ ਪੁਨ ਆਪ ਧਰੈਂ ਹੈ[3]।
ਕਾਰੀਗਰਨ ਬਿਖੈ ਅਸ ਹ੍ਵੈ ਹੈ[4]।'
ਇਮ ਦੇ ਸ੍ਰਾਪ ਕਹਜੋ ਗੁਰ ਫੇਰ।
'ਅਸ ਕ੍ਰਿਤਿ ਤੇ ਹਮ ਲੀਨ ਸੁ ਹੇਰ ॥੧੭॥
ਜਥਾ ਮਸੰਦਨ ਲਾਯਹੁ ਗਾਰਾ।
-ਬਹੁਰ ਬਨਹਿ ਸਰ- ਸ੍ਰਾਪ ਉਚਾਰਾ[*]।
ਤਿਮ ਤਵ ਕ੍ਰਿਤ ਤੇ ਜਾਨੀ ਜਾਇ।
ਮੰਦਰ ਹੁਇ ਕਰਿ ਭਗਨ ਗਿਰਾਇ[5] ॥੧੮॥
ਬਹੁਰ ਉਸਾਰਹਿਂ ਸਿੱਖ ਹਮਾਰੇ।
ਚਹੁੰ ਦਿਸ਼ ਕੋ ਧਨ ਲਾਇ ਉਦਾਰੇ।
ਸਰ ਜੁਤਿ ਹਰਿਮੰਦਰ ਪੁਨ ਹੋਇ।

---

[1]ਫੇਰ ਘੇਰਕੇ ਤੇ ਘੜਕੇ ਧਰ ਦਿੱਤੀ।
[2]ਅਸਾਂ ਗੁਰਾਂ ਨੂੰ ਯਾਦ ਕਰਕੇ ਚੰਗਾ ਸਮਾਂ ਜਾਣਕੇ।
[3]ਅਜ ਤੋਂ ਜੇ ਕੋਈ ਹੋਰ ਇੱਟ ਨੂੰ ਚੰਗੀ ਤਰ੍ਹਾਂ ਬੀ ਧਰੇਗਾ ਤਾਂ ਉਸਾਰਨ ਵਾਲਾ ਉਸਨੂੰ ਉਖੇੜਕੇ ਫੇਰ ਆਪ ਧਰੇਗਾ।
[4]ਇਸ ਤਰ੍ਹਾਂ ਦੀ (ਬਾਣ) ਕਾਰੀਗਰਾਂ ਵਿੱਚ ਹੋਵੇਗੀ।
[*]ਸਤਿਗੁਰ ਹਰ ਨਿੱਕੀ ਵੱਡੀ ਗੱਲੇ ਸ੍ਰਾਪ ਨਹੀਂ ਦਿਆ ਕਰਦੇ ਸਨ। ਫਿਰ ਅਪਣੇ ਸਰੋਵਰ ਤੇ ਮੰਦਰ ਨੂੰ ਸਰਾਪ ਦੇਣਾ ਅਸੰਭਵ ਹੈ। ਕਵਿ ਜੀ ਹਿੰਦੂ ਬਜ਼ੁਰਗਾਂ ਦੇ ਤ੍ਰੀਕੇ ਤੇ ਹਰ ਹੋਣਹਾਰ ਦੇ ਅਗੰਮ ਵਾਚਣ ਨੂੰ ਸ੍ਰਾਪ ਕਹਿ ਦੇਂਦੇ ਹਨ। ਕਾਰੀਗਰ ਦੇ ਇੱਟ ਚੁੱਕਣ ਤੋਂ ਸਤਿਗੁਰਾਂ ਨੇ ਭਵਿੱਖਤ ਵਾਕ ਕਿਹਾ ਹੈ ਕਿ ਇਸ ਤੋਂ ਇਹ ਸਹੀ ਹੋਇਆ ਕਿ ਮੰਦਰ ਇੱਕ ਵੇਰ ਢਹਿ ਕੇ ਫਿਰ ਉਸਰੇਗਾ।
[5]ਢਹਿ ਕੇ ਡਿੱਗੇਗਾ।

ਅਵਿਚਲ ਨੀਵ ਸਦਾ ਇਸ ਜੋਇ' ॥੧੯॥
ਪੁਨ ਪੰਚਾਂਮ੍ਰਿਤ ਦ੍ਰਿਸ਼ਟਿ ਲਗਾਇਵ[1]।
ਕਹਿ ਬ੍ਰਿਧ ਸੋਂ ਸਭਿ ਮਹਿਂ ਬਰਤਾਇਵ[*]।
'ਜੈ ਜੈ' ਨਾਦ ਕਰਹਿਂ ਸਿਖ ਸਾਰੇ।
ਲਗੇ ਕਾਰ ਸਰ ਪ੍ਰੇਮੀ ਭਾਰੇ ॥੨੦॥
ਚੂਨੋ ਸੂਖਮ[2] ਪੀਸਨ ਕਰੈਂ।
ਸੰਚਿ ਸੰਚਿ ਬਹੁ ਇਕ ਥਲ ਧਰੈਂ।
ਬਹੁਤ ਮੋਲ ਕੇ ਡਾਲਿ ਮਸਾਲੇ।
ਕਰਹਿਂ ਮਿਲਾਵਨਿ ਮਸਲ[3][+] ਬਿਸਾਲੇ ॥੨੧॥
ਧਰੇ ਪ੍ਰੀਤਿ ਸਿਖ ਕਾਰ ਕਰੰਤੇ।
ਕੋ ਨਿਸ ਮੈਂ ਭੀ ਲਗੇ ਰਹੰਤੇ।
ਬਹੁਤ ਮਿਲੇ ਕਰਿ ਕਾਰ ਪਚਾਵਨਿ।
ਅਧਿਕ ਈਂਟ ਕੋ ਖਰਚ ਲਗਾਵਨਿ[4] ॥੨੨॥
ਕੋ ਸਿਰ ਧਰਹਿਂ ਉਠਾਇ ਸੁ ਲਜਾਵੈਂ।
ਕਾਰੀਗਰ ਕੇ ਨਿਕਟ ਪੁਚਾਵੈਂ।
ਕੋ ਚੂਨੇ ਕੋ ਲਜਾਇ ਉਠਾਈ।
ਹਰਿਮੰਦਰ ਪਰ ਦੇਤਿ ਲਗਾਈ ॥੨੩॥
ਸਭਿ ਕੀ ਸੇਵਾ ਅਲਪ ਬਿਸਾਲਾ।
ਜੋ ਨਿਸ਼ਕਾਮ ਕਾਮਨਾ ਵਾਲਾ।
ਲਘੁ ਅਰੁ ਮਹਿਦ ਪ੍ਰੇਮ ਉਰ ਜੈਸੇ।
ਸ੍ਰੀ ਸਤਿਗੁਰ ਉਰ ਜਾਨਹਿਂ ਤੈਸੇ ॥੨੪॥
ਜੋਗ ਛੇਮ[5] ਸਿੱਖਨ ਕੀ ਕਰਤਾ।
ਜਨਮ ਮਰਨ ਕੇ ਕਲਮਲ ਹਰਤਾ।
ਕ੍ਰਿਪਾ ਕਰਹਿਂ ਦਾਸਨ ਕੋ ਹੇਰਹਿਂ।
ਜੋ ਘਾਲਤਿ ਹੈਂ ਘਾਲ ਘਨੇਰਹਿਂ ॥੨੫॥
ਸੁੰਦਰ ਸਰ ਕੀ ਬਨੀ ਸੁਪਾਨ।

---

[1]ਨਿਗਾਹ ਪਾਈ।
[*]ਪਾ:-ਬ੍ਰਤਵਾਇਵ।
[2]ਬਾਰੀਕ।
[3]ਮਲ ਮਲ ਕੇ, ਪੀਹ ਪੀਹ ਕੇ।
[+]ਪਾ:-ਸ਼ਕਲ।
[4]ਇੱਟਾਂ ਦਾ (ਉਸਾਰੀ ਤੇ) ਲੱਗਣ ਦਾ ਖਰਚ ਬਹੁਤ ਹੈ।
[5]ਜੋਗ = ਅਪ੍ਰਾਪਤ ਦੀ ਪ੍ਰਾਪਤੀ। ਛੇਮ = ਪ੍ਰਾਪਤ ਦੀ ਰੱਖਜਾ ਭਾਵ ਹਰ ਤਰ੍ਹਾਂ ਦੀ ਭਲਜਾਈ।

ਬਾਹੀ ਚਾਰਹੁੰ ਕੋਨ ਸਮਾਨ।
ਹਰਿਮੰਦਰ ਕੀ ਕੁਰਸੀ ਭਈ।
ਪਰਬ੍ਰਿਤਿ ਬਰਖਾ ਰੁਤ ਜਗ ਭਈ ॥੨੬॥
ਸ਼੍ਰੀ ਸਤਿਗੁਰੁ ਨੇ ਤਾਲ ਬਨਾਵਾ।
ਮਨਹੁੰ ਭਰਨਿ ਕੋ ਘਨ ਉਮਡਾਵਾ।
ਘਟਾ ਘੁਮਡ ਕਰਿ ਨਭ ਮਹਿਂ ਆਈ।
ਕਬਹੁੰ ਸ਼ਜ਼ਾਮ, ਸਿਤ ਕਬਿ ਬਿਦਤਾਈ ॥੨੭॥
ਨਿਰਮਲ ਜਲ ਕੋ ਛੋਰਨ ਕਰੈ।
ਗੁਰ ਕੋ ਰੁਖ਼ ਲਖਿ ਸਰ ਕੋ ਭਰੈ।
ਝੁਕਹਿਂ ਮੇਘ ਜਨੁ ਲਾਗਹਿਂ ਅਵਿਨੀ[1]।
ਘੋਖਤਿ ਮਧੁਰ ਮਧੁਰ, ਰੁਤ ਰਵਨੀ[2] ॥੨੮॥
ਸੁੰਦਰ ਜਲ ਸੋਂ ਪੂਰਨ ਕਰਜੋ।
ਊਨਵ[3] ਘਨ ਗਨ ਸ਼ੋਭਤਿ ਧਰਜੋ।
ਸ਼੍ਰੀ ਸਤਿਗੁਰ ਪਰਮਾਰਥ ਰੂਪ।
ਕਰਜੋ ਬਿਲੋਕਨ ਤਾਲ ਅਨੂਪ ॥੨੯॥
ਸੰਗਤਿ ਸੰਗ ਸਿਖ ਸਮੁਦਾਏ।
ਹੇਰਿ ਹੇਰਿ ਕਰਿ ਸਭਿ ਹਰਖਾਏ।
ਅਤਿ ਸ਼ੋਭਾ ਚਾਰਹੁੰ ਦਿਸ਼ ਮਾਂਹੀ।
ਕਰਦਮ ਬਿਨ ਠਹਿਰਜੋ ਜਲੁ ਤਾਂਹੀ[4] ॥੩੦॥
ਆਇ ਸੰਗਤਾਂ ਸੁਨਿ ਸੁਨਿ ਬ੍ਰਿੰਦ।
ਮੱਜਤ ਨਿਤਪ੍ਰਤਿ ਲਹਤਿ ਅਨੰਦ।
ਜਨਮ ਜਨਮ ਕੇ ਸੰਚਤਿ ਪਾਪੂ।
ਸਰ ਸ਼ਨਾਨ ਤੇ ਕੀਨਸਿ ਖਾਪੂ ॥੩੧॥
ਕਰਹਿਂ ਪ੍ਰਕਰਮਾਂ ਫਿਰਿ ਚਹੁੰਫੇਰੇ।
ਸ਼ਬਦ ਪਠਹਿਂ ਫਲ ਪਾਇੰ ਘਨੇਰੇ।
ਕਰਹਿਂ ਕਾਮਨਾ ਤਤਛਿਨ ਪਾਵਹਿਂ।
ਕਹਤਿ ਸ਼ਲਾਘਾ ਧਾਮਨਿ ਜਾਵਹਿਂ ॥੩੨॥
ਜਹਿਂ ਸਿੱਖ ਸੰਗਤਿ ਕੋ ਹੁਇ ਮੇਲਾ।

---

[1]ਪ੍ਰਿਥਵੀ ਨਾਲ।
[2]ਰੁੱਤ ਸੁੰਦਰ ਹੈ।
[3]ਝੁਕਕੇ।
[4]ਭਾਵ ਤਾਲ ਵਿੱਚ।

ਸਤੁਤਿ ਸੁਨਾਇੰ ਸੁ ਤਾਲ ਸੁਹੇਲਾ।
ਅਤਿ ਰਮਣੀਕ ਬਨੀ ਜਿਹ ਸ਼ੋਭਾ।
ਦੇਖਤਿ ਜਿਸਹਿ ਨ ਕਿਹਿ ਮਨ ਲੋਭਾ[1] ॥੩੩॥
ਆਪ ਸਤਿਗੁਰੂ ਕਾਰ ਕਰਾਵੈਂ।
ਮੱਜਨ ਕੋ ਫਲ ਘਨੋ ਸੁਨਾਵੈਂ[*]।
ਪਸਰਜੋ ਸੁਜਸ ਦੇਸ਼ ਪਰਦੇਸ਼।
ਸੁਨਿ ਸੁਨਿ ਆਵਹਿਂ ਸਿੱਖ ਬਿਸ਼ੇਸ਼ ॥੩੪॥
ਇਕ ਦਰਸ਼ਨ ਕੀ ਕਾਂਖਾ ਘਨੀ।
ਦੁਤੀਏ ਸਰ ਕੀ ਉਸਤਤਿ ਸੁਨੀ।
ਚਿਤ ਮਹਿਂ ਚੌਂਪ ਅਧਿਕ ਕਰਿ ਆਵੈਂ।
ਸਰ ਸ਼ਨਾਨ ਕਰਿ ਉਰ ਹਰਖਾਵੈਂ ॥੩੫॥
ਦਰਸਹਿਂ ਸਤਿਗੁਰ ਕੋ ਸੁਖ ਪਾਇ।
ਅਨਿਕ ਭਾਂਤਿ ਕੋ ਸੁਜਸੁ ਸੁਨਾਇ।
'ਜਗ ਸਾਗਰ ਦੁਸ਼ਤਰ ਬਡ ਦਾਰੁਨ।
ਤਿਸ ਤੇ ਅਪਨੇ ਦਾਸ ਉਬਾਰਨ ॥੩੬॥
ਕਰਜੋ ਸਭਿਨਿ ਪਰ ਬਡ ਉਪਕਾਰਾ।
ਧੰਨੁ ਧੰਨੁ ਗੁਰ ਸਿੱਖ[+] ਦਤਾਰਾ।'
ਇੱਤਯਾਦਿਕ ਜਸ ਜਗ ਮਹਿਂ ਭਯੋ।
ਦੂਨ ਚਗੁਨਾ ਹੁਇ ਨਿਤ ਨਯੋ ॥੩੭॥
ਕਿਤਕ ਕਾਲ ਸਰ ਮਹਿਂ ਜਲ ਰਹਜੋ।
ਬਹੁਰੋ ਸੋਖ ਸਰਬ ਨੇ[++] ਲਹਜੋ[2]।
ਸ਼੍ਰੀ ਅਰਜਨ ਕੇ ਢਿਗ ਸਿਖ ਸਾਰੇ।
ਸੰਭ੍ਰਮ ਯੁਤ[3] ਕਰ ਜੋਰਿ ਉਚਾਰੇ ॥੩੮॥
'ਇਹੁ ਤਾਲਨ ਮਹਿਂ ਦੋਸ਼ ਮਹਾਂਨਾ।
ਮਹਾਂ ਨੀਰ ਸੋਖਹਿ ਜਿਸ ਥਾਨਾ।
ਬਨਜੋ ਬਨਾਯੋ ਨਿਸ਼ਫਲ ਹੋਇ।
ਬੀਚ ਨ ਠਹਿਰ ਸਕਹਿ ਜਲ ਜੋਇ ॥੩੯॥

---

[1]ਜਿਸ ਦੇ ਵੇਖਦਿਆਂ ਕਿਸ ਦਾ ਮਨ ਲਭਾਇਮਾਨ ਨਹੀਂ ਹੁੰਦਾ?
[*]ਪਾ:-ਬਤਾਵੇਂ।
[+]ਪਾ:-ਸੁਖ, ਸਿਖ।
[++]ਪਾ:-ਹੀ। ਨਹਿਂ।
[2]ਸਾਰਿਆਂ ਨੇ ਡਿੱਠਾ ਕਿ ਸੁੱਕ ਗਿਆ ਹੈ।
[3]ਕਾਹਲੀ ਨਾਲ।

ਕੇਤਿਕ ਤਾਲ ਰਹੇ ਇਸ ਭਾਂਤਿ।
ਬਿਨ ਜਲ ਤੇ ਸੂਕੇ ਗਿਰ ਜਾਤਿ।
ਮਹਾਂ ਬਿਘਨ ਇਹੁ ਤਾਲਨ ਕੇਰਾ।
ਜੋ ਰਾਵਰਿ ਕੇ ਸਰ ਮਹਿਂ ਹੇਰਾ ॥੪੦॥
ਨਹਿਂ ਉਪਾਇ ਇਸ ਦੋਸ਼ ਮਿਟਾਵਨਿ?
ਜਿਸ ਤੇ ਹੋਇ ਨੀਰ ਠਹਿਰਾਵਨ।
ਰਾਵਰ ਸਰਬ ਰੀਤਿ ਸਮਰੱਥ।
ਜਗ ਸਿਰਜਨ ਭੰਨਣ ਤੁਮ ਹੱਥ' ॥੪੧॥
ਸੁਨਿ ਸਿੱਖਨ ਤੇ ਸਤਿਗੁਰ ਪੂਰੇ।
ਸ੍ਰੀ ਮੁਖ ਤੇ ਭਾਖੇ ਬਚ ਰੂਰੇ।
'ਇਸ ਤਲਾਵ ਕੋ ਤ੍ਰਿਪਤਿ ਨ ਹੋਈ[¶]।
ਰੀਤ ਛੁਧਾਤੁਰ ਸਮਸਰ ਜੋਈ ॥੪੨॥
ਸਰ ਸੰਤੋਖ ਥਾਨ ਜਿਸ ਪਾਵਨਿ।
ਤਹਿਂ ਕੀ ਕਰਹੁ ਕਾਰ ਇਤ ਲਜਾਵਨਿ।
ਤਿਸ ਮ੍ਰਿਤਕਾ ਤੇ ਹੁਇ ਸੰਤੋਸ਼।
ਸਕਲ ਬਿਨਾਸਹਿ ਤ੍ਰਿਸ਼ਨਾ ਦੋਸ਼[¶¶] ॥੪੩॥
ਬ੍ਰਿੱਧ ਆਦਿਕ ਸਿਖ ਸਗਰੇ ਜਾਵਹਿਂ।
ਏਕ ਬਾਰ ਜੇਤਿਕ ਧਰ ਲਜਾਵਹਿਂ।
ਸ੍ਰੀ ਅੰਮ੍ਰਿਤਸਰ ਮਹਿਂ ਸਭਿ ਪਾਵਹੁ।
ਦਿਹੁ ਸੰਤੋਸ਼ ਜਲ ਕੋ ਠਹਿਰਾਵਹੁ' ॥੪੪॥
ਸੁਨਿ ਸਤਿਗੁਰ ਕੇ ਵਾਕ ਸੁਹਾਏ।
ਸਿੱਖ ਇਕੱਤ੍ਰ ਭਏ ਸਮੁਦਾਏ।

[¶]ਪਾ:-ਕੋਈ।

[¶¶]ਛੁਧਾਤੁਰ ਹੋਣ ਤੇ ਤ੍ਰਿਸ਼ਨਾਂ ਦੋਸ਼ ਆਦਿ ਦਾ ਤਲਾਉ ਨਾਲ ਵਰਤਣ ਦੀ ਮੁਰਾਦ ਇਹ ਹੈ ਕਿ ਹੇਠਲੀ ਮਿੱਟੀ ਰੇਤਲੀ ਸੀ, ਅਤੇ ਤਦੋਂ ਨਹਿਰਾਂ ਨਹੀਂ ਸਨ, ਪਾਣੀ ਬਹੁਤ ਹੀ ਨੀਵੇਂ ਸਨ, ਰੇਤਲੇ ਤਲ ਕਰਕੇ ਜਲ ਜ਼ਮੀਨਾਂ ਛੇਤੀ ਪੀ ਜਾਂਦੀਆਂ ਸਨ। ਸੰਤੋਖਸਰ ਦੀ ਮਿੱਟੀ ਚੀਕਣੀ ਸੀ, ਚੀਕਣੀ ਮਿੱਟੀ ਵਿਚੋਂ ਜਲ ਬਹੁਤ ਘਟ ਸਿੰਜਰਦਾ ਹੈ। ਇਸ ਲਈ ਸੰਤੋਖਸਰ ਦੀ ਚੀਕਣੀ ਮਿੱਟੀ ਜੋ ਨਿਕਲੀ ਪਈ ਸੀ, ਉਹ ਇਸ ਤਾਲ ਦਾ ਰੇਤਾ ਕਢਕੇ ਚੰਗੀ ਚੋਖੀ ਡੂੰਘਾਣ ਤੱਕ ਇਸ ਵਿਚ ਪੌੜੀਆਂ ਦੇ ਪੱਕੇ ਮਹਲ ਤੱਕ ਭਰ ਦਿਤੀ ਗਈ ਸੀ, ਫਿਰ ਜਲ ਖੜੋ ਗਿਆ। ਸਰੋਵਰ ਨੂੰ ਵਰਖਾ ਦਾ ਪਾਣੀ ਤੇ ਕੁਦਰਤੀ ਰੌ ਜੋ ਗਊਘਾਟ ਕੋਲ ਦੀ ਲੰਘਦਾ ਸੀ, ਭਰਦੇ ਸਨ, ਅੰਤ ਨੂੰ ਰਾਵੀ ਦੀ ਨਹਿਰ ਵਿਚੋਂ ਹੰਸਲੀ ਆਂਦੀ ਗਈ ਸੀ, ਜਿਸ ਦਵਾਰਾ ਹੁਣ ਬੀ ਸਰਕਾਰੀ ਨਹਿਰ ਤੋਂ ਰਾਵੀ ਦਾ ਪਾਣੀ ਪੈਂਦਾ ਹੈ। ਇਸ ਹੰਸਲੀ ਉਤੇ ਦੁਮੂੰਹੇਂ (ਤੁੰਗ ਪਿੰਡ ਦੇ ਨੇੜੇ) ਤਕ ਹੁਣ ਤਕ ਬੀ ਸ੍ਰੀ ਦਰਬਾਰ ਸਾਹਿਬ ਜੀ ਦਾ ਕਬਜ਼ਾ ਹੈ। ਇਹ ਹੰਸਲੀ ਸੰਮਤ ੧੯੯੬ ਬਿ: ਵਿਚ ਬਾਬਾ ਸ਼ਾਮ ਸਿੰਘ ਜੀ ਤੇ ਬ੍ਰਿਧ ਸੰਤ ਗੁਰਮੁਖ ਸਿੰਘ ਦੇ ਉੱਦਮ ਨਾਲ ਪੱਕੀ ਤੇ ਛੱਤੀ ਹੋਈ ਬਣ ਗਈ ਹੈ। ਸ਼ਹਿਰ ਦੀਆਂ ਸੰਗਤਾਂ ਦੀ ਹੱਥੀਂ ਸੇਵਾ, ਸੇਵਾ ਦਾ ਇਕ ਆਲੀਸ਼ਾਨ ਨਜ਼ਾਰਾ ਸੀ।

ਮਿਲਿ ਸੰਤੋਖਸਰ ਪਰ ਸਭਿ ਗਏ।
ਤਹਿਂ ਕੀ ਮ੍ਰਿਤਕਾ ਲਜਾਵਤਿ ਭਏ* ॥੪੫॥
ਜਿਤਿਕ ਤਾਲ ਅੰਤਰ ਬਿਸਤਾਰਾ।
ਤਰ ਹਰਿਮੰਦਰ ਚਹੁੰਦਿਸ਼ ਸਾਰਾ[1]।
ਮ੍ਰਿਤਕਾ ਸਗਲ ਥਾਨ ਪਸਰਾਈ।
ਸਤਿਗੁਰ ਕਹਿ ਕਰਿ ਸਭਿ ਬਿਥਰਾਈ ॥੪੬॥
ਬਹੁਰ ਨੀਰ ਸ਼ੁਸ਼ਕਯੋ ਨਹਿਂ ਕਬੈ।
ਪੂਰਨ ਰਹਯੋ ਭਰਯੋ ਜਲਿ ਸਬੈ।
ਸਿਖ ਸੰਗਤਿ ਸਮੁਦਾਇ ਅਨੰਦ।
ਮੱਜਤਿ ਕਲਮਲ ਹਤਹਿ ਬਿਲੰਦ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅੰਮ੍ਰਿਤਸਰ' ਪ੍ਰਸੰਗ ਬਰਨਨੰ ਨਾਮ ਤ੍ਰੈ ਪੰਚਾਸਮੋਂ ਅੰਸੂ ॥੫੩॥

---

*ਇਸ ਸਰੋਵਰ ਦੀ ਮੁਰੰਮਤ, ਪ੍ਰਕ੍ਰਮਾ ਦੀ ਸੇਵਾ ਬਾਬਾ ਸ਼ਾਮ ਸਿੰਘ ਜੀ ਤੇ ਬ੍ਰਿੱਧ ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਦੇ ਉੱਦਮ ਨਾਲ ੧੯੮੦ ਦੇ ਲਗ ਪਗ ਨਵੇਂ ਸਿਰੇ ਹੋਈ ਸੀ।

[1]ਭਾਵ ਤਲਾਉ ਦੇ ਅੰਦਰ ਪੌੜੀਆਂ ਵਲੋਂ ਤੇ ਹਰਿਮੰਦਰ ਦੇ ਚੁਫੇਰਿਓਂ ਸਾਰੇ (ਤਰ =) ਤਲ ਉੱਤੇ ਫੈਲਾ ਦਿੱਤੀ।

੫੪. [ਸ਼੍ਰੀ ਅੰਮ੍ਰਿਤਸਰ ਨੱਗਰ ਵਸਾਇਆ]

੫੩<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੫

ਦੋਹਰਾ: ਸ੍ਰੀ ਹਰਿਮੰਦਰ ਕੋ ਬਹੁਰ,
ਕਾਰੀਗਰਨ ਲਗਾਇ।
ਕਰਤਿ ਉਸਾਰਨ ਕਉ ਭਲੇ[1],
ਚਹੁੰਦਿਸ਼ ਦਰ ਰਖਵਾਇ ॥੧॥
ਚੌਪਈ: ਸਿਖ ਪ੍ਰੇਮੀ ਬਹੁ ਕਾਰ ਕਮਾਇਂ।
ਚੂਨੋ ਪੀਸਹਿਂ ਪ੍ਰੇਮ ਲਗਾਇ।
ਬਹੁ ਸੂਖਮ ਬਹੁ ਡਾਲ ਮਸਾਲੇ।
ਸਿਰ ਉਠਾਇ ਕਰਿ ਲਜਾਇਂ ਉਤਾਲੇ ॥੨॥
ਬ੍ਰਿੰਦ ਈਂਟਕਾ ਸੀਸ ਉਠਾਵੈਂ।
ਕਾਰੀਗਰਨਿ ਨਿਕਟ ਪਹੁੰਚਾਵੈ।
ਨੀਕੇ ਘਰ ਘਰ ਧਰਹਿਂ ਸੁਧਾਰ।
ਕਰਹਿਂ ਨਿਤਾਪ੍ਰਤਿ ਮੰਦਰ ਕਾਰ ॥੩॥
ਸ਼੍ਰੀ ਸਤਿਗੁਰ ਕੀ ਆਇਸੁ ਪਾਇ।
ਨਹਿਂ ਕਾਸ਼ਟ ਕਿਸ ਥਾਇਂ ਲਗਾਇਂ।
ਚੂਨੇ ਸੰਗ ਈਟਕਾ ਜਰੈਂ।
ਭਿਤ ਠਾਂਢੀ ਗਾਢੀ ਅਤਿ ਕਰੈਂ[2] ॥੪॥
ਚਹੁੰਦਿਸ਼ ਖਰੀ[3] ਕਰੀ ਬਹੁ ਖਰੀ।
ਕਰਦਮ ਸੰਗ ਨ ਈਂਟੈ ਧਰੀ।
ਕਾਲਬੂਤ[4] ਸੰਗ ਕਰਿ ਕਰਿ ਜੋਰ।
ਚਾਰਹੁੰ ਦਰ ਮੇਲੇ ਦੁਹੁੰ ਓਰ[5] ॥੫॥
ਚਿਨ ਚਿਨ ਊਪਰ ਕੀਨ ਉਤੰਗ।
ਮੇਲੀ ਛਾਤ ਸੁ ਚੂਨੇ ਸੰਗ।
ਮਹਿਮਾ ਕੇ ਗੁਰ ਸ਼ਬਦ ਬਨਾਵੈਂ।
ਹਰਖਹਿ ਸੰਗਤਿ ਜਬਹਿ ਸੁਨਾਵੈਂ ॥੬॥
ਸੁਧਾ ਸਰੋਵਰ ਅਰੁ ਗੁਰੁ ਧਾਮੂ[6]।

---

[1]ਭਾਵ ਚੰਗੀ ਤਰ੍ਹਾਂ ਉਸਾਰਦੇ ਹਨ।
[2]ਕੰਧਾਂ (ਬੜੀਆਂ) ਮਜ਼ਬੂਤ ਖੜੀਆਂ ਕਰਦੇ ਹਨ।
[3]ਖੜੀ ਕੀਤੀ ਚੰਗੀ।
[4]ਡਾਟ ਬਨਾਉਣ ਵੇਲੇ ਜੋ ਆਸਰਾ ਹੇਠ ਦੇਈਦਾ ਤੇ ਫੇਰ ਕੱਢ ਲਈਦਾ ਹੈ।
[5]ਦੁਹਾਂ ਪਾਸਿਆਂ ਤੋਂ ਮੇਲੇ, ਭਾਵ ਡਾਟ ਲਗਾਈ।
[6]ਗੁਰੂ ਕੇ ਮਹਲ।

ਦੋਨਹੁਂ ਬਿਖੈ ਜੁ ਥਲ ਅਭਿਰਾਮੂ।
ਤਹਿਂ ਬਜ਼ਾਰ ਕੀ ਚਿਨਤੀ ਹੋਇ।
ਨਿਜ ਨਿਜ ਹਾਟਿ ਸੁਧਾਰਹਿ ਕੋਇ ॥੭॥
ਜਥੋਂ ਬਰ ਦੇਂ ਤਥੋਂ ਸ਼ਬਦ ਬਨਾਵੈਂ।
ਸਤਿਗੁਰ ਤੇ ਸਭਿ ਸਿਖ ਸੁਨ ਪਾਵੈਂ।
'ਹੋਵੈ ਵਸਦੀ ਸਘਨ ਅਪਾਰ।
ਰਾਮਦਾਸ ਪੁਰਿ ਬਨਹਿਂ ਬਜ਼ਾਰ ॥੮॥
ਇਸ ਕੇ ਸਮ ਹੁਇ ਨਗਰ ਨ ਕੋਈ।
ਆਇ ਪ੍ਰਵੇਸ਼ਹਿ ਲਛਮੀ ਜੋਈ।
ਚਹੁਂ ਦਿਸ਼ ਤੇ ਇਹੁ ਬਧਹਿ ਬਿਸਾਲ।
ਬਸੈਂ ਲੋਕ ਸਭਿ ਜਾਤਨਿ ਜਾਲ[1] ॥੯॥
ਦੇਸ਼ ਬਿਦੇਸ਼ਨਿ ਬਨਜ ਮਹਾਨਾ।
ਚਲਹਿ ਜਹਾਂ ਕਹਿਂ, ਨਰ ਧਨਵਾਨਾ।'
ਸੁਨਿ ਸਤਿਗੁਰ ਕੇ ਬਾਕ ਸੁਹਾਏ।
ਬਸਨ ਹੇਤ ਕੇਤਿਕ ਸਿਖ ਆਏ ॥੧੦॥
ਸਦਨ ਚਿਨਾਇ, ਬਨਾਇ ਦੁਕਾਨ।
ਕਰਨ ਲਗੇ ਬਿਵਹਾਰ ਸੁਜਾਨ[2]।
ਲਵਪੁਰਿ ਆਦਿਕ ਜੇ ਨਿਤ ਬਾਸੇ।
ਗੁਰਪੁਰਿ ਕੋ ਖਲ ਕਰਿ ਉਪਹਾਸੇ[3] ॥੧੧॥
ਮੂਰਖ ਗੁਰ ਪ੍ਰਤਾਪ ਨਹਿਂ ਜਾਨਹਿਂ।
ਮਿਲਹਿਂ ਪਰਸੁਪਰ ਏਵ ਬਖਾਨਹਿਂ।
'ਨਗਰ ਬਸਹਿ ਕੈਸੇ ਤਿਸ ਥਾਨ।
ਚਹੁਂਦਿਸ਼ ਕੋ ਜਲੁ ਆਇ ਮਹਾਂਨ ॥੧੨॥
ਥਿਰਹਿ ਚੁਮਾਸੇ[4] ਮਹਿਂ ਬਹੁ ਪਾਨੀ।
ਕਿਮ ਘਰ ਰਹਹਿਂ, ਹੋਹਿਂਗੇ ਹਾਨੀ[5]।
ਜੋ ਜੋ ਬਸਹਿਂ ਜਾਹਿਂ ਪਿਖਿ ਹਾਲਾ।

---

[1]ਸਾਰੀਆਂ ਜਾਤਾਂ ਦੇ ਬਹੁਤੇ।
[2]ਚਤੁਰ ਲੋਕ।
[3]ਮੂਰਖ ਹਾਸੀ ਕਰਨ।
[4]ਚਾਰ ਮਹੀਨੇ ਬਰਖਾ ਰੁੱਤ ਦੇ।
[5]ਜੋ ਜੋ ਵਸਣਗੇ (ਇਹ) ਹਾਲ (ਘਰਾਂ ਦੇ ਹਾਨ ਹੋਣ ਦਾ) ਵੇਖਕੇ ਚਲੇ ਜਾਣਗੇ ਤੇ ਥੋੜੇ ਸਮੇਂ ਵਿਚ (ਹੀ ਸਾਰੇ) ਉਜੜ ਜਾਣਗੇ (ਅ) (ਹੁਣ ਦੀ ਰੌਣਕ ਵਾਲੀ) ਹਾਲਤ ਨੂੰ ਵੇਖਕੇ ਜੋ ਜਾ ਵੱਸਣਗੇ ਸੋ ਥੋੜੇ ਸਮੇਂ ਨੂੰ ਉੱਜੜ ਜਾਣਗੇ।

ਉਜਰ ਜਾਹਿੰਗੇ ਥੋਰਿਯ ਕਾਲਾ' ॥੧੩॥
ਇਮ ਸੁਨਿ ਸੁਨਿ ਸਿੱਖਨ ਦੁਖ ਪਾਵਾ।
ਨਿਸ਼ਚਾ ਮੂਢਨ ਕਹੇ ਡੁਲਾਵਾ।
ਸ਼੍ਰੀ ਅਰਜਨ ਕੇ ਢਿਗ ਜਬਿ ਆਏ।
ਹਾਥ ਜੋਰਿ ਮਿਲਿ ਸਭਿਨਿ ਸੁਨਾਏ ॥੧੪॥
'ਸੁਨੀਅਹਿ ਗੁਰੂ ਗ਼ਰੀਬ ਨਿਵਾਜੂ!
ਆਪ ਕਰਤਿ ਬਡ ਨਗਰ ਸਮਾਜੂ।
ਸ਼੍ਰੀ ਮੁਖਬਾਕ -ਮਹਾਂ ਇਹੁ ਬਾਸੈ[1]।
ਲੱਛਮੀ ਥਿਰਹਿ ਅਨੂਪ ਪ੍ਰਕਾਸ਼ੈ- ॥੧੫॥
ਅਪਰ ਪੁਰਨ ਕੇ ਨਰ ਬਿਵਹਾਰੀ।
ਸਹਤ ਹਾਸ ਇਵ ਕਰਤਿ ਉਚਾਰੀ।
-ਚਹੁੰਦਿਸ਼ ਕੌ ਜਲ ਜਹਿਂ ਥਿਰ ਹੋਇ।
ਕੈਸ ਤਹਾਂ ਬਸਹਿਗੋ ਕੋਇ ॥੧੬॥
ਸਦਨ ਗਿਰੈਂ ਤਬਿ ਊਜਰ ਜੈ ਹੈਂ।
ਬਸਨ ਹਾਰ ਇਤ ਉਤ ਦੁਖ ਪੈ ਹੈਂ-।'
ਸੁਨਿ ਸਿੱਖਜਨ ਤੇ ਸਤਿਗੁਰ ਕਹਜੋ।
'ਜਿਮ ਚਹੁੰਦਿਸ਼ ਜਲ ਆਵਤਿ ਲਹਜੋ ॥੧੭॥
ਤਿਮ ਚਹੁੰਦਿਸ਼ ਕੇ ਨਰ ਉਮਡਾਵੈਂ।
ਬਸਿਬੇ ਹੇਤ ਨਗਰ ਇਸ ਆਵੈਂ।
ਬਡੇ ਜਤਨ ਤੇ ਸਦਨ ਸਥਾਨ।
ਲੇ ਕਰਿ ਬਸਿ ਹੈਂ ਗਨ ਧਨਵਾਨ ॥੧੮॥
ਬ੍ਰਿੰਦ ਨਰਨ ਕੋ ਰਿਜ਼ਕ ਮਹਾਨਾ।
ਆਨ ਧਰਹਿੰਗੇ ਹਮ ਇਸਥਾਨਾ।
ਖੈਬੇ ਹੇਤ ਆਇ ਸਭਿ ਕੋਈ।
ਆਨ ਥਾਨ ਤੇ ਪਾਇ ਨ ਜੋਈ ॥੧੯॥
ਗੁਰਪੁਰਿ ਦਿਨ ਪ੍ਰਤਿ ਵਧਹਿ ਬਿਸਾਲਾ।
ਕਰਹਿਂ ਵਾਸ ਨਰ ਸਦਾ ਸੁਖਾਲਾ।
ਜੀਵਤਿ ਸਿਮਰਹਿਂ ਰਿਦੇ ਗੁਬਿੰਦ।
ਹਰਿਮੰਦਰ ਮਹਿਂ ਹੁਇ ਕਰਿ ਬ੍ਰਿੰਦ[2] ॥੨੦॥
ਕਰਹਿਂ ਜੀਵਕਾ ਬਸਿ ਗੁਰਪੁਰਿ ਮੈਂ।

---

[1]ਇਹ ਘੁੱਘ ਵਸੇਗਾ।
[2]ਕੱਠੇ ਹੋਕੇ।

ਸਤਿਗੁਰ ਸਬਦ ਧਾਰਿ ਕਰਿ ਉਰ ਮੈਂ।
ਅੰਤ ਸਮੈਂ ਗਤਿ ਪਾਇਂ ਸੁਖਾਰੇ।
ਦੁਇ ਲੋਕਨ ਕੇ ਕਾਰਜ ਸਾਰੇ ॥੨੧॥
ਨਿੰਦਕ ਦੁਸ਼ਟ ਬਿਲੋਕ ਨ ਸੱਕਈਂ।
ਦੁਖੀ ਹੋਤਿ ਪਰ ਸੁਖ* ਕੋ ਤੱਕਈਂ।
ਸੋ ਪਚਿ ਪਚਿ ਜਬਿ ਜਾਵੈਂ ਹਾਰ।
ਸ਼ਰਨ ਪਰੈਂ ਸਤਿਗੁਰ ਦਰਬਾਰ ॥੨੨॥
ਨਹੀਂ ਬਸਹਿਂ ਪਛੁਤਾਵਹਿਂ ਪਾਛੈ।
ਸੁਖ ਆਛੋ ਪਿਖਿ ਬਸਿਬੋ ਬਾਂਛੇ[੧]।'
ਸੁਨਿ ਸੁਨਿ ਸੇਵਕ ਭਏ ਪ੍ਰਸੰਨ।
ਕਹਤਿ ਬਾਕ 'ਸ਼੍ਰੀ ਗੁਰ ਧੰਨ ਧੰਨ' ॥੨੩॥
ਦਿਨ ਪ੍ਰਤਿ ਬਸਹਿਂ ਆਨ ਕਰਿ ਨਏ।
ਨਰ ਕੁਟੰਬ ਜੁਤਿ ਘਰ ਗਨ ਭਏ।
ਖੁਲਜੋ ਬਜ਼ਾਰ ਹੇਤ ਬਿਵਹਾਰਾ।
ਸਤਿਗੁਰ ਸਭਿ ਕੀ ਕਰਹਿਂ ਸੰਭਾਰਾ ॥੨੪॥
ਕੇਤਿਕ ਮਾਸ ਬਿਤੀਤੇ ਜਬੈ।
ਬੈਠੇ ਸੌਦਾ ਲੇ ਕਰਿ ਸਬੈ।
ਆਇ ਨ ਕੋਇ ਖਰੀਦਨ ਹਾਰਾ।
ਹੋਤਿ ਅਲਪ ਹੀ ਕੁਛ ਬਿਵਹਾਰਾ ॥੨੫॥
ਬ੍ਰਿੰਦ ਬਨਕ ਇਕ ਦਿਨ ਮਿਲਿ ਆਏ।
ਸ਼੍ਰੀ ਗੁਰੁ ਅਰਜਨ ਜਹਾਂ ਸੁਹਾਏ।
ਹਾਥ ਜੋਰਿ ਸਭਿ ਬਿਨੈ ਬਖਾਨੀ।
'ਸੁਨਹੁ ਬ੍ਰਿਤੰਤ ਆਪ ਸਭਿ ਦਾਨੀ[੨] ॥੨੬॥
ਬਨਕ ਅਨੇਕ ਬਸੇ ਪੁਰਿ ਆਈ।
ਬੈਠੇ ਕਰਿ ਦੁਕਾਨ ਸਮੁਦਾਈ।
ਸਰਬ ਭਾਂਤਿ ਕੋ ਸੌਦਾ ਲੈ ਕੈ।
ਹੇਤ ਜੀਵਕਾ ਇੱਛਾ ਕੈ ਕੈ ॥੨੭॥
ਸਕਲ ਕੁਟੰਬਦਾਰ ਹਮ ਅਹੈਂ।

*ਪਾ:-ਮੁਖ।
[੧]ਵਸਣਾ ਚਾਹੁਣਗੇ।
[੨]ਜਾਣਨਹਾਰ ਹੈ।
(ਅ) ਦਾਤਾ ਹੈ।

ਸਭਿਹਿਨਿ ਕੇਰ ਗੁਜ਼ਾਰੋ ਚਹੈਂ।
ਜਬਿ ਤੇ ਖੋਲੀ ਆਨਿ ਦੁਕਾਨ।
ਬੈਠੇ ਰਹੈਂ ਪ੍ਰਤੀਖਨਵਾਨ[1] ॥੨੮॥
ਨਹੀਂ ਖਰੀਦ ਕਰਨ ਕੋ ਆਵੈ।
ਸੌਦਾ ਅਲਪ ਕਬਹੁੰ ਬਿਕ ਜਾਵੈ।
ਯਾਂ ਤੇ ਨਹਿਂ ਪਰਵਾਰ ਗੁਜ਼ਾਰਾ।
ਜਿਸ ਤੇ ਸਭਿ ਕੋ ਬਨਹਿ ਅਹਾਰਾ ॥੨੯॥
ਪਟ ਪਹਿਰਨ ਕੋ ਖਰਚ ਮਹਾਂਨਾ।
ਬਜਾਹਿ ਆਦਿ ਉਤਸਵ ਜੇ ਨਾਨਾ।
ਕਰਜੋ ਚਹੈਂ ਹਮ ਬਸ ਕਰਿ ਜਬੈ।
ਏਤੋ ਬਨਜ ਹੋਤਿ ਨਹਿਂ ਅਬੈ ॥੩੦॥
ਨਹੀਂ ਜੀਵਕਾ ਅਪਰ ਬਿਧਾਨਾ[2]।
ਬਨਹਿ ਨ ਅਪਰ ਕਾਰ ਜੇ ਨਾਨਾ[3]।
ਤੁਮ ਅੰਤਰਜਾਮੀ ਸਭਿ ਜਾਨੋ।
ਕਰੇ ਬਸਾਵਨ, ਪਾਲਨ ਠਾਨੋ[4] ॥੩੧॥
ਅਪਰ ਨ ਕੋਊ ਮਾਲਕ ਹਮਰੋ।
ਬਸੇ ਆਸਰਾ ਲੇ ਕਰਿ ਤੁਮਰੋ।
ਪ੍ਰਤਿਪਾਲਕ ਸਭਿ ਜਗ ਕੇ ਅਹੋ।
ਫੁਰਹਿ ਆਪ ਕੋ ਬਚ, ਜਿਮ ਕਹੋ' ॥੩੨॥
ਸ੍ਰੀ ਅਰਜਨ ਸੁਨਿ ਕਰਿ ਸਭਿ ਬਿਨਤੀ।
ਬਿਕਸਤਿ ਭਨਜੋ 'ਤਜਹੁ ਅਸ ਗਿਨਤੀ।
ਕਰਹੁ ਆਜ ਤੇ ਐਸੀ ਕਾਰ।
ਜਿਸ ਤੇ ਵਧਹਿ ਅਧਿਕ ਬਿਵਹਾਰ ॥੩੩॥
ਉਠਹੁ ਭੋਰ ਕਰਿ ਸੌਚ ਸ਼ਨਾਨ।
ਗੁਰੁ ਬਾਨੀ ਸੋਂ ਕੀਜੈ ਧਜਾਨ।
ਪੁਨ ਸ੍ਰੀ ਹਰਿਮੰਦਰਿ ਮੈਂ ਜਾਵਹੁ।
ਜਥਾ ਸ਼ਕਤਿ ਤਹਿਂ ਭੇਟ ਚਢਾਵਹੁ ॥੩੪॥
ਹਾਥ ਜੋਰਿ ਕਰਿ ਸੀਸ ਨਿਵਾਵਹੁ।

---
[1]ਉਡੀਕ ਕਰਨ ਵਾਲੇ।
[2]ਹੋਰ ਬਿਧੀ ਜੀਵਕਾ ਦੀ ਨਹੀਂ।
[3]ਹੋਰ ਕਈ ਤਰ੍ਹਾਂ ਦੇ ਕੰਮ (ਸਾਥੋਂ) ਬਣ ਨਹੀਂ ਸਕਦੇ।
[4]ਪਾਲਨਾਂ ਕਰੇ।

ਪ੍ਰਭੁ ਸਮਾਨ ਸ਼ਰਧਾ ਉਪਜਾਵਹੁ।
ਬਹੁਰੋ ਆਇ ਬਨਜ ਕੋ ਕੀਜੈ।
ਦਿਨ ਸਗਰੇ ਮਹਿਂ ਲਾਹਾ ਲੀਜੈ ॥੩੫॥
ਪੁਨ ਸੰਧਜਾ ਜਬਿ ਹੋਵਹਿ ਆਇ।
ਤਬਿ ਉਠਿ ਤਜਹੁ ਬਨਜੁ ਸਮੁਦਾਇ।
ਸ੍ਰੀ ਹਰਿਮੰਦਰ ਦਰਸ਼ਨ ਕਰੋ।
ਬਿਨਤੀ ਭਨਹੁ ਕਾਮਨਾ ਧਰੋ ॥੩੬॥
ਸਭਿ ਪੂਰਨਿ ਹੁਇ ਤੁਮਰੀ ਜਾਇਂ।
ਕਰਹੁ ਬਨਜ ਬਡਿ ਲਾਹਾ ਪਾਇ।
ਨਹੀਂ ਤੋਟ ਹੁਇ ਕਿਸੂ ਪਦਾਰਥ।
ਨਿਤਿਪ੍ਰਤਿ ਪੁਰਵਹੁ ਅਪਨ ਸ੍ਵਾਰਥ ॥੩੭॥
ਧਨ ਕੀ ਗਿਨਤੀ ਹੈ ਕਹੁ ਕੌਨ।
ਲਛਮੀ ਬਸਹਿ ਆਇ ਕਰਿ ਭੌਨ।
ਸ਼੍ਰੀ ਹਰਿਮੰਦਰ ਮਹਾਂ ਮਹਾਤਮੁ।
ਸਭਿ ਕੀ ਪੁਰਹਿਂ ਕਾਮਨਾ ਆਤਮ[1] ॥੩੮॥
ਸ਼੍ਰੀ ਹਰਿਮੰਦਰ ਦਾਸੀ ਮਾਯਾ।
ਇਹੁ ਠਾਂ ਬਾਸ ਕਰਹਿ ਮਨ ਭਾਯਾ।
ਨੌ ਨਿਧਿ ਸਿੱਧਿ ਰਿੱਧਿ ਜੇ ਨਾਨਾ।
ਆਇ ਸ਼ਰਨ ਪਰਿ ਹੈਂ ਇਸ ਥਾਨਾ ॥੩੯॥
ਜੋ ਸੇਵਹਿ ਸਿਖ ਲੇਵਹਿ ਸੋਇ।
ਅੰਤ ਕਾਲ ਆਛੀ ਗਤਿ ਹੋਇ।
ਕੌਨ ਕਮੀ ਪ੍ਰਭੁ ਦੇ ਦਰਬਾਰ।
ਜਹਿਂ ਤ੍ਰਿਲੋਕ ਪਤਿ[2] ਬਸਹਿਂ ਉਦਾਰ' ॥੪੦॥
ਸੁਨਿ ਕਰਿ ਸਭਿ ਸਿੱਖਨ ਮਨ ਮਾਨੀ।
ਕਰਨ ਲਗੇ ਜਿਮ ਗੁਰੂ ਬਖਾਨੀ।
ਦੋਇ ਸਮੈਂ ਦਰਸਹਿਂ ਹਰਿਮੰਦਰ।
ਰਿਕਤ ਪਾਣ[3] ਕੋ ਜਾਇ ਨ ਅੰਦਰ ॥੪੧॥
ਸਰਬ ਪਦਾਰਥ ਸਭਿ ਕੇ ਹੋਏ।
ਸਰਬ ਰੀਤਿ ਤੇ ਸਭਿ ਸੁਖ ਜੋਏ।

---

[1]ਮਨ ਦੀਆਂ ਕਾਮਨਾਂ।
[2]ਪਰਮੇਸ਼ੁਰ ਜੀ।
[3]ਖਾਲੀ ਹੱਥ।

ਅਬਿ ਲਗ ਜਾਨੀ ਜਾਇ ਸੁ ਚਾਲ।
ਕਰਤਿ ਸਦੀਵ ਜਿ ਸਿੱਖ ਬਿਸਾਲ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਰਾਮਦਾਸ ਨਗਰ ਬਸਾਵਨ' ਪ੍ਰਸੰਗ ਬਰਨਨੰ ਨਾਮ ਚਤਰ ਪੰਚਾਸਮੋਂ ਅੰਸੂ ॥੫੪॥

੫੫. [ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ]

੫੪<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੬

ਦੋਹਰਾ: ਪੱਟੀ ਕੇ ਦੁਇ ਚੌਧਰੀ, ਢਿੱਲੋਂ ਲਾਲ ਲੰਗਾਹ[1]।
ਕਰੀ ਆਨਿ ਕਰਿ ਬੰਦਨਾ, ਸ਼੍ਰੀ ਗੁਰੁ ਅਰਜਨ ਪਾਹਿ[*] ॥੧॥
ਚੌਪਈ: ਸ਼੍ਰੀ ਅੰਮ੍ਰਿਤਸਰ ਮਹਿਮਾ ਸੁਨੀ।
ਸ੍ਰੀ ਮੁਖ ਤੇ ਸਭਿ ਮਹਿਂ ਇਮ ਭਨੀ।
'ਕਾਰ ਨਿਕਾਰਹਿ ਹੋਇ ਉਬਾਰ।
ਧਨ ਲਾਏ ਹੁਇ ਬੰਸ ਉਧਾਰਿ ॥੨॥
ਕਰਹਿ ਸੁਪਾਨ ਚਿਨਾਵਨਿ ਜੋਇ।
ਅਵਚਲਿ ਨੀਵ ਤਾਂਹਿ ਕੀ ਹੋਇ।
ਮਾਨ ਸਰੋਵਰ ਜਥਾ ਬਿਰਾਜਾ।
ਹਰਿਮੰਦਰ ਬਿਚ ਬਨਹਿ ਜਹਾਜਾ ॥੩॥
ਸ਼ਰਧਾ ਸਹਤ ਕਰਹਿ ਇਸ਼ਨਾਨ।
ਪਾਪ ਮਿਟਹਿਂ ਪ੍ਰਾਪਤ ਕੱਲਜਾਨ।
ਹਰਿਮੰਦਰ ਮਹਿਂ ਸ਼ਬਦ ਜੁ ਸੁਨਿ ਹੈ।
ਜਨਮ ਜਨਮ ਕੇ ਪਾਪਨਿ ਹਨਿ ਹੈ ॥੪॥
ਉਪਜੈ ਭਗਤਿ, ਗਜ਼ਾਨ ਕੋ ਪਾਵੈ।
ਆਵਨ ਜਾਨੋ ਜਗਤ ਮਿਟਾਵੈ।'
ਸੁਨਿ ਕਰਿ ਲਗੇ ਕਾਰ ਕੋ ਕਰਨੇ।
ਖਨਹਿਂ ਪੋਟ[2] ਸਿਰ ਪਰ ਕਰਿ ਧਰਨੇ ॥੫॥
ਧਨ ਕੋ ਦੀਨ ਮਜੂਰ ਲਗਾਏ।
ਦਿਨ ਪ੍ਰਤਿ ਸ਼ਰਧਾ ਉਰ ਅਧਿਕਾਏ।
ਸੁਨਿ ਸੁਨਿ ਮਹਿਮਾ ਦੇਸ਼ ਬਿਦੇਸ਼।
ਸੰਗਤਿ ਸਹਤ ਮਸੰਦ ਵਿਸ਼ੇਸ਼ ॥੬॥
ਮਹਿਮਾ ਸਿੱਖਨ[3] ਗੁਰੂ ਸੁਨਾਵੈ।
ਸੁਨਿ ਸੁਨਿ ਦਾਸਨ ਕੇ ਮਨ ਭਾਵੈ।
ਸਬਦਨ ਬਿਖੈ ਮਹਾਤਮ ਕਹੈਂ।

---

[1]ਲਾਲ ਤੇ ਲੰਗਾਹ ਦੋ ਨਾਮ ਹਨ। ਲੰਗਾਹਾ ਪੱਟੀ ਦੇ ਇਲਾਕੇ ਦਾ ਚੌਧਰੀ ਤੇ ਚੁਭਾਲ ਪਿੰਡ ਦਾ ਵਾਸੀ ਦੱਸੀਦਾ ਹੈ।
[*]ਲੰਗਾਹਾ ਪਹਿਲੋਂ ਗੁਰੂ ਅਰਜਨ ਦੇਵ ਜੀ ਦੀ ਅਸੀਸ ਨਾਲ ਰੋਗ ਤੋਂ ਰਾਜ਼ੀ ਹੋਕੇ ਸਰਵਰੀਏ ਤੋਂ ਸਿੱਖ ਬਣਿਆਂ ਸੀ।
[2]ਪੰਡ।
[3]ਸਿੱਖਾਂ ਨੂੰ।

ਕਰਹਿਂ ਕਾਰ ਸਿਖ ਸੁਧਤਾ ਲਹੈਂ ॥੭॥

ਸ੍ਰੀ ਮੁਖਵਾਕ:
ਉਦਮੁ ਕਰਤ ਮਨੁ ਨਿਰਮਲੁ ਹੋਆ ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥
(ਮਾਝ, ਮਃ ੫)

ਚੌਪਈ: ਇੱਤਯਾਦਿਕ ਬਹੁ ਗੁਰੂ ਬਨਾਵੈਂ।
ਸੁਨਿ ਪਠਿ ਕਾਰ ਕਰਨਿ ਉਰ ਭਾਵੈਂ।
ਦੋਨਹੁ ਰਹੈਂ ਪਾਸ ਗੁਰਦੇਵ।
ਮੁਕਤਿ ਰੂਪ ਹੋਏ ਕਰਿ ਸੇਵ ॥੮॥
ਅਜਬ, ਅਜਾਇਬ ਉਮਰਾ ਸ਼ਾਹੂ।
ਸੰਘੇ ਇਹੁ ਮਸੰਦ ਗੁਰ ਪਾਹੂ।
ਕਾਰ ਸੁਧਾਸਰ ਕੀ ਭੀ ਕਰੈਂ।
ਸੰਗਤਿ ਤੇ ਗੁਰੁ ਕਾਰ ਸੰਭਰੈਂ[1] ॥੯॥
ਆਨਿ ਗੁਰੂ ਕੇ ਪਾਸਿ ਪੁਚਾਵੈਂ।
ਨਿਜ ਹਿਤ ਜੋ ਸਿੱਖਨ ਤੇ ਪਾਵੈਂ।
ਤਿਸ ਕੇ ਸੰਗ ਕਰਹਿਂ ਗੁਜ਼ਰਾਨੇ।
ਇਕ ਦਿਨ ਸਾਹਿਬ ਬੂਝਨਿ ਠਾਨੇ ॥੧੦॥
'ਗੁਰ ਧਨ ਕੋ ਤੁਮ ਕਿਸ ਬਿਧਿ ਜਾਨੋ?
ਜੋ ਸੰਗਤਿ ਤੇ ਲਯਾਵਨ ਠਾਨੋ।'
ਕਹਯੋ ਤਿਨਹੁਂ 'ਹਮੁ ਬਿਖੁ ਸਮ ਜਾਨੈਂ।
ਸ਼ਿਵ ਨਿਰਮਾਇਲ[2] ਕੇਰਿ ਸਮਾਨੇ' ॥੧੧॥
ਸੁਨਿ ਸ਼੍ਰੀ ਮੁਖ ਤੇ ਬਾਕ ਉਚਾਰਾ।
'ਕਰਹੁ ਜਿ ਇਮੁ, ਤੁਮ ਹੋਇ ਉਧਾਰਾ।'
ਪੈੜਾ ਸਿਖ ਛੱਜਲ ਤਿਸੁ ਜਾਤੀ।
ਕੰਦੂ ਸੰਘਰ ਜਾਤਿ ਉਪਾਤੀ[3] ॥੧੨॥
ਸ਼੍ਰੀ ਅਰਜਨ ਕੋ ਬੰਦਨ ਕੀਨਿ।
ਪੁਨ ਅਰਦਾਸ ਕਰੀ ਹੁਇ ਦੀਨ।
'ਕਿਮੁ ਹਮਰੋ ਹੋਵਹਿ ਕੱਲਯਾਨ।

---
[1]ਸੰਭਾਲਦੇ ਹਨ।
[2]ਭਾਵ ਕਦੇ ਨਾ ਗ੍ਰਹਿਣ ਕਰਨੇ ਜੋਗ [ਸੰਸ: ਸ਼ਿਵ ਨਿਰਮਾਲਯ = ਸ਼ਿਵ ਤੇ ਚੜ੍ਹਿਆ ਪਦਾਰਥ ਜੋ ਪੁਰਾਣਾਂ ਵਿਚ ਨਾ ਗ੍ਰਹਣ ਕਰਨੇ ਜੋਗ ਲਿਖਿਆ ਹੈ]
[3]ਜੋ ਉਪਜਿਆ ਸੀ ਸੰਘਰ ਜਾਤੀ ਤੋਂ ਉਹ ਕੰਦੂ।

ਸ੍ਰੀ ਗੁਰ ਦਿਹੁ ਉਪਦੇਸ਼ ਬਖਾਨ' ॥੧੩॥
ਸਤਿਗੁਰੁ ਕਹ੍ਯੋ 'ਸੁਧਾਸਰ ਨ੍ਹਾਵੋ।
ਸ਼ਬਦ ਬਿਚਾਰਹੁ ਗੁਰਮਤਿ ਪਾਵੋ।
ਗੁਰ ਸਿੱਖਨ ਕੀ ਸੇਵਾ ਕਰੀਅਹਿ।
ਤਜਿ ਹੰਕਾਰ ਨੰਮ੍ਰਤਾ ਧਰੀਅਹਿ ॥੧੪॥
ਜੋ ਸਤਿਗੁਰੁ ਤੀਸਰ ਪਤਿਸ਼ਾਹੂ।
ਹਮਰੇ ਪਿਤਾ ਹਕਾਰੇ ਪਾਹੂ।
ਕਹ੍ਯੋ ਬਚਨ -ਕਲਿਜੁਗ ਕੇ ਜੀਵ।
ਸਗਰੀ ਸ਼ਕਤਿ ਬਿਹੀਨੇ ਥੀਵ ॥੧੫॥
ਇਕ ਤੋ ਭਈ ਆਰਜਾ ਛੋਟੀ।
ਹੀਨ ਪਦਾਰਥ ਬੁੱਧੀ ਮੋਟੀ।
ਕਰ ਨ ਸਕਹਿਂ ਸਭਿ ਤੀਰਥ ਮੱਜਨ।
ਬਿਧਿ ਸੋਂ ਦਾਨੁ ਦੇਹਿਂ ਨਹਿਂ ਸੁਜਨ[1] ॥੧੬॥
ਇਸ ਕਾਰਨ ਤੇ ਤੀਰਥ ਮਹਾਂ।
ਮੱਦ੍ਰ ਦੇਸ਼[2] ਮਹਿਂ ਰਚੀਅਹਿ ਇਹਾਂ[*]।
ਤੀਨ ਲੋਕ ਕੇ ਤੀਰਥ ਜੋਇ।
ਸਭਿ ਕੋ ਫਲ ਸ਼ਨਾਨ ਤੇ ਹੋਇ- ॥੧੭॥
ਇਸ ਥਲ ਥੇਹੁ ਬਤਾਯਹੁ ਜਬੈ।
ਹਮਰੇ ਪਿਤਾ ਖਨਾਯਹੁ ਤਬੈ।
ਸ੍ਰੀ ਅੰਮ੍ਰਿਤਸਰ ਰਾਖ੍ਯੋ ਨਾਮੂ।
ਚਤੁਰ ਪਦਾਰਥ ਕੋ ਨਿਤ ਧਾਮੂ ॥੧੮॥
ਕਾਸ਼ੀ ਆਦਿਕ ਤੀਰਥ ਸਬੈ।
ਇਸ ਕੀ ਸ਼ਰਨ ਰਹੈਂ ਪਰਿ ਅਬੈ।
ਬਰਤਹਿ ਕਾਲ ਕਲੀ ਕੋ ਘੋਰੈ।
ਕਿਸ ਕੀ ਹੱਤਜਾ ਕੋ ਨਹਿਂ ਛੋਰੈ ॥੧੯॥
ਬਰਤ ਦਾਨ ਤਪ ਤੀਰਥ ਜੇਤੇ।
ਕਰਹਿਂ ਨਿਵਾਸ ਇਸੀ ਮਹਿਂ ਤੇਤੇ।
ਜਗਤ ਨਾਥੁ ਇਹ ਹੋਇ[3] ਬਿਸਾਲਾ।

---

[1]ਭਲੇ ਪੁਰਸ਼ਾਂ ਨੂੰ।
[2]ਪੰਜਾਬ ਦੇਸ਼।
[*]ਪਾ:-ਵਹਾਂ।
[3]ਇਹ ਸਥਾਨ ਜਗਤ ਦਾ ਨਾਥ ਹੋਵੇਗਾ।

ਗੰਗਾ ਲੋਪ ਹੋਇ ਜਿਸ ਕਾਲਾ[+] ॥੨੦॥
ਕੋਸਨ ਲੌ ਇਸ ਕੇ ਚੌਫੇਰੇ।
ਸੰਤ ਰਿਖਿਨਿ ਕੇ ਥਿਰ ਹ੍ਵੈ ਡੇਰੇ।
ਯਾਂ ਤੇ ਕਰਹੁ ਤਾਲ ਇਸ਼ਨਾਨ।
ਤੁਮਰੀ ਹੋਵਹਿਗੀ ਕੱਲਜਾਨ' ॥੨੧॥
[++]ਗੁਰ ਪੂਰੇ ਕੇ ਸੁੰਦਰ ਬੈਨਿ।
ਸਿੱਖਨਿ ਸੁਨਿ ਮਨ ਉਪਜਯੋ ਚੈਨਿ।
ਮਹਿਮਾ ਸੁਨੀ ਸੁਧਾਸਰ ਕੇਰੀ।
ਜੋ ਸਤਿਗੁਰ ਨਿਜ ਮੁਖ ਤੇ ਟੇਰੀ ॥੨੨॥
ਕਹਤਿ ਭਏ 'ਸਤਿਗੁਰ ਧੰਨ ਧੰਨ।
ਕੀਨੋ ਹਮਰਾ ਸਫਲ ਜਨੰਮ।'
ਕੇਤਿਕ ਦਿਨ ਰਹਿ ਸਤਿਗੁਰ ਪਾਸ।
ਕਰੀ ਟਹਿਲ ਸਰ ਚਿੱਤ ਹੁਲਾਸਿ ॥੨੩॥
ਗੁਰਬਾਣੀ ਸਿਉ[¶] ਪ੍ਰੇਮ ਲਗਾਈ।
ਕਰੀ ਸੇਵ ਸਿੱਖਨ ਅਧਿਕਾਈ।
ਅਪਨੋ ਜਨਮ ਸਫਲ ਕਰਿ ਜਾਨੈ।
ਪੂਰਨ ਭਾਗ ਆਪਨੇ ਮਾਨੈ ॥੨੪॥
ਪੁਨ ਸਤਿਗੁਰ ਕੀ ਆਗਜ਼ਾ ਧਾਰੀ।
ਗਏ ਆਪਨੇ ਦੇਸ਼ ਮਝਾਰੀ।
ਜਾਇ ਤਹਾਂ ਅਪਨੋ ਗ੍ਰਿਹ ਅੰਤਰ।
'ਗੁਰ ਗੁਰ' ਜਾਪ ਜਪੈਂ ਸੁ ਨਿਰੰਤਰ ॥੨੫॥
ਅਪਨੇ ਮੀਤ ਸਬੰਧੀ ਜੇਤੇ।
ਜਥਾ ਜੋਗ ਉਪਦੇਸ਼ੇ ਤੇਤੇ।
ਗੁਰ ਸਰ ਮਹਿਮਾ ਅਧਿਕ ਬਤਾਈ।
ਸਤਿਗੁਰੁ ਸਿੱਖ ਭਏ ਅਧਿਕਾਈ ॥੨੬॥
ਪ੍ਰਾਤੈ ਉਠ ਸ਼ਨਾਨ ਪੁਨ ਕਰੈਂ।
ਗੁਰੂ ਧਜਾਨ ਧਰਿ ਜਪ ਮੁਖ ਰਰੈਂ।

[+]ਗੰਗਾ ਲੋਪ ਦਾ ਸੰਮਤ ਪਹਿਲਾਂ ਪੱਤ੍ਰੀਆਂ ਵਿਚ ਛਪਦਾ ਹੁੰਦਾ ਸੀ, ਲੋਪ ਹੋਣ ਦਾ ਸਮਾਂ ਹੁਣ ਮੁੱਕ ਚੁੱਕਾ ਹੈ। ੧੯੫੬ ਬਿ: ਦੇ ਲਗ ਪਗ ਇਹ ਸਮਾਂ ਮੁੱਕਾ ਸੁਣੀਂਦਾ ਹੈ।
[++]ਇਕ ਲਿਖਤੀ ਨੁਸਖੇ ਵਿਚ ਏਥੋਂ ਅੱਗੇ ਕਪੂਰ ਦੇਉ ਦਾ ਸੰਮਨ ਸਿੱਖ ਦੇਖਣ ਦਾ ਪ੍ਰਸੰਗ ਹੈ ਜੋ ਇਸ ਪੋਥੀ ਦੀ ਰਾਸ ਤੀਸਰੀ ਅੰਸੂ ੫੯ ਵਿਚ ਆਵੇਗਾ।
[¶]ਪਾ:-ਜਿਸ।

ਕਿਰਤ ਧਰਮ ਕੀ ਬਹੁਰ ਸੰਭਾਰੈਂ।
ਸਿੱਖਯ ਸੰਤ ਕੀ ਸੇਵਾ ਧਾਰੈਂ ॥੨੭॥
ਜਹਿਂ ਕਹਿਂ ਸਿੱਖੀ ਮਾਰਗ ਤੋਰਾ।
ਗੁਰੂ ਧਯਾਨ ਜਿਵ ਚੰਦ ਚਕੋਰਾ।
ਇਸ ਬਿਧਿ ਅਪਨੀ ਆਯੁ ਬਿਤਾਈ।
ਪੈੜਾ ਕੰਦੂ ਗੁਰ ਸਿਖ ਭਾਈ ॥੨੮॥
ਅੰਤਰ ਸ਼ੁਧ ਸਰੂਪ ਹੁਇ ਗਏ।
ਗੁਰ ਚਰਨਨ ਮਨ ਨਿਸ਼ਚਾ ਠਏ।
ਜੋ ਜੋ ਤਿਨ ਕੋ ਸੰਗੀ ਹੋਯਹੁ।
ਭੋਗ ਮੋਖ ਤਿਨ ਸਗਰੋ ਜੋਯਹੁ ॥੨੯॥
ਜੋ ਗੁਰੁ ਅਰਜਨ ਸ਼ਰਣ* ਸਿਧਾਰਾ।
ਜਗਤ ਜਲਧ ਤੇ ਪਾਰ ਉਤਾਰਾ।
ਗੁਰ ਨਾਨਕ ਕੇ ਮਾਂਹਿ ਸਮਾਈ।
ਜਨਮ ਮਰਨ ਕੀ ਤ੍ਰਾਸ ਮਿਟਾਈ ॥੩੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅੰਮ੍ਰਿਤਸਰ ਅਰੁ ਸਿੱਖੁਨਿ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਮੋਂ ਅੰਸੂ ॥੫੫॥

*ਪਾ:-ਸੰਗ।

੫੬. [ਸ੍ਰੀ ਅੰਮ੍ਰਿਤਸਰ ਮਹਾਤਮ। ਸਿੱਖਾਂ ਨੂੰ ਬਖਸ਼ਿਸ਼ਾਂ]

੫੫<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>> ੫੭

ਦੋਹਰਾ: ਨਿਤ ਕਾਰੀਗਰ ਚਿਨਤਿ ਹੈਂ,
ਸ੍ਰੀ ਹਰਿਮੰਦਰ ਚਾਰੁ।
ਸ੍ਰੀ ਅਰਜਨ ਸਿੱਖਨ ਸਹਤ,
ਅਨੰਦ ਬਿਲੰਦ ਨਿਹਾਰਿ ॥੧॥
ਚੌਪਈ: ਚਹੁਂ ਦਿਸ਼ ਬਨੀ ਸੁਪਾਨ ਚਕੋਰ।
ਸੁੰਦਰ ਬਨ੍ਯੋ ਦਰਸ਼ਨੀ ਪੌਰ।
ਸਰ ਅੰਦਰ ਪੁਲ ਰਚ੍ਯੋ ਬਿਸਾਲ।
ਜਹਿਂ ਕੋ ਆਇ ਜਾਇਂ ਨਰ ਜਾਲ ॥੨॥
ਚਹੁਂ ਦਿਸ਼ ਤੇ ਮਿਨਤੀ ਕਰਿ ਸਾਰੀ।
ਕੁਰਸੀ ਸਰ ਕੇ ਉਰਧ ਉਸਾਰੀ।
ਚਾਰ ਕੋਨ ਜੁਤ ਭਲੇ ਬਨਾਇ।
ਪੂਰਬ ਦਿਸ਼ ਹਰਿ ਪੌੜਿ[1] ਰਖਾਇ ॥੩॥
ਪਰਦਛਨਾ ਦੈਬੇ ਕੇ ਕਾਰਨ।
ਕੁਰਸੀ ਪਰ ਥਲ ਰਾਖ ਸੁਧਾਰਨ[2]।
ਮਿਨ ਚਹੁਂਦਿਸ਼ ਤੇ ਏਕ ਸਮਾਨ।
ਹਰਿਮੰਦਰਿ ਰਚਿ[+] ਲੀਨ ਮਹਾਂਨ ॥੪॥
ਚਹੁਂ ਦਰ ਪਰਿ ਕਰਿ ਕਰਿ ਇਕ ਛਾਤ[3]।
ਕਰਿ ਹਰਿ ਪੌੜ ਛਾਤ ਤਿਸੁ ਭਾਂਤਿ।
ਦੁਤੀ ਛਾਤ ਲਗ ਜਬਹਿ ਉਸਾਰਾ।
ਬਿਚ ਹਰਿਮੰਦਰ ਕੋ ਥਲ ਸਾਰਾ ॥੫॥
ਭਈ ਚੁਗਿਰਦੇ ਦੁਇ ਦੁਇ ਛਾਤ।
ਕਰੀ ਬੀਚ ਤੇ ਏਕ ਸੁਹਾਤ।
ਊਪਰ ਤੇ ਪੁਨ ਸਮ[4] ਕਰਿ ਦਯੋ।
ਏਕ ਛਾਤ ਦੋ ਛਾਤ ਮਿਲਯੋ ॥੬॥
ਤਿਮਿ ਹਰਿ ਪੌੜ ਦੁਛਾਤ ਜੁ ਹੋਈ।
ਊਪਰ ਮਿਲ੍ਯੋ ਕਿਯੋ ਸਮ[4] ਸੋਈ।

---

[1]ਹਰਿ ਕੀ ਪੌੜੀ।
[2]ਸੋਧਕੇ ਕੁਰਸੀ ਤੋਂ ਪਾਰ (ਅਗੇਰੇ) ਥਾਂ ਰੱਖੀ, ਭਾਵ ਛੋਟੀ ਪ੍ਰਕਰਮਾਂ ਬਣਾਈ।
[+]ਪਾ:-ਚਿਨ।
[3]ਛੱਤ।
[4]ਬਰਾਬਰ।

ਤਿਹਿ ਸਮਾਨ ਥਲ ਜਬਹਿ ਬਨਾਯਹੁ।
ਕਰਨ ਬੰਗਲਾ ਉਰਧ ਉਠਾਯਹੁ ॥੭॥
ਡਾਲ ਮਸਾਲੇ ਮੋਲ ਬਿਸਾਲੇ।
ਚੂਨੋ ਸੂਖਮ ਪੀਸ ਖਰਾਲੇ[੧*]।
ਸਿਰ ਪਰ ਧਰਿ ਧਰਿ ਲੇ ਕਰਿ ਜਾਵਹਿਂ।
ਹਰਿ ਮੰਦਰ ਕੇ ਸ਼ਿਖਰ ਪੁਚਾਵਹਿਂ ॥੮॥
ਘਰਹਿਂ ਈਂਟਕਾ ਧਰਹਿਂ ਬਨਾਈ।
ਪਾਵੇ ਚਾਰਹੁੰ ਉਰਧ ਉਠਾਈ।
ਕਾਲਬੂਤ ਊਪਰ ਪੁਨ ਕਰੇ।
ਚਾਰਹੁੰ ਦਰ ਚੂਨੇ ਯੁਤਿ ਜਰੇ ॥੯॥
ਪੁਨ ਊਪਰ ਕੋ ਮੰਡਪ[੨] ਹੋਏ।
ਚਹੁੰਖੂਟਨਿ[੩] ਚਹੁੰ ਕਲਸ[੪] ਪਰੋਏ।
ਲਘੁ ਲਘੁ ਕਲਸ[੫] ਚੁਗਿਰਦੇ ਕਰੇ।
ਚਾਮੀਕਰ ਕੇ ਦੀਪਤਿ ਖਰੇ ॥੧੦॥
ਊਚੋ ਕਲਸ ਬੀਚ ਕੋ ਹੋਵਾ।
ਚਹੁੰਦਿਸ਼ ਦੂਰ ਦੂਰ ਲਗ ਜੋਵਾ।
ਭਯੋ ਸੰਪੂਰਨ ਸ਼੍ਰੀ ਹਰਿਮੰਦਰ।
ਜਿਹ ਸਮਸਰ ਨ ਅਪਰ ਜਗ ਅੰਦਰ ॥੧੧॥
ਮੱਧ ਛਾਤ ਚਹੁੰ ਦਿਸ਼ ਮਹਿਂ ਤਹਾਂ।
ਰਚੀ ਦਰੀਚੀਂ[੬] ਸੁੰਦਰ ਮਹਾਂ।
ਖਸ਼ਟ ਰੁਤਨ ਮਹਿਂ ਸਭਿ ਸੁਖਦਾਈ।
ਲਗਹਿ ਪਵਨ ਪਸ਼ਚਮ ਪੁਰਵਾਈ[੭] ॥੧੨॥
ਜਹਿਂ ਗ੍ਰੀਖਮ ਮਹਿਂ ਸ੍ਵੇਦ ਨ ਜੋਵੈ[੮]।
ਹਿਮ ਰੁਤ ਮਹਿਂ ਪਾਲੋ ਨਹਿਂ ਹੋਵੈ।
ਬਰਖਾ ਮਹਿਂ ਬਡ ਹੋਤਿ ਬਹਾਰ।

---

[੧]ਖਰਲ ਕੀਤਾ ਹੋਇਆ (ਅ) ਖਰਾ+ਲੇ = ਚੰਗਾ ਲੈ ਕੇ।
[*]ਪਾ:-ਉਠਾਲੇ। ਦਿਸਾਲੇ।
[੨]ਭਾਵ ਵਿਚਕਾਰਲਾ ਵੱਡਾ ਗੰਬਦ।
[੩]ਚਹੁੰ ਨੁਕਰਾਂ ਤੇ।
[੪]ਛੋਟੇ ਗੁੰਬਦ
[੫]ਛੋਟੀਆਂ ਕਲਸੀਆਂ।
[੬]ਬਾਰੀਆਂ।
[੭]ਵਾਯੂ ਪੱਛਮ ਤੇ ਪੂਰੇ ਦੀ।
[੮]ਮੁੜਕਾ ਨਹੀਂ ਦੇਖੀਦਾ।

ਬਿਨ ਕਰਦਮ ਤੇ ਸੁੰਦਰ ਬਾਰਿ ॥੧੩॥
ਚਹੁੰਦਿਸ਼ ਦ੍ਰਿਸ਼ਟਿ ਨੀਰ ਪਰ ਪਰੈ।
ਮੇਘ ਧਾਰ ਬਿਨ ਮਲ ਤੇ ਭਰੈ।
ਜਗਤ ਮਝਾਰ ਨ ਐਸੋ ਕੋਈ।
ਮੰਦਿਰ ਦਿਖਤਿ ਅਨੰਦ ਨ ਹੋਈ ॥੧੪॥
ਚਿੱਤ੍ਰਤਿ ਚਾਂਮੀ ਕਰਤੇ ਚਾਰ।
ਚਾਰੁ ਓਰ ਮਹਿਂ ਚਮਕ ਨਿਹਾਰ।
ਚਾਰ ਪਦਾਰਥ ਕੋ ਦਾਤਾਰ।
ਚਾਰ ਬਰਨ ਕੋ ਜਹਾਂ ਉਚਾਰ[੧+] ॥੧੫॥
ਚਾਰ ਬਰਨ[੨] ਜਹਿ ਬੰਦਨ ਧਾਰਿ।
ਚਾਰ ਬਰਨ ਦਿਪਤਹਿਂ ਦੁਤਿਵਾਰ[੪]।
ਚਾਰ ਚੱਕ੍ਰਮਹਿਂ[੫] ਬਿਦਤ ਉਦਾਰਿ।
ਚਾਰਮੋਖ[੬] ਠਾਂਢੀ ਦਰਬਾਰ ॥੧੬॥
ਦਰਸ਼ਨੀਯ ਜੋ ਆਸ਼੍ਰਮ ਚਾਰ[੭]।
ਚਾਰ ਬੇਦ ਜਹਿਂ ਸਾਰ[੮] ਉਚਾਰ[++]।
ਚਾਰ ਦਿਸ਼ਾ ਮਹਿਂ ਚਾਰਹੁੰ ਦ੍ਵਾਰ।
ਸ਼੍ਰਵਣਾਦਿਕ ਸਾਧਨ ਜਹਿਂ ਟਾਰ ॥੧੭॥
ਸ਼੍ਰੀ ਅਰਜਨ ਠਾਂਢੇ ਬਿਚ ਹੋਇ।
ਕੀਨ ਅਨੰਦ ਬਿਲੰਦਹਿ ਜੋਇ।
ਸ਼੍ਰੀ ਕਰਤਾਰ ਸਿਫਤ ਕੋ ਕਰੈਂ।
ਸਰ ਕੋ ਬੀਚ ਮਹਾਤਮ ਧਰੈਂ ॥੧੮॥
ਹਰਿਮੰਦਰ ਕੀ ਮਹਿਮਾ ਗਾਵੈਂ।
ਸੁੰਦਰ ਸ਼ਬਦ ਬਿਲੋਕਿ ਬਨਾਵੈਂ।

---

[੧]ਚਾਰ ਅੱਖਰਾਂ ਭਾਵ ਵਾਹਿਗੁਰੂ ਨਾਮ ਦਾ ਜਿਥੇ ਉਚਾਰਨ ਹੁੰਦਾ ਹੈ।
[+]ਪਾ:-ਉਧਾਰ।
[੨]ਚਾਰੇ ਜਾਤਾਂ।
[੩]ਸੁਹਣੇ ਰੰਗ ਸੁਭਾਇਮਾਨ ਹੋਕੇ ਦਿਪਤ ਹੋ ਰਹੇ ਹਨ।
[੪]ਸੁਹਣੇ ਰੰਗ ਸੁਭਾਇਮਾਨ ਹੋਕੇ ਦਿਪਤ ਹੋ ਰਹੇ ਹਨ।
[੫]ਚਾਰੋਂ ਚੱਕਾਂ ਵਿਚ।
[੬]ਸਾਲੋਕ, ਸਾਰੂਪ, ਸਾਮੀਪ, ਸਾਯੁਜ ਚਾਰ ਮੁਕਤੀਆਂ (ਦੇਖੋ ਸ਼੍ਰੀ ਗੁ: ਨਾ: ਪ੍ਰ: ਪੂ: ਅਧ੍ਯਾ ੧ ਅੰਃ ੭੦)।
[੭]ਦਰਸ਼ਨ ਯੋਗ ਚਾਰ ਆਸ਼੍ਰਮ (ਬ੍ਰਹਮਦਰਜ, ਗ੍ਰਿਹਸਤ, ਬਾਨ ਪ੍ਰਸਥ, ਸੰਨਯਾਸ)।
[੮]ਤੱਤ।
[++]ਚਹੁੰ ਵੇਦਾਂ ਦੇ ਸਾਰ ਤੋਂ ਮੁਰਾਦ ਨਾਮ ਦਾ ਹੈ। ਯਥਾ:-ਬੇਦ ਪੁਰਾਣ ਸਿੰਮ੍ਰਿਤਿ ਸੁਧਾਖ੍ਹਰ॥ ਕੀਨੇ ਰਾਮ ਨਾਮ ਇਕ ਆਖ੍ਹਰ॥ [ਗਉ: ਮ: ੫]

ਸੁਨਿ ਸੁਨਿ ਸੰਗਤਿ ਸ਼ਰਧਾ ਧਰੈ।
ਸਰ ਮੱਜਹਿ ਅਭਿਬੰਦਨ ਰਰੈ ॥੧੯॥
ਸਰ ਕਰਿਬੇ ਮਹਿਂ ਘਾਲੀ ਘਾਲ[1]।
ਹਰਿਮੰਦਰ ਕੀ ਸੇਵ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤਿਨ ਪਰ ਪੁਨ ਕਰਿ ਕੇ।
ਨਿਕਟ ਅਵਾਹਨ ਕਰੇ ਸਿਮਰਿ ਕੇ ॥੨੦॥
ਬਖਸ਼ਿਸ਼ ਬਖਸ਼ਨਿ ਕਰਨਿ ਨਿਹਾਲ।
ਲਿਯੇ ਬੁਲਾਇ ਸਿੱਖਜ ਤਤਕਾਲ।
ਭਗਤੂ ਆਦਿਕ ਜੇ ਨਿਸ਼ਕਾਮ।
ਆਠ ਜਾਮ ਸਿਮਰਤਿ ਜੇ ਨਾਮ ॥੨੧॥
'ਬਰੰਬ੍ਰੂਹ[2]' ਸਭਿਹਿਨਿ ਸੋਂ ਕਹਜੋ।
'ਲਿਹੁ ਗੁਰ ਘਰ ਤੇ ਜੋ ਉਰ ਚਹਜੋ।
ਸਾਵਧਾਨ ਹੁਇ ਸੇਵ ਕਮਾਈ।
ਤਿਸ ਕੀ ਅਬਿ ਲੀਜਹਿ ਬਡਿਆਈ' ॥੨੨॥
ਸਭਿਹਿਨਿ ਹਾਥ ਜੋਰਿ ਕਰਿ ਭਾਖਾ।
'ਗੁਰ ਜੀ! ਰਹੀ ਨਹੀਂ ਅਭਿਲਾਖਾ।
ਚਰਨ ਤੁਮਾਰੇ ਉਰ ਮਹਿਂ ਬਾਸੈਂ।
ਸਤ ਚਿਤ ਆਨੰਦ ਚਿੱਤ ਪ੍ਰਕਾਸ਼ੈਂ ॥੨੩॥
ਇਸ ਤੇ ਉੱਤਮ ਅਪਰ ਨ ਕੋਈ।
ਰਾਵਰ ਤੇ ਹਮ ਜਾਚਹਿਂ ਸੋਈ।'
ਅਤਿ ਪ੍ਰਸੰਨ ਸੁਨਿ ਕੈ ਗੁਰ ਭਏ।
ਸਭਿਹਿਨਿ ਕੋ ਊਚੈ ਪਦ ਦਏ ॥੨੪॥
ਜੀਵਨ ਮੁਕਤਿ ਅਵਸਥਾ ਕਈ।
ਸਾਹਿਬ ਬੁੱਢਾ ਸੰਗਤ ਲਈ।
ਹੁਤੋ ਪ੍ਰਥਮ ਭੀ ਸਭਿ ਹੀ ਲਾਇਕ।
ਤਊ ਬਡਾਈ ਅਧਿਕ ਸੁਭਾਇਕ ॥੨੫॥
ਪੁਨ ਭਾਈ ਭਗਤੂ ਕੋ ਦੀਨ।
ਜੀਵਨ ਮੁਕਤਿ ਅਵਸਥਾ ਲੀਨ।
ਰਹੈ ਬਿਰਾੜ ਦੇਸ਼ ਕੋ* ਜੰਗਲ।

---

[1]ਭਾਵ ਜਿਨ੍ਹਾਂ ਨੇ ਘਾਲ ਘਾਲੀ ਸੀ।
[2]ਵਰ ਮੰਗੋ।
*ਪਾ:-ਜੋ।

ਤਿਨ ਕੁਲਿ ਕੋ ਦੈਬੇ ਹਿਤ ਮੰਗਲ ॥੨੬॥
ਸੰਗਤਿ ਦਈ ਹੁਤੀ ਜੁ ਅਸ਼ੇਸ਼।
ਨਿਤ ਪ੍ਰਤਿ ਮਾਨਹਿ ਸੋ ਸਭਿ ਦੇਸ਼।
ਪੁੱਤ੍ਰ ਪੌਤ੍ਰ ਕੀ ਮਨਤਾ ਤੈਸੇ।
ਕਰਤਿ ਰਹੇ ਸ੍ਰੀ ਗੁਰ ਕਹਿਂ ਜੈਸੇ ॥੨੭॥
ਪੁਨ ਭਾਈ ਬਹਿਲੋ ਸੰਗ ਕਹ੍ਯੋ।
'ਪੁਰਹੁ ਕਾਮਨਾ ਜਿਮਿ ਚਿਤਿ ਚਹ੍ਯੋ।'
ਭਯੋ ਗ੍ਯਾਨ ਤਤਛਿਨ ਉਰ ਮਾਂਹੀ।
ਬ੍ਰਹਮ ਬਿਨਾਂ ਕੁਛ ਲਖਿਯਤਿ ਨਾਂਹੀ ॥੨੮॥
[1]'ਅਪਨੀ ਕਮਰੀ[2] ਦੇਹੁ ਬਿਛਾਇ।
ਬੰਧ ਪੋਟ ਕੋ ਲਿਹੁ ਅਪਨਾਇ।
ਭੂਤ, ਪਿਸ਼ਾਚ, ਪ੍ਰੇਤ, ਬੈਤਾਲ[3]।
ਗੁਪਤ ਰਹਿਤ ਜਿਨ ਸ਼ਕਤਿ ਬਿਸਾਲ ॥੨੯॥
ਸਭਿ ਤੇਰੇ ਹੋਵਹਿਂ ਅਨੁਸਾਰੀ।
ਚਿਤ ਜਿਮਿ ਚਹਹੁ ਕਰਾਵਹੁ ਕਾਰੀ[4]।
ਸ੍ਰੀ ਗੁਰ ਅਮਰ ਕ੍ਰਿਪਾ ਰਸ ਢਰੇ।
ਪ੍ਰਥਮ ਬਖਸ਼ ਇਹੁ ਲਾਲੋ ਕਰੇ[5] ॥੩੦॥
ਦੇਸ਼ ਬਿਦੇਸ਼ਨ ਮੈਂ ਜੋ ਅਹੈ।
ਸਾਗਰ ਕੇ ਟਾਪੂ ਮਹਿਂ ਰਹੈਂ।
ਗਿਰ ਸੁਮੇਰੁ ਲਗ ਪਰਬਤ ਬਾਸੀ।
ਚਹੈਂ ਸੁ ਕਰੈਂ ਸ਼ਕਤਿ ਬਲਰਾਸੀ ॥੩੧॥
ਪੋਟ ਬਿਖੈ ਬੰਧਹੁ ਇਸ ਬਾਰੀ।
ਪੁੱਤ੍ਰ ਪੌਤ੍ਰ ਲਗ ਰਹਿਂ ਅਨੁਸਾਰੀ।
ਅਪਨ ਸਰੂਪ ਦਸਮ ਜਬ ਧਰੌਂ।
ਤਬਿ ਇਨ ਕੌ ਮੁਕਤਾਵਨਿ ਕਰੌਂ' ॥੩੨॥
ਮਾਨ ਬਚਨ ਸਤਿਗੁਰ ਕੋ ਐਸੇ।
ਕਮਰੀ ਕਰੀ ਬਿਛਾਵਨਿ ਤੈਸੇ।
ਬੰਧਨ ਲਗ੍ਯੋ ਪੋਟ ਕੋ ਜਬਿ ਹੀ।

---

[1]ਗੁਰੂ ਜੀ ਨੇ ਵਚਨ ਕੀਤਾ।
[2]ਕੰਬਲੀ।
[3]ਚਾਰੇ ਭੂਤਾਂ ਦੀਆਂ ਕਿਸਮਾਂ ਹਨ।
[4]ਕੰਮ ਕਰਾਵੋ।
[5]ਲਾਲੋ ਨੂੰ ਕੀਤੀ ਸੀ।

ਉੱਤਰ ਦਿਸ਼ ਕੇ ਜੋ* ਗਨ ਸਭਿ ਹੀ ॥੩੩॥
ਨਿਜ ਦਿਸ਼ ਤੇ ਛੁਟਾਇ ਕਰਿ ਪਾਲੋ।
ਗੁਰ ਕੇ ਚਰਨ ਪਰੇ ਤਤਕਾਲੋ।
'ਬਖਸ਼ਹੁ ਮਹਾਂਰਾਜ! ਹਮ ਦਾਸ।
ਇਸ ਦਿਸ਼ ਕੇ ਨਿਤੁ ਰਾਵਰਿ ਪਾਸ ॥੩੪॥
ਤੀਨੋਂ ਦਿਸ਼ ਕੇ ਸਭਿ ਦੇ ਦੀਜੈ।
ਹਮ ਕੋ ਅਪਨੀ ਸ਼ਰਨਿ ਰਖੀਜੈ।'
ਪੁਨ ਚੌਥੋ ਦਿਸ਼ ਪਕਰਨ ਚਹਯੋ।
ਤਬਿ ਸਤਿਗੁਰੁ ਬਹਿਲੋ ਸੰਗ ਗਹਯੋ ॥੩੫॥
'ਲਿਹੁ ਤੀਨਹੁ ਦਿਸ਼ੁ ਹੀ ਕੀ ਪੋਟ।
ਸੇਵ ਕਰਹਿਂ ਤੇਰੀ ਸਭਿ ਕੋਟਿ[1]।'
ਮਾਨ ਬਾਕ ਤੀਨਹੁਂ ਦਿਸ਼ ਕੇਰੇ।
ਕਰਿ ਲੀਨੇ ਅਨੁਸਾਰਿ ਘਨੇਰੇ ॥੩੬॥
ਬਹੁਰ ਗੁਰੂ ਪਿਖਿ ਸੇਵ ਬਡੇਰੀ।
ਕਰੀ ਪਜਾਵਨ ਈਂਟਨ ਕੇਰੀ।
ਬਿਸ਼ਟਾ ਕੋ ਢੋਵਤਿ ਧਰਿ ਧੀਰ।
ਚਾਮ ਉਚਰਗਾ[2] ਕਿਤਿਕ ਸਰੀਰ ॥੩੭॥
ਨਿਸ ਬਾਸੁਰ ਖੋਦੀ ਸਰਕਾਰਾ।
ਘਨੋ ਭਾਰ ਸਿਰ ਵਹਿਰ ਨਿਕਾਰਾ[3]।
ਬਰ ਦੀਨਸ 'ਜਿਮਿ ਗੁਰੂ ਕਰਾਹੁ[4]।
ਕਰਤਿ ਸਿੱਖ ਪੂਰੇ ਚਿਤ ਚਾਹੁ ॥੩੮॥
ਤਿਮ ਸੰਗਤਿ ਮਹਿਂ ਟਿਕਰੀ[5] ਤੇਰੀ।
ਕਰਤਿ ਰਹੈਂਗੇ ਨਿਜ ਹਿਤ ਹੇਰੀ[1]।
ਭਾਈ ਉਗਰੂ ਅਰੁ ਕੱਲਜਾਨਾ।
ਇਨ ਕੌ ਪਦਵੀ ਦਈ ਮਹਾਂਨਾ ॥੩੯॥
ਜਥਾ ਜਥਾ ਸ਼ਰਧਾ ਉਰ ਸੇਵਾ।

---

*ਪਾ:-ਜੇ।
[1]ਕ੍ਰੋੜਾਂ।
[2]ਚੰਮ ਉੱਚੜ ਗਿਆ।
[3]ਸਿਰ ਤੇ ਚੁੱਕ ਕੇ ਕਢਦਾ ਰਿਹਾ ਹੈ।
[4]ਜਿਵੇਂ ਗੁਰੂ ਘਰ ਵਿਚ ਕੜਾਹ ਪ੍ਰਸ਼ਾਦ ਹੈ।
[5]ਰੋਟ, ਮੰਨੀ।
[1]ਆਪਣਾ ਭਲਾ ਦੇਖਕੇ।

ਤਥਾ ਤਥਾ ਪਦ ਗ੍ਯਾਨ ਅਭੇਵਾ[1]।
ਦਸਮੇ ਪਾਤਿਸ਼ਾਹੁ ਭੇ ਜਬੈ।
ਭਯੋ ਦਿਵਾਨ ਨੰਦ ਚੰਦ ਤਬੈ ॥੪੦॥
ਗੁਰ ਢਿਗ[2] ਇਸ ਕੋ ਹੁਤੋ ਪਿਤਾਮਾ।
ਉਮਰਾ ਸ਼ਾਹੁ ਜਿਸੀ ਕੋ ਨਾਮਾ।
ਗ੍ਰਾਮ ਡਰੋਲੀ ਕੋ ਇਹੁ ਬਾਸੀ।
ਕਿਯ ਮਸੰਦ ਦੇ ਸੰਗਤਿ ਰਾਸੀ ॥੪੧॥
ਭਾਈ ਜੇਠਾ, ਸਿਖ ਪਿਰਾਣਾ।
ਪੈੜਾ, ਅਪਰ ਲੰਗਾਹ ਮਹਾਣਾ।
ਇੱਤ੍ਯਾਦਿਕ ਸਿਖ ਕੋ ਕੋ ਗਨੀਅਹਿ।
ਘਾਲੀ ਘਾਲ ਕਿਤਿਕ ਕੋ ਭਨੀਅਹਿ ॥੪੨॥
ਅਜ਼ਮਤ ਯੁਤਿ ਸਗਰੇ ਹੁਇ ਗਏ।
ਬ੍ਰਹਮ ਗ੍ਯਾਨ ਉਰ ਮਹਿਂ ਨਿਪਜਏ।
ਸਿੱਧਾਂ ਸਕਲ ਅਗਾਰੀ ਖਰੀ।
ਜਿਮਿ ਚਾਹਹਿਂ ਲੇ ਤੂਰਨ ਕਰੀ ॥੪੩॥
ਚਢਨ ਅਕਾਸ਼ ਉਠਾਵਨ ਸੈਲ।
ਕੋਸ ਹਜ਼ਾਰਨ ਕੋ ਬਡ ਗੈਲ।
ਨਿਮਖ ਬਿਖੈ ਪਹੁੰਚੈ ਜਬਿ ਚਾਹੈਂ।
ਛਿਤਿ ਕੰਪਾਵਤਿ, ਸਿੰਧੁ ਉਮਾਹੈਂ[3] ॥੪੪॥
ਦਿੱਲੀ ਆਦਿਕ ਅਪਰ ਲਹੌਰ।
ਪਕਰਿ ਉਠਾਇ ਭਿਰਾਵਹਿਂ[1] ਦੌਰ[2]।
ਬਡੋ ਸਰੀਰ ਬਧਾਵਹਿਂ ਐਸੇ।
ਬੀਚ ਅਕਾਸ਼ੁ ਨਾ ਮੇਵਹਿਂ ਜੈਸੇ ॥੪੫॥
ਅਣੂ ਬਣ ਜਾਣ ਨ ਦੇਹਿਂ ਦਿਖਾਈ[3]।
ਉਡਨਿ ਸ਼ਕਤਿ ਪਹੁੰਚਹਿਂ ਸਭਿ ਥਾਈਂ।
ਪਲਟਿ ਸ਼ਰੀਰ ਚਹੈਂ ਚਿਤ ਜੈਸੇ।
ਤਤਛਿਨ ਅਪਰ ਲੇਤਿ ਧਰਿ ਤੈਸੇ ॥੪੬॥

---

[1]ਅਭੇਵ (ਵਾਹਿਗੁਰੂ) ਦੇ ਗ੍ਯਾਨ ਦੀ ਪਦਵੀ (ਬਖਸ਼ੀ)।
[2]ਭਾਵ ਸ਼੍ਰੀ ਗੁਰੂ ਅਰਜਨ ਦੇਵ ਜੀ ਪਾਸ।
[3]ਉਛਾਲ ਦੇਣ।
[1]ਲੜਾ ਦੇਣ।
[2]ਦੁੜਾ ਦੇਣ (ਅ) ਦੌੜਕੇ।
[3]ਅਣੂ (ਵਾਂਗ ਸੂਖਮ) ਬਣ ਜਾਂਦੇ ਹਨ ਦਿੱਸਦੇ (ਤਕ) ਨਹੀਂ।

ਜਿਤੀ ਸਮਰਥਾ ਹੈ ਜਗ ਮਾਂਹੀ।
ਅਸ ਕੋ ਨਹੀਂ ਜੁ ਤਿਨ ਢਿਗ ਨਾਂਹੀ।
ਤਊ ਗੁਰੂ ਕੋ ਘਰ ਬਹੁ ਨੀਵਾ।
ਅਜਰੁ ਜਰਨ ਸਭਿਹਿਨਿ[✷] ਮਤਿ ਥੀਵਾ ॥੪੭॥
ਜੇ ਕਰਿ ਗੁਰ ਹਿਤ ਕਿਨਹੁ ਦਿਖਾਈ।
ਕੈ ਨਿਜ ਹਿਤ ਕਰ ਸ਼ਕਤਿ ਲਗਾਈ।
ਸੋ ਸਤਿਗੁਰ ਕੇ ਉਰ ਨਹਿਂ ਭਾਈ।
ਛੀਨ ਲੀਨਿ, ਦੀਨਸਿ ਸਮੁਝਾਈ ॥੪੮॥
ਜਿਨਹੁਂ ਸੁਧਾਸਰ ਸੇਵਾ ਕੀਨਸਿ।
ਇਮ ਸਭਿ ਕੋ ਗੁਰ ਬਖਸ਼ਿਸ਼ ਦੀਨਸਿ।
ਸਿੱਖ ਅਨੇਕ ਨਿਹਾਲ ਕਰੇ ਹੈਂ।
ਜਥਾ ਰਾਮ ਕਪਿ[੫] ਸ਼ਕਤਿ ਧਰੇ ਹੈਂ[+] ॥੪੯॥

ਦੋਹਰਾ: ਇਮਿ ਸ਼੍ਰੀ ਅੰਮ੍ਰਿਤਸਰ ਕਥਾ,
ਭਾਖੀ ਸਕਲ ਬਨਾਇ।
ਭਏ ਕ੍ਰਿਤਾਰਥ ਸਿੱਖਜ ਜਿਮੁ,
ਸੋ ਸਭਿ ਦਏ ਸੁਨਾਇ ॥੫੦॥

ਚੌਪਈ: ਭਾਈ ਸਾਲ੍ਹੋ ਆਦਿ ਮਸੰਦ।
ਗੁਰ ਘਰ ਕੀ ਕਰਿ[++] ਕਾਰ ਬਿਲੰਦ।
ਲੈਬੋ ਦੈਬੋ ਆਵਨ ਜਾਨਾ।
ਦਰਬ ਸੰਭਾਰ ਖਰਚ ਕਰਿ ਨਾਨਾ ॥੫੧॥
ਉਮਰਾ ਸ਼ਾਹੁ ਅਪਰ ਕੱਲਜਾਣਾ।
ਜੇਠਾ ਗੁਰਮੁਖ, ਸਿੱਖ ਪਿਰਾਣਾ।
ਕੇਤਿਕ ਰਹੈਂ ਸੰਗ ਗੁਰੁ ਸਦਾ।
ਕੋ ਥਲ ਅਪਰ[੬][¶] ਸੁ ਦਰਸਹਿਂ ਕਦਾ ॥੫੨॥
ਜਹਾਂ ਕਹਾਂ ਸਿੱਖੀ ਬਿਸਤਾਰੈਂ।
ਸੱਤਜ ਨਾਮ ਜਪ ਭ੍ਰਮ ਨਿਰਵਾਰੈਂ।

[✷]ਪਾ:-ਸਭ ਕੋ। ਮੈਂ ਸਭ।
[੫]ਬਾਂਦਰ, ਸ਼ਾਇਦ ਦੱਖਣੀ ਹਿੰਦ ਦੇ ਕੁਰੂਪ ਅਸਲੀ ਬਾਸ਼ਿੰਦਿਆਂ ਦੇ ਲੋਕਾਂ ਤੋਂ ਮੁਰਾਦ ਹੈ।
[+]ਕੇਵਲ ਇਕ ਅੰਗ ਦ੍ਰਿਸ਼ਟਾਂਤ ਦਾ ਲੈਣਾ ਹੈ। ਕਵਿ ਜੀ ਉਥੋਂ ਦੇ ਹੀ ਦ੍ਰਿਸ਼ਟਾਂਤ ਵਰਤਦੇ ਹਨ ਜਿਸ ਸਾਹਿੱਤਜ ਦੇ ਕਿ ਪੰਡਿਤ ਹਨ।
[++]ਪਾ:-ਨਿਤੁ। ਕਿਤ। ਕ੍ਰਿਤਿ।
[੬]ਹੋਰ ਥਾਂਵੇਂ (ਰਹਿੰਦੇ ਹਨ)।
[¶]ਪਾ:-ਆਇ।

ਬੈਠਹਿਂ ਸ਼੍ਰੀ ਅਰਜਨ ਹਰਿਮੰਦਰੁ।
ਕਥਹਿਂ ਸੁਧਾਸਰ ਮਹਿਮਾ ਸੁੰਦਰ ॥੫੩॥
ਸੋਰਠਿ ਰਾਗ ਮਝਾਰ ਬਨਾਵੈਂ।
ਮਹਾਂ ਮਹਾਤਮ ਕੋ ਬਿਦਤਾਵੈਂ।
ਸੂਹੀ ਰਾਗ ਛੰਦ ਕੇ ਮਾਂਹੀ।
ਤੀਰਥ ਮਹਿਮਾ ਕੋ ਸ਼ੁਭ ਪ੍ਰਾਹੀਂ ॥੫੪॥
ਹਰਿਮੰਦਰ ਕੋ ਕਹੈਂ ਮਹਾਤਮ।
-ਦਰਸ਼ਨ ਪਰਸਨ ਨਿਰਮਲ ਆਤਮ।
ਅੰਮ੍ਰਿਤ ਸਰਿ ਜਿਨ ਮੱਜਨ ਕੀਨਾ।
ਕੋਟਿ ਜਨਮ ਕੇ ਅਘ ਕਰਿ ਛੀਨਾ- ॥੫੫॥
ਸ਼੍ਰੀ ਹਰਿ ਮੰਦਰ ਬੰਦਨ ਕਰਿ ਕੈ।
ਬੈਠਹਿਂ ਸਾਦਰ ਸ਼ਰਧਾ ਧਰਿ ਕੈ।
ਸਤਿਗੁਰ ਸਬਦ ਸ਼੍ਰਵਨ ਕੋ ਕਰੈਂ[੯]।
ਸਰਬ ਓਰਿ ਤੇ ਮਨ ਕੋ ਥਿਰੈਂ ॥੫੬॥
ਅਥਵਾ ਕਰਹਿ ਸੁਨਾਵਨਿ ਕੋਈ।
ਫਲ ਅਤੋਟ ਕੋ ਪਾਵੈ[*] ਸੋਈ।
ਜੇ ਨਰ ਬਸਹਿਂ ਦੂਰਿ ਕਿਸ ਥਾਨੇ।
ਆਵਹਿਂ ਦੀਪਮਾਲ ਹਿਤ ਠਾਨੇ ॥੫੭॥
ਬਹੁਰ ਮੇਖ ਕੀ ਜਬਿ ਸੰਕ੍ਰਾਂਤਿ[੧]।
ਤਬਿ ਇਤ ਆਇ ਸ਼ਨਾਨਹਿਂ ਗਾਤਿ।
ਜਥਾ ਬਰਖ ਦਿਨ ਮੱਜਤਿ ਰਹੈਂ।
ਦੁਇਨਿ ਪਰਬ ਫਲ ਤੈਸੋ ਲਹੈਂ ॥੫੮॥
'ਦੋਨਹੁ ਪਰਬ ਬਿਖੈ ਇਸ ਥਾਨੇ।
ਅਠਿਸਠਿ ਤੀਰਥ ਆਇ ਸ਼ਨਾਨੇ।
ਕਲਿ ਕੇ ਨਰ ਕਲਮਲ ਸਮੁਦਾਇ।
ਮਤਿ ਮਲੀਨਿ ਨਹਿਂ ਪੁੰਨ ਉਪਾਇ ॥੫੯॥
ਸੋ ਸਭਿ ਤੀਰਥ ਦੇਸ਼ ਮਝਾਰੇ।
ਕਰਿ ਸ਼ਨਾਨ ਕੋ ਤਾਂਹਿ ਉਤਾਰੇ।
ਤਿਨ ਪਾਪਨਿ ਕੇ ਭਾਰ ਦਬਾਏ।

---

[੯]ਭਾਵ ਗੁਰਬਾਣੀ ਦਾ ਕੀਰਤਨ ਸੁਣਦੇ ਹਨ।
[*]ਪਾ:-ਪੈਹੈ।
[੧]ਬਿਸਾਖੀ।

ਸਹਿ ਨਹਿਂ ਸਕਹਿਂ ਅਧਿਕ ਅਕੁਲਾਏ ॥੬੦॥
ਗੰਗਾ ਆਦਿਕ ਤੀਰਥ ਜੇਈ।
ਅੰਮ੍ਰਿਤਸਰ ਮਹਿਂ ਆਵਹਿਂ ਤੇਈ।
ਨਾਮੁ ਮਹਾਤਮ ਜਹਿਂ ਅਧਿਕਾਈ।
ਕਰਿ ਸ਼ਨਾਨ ਤਜਿ ਅਘ ਅਮੁਦਾਈ ॥੬੧॥
ਦੀਪਮਾਲ ਬੈਸਾਖੀ ਦੋਇ।
ਛਟੇ ਮਾਸ ਤੀਰਥ ਸਭਿ ਕੋਇ।
ਰਹੈਂ ਸੁਧਾਸਰ ਮੈਂ ਤਬਿ ਆਇ।
ਜੋ ਨਰ ਤਿਸ ਛਿਨ ਇਹਾਂ ਨਹਾਇ ॥੬੨॥
ਸਭਿ ਤੀਰਥ ਕੋ ਮੱਜਨ ਹੋਇ।
ਯਾਂ ਤੇ ਅਧਿਕ ਮਹਾਂਤਮ ਜੋਇ।
ਕਰਹਿ ਸ਼ਨਾਨ ਸਕਲ ਫਲ ਪਾਵੈ।
ਸੁਤ ਬਿਤ ਲਾਭ, ਕਲੂਖ ਨਸਾਵੈ[+]' ॥੬੩॥
ਇੱਤਜਾਦਿਕ ਮਹਿਮਾ ਕਹਿ ਭਾਰੀ।
ਹਰਿਮੰਦਰ ਕੇ ਬੈਠਿ ਮਝਾਰੀ।
ਇਕ ਦਿਨ ਬੈਠੇ ਸਭਾ ਲਗਾਇ।
ਕੇਤਿਕ ਸਿੱਖਜ ਰਹੇ ਗਰਬਾਇ ॥੬੪॥
-ਹਮਹੁ ਸੇਵ ਬਹੁ ਸਰ ਕੀ ਕੀਨਿ।
ਨਿਸ ਦਿਨ ਬੀਤਤਿ ਕੋ ਨਹਿਂ ਚੀਨ-।
ਤਿਨ ਕੇ ਮਨ ਕੀ ਸਤਿਗੁਰ ਜਾਨੀ।
ਸ੍ਰੀ ਮੁਖ ਤੇ ਬ੍ਰਿਧ ਸੋਂ ਕਹਿ ਬਾਨੀ ॥੬੫॥
'ਸ੍ਰੀ ਨਾਨਕ ਸਿਖ ਪਰਖੇ ਜਬੈ।
ਕੋ ਸਾਬਤ ਸਿਖ ਨਿਬਹਯੋ ਤਬੈ?
ਸ੍ਰੀ ਅੰਗਦ ਕੋ ਗੁਰਤਾ ਦਈ।
ਤਬ ਸਿੱਖੀ ਪਰਖਨ ਕਿਮ ਕਈ? ॥੬੬॥
ਸੋ ਪ੍ਰਸੰਗ ਸਭਿ ਦੇਹੁ ਸੁਨਾਈ।
ਤਵ ਸਮੇਤ ਜਿਮ ਸਿਖ ਸਮੁਦਾਈ[੨]।'
ਇਮਿ ਸੁਨਿ ਕੈ ਬਾਨੀ ਗੁਰ ਕੇਰੀ।
ਭਾਈ ਬ੍ਰਿੱਧ ਕਹਯੋ ਤਿਸ ਬੇਰੀ ॥੬੭॥
ਤੁਮ ਅੰਤਰਜਾਮੀ ਸਭਿ ਜਾਨੋ।

[+]ਪਾ:-ਕਲੂਖ ਤਜਾਵੈ।
[੨]ਭਾਵ ਸਾਰੇ ਸਿੱਖ (ਪਰਖੇ) ਸਨ।

ਅਪਰ ਸੁਨਾਵਨ ਕੀ ਇਛ ਠਾਨੋ।
ਆਸ਼ੈ ਜਾਨਿ ਆਪ ਕੋ ਕਹੌਂ[3]।
ਸੁਨਹੁ ਸਕਲ ਮੈਂ ਜਿਸ ਬਿਧਿ ਲਹੌਂ' ॥੬੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਅੰਮ੍ਰਿਤਸਰ ਮਹਾਤਮ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਮੋਂ ਅੰਸੂ ॥੫੬॥

---

[3]ਆਪ ਦਾ (ਇਹ) ਆਸ਼ਾ ਸਮਝਕੇ ਮੈਂ ਕਹਿੰਦਾ ਹਾਂ।

੫੭. [ਬ੍ਰਿੱਧ ਜੀ ਨੇ ਆਦਿ ਗੁਰੂ ਜੀ ਦੇ ਸਿੱਖ ਪਰਖਣ ਦਾ ਪ੍ਰਸੰਗ ਸੁਣਾਯਾ]

੫੬<<ਪਿਛਲਾ ਅੰਸੂ ਤਤਕਰਾ ਰਾਸਿ ੨ ਅਗਲਾ ਅੰਸੂ>>

ਦੋਹਰਾ: [੪]ਸ਼੍ਰੀ ਨਾਨਕ ਕੀ ਬਾਰਤਾ,
ਅਦਭੁਤ ਸੁਨੋ ਮਹਾਨ।
ਪਰਖਨ ਕਰਿ ਸਭਿ ਰੀਤਿ ਸੋਂ,
ਅੰਗਦਿ ਪਰਮ ਸੁਜਾਨ ॥੧॥
ਚੌਪਈ: ਇਕ ਦਿਨ ਹਮ ਤੀਨਹੁ ਸੰਗ ਗਏ।
ਨਦੀ ਪ੍ਰਵੇਸ਼ ਗੁਰੂ ਜੀ ਭਏ।
ਇਕ ਸ਼੍ਰੀ ਅੰਗਦ ਦੁਤਿਯ ਭਗੀਰਥ।
ਮੈਂ ਜੁਤਿ[੧] ਸੇਵਤਿ ਭੇ ਗੁਰ ਤੀਰਥਿ[੨] ॥੨॥
ਓਰਨਿ ਕੀ[੩] ਬਰਖਾਤਬਿ ਭਈ।
ਸੀਤਲਤਾ ਹਮ ਕੋ ਚਢਿ ਗਈ।
ਤਬਿ ਦੋਨਹੁ[੪] ਗ੍ਰਹਿ ਕੋ ਚਲਿ ਆਏ।
ਸੀਤ ਬਿਦਾਰਯੋ ਅਗਨਿ ਤਪਾਏ ॥੩॥
ਸ਼੍ਰੀ ਅੰਗਦ ਕੋ ਮੁਰਛਾ ਭਈ।
ਬੈਠਯੋ ਰਹਯੋ, ਨ ਤਨ ਸੁਧਿ ਲਈ।
ਨਿਕਸੇ ਸ਼੍ਰੀ ਨਾਨਕ ਤਿਸ ਜਾਨਿ[੫]।
ਸਭਿ ਗਤਿ ਹੇਰਿ ਪ੍ਰਸੰਨ ਮਹਾਨ[੬] ॥੪॥
ਪੁਨ ਧਾਨਕ ਕੋ ਧਾਰਯੋ ਬੇਸ[*]।
ਜਿਸ ਤੇ ਭਾਗੇ ਸਿੱਖਜ ਅਸ਼ੇਸ਼।
ਜੀਰਨ ਵਸਤ੍ਰਨਿ ਵਾਣ ਪੁਰਾਨਾ।
ਸਿਰ ਪਰ ਬਾਂਧਯੋ ਜਟਾ ਸਮਾਨਾ ॥੫॥
ਛੀਟ ਛਾਛ ਕੀ[੭] ਤਨ ਛਿਟਕਾਈ।
ਮਖਿਕਾ ਅਨਿਕ ਭ੍ਰਮਤਿ ਚਹੁੰਘਾਈ[੮]।

---

[੪]ਬਾਬਾ ਬੁੱਢਾ ਜੀ ਪ੍ਰਸੰਗ ਸੁਣਾਉਂਦੇ ਹਨ।
[੧]ਸਮੇਤ।
[੩]ਗੜਿਆਂ ਦੀ।
[੪]ਅਸੀਂ ਦੋਵੇਂ (ਮੈਂ ਤੇ ਭਗੀਰਥ)।
[੫](ਮੁਰਛਾ ਹੋਏ) ਜਾਣਕੇ।
[*]ਸ਼੍ਰੀ ਗੁਰੂ ਪਹਿਲੀ ਪਾਤਸ਼ਾਹੀ ਦਾ ਇਕ ਸ਼ਬਦ ਸਿਰੀ ਰਾਗ ਵਿਚ ਹੈ, 'ਏਕੁ ਸੁਆਨੁ ਦੋਇ ਸੁਆਨੀ ਨਾਲਿ' ਇਸ ਦਾ ਭਾਵ ਅੰਤ੍ਰੀਵ ਲੋਭ ਰੂਪੀ ਕੁੱਤਾ ਤੇ ਆਸਾ ਤ੍ਰਿਸ਼ਨਾਂ ਜਾਂ ਭੁੱਖ ਤ੍ਰਿਖਾ ਦੋ ਕੁੱਤੀਆਂ ਹਨ, ਇਸੇ ਸ਼ਬਦ ਦੇ ਬਾਹਰਲੇ ਭਾਵ ਤੋਂ ਇਸ ਸਾਖੀ ਦਾ ਭਾਵ ਲੈਂਦੇ ਜਾਪਦੇ ਹਨ।
[੭]ਲੱਸੀ ਦੀਆਂ ਛਿੱਟਾਂ।
[੮]ਮੱਖੀਆਂ ਭਿਣ ਭਣੌਂਦੀਆਂ ਚਾਰੋਂ ਪਾਸੀਂ।

ਮੁੰਞ ਮੇਖਲਾ ਕਰਿ ਕਟ ਮੋਟੀ[੯]।
ਗਹੀ ਹਾਥ ਮਹਿਂ ਟੇਢੀ ਸੋਟੀ ॥੬॥
ਲੇ ਕਰਿ ਤੀਛਨ ਨਾਂਗਾ[੧੦] ਛੁਰਾ।
ਸਾਥ ਮੇਖਲਾ ਬਾਂਧਨ ਕਰਾ[੧੧]।
ਪਹਿਰੀ ਹਾਡਨਿ[੧੨] ਮਾਲ ਬਿਸਾਲਾ।
ਜਥਾ ਰੁੱਦ੍ਰ ਕੀ ਮੁੰਡਨਿ ਮਾਲਾ[੧] ॥੭॥
ਕੂਕਰ ਸ਼ਰਮਾ[੧੪] ਲੇ ਕਰਿ ਸਾਥ।
ਸ਼ਿਵ[੧੫] ਕੋ ਰੂਪ ਧਰਯੋ ਗੁਰ ਨਾਥ।
ਹੇਰਿ ਹੇਰਿ ਸਗਰੇ ਨਰ ਡਰੇ।
-ਕਹਾ ਇਹੁ ਕਿਯੋ?- ਸ਼ੰਕ ਉਰ ਧਰੇ ॥੮॥
ਸ਼੍ਰੀ ਅੰਗਦਿ ਬਿਨ ਸਭਿ ਭਰਮਾਏ।
ਰਹੇ ਸਮੀਪ ਨ, ਦੂਰ ਪਲਾਏ।
ਪੁਨਿ ਇਕ ਕੌਤਕ ਗੁਰੂ[+] ਦਿਖਾਯੋ।
'ਖਾਵੋ ਸ਼ਵ ਕੋ[੧੬]' ਹੁਕਮ ਅਲਾਯੋ ॥੯॥
ਇਹੁ ਗਾਥ ਜਿਮ ਭਈ ਸੁਨਾਵੌਂ।
ਅਚਰਜ ਕੌਤਕ ਕਰਯੋ ਬਤਾਵੌਂ।
ਬਹੁ ਸਿੱਖਨ ਕੋ ਲੇ ਨਿਜ ਸਾਥਿ।
ਨਦੀ ਕਿਨਾਰ[++] ਚਲੇ ਗੁਰਨਾਥ ॥੧੦॥
ਕੇਤਿਕ ਦੂਰ ਗਏ ਅਗਵਾਏ।
ਪੈਸੇ ਭੂ ਪਰ ਪਰੇ ਦਿਖਾਏ।
ਕਹਯੋ 'ਚਾਹੁ ਚਿਤ ਜਿਸ ਲੈ ਜਾਹੋ।'
ਸੁਨਿ ਕੇਚਿਤ ਬਚ, ਗਹਿ ਕਰ ਮਾਹੋ[੨] ॥੧੧॥

---

[੯]ਮੁੰਞ ਦੀ ਮੋਟੀ ਤੜਾਗੀ (ਕਮਰ ਕਸਾ) ਲੱਕ ਨਾਲ ਬੰਨ੍ਹ ਕੇ।
[੧੦]ਤਿੱਖਾ ਤੇ ਨੰਗਾ।
[੧੧]ਕਮਰਕਸੇ ਨਾਲ (ਛੁਰਾ) ਬੱਧਾ।
[੧੨]ਹੱਡੀਆਂ ਦੀ।
[੧] ਜਿਵੇਂ ਸ਼ਿਵਜੀ ਦੀ ਸਿਰਾਂ ਦੀ ਮਾਲਾ ਹੁੰਦੀ ਹੈ।
[੧੪]ਕੁੱਤੇ ਕੁੱਤੀਆਂ।
[੧੫]ਭਿਆਨਕ। ਸ਼ਿਵ ਤ੍ਰੈਹਾਂ ਹਿੰਦੂ ਦੇਵਤਿਆਂ ਵਿਚੋਂ ਸਹਿਮ ਕਰਤਾ ਤੇ ਭਯਾਨਕ ਹੈ, ਇਸ ਵਾਸਤੇ ਸ਼ਿਵ ਤੋਂ ਮੁਰਾਦ ਭਯਾਨਕ ਦੀ ਬੀ ਲਈ ਦੀ ਹੈ।
[+]ਪਾ:-ਪ੍ਰਭੂ।
[੧੬]ਮੁਰਦੇ ਨੂੰ।
[++]ਪਾ:-ਕਛਾਰ।
[੨]ਕਈਆਂ ਨੇ (ਪੈਸੇ) ਹੱਥ ਵਿਚ ਫੜਕੇ।

ਭਾਰਿ ਉਠਾਯੋ ਜੇਤਿਕ ਜਾਇ।
ਲੇ ਕਰਿ ਮੁਰੇ ਗ੍ਰਾਮ ਕੋ ਆਇ।
ਪੁਨ ਆਗੇ ਕੁਛ ਗਮਨੇ ਜਬੈ।
ਪਰੇ ਰਜਤਪਣ ਦੇਖਤਿ ਸਬੈ ॥੧੨॥
ਹੁਕਮ ਕਰਯੋ 'ਚਾਹੋ ਲੇ ਜਾਇ।'
ਸੁਨਿ ਕਰਿ ਭਾਰ ਪ੍ਰਮਾਣ[1] ਉਠਾਇ।
ਬਡ ਪ੍ਰੇਮੀ ਨੇ ਧਨ ਨਹਿਂ ਗਹਯੋ।
ਪੁਨ ਆਗੇ ਸਤਿਗੁਰੁ ਮਗ ਲਹਯੋ ॥੧੩॥
ਕਿਤਿਕ ਦੂਰਿ ਦੀਨਾਰ[2] ਪਰੀ ਹੈਂ।
ਦੇਖਤਿ ਆਗਜਾ ਪ੍ਰਭੂ ਕਰੀ ਹੈ।
'ਲੇ ਜਾਵਹੁ ਅਭਿਲਾਖਹੁ ਜੇਹਿ।
ਤੁਮਰੇ ਹਿਤ ਮੈਂ ਕੀਨਸ ਏਹਿ' ॥੧੪॥
ਧਰਿ ਉਰ ਲੋਭ ਸੁ ਲਈ ਉਠਾਇ।
ਲੇ ਗਮਨੇ ਗ੍ਰਿਹ ਕੋ ਸਮੁਦਾਇ।
ਅਤਿ ਪ੍ਰੇਮੀ ਗੁਰ ਕੇ ਤਬਿ ਰਹੇ।
ਇਕ ਮੈਂ, ਦੁਤੀ ਸਧਾਰਣ ਅਹੇ ॥੧੫॥
ਤ੍ਰਿਤੀ ਭਗੀਰਥ ਅਰੁ ਸ਼੍ਰੀ ਅੰਗਦ।
ਚਲੇ ਸੰਗ ਤਜਿ ਕੈ ਸਭਿ ਸੰਪਦਿ।
ਕਿਤਿਕ ਦੂਰਿ ਜਬਿ ਪਹੁੰਚੇ ਜਾਇ।
ਭੂਤਲ ਇਕ ਸਮ ਰੁਚਿਰ[3] ਸੁਹਾਇ ॥੧੬॥
ਸੰਚੈ ਕਾਸ਼ਟ ਚਿਤਾ[4] ਕਰੀ ਹੈ।
ਇਕ ਸ਼ਵ ਕੀ[5] ਤਹਿਂ ਦੇਹਿ ਪਰੀ ਹੈ।
ਤਿਸ ਢਿਗੁ ਖਰੇ ਹੋਇ ਕਰਿ ਭਾਖੀ।
'ਹਟੇ ਹੁਤੇ ਜੋ ਧਨ ਅਭਿਲਾਖੀ ॥੧੭॥
ਅਤਿ ਪ੍ਰੇਮੀ ਤੁਮ ਮਮ ਸੰਗ ਆਏ।
ਮਿਲਿ ਇਸ ਮੁਰਦੇ ਕੋ ਲਿਹੁ ਖਾਏ।'
ਹਮ ਅਚਰਜ ਭੇ, -ਸ਼ਵ ਕਿਨ ਆਨਾ-।
ਹਾਥ ਜੋਰਿ ਕਰਿ ਵਾਕ ਬਖਾਨਾ ॥੧੮॥

---

[1]ਜਿੰਨ੍ਹਾਂ ਭਾਰ ਕੋਈ ਚੁੱਕ ਸਕਦਾ ਸੀ। (ਅ) ਭਾਰ = ਢਾਈ ਮਣ।
[2]ਮੋਹਰਾਂ।
[3]ਪ੍ਰਿਥਵੀ ਇਕ ਜਿਹੀ ਸੁੰਦਰ।
[4]ਚਿਖਾ।
[5]ਮੁਰਦੇ ਦੀ।

ਨਰ ਮ੍ਰਿਤੁ ਕੋ ਨਰ ਖਾਇ ਨ ਕੋਈ।
ਦਾਰੁਨ ਕ੍ਰਿਤੀ ਤ੍ਰਾਸ ਪਿਖਿ ਹੋਈ[1]।'
ਇਤ ਉਤ ਟਰਿ ਕਰਿ ਲੇ ਤਰੁ ਓਟਾ[2]।
ਭੇ ਹਮ ਠਾਂਢੇ ਸਭਿ ਕੋ ਹੋਟਾ[3] ॥੧੯॥
ਸ੍ਰੀ ਅੰਗਦਿ ਜੀ ਸੰਗ ਨ ਛੋਰਾ।
ਕਹਜੋ[4] ਕਠੋਰ ਹੇਰਿ ਇਸ ਓਰਾ।
'ਕਜੋਂ ਤੂੰ ਖਰੋ? ਸ਼ਿਤਾਬ ਪਲਾਵਹੁ।
ਨਾਂਹਿ ਤ ਇਸ ਸ਼ਵ ਕੋ ਤਨ ਖਾਵਹੁ' ॥੨੦॥
ਮਾਨ ਬਾਕ ਜਬਿ ਬਸਤ੍ਰ ਉਘਾਰਾ।
ਭਯੋ ਤਿਹਾਵਲ[5] ਸਕਲ ਨਿਹਾਰਾ।
ਤਤਛਿਨ ਲੋਪ ਭਜੋ ਸਭਿ ਖੇਲਾ[6]।
ਸ੍ਰੀ ਅੰਗਦ ਕੋ ਗਹਿ ਗਰ ਮੇਲਾ ॥੨੧॥
ਏਕ ਰੂਪ ਅਪਨੋ ਸੋਂ ਕਰਜੋ।
ਗੁਰਤਾ ਭਾਵ ਤਿਨਹੁੰ ਮਹਿੰ ਧਰਜੋ।
ਸਭਿ ਜਗ ਕੀ ਦੇ ਕਰਿ ਗੁਰਿਆਈ।
ਤਿਨ ਮਹੁੰ ਅਪਨੀ ਜੋਤਿ ਮਿਲਾਈ ॥੨੨॥
ਅਪਰ ਰੀਤਿ ਸੋਂ ਬਹੁ ਪਤਿਆਏ।
ਸੋ ਪ੍ਰਸੰਗ ਮੈਂ ਨਹੀਂ ਸੁਨਾਏ।
ਗੁਰਤਾ ਗਾਦੀ ਦੇ ਸਮੁਝਾਯੋ।
'ਇਹਾਂ ਨ ਰਹਿਬੋ ਤੁਮਰੋ ਭਾਯੋ ॥੨੩॥
ਗ੍ਰਾਮ ਖਡੂਰ ਸਦਨ ਕਰਿ ਰਹੀਅਹਿ।
ਜਹਿਂ ਜਹਿਂ ਅਪਨ ਸਬੰਧੀ ਲਹੀਅਹਿ।
ਸਕਲ ਸਕੇਲਹੁ ਅਪਨੇ ਪਾਸ।
ਥਿਰਹੁ ਤਹਾਂ ਲਿਹੁ ਆਨੰਦ ਰਾਸ' ॥੨੪॥
ਇਮ ਆਗਜਾ ਸੁਨਿ ਕਰਿ ਸਤਿਗੁਰ ਕੀ।
ਚਹਤਿ ਨ ਬਿਛੁਰਜੋ ਪ੍ਰੀਤੀ ਉਰ ਕੀ।
ਤਊ ਬਿਬਸ ਹੁਇ ਕਰਿ ਪਗ ਨਮੋ।

---

[1]ਇਹ ਕਾਰ ਭਜਾਨਕ ਹੈ, ਦੇਖਕੇ ਹੀ ਭੈ ਲਗਦਾ ਹੈ।
[2]ਟਲ ਕੇ ਬ੍ਰਿੱਛਾਂ ਦੀ ਓਟ ਲੈਕੇ।
[3](ਐਉਂ) ਸਾਨੂੰ ਸਾਰਿਆਂ ਨੂੰ ਹੋੜਿਆ (ਗੁਰੂ ਜੀ ਨੇ)।
[4](ਗੁਰੂ ਜੀ ਨੇ) ਕਿਹਾ।
[5]ਕੜਾਹ ਪ੍ਰਸ਼ਾਦ।
[6]ਕੜਾਹ ਪ੍ਰਸ਼ਾਦ ਸਮੇਤ ਸਾਰਾ ਖੇਲ।

ਬ੍ਰਿਹੁ ਤੇ ਬਜਾਕੁਲ ਬਹੁ ਤਿਹ ਸਮੋ ॥੨੫॥
[1]'ਮੋਹਿ ਸਿੰਘਾਸਨ ਸਦਨ ਭਿਰਾਈ।
ਤਹਾਂ ਬਿਰਾਜਹੁ ਕਰਹੁ ਗੁਰਾਈ।'
ਸੁਨਿ ਪ੍ਰਭੁ ਤੇ ਮਾਰਗ ਚਲਿ ਪਰੇ।
ਭਗਤਿ ਭੰਡਾਰ ਭਾਉ ਉਰ ਧਰੇ ॥੨੬॥
ਸੱਤਜਨਾਮ ਧਨ ਲੀਨਿ ਅਤੋਟ।
ਖਰਚਹਿਂ ਵਧਹਿ ਤਰੇ ਗਨ ਕੋਟਿ।
ਸਨੇ ਸਨੇ ਚਲਿ ਪਹੁੰਚੇ ਗ੍ਰਾਮ।
ਮਾਤ ਭਿਰਾਈ ਕੋ ਜਹਿਂ ਧਾਮ ॥੨੭॥
ਹਿਤ ਕਰਿ ਮਿਲੀ ਭਾਉ ਕੋ ਧਾਰਾ।
ਸਿੰਘਾਸਨ ਪਰ ਸੁਤ ਬੈਠਾਰਾ।
ਸ੍ਰੀ ਨਾਨਕ ਸ੍ਰੀ ਅੰਗਦਿ ਮਾਂਹੀ।
ਭੇਦ ਭਿਰਾਈ ਜਾਨਜੋ ਨਾਂਹੀ ॥੨੮॥
ਖੀਵੀ ਅਪਨਿ ਸਨੂਖਾ ਹੋਈ।
ਕਰੀ ਹਕਾਰਨਿ ਪਹੁੰਚੀ ਸੋਈ।
ਪਤਿ ਕੀ ਸੇਵ ਕਰਨ ਮਹਿਂ ਲਾਗੀ।
ਪਤਿਬ੍ਰਤ ਧਰਮ ਦ੍ਰਿੜ੍ਹਾ ਅਨੁਰਾਗੀ ॥੨੯॥
ਖਾਨ ਪਾਨ ਪਹਿਰਨ ਸੁਧਿ ਸਾਰੀ।
ਨਿਸੁਪ੍ਰੇਹੀ[2] ਪਤਿ ਕਰਤਿ ਸੰਭਾਰੀ।
ਕਰ ਜੋਰਹਿ ਆਇਸੁ ਕੋ ਮਾਨਹਿ।
ਅਧਿਕ ਪ੍ਰੀਤ ਤੇ ਸੇਵਾ ਠਾਨਹਿ ॥੩੦॥
ਨਿਤਿਪ੍ਰਤਿ ਚਹਤਿ ਅਸਨ[3] ਪਹੁੰਚਾਵਹਿ।
ਆਇਸੁ ਪਾਇ ਦਰਸ ਕੋ ਆਵਹਿ।
ਪਾਰਬ੍ਰਹਮ ਕਰਿ ਪਤਿ ਕੋ ਜਾਨੈ।
ਮੂਰਤਿ ਧਜਾਨ ਰਿਦੈ ਸਦ ਠਾਨੈ ॥੩੧॥
ਬਿਛਰਨ ਸਮੈ ਭਨਜੋ ਸ੍ਰੀ ਨਾਨਕ।
'ਇਤ ਤੁਮ ਆਇ ਨ, ਜਾਹੁ ਅਚਾਨਕ[4]।
ਬਸਹੁ ਖਡੂਰ ਤਹਾਂ ਹਮ ਆਵੈਂ।

---

[1]ਗੁਰੂ ਨਾਨਕ ਜੀ ਦੇ ਵਾਕ ਹਨ।
[2]ਨਿਰਇੱਛਤ।
[3]ਚਾਹਿਆ ਭੋਜਨ।
[4](ਆਪਣੇ ਘਰ ਨੂੰ) ਅਚਾਨਕ ਚਲੇ ਜਾਓ (ਫੇਰ) ਇਧਰ ਨਾ ਆਉਣਾ। (ਅ) ਜਾਓ, ਇਧਰ ਅਚਾਨਕ (ਬਿਨ ਆਗਯਾ) ਨਹੀਂ ਆਉਣਾ।

ਮਿਲਹਿਂ ਤੋਹਿ ਜਬਿ ਉਰ ਮਹਿਂ ਭਾਵੈਂ' ॥੩੨॥
ਕੇਤਿਕ ਦਿਵਸ ਬਿਤੀਤੇ ਜਬਹੂੰ।
ਦੁਇ ਦਿਸ਼ ਚਿਤ ਅਕੁਲਾਨੇ ਤਬਹੂੰ।
ਅਭਿਲਾਖਤਿ ਭੇ ਮਿਲਨ ਜ਼ਰੂਰ।
ਸ੍ਰੀ ਨਾਨਕ ਜੀ ਅਏ ਖਡੂਰ ॥੩੩॥
ਸ੍ਰੀ ਅੰਗਦ ਲਖਿ ਗੁਰ ਆਗਵਨੂ।
ਗਵਨੇ ਲੇਨਿ ਅਗਾਰੀ ਭਵਨੂ।
ਰਵਿ ਗੁਰ ਪਿਖਿ ਕਿਯ ਚਖ ਅਰਬਿੰਦ[1]।
ਪਗ ਪੰਕਜ ਮਨ ਬਨ੍ਯੋ ਮਲਿੰਦ ॥੩੪॥
ਭਰਿ ਕੌਰੀ ਪ੍ਰਭੁ ਭਏ ਅਸੀਨ।
ਵਹਰ ਗ੍ਰਾਮ ਤੇ ਥਲ ਸ਼ੁਭ ਚੀਨ।
ਸੁਨਿ ਖੀਵੀ ਦਰਸ਼ਨਿ ਕੋ ਆਈ।
ਸ੍ਰੀ ਗੁਰ ਦੇਖੇ ਗ੍ਰੀਵ ਨਿਵਾਈ ॥੩੫॥
ਕਹ੍ਯੋ ਗੁਰੂ 'ਪੁਰਖਾ ਤੂੰ ਧੰਨ।
ਸਦਾ ਬਸੀ ਮੁਝ ਕਰ੍ਯੋ ਪ੍ਰਸੰਨ।
ਤੁਮ ਸਮ ਜਗ ਮਹਿਂ ਅਪਰ ਨ ਕੋਈ।
ਮੋ ਮਨ ਮੈਂ ਪ੍ਰਿਯ ਔਰੁ ਨ ਹੋਈ' ॥੩੬॥
ਸਰਬ ਪ੍ਰਕਾਰ ਧੀਰ ਕਹਿ ਦਯੋ।
ਮਿਲਿ ਬੋਲਨਿ ਭਾ ਸੀਤਲ ਹਿਯੋ।
ਅਤਿ ਅਨੰਦ ਕੋ ਪਾਇ ਰਹੇ ਹੈਂ।
ਪਰਮ ਪ੍ਰੇਮ ਕੇ ਬਾਕ ਕਹੇ ਹੈਂ ॥੩੭॥
ਪੁਰਿ ਕਰਤਾਰ ਗੁਰੂ ਪੁਨ ਚਲੇ।
ਸਨਮੁਖ ਸ੍ਰੀ ਅੰਗਦ ਜੀ ਖਲੇ।
ਜੁਗ ਮੂਰਤਿ ਇਕ ਜੋਤਿ ਪ੍ਰਕਾਸ਼ੇ।
ਹੋਤਿ ਅਨੰਦ ਬਿਲੰਦ ਹੁਲਾਸੇ ॥੩੮॥
ਕਹਿ ਸ੍ਰੀ ਅਗੰਦਿ 'ਸੁਨੀਅਹਿ ਨਾਥ!
ਰਾਖਹੁ ਨਿਕਟ, ਚਲੋਂ ਮੈਂ ਸਾਥ।
ਸਹ੍ਯੋ ਨ ਜਾਵੈ ਬ੍ਰਿਹਾ ਤੁਮਾਰੋ।
ਦਰਸ਼ਨ ਪਰਸਤਿ ਰਹੋਂ ਸੁਖਾਰੋ' ॥੩੯॥
ਕਹ੍ਯੋ ਗੁਰੂ 'ਤੁਮ ਮਮ ਮਨ ਮਾਂਹੀ।
ਭੇਦ ਭਾਵ ਕੁਛ ਲਖੀ ਅਹਿ ਨਾਂਹੀ।

---

[1]ਭਾਵ, ਗੁਰੂ ਜੀ ਸੂਰਜ, (ਗੁਰੂ ਅੰਗਦ ਦੇਵ ਜੀ ਦੇ) ਨੈਣ ਕਮਲ ਤੇ ਮਨ ਭੌਰਾ ਚਰਨਾਂ ਕਮਲਾਂ ਦਾ।

ਗਮਨ ਕਰਤਾਰ ਪੁਰੇ ਮਮ ਜਾਨਿ।
ਤੁਮ ਨਿਸ਼ਚਲਿ ਬੈਠਹੁ ਇਸ ਥਾਨ' ॥੪੦॥
ਇਮ ਕਹਿ ਬਾਬਾ ਜੀ ਚਲਿ ਗਏ।
ਸ਼੍ਰੀ ਅੰਗਦ ਤਹਿਂ ਬੈਠਤਿ ਭਏ।
ਦ੍ਰਿੜ੍ਹ ਆਸਨ ਕਰਿ ਆਸਨ ਆਨਿ।
ਬੀਤੇ ਕਿਤਿਕ ਦਯੋਸ ਤਿਸ ਥਾਨ ॥੪੧॥
ਮੁੰਦੇ ਬਿਲੋਚਨ ਸੁਧਿ ਨ ਸ਼ਰੀਰ।
ਤ੍ਰਿਣ ਜਾਮੇ[1] ਚਹੁੰਗਿਰਦੇ ਤੀਰ।
ਕਿਤਿਕ ਅੰਗ ਛਾਦਨ ਹੁਇ ਗਏ।
ਨਰ ਤਹਿਂ ਆਵਤਿ ਦੇਖਤਿ ਭਏ ॥੪੨॥
-ਆਪੇ ਕਹਯੋ ਆਪ ਹੀ ਮਾਨੈ[2]।
ਲੀਲਾ ਗੁਪਤਿ ਨ ਕੋਊ ਜਾਨੈ-।
ਸ਼੍ਰੀ ਨਾਨਕ ਜੀ ਸਭਿ ਬਿਧਿ ਜਾਨੀ।
-ਆਸਨ ਲਾਇ ਸਮਾਧੀ ਠਾਨੀ ॥੪੩॥
ਤਪ ਬਡ ਕੀਨ ਖੇਦ ਕੋ ਪਾਏ।
-ਅੰਤਰਜਾਮੀ ਤਤਛਿਨ ਆਏ।
ਪਕਰ ਜਗਾਯੋ[3], ਦਿਖਿ ਕਿਯ ਨਮੋ[4]।
ਬਸਤ੍ਰ ਮੰਗਾਏ ਪ੍ਰਭੁ ਤਿਹ ਸਮੋ ॥੪੪॥
ਸਭਿ ਪੁਸ਼ਾਕ[*] ਸੁੰਦਰ ਪਹਿਰਾਈ।
ਲੇ ਕਰਿ ਗਏ ਗ੍ਰਾਮ ਗੋਸਾਈਂ।
ਜਹਿਂ ਤਪ ਸ਼੍ਰੀ ਅੰਗਦ ਜੀ ਕਰਯੋ।
ਤਪਿਆਨਾ[5] ਤਹਿਂ ਨਾਮ ਸੁ ਧਰਯੋ ॥੪੫॥
ਕਹਯੋ ਬਾਕ 'ਤੁਮ ਕਯੋਂ ਤਪ ਧਾਰਾ?
ਬੈਠਨਿ ਸਹਜ ਸੁਭਾਵ ਉਚਾਰਾ।
ਵਹਿਰ ਬੈਠਿ ਤੁਮ ਦਯੋਸ ਬਿਤਾਏ।
ਦੇਖਿ ਦਸ਼ਾ ਹਮ ਆਨਿ ਜਗਾਏ ॥੪੬॥
ਤੁਵ ਦੁਖ ਤੇ ਹਮ ਨੇ ਦੁਖ ਲਹਯੋ।

---

[1]ਘਾਹ ਉੱਗਿਆ।
[2]ਭਾਵ ਗੁਰ ਨਾਨਕ ਰੂਪ ਹੋਕੇ ਕਹਿੰਦੇ ਹਨ, ਗੁਰੂ ਅੰਗਦ ਰੂਪ ਹੋਕੇ ਮੰਨਦੇ ਹਨ।
[3]ਜਗਾਯਾ (ਗੁਰੂ ਨਾਨਕ ਜੀ ਨੇ)।
[4]ਨਮਸਕਾਰ ਕੀਤੀ (ਗੁਰੂ ਅੰਗਦ ਜੀ ਨੇ)।
[*]ਪਾ:-ਪੋਸ਼ਿਸ਼।
[5]ਤਪਿਆਣਾ ਸਾਹਿਬ।

ਏਕ ਭਯੋ ਕਛੁ ਭੇਦ ਨ ਰਹ੍ਯੋ।
ਮੈਂ ਤੁਮਰੇ ਹਿਤ ਤਪ੍ਯੋ ਬਿਸਾਲਾ।
ਨਿਜਾਨੰਦ ਮੈਂ ਰਹੋ ਸੁਖਾਲਾ ॥੪੭॥
ਮੈਂ ਅਪਨੋ ਬਡਿ ਦੀਨ ਸਿੰਘਾਸਨ।
ਬੈਠਹੁ ਬਹੁ ਅਨੰਦ ਲੇ ਆਸਨ[+]।
ਮਿਰਜਾਦਾ ਸੁ ਪੰਥ ਕੀ ਕਰੋ[1]।
ਸਿੱਖੀ ਰੀਤਿ ਜਗਤ ਬਿਸਤਰੋ' ॥੪੮॥
ਸੁਨਿ ਕੈ ਹਾਥ ਜੋਰਿ ਕਹਿ ਸੋਇ।
'ਇਹੁ ਸਭਿ ਕਾਰਜ ਤੁਮ ਤੇ ਹੋਇ।
ਆਪਿ ਸਕਲ ਬਿਧਿ ਹੋ ਸਮਰੱਥ।
ਚਹੋ ਸੁ ਕਰੋ ਤੁਮਾਰੇ ਹੱਥ' ॥੪੯॥
ਅੰਕ ਲਗਾਯੋ[2], ਭਏ ਪ੍ਰਸੰਨ।
ਭੋ ਅੰਗਦ ਤੁਮ ਕੋ ਧੰਨੁ ਧੰਨੁ।
ਤੁਮ ਮਹਿਂ ਹੁਇ ਹਮ ਕਾਰਜ ਕਰੈਂ।
ਜਗ ਉਧਾਰ ਸਿਖੀ ਬਿਸਤਰੈਂ ॥੫੦॥

ਦੋਹਰਾ: ਇਮ ਸ਼੍ਰੀ ਨਾਨਕ ਕੀ ਕਥਾ,
ਬ੍ਰਿਧ ਨੇ ਸਭਿਨਿ ਸੁਨਾਇ।
ਸੰਸੈ ਕਰੇ ਨਿਵਿਰਤ ਉਰਿ,
ਗੁਰ ਮਹਿਮਾ ਅਧਿਕਾਇ ॥੫੧॥

ਚੌਪਈ: ਸੇਵ ਕਮਾਇ ਜਨਾਵਹਿ ਨਾਂਹੀ।
ਕੁਛ ਹੰਕਾਰ ਨ ਧਰਿ ਉਰ ਮਾਂਹੀ।
ਫਲ ਕੀ ਨਹੀਂ ਬਾਸ਼ਨਾ ਧਰੈ।
ਤੌ ਗੁਰੁ ਆਗੈ ਲੇਖੇ ਪਰੈ ॥੫੨॥
ਨਾਂਹਿ ਤ ਸੇਵਾ ਕਰਨ ਮਝਾਰੀ।
ਰਹੈ ਨੂਨਤਾ ਲਖੈ ਬਿਚਾਰੀ।
ਗੁਰੂ ਗੋਰ ਮਹਿਂ ਮੁਰਦਾ ਹੋਇ[3]।
ਪਾਵਹਿ ਭਲੇ ਪਰਮਪਦ ਸੋਇ ॥੫੩॥
ਅੰਗ ਹਿਲਾਇ ਨ ਆਪਿ ਜਨਾਵੈ।

[+]ਪਾ:-ਸੁਖ ਰਾਸਨ।
[1]ਸ੍ਰੇਸ਼ਟ ਮਾਰਗ (ਭਗਤੀ) (ਅ) ਗੁਰੂ ਨਾਨਕ ਪੰਥ ਤੀ ਯਥਾ:-ਨਾਨਕ ਨਿਰਮਲ 'ਪੰਥ' ਚਲਾਯਾ। (ਭਾ: ਗੁ: ਵਾਰ ੧ ਪੌੜੀ ੪੫)।
[2]ਜੱਫੀ ਪਾਈ।
[3]ਭਾਵ, ਹਉਮੈ ਤਿਆਗਕੇ ਗੁਰੂ ਆਗਿਆ ਵਿਚ ਵਰਤਣਾ।

ਗੁਰ ਭਾਣੇ ਮਹਿੰ ਨਿਤਿ ਹਰਖਾਵੈ।
ਜੇ ਗੁਰ ਜ਼ਹਰ ਦੇਇ ਸਿਖ ਹੀ ਕੋ।
ਪਾਨ ਕਰੈ[1] ਨਿਹਸੰਸੇ ਹੀ ਕੋ[2] ॥੫੪॥
ਮਨ ਜਾਨਹਿ -ਮਮ ਭਲਾ ਕਰੰਤੇ-।
ਗੁਰੁ ਦਿਸ਼ ਦੋਸ਼ ਨਹੀਂ ਚਿਤਵੰਤੇ।
ਸਿਰ ਧਰਿ ਤਲੀ ਗਲੀ ਗੁਰ ਬਰੈ[3]।
ਮ੍ਰਿਤੁ ਸਮ ਰਹੈ ਤਰਕ ਨਹਿੰ ਕਰੈ[*] ॥੫੫॥
ਮਹਾਂ ਕਠਿਨ ਸਤਿਗੁਰ ਕੀ ਸੇਵਾ।
ਜਿਨਹੁਂ ਕਰੀ ਸੇ ਜਾਨਹਿਂ ਭੇਵਾ।
ਲਹੈ ਏਕਤਾ ਗੁਰ ਮਹਿਂ ਸੋਈ।
ਆਵਨਿ ਜਾਨ ਨਹੀਂ ਪੁਨ ਹੋਈ ॥੫੬॥
ਕੋਟਿ ਜਨਮ ਕੋ ਭ੍ਰਮਣੋ ਰਹਜੋ।
ਦੁਲਭ ਦੇਹੁ ਕੋ ਫਲ ਜੁਤਿ ਲਹਜੋ।
ਮਹਾਂ ਕਸ਼ਟ ਤੇ ਗੁਰੂ ਬਚਾਵੈ।
ਨਹੀਂ ਅਪਰ ਤੇ ਅਸ ਫਲ ਪਾਵੈ ॥੫੭॥
ਬਡੇ ਭਾਗ ਤੇ ਲਹਿ ਗੁਰ ਸੇਵਾ।
ਧੰਨ ਪੁਰਖ ਜੋ ਜਾਨੈ ਭੇਵਾ।
ਪਰਮੇਸ਼ੁਰ ਜਬਿ ਹੋਇ ਪ੍ਰਸੰਨ।
ਗੁਰੂ ਮਿਲਾਇ ਬਨਾਵਹਿਂ ਧੰਨੁ ॥੫੮॥
ਗੁਰ ਪ੍ਰਸੰਨ ਹੁਇ ਸੇਵ ਕਰੰਤੇ।
ਪ੍ਰਭੂ ਮਿਲਾਇ ਕਰਹਿਂ ਭਗਵੰਤੇ[4]।
ਇਸ ਬਿਧਿ ਸਿੱਖਨ ਬਿਖੈ ਪ੍ਰਸੰਗ।
ਮਹਿਮਾ ਜਾਨ ਰਹੇ ਗੁਰੁਸੰਗ[5] ॥੫੯॥
ਆਪਾ ਨਹਿਂ ਜਨਾਇੰ ਗੁਰ ਆਗੇ।
ਨਿਸ ਦਿਨ ਰਹੈਂ ਸੇਵ ਮਹਿਂ ਲਾਗੇ।

---

[1]ਪੀਵੇ।
[2]ਹੋਕੇ (ਅ) ਦਿਲ ਤੋਂ।
[3]ਵੜੇ।
[*]ਪਾ:-ਨਾ ਤਰਕਨ ਕਰੇ।
[4]ਭਾਗਾਂ ਵਾਲੇ।
[5]ਇਸ ਤਰ੍ਹਾਂ (ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਭਾਈ ਬੁੱਢੇ ਦੇ ਕਥਨ ਕੀਤੇ) ਪ੍ਰਸੰਗ ਸਿੱਖਾਂ ਵਿਚ ਹੋਏ (ਜਿਨ੍ਹਾਂ ਤੋਂ ਗੁਰ ਸੇਵਾ ਦੀ) ਮਹਿਮਾਂ ਜਾਣਕੇ (ਅਭਿਮਾਨ ਵਿਚ ਜੋ ਆਏ ਸਨ) ਸੋ ਸੰਗ ਰਹੇ (ਭਾਵ ਸਨਮੁਖ ਰਹੇ)।

ਇਮ ਸ੍ਰੀ ਅੰਮ੍ਰਿਤਸਰਿ ਕਰ ਪੂਰਨ।
ਮਹਿਮਾ ਬਰਨੈਂ ਪਾਪਨ ਚੂਰਨਿ* ॥੬੦॥ {ਵਿਸ਼ੇਸ਼ ਟੂਕ}

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰਾਸੇ 'ਸ੍ਰੀ ਗੁਰੁ ਨਾਨਕ ਪ੍ਰਸੰਗ, ਸ੍ਰੀ ਅੰਮ੍ਰਿਤਸਰ ਬਨਾਵਨਿ ਪੂਰਨ ਪ੍ਰਸੰਗ' ਬਰਨਨੰ ਨਾਮ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਾਮ ਸਪਤ ਪੰਚਾਸਮੋ ਅੰਸੂ ॥੫੭++॥

ਦੁਤੀਆ ਰਾਸ ਸਮਾਪਤੰ¶॥

-o-

[ਦੂਜੀ ਰਾਸ਼ਿ ਸੰਪੂਰਨ ਹੋਈ]

ਵਿਸ਼ੇਸ ਟੂਕ: ਕਈ ਲਿਖਤੀ ਨੁਸਖਿਆਂ ਵਿਚ ਇਹ ਅੰਸੂ ੫੦ ਅੰਗ ਤੇ ਸਮਾਪਤਿ ਹੋਇਆ ਹੈ, ਕਿਸੇ ਕਿਸੇ ਵਿਚ ਅੰਕ ੬੦ ਤੇ ਮੁਕਾ ਹੈ ਤੇ ਰਾਸ ਦੂਸਰੀ ਪੂਰਨ ਹੋਈ ਹੈ, ਪਰੰਤੂ ਇਕ ਲਿਖਤੀ ਨੁਸਖੇ ਵਿਚ ਅੰਕ ੬੦ ਤੋਂ ਅਗੇ ਇਹ ਪਾਠ ਬੀ ਹੈ:-

ਪਠੈ ਸੁਨੈ ਸੋ ਪਰਮਗਤਿ ਪਾਵੈ। ਅੰਤੁ ਸਮੈਂ ਗੁਰ ਮਾਂਹਿ ਸਮਾਵੈ।
ਰਾਸ ਦੂਸਰੀ ਭਈ ਸਮਾਪਤਿ। ਕਰਿ ਵਿਚਾਰ ਸਿਖ ਨਿਰਮੁਲ ਆਤਮੁ ॥੬੧॥
ਸ੍ਰੀ ਗੁਰ ਨਾਨਕ ਅੰਗਦੁ ਚੰਦੁ। ਅਮਰੁ ਦਾਸੁ ਰਾਮੁਦਾਸੁ ਮੁਕੰਦੁ।
ਸ੍ਰੀ ਅਰਜਨ ਗੁਰ ਹਰਿ ਗੋਬਿੰਦ। ਸ੍ਰੀ ਹਰਿਰਾਇ ਹਰਿ ਕ੍ਰਿਸ਼ਨ ਬਿਲੰਦੁ ॥੬੨॥
ਤੇਗੁ ਬਹਾਦਰ ਸਭਿ ਜਗੁ ਮਾਲਕ। ਗੋਬਿੰਦ ਸਿੰਘੁ ਹਿੰਦੁ ਧ੍ਰਮ ਪਾਲਕੁ।
ਦਸੋ ਗੁਰੂ ਪੂਰਨ ਅਵਤਾਰੁ। ਕਵਿ ਸੰਤੋਖ ਸਿੰਘ ਬੰਦਨੁ ਧਾਰੁ ॥੬੩॥

ਛਾਪੇ ਦੇ ਨੁਸਖੇ ਵਿਚ ਹੇਠ ਲਿਖੀਆਂ ਇਹ ਸਤਰਾਂ ਵਾਧੂ ਹਨ ਜੋ ਪ੍ਰਤੱਖ ਜਾਪਦਾ ਹੈ ਕਿ ਕਿਸੇ ਨੇ ਆਪ ਠੱਪ ਕੇ ਪਾਈਆਂ ਹਨ। ਇਕ ਲਿਖਤੀ ਨੁਸਖੇ ਵਿਚ ਅੰਸੂ ਮੁੱਕ ਕੇ ਮਗਰੋਂ ਹੋਰ ਸ਼ਾਹੀ ਤੇ ਹੋਰ ਦਸਖਤਾਂ ਵਿਚ ਏਹੀ ਸਤਰਾਂ ਹੈਨ ਜੋ ਅਸੀਂ ਅਗੇ ਦੇਂਦੇ ਹਾਂ, ਜੋ ਕਿ ਛਾਪੇ ਦੇ ਨੁਸਖੇ ਤੋਂ ਕਿਸੇ ਓਥੇ ਮਗਰੋਂ ਉਤਾਰੀਆਂ ਹੈਨ:-

ਦੋਹਰਾ: ਮਹਿਮਾ ਸਤਿਗੁਰ ਧਾਮ ਕੀ ਬਰਨਨ ਕਹੀ ਸੁਨਾਇ।
ਵਕਤੇ ਸੁਨਤੇ ਦੁਹਿਨ ਕੇ ਸਤਿਗੁਰ ਹੋਇੰ ਸਹਾਇ॥੬੧॥

ਚੌਪਈ: ਸਤਿਜੁਗ ਮੈਂ ਇੱਖ੍ਵਾਕ ਸਰ ਨਾਮ। ਤ੍ਰੇਤੇ ਮਹਿਂ ਸੁਰ ਸੁਧਾ ਬਖਾਨ।
ਦ੍ਵਾਪਰ ਨਾਮ ਰਾਮਸਰ ਜੋਵਾ। ਕਲਜੁਗ ਮੈਂ ਅੰਮ੍ਰਿਤਸਰ ਹੋਵਾ ॥੬੨॥
ਜੁਗਾ ਜੁਗੰਤਰ ਤੀਰਥ ਏਹੂ। ਜੋ ਪਰਸੈ ਸੋਈ ਫਲ ਲੇਹੂ।
ਜੋ ਏਹੁ ਕਥਾ ਸੁਨੇ ਧਰਿ ਧ੍ਯਾਨ। ਤਿਸ ਨਰ ਕੀ ਹੋਵਹਿ ਕੱਲਯਾਨ ॥੬੩॥

ਸਭ ਤੋਂ ਪੁਰਾਤਣ ਕਲਮੀ ਨੁਸਖੇ ਵਿਚ (ਜੋ ੧੯੧੯ ਬਿ: ਦਾ ਹੈ) ਬੀ ਇਹ ਉਪਰਲੀਆਂ ਸਤਰਾਂ ਨਹੀਂ ਹਨ।

---

*ਪਾ:-ਆਪਿ ਹਜੂਰਨ, ਆਪਨ ਰੂਰਨ।

++ਗਿਣਤੀ ਵਿਚ ਅੰਸੂ ਇਸ ਰਾਸ ਦੇ ਸਤਵੰਜਾ ਠੀਕ ਹਨ, ਪਰ ਛਾਪੇ ਤੇ ਕਈ ਲਿਖਤੀ ਨੁਸਖਿਆਂ ਵਿਚ ਅੰਕ ੫੮ ਦਿਤਾ ਹੈ ਜੋ ਵਿਚ ਕਿਤੇ ਨਾ ਕਿਤੇ ਉਕਾਈ ਹੋਈ ਹੈ, ਪਰੰਤੂ ਉਨ੍ਹਾਂ ਵਿਚ ਬੀ ਗਿਣਤੀ ਦੇ ਅੰਸੂ ਸਾਰੇ ੫੭ ਹੀ ਹਨ।

¶ਕਿਤੇ ਕਿਤੇ ਪਾਠ ਹੈ-ਦੁਤੀਆ ਰਾਸ ਸੰਪੂਰਨੰ। ਛਾਪੇ ਵਿਚ ਹੈ-ਇਤਿ ਦੁਤੀਆ ਰਾਸਿ ਸਮਾਪਤੰ ਮਸਤੁੰ ਸ਼ੁਭ ਮਸਤੁ।